ਖਾਲਸਾ ਰਾਜ ਦਾ ਬਾਨੀ

ਬੰਦਾ ਸਿੰਘ ਬਹਾਦੁਰ

1708-1716



SIKHBOOKCLUB.COM

ਡਾ. ਸੁਖਦਿਆਲ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਖਾਲਸਾ ਰਾਜ ਦਾ ਬਾਨੀ

ਬੰਦਾ ਸਿੰਘ ਬਹਾਦੁਰ

(1708-1716)

SIKHBOOKCLUB.COM

SIKHBOOKCLUB.COM

ਖਾਲਸਾ ਰਾਜ ਦਾ ਬਾਨੀ

ਬੰਦਾ ਸਿੰਘ ਬਹਾਦੁਰ

(1708-1716)

ਡਾ. ਸੁਖਦਿਆਲ ਸਿੰਘ
ਮੁਖੀ
ਪੰਜਾਬ ਇਤਿਹਾਸ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

SIKHBOOKCLUB.COM

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਪੰਜਾਬ ਇਤਿਹਾਸ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

KHALSA RAJ DA BAANI
BANDA SINGH BAHADUR (*Punjabi*)
by
DR. SUKHDIAL SINGH
Head
Department of Punjab Historical Studies,
Punjabi University, Patiala

ISBN : 81-7380-898-8

SIKHBOOKCLUB.COM

2003
ਕਾਪੀਆਂ : 500
ਮੁੱਲ : 320-00

ਪ੍ਰੋ. ਪਰਮ ਬਖਸ਼ੀਸ਼ ਸਿੰਘ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪਰਕਾਸ਼ਿਤ ਕੀਤੀ ਅਤੇ
ਮੈਸਰਜ ਪਰਲ ਬੁੱਕਸ ਪ੍ਰਾਈਵੇਟ ਲਿਮਟਿਡ, ਪਟਿਆਲਾ ਵਿਖੇ ਛਪੀ।

ਦੋ ਸ਼ਬਦ

ਬੰਦਾ ਸਿੰਘ ਬਹਾਦੁਰ ਸਿੱਖ ਅਤੇ ਪੰਜਾਬ ਇਤਿਹਾਸ ਦੀ ਇਕ ਅਜੇਹੀ ਮਹਾਨ ਸ਼ਖਸ਼ੀਅਤ ਹੈ ਜਿਸ ਨੇ ਪੰਜਾਬ ਦੇ ਇਤਿਹਾਸ ਵਿਚ ਨਵਾਂ ਮੋੜ ਲਿਆਂਦਾ ਅਤੇ ਨਵੀਆਂ ਪਰੰਪਰਾਵਾਂ ਕਾਇਮ ਕੀਤੀਆਂ। ਗੁਰੂ ਗੋਬਿੰਦ ਸਿੰਘ ਜੀ ਦੇ 7 ਅਕਤੂਬਰ, 1708 ਨੂੰ ਜੋਤੀ-ਜੋਤ ਸਮਾਅ ਜਾਣ ਬਾਅਦ ਬੰਦਾ ਸਿੰਘ ਬਹਾਦੁਰ ਨੇ ਖਾਲਸੇ ਦੀ ਰਾਜਨੀਤਕ ਖੇਤਰ ਵਿੱਚ ਅਗਵਾਈ ਕੀਤੀ। ਆਪਣੇ ਜੀਵਨ ਕਾਲ ਵਿਚ ਇਸ ਕੰਮ ਨੂੰ ਇਸ ਵੀਰ-ਨਾਇਕ ਨੇ ਬੜੀ ਬਾਖੂਬੀ ਨਿਭਾਇਆ।

1708 ਤੋਂ ਲੈ ਕੇ 1716 ਈ. ਤੱਕ ਪੰਜਾਬ ਅਤੇ ਉੱਤਰੀ-ਭਾਰਤ ਵਿਚ ਮੁਗਲ ਸਾਮਰਾਜ ਪੂਰੀ ਤਰ੍ਹਾਂ ਸਥਾਪਤ ਅਤੇ ਤਾਕਤਵਰ ਸੀ। ਇਹ ਬੰਦਾ ਸਿੰਘ ਬਹਾਦੁਰ ਦੀ ਸੂਝ-ਬੂਝ ਭਰੀ ਅਗਵਾਈ ਦਾ ਸਿੱਟਾ ਸੀ ਕਿ ਉਸ ਨੇ ਆਮ ਲੋਕਾਂ ਨੂੰ ਹਥਿਆਰਬੰਦ ਕਰਕੇ ਪੂਰੀ ਸਫਲਤਾ ਨਾਲ ਪੰਜਾਬ ਦੇ ਇਕ ਵੱਡੇ ਖੇਤਰ ਵਿਚੋਂ ਮੁਗਲ ਹਕੂਮਤ ਨੂੰ ਉਲਟਾ ਦਿੱਤਾ। ਉਸ ਨੇ ਮਈ, 1710 ਵਿਚ ਸਰਹਿੰਦ ਨੂੰ ਫਤਿਹ ਕੀਤਾ ਅਤੇ ਲਗਾਤਾਰ ਅਗਲੇ ਦੋ ਢਾਈ ਸਾਲਾਂ ਤੱਕ ਮੁਗਲ ਸਲਤਨਤ ਲਈ ਖਤਰਾ ਬਣਿਆ ਰਿਹਾ। ਬੰਦਾ ਸਿੰਘ ਬਹਾਦੁਰ ਨੇ ਤਿੰਨ ਮੁਗਲ ਬਾਦਸ਼ਾਹਾਂ : ਬਹਾਦੁਰ ਸ਼ਾਹ, ਜਹਾਂਦਾਰ ਸ਼ਾਹ ਅਤੇ ਫਾਰੁੱਖਸ਼ੀਅਰ ਨਾਲ ਟੱਕਰ ਲਈ ਅਤੇ ਆਖੀਰ ਉਸ ਨੂੰ 1716 ਈਸਵੀ ਵਿੱਚ ਸ਼ਹੀਦ ਕਰ ਦਿੱਤਾ ਗਿਆ। ਭਾਵੇਂ ਬੰਦਾ ਸਿੰਘ ਬਹਾਦੁਰ ਦੀ ਅਗਵਾਈ ਵਿਚ ਖਾਲਸੇ ਦਾ ਇਹ ਰਾਜ ਥੋੜ੍ਹਾ-ਚਿਰ ਰਿਹਾ ਪਰ ਇਸ ਨੇ ਖਾਲਸੇ ਲਈ ਰਾਜ-ਭਾਗ ਸਥਾਪਤ ਕਰਨ ਦਾ ਮਾਰਗ ਖੋਲ੍ਹ ਦਿੱਤਾ ਸੀ। ਬੰਦਾ ਸਿੰਘ ਬਹਾਦੁਰ ਦੀਆਂ ਸੈਨਿਕ ਜਿੱਤਾਂ ਯੁੱਧ-ਨੀਤੀ ਦੇ ਪੱਖੋਂ ਇੰਨੀਆਂ ਮਹੱਤਵਪੂਰਣ ਸਨ ਕਿ ਇਨ੍ਹਾਂ ਦਾ ਜ਼ਿਕਰ ਫਾਰਸੀ ਦੀਆਂ ਸਮਕਾਲੀ ਲਿਖਤਾਂ ਵਿਚ ਇਕ ਕਰਿਸ਼ਮੇ ਦੇ ਤੌਰ ਤੇ ਕੀਤਾ ਗਿਆ ਹੈ।

ਬੰਦਾ ਸਿੰਘ ਬਹਾਦੁਰ ਬਾਰੇ ਪਹਿਲਾਂ ਹੀ ਕਾਫੀ ਕੰਮ ਹੋ ਚੁੱਕਿਆ ਹੈ ਜਿਸ ਵਿਚ ਵੱਖ ਵੱਖ ਵਿਦਵਾਨਾਂ ਨੇ ਇਸ ਮਹਾਨ ਸ਼ਖਸ਼ੀਅਤ ਨੂੰ ਆਪਣੇ ਵਿਚਾਰਾਂ ਤੇ ਖੋਜਾ ਰਾਹੀਂ ਚਿਤ੍ਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਤੱਥ ਭਾਵੇਂ ਸਭ ਲਈ ਇਕੋ ਜਿਹੇ ਹੀ ਹੁੰਦੇ ਹਨ ਪਰ ਵਿਆਖਿਆ ਆਪਣੀ ਆਪਣੀ ਹੁੰਦੀ ਹੈ। ਹਰ ਵਿਆਖਿਆ ਆਪਣੇ ਸਮੇਂ ਦੀ ਪਰਤੀਕ ਹੁੰਦੀ ਹੈ। ਨਵੀਂ ਵਿਆਖਿਆ ਹੀ ਇਤਿਹਾਸ ਦਾ ਪੁਨਰ-ਨਿਰਮਾਣ ਹੈ। ਇਸ ਪੁਸਤਕ ਵਿਚ ਬੰਦਾ ਸਿੰਘ ਬਹਾਦੁਰ ਨਾਲ ਸਬੰਧਤ ਥਾਵਾਂ ਅਤੇ ਹੋਰ ਮਹੱਤਵਪੂਰਣ ਅਸਥਾਨਾਂ ਦੀ ਵੀ, ਸਥਾਨਕ ਸਰਵੇਖਣ ਦੇ ਆਧਾਰ ਤੇ, ਜਾਣਕਾਰੀ ਦਿੱਤੀ ਗਈ ਹੈ। ਇਸ ਸਰਵੇਖਣ ਦੇ ਆਧਾਰ ਤੇ ਇਨ੍ਹਾਂ ਥਾਵਾਂ ਦੀ ਮੌਜੂਦਾ ਸਥਿਤੀ ਵੀ ਦੱਸੀ ਗਈ ਹੈ। ਇਹ ਜਾਣਕਾਰੀ ਇਸ ਪੁਸਤਕ ਦੀ ਨਵੀਂ ਦੇਣ ਹੈ।

ਮੈਨੂੰ ਉਮੀਦ ਹੈ ਕਿ ਡਾ. ਸੁਖਦਿਆਲ ਸਿੰਘ ਦੀ ਇਹ ਪੁਸਤਕ ਇਸ ਵਿਸ਼ੇ ਦੇ ਮੌਜੂਦਾ ਸਾਹਿਤ ਵਿਚ ਗੌਰ ਕਰਨਯੋਗ ਵਾਧਾ ਕਰੇਗੀ। ਇਸ ਦੇ ਨਾਲ ਹੀ ਇਹ ਪੁਸਤਕ ਪਾਠਕਾਂ ਤੇ ਖੋਜੀਆਂ ਲਈ ਲਾਹੇਵੰਦ ਸਾਬਤ ਹੋਵੇਗੀ ਅਤੇ ਇਤਿਹਾਸ ਦੇ ਖੇਤਰ ਵਿਚ ਇਕ ਨਵੀਂ ਜਾਣਕਾਰੀ ਪੇਸ਼ ਕਰੇਗੀ।

ਐਸ.ਐਸ. ਬੋਪਾਰਾਏ
ਵਾਈਸ-ਚਾਂਸਲਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

SIKHBOOKCLUB.COM

SIKHBOOKCLUB.COM

ਤਤਕਰਾ

ਨੰ.	ਅਧਿਆਇ	ਪੰਨਾ
1.	ਭੂਮਿਕਾ	1-5
2.	ਸੰਬੰਧਤ ਲਿਖਤਾਂ ਦਾ ਮੁੱਲਅੰਕਣ	6-16
3.	ਗੁਰੂ ਸਾਹਿਬ ਦਾ ਨਾਂਦੇੜ ਪਹੁੰਚਣਾ ਅਤੇ ਬੰਦਾ ਸਿੰਘ ਬਹਾਦੁਰ ਦੀ ਨਿਯੁਕਤੀ	17-22
4.	ਸਮਾਣੇ ਦੀ ਜਿੱਤ	23-26
5.	ਘੁੜਾਮ, ਕਪੂਰੀ, ਠਸਕਾ, ਸ਼ਾਹਬਾਦ ਅਤੇ ਮੁਸਤਫ਼ਾਬਾਦ ਦੀਆਂ ਜਿੱਤਾਂ	27-28
6.	ਸਢੌਰਾ ਅਤੇ ਛੱਤ-ਬਨੂੜ ਦੀਆਂ ਜਿੱਤਾਂ	29-31
7.	ਸਰਹਿੰਦ (ਇਤਿਹਾਸਕ ਪਿਛੋਕੜ)	32-41
8.	ਚੱਪੜ-ਚਿੜੀ ਦੀ ਲੜਾਈ	42-52
9.	ਖਾਲਸਾ ਰਾਜ ਦੀ ਸਥਾਪਨਾ	53-55
10.	ਜਮੁਨਾ ਪਾਰ ਦੇ ਇਲਾਕਿਆਂ ਦੀ ਸੁਧਾਈ	56-59
11.	ਮੁਗ਼ਲ ਹਕੂਮਤ ਦਾ ਖਾਲਸੇ ਦੇ ਖਿਲਾਫ਼ ਜ਼ਹਾਦੀ ਨਾਅਰਾ	60-63
12.	ਬਾਦਸ਼ਾਹ ਬਹਾਦੁਰ ਸ਼ਾਹ ਦੀ ਖਾਲਸਾ ਰਾਜ ਉੱਪਰ ਚੜ੍ਹਾਈ	64-80
13.	ਬਾਦਸ਼ਾਹ ਬਹਾਦੁਰ ਸ਼ਾਹ ਦਾ ਲੋਹਗੜ੍ਹ ਤੋਂ ਲਾਹੌਰ ਪਹੁੰਚਣਾ	81-89
14.	ਤਖ਼ਤ ਲਈ ਆਪਸੀ ਜੰਗ ਅਤੇ ਫਾਰੁਖ਼ਸ਼ੀਅਰ ਦਾ ਬਾਦਸ਼ਾਹ ਬਣਨਾ	90-94
15.	ਗੁਰਦਾਸ ਨੰਗਲ ਦਾ ਘੇਰਾ	95-101
16.	ਬੰਦਾ ਸਿੰਘ ਬਹਾਦੁਰ ਦੀ ਸ਼ਹਾਦਤ	102-109
17.	ਬੰਦਾ ਸਿੰਘ ਬਹਾਦੁਰ : ਮੁੱਲਅੰਕਣ	110-123
18.	ਪੁਸਤਕ ਸੂਚੀ	124-127
19.	ਨਾਵਾਂ ਅਤੇ ਥਾਵਾਂ ਦੀ ਸੂਚੀ	128-143

SIKHBOOKCLUB.COM

SIKHBOOKCLUB.COM



ਬੰਦਾ ਸਿੰਘ ਬਹਾਦੁਰ

SIKHBOOKCLUB.COM

SIKHBOOKCLUB.COM

1. ਭੂਮਿਕਾ

ਬੰਦਾ ਸਿੰਘ ਬਹਾਦੁਰ ਸਿੱਖ ਇਤਿਹਾਸ ਦੀ ਇਕ ਜਬਰਦਸਤ ਬੁਝਾਰਤ ਹੈ। ਨਾ ਉਸ ਜੈਸਾ ਕੋਈ ਜੰਗੀ ਜਰਨੈਲ, ਨਾ ਉਸ ਜੈਸਾ ਕੋਈ ਸਰਧਾਵਾਨ ਸਿੱਖ। ਉਹ ਜਿਧਰ ਵੀ ਗਿਆ ਇਕ ਤੂਫਾਨ ਦੀ ਤਰ੍ਹਾਂ ਗਿਆ ਸੀ। ਜਿਹੜੇ ਵੀ ਸ਼ਹਿਰ ਨੂੰ ਉਸ ਨੇ ਘੇਰਿਆ ਉਹ ਦੇਖਦਿਆ ਹੀ ਦੇਖਦਿਆਂ ਥੇਹ ਦਾ ਰੂਪ ਬਣ ਗਿਆ ਸੀ। ਮੁਗਲ ਸਾਮਰਾਜ ਦਾ ਸਦੀਆਂ ਤੋਂ ਸਥਾਪਤ ਸਰਹਿੰਦ ਪਰਾਂਤ ਕੱਖਾਂ, ਕਾਨਿਆਂ ਵਾਂਗ ਉਸ ਦੇ ਹਮਲੇ ਸਾਹਮਣੇ ਰੁੜ੍ਹ ਗਿਆ। ਉਸ ਨੇ ਤਿੰਨ ਬਾਦਸ਼ਾਹਾਂ ਨੂੰ ਵਖਤ ਪਾ ਕੇ ਰੱਖਿਆ ਸੀ। ਫਿਰ ਜਦੋਂ ਪਕੜੇ ਜਾਣ ਦੀ ਸੂਰਤ ਵਿੱਚ ਉਸ ਨੂੰ ਸ਼ਹਾਦਤ ਦੇਣ ਦੀ ਲੋੜ ਪਈ ਤਾਂ ਸ਼ਹਾਦਤ ਐਸੀ ਸੀ ਕਿ ਸਭ ਦੇ ਮੂੰਹਾਂ ਵਿਚ ਉਂਗਲਾਂ ਪੁਆ ਦਿੱਤੀਆਂ। ਨਾ ਦੁੱਖ ਦੀ ਪਰਵਾਹ, ਨਾ ਪਰਿਵਾਰ ਦੀ ਤੇ ਨਾ ਹੀ ਮਾਸੂਮ ਪੁੱਤਰ ਦੀ। ਜੇ ਪਰਵਾਹ ਸੀ ਤਾਂ ਕੇਵਲ ਤੇ ਕੇਵਲ ਗੁਰੂ ਦੇ ਨਾਂ ਦੀ ਅਤੇ ਆਪਣੇ ਸਿੱਖੀ ਸਿਦਕ ਦੀ।

ਪਰ ਇਤਨੇ ਮਹਾਨ ਨੇਤਾ ਦੇ ਇਤਿਹਾਸ ਬਾਰੇ ਭੁਲੇਖੇ ਵੀ ਇਤਨੇ ਹਨ ਕਿ ਗਿਣਤੀ ਹੀ ਨਹੀਂ ਹੁੰਦੀ। ਇਤਨੇ ਆਪਾ-ਵਿਰੋਧੀ ਇਤਿਹਾਸਕ ਵੇਰਵੇ ਲਿਖੇ ਗਏ ਹਨ ਕਿ ਮਨ ਦੁਬਿਧਾ ਵਿਚ ਪੈ ਜਾਂਦਾ ਹੈ। ਕੋਈ ਕਹਿੰਦਾ ਹੈ ਕਿ ਉਹ ਪਹਿਲਾਂ ਸਾਧ ਸੀ, ਕੋਈ ਕਹਿੰਦਾ ਹੈ ਕਿ ਉਹ ਜੰਤਰਾਂ-ਮੰਤਰਾਂ ਵਾਲਾ ਕੋਈ ਸਿੱਧ ਸੀ। ਕੋਈ ਕਹਿੰਦਾ ਹੈ ਕਿ ਉਹ ਗਿਆਰ੍ਹਵਾਂ ਗੁਰੂ ਬਣ ਬੈਠਾ ਸੀ ਅਤੇ ਖਾਲਸਾ ਪੰਥ ਨਾਲ ਵੈਰ ਸਹੇੜ ਬੈਠਾ ਸੀ ਪਰ ਜਦੋਂ ਇਨ੍ਹਾਂ ਗੱਲਾਂ ਨੂੰ ਬੰਦਾ ਸਿੰਘ ਦੀ ਸ਼ਹਾਦਤ ਨਾਲ ਮੇਲ ਕੇ ਦੇਖਦੇ ਹਾਂ ਤਾਂ ਇਹ ਗੱਲਾਂ ਆਪਣੇ ਆਪ ਹੀ ਰੱਦ ਹੋ ਜਾਂਦੀਆਂ ਹਨ।

ਅਸਲ ਵਿਚ ਇਤਨੇ ਮਹਾਨ ਸੂਰਮੇ ਅਤੇ ਬਲੀਦਾਨੀ ਦੇ ਸੰਬੰਧ ਵਿੱਚ ਇਤਨੇ ਭੁਲੇਖੇ ਪੈਣ ਦਾ ਕਾਰਣ ਹੈ ਸਾਡੀ ਆਪਣੀ ਬੇਸਮਝੀ। ਅਸੀਂ ਇਤਨੇ ਛੋਟੇ ਬੰਦੇ ਹਾਂ ਕਿ ਅਸੀਂ ਉਸ ਬੁਲੰਦੀ ਨੂੰ ਮਾਪ ਹੀ ਨਹੀਂ ਸਕੇ ਜਿਥੇ ਬੰਦਾ ਸਿੰਘ ਪਹੁੰਚ ਚੁੱਕਿਆ ਸੀ। ਅਸੀਂ ਉਸ ਦੀ ਹਰ ਪਰਾਪਤੀ ਨੂੰ ਕਰਾਮਾਤ ਜਾਂ ਜਾਦੂ ਬਣਾ ਦਿੱਤਾ ਹੈ। ਜਿਸ ਬੁਲੰਦੀ ਤੇ ਬੰਦਾ ਸਿੰਘ ਪਹੁੰਚ ਚੁੱਕਿਆ ਸੀ ਉਸ ਬੁਲੰਦੀ ਉਪਰ ਅਸੀਂ ਖੁਦ ਤਾਂ ਕੀ ਸਾਡੀ ਸੋਚ ਵੀ ਉਥੇ ਤਕ ਨਹੀਂ ਜਾ ਸਕਦੀ। ਜਿਸ ਬੁਲੰਦੀ ਤੇ ਅਸੀਂ ਖੁਦ ਚੜ੍ਹਨ ਤੋਂ ਅਸਮਰੱਥ ਹਾਂ ਉਸ ਉਤੇ ਪਹੁੰਚੇ ਹੋਏ ਬੰਦਾ ਸਿੰਘ ਬਹਾਦੁਰ ਨੂੰ ਅਸੀਂ ਆਨੀਂ-ਬਹਾਨੀ ਨੀਵਾਂ ਕਰ ਕੇ ਦੇਖਣਾ ਚਾਹੁੰਦੇ ਹਾਂ। ਜਦੋਂ ਸਾਡੇ ਹੀ ਲੇਖਕ ਇਹ ਕਹਿੰਦੇ ਹਨ ਕਿ ਉਹ ਇਕ ਸ਼ਰਾਰਤੀ ਤੇ ਹੰਕਾਰੀ ਸਾਧ ਸੀ, ਜਾਂ ਉਸ ਨੇ ਅੰਮ੍ਰਿਤ ਨਹੀਂ ਛਕਿਆ ਸੀ, ਜਾਂ ਉਸ ਨੇ ਗੁਰੂ ਅਖਵਾਉਣਾ ਸ਼ੁਰੂ ਕਰ ਦਿੱਤਾ ਸੀ, ਇਸ ਦਾ ਮਤਲਬ ਇਹ ਹੈ ਕਿ ਅਸੀਂ ਆਪਣੀ ਨਾਸਮਝੀ ਕਾਰਨ ਉਸ ਦੀ ਉੱਚੀ ਸ਼ਾਨ ਨੂੰ ਅਤੇ ਉਸ ਦੀਆਂ ਮਹਾਨ ਪਰਾਪਤੀਆਂ ਨੂੰ ਘਟਾ ਕੇ ਦੇਖਣਾ ਚਾਹੁੰਦੇ ਹਾਂ।

ਬੰਦਾ ਸਿੰਘ ਬਹਾਦੁਰ ਦਾ ਸਹੀ ਮੁਲੰਕਣ ਕਰਨ ਲਈ ਜਰੂਰੀ ਹੈ ਕਿ ਅਸੀਂ ਉਸ ਨੂੰ ਕੇਵਲ ਤੇ ਕੇਵਲ ਇਕ ਗੁਰੂ ਦਾ ਸਿੱਖ ਮੰਨ ਕੇ ਹੀ ਚੱਲੀਏ। ਬੰਦਾ ਸਿੰਘ ਬਹਾਦੁਰ ਜਦੋਂ ਦਾ ਅੰਮ੍ਰਿਤ ਛੱਕ ਕੇ ਖਾਲਸਾ ਪੰਥ ਵਿਚ ਸ਼ਾਮਲ ਹੋਇਆ ਹੈ ਸਿੱਖ ਇਤਿਹਾਸ ਦਾ ਸੰਬੰਧ ਉਸ ਨਾਲ ਕੇਵਲ ਤੇ ਕੇਵਲ ਉਸੇ ਸਮੇਂ ਤੋਂ ਹੈ। ਖਾਲਸਾ-ਰਹਿਤ ਵਿਚ ਆਉਣ ਤੋਂ ਪਹਿਲਾਂ ਉਹ ਕੀ ਸੀ ਜਾਂ ਕੀ ਨਹੀਂ ਸੀ ਇਸ ਨਾਲ ਸਿੱਖ ਇਤਿਹਾਸ ਦਾ ਕੋਈ ਸੰਬੰਧ ਨਹੀਂ ਹੈ। ਜਿਵੇਂ ਅਸੀਂ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰ ਦਾਸ ਜੀ ਦਾ ਜੀਵਨ-ਬਿਰਤਾਂਤ ਸਿਰਫ ਉਥੋਂ ਹੀ ਸ਼ੁਰੂ ਕਰਦੇ ਹਾਂ, ਜਿਥੋਂ ਕਿ ਉਹ ਸਿੱਖ-ਰਹਿਤ ਵਿਚ ਸ਼ਾਮਲ ਹੋਏ ਸਨ। ਕਿਸੇ ਸਿੱਖ ਨੇ ਜਾਂ ਸਿੱਖ ਜਗਤ ਨੇ ਅਜੇ ਤਕ ਉਕਤ ਗੁਰੂ ਸਾਹਿਬਾਨ ਦੀ ਕਿਸੇ ਐਸੀ ਯਾਦਗਾਰ ਨੂੰ ਸੰਭਾਲ ਕੇ ਨਹੀਂ ਰੱਖਿਆ ਜਿਹੜੀ ਉਨ੍ਹਾਂ ਦੇ ਸਿੱਖੀ-ਰਹਿਤ ਵਿਚ ਆਉਣ ਤੋਂ ਪਹਿਲਾਂ ਦੇ ਜੀਵਨ ਨਾਲ ਸੰਬੰਧਤ ਹੋਵੇ। ਸੱਜਣ ਠੱਗ ਅਤੇ ਭਾਈ ਬਿਧੀ ਚੰਦ ਜੈਸੇ ਵਿਅਕਤੀ ਵੀ ਸਿੱਖੀ-ਰਹਿਤ ਵਿਚ ਆਉਣ ਤੋਂ ਪਹਿਲਾਂ ਕਿਹੋ ਜਿਹੇ ਸਨ ਜਾਂ ਕਿਹੋ ਜਿਹਾ ਜੀਵਨ ਬਤੀਤ ਕਰ ਰਹੇ ਸਨ ਸਿੱਖ ਇਤਿਹਾਸ ਦਾ ਜਾਂ ਸਿੱਖ ਸਮਾਜ ਦਾ ਇਸ ਨਾਲ ਉੱਕਾ ਹੀ ਕੋਈ ਸੰਬੰਧ ਨਹੀਂ ਹੈ। ਸਿੱਖ ਇਤਿਹਾਸ ਵਿਚ ਇਨ੍ਹਾਂ ਦੀ ਥਾਂ ਕੇਵਲ ਤੇ ਕੇਵਲ ਉਦੋਂ ਬਣਨੀ ਸ਼ੁਰੂ ਹੋਈ ਸੀ ਜਦੋਂ ਤੋਂ ਉਹ ਸਿੱਖੀ-ਰਹਿਤ ਵਿਚ ਸ਼ਾਮਲ ਹੋਏ ਸਨ। ਬਿਲਕੁਲ ਇਸੇ ਤਰ੍ਹਾਂ ਬੰਦਾ ਸਿੰਘ ਬਹਾਦੁਰ ਦਾ ਜੀਵਨ ਬਿਰਤਾਂਤ ਵੀ ਸਿੱਖ ਇਤਿਹਾਸ ਵਿਚ ਉਸ ਸਮੇਂ ਤੋਂ ਹੀ ਸ਼ੁਰੂ ਹੁੰਦਾ ਹੈ ਜਿਸ ਸਮੇਂ ਤੋਂ ਉਹ ਖਾਲਸਾ ਰਹਿਤ–ਮਰਯਾਦਾ ਵਿਚ ਸ਼ਾਮਲ ਹੋਇਆ ਸੀ।

ਇਹ ਖਾਲਸਾ ਰਹਿਤ–ਮਰਯਾਦਾ ਦਾ ਵਿਸ਼ਵਾਸ ਭਰਿਆ ਸਿਧਾਂਤ ਹੈ ਕਿ ਅੰਮ੍ਰਿਤ ਛੱਕਣ ਤੋਂ ਬਾਅਦ ਉਸ ਅੰਮ੍ਰਿਤਧਾਰੀ ਵਿਅਕਤੀ ਦਾ ਪਹਿਲਾ ਜੀਵਨ ਹਰ ਪੱਖੋਂ ਖ਼ਤਮ ਹੋ ਜਾਂਦਾ ਹੈ। ਇਸ ਗੱਲ ਨੂੰ ਅਸੀਂ ਇਨ੍ਹਾਂ ਤਿੰਨਾਂ ਸ਼ਬਦਾਂ ਰਾਹੀਂ (ਕੁਲ ਨਾਸ, ਧਰਮ ਨਾਸ ਅਤੇ ਕਰਮ ਨਾਸ) ਸੰਖੇਪ ਰੂਪ ਵਿਚ ਦਰਸਾ ਸਕਦੇ ਹਾਂ। ਅੰਮ੍ਰਿਤ ਛੱਕਣ ਤੋਂ ਪਿੱਛੋਂ ਅੰਮ੍ਰਿਤਧਾਰੀ ਵਿਅਕਤੀ ਦਾ ਨਵਾਂ ਜੀਵਨ ਸ਼ੁਰੂ ਹੁੰਦਾ ਹੈ। ਪਹਿਲਾਂ ਪਰੰਪਰਾ ਸੀ ਕਿ ਅੰਮ੍ਰਿਤ ਛਕਾਉਣ ਸਮੇਂ ਅੰਮ੍ਰਿਤਧਾਰੀ ਵਿਅਕਤੀ ਦਾ ਪੁਰਾਣਾ ਨਾਂ ਬਦਲ ਕੇ ਨਵਾਂ ਰੱਖਿਆ ਜਾਂਦਾ ਸੀ। ਇਹ ਉਸ ਦੇ ਨਵੇਂ ਜੀਵਨ ਦਾ ਪਰਤੀਕ ਸੀ। ਖਾਲਸਾ ਸਾਜੇ ਜਾਣ ਸਮੇਂ ਜਦੋਂ ਅਸੀਂ ਇਹ ਕਹਿੰਦੇ ਹਾਂ ਕਿ

SIKHBOOKCLUB.COM

ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੇ ਸੀਸ ਲਾਹੇ ਸਨ। ਇਹ ਗੱਲ ਵੀ ਇਸੇ ਧਾਰਨਾ ਦੀ ਪਰਤੀਕ ਹੈ ਕਿ ਅੰਮ੍ਰਿਤ ਛਕਣ ਤੋਂ ਬਾਅਦ ਪੰਜ ਪਿਆਰਿਆਂ ਦਾ ਪਹਿਲਾ ਜੀਵਨ ਖਤਮ ਹੋ ਕੇ ਨਵਾਂ ਜੀਵਨ ਸ਼ੁਰੂ ਹੋਇਆ ਸੀ।

ਅੰਮ੍ਰਿਤ ਛਕਣ ਤੋਂ ਪਿੱਛੋਂ ਅੰਮ੍ਰਿਤਧਾਰੀ ਵਿਅਕਤੀ ਕਿਸੇ ਜਾਤ, ਧਰਮ ਜਾਂ ਪਰਿਵਾਰ ਨਾਲ ਸੰਬੰਧਤ ਨਹੀਂ ਰਹਿੰਦਾ ਸਗੋਂ ਉਹ ਕੇਵਲ ਤੇ ਕੇਵਲ ਗੁਰੂ ਨਾਲ ਸੰਬੰਧਤ ਹੁੰਦਾ ਹੈ। ਉਸ ਦਾ ਪਰਿਵਾਰ ਵੀ ਅਤੇ ਉਸ ਦਾ ਸਮਾਜ ਵੀ ਕੇਵਲ ਤੇ ਕੇਵਲ ਖਾਲਸਾ ਹੁੰਦਾ ਹੈ। ਉਸ ਦਾ ਪਿਤਾ ਗੁਰੂ ਗੋਬਿੰਦ ਸਿੰਘ ਅਤੇ ਉਸ ਦੀ ਮਾਤਾ, ਸਾਹਿਬ ਕੌਰ ਹੁੰਦੀ ਹੈ। ਇਹ ਸਭ ਕੁਝ ਉਸ ਦੇ ਨਵੇਂ ਜੀਵਨ ਨੂੰ ਦਰਸਾਉਣ ਵਾਲਾ ਹੈ। ਬੰਦਾ ਸਿੰਘ ਬਹਾਦੁਰ ਅੰਮ੍ਰਿਤ ਛਕਣ ਤੋਂ ਬਾਅਦ ਕੇਵਲ ਤੇ ਕੇਵਲ ਗੁਰੂ ਦਾ ਖਾਲਸਾ ਸੀ। ਉਸ ਦਾ 'ਬੰਦਾ' ਨਾਂ ਵੀ ਇਸ ਗੱਲ ਦਾ ਪਰਤੀਕ ਹੈ ਕਿ ਉਹ ਕੇਵਲ ਤੇ ਕੇਵਲ ਗੁਰੂ ਦਾ 'ਬੰਦਾ' ਸੀ। ਉਸ ਸਮੇਂ ਦੀਆਂ ਸਰਕਾਰੀ ਖ਼ਬਰਾਂ ਵਿਚ ਵੀ ਉਸ ਨੂੰ 'ਗੁਰੂ ਦਾ ਬੰਦਾ' ਕਹਿ ਕੇ ਹੀ ਸੰਬੋਧਨ ਕੀਤਾ ਜਾਂਦਾ ਸੀ। ਇਸ ਤੱਥ ਦੇ ਸਾਹਮਣੇ ਕਿਸੇ ਰਾਜਪੂਤ ਪਰਿਵਾਰ ਦੀ ਗੱਲ, ਕਿਸੇ ਸਾਧ ਬਣਨ ਦੀ ਗੱਲ, ਜਾਂ ਕਿਸੇ ਬੈਰਾਗੀ, ਜਾਂ ਰਿਧੀਆਂ-ਸਿੱਧੀਆਂ ਪਰਾਪਤ ਕਰਨ ਵਾਲੇ ਹਠੀ-ਯੋਗੀ ਦੀ ਗੱਲ, ਕੋਈ ਮਾਅਣੇ ਨਹੀਂ ਰੱਖਦੀ।

ਬੰਦਾ ਸਿੰਘ ਬਹਾਦੁਰ ਦੇ ਮੁਢਲੇ ਜੀਵਨ ਬਾਰੇ ਇਕ ਗੱਲ ਇਹ ਵੀ ਹੈ ਕਿ ਇਸ ਬਾਰੇ ਜਾਣਕਾਰੀ ਕਿਸੇ ਭਰੋਸੇਯੋਗ ਲਿਖਤ ਤੋਂ ਨਹੀਂ ਮਿਲਦੀ। ਜੇਕਰ ਇਹ ਜਾਣਕਾਰੀ ਕਿਸੇ ਭਰੋਸੇਯੋਗ ਲਿਖਤ ਤੋਂ ਮਿਲਦੀ ਹੁੰਦੀ ਤਾਂ ਵੀ ਇਸ ਦੀ ਕੋਈ ਸਾਰਥਿਕਤਾ ਹੋ ਸਕਦੀ ਸੀ। ਮੁੱਢਲੇ ਜੀਵਨ ਬਾਰੇ ਜੋ ਵੀ ਜਾਣਕਾਰੀ (ਉਹ ਵੀ ਚਲੰਤ ਜਿਹੀ) ਮਿਲਦੀ ਹੈ, ਉਹ ਸਭ ਤੋਂ ਪਹਿਲਾਂ, ਸਿਰਫ ਕੇਸਰ ਸਿੰਘ ਛਿੱਬਰ[1] ਦੀ ਲਿਖਤ ਤੋਂ ਹੀ ਮਿਲਦੀ ਹੈ ਅਤੇ ਇਹ ਗੱਲਾਂ ਛਿੱਬਰ ਦੀ ਲਿਖਤ ਵਿਚ ਨਹੀਂ ਹਨ। ਛਿੱਬਰ ਦੀ ਲਿਖਤ ਤੋਂ ਪਹਿਲਾਂ ਦੀ ਕਿਸੇ ਵੀ ਲਿਖਤ ਵਿਚ ਬੰਦਾ ਸਿੰਘ ਦੇ ਮੁੱਢਲੇ ਜੀਵਨ ਬਾਰੇ ਕੁਝ ਵੀ ਨਹੀਂ ਮਿਲਦਾ। ਜੋ ਕੁਝ ਕਰਮ ਸਿੰਘ ਹਿਸਟੋਰੀਅਨ ਅਤੇ ਡਾ. ਗੰਡਾ ਸਿੰਘ ਨੇ ਇਸ ਮਹਾਨ ਨੇਤਾ ਦੇ ਮੁੱਢਲੇ ਅਤੇ ਹੀਰ-ਸਿੱਖ ਜੀਵਨ ਬਾਰੇ ਲਿਖਿਆ ਹੈ ਉਹ ਪਤਾ ਨਹੀਂ ਕਿਥੋਂ ਲਿਆ ਗਿਆ ਹੈ। ਇਹ ਸਭ ਕੁਝ ਕਿਸੇ ਵੀ ਸਮਕਾਲੀ ਜਾਂ ਨਿਕਟ-ਸਮਕਾਲੀ ਲਿਖਤ ਵਿਚ ਨਹੀਂ ਹੈ। ਸਮਝ ਨਹੀਂ ਆਉਂਦੀ ਕਿ ਇਤਨੇ ਗੰਭੀਰ ਕਿਸਮ ਦੇ ਇਤਿਹਾਸਕਾਰਾਂ ਨੇ ਇਹ ਮਨਘੜਤ ਜਾਂ ਬੇਭਰੋਸੇਯੋਗ ਗੱਲਾਂ ਕਿਵੇਂ ਆਪਣੀਆਂ ਲਿਖਤਾਂ ਵਿਚ ਸ਼ਾਮਲ ਕਰ ਲਈਆਂ ਹਨ।

ਦੂਜੀ ਲਿਖਤ, ਜਿਸ ਤੇ ਸਾਡੇ ਲੇਖਕ ਸਭ ਤੋਂ ਵੱਧ ਨਿਰਭਰ ਕਰਦੇ ਹਨ, ਰਤਨ ਸਿੰਘ ਭੰਗੂ ਦੀ *ਪ੍ਰਾਚੀਨ ਪੰਥ ਪ੍ਰਕਾਸ਼* ਹੈ। ਇਸ ਵਿਚ ਕੋਈ ਵੀ ਸ਼ੱਕ ਨਹੀਂ ਹੈ ਕਿ ਭੰਗੂ ਨੇ ਜੋ ਕੁਝ ਵੀ ਲਿਖਿਆ ਹੈ ਉਹ ਸਭ ਕੁਝ ਅੰਗਰੇਜ਼ਾਂ ਦੇ ਕਹਿਣ ਅਤੇ ਅੰਗਰੇਜ਼ ਅਫਸਰਾਂ ਵਲੋਂ ਦਿੱਤੀ ਗਈ ਸੇਧ ਅਨੁਸਾਰ ਲਿਖਿਆ ਹੈ। ਇਸ ਦਾ ਰਚਨਕਾਲ 1843 ਈ. ਹੈ। ਭੰਗੂ ਦੀ ਲਿਖਤ ਵਿਚ ਬੰਦਾ ਸਿੰਘ ਬਹਾਦੁਰ ਦੀ ਸਭ ਤੋਂ ਵੱਧ ਆਚਰਣ-ਸ਼ਿਕਨੀ ਕੀਤੀ ਗਈ ਹੈ। ਲੇਖਕ ਇਕ ਸਿੱਖ ਹੋਵੇ ਤੇ ਪਹਿਲਾ ਖਾਲਸਾ ਰਾਜ ਸਥਾਪਿਤ ਕਰਨ ਵਾਲੇ ਅਤੇ ਲਾਸਾਨੀ ਸ਼ਹਾਦਤ ਦੇਣ ਵਾਲੇ ਨੇਤਾ ਦੀ ਮਿੱਟੀ ਪਲੀਤ ਕਰੇ, ਇਹ ਹੋ ਨਹੀਂ ਸਕਦਾ। ਇਸ ਪਿੱਛੇ ਜਰੂਰ ਕੋਈ ਭੇਦ ਵਾਲੀ ਗੱਲ ਹੈ। ਭੰਗੂ ਨੇ ਆਪਣੀ ਲਿਖਤ ਵਿਚ ਵੈਸੇ ਵੀ ਮਲਵਈਆਂ ਅਤੇ ਮਝੈਲਾਂ ਬਾਰੇ ਦੁਢੇਜ਼ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਗੁਰੂ ਗੋਬਿੰਦ ਸਿੰਘ ਜੀ ਅਤੇ ਮਾਧੋਦਾਸ ਬੈਰਾਗੀ ਵਿਚਕਾਰ, ਉਸ ਦੇ ਡੇਰੇ ਵਿਚ, ਜੋ ਵੀ ਪ੍ਰਸ਼ਨ-ਉੱਤਰ ਕਰਵਾਏ ਗਏ ਹਨ ਉਸ ਦੀ ਜਾਣਕਾਰੀ ਸਿਰਫ ਅਹਿਮਦ ਸ਼ਾਹ ਬਟਾਲਵੀ ਦੀ ਪੁਸਤਕ *ਤਾਰੀਖ-ਏ-ਪੰਜਾਬ* ਵਿਚੋਂ ਲਈ ਗਈ ਹੈ। ਇਹ 1875 ਈ. ਦੀ ਲਿਖਤ ਹੈ। ਸਪੱਸ਼ਟ ਹੈ ਕਿ ਇਹ ਲਿਖਤਾਂ ਕਿਸੇ ਵੀ ਤਰ੍ਹਾਂ ਬੰਦਾ ਸਿੰਘ ਬਹਾਦੁਰ ਦੇ ਨੇੜਲੇ ਸਮੇਂ ਦੀਆਂ ਨਹੀਂ ਹਨ। ਇਨ੍ਹਾਂ ਸਭ ਲਿਖਤਾਂ ਵਿਚ ਸਿਰਫ ਕੂੜ ਹੀ ਤੋਲਿਆ ਗਿਆ ਹੈ। ਇਹ ਲੋਕ ਨਾ ਹੀ ਖੁਦ ਖਾਲਸਾ ਰਹਿਤ-ਮਰਯਾਦਾ ਦੇ ਧਾਰਨੀ ਸਨ ਅਤੇ ਨਾ ਹੀ ਇਨ੍ਹਾਂ ਨੂੰ ਇਸ ਦੀ ਸਮਝ ਹੀ ਸੀ। ਇਸ ਤੋਂ ਵੀ ਵੱਧ ਕੇ ਇਹ ਗੱਲ ਹੈ ਕਿ ਲੇਖਕਾਂ ਵਲੋਂ ਦਿੱਤੇ ਗਏ ਮੁੱਢਲੇ ਜੀਵਨ ਬਾਰੇ ਅਨੇਕਾਂ ਗੱਲਾਂ ਆਪਾ-ਵਿਰੋਧੀ ਹਨ। ਪਤਾ ਨਹੀਂ ਅਜਿਹੀ ਜਾਣਕਾਰੀ ਇਨ੍ਹਾਂ ਲੇਖਕਾਂ ਨੇ ਕਿਥੋਂ ਲਈ ਹੈ। ਮਿਸਾਲ ਦੇ ਤੌਰ ਤੇ ਕਿਹਾ ਗਿਆ ਹੈ ਕਿ ਬੰਦਾ ਸਿੰਘ ਬਹਾਦੁਰ ਦਾ ਮੁੱਢਲਾ ਨਾਂ ਲਛਮਣ ਦੇਵ ਸੀ ਅਤੇ ਉਹ ਇਕ ਗਰੀਬ ਕਿਸਾਨ ਭਾਰਦੁਆਜ ਗੋਤ ਦੇ ਰਾਜਪੂਤ ਰਾਮਦੇਵ ਦੇ ਘਰ ਪੈਦਾ ਹੋਇਆ ਸੀ। ਪਰਿਵਾਰ ਗਰੀਬ ਸੀ ਅਤੇ ਹਲ ਵਾਹ ਕੇ ਤੇ ਖੇਤੀ ਕਰਕੇ ਆਪਣਾ ਨਿਰਬਾਹ ਕਰਦਾ ਸੀ। ਪਰ ਅਗਲੇ ਹੀ ਪਲ ਲਿਖਿਆ ਗਿਆ ਹੈ ਕਿ ਲਛਮਣ ਦੇਵ ਨੂੰ ਬਚਪਨ ਵਿਚ ਸਿਕਾਰ ਖੇਡਣ ਦਾ ਅਤੇ ਘੋੜ ਸਵਾਰੀ ਦਾ ਸ਼ੌਕ ਸੀ।[2] ਇਹ ਦੋ ਗੱਲਾਂ ਇਕੱਠੀਆਂ ਨਹੀਂ ਹੋ ਸਕਦੀਆਂ। ਪਹਿਲੀ ਗੱਲ ਤਾਂ ਇਹ ਕਿ ਭਾਰਦੁਆਜ ਰਾਜਪੂਤ ਨਹੀਂ ਸਗੋਂ ਬਰਾਹਮਣ ਹੁੰਦੇ ਹਨ। ਇਹ ਗੱਲ ਹੀ ਆਪਾ-ਵਿਰੋਧੀ ਹੈ। ਦੂਜੀ ਗੱਲ ਇਹ ਕਿ ਪਰਿਵਾਰ ਗਰੀਬ ਹੈ ਪਰ ਮੁੰਡਾ ਘੋੜ-ਸਵਾਰੀ ਕਰਨ ਦਾ ਅਤੇ ਸਿਕਾਰ ਖੇਡਣ ਦਾ ਸ਼ੌਕੀਨ ਹੈ। ਇਹ ਆਪਾ-ਵਿਰੋਧੀ ਗੱਲਾਂ ਹਨ। ਸ਼ਿਕਾਰ ਖੇਡਣਾ ਅਤੇ ਘੋੜ-ਸਵਾਰੀ ਕਰਨਾ ਤਾਂ ਅਮੀਰਾਂ ਦਾ ਕੰਮ ਹੈ। ਗਰੀਬ ਤਾਂ ਕੀ, ਇਹ ਕੰਮ ਮੱਧ-ਵਰਗੀ ਕਿਸਾਨ ਵੀ ਨਹੀਂ ਕਰ ਸਕਦਾ। ਹਾਂ ਹਲ

1. *'ਬੰਸਾਵਲੀਨਾਮਾ ਦਸਾਂ ਗੁਰੂਆਂ ਕਾ'*, *ਪਰਖ*, (ਸ. ਰਤਨ ਸਿੰਘ ਜੱਗੀ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972.
2. ਮਿਸਾਲ ਦੇ ਤੌਰ ਤੇ ਦੇਖੋ, ਕਰਮ ਸਿੰਘ ਹਿਸਟੋਰੀਅਨ, *ਜੀਵਨ ਬਿਰਤਾਂਤ ਬਾਬਾ ਬੰਦਾ ਸਿੰਘ ਬਹਾਦੁਰ*, ਅੰਮ੍ਰਿਤਸਰ, 1907, ਪੰਨਾ 19, ਗੰਡਾ ਸਿੰਘ, *ਬੰਦਾ ਸਿੰਘ ਬਹਾਦੁਰ*, ਪਟਿਆਲਾ, 1990, ਪੰਨਾ 1, ਅਤੇ ਗੁਰਦੇਵ ਸਿੰਘ ਦਿਉਲ, *ਬੰਦਾ ਬਹਾਦੁਰ, ਇਕ ਜੀਵਨੀ*, ਪਟਿਆਲਾ, 1989, ਪੰਨਾ 2.

SIKHBOOKCLUB.COM

ਵਾਹੁੰਦਾ ਵਾਹੁੰਦਾ ਕਿਸਾਨ ਖਰਗੋਸ਼ ਜਾਂ ਤਿੱਤਰ-ਬਟੇਰ ਜ਼ਰੂਰ ਮਾਰ ਸਕਦਾ ਹੈ। ਪਰ ਇਸ ਗੱਲ ਨੂੰ ਸ਼ਿਕਾਰ ਖੇਡਣਾ ਨਹੀਂ ਕਿਹਾ ਜਾ ਸਕਦਾ।

ਅਗਲੀ ਗੱਲ ਜੋ ਬੰਦਾ ਸਿੰਘ ਬਹਾਦੁਰ ਦੇ ਮੁੱਢਲੇ ਜੀਵਨ ਨਾਲ ਜੋੜੀ ਜਾਂਦੀ ਹੈ ਉਹ ਇਹ ਹੈ ਕਿ ਇਕ ਵਾਰ ਸ਼ਿਕਾਰ ਖੇਡਦੇ ਖੇਡਦੇ ਤੋਂ ਉਸ ਕੋਲੋਂ ਇਕ ਗਰਭਵਤੀ ਹਿਰਨੀ ਮਰ ਗਈ ਤਾਂ ਪੇਟ ਚੀਰਨ ਤੇ ਉਸ ਦੇ ਬੱਚੇ ਤੜਫਦੇ ਹੋਏ ਮਰ ਗਏ। ਇਸ ਗੱਲ ਤੋਂ ਉਸ ਦਾ ਮਨ ਬੜਾ ਉੱਚਾਟ ਹੋਇਆ। ਉੱਚਾਟ ਹੋਇਆ ਮਨ ਸਾਧ ਬਣ ਗਿਆ। ਪਰ ਅਗਲੇ ਹੀ ਪਲ ਲਿਖਿਆ ਗਿਆ ਹੈ ਕਿ ਉਹ ਛੇਤੀ ਹੀ ਰਿੱਧੀਆਂ-ਸਿੱਧੀਆਂ ਦਾ ਮਾਲਕ ਬਣਕੇ ਇਕ ਹੰਕਾਰੀ ਅਤੇ ਸ਼ਰਾਰਤੀ ਸਾਧ ਬਣ ਗਿਆ ਸੀ। ਉਹ ਹਰ ਇਕ ਦੀ ਬੇਇੱਜ਼ਤੀ ਕਰ ਦਿੰਦਾ ਸੀ ਪਰ ਮੱਥਾ ਟੇਕਣ ਆਉਣ ਵਾਲੇ ਲੋਕਾਂ ਦਾ ਇਕੱਠ ਬਹੁਤ ਰਹਿੰਦਾ ਸੀ।[3] ਇਹ ਸਾਰੀਆਂ ਗੱਲਾਂ ਇਕ ਦੂਜੀ ਨਾਲ ਮੇਲ ਨਹੀਂ ਖਾਂਦੀਆਂ। ਜੇ ਹਿਰਨੀ ਦੇ ਤੜਫਦੇ ਬੱਚੇ ਦੇਖ ਕੇ ਉਹ ਸਾਧ ਬਣਿਆ ਸੀ ਫਿਰ ਤਾਂ ਉਸ ਨੂੰ ਬਹੁਤ ਹੀ ਤਿਆਗ ਬਿਰਤੀ ਵਾਲਾ ਅਤੇ ਪਰਉਪਕਾਰੀ ਸਾਧ ਬਣਨਾ ਚਾਹੀਦਾ ਸੀ। ਪਰ ਬਣ ਗਿਆ ਇਕ ਹੰਕਾਰੀ ਅਤੇ ਸ਼ਰਾਰਤੀ ਸਾਧ? ਫਿਰ ਉਹ ਹਰ ਇਕ ਦੀ ਬੇਇੱਜ਼ਤੀ ਵੀ ਕਰਦਾ ਹੈ ਅਤੇ ਲੋਕਾਂ ਦਾ ਇਕੱਠ ਵੀ ਹੋਇਆ ਰਹਿੰਦਾ ਸੀ। ਇਹ ਸਭ ਕੁਝ ਆਪਾ ਵਿਰੋਧੀ ਗੱਲਾਂ ਹਨ, ਜਿਨ੍ਹਾਂ ਵਿਚ ਅਸਲੀਅਤ ਨਹੀਂ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਡਾ. ਗੰਡਾ ਸਿੰਘ ਜੈਸੇ ਗੰਭੀਰ ਕਿਸਮ ਦੇ ਇਤਿਹਾਸਕਾਰ ਨੇ ਵੀ ਇਹ ਆਧਾਰਹੀਣ ਅਤੇ ਤਰਕ-ਰਹਿਤ ਗੱਲਾਂ ਪਤਾ ਨਹੀਂ ਕਿਉਂ ਦਿੱਤੀਆਂ ਹਨ। ਜੋ ਗੱਲਾਂ ਬੰਦਾ ਸਿੰਘ ਬਹਾਦੁਰ ਅਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ ਕਰਕੇ ਇਸ ਤਰ੍ਹਾਂ ਦੇ ਲੇਖਕਾਂ ਨੇ ਲਿਖੀਆਂ ਹਨ ਉਨ੍ਹਾਂ ਦਾ ਖੁਲਾਸਾ ਅੱਗੇ ਚੱਲ ਕੇ ਕੀਤਾ ਜਾਵੇਗਾ।

ਹਾਂ, ਬਿਨ੍ਹਾਂ ਸ਼ੱਕ ਇਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਉਕਤ ਗੱਲਾਂ ਸੱਚ ਨਹੀਂ ਹਨ ਤਾ ਸੱਚਾਈ ਕਿੱਥੇ ਹੈ? ਇਸ ਦਾ ਉੱਤਰ ਦੇਣ ਲਈ ਮੁਸ਼ਕਲ ਇਹ ਹੈ ਕਿ ਸਾਡੇ ਪਾਸ ਐਸੀ ਕੋਈ ਵੀ ਲਿਖਤ ਨਹੀਂ ਹੈ ਜਿਹੜੀ ਭਰੋਸੇਯੋਗ ਹੋਵੇ। ਉਪਲਬਧ ਲਿਖਤਾਂ ਭਰੋਸੇਯੋਗ ਨਹੀਂ ਹਨ। ਇਸ ਦਾ ਇਕ ਇਲਾਜ ਇਹ ਹੀ ਹੈ ਕਿ ਅਸੀਂ ਬੰਦਾ ਸਿੰਘ ਬਹਾਦੁਰ ਦਾ ਜੀਵਨ ਉਥੋਂ ਹੀ ਸ਼ੁਰੂ ਕਰੀਏ ਜਿਥੋਂ ਉਹ ਖਾਲਸਾ ਰਹਿਤ-ਮਰਯਾਦਾ ਵਿਚ ਸ਼ਾਮਲ ਹੋਇਆ ਸੀ ਅਤੇ ਕੇਵਲ ਤੇ ਕੇਵਲ ਉਨ੍ਹਾਂ ਹੀ ਗੱਲਾਂ ਨੂੰ ਮੰਨ ਕੇ ਚੱਲੀਏ ਜਿਹੜੀਆਂ ਪਰੰਪਰਾ, ਵਿਸ਼ਵਾਸ ਅਤੇ ਸਿਧਾਂਤਕ ਤੌਰ ਤੇ ਪੂਰੀਆਂ ਉਤਰਦੀਆਂ ਹੋਣ। ਜਿਥੇ ਕੋਈ ਭਰੋਸੇਯੋਗ ਲਿਖਤੀ ਗਵਾਹੀ ਨਹੀਂ ਮਿਲਦੀ ਉਥੇ ਤਰਕ ਤੋਂ ਕੰਮ ਲਿਆ ਜਾਣਾ ਚਾਹੀਦਾ ਹੈ। ਤਰਕ ਵੀ ਇਤਿਹਾਸ ਦਾ ਇਕ ਸਰੋਤ ਹੈ। ਇਸ ਤਰ੍ਹਾਂ ਅਸੀਂ ਬੰਦਾ ਸਿੰਘ ਬਹਾਦੁਰ ਦੇ ਮੁੱਢਲੇ ਜੀਵਨ ਬਾਰੇ ਬਹੁਤੀ ਬਹਿਸ ਨਾ ਕਰਦੇ ਹੋਏ ਅੱਗੇ ਚਲਦੇ ਹਾਂ।

ਪੁਸਤਕ ਦਾ ਪਹਿਲਾ ਅਧਿਆਇ ਬੰਦਾ ਸਿੰਘ ਬਹਾਦੁਰ ਨਾਲ ਸੰਬੰਧਤ ਲਿਖਤਾਂ ਦੀ ਪੜਚੋਲ ਦਾ ਰੱਖਿਆ ਹੈ। ਪਾਠਕਾਂ ਨੂੰ ਇਸ ਗੱਲ ਦੀ ਜਾਣਕਾਰੀ ਹੋ ਜਾਣੀ ਚਾਹੀਦੀ ਹੈ ਕਿ ਬੰਦਾ ਸਿੰਘ ਬਹਾਦੁਰ ਬਾਰੇ ਜੋ ਕੁਝ ਹੁਣ ਤਕ, ਨਵਾਂ ਜਾਂ ਪੁਰਾਣਾ, ਲਿਖਿਆ ਗਿਆ ਹੈ ਉਸ ਦੀ ਮਹੱਤਤਾ ਕਿੰਨੀ ਕੁ ਹੈ। ਇਸ ਮਨੋਰਥ ਨਾਲ ਹੀ ਇਹ ਪਹਿਲਾ ਪਾਠ ਲਿਖਿਆ ਗਿਆ ਹੈ। ਦੂਜਾ ਅਧਿਆਇ ਬੰਦਾ ਸਿੰਘ ਬਹਾਦੁਰ ਦਾ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਾਪ ਅਤੇ ਉਸ ਦੀਆਂ ਮੁੱਢਲੀਆਂ ਜਿੱਤਾਂ ਦਾ ਹੈ। ਗੁਰੂ ਜੀ ਨਾਲ ਬੰਦਾ ਸਿੰਘ ਦੇ ਮਿਲਾਪ ਦੀ ਬਿਲਕੁਲ ਨਵੀਂ ਵਿਆਖਿਆ ਹੈ ਪਰ ਇਹ ਤਰਕ-ਸੰਗਤ ਹੈ। ਲਿਖਤੀ ਸਰੋਤ, ਇਸ ਤਰ੍ਹਾਂ ਦੀ ਜਾਣਕਾਰੀ ਦੇਣ ਵਾਲਾ ਭਾਵੇਂ ਕੋਈ ਨਹੀਂ ਹੈ ਫਿਰ ਵੀ ਇਸ ਬਹਿਸ ਨੂੰ ਵੱਧ ਤੋਂ ਵੱਧ ਤਰਕ-ਸੰਗਤ ਬਣਾਇਆ ਗਿਆ ਹੈ।

ਸਮਾਣੇ ਦੀ ਫਤਹਿ ਨਾਲ ਬੰਦਾ ਸਿੰਘ ਬਹਾਦੁਰ ਦੀਆਂ ਵੱਡੀਆਂ ਲੜਾਈਆਂ ਸ਼ੁਰੂ ਹੁੰਦੀਆਂ ਹਨ। ਸਮਾਣੇ ਦੀ ਜਿੱਤ ਇਕ ਵੱਖਰੇ ਪਾਠ ਵਿਚ ਦਿੱਤੀ ਗਈ ਹੈ। ਇਨ੍ਹਾਂ ਸਤਰਾਂ ਦੇ ਲੇਖਕ (ਸੁਖਦਿਆਲ ਸਿੰਘ) ਨੇ ਕੋਸ਼ਿਸ਼ ਕੀਤੀ ਹੈ ਕਿ ਲਗਦੀ ਵਾਹ ਬੰਦਾ ਸਿੰਘ ਬਹਾਦੁਰ ਨਾਲ ਸੰਬੰਧਤ ਥਾਵਾਂ ਨੂੰ ਉਥੇ ਜਾ ਕੇ ਅੱਖੀਂ ਦੇਖਿਆ ਜਾਵੇ ਅਤੇ ਉਥੋਂ ਦੇ ਸਥਾਨਕ ਵਾਸੀਆਂ ਨਾਲ ਗੱਲਬਾਤ ਕਰਕੇ ਜਾਣਕਾਰੀ ਇਕੱਤਰ ਕੀਤੀ ਜਾਵੇ। ਸਥਾਨਕ ਤੌਰ ਤੇ ਕੁਝ ਨਾ ਕੁਝ ਗੱਲਾਂ ਐਸੀਆਂ ਜ਼ਰੂਰ ਮਿਲਦੀਆਂ ਹਨ ਜਿਹੜੀਆਂ ਅਸਲ ਘਟਨਾ ਬਾਰੇ ਜ਼ਰੂਰ ਕੋਈ ਨਵੀਂ ਜਾਣਕਾਰੀ ਦੇ ਸਕਣ ਦੇ ਸਮਰੱਥ ਹੁੰਦੀਆਂ ਹਨ। ਘੱਟੋ ਘੱਟ ਇਸ ਗੱਲ ਦੀ ਜਾਣਕਾਰੀ ਤਾਂ ਜ਼ਰੂਰ ਮਿਲਦੀ ਹੈ ਕਿ ਸਥਾਨਕ ਲੋਕ ਉਸ ਘਟਨਾ ਨੂੰ ਕਿਵੇਂ ਯਾਦ ਕਰਦੇ ਹਨ? ਜਾਂ ਉਸ ਘਟਨਾ ਬਾਰੇ ਲੋਕਾਂ ਦਾ ਵਿਸ਼ਵਾਸ ਕਿਸ ਤਰ੍ਹਾਂ ਦਾ ਹੈ। ਆਖਰ ਅਸੀਂ ਇਤਿਹਾਸ ਵੀ ਤਾਂ ਲੋਕਾਂ ਖਾਤਰ ਹੀ ਲਿਖ ਰਹੇ ਹਾਂ। ਸਾਡਾ ਇਤਿਹਾਸ ਲੋਕ-ਪਰੰਪਰਾ ਨਾਲ ਅਤੇ ਲੋਕ-ਵਿਸ਼ਵਾਸਾਂ ਨਾਲ ਮੇਲ ਖਾਂਦਾ ਹੋਣਾ ਚਾਹੀਦਾ ਹੈ। ਜੇ ਸਾਡੀ ਲਿਖਤ ਸਾਡੀਆਂ ਪਰੰਪਰਾਵਾਂ ਅਤੇ ਸਾਡੇ ਵਿਸ਼ਵਾਸ ਤੋਂ ਉਲਟ ਹੈ ਤਾਂ ਉਹ ਲੋਕਾਂ ਵਿਚ ਆਪਣੀ ਥਾਂ ਬਣਾ ਹੀ ਨਹੀਂ ਸਕੇਗੀ।

ਜਿਨ੍ਹਾਂ ਥਾਵਾਂ ਦਾ ਅਸੀਂ ਇਤਿਹਾਸ ਲਿਖ ਰਹੇ ਹੁੰਦੇ ਹਾਂ ਉਨ੍ਹਾਂ ਥਾਵਾਂ ਦੇ ਵਰਤਮਾਨ ਸਰੂਪ ਨੂੰ ਵੀ ਜ਼ਰੂਰ ਹੀ ਸਾਹਮਣੇ ਰੱਖਣਾ ਚਾਹੀਦਾ ਹੈ। ਅਸੀਂ ਭੂਤਕਾਲ ਨੂੰ ਵਰਤਮਾਨ ਕਾਲ ਤੋਂ ਅਲੱਗ ਕਰਕੇ ਨਹੀਂ ਦੇਖ ਸਕਦੇ ਅਤੇ ਨਾ ਹੀ ਵਰਤਮਾਨ ਨੂੰ ਭੂਤਕਾਲ ਤੋਂ ਨਿਖੇੜ ਕੇ ਰੱਖ ਸਕਦੇ ਹਾਂ। ਭੂਤਕਾਲ ਬਾਰੇ ਤਾਂ ਕਿਤਾਬਾਂ ਵਿਚੋਂ ਜਾਣਕਾਰੀ ਮਿਲ ਜਾਂਦੀ ਹੈ ਪਰ ਵਰਤਮਾਨ ਬਾਰੇ ਅਸੀਂ ਸਿਰਫ ਉਸ ਥਾਂ ਦਾ ਸਰਵੇਖਣ ਕਰਕੇ ਹੀ ਜਾਣਕਾਰੀ ਪਰਾਪਤ ਕਰ ਸਕਦੇ ਹਾਂ। ਬੰਦਾ ਸਿੰਘ ਬਹਾਦੁਰ ਨਾਲ ਸਮਾਣਾ,

3. ਉਕਤ ਸਾਰੀਆਂ ਲਿਖਤਾਂ ਹੀ ਦੇਖੋ। ਉਸੇ ਤਰਤੀਬ ਅਨੁਸਾਰ ਦੇਖੋ ਪੰਨੇ, 20, 21, ਪੰਨੇ 2-3 ਅਤੇ ਪੰਨੇ 6 ਅਤੇ 8.

SIKHBOOKCLUB.COM

ਸਢੌਰਾ, ਬਨੂੜ, ਚੱਪੜ-ਚਿੜੀ, ਸਰਹਿੰਦ, ਕਪਾਲ ਮੋਚਨ ਅਤੇ ਲੋਹਗੜ੍ਹ ਆਦਿ ਥਾਵਾਂ ਦਾ ਗਹਿਰਾ ਸੰਬੰਧ ਹੈ। ਇਨ੍ਹਾਂ ਥਾਵਾਂ ਬਾਰੇ ਸਹੀ ਜਾਣਕਾਰੀ ਤਾਂ ਹੀ ਦਿੱਤੀ ਜਾ ਸਕੇਗੀ ਜੇਕਰ ਅਸੀਂ ਇਨ੍ਹਾਂ ਨੂੰ ਆਪਣੀ ਅੱਖੀ ਦੇਖਿਆ ਹੋਵੇ। ਇਨ੍ਹਾਂ ਵਿੱਚੋਂ ਕੁਝ ਥਾਵਾਂ ਤਾਂ ਐਸੀਆਂ ਹਨ ਜਿਨ੍ਹਾਂ ਨੂੰ ਬੰਦਾ ਸਿੰਘ ਬਹਾਦੁਰ ਬਾਰੇ ਲਿਖਣ ਵਾਲੇ ਲੇਖਕਾਂ ਨੇ ਦੇਖਿਆ ਹੀ ਨਹੀਂ ਸੀ। ਜਿਵੇਂ ਕਿ ਲੋਹਗੜ੍ਹ ਅਤੇ ਚੱਪੜ-ਚਿੜੀ ਦੀਆਂ ਥਾਵਾਂ ਹਨ। ਜਦੋਂ ਤੱਕ ਇਨ੍ਹਾਂ ਥਾਵਾਂ ਨੂੰ ਦੇਖਿਆ ਨਹੀਂ ਜਾਂਦਾ ਕੋਈ ਵੀ ਲੇਖਕ ਉਦੋਂ ਤੱਕ ਇਨ੍ਹਾਂ ਬਾਰੇ ਸਹੀ ਜਾਣਕਾਰੀ ਦੇ ਹੀ ਨਹੀਂ ਸਕਦਾ। ਮੈਂ ਇਹ ਸਾਰੀਆਂ ਥਾਵਾਂ ਖੁਦ ਦੇਖੀਆਂ ਹਨ ਅਤੇ ਇਨ੍ਹਾਂ ਦਾ ਗੰਭੀਰ ਸਰਵੇਖਣ ਕੀਤਾ ਹੈ। ਪਾਠਕ ਇਸ ਪੁਸਤਕ ਨੂੰ ਪੜ੍ਹਦਿਆਂ ਹੋਇਆ ਮਹਿਸੂਸ ਕਰਨਗੇ ਕਿ ਅੱਖੀਂ ਦੇਖੀ ਸਥਿਤੀ ਦੀ ਸਪਸ਼ਟਤਾ ਕਿੰਨੀ ਹੁੰਦੀ ਹੈ। ਮੈਂ ਕਿਤਾਬਾਂ ਵਿਚੋਂ ਜਾਣਕਾਰੀ ਪਰਾਪਤ ਕਰਨ ਬਾਅਦ ਅਤੇ ਉਕਤ ਥਾਵਾਂ ਨੂੰ ਦੇਖਣ ਤੋਂ ਬਾਅਦ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਬੰਦਾ ਸਿੰਘ ਬਹਾਦੁਰ ਬਾਰੇ ਲਿਖਣ ਵਾਲੇ ਲੇਖਕਾਂ ਨੇ ਉਕਤ ਦੱਸੀਆਂ ਥਾਵਾਂ ਵਿਚੋਂ ਬਹੁਤੀਆਂ ਨਹੀਂ ਦੇਖੀਆਂ। ਚੱਪੜ-ਚਿੜੀ ਅਤੇ ਲੋਹਗੜ੍ਹ ਤਾਂ ਉੱਕਾ ਹੀ ਨਹੀਂ ਦੇਖੀਆਂ। ਇਨ੍ਹਾਂ ਲੇਖਕਾਂ ਵਿਚ ਡਾ. ਗੰਡਾ ਸਿੰਘ ਵੀ ਸਾਮਲ ਹੈ ਤੇ ਕਰਮ ਸਿੰਘ ਹਿਸਟੋਰੀਅਨ ਵੀ।

ਬੰਦਾ ਸਿੰਘ ਬਹਾਦੁਰ ਦਾ ਸਮਾਂ ਹੋਏ ਨੂੰ ਅੱਜ ਤਿੰਨ ਸੌ ਸਾਲਾਂ ਦੇ ਨੇੜੇ ਦਾ ਸਮਾਂ ਹੋਣ ਵਾਲਾ ਹੈ। ਜੋ ਸਥਿਤੀ ਕਿਸੇ ਥਾਂ ਦੀ ਅੱਜ ਤੋਂ ਤਿੰਨ ਸੌ ਸਾਲ ਪਹਿਲਾਂ ਸੀ ਉਹ ਅੱਜ ਨਹੀਂ ਰਹੀ। ਮਿਸਾਲ ਦੇ ਤੌਰ ਤੇ ਚੱਪੜ-ਚਿੜੀ ਦੇ ਜੰਗ ਦੇ ਮੈਦਾਨ ਵਿਚਲਾ ਜਿਹੜਾ ਉੱਚਾ ਟਿੱਬਾ ਸੀ, ਉਹ ਅੱਜ ਨਹੀਂ ਹੈ। ਇਸੇ ਤਰ੍ਹਾਂ ਜਿਹੜੀ ਇਥੇ ਨਿਰਮਲ ਪਾਣੀ ਵਾਲੀ ਨਦੀ ਵਗਦੀ ਸੀ ਉਹ ਵੀ ਨਹੀਂ ਹੈ। ਸਮਾਣੇ, ਸਢੌਰੇ ਅਤੇ ਲੋਹਗੜ੍ਹ ਦੇ ਆਲੇ ਦੁਆਲੇ ਜਿਹੜੇ ਰੇਤਲੇ ਟਿੱਬੇ ਅਤੇ ਸੰਘਣੇ ਜੰਗਲ ਸਨ, ਉਹ ਅੱਜ ਨਹੀਂ ਹਨ। ਇਸ ਤਰ੍ਹਾਂ ਦੀ ਜਾਣਕਾਰੀ ਅਸੀਂ ਸੰਬੰਧਤ ਥਾਵਾਂ ਦਾ ਸਰਵੇਖਣ ਕਰਕੇ ਹੀ ਪਰਾਪਤ ਕਰ ਸਕਦੇ ਹਾਂ ਅਤੇ ਬੰਦਾ ਸਿੰਘ ਬਹਾਦੁਰ ਬਾਰੇ ਲਿਖਣ ਵਾਲੇ ਲੇਖਕ ਨੂੰ ਇਨ੍ਹਾਂ ਥਾਵਾਂ ਦੇ ਵਰਤਮਾਨ ਦੀ ਜਾਣਕਾਰੀ ਹੋਣੀ ਚਾਹੀਦੀ ਹੈ।

ਬੰਦਾ ਸਿੰਘ ਬਹਾਦੁਰ ਬਾਰੇ ਕੁਝ ਲੇਖਕਾਂ ਵਲੋਂ ਕੁਝ ਗੱਲਾਂ ਐਸੀਆਂ ਲਿਖੀਆਂ ਗਈਆਂ ਹਨ ਜਿਹੜੀਆਂ ਉਸ ਦੇ ਖਾਲਸਈ ਆਚਰਨ ਨੂੰ ਸੱਟ ਮਾਰਦੀਆਂ ਹਨ। ਮਸਲਨ, ਬੰਦਾ ਸਿੰਘ ਨੂੰ ਅੰਮ੍ਰਿਤ ਨਹੀਂ ਛਕਾਇਆ ਗਿਆ ਸੀ;[4] ਬੰਦਾ ਸਿੰਘ ਨੇ ਆਪਣੇ ਆਪ ਨੂੰ ਗੁਰੂ ਕਹਾਉਣਾ ਸ਼ੁਰੂ ਕਰ ਦਿੱਤਾ ਸੀ, ਅਤੇ ਬੰਦਈ ਖਾਲਸਾ ਅਤੇ ਤੱਤ ਖਾਲਸਾ ਅਲੱਗ ਅਲੱਗ ਹੋ ਗਏ ਸਨ[5] ਆਦਿ! ਆਦਿ!! ਜਦੋਂ ਅਸੀਂ ਪੂਰੀ ਗੰਭੀਰਤਾ ਨਾਲ ਬੰਦਾ ਸਿੰਘ ਦੀਆਂ ਪਰਾਪਤੀਆਂ ਨੂੰ ਉਸ ਦੀ ਸ਼ਹਾਦਤ ਨਾਲ ਤੁਲਨਾਅ ਕੇ ਦੇਖਦੇ ਹਾਂ ਤਾਂ ਉਕਤ ਸਾਰੀਆਂ ਗੱਲਾਂ ਆਪਣੇ ਆਪ ਹੀ ਰੱਦ ਹੋ ਜਾਂਦੀਆਂ ਹਨ। ਉਸ ਦੀ ਸ਼ਹਾਦਤ ਸਿੱਖ ਇਤਿਹਾਸ ਵਿਚਲੀਆਂ ਸਭ ਸ਼ਹਾਦਤਾਂ ਤੋਂ ਲਾਸਾਨੀ ਅਤੇ ਬੇਮਿਸਾਲ ਸੀ। ਉਸ ਦੀਆਂ ਸੈਨਿਕ ਪਰਾਪਤੀਆਂ ਵੀ ਸਿੱਖ ਇਤਿਹਾਸ ਵਿਚਲੀਆਂ ਸੈਨਿਕ ਪਰਾਪਤੀਆਂ ਤੋਂ ਕਿਤੇ ਵੱਡੀਆਂ ਹਨ। ਜਿਸ ਗੁਰੂ ਨੇ ਅੰਮ੍ਰਿਤ ਦੀ ਰਸਮ ਸ਼ੁਰੂ ਕਰਨ ਤੋਂ ਬਾਅਦ ਹਰ ਸਿੱਖ ਲਈ ਅੰਮ੍ਰਿਤ ਛਕਣਾ ਜ਼ਰੂਰੀ ਕਰ ਦਿੱਤਾ ਸੀ ਉਸ ਗੁਰੂ ਕੋਲੋਂ ਆਪਣੇ ਖਾਲਸੇ ਦਾ ਨੇਤਾ ਨਿਯੁਕਤ ਕਰਨ ਸਮੇਂ ਆਪਣੇ ਉਤਰਾਧਿਕਾਰੀ ਨੂੰ ਅੰਮ੍ਰਿਤ ਤੋਂ ਛੋਟ ਦੇਣ ਬਾਰੇ ਕਹਿਣਾ ਅਸਲ ਵਿਚ ਆਪਣੇ ਗੁਰੂ ਦਾ ਅਪਮਾਨ ਕਰਨ ਦੇ ਬਰਾਬਰ ਹੈ। ਅਜਿਹਾ ਕੁਝ ਲਿਖਣ ਵਾਲੇ ਲੇਖਕਾਂ ਨੂੰ ਖੁਦ ਨੂੰ ਹੀ ਖਾਲਸਾ ਰਹਿਤ-ਮਰਯਾਦਾ ਦਾ ਪਤਾ ਨਹੀਂ ਹੈ। ਅੰਮ੍ਰਿਤਧਾਰੀ ਖਾਲਸੇ ਦਾ ਗੈਰ-ਅੰਮ੍ਰਿਤਧਾਰੀ ਵਿਅਕਤੀ ਨੇਤਾ ਹੋ ਹੀ ਨਹੀਂ ਸਕਦਾ। ਨੇਤਾ ਹੋਣਾ ਤਾਂ ਦੂਰ ਦੀ ਗੱਲ ਹੈ ਗੈਰ-ਅੰਮ੍ਰਿਤਧਾਰੀ ਤਾਂ ਖਾਲਸਾ ਭਾਈਚਾਰੇ ਦਾ ਮੈਂਬਰ ਵੀ ਨਹੀਂ ਹੋ ਸਕਦਾ।

ਇਸੇ ਤਰ੍ਹਾਂ ਜਦੋਂ ਸਾਡੇ ਲੇਖਕ ਇਹ ਲਿਖਦੇ ਹਨ ਕਿ ਗੁਰੂ ਜੀ ਨੇ ਬੰਦਾ ਸਿੰਘ ਬਹਾਦੁਰ ਨੂੰ ਸ਼ਾਦੀ ਨਾ ਕਰਵਾਉਣ ਦਾ ਹੁਕਮ ਕੀਤਾ ਸੀ, ਪਰ ਬੰਦਾ ਸਿੰਘ ਨੇ ਸ਼ਾਦੀ ਕਰਵਾਕੇ ਗੁਰੂ ਦੇ ਹੁਕਮ ਦੀ ਉਲੰਘਣਾ ਕੀਤੀ ਸੀ। ਇਹ ਗੱਲ ਵੀ ਸਾਬਤ ਕਰਦੀ ਹੈ ਕਿ ਸਾਡੇ ਇਹ ਲੇਖਕ ਖਾਲਸਾ ਰਹਿਤ-ਮਰਯਾਦਾ ਤੋਂ ਅਣਜਾਣ ਹਨ। ਸਿੱਖ ਧਰਮ ਗਰਹਿਸਤੀ ਜੀਵਨ ਜੀਣ ਨੂੰ ਤਰਜੀਹ ਦਿੰਦਾ ਹੈ। ਜਦੋਂ ਸਿੱਖ ਧਰਮ ਵਿਚ ਗਰਹਿਸਤੀ ਜੀਵਣ ਜੀਣਾ ਜ਼ਰੂਰੀ ਹੈ ਫਿਰ ਬੰਦਾ ਸਿੰਘ ਨੂੰ ਸ਼ਾਦੀ ਕਰਵਾਉਣ ਤੋਂ ਰੋਕਣ ਦਾ ਕੀ ਮਤਲਬ? ਸਿੱਖ ਧਰਮ ਤਾਂ ਉਲਟਾ ਉਨ੍ਹਾਂ ਲੋਕਾਂ ਦੀ ਨਿੰਦਿਆ ਕਰਦਾ ਹੈ ਜਿਹੜੇ ਗਰਹਿਸਤੀ ਜੀਵਨ ਨਹੀਂ ਜਿਉਂਦੇ। ਅਜਿਹੀਆਂ ਗੱਲਾਂ ਨਾ ਗੁਰੂ ਜੀ ਨੇ ਬੰਦਾ ਸਿੰਘ ਨੂੰ ਕਹੀਆਂ ਸਨ ਅਤੇ ਨਾ ਹੀ ਇਨ੍ਹਾਂ ਗੱਲਾਂ ਦੀ ਸਿੱਖ ਧਰਮ ਵਿਚ ਕੋਈ ਥਾਂ ਹੈ। ਇਹ ਗੱਲ ਲੇਖਕਾਂ ਦੀ ਸਿੱਖ ਧਰਮ ਬਾਰੇ ਆਪਣੀ ਅਣਜਾਣਤਾ ਨੂੰ ਦਰਸਾਉਂਦੀ ਹੈ।

ਰਹੀ ਗੱਲ ਬੰਦਾ ਸਿੰਘ ਬਹਾਦੁਰ ਵਲੋਂ ਆਪਣੇ ਆਪ ਨੂੰ ਗੁਰੂ ਅਖਵਾਉਣ ਦੀ ਅਤੇ ਖਾਲਸਾ ਮਰਯਾਦਾ ਵਿਚ ਤਬਦੀਲੀ ਕਰਨ ਦੀ। ਇਸ ਗੱਲ ਨੂੰ ਬੰਦਾ ਸਿੰਘ ਨੇ ਆਪਣੀ ਸ਼ਹਾਦਤ ਦੇ ਕੇ ਰੱਦ ਕਰ ਦਿੱਤਾ ਹੈ। ਅੰਤ, ਸਾਧਨਾ ਅਤੇ ਸ਼ਕਤੀਆਂ ਦੀ ਪਰੋੜ੍ਹਤਾ ਕਰਦਾ ਹੈ। ਜਿਹੜਾ ਵਿਅਕਤੀ ਆਪਣੇ ਗੁਰੂ ਦੀ ਸ਼ਾਨ ਲਈ, ਆਪਣੇ ਸਿੱਖੀ ਸਿਦਕ ਲਈ ਆਪਣੇ ਸਰੀਰ ਦਾ ਪੋਟਾ

---

4. ਵਿਸ਼ੇਸ਼ ਕਰਕੇ ਦੇਖੋ, ਕਰਮ ਸਿੰਘ ਹਿਸਟੋਰੀਅਨ, *ਪੂਰਵ ਅੰਕਤ*, ਪੰਨਾ 27 ਅਤੇ ਹਰੀ ਰਾਮ ਗੁਪਤਾ, *ਹਿਸਟਰੀ ਆਫ ਦਾ ਸਿੱਖਸ*, ਵਾਲਿਊਮ ਦੂਜਾ, ਦਿੱਲੀ, 1978, ਪੰਨਾ 4-6.

5. ਇਨ੍ਹਾਂ ਗੱਲਾਂ ਦੇ ਮੁੱਖ ਲੇਖਕ ਹਨ, ਰਤਨ ਸਿੰਘ *ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼*, ਸ਼ਿਰੋਮਣੀ ਕਮੇਟੀ, ਅੰਮ੍ਰਿਤਸਰ, 1981, ਪੰਨੇ 185-194 ਅਤੇ ਗਯਾਨੀ ਗਯਾਨ ਸਿੰਘ, *ਤਵਾਰੀਖ ਸ਼ਮਸ਼ੇਰ ਖਾਲਸਾ* (ਪੱਥਰ ਛਾਪ), ਸਿਆਲਕੋਟ, 1892.

SIKHBOOKCLUB.COM

ਪੋਟਾ ਕਰਵਾ ਕੇ ਵੀ ਅਤੇ ਆਪਣੇ ਮਾਸੂਮ ਪੁੱਤਰ ਨੂੰ ਆਪਣੀ ਗੋਦ ਵਿਚ ਹਲਾਲ ਹੁੰਦਾ ਦੇਖ ਕੇ ਵੀ ਬਰਦਾਸ਼ਤ ਕਰ ਸਕਦਾ ਹੈ ਉਸ ਵਿਅਕਤੀ ਬਾਰੇ ਕੋਈ ਇਹ ਕਹੇ ਕਿ ਉਹ ਖੁਦ ਨੂੰ ਗੁਰੂ ਅਖਵਾਉਣ ਲੱਗ ਪਿਆ ਸੀ, ਕਿੰਨੀ ਵਾਹਿਆਤ ਗੱਲ ਹੈ? ਅਸਲ ਵਿਚ ਬੰਦਾ ਸਿੰਘ ਬਹਾਦੁਰ ਬਾਰੇ ਦੋਸ਼ ਲਗਾਉਣ ਵਾਲੇ ਲੇਖਕ ਖੁਦ ਖਾਲਸਾ ਮਰਯਾਦਾ ਤੋਂ ਬਹੁਤ ਦੂਰ ਹਨ । ਜਾਂ ਤਾਂ ਉਨ੍ਹਾਂ ਨੂੰ ਸ਼ਹਾਦਤ ਦੇ ਸੰਕਲਪ ਦੀ ਸਮਝ ਨਹੀਂ ਤੇ ਜਾਂ ਉਹ ਸਭ ਕੁਝ ਕਿਸੇ ਵਿਸ਼ੇਸ਼ ਮਨੋਰਥ ਅਨੁਸਾਰ ਜਾਣ ਬੁੱਝ ਕੇ ਲਿਖ ਰਹੇ ਹਨ । ਨਾ ਕੋਈ ਭਰੋਸੇਯੋਗ ਲਿਖਤੀ ਸਰੋਤ ਇਨ੍ਹਾਂ ਗੱਲਾਂ ਦੀ ਹਾਮੀ ਭਰਦਾ ਹੈ ਅਤੇ ਨਾ ਹੀ ਬੰਦਾ ਸਿੰਘ ਬਹਾਦੁਰ ਦੀਆਂ ਪਰਾਪਤੀਆਂ ਸਾਹਮਣੇ ਇਨ੍ਹਾਂ ਗੱਲਾਂ ਦੀ ਕੋਈ ਅਹਿਮੀਅਤ ਰਹਿ ਜਾਂਦੀ ਹੈ । ਮਾਤਾ ਸੁੰਦਰੀ ਜੀ ਵਲੋਂ ਦਿੱਤੇ ਗਏ ਸਰਾਪ ਦੀ ਗੱਲ ਵੀ ਸਿਰਫ ਕਿਸੇ ਸ਼ਰਾਰਤੀ ਦਿਮਾਗ ਦੀ ਕਾਢ ਹੀ ਹੈ । ਇਹ ਸਭ ਕੁਝ ਉਸ ਸਮੇਂ ਦੀ ਮੁਗਲ ਸਰਕਾਰ ਦਾ ਅਤੇ ਸਰਕਾਰ ਦੇ ਏਜੰਟਾਂ ਦਾ ਦੁਰ-ਪਰਚਾਰ ਹੈ ਜਿਹੜਾ ਉਨ੍ਹਾ ਨੇ ਬੰਦਾ ਸਿੰਘ ਬਹਾਦੁਰ ਦੀ ਤਾਕਤ ਨੂੰ ਜਾਂ ਹਰਮਨਪਿਆਰਤਾ ਨੂੰ ਖਤਮ ਕਰਨ ਲਈ ਵਰਤਿਆ ਸੀ । ਇਸ ਦੁਰ-ਪਰਚਾਰ ਦਾ ਸ਼ਿਕਾਰ ਸਿੱਖ ਵੀ ਹੋਏ ਸਨ ਅਤੇ ਉਹ ਲੇਖਕ ਵੀ ਹੋਏ ਹਨ, ਜਿਨ੍ਹਾਂ ਨੇ ਅਜਿਹੀਆਂ ਗੱਲਾਂ ਲਿਖੀਆਂ ਹਨ ।

ਬੰਦਾ ਸਿੰਘ ਬਹਾਦੁਰ ਜਿਸ ਤਰ੍ਹਾਂ ਤੂਫਾਨ ਬਣ ਕੇ ਪੰਜਾਬ ਵਿਚ ਵਿਚਰਿਆ ਸੀ, ਜਿਸ ਤਰ੍ਹਾਂ ਉਸ ਨੇ ਪੰਜਾਬ ਦੀ ਮੁਗਲ ਹਕੂਮਤ ਨੂੰ ਦੇਖਦਿਆਂ ਹੀ ਦੇਖਦਿਆਂ ਉਲਟਾ ਦਿੱਤਾ ਸੀ, ਇਸ ਤਰ੍ਹਾਂ ਦਾ ਕੰਮ ਕੋਈ ਬਹੁਤ ਹੀ ਸਿੱਖਿਆ ਪਰਾਪਤ ਜੰਗੀ ਜਰਨੈਲ ਹੀ ਕਰ ਸਕਦਾ ਹੈ ਅਤੇ ਬੰਦਾ ਸਿੰਘ ਜੈਸੀ ਸ਼ਹਾਦਤ ਕੋਈ ਪੱਕੇ ਤੋਂ ਵੀ ਪੱਕਾ ਅਤੇ ਸ਼ਰਧਾਵਾਨ ਸਿੰਘ ਹੀ ਦੇ ਸਕਦਾ ਹੈ । ਇਹ ਕੰਮ ਹਫਤੇ ਦੋ ਹਫਤਿਆਂ ਤੋਂ ਕਿਸੇ ਸਾਧ ਤੋਂ ਬਣੇ ਸਿੱਖ ਦਾ ਨਹੀਂ ਹੋ ਸਕਦਾ । ਬੰਦਾ ਸਿੰਘ ਦੀਆਂ ਸਾਰੀਆਂ ਕਾਰਵਾਈਆਂ ਆਪਣੇ ਆਪ ਦਸਦੀਆਂ ਹਨ ਕਿ ਉਸ ਨੂੰ ਜੰਗਾਂ-ਯੁੱਧਾਂ ਦੀ ਨੀਤੀ ਦਾ ਹੀ ਗਿਆਨ ਨਹੀਂ ਸੀ ਬਲਕਿ ਉਸ ਨੂੰ ਉਸ ਸਮੇਂ ਦੇ ਮੁਲਕ ਦੀ ਸਮੁੱਚੀ ਰਾਜਨੀਤੀ ਅਤੇ ਜੁਗਰਾਫੀਏ ਦੀ ਵੀ ਪੂਰੀ ਸਮਝ ਸੀ । ਉਸ ਵਲੋਂ ਲਏ ਗਏ ਰਾਜਨੀਤਿਕ ਫੈਸਲੇ ਆਪਣੇ ਆਪ ਦਸਦੇ ਹਨ ਕਿ ਬੰਦਾ ਸਿੰਘ ਉੱਚ ਕੋਟੀ ਦਾ ਰਾਜਨੀਤੀਵਾਨ ਵੀ ਸੀ । ਅਜਿਹਾ ਕੰਮ ਕੋਈ ਸ਼ਰਾਰਤੀ ਸਾਧ ਜਾਂ ਬੈਰਾਗੀ ਸਾਧ ਨਹੀਂ ਕਰ ਸਕਦਾ ।

ਅੰਤ ਵਿਚ, ਪਾਠਕਾਂ ਦੇ ਹੱਥਾਂ ਵਿਚ ਇਹ ਪੁਸਤਕ ਭੇਟ ਕਰਦਾ ਹੋਇਆ ਲੇਖਕ ਉਮੀਦ ਕਰਦਾ ਹੈ ਕਿ ਪਾਠਕ ਇਸ ਪੁਸਤਕ ਦਾ ਪਹਿਲੀਆਂ ਛਪੀਆਂ ਪੁਸਤਕਾਂ ਨਾਲੋਂ ਵਖਰੇਵਾਂ ਮਹਿਸੂਸ ਕਰਨਗੇ । ਬੰਦਾ ਸਿੰਘ ਬਹਾਦੁਰ ਦੀਆਂ ਮਹਾਨ ਪਰਾਪਤੀਆਂ ਅਤੇ ਉਸ ਦੀ ਲਾਸਾਨੀ ਸ਼ਹਾਦਤ ਨੂੰ ਮੇਰੀ ਇਹ ਤੁੱਛ ਜਿਹੀ ਭੇਟਾ ਹੈ ।

ਸੁਖਦਿਆਲ ਸਿੰਘ
ਮੁੱਖੀ

ਪੰਜਾਬ ਇਤਿਹਾਸ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ,
ਪਟਿਆਲਾ ।

SIKHBOOKCLUB.COM

2. ਸੰਬੰਧਤ ਲਿਖਤਾਂ ਦਾ ਮੁੱਲਅੰਕਣ

ਸਾਹਿਬ ਸਿਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਨੰਦੇੜ ਵਿਖੇ 1708 ਈ. ਵਿਚ ਬੰਦਾ ਸਿੰਘ ਬਹਾਦੁਰ, ਖਾਲਸੇ ਦਾ ਜੰਗੀ ਜਰਨੈਲ ਨਿਯੁਕਤ ਹੋਇਆ ਅਤੇ ਉਸੇ ਸਾਲ ਉਹ ਪੰਜਾਬ ਪਹੁੰਚ ਗਿਆ ਸੀ । 1716 ਈ. ਤੱਕ ਦੇ ਤਕਰੀਬਨ ਅੱਠ ਸਾਲਾਂ ਦੇ ਸਮੇਂ ਦੌਰਾਨ ਉਹ ਪੰਜਾਬ ਦੀ ਸਿਆਸਤ ਉਪਰ ਪੂਰੀ ਤਰ੍ਹਾਂ ਛਾਇਆ ਰਿਹਾ । ਉਸ ਨੇ ਪੰਜਾਬ ਦੀ ਧਰਤੀ ਉਪਰ ਐਸਾ ਰਾਜਨੀਤਕ ਇਨਕਲਾਬ ਲਿਆਂਦਾ ਸੀ ਜਿਸ ਦੀ ਦੁਨੀਆਂ ਦੇ ਇਤਿਹਾਸ ਵਿਚ ਕਿਧਰੇਂ ਵੀ ਕੋਈ ਮਿਸਾਲ ਨਹੀਂ ਮਿਲਦੀ । ਇਹ ਇਨਕਲਾਬ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ, ਵੰਡ ਛਕਣ ਵਾਲੇ ਅਤੇ ਅਕਾਲ ਪੁਰਖ ਦਾ ਨਾਮ ਜਪਣ ਵਾਲੇ ਲੋਕਾਂ ਦਾ ਸੀ । ਇਸ ਤਰ੍ਹਾਂ ਪੰਜਾਬ ਦੀ ਧਰਤੀ ਉਤੇ ਮੁਗਲ ਹਕੂਮਤ ਨੂੰ ਉਲਟਾ ਕੇ ਖਾਲਸੇ ਦਾ ਰਾਜ ਸਥਾਪਤ ਕਰ ਲੈਣਾ ਆਪਣੇ ਆਪ ਇਕ ਬੇਮਿਸਾਲ ਪਰਾਪਤੀ ਸੀ । ਇਹ ਸਭ ਕੁਝ ਨਿਰੋਲ ਉਸ ਤਾਕਤ ਅਤੇ ਸਿਧਾਂਤ ਉਤੇ ਨਿਰਭਰ ਸੀ ਜਿਸ ਨੂੰ ਦਸ ਗੁਰੂ ਸਾਹਿਬਾਨ ਨੇ ਤਕਰੀਬਨ ਦੋ ਸਦੀਆਂ ਦੇ ਅਰਸੇ ਦੌਰਾਨ ਇਸ ਪਵਿੱਤਰ ਧਰਤੀ ਉਤੇ ਸਥਾਪਤ ਕੀਤਾ ਸੀ । ਭਾਵੇਂ ਖਾਲਸੇ ਦਾ ਇਹ ਸੁਨਹਿਰੀ ਸੁਪਨਾ ਥੋੜ੍ਹਾ ਚਿਰ ਹੀ ਸਾਕਾਰ ਰਿਹਾ ਪਰ ਇਸ ਨੇ ਸਿੱਖਾਂ ਲਈ ਰਾਜ ਸਥਾਪਤ ਕਰਨ ਦਾ ਮਾਰਗ ਖੋਲ੍ਹ ਦਿੱਤਾ ਸੀ । ਮੁਗਲ ਹਕੂਮਤ ਦੇ ਸਕਤੀਸਾਲੀ ਹੋਣ ਕਾਰਣ ਇਸ ਨੂੰ ਛੇਤੀ ਕੁਚਲ ਦਿੱਤਾ ਗਿਆ ਅਤੇ ਇਸ ਦੇ ਬਾਨੀਆਂ ਨੂੰ ਆਪਣੀਆਂ ਜਾਨਾਂ ਤੋਂ ਹੱਥ ਧੋਣੇ ਪਏ । ਕਮਾਲ ਦੀ ਗੱਲ ਇਹ ਸੀ ਕਿ ਇਸ ਰਾਜ ਦੇ ਬਾਨੀਆਂ ਨੇ ਜਿਥੇ ਰਾਜਨੀਤਿਕ ਪਰਾਪਤੀਆਂ ਰਾਹੀਂ ਦੁਨੀਆਂ ਦੇ ਇਤਿਹਾਸ ਵਿਚ ਨਵੀਆਂ ਮਿਸਾਲਾਂ ਕਾਇਮ ਕੀਤੀਆਂ ਸਨ ਉਥੇ ਆਪਣੀਆਂ ਸ਼ਹਾਦਤਾਂ ਰਾਹੀਂ ਵੀ ਸਮੇਂ ਦੇ ਹਾਕਮਾਂ ਨੂੰ ਅਚੰਭਿਤ ਕਰ ਦਿੱਤਾ ਸੀ ।

ਇਤਨੇ ਮਹਾਨ ਰਾਜਨੀਤਕ ਇਨਕਲਾਬੀ ਅਤੇ ਰਾਜ ਦੇ ਉਸਰੱਈਏ ਨਾਲ ਨਾ ਉਸ ਸਮੇਂ ਦੀਆਂ ਲਿਖਤਾਂ ਨੇ ਇਨਸਾਫ ਕੀਤਾ ਹੈ ਅਤੇ ਨਾ ਹੀ ਪਿਛਲੇ ਸਮੇਂ ਦੀਆਂ ਲਿਖਤਾਂ ਨੇ । ਇਨ੍ਹਾਂ ਵਿਚ ਫਾਰਸੀ (ਪਰਸ਼ੀਅਨ) ਅਤੇ ਗੁਰਮੁੱਖੀ ਦੀਆਂ ਲਿਖਤਾਂ ਹੀ ਮੁੱਖ ਹਨ । ਬੰਦਾ ਸਿੰਘ ਬਹਾਦੁਰ ਦੀਆਂ ਸਮਕਾਲੀ ਲਿਖਤਾਂ ਲਗਭਗ ਸਾਰੀਆਂ ਹੀ ਫਾਰਸੀ ਵਿਚ ਹਨ । ਇਹ ਸਾਰੀਆਂ ਹੀ ਮੁਗਲ ਹਕੂਮਤ ਦਾ ਪੱਖ ਪੂਰਨ ਵਾਲੀਆਂ ਹਨ । ਦੂਜੇ ਨੰਬਰ ਤੇ ਗੁਰਮੁੱਖੀ ਦੀਆਂ ਲਿਖਤਾਂ ਹਨ । ਪਰ ਗੁਰਮੁੱਖੀ ਦੀਆਂ ਜ਼ਿਆਦਾ ਲਿਖਤਾਂ ਇਤਿਹਾਸਕ ਤੌਰ ਤੇ ਬਹੁਤ ਘੱਟ ਮਹੱਤਤਾ ਰੱਖਦੀਆਂ ਹਨ ਅਤੇ ਭੁਲੇਖਾ ਪਾਉਣ ਵਿਚ ਜ਼ਿਆਦਾ ਸਹਾਈ ਹੁੰਦੀਆਂ ਹਨ । ਕਿਉਂਕਿ ਇਨ੍ਹਾਂ ਲੇਖਕਾਂ ਨੂੰ ਇਤਿਹਾਸਕ ਤੱਥਾਂ ਦੀ ਅਤੇ ਧਾਰਮਿਕ ਸਿਧਾਂਤਾਂ ਦੀ ਸਮਝ ਸੂਝ ਬਹੁਤ ਘੱਟ ਸੀ ਇਸ ਲਈ ਇਨ੍ਹਾਂ ਨੇ ਭੁਲੇਖੇ ਜ਼ਿਆਦਾ ਪਾਏ ਹਨ ਅਤੇ ਇਹ ਸਭ ਆਪਾ ਵਿਰੋਧੀ ਅਤੇ ਤਰਕਹੀਣ ਹਨ ।

ਤੀਜੇ ਨੰਬਰ ਤੇ ਅੰਗਰੇਜ਼ੀ ਦੀਆਂ ਲਿਖਤਾਂ ਹਨ ਜਿਹੜੀਆਂ ਲਿਖੀਆਂ ਤਾਂ ਨਿਰੋਲ ਇਤਿਹਾਸਕ ਦਰਿਸ਼ਟੀ ਤੋਂ ਗਈਆਂ ਸਨ ਪਰ ਇਨ੍ਹਾਂ ਦਾ ਮੁੱਖ ਸਰੋਤ ਪਰਸ਼ੀਅਨ ਅਤੇ ਗੁਰਮੁੱਖੀ ਦੀਆਂ ਉਹ ਲਿਖਤਾਂ ਹੀ ਸਨ ਜਿਨ੍ਹਾਂ ਬਾਰੇ ਉਪਰ ਜਾਣਕਾਰੀ ਦਿੱਤੀ ਗਈ ਹੈ । ਫਿਰ ਵੀ ਬਰਿਟਿਸ਼ ਲੇਖਕਾਂ ਨੇ ਵੱਧ ਤੋਂ ਵੱਧ ਇਤਿਹਾਸਿਕ ਸੱਚਾਈ ਨੂੰ ਅਪਣਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਭੁਲੇਖਿਆਂ ਅਤੇ ਗੈਰ-ਇਤਿਹਾਸਕ ਤੱਥਾਂ ਤੋਂ ਰਹਿਤ ਇਹ ਵੀ ਨਹੀਂ ਹਨ ।

ਪਹਿਲਾਂ ਪਰਸ਼ੀਅਨ ਲਿਖਤਾਂ ਨੂੰ ਸੰਖੇਪ ਤੌਰ ਤੇ ਪੜਤਾਲਦੇ ਹਾਂ । ਇਹ ਲਿਖਤਾਂ ਨਿਰਸੰਦੇਹ ਬੰਦਾ ਸਿੰਘ ਬਹਾਦੁਰ ਦੀਆਂ ਸਮਕਾਲੀ ਹਨ । ਇਤਿਹਾਸ ਲਿਖਣ ਵਿਚ ਸਮਕਾਲੀ ਸਰੋਤਾਂ ਦਾ ਇਕ ਅਤੀ ਅਹਿਮ ਸਥਾਨ ਹੁੰਦਾ ਹੈ ਪਰ ਅਫਸੋਸ, ਪਰਸ਼ੀਅਨ ਦੀਆਂ ਲਿਖਤਾਂ ਨੇ ਬੰਦਾ ਸਿੰਘ ਬਹਾਦੁਰ ਦਾ ਇਤਿਹਾਸ ਲਿਖਣ ਵਿੱਚ ਇਹ ਸਥਾਨ ਪਰਾਪਤ ਨਹੀਂ ਕੀਤਾ । ਕਿਉਂਕਿ ਇਨ੍ਹਾਂ ਵਿਚ ਸਹੀ ਬਿਰਤਾਂਤ ਉਲੀਕਣ ਦੀ ਥਾਂ ਸਿੰਘਾਂ ਪਰੱਤੀ ਨਫਰਤ ਭਰਿਆ ਫਿਰਕੂ ਰਵੱਈਆ ਅਖਤਿਆਰ ਕੀਤਾ ਗਿਆ ਹੈ । ਫਿਰ ਵੀ ਇਨ੍ਹਾਂ ਲਿਖਤਾਂ ਵਿਚ ਇਤਨੀਆਂ ਕਮਜੋਰੀਆਂ ਹੋਣ ਦੇ ਬਾਵਜੂਦ ਵੀ ਅਸੀਂ ਇਨ੍ਹਾਂ ਨੂੰ ਨਜਰ ਅੰਦਾਜ਼ ਨਹੀਂ ਕਰ ਸਕਦੇ ਕਿਉਂਕਿ ਇਕ ਤਾਂ ਇਨ੍ਹਾਂ ਵਿਚ ਮੁਗਲ ਬਾਦਸਾਹਾਂ ਅਤੇ ਫੌਜੀ ਜਰਨੈਲਾਂ ਦੀਆਂ ਮੁਹਿੰਮਾਂ ਦਾ ਬਕਾਇਦਾ ਮਿਤੀਬੱਧ ਬਿਰਤਾਂਤ ਹੈ ਜਿਹੜਾ ਕਿ ਗੁਰਮੁੱਖੀ ਦੀਆਂ ਲਿਖਤਾਂ ਵਿਚ ਉੱਕਾ ਹੀ ਨਹੀਂ ਹੈ । ਦੂਜਾ, ਇਹ ਲਿਖਤਾਂ ਘੱਟੋ-ਘੱਟ ਉਸ ਧਿਰ ਦੀ ਜਾਣਕਾਰੀ ਤਾਂ ਮੁਕੰਮਲ ਰੂਪ ਵਿਚ ਦਿੰਦੀਆਂ ਹਨ ਜਿਸ ਧਿਰ ਨਾਲ ਸਿੰਘਾਂ ਦੀ ਟੱਕਰ ਸੀ । ਇਤਿਹਾਸ ਲਿਖਣ ਲੱਗਿਆਂ ਦੋਵਾਂ ਸੰਬੰਧਤ ਧਿਰਾਂ ਦਾ ਹਾਲ ਜਾਨਣਾ ਜ਼ਰੂਰੀ ਹੁੰਦਾ ਹੈ । ਇਹ ਘਾਟ ਪਰਸ਼ੀਅਨ ਅਤੇ ਗੁਰਮੁੱਖੀ ਦੀਆਂ ਲਿਖਤਾਂ ਦੋਹਾਂ ਨੂੰ ਅਪਣਾ ਕੇ ਹੀ ਪੂਰੀ ਹੁੰਦੀ ਹੈ । ਜੇਕਰ ਇਨ੍ਹਾਂ ਲਿਖਤਾਂ ਨੂੰ ਜਰਾ ਗਹੁ ਨਾਲ ਪੜ੍ਹਿਆ ਜਾਵੇ ਤਾਂ ਅਸੀਂ ਇਨ੍ਹਾਂ ਦੀ ਫਿਰਕੂ ਸ਼ਬਦਾਵਲੀ ਵਿਚੋਂ ਵੀ ਸਿੰਘਾਂ ਅਤੇ ਬੰਦਾ ਸਿੰਘ ਬਹਾਦੁਰ ਦੇ ਸੰਬੰਧ ਵਿਚ ਬੜੇ ਅੱਛੇ ਨਤੀਜੇ ਕੱਢ ਸਕਦੇ ਹਾਂ ।

ਪਰਸ਼ੀਅਨ ਦੀ ਸਭ ਤੋਂ ਉੱਤਮ ਅਤੇ ਭਰੋਸੇਯੋਗ ਲਿਖਤ *ਅਸਰਾਰਿ ਸਮਦੀ* ਹੈ । ਇਹ ਕਿਸੇ ਗੁੰਮਨਾਮ ਪਰ ਬਹੁਤ ਅੱਛੀ ਸਮਝ-ਸੂਝ ਵਾਲੇ ਵਿਅਕਤੀ ਦੀ ਲਿਖੀ ਹੋਈ ਹੈ । ਇਹ 1727-28 ਈ. ਦੀ ਲਿਖਤ ਹੈ । ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਇਸ ਦਾ ਪੰਜਾਬੀ ਅਨੁਵਾਦ ਛਾਪਿਆ ਗਿਆ ਹੈ । ਇਸ ਵਿਚ ਬੰਦਾ ਸਿੰਘ ਬਹਾਦੁਰ ਦੇ ਅਖੀਰਲੇ ਸਮੇਂ ਦੇ ਹਾਲਾਤ, ਭਾਵੇਂ ਸੰਖੇਪ ਰੂਪ ਵਿਚ ਹੀ ਹਨ, ਪਰ ਬਹੁਤ ਵਧੀਆ ਤਰੀਕੇ ਨਾਲ ਲਿਖੇ ਗਏ ਹਨ । ਪੁਸਤਕ ਦੇ ਸੰਪਾਦਕ ਅਤੇ ਸ਼ੋਧਕ

SIKHBOOKCLUB.COM

ਗੁਰਬਖਸ ਸਿੰਘ ਦੇ ਸਬਦਾਂ ਵਿਚ ਜੇ ਸਿੱਖਾਂ ਨੇ ਅਤਿ ਦੀ ਗੰਭੀਰ ਸਥਿਤੀ ਵਿਚ ਬਹਾਦੁਰੀ ਅਤੇ ਨਿਡਰਤਾ ਦੇ ਜੌਹਰ ਦਿਖਾਏ ਤਾਂ ਲੇਖਕ ਨੇ ਉਨ੍ਹਾਂ ਦਾ ਹੂ-ਬ-ਹੂ ਚਿੱਤਰ ਖਿੱਚ ਦਿੱਤਾ ਹੈ । ਇਹ ਇਕ ਪ੍ਰਕਾਰ ਦੀ ਨਿਰਪੱਖਤਾ ਹੈ ਜੋ ਲੇਖਕ ਨੂੰ ਵਾਕਿਆਤ ਤਰੋੜ ਮਰੋੜ ਕੇ ਕਿਸੇ ਲੁਕਵੇਂ ਮੰਤਵ ਦੀ ਪੂਰਤੀ ਲਈ ਨਵਾਂ ਦਰਿਸ਼ਟੀਕੋਣ ਪੇਸ਼ ਕਰਨ ਤੋਂ ਵਰਜਦੀ ਹੈ ਅਤੇ ਇਸ ਗੱਲ ਵਿਚ ਹੀ ਪੁਸਤਕ ਦੀ ਮਹੱਤਤਾ ਹੈ ।[1]

ਮੁਹੰਮਦ ਕਾਸਿਮ ਲਾਹੌਰੀ ਦਾ *'ਇਬਰਤਨਾਮਾ'* ਵੀ ਸਮਕਾਲੀ ਲਿਖਤ ਹੈ । ਮੁਹੰਮਦ ਕਾਸਿਮ ਬੰਦਾ ਸਿੰਘ ਦੇ ਸਮੇਂ ਲਾਹੌਰ ਵਿਚ ਹੀ ਸੀ ਅਤੇ ਉਸ ਨੇ ਕਾਫੀ ਲੜਾਈਆਂ ਖੁਦ ਦੇਖੀਆਂ ਸਨ । ਇਸ ਕਰਕੇ ਇਸ ਲਿਖਤ ਦੀ ਬੰਦਾ ਸਿੰਘ ਦੇ ਸਮੇਂ ਦਾ ਇਤਿਹਾਸ ਲਿਖਣ ਵਿਚ ਬਹੁਤ ਤਕੜੀ ਵਿਸ਼ੇਸ਼ਤਾ ਹੈ ।[2] ਖਾਫੀ ਖਾਂ ਦੀ *'ਮੁੰਤਖ਼ਬੁਲ-ਲੁਬਾਬ'* ਵੀ ਭਾਵੇਂ ਬੰਦਾ ਸਿੰਘ ਦੀ ਸਮਕਾਲੀ ਲਿਖਤ ਹੈ ਅਤੇ ਸਰਕਾਰੀ ਮੁਹਿੰਮਾਂ ਦਾ ਬੜੇ ਵਿਸਥਾਰ ਨਾਲ ਵਰਨਣ ਕਰਦੀ ਹੈ ਪਰ ਇਸ ਦੀ ਬੋਲੀ ਅਤੇ ਝੁਕਾਅ ਸਿੰਘਾਂ ਪਰੱਤੀ ਬਹੁਤ ਹੀ ਨਫਰਤ ਭਰਿਆ ਹੈ । ਇਸ ਨੇ ਬੰਦਾ ਸਿੰਘ ਬਹਾਦੁਰ ਨੂੰ ਨਿੰਦਣ ਵਿਚ ਅਤੇ ਜ਼ਾਲਮ ਸਾਬਤ ਕਰਨ ਵਿਚ ਕੋਈ ਕਸ਼ਰ ਬਾਕੀ ਨਹੀਂ ਛੱਡੀ । ਇਸ ਕਰਕੇ ਇਸ ਤੋਂ ਬਹੁਤ ਹੀ ਸਮਝ ਸੋਚ ਨਾਲ ਜਾਣਕਾਰੀ ਲੈਣੀ ਚਾਹੀਦੀ ਹੈ । ਇਸ ਬਾਰੇ ਕਰਮ ਸਿੰਘ ਹਿਸਟੋਰੀਅਨ ਵਰਗਾ ਲੇਖਕ ਵੀ, ਜਿਹੜਾ ਕਿ ਖੁਦ ਵੀ ਬੰਦਾ ਸਿੰਘ ਬਹਾਦੁਰ ਨੂੰ ਖਾਲਸਈ ਮਰਯਾਦਾ ਵਿਚ ਨਹੀਂ ਮੰਨਦਾ, ਇਉਂ ਲਿਖਣ ਲਈ ਮਜਬੂਰ ਹੋਇਆ ਹੈ "ਖਾਫੀ ਖਾਂ ਦੀ ਤਾਰੀਖ਼ ਇਕ ਜ਼ਹਿਰੀਲੀ ਦਵਾਈ ਹੈ ਜਿਸ ਨੂੰ ਸਮਝ ਕੇ ਵਰਤਣ ਵਾਲਾ ਤਾਂ ਆਪਣਾ ਮਤਲਬ ਸਿੱਧ ਕਰ ਲੈਂਦਾ ਹੈ ਪਰ ਬੇਸਮਝ ਤੇ ਲਾਪਰਵਾਹੀ ਲਈ ਇਸ ਦੇ ਬੁਰੇ ਅਸਰ ਤੋਂ ਬਚਣਾ ਬੜਾ ਹੀ ਮੁਸਕਲ ਹੈ ।"[3]

'ਤਜ਼ਕਰਾ-ਏ-ਇਰਾਦਤ ਖਾਨ' 1714 ਈ. ਦੀ ਲਿਖਤ ਹੈ । ਇਰਾਦਤ ਖਾਨ ਬਾਦਸਾਹ ਬਹਾਦੁਰ ਸ਼ਾਹ ਦੇ ਛੋਟੇ ਭਰਾ ਤਾਰਾ ਆਜ਼ਮ ਦਾ ਅਰਦਲੀ ਸੀ । ਇਹ ਬੰਦਾ ਸਿੰਘ ਦੇ ਸਮੇਂ ਦਿੱਲੀ ਵਿਚ ਸੀ । ਇਸ ਨੇ ਲੋਹਗੜ੍ਹ ਦਾ ਘੇਰਾ ਆਪਣੀ ਅੱਖੀਂ ਦੇਖਿਆ ਸੀ । ਇਸ ਵਲੋਂ ਦਿੱਤੇ ਗਏ ਵੇਰਵੇ ਇਤਿਹਾਸਿਕ ਤੌਰ ਤੇ ਦਰੁਸਤ ਮੰਨੇ ਗਏ ਹਨ । ਖੁਸਹਾਲ ਚੰਦ ਦੀ *ਤਵਾਰੀਖ-ਏ-ਮੁਹੰਮਦ ਸਾਹ ਨਾਦਰ ਜਮਨੀ* ਵੀ ਇਸ ਸਮੇਂ ਬਾਰੇ ਅੱਛੀ ਜਾਣਕਾਰੀ ਮੁਹੱਈਆ ਕਰਨ ਵਾਲੀ ਲਿਖਤ ਹੈ । ਮੁਨਸੀ ਗੁਲਾਮ ਹੁਸੈਨ ਦੀ *ਸੀਅਰ-ਉਲ-ਮੁਤਾਖਰੀਨ* ਦਾ ਜਿੰਨਾ ਨਾਂ ਉਭਰਿਆ ਹੈ ਇਹ ਉਤਨੀ ਹੀ ਇਤਿਹਾਸਕ ਤੌਰ ਤੇ ਗਲਤ ਸਾਬਤ ਹੋਈ ਹੈ । ਇਸ ਦੀ ਵਰਤੋਂ ਘੱਟੋ ਘੱਟ ਸਿੱਖ ਇਤਿਹਾਸ ਲਿਖਣ ਵਿਚ ਬਿਲਕੁਲ ਨਹੀਂ ਕਰਨੀ ਚਾਹੀਦੀ ।

'ਅਖਬਾਰ–ਏ–ਦਰਬਾਰ-ਏ-ਮੁਅੱਲਾ' ਦੀਆਂ ਰੋਜ਼ਾਨਾ ਦੀਆਂ ਖਬਰਾਂ ਵੀ ਬੰਦਾ ਸਿੰਘ ਬਹਾਦੁਰ ਬਾਰੇ ਬਹੁਤ ਭਰੋਸੇਯੋਗ ਜਾਣਕਾਰੀ ਦਿੰਦੀਆਂ ਹਨ । ਡਾਕਟਰ ਗੰਡਾ ਸਿੰਘ ਵਲੋਂ ਇਨ੍ਹਾਂ ਦੀ ਭਾਲ ਕੀਤੀ ਗਈ ਸੀ ਅਤੇ ਡਾ. ਭਗਤ ਸਿੰਘ ਵਲੋਂ ਇਨ੍ਹਾਂ ਦਾ ਅੰਗਰੇਜ਼ੀ ਤਰਜਮਾ ਕਰਕੇ ਛਪਵਾਇਆ ਗਿਆ ਹੈ ।[4] ਬੰਦਾ ਸਿੰਘ ਬਹਾਦੁਰ ਦਾ ਬਿਰਤਾਂਤ ਇਸ ਬਿਨਾਂ ਅਧੂਰਾ ਹੀ ਰਹਿੰਦਾ ਹੈ । ਅਖੀਰ ਵਿਚ ਮੌਲਵੀ ਬੂਟੇ ਸਾਹ ਦੀ *'ਤਾਰੀਖ-ਏ-ਪੰਜਾਬ'*[5] ਦੇ ਸੰਬੰਧ ਵਿਚ ਧਿਆਨ ਦੇਣ ਦੀ ਲੋੜ ਹੈ । ਇਸ ਨੂੰ ਸਿਰਫ ਇਸੇ ਕਰਕੇ ਹੀ ਨਹੀਂ ਰੱਦ ਕਰ ਦੇਣਾ ਚਾਹੀਦਾ ਕਿ ਇਸ ਬਾਰੇ ਰਤਨ ਸਿੰਘ ਭੰਗੂ ਨੇ ਇਉਂ ਲਿਖਿਆ ਹੈ, 'ਯਹ ਮੌਲਵੀ ਹੈ ਮੁਸਲਮਾਨ ਕਬ ਸਿਖਨ ਜਸ ਕਹੈ ਬਖਾਨ ।'[6] ਬੂਟੇ ਸਾਹ ਦੀ ਲਿਖਤ ਨੂੰ ਰਤਨ ਸਿੰਘ ਭੰਗੂ ਦੀ ਲਿਖਤ ਨਾਲ ਤੁਲਨਾ ਕਰਕੇ ਪੜ੍ਹਿਆ ਜਾਵੇ ਤਾਂ ਬੂਟੇ ਸਾਹ, ਭੰਗੂ ਨਾਲੋਂ ਕਿਤੇ ਉੱਚਾ ਅਤੇ ਇਤਿਹਾਸਕ ਸੱਚਾਈਆਂ ਦੇ ਨੇੜੇ ਖੜ੍ਹਾ ਦਿਸ ਰਿਹਾ ਹੁੰਦਾ ਹੈ ।

ਫਾਰਸੀ ਲਿਖਤਾਂ ਵਿਚ ਆਮ ਤੌਰ ਤੇ ਬੰਦਾ ਸਿੰਘ ਬਹਾਦੁਰ ਨੂੰ ਗੁਰੂ ਦੇ ਵਿਸ਼ੇਸ਼ਣ ਨਾਲ ਹੀ ਸੰਬੋਧਨ ਕੀਤਾ ਗਿਆ ਹੈ ਇਸ ਲਈ ਇਸ ਗੱਲ ਤੋਂ ਜਰਾ ਕੁ ਬਚ ਕੇ ਰਹਿਣਾ ਚਾਹੀਦਾ ਹੈ । ਮੇਰਾ ਖਿਆਲ ਹੈ ਕਿ ਜਿਨ੍ਹਾਂ ਲੇਖਕਾਂ ਨੇ ਬੰਦਾ ਸਿੰਘ ਉਪਰ ਗੁਰੂ ਅਖਵਾਉਣ ਦਾ ਦੋਸ਼ ਲਾਇਆ ਹੈ ਉਹ ਇਸੇ ਗੱਲ ਦਾ ਸਿਕਾਰ ਹੋਏ ਹਨ । ਮੁਸਲਮਾਨ ਲੇਖਕਾਂ ਲਈ ਨਾ ਹੀ ਗੁਰੂ ਸ਼ਬਦ ਦੀ ਮਹੱਤਤਾ ਦਾ ਗਿਆਨ ਸੀ ਅਤੇ ਨਾ ਹੀ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਅਤੇ ਬੰਦਾ ਸਿੰਘ ਵਿਚਕਾਰ ਕਿਸੇ ਸਖਸ਼ੀ ਵਖਰੇਵੇਂ ਦਾ ਗਯਾਨ ਰੱਖਣ ਦੀ ਕੋਸਿਸ ਹੀ ਕੀਤੀ ਹੈ ।

---

1. *ਅਸਰਾਰਿ ਸਮਦੀ* (ਅਨੁਵਾਦਕ ਪ੍ਰੋ. ਜਨਕ ਸਿੰਘ, ਸੰਪਾਦਕ ਅਤੇ ਸੰਸ਼ੋਧਕ ਗੁਰਬਖਸ਼ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972 ਪੰਨਾ 10 (ਭੂਮਿਕਾ)
2. ਇਸ ਮੱਤ ਦੀ ਪੁਸ਼ਟੀ ਲਈ ਕਰਮ ਸਿੰਘ ਹਿਸਟੋਰੀਅਨ ਨੂੰ ਵੀ ਦੇਖੋ, *ਜੀਵਨ ਬਿਰਤਾਂਤ ਬਾਬਾ ਬੰਦਾ ਸਿੰਘ ਬਹਾਦੁਰ*, ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ, 1907, ਪੰਨਾ 3.
3. ਉਹੀ, ਪੰਨਾ 11.
4. *'ਅਖਬਾਰ–ਏ-ਦਰਬਾਰ-ਏ-ਮੁਅੱਲਾ'* (ਅੰਗਰੇਜ਼ੀ ਤਰਜਮਾ ਭਗਤ ਸਿੰਘ), *ਦ ਪੰਜਾਬ ਪਾਸਟ ਐਂਡ ਪਰੈਜੈਂਟ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅਕਤੂਬਰ, 1984.
5. ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਲਾਇਬਰੇਰੀ ਵਿਚ ਇਸ ਦਾ ਪੰਜਾਬੀ ਤਰਜਮਾ ਖਰੜੇ ਦੇ ਰੂਪ ਵਿਚ ਪਿਆ ਹੈ ।
6. ਰਤਨ ਸਿੰਘ ਭੰਗੂ, *ਸ੍ਰੀ ਗੁਰੂ ਪੰਥ ਪ੍ਰਕਾਸ਼* (ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ), ਪੰਨਾ 41.

SIKHBOOKCLUB.COM

ਗੁਰਮੁਖੀ ਦੀਆਂ ਲਿਖਤਾਂ, ਬੰਦਾ ਸਿੰਘ ਬਹਾਦੁਰ ਬਾਰੇ ਜਾਣਕਾਰੀ ਮੁਹੱਈਆ ਕਰਨ ਵਿਚ ਨਿਰੋਲ ਨਿਰਾਸਤਾ ਹੀ ਪੱਲੇ ਪਾਉਂਦੀਆਂ ਹਨ। ਪਰਚੱਲਤ ਲਿਖਤਾਂ ਵਿਚੋਂ ਗੁਰਮੁੱਖੀ ਵਿਚ ਮੌਲਿਕ ਲਿਖਤ ਦੇ ਤੌਰ ਤੇ ਬੰਦਾ ਸਿੰਘ ਬਹਾਦੁਰ ਦੇ ਉਹ ਹੁਕਮਨਾਮੇ ਰੱਖੇ ਜਾਂਦੇ ਹਨ ਜਿਹੜੇ ਡਾ. ਗੰਡਾ ਸਿੰਘ ਨੇ ਆਪਣੇ ਵਲੋਂ ਸੰਪਾਦਿਤ ਪੁਸਤਕ ਵਿਚ ਦਿੱਤੇ ਹਨ। ਇਨ੍ਹਾਂ ਹੁਕਮਨਾਮਿਆਂ ਦੀ ਕੋਈ ਵੀ ਪਰਮਾਣਿਕਤਾ ਨਹੀਂ ਹੈ। ਇਹ, ਰਿਆਸੀ ਵਿਚਲੇ ਡੇਰੇ ਤੇ ਉਨ੍ਹਾਂ ਕਾਬਜ ਅਧਿਕਾਰੀਆਂ ਵਲੋਂ ਲਿਖੇ ਜਾਂ ਲਿਖਵਾਏ ਗਏ ਹਨ ਜਿਹੜੇ ਆਪਣੇ ਆਪ ਨੂੰ ਬੰਦਾ ਸਿੰਘ ਬਹਾਦਰ ਦੀ ਸੰਤਾਨ ਸਮਝਦੇ ਹਨ। ਬੰਦਾ ਸਿੰਘ ਦਾ ਸਿਰਫ ਇਕੋ ਪੁੱਤਰ ਸੀ। ਉਸ ਨੂੰ ਹੀ ਬੰਦਾ ਸਿੰਘ ਦੀ ਗੋਦ ਵਿਚ ਬਿਠਾ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਬੰਦਾ ਸਿੰਘ ਦਾ ਹੋਰ ਕੋਈ ਪੁੱਤਰ ਨਹੀਂ ਸੀ। ਜਿਸ ਤਰੀਕੇ ਨਾਲ ਡੇਰੇ ਦੇ ਮਹੰਤਾਂ ਨੇ ਆਪਣੇ ਆਪ ਨੂੰ ਬੰਦਾ ਸਿੰਘ ਦੀ ਸੰਤਾਨ ਸਾਬਤ ਕੀਤਾ ਹੈ ਉਹ ਤਰੀਕਾ ਬੜਾ ਹੀ ਤਰਕਹੀਨ, ਹਾਸੋ-ਹੀਣਾ ਅਤੇ ਗੈਰ-ਇਤਿਹਾਸਕ ਹੈ। ਇਸ ਲਈ ਇਹ ਹੁਕਮਨਾਮੇ ਕਿਸੇ ਵੀ ਤਰ੍ਹਾਂ ਦੀ ਇਤਿਹਾਸਕ ਮਹੱਤਤਾ ਨਹੀਂ ਰੱਖਦੇ।

ਇਕ ਚਿੱਠੀ ਦੀ ਲਿਖਤ ਮੇਰੇ ਪਾਸ ਹੈ ਜਿਹੜੀ ਗਯਾਨੀ ਗਯਾਨ ਸਿੰਘ ਦੇ *ਸ੍ਰੀ ਗੁਰੂ ਪੰਥ ਪ੍ਰਕਾਸ਼* (ਪੱਥਰ ਛਾਪ, ਦੂਜੀ) ਅੰਮ੍ਰਿਤਸਰੀ 1889 ਵਾਲੀ ਐਡੀਸਨ ਦੇ ਬਿਲਕੁਲ ਅਖੀਰਲੇ ਪੰਨੇ (ਅਸਤਰ) ਨਾਲ ਲਿਖ ਕੇ ਚਿਪਕਾਈ ਹੋਈ ਹੈ। ਸਪਸ਼ਟ ਹੈ ਕਿ ਇਸ ਅਸਲ ਚਿੱਠੀ ਦਾ ਵਿਸ਼ਾ-ਵਸਤੂ ਦਰਸਾਉਂਦਾ ਹੈ ਕਿ ਇਹ ਗੁਰਦਾਸ ਨੰਗਲ ਦੇ ਘੇਰੇ ਵਿਚੋਂ ਭਾਈ ਮਨੀ ਸਿੰਘ ਜੀ ਨੂੰ ਭੇਜੀ ਗਈ ਸੀ। ਭਾਈ ਸਾਹਿਬ ਉਸ ਸਮੇਂ ਸਿਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਸਨ। ਇਹ ਚਿੱਠੀ ਇਸ ਤਰ੍ਹਾਂ ਹੈ :

ਗੁਰੂ ਫਤਹ । । ਮਾਣਯੋਗ ਭਾਈ ਜੀਓ
ਵੈਰੀ ਨੇ ਬੜਾ ਜਬਰਦਸਤ ਘੇਰਾ ਘਤਿਓਸੁ । ।
ਅਨਾਜ ਪਾਣੀ ਦੀ ਕੋਈ ਆਮਦ ਨਾਹੀ । । ਪਰਿਵਾਰ
ਬਹੁਤ ਮੁਸਕਲ ਮੈਂ ਹੈਣ । । ਨਿਆਣੇ ਰੋਇ ਜਾਤਿ ਹੈ । ।
ਸਿੱਖ ਸੰਗਤਾਂ ਨੋ ਸਿਤਾਬੀ ਹਥਯਾਰ ਦੇਕਰ ਭੇਜਣਾ । ।
ਕਿਸੀ ਵਕਤ ਕਾ ਭਰੋਸਾ ਨਾਹੀ । । ਬੁੰਗੇ ਸਾਹਿਬ ਅਰਦਾਸ
ਕਰਨੁ । । ਖਾਲਸੇ ਦੀ ਫਤਹਿ ਹੋਗੁ । ।
ਅਸਾਂ ਅੰਤਮ ਸਮੇਂ ਤੀਕ ਜੂਜਣੇ ਕਾ ਨੇਮ ਕੀਤੋਸੁ । ।

ਬਾਕੀ ਦੀਆਂ ਗੁਰਮੁੱਖੀ ਦੀਆਂ ਲਿਖਤਾਂ ਵਿਚੋਂ ਕੋਈ ਵੀ ਲਿਖਤ ਬੰਦਾ ਸਿੰਘ ਬਹਾਦੁਰ ਦੀ ਸਮਕਾਲੀ ਲਿਖਤ ਨਹੀਂ ਹੈ। ਕੇਸਰ ਸਿੰਘ ਛਿੱਬਰ ਦੀ 'ਬੰਸਾਵਲੀਨਾਮਾ ਦਸਾਂ ਪਾਤਸਾਹੀਆਂ ਕਾ' ਹੀ ਸਿਰਫ ਇਕ ਐਸੀ ਲਿਖਤ ਹੈ ਜਿਸ ਨੂੰ ਬੰਦਾ ਸਿੰਘ ਦੇ ਸਮੇਂ ਦੇ ਕੁਝ ਨੇੜੇ ਦੀ ਲਿਖਤ ਕਿਹਾ ਜਾ ਸਕਦਾ ਹੈ। ਇਸ ਵਿਚ ਬੰਦਾ ਸਿੰਘ ਦੇ ਮਿਸ਼ਨ ਨੂੰ ਬੜੀ ਅੱਛੀ ਤਰ੍ਹਾਂ ਬਿਆਨਿਆ ਗਿਆ ਹੈ। ਬਾਕੀ ਦੀਆਂ ਗੁਰਮੁੱਖੀ ਦੀਆਂ ਲਿਖਤਾਂ ਵਿਚੋਂ ਕਿਸੇ ਇਕ ਵਿਚ ਵੀ ਬੰਦਾ ਸਿੰਘ ਦੀਆਂ ਪਰਾਪਤੀਆਂ ਨੂੰ ਨਹੀਂ ਦਰਸਾਇਆ ਗਿਆ ਸਗੋਂ ਜਿਥੋਂ ਤੱਕ ਸੰਭਵ ਹੋ ਸਕਿਆ ਹੈ ਉਥੋਂ ਤੱਕ ਉਨ੍ਹਾਂ ਨੇ ਇਸ ਮਹਾਨ ਨੇਤਾ ਦੀ ਆਚਰਣ-ਸਿਕਨੀ ਹੀ ਕੀਤੀ ਹੈ।

ਕੇਸਰ ਸਿੰਘ ਛਿੱਬਰ ਦੀ ਲਿਖਤ 1769 ਈ. ਦੀ ਹੈ ਅਤੇ ਇਸ ਹਿਸਾਬ ਨਾਲ ਇਹ ਲੇਖਕ ਬੰਦਾ ਸਿੰਘ ਦੀ ਸ਼ਹਾਦਤ ਵੇਲੇ 17-18 ਸਾਲਾਂ ਦੀ ਉਮਰ ਦਾ ਨੌਜੁਆਨ ਸੀ। ਇਸ ਹਿਸਾਬ ਨਾਲ ਕੇਸਰ ਸਿੰਘ ਛਿੱਬਰ ਬੰਦਾ ਸਿੰਘ ਦਾ ਨਿਕਟ-ਸਮਕਾਲੀ ਲੇਖਕ ਬਣ ਜਾਂਦਾ ਹੈ। ਭਾਵੇਂ ਸਿੱਖ ਗੁਰੂ ਸਾਹਿਬਾਨ ਬਾਰੇ ਇਸ ਲੇਖਕ ਦੇ ਵੇਰਵੇ ਮੰਨਣਯੋਗ ਨਹੀਂ ਹਨ ਪਰ ਜਿਥੋਂ ਤੱਕ ਬੰਦਾ ਸਿੰਘ ਬਹਾਦੁਰ ਦੇ ਨਾਲ ਸੰਬੰਧਤ ਵੇਰਵਿਆਂ ਦਾ ਸੰਬੰਧ ਹੈ, ਇਹ ਇਤਿਹਾਸ ਲਈ ਬੜੇ ਹੀ ਨਿਰਣਾਇਕ ਸਾਬਤ ਹੋ ਚੁੱਕੇ ਹਨ। ਮਿਸਾਲ ਦੇ ਤੌਰ ਤੇ, "ਜਦੋਂ ਬੰਦਾ ਸਿੰਘ ਦੱਖਣ ਤੋਂ ਚੱਲ ਕੇ ਪੰਜਾਬ ਵੱਲ ਆਉਂਦਾ ਹੈ ਤਾਂ ਰਸਤੇ ਵਿਚ ਉਸ ਨੂੰ ਲੁਬਾਣੇ ਸਿੱਖ ਵਪਾਰੀਆਂ ਦਾ ਇਕ ਸਮੂਹ ਮਿਲਦਾ ਹੈ। ਬੰਦਾ ਸਿੰਘ ਵਲੋਂ ਪੁੱਛ ਗਿੱਛ ਕਰਨ ਤੇ, ਪਹਿਲਾਂ ਤਾਂ ਇਹ ਲੁਬਾਣੇ ਵਪਾਰੀ ਆਪਣੀ ਪਛਾਣ ਚੰਗੀ ਤਰ੍ਹਾਂ ਨਹੀਂ ਦਿੰਦੇ ਪਰ ਜਰਾ ਸਖਤਾਈ ਨਾਲ ਪੁੱਛਣ ਤੇ ਉਨ੍ਹਾਂ ਨੇ ਦੱਸਿਆ ਕਿ ਉਹ ਵੀ ਗੁਰੂ ਦੇ ਸਿੱਖ ਹੀ ਹਨ। ਫਿਰ ਬੰਦਾ ਸਿੰਘ ਕਹਿੰਦਾ ਹੈ ਕਿ ਉਹ ਕਾਹਦੇ ਸਿੱਖ ਹੋਏ ਜਦੋਂ ਕਿ ਉਹ ਆਪਣੇ ਗੁਰੂ ਦਾ ਬਦਲਾ ਹੀ ਨਹੀਂ ਲੈ ਸਕਦੇ। ਲੁਬਾਣਿਆਂ ਨੇ ਉਤਰ ਦਿੱਤਾ ਕਿ ਮੁਗਲ ਹਕੂਮਤ ਬਹੁਤ ਸ਼ਕਤੀਸ਼ਾਲੀ ਹੈ ਜਦੋਂ ਕਿ ਉਹ ਬਹੁਤ ਨਿਤਾਣੇ ਹਨ। ਫਿਰ ਬੰਦਾ ਸਿੰਘ ਕਹਿੰਦਾ ਹੈ "ਮੈਂ ਤੁਹਾਡੇ ਨਾਲ ਹਾਂ, ਆਓ ਆਪਾਂ ਰਲ ਕੇ ਮੁਕਾਬਲਾ ਕਰੀਏ। ਜਾਓ ਆਪਣਾ ਮਾਲ ਅਸਬਾਬ ਵੇਚ ਕੇ ਹਥਿਆਰ ਖਰੀਦੋ ਅਤੇ ਮੇਰੇ ਪਾਸ ਆ ਜਾਓ। ਲੁਬਾਣੇ ਵਪਾਰੀ ਨੇ ਇਨ੍ਹਾਂ ਹਦਾਇਤਾਂ ਮੁਤਾਬਕ ਮਾਲਵੇ ਵਿੱਚੋਂ ਹਥਿਆਰਬੰਦ ਹੋ ਕੇ ਬੰਦਾ ਸਿੰਘ ਨਾਲ ਆ ਰਲੇ।"[7] ਇਸ ਤੋਂ ਸਾਬਤ ਹੁੰਦਾ ਹੈ ਕਿ ਬੰਦਾ ਸਿੰਘ ਨੇ ਲੁਬਾਣੇ ਵਪਾਰੀਆਂ ਨੂੰ ਵੀ ਜੰਗੀ ਯੋਧੇ ਬਣਾ ਦਿੱਤਾ ਸੀ।

ਇਕ ਹੋਰ ਵੇਰਵੇ ਰਾਹੀਂ ਕੇਸਰ ਸਿੰਘ ਛਿੱਬਰ ਨੇ ਬੰਦਾ ਸਿੰਘ ਬਹਾਦੁਰ ਦੀ ਰਾਜਨੀਤਕ ਵਿਚਾਰਧਾਰਾ ਨੂੰ ਬਿਆਨਦਿਆ ਲਿਖਿਆ ਹੈ "ਸਭ ਸੱਚ ਦੇ ਲੜ ਲਗੋ, ਕੋਈ ਵੀ ਬੁਰਾ ਕੰਮ ਨਾ ਕਰੋ। ਜੇ ਕੋਈ ਬੁਰਾ ਕੰਮ ਕਰੇਗਾ ਉਸ ਨੂੰ ਗੁਰੂ ਮਾਰੇਗਾ।

7. *'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ'* (ਸੰਪਾਦਕ ਰਤਨ ਸਿੰਘ ਜੱਗੀ), *ਪਰਖ*, ਚਡੀਗੜ੍ਹ, ਬੰਦ 5-12, ਪੰਨੇ 170-71.

SIKHBOOKCLUB.COM

ਸਭ ਨੂੰ ਗਰੀਬ ਦੀ ਰੱਖਿਆ ਕਰਨੀ ਚਾਹੀਦੀ ਹੈ। ਕੋਈ ਵੀ ਗੱਭਰੂ ਫੌਜ ਤੋਂ ਬਾਹਰ ਨਾ ਰਹੇ। ਪਾਪ ਦੀ ਕਮਾਈ ਛੱਡੋ। ਧਰਮ ਅਨੁਸਾਰ ਰਾਜ ਕਰੋ। ਪਾਪ ਨੂੰ ਛੱਡ ਕੇ ਸੱਚ ਦੀ ਕਿਰਤ ਕਰੋਗੇ ਤਾਂ ਵਾਧਾ ਹੋਵੇਗਾ। ਮਾਸ ਮੱਛੀ ਨਾ ਖਾਵੋ। ਉਸ ਨੂੰ ਗੁਰੂ ਕਾ ਹੁਕਮ ਹੈ ਕਿ ਤੁਹਾਨੂੰ ਧਰਮ ਨਾਲ ਜੋੜਿਆ ਜਾਵੇ"[8] ਕੇਸਰ ਸਿੰਘ ਛਿੱਬਰ ਵਲੋਂ ਦਿੱਤੇ ਗਏ ਇਨ੍ਹਾਂ ਵੇਰਵਿਆਂ ਦੀ ਬੜੀ ਹੀ ਮਹੱਤਤਾ ਹੈ।

ਤੀਜੀ ਇਹ ਕਿ ਕੇਸਰ ਸਿੰਘ ਛਿੱਬਰ ਐਸੀ ਗੱਲ ਵੱਲ ਧਿਆਨ ਦਿਵਾਉਂਦਾ ਹੈ ਜਿਸ ਦਾ ਅਜੇ ਤੱਕ ਅਸੀਂ ਉਲਟਾ ਪਰਭਾਵ ਧਾਰਨ ਕੀਤਾ ਹੋਇਆ ਹੈ। ਕੇਸਰ ਸਿੰਘ ਛਿੱਬਰ ਦਸਦਾ ਹੈ ਕਿ "ਜਦੋਂ ਬੰਦਾ ਸਿੰਘ ਨੇ ਰਾਜ ਸਥਾਪਤ ਕਰ ਲਿਆ ਸੀ ਤਾਂ ਪੰਥ, ਕੰਟਰੋਲ ਤੋਂ ਬਾਹਰ ਹੋਣ ਲੱਗਾ (ਬੇਸਿਰ)। ਉਧਰ ਬਾਦਸ਼ਾਹ ਇਨ੍ਹਾਂ ਦੇ ਪਿਛੇ ਪਿਆ ਹੋਇਆ ਸੀ, ਇਧਰ ਪੰਥ ਦੇ ਸਰਦਾਰ ਇਕ ਦੂਜੇ ਦੀਆਂ ਚੁਗਲੀਆਂ ਕਰਦੇ ਸਨ (ਪਾਇ ਚੁਗਲੀ ਪਾਪ ਕਰਤਾ ਭਇਆ) ਬੰਦਾ ਸਿੰਘ ਇਸ ਸਭ ਕੁੱਛ ਤੋਂ ਨਿਰਲੇਪ ਸੀ। ਉਸ ਦਾ ਇਕੋ ਹੀ ਕਹਿਣਾ ਸੀ ਕਿ ਉਸ ਨੇ ਤਾਂ ਗੁਰੂ ਦੇ ਕਹੇ ਤੋਂ ਹੀ ਇਹ ਪੰਡ ਚੁੱਕੀ ਹੈ ਪਰ ਇਹ ਲੋਕ ਕਾਬੂ ਤੋਂ ਬਾਹਰ ਹੋ ਕੇ ਬੁਰਿਆਈ ਕਰਨ ਲੱਗੇ ਹਨ। ਬੁਰਿਆਈ ਦਾ ਬੁਰਾ ਫਲ ਹੀ ਲੱਗਣਾ ਹੈ। ਬੰਦਾ ਸਿੰਘ ਸਭ ਨੂੰ ਪੁਕਾਰ ਕੇ ਕਹਿ ਰਿਹਾ ਸੀ ਕਿ ਸੱਚ ਦੀ ਹੀ ਕਿਰਤ ਕਰੋ ਪਾਪ ਦੀ ਨਾ ਕਰੋ।"[9] ਇਨ੍ਹਾਂ ਗੱਲਾਂ ਤੋਂ ਸਾਬਤ ਹੁੰਦਾ ਹੈ ਕਿ ਰਾਜ ਭਾਗ ਪਰਾਪਤ ਕਰਨ ਪਿੱਛੋਂ ਸਿੱਖ ਸਰਦਾਰ ਪਾਪ ਦੀ ਕਮਾਈ ਕਰਨ ਲੱਗ ਪਏ ਸੀ ਅਤੇ ਬੰਦੇ ਦੇ ਹੁਕਮਾਂ ਦੀ ਉਲੰਘਣਾ ਕਰਨ ਲੱਗ ਪਏ ਸਨ। ਜੇ ਕਿਤੇ ਰਤਨ ਸਿੰਘ ਭੰਗੂ ਅਤੇ ਗਯਾਨੀ ਗਯਾਨ ਸਿੰਘ ਦੀਆਂ ਲਿਖਤਾਂ ਨੂੰ ਗਹੁ ਨਾਲ ਪੜਿਆ ਜਾਵੇ ਤਾਂ ਉਨ੍ਹਾਂ ਦੀਆਂ ਲਿਖਤਾਂ ਤੋਂ ਇਸ ਗੱਲ ਦੀ ਜਾਣਕਾਰੀ ਮਿਲਦੀ ਹੈ ਕਿ ਬੰਦਾ ਸਿੰਘ ਬਹਾਦੁਰ ਦੇ ਸਮੇਂ ਹੀ ਬਾਵਾ ਬਿਨੋਦ ਸਿੰਘ ਅਤੇ ਬਾਵਾ ਕਾਨ੍ਹ ਸਿੰਘ, ਜਿਹੜੇ ਕਿ ਬੰਦਾ ਸਿੰਘ ਦੇ ਪੰਜ ਮੁੱਖੀ ਸਰਦਾਰਾਂ ਵਿਚੋਂ ਸਨ, ਬੰਦਾ ਸਿੰਘ ਤੋਂ ਚੋਰੀ ਮੁਗਲ ਹਕੂਮਤ ਨਾਲ ਮਿਲਵਰਤਨ ਕਰਨ ਲੱਗ ਪਏ ਸਨ। ਬਾਵਾ ਕਾਨ੍ਹ ਸਿੰਘ ਨੂੰ ਤਾਂ ਲਾਹੌਰ ਦੇ ਸੂਬੇਦਾਰ ਦੇ ਅਧੀਨ ਪੰਜ ਸੌ ਘੋੜ-ਸੁਆਰਾਂ ਦਾ ਜਰਨੈਲ ਵੀ ਨਿਯੁਕਤ ਕੀਤਾ ਗਿਆ ਸੀ[10] ਅਤੇ ਸਿਰੀ ਦਰਬਾਰ ਸਾਹਿਬ ਦਾ ਪਰਬੰਧ, ਇਕ ਗੋਦ ਲਏ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਦਿੱਤਾ ਗਿਆ ਸੀ।[11] ਇਸ ਅਜੀਤ ਸਿੰਘ ਨੂ ਮਾਤਾ ਸੁੰਦਰੀ ਜੀ ਨੇ ਗੋਦ ਲਿਆ ਸੀ ਪਰ ਇਹ ਜਦੋਂ ਆਪਹੁੱਦਰੀਆਂ ਗੱਲਾ ਕਰਨ ਲੱਗ ਪਿਆ ਸੀ ਤਾਂ ਮਾਤਾ ਜੀ ਨੇ ਇਸ ਨੂੰ ਤਿਆਗ ਦਿੱਤਾ ਸੀ।[12] ਇਸ ਲਈ ਇਨ੍ਹਾਂ ਗੱਲਾਂ ਨੂੰ ਕੇਸਰ ਸਿੰਘ ਛਿੱਬਰ ਦੀਆਂ ਗੱਲਾਂ ਨਾਲ ਮਿਲਾ ਕੇ ਦੇਖਣਾ ਚਾਹੀਦਾ ਹੈ।

ਛਿੱਬਰ, ਬੰਦਾ ਸਿੰਘ ਦੇ ਉਸ ਇਨਸਾਫ ਦੀ ਵੀ ਗੱਲ ਕਰਦਾ ਹੈ ਜਿਹੜਾ ਇਕ ਔਰਤ ਦੀ ਸ਼ਕਾਇਤ ਕਰਨ ਤੇ ਉਸ ਦੇ ਸਾਹਮਣੇ ਲਿਆਂਦਾ ਗਿਆ ਸੀ।[13] ਛਿੱਬਰ ਦੱਸਦਾ ਹੈ ਕਿ ਬੰਦਾ ਸਿੰਘ ਦਾ ਸਿੰਘਾਂ ਨੂੰ ਹਮੇਸਾਂ ਇਹੀ ਉਪਦੇਸ਼ ਹੁੰਦਾ ਸੀ ਕਿ "ਜੇ ਕੋਈ ਹਾਕਮ ਨਿਆਇ ਨਹੀਂ ਕਰਦਾ ਤਾ ਉਹ ਨਰਕਾਂ ਨੂੰ ਜਾਂਦਾ ਹੈ। ਰਾਜੇ ਨੂੰ ਨਿਆਇ ਹੀ ਕਰਨਾ ਚਾਹੀਦਾ ਹੈ। ਉਸ ਨੂੰ ਗੁਰੂ ਦਾ ਹੁਕਮ ਹੋਇਆ ਹੈ ਕਿ ਮੈਂ ਪਾਪੀਆਂ ਨੂੰ ਮਾਰ ਕੇ ਗੁਰੂ ਦਾ ਬਦਲਾ ਲਵਾਂ। ਜੇ ਤੁਸੀਂ ਵੀ ਉਸ ਗੁਰੂ ਦੇ ਸਿੱਖ ਅਖਵਾਉਂਦੇ ਹੋ ਤਾਂ ਪਾਪ, ਅਧਰਮ ਅਤੇ ਅਨਿਆਇ ਦੀ ਗੱਲ ਨਾ ਕਰੋ। ਸਿੱਖਾਂ ਨੂੰ ਉਭਾਰੋ ਅਤੇ ਅਸਿੱਖਾਂ ਨੂੰ ਖਤਮ ਕਰੋ। ਗੁਰੂ ਦਾ ਦੱਸਿਆ ਉਪਦੇਸ਼ ਆਪਣੇ ਮਨ ਵਿਚ ਧਾਰ ਕੇ ਰੱਖੋ। ਜੇ ਕਿਤੇ ਅਸਿੱਖ, ਭੇਖੀ, ਪਾਖੰਡੀ ਅਤੇ ਪਾਪੀ ਨੂੰ ਦੇਖ ਲਵੋ ਤਾਂ ਉਸ ਨੂੰ ਮਾਰ ਦਿਓ। ਜੋ ਸਿੱਖ ਹੈ ਉਸ ਨੂੰ ਗੁਰੂ ਵੱਲ ਆਉਣਾ ਚਾਹੀਦਾ ਹੈ ਅਤੇ ਜਿਹੜਾ ਅਸਿੱਖ ਹੈ ਉਸ ਨੂੰ ਇਨਸਾਫ ਦੀ ਅਦਾਲਤ ਵਿਚ ਪਕੜ ਕੇ ਲੈ ਆਵੋ। ਤੁਸੀਂ ਲੋਕਾਂ ਨੇ ਅਧਰਮ ਅਤੇ ਪਾਪ ਦੀ ਰੀਤ ਤੋਰ ਰੱਖੀ ਹੈ ਮੈਂ ਤੁਹਾਨੂੰ ਸਭ ਨੂੰ ਕੁਠਾਲੀ ਵਿਚ ਪਾਉਣ ਦੀ ਤਰ੍ਹਾਂ ਸ਼ੁੱਧ ਕਰ ਦਿਆਂਗਾ। ਗੁਰੂ ਦੇ ਘਰ ਸਿਰਫ ਇਨਸਾਫ ਦੀ ਹੀ ਗੱਲ ਹੋਣੀ ਹੈ। ਉਸ ਨੇ ਇਕ ਦਿਨ, ਕੀਤੇ ਕਰਮਾਂ ਦਾ ਲੇਖਾ ਲੈਣਾ ਹੈ। ਮੈਂ ਹੁਕਮ ਮੰਨ ਕੇ ਹੀ ਤੁਸਾਂ ਨੂੰ ਰਾਜ-ਭਾਗ ਦਾ ਅਧਿਕਾਰੀ ਬਣਾਇਆ ਹੈ ਪਰ ਤੁਸੀਂ ਅਨੀਤੀ ਵਾਲੇ ਕੰਮ ਕਰ ਰਹੇ ਹੋ ਜੋ ਨਾ ਹੀ ਗੁਰੂ ਨੂੰ ਭਾਉਂਦੇ ਹਨ ਅਤੇ ਨਾ ਹੀ ਮੈਨੂੰ ਚੰਗੇ ਲਗਦੇ ਹਨ।[14]

ਛਿੱਬਰ ਦਸਦਾ ਹੈ ਕਿ ਬਾਦਸਾਹ ਫਰੁਖਸੀਅਰ ਵਲੋਂ ਭੇਜੀ ਗਈ ਫੌਜ ਦੀ ਬੰਦਾ ਸਿੰਘ ਵਲੋਂ ਬਹੁਤ ਤਬਾਹੀ ਕੀਤੀ ਗਈ ਸੀ। ਪਰ ਫੌਜ ਦਾ ਜ਼ਿਆਦਾ ਜ਼ੋਰ ਪੈ ਜਾਣ ਕਰਕੇ ਸਿੰਘ ਇਕ ਥਾਂ ਟਿਕ ਨਹੀਂ ਸਕੇ। ਪਿੱਛੇ ਹਟਦੇ ਹਟਦੇ ਉਹ ਗੁਰਦਾਸਪੁਰ ਦੇ ਇਲਾਕੇ ਵਿਚ ਆ ਗਏ, ਇਨ੍ਹਾਂ ਨੂੰ ਸ਼ਾਹੀ ਫੌਜਾਂ ਵਲੋਂ ਘੇਰਾ ਪਾ ਲਿਆ ਗਿਆ। ਹਕੂਮਤ ਨੇ ਇਰਦ ਗਿਰਦ ਦੇ ਸਭ ਲੋਕਾਂ ਨੂੰ ਘੇਰੇ ਵਿਚ ਸ਼ਾਮਲ ਹੋਣ ਲਈ ਕਿਹਾ। ਘੇਰਾ ਹਰ ਰੋਜ਼ ਤੰਗ ਹੁੰਦਾ ਜਾਂਦਾ ਸੀ। ਅੰਦਰ ਅੰਨ, ਪਾਣੀ ਅਤੇ ਲੱਕੜ ਕੁਝ ਵੀ ਨਹੀਂ

8. *ਉਕਤ*, ਬੰਦ 27-30 ਅਤੇ 32, ਪੰਨਾ 173.
9. *ਉਕਤ*, ਬੰਦ 33, 34 ਅਤੇ 173-174.
10. ਰਤਨ ਸਿੰਘ ਭੰਗੂ, *ਪੂਰਵਅੰਕਤ*, ਪੰਨੇ 194-95, ਗਯਾਨੀ ਗਯਾਨ ਸਿੰਘ, *ਸ੍ਰੀ ਗੁਰੂ ਪੰਥ ਪ੍ਰਕਾਸ਼* (ਪੱਥਰ ਛਾਪ ਦੂਜੀ), ਅੰਮ੍ਰਿਤਸਰ, 1889, ਪੰਨਾ 353.
11. *'ਅਖ਼ਬਾਰ-ਏ-ਦਰਬਾਰ-ਏ-ਮੁਅੱਲਾ'* (ਅੰਗਰੇਜ਼ੀ ਤਰਜਮਾ, ਭਗਤ ਸਿੰਘ), ਪੰਨਾ 97.
12. ਕੇਸਰ ਸਿੰਘ ਛਿੱਬਰ, *ਪੂਰਵ ਅੰਕਤ*, ਬੰਦ 5-8, ਚਰਣ 12, ਪੰਨਾ 170.
13. *ਉਹੀ*, ਬੰਦ 35-42, ਪੰਨਾ 174.
14. *ਉਹੀ*, ਬੰਦ 42-47, ਪੰਨੇ 174-76.

SIKHBOOKCLUB.COM

ਜਾਣ ਦਿੱਤਾ ਜਾਂਦਾ ਸੀ। ਸਿੰਘਾਂ ਨੇ ਭੁੱਖੇ ਮਰਦਿਆਂ ਨੇ ਆਪਣੇ ਘੋੜਿਆਂ ਨੂੰ ਵੀ ਛੱਡ ਦਿੱਤਾ ਸੀ, ਜਿਨ੍ਹਾਂ ਨੂੰ ਫੌਜ ਨੇ ਪਕੜ ਲਿਆ ਸੀ। ਗੁਰਦਾਸਪੁਰ ਸਿੰਘਾਂ ਲਈ ਕੁਠਾਲੀ ਬਣ ਗਿਆ ਸੀ।[15]

ਛਿੱਬਰ ਇਸ ਅੰਤਮ ਘੇਰੇ ਦੀ ਅਤੇ ਸਿੰਘਾਂ ਦੀਆਂ ਦੁੱਖ ਤਕਲੀਫਾਂ ਦੀ ਇੱਕ ਵੱਖਰੀ ਹੀ ਸੋਚ ਨਾਲ ਤੁਲਨਾ ਕਰਦਾ ਹੈ। ਉਹ ਲਿਖਦਾ ਹੈ ਕਿ ਕੋਈ ਅਕਲ ਗੁਆ ਚੁਕਿਆ ਹਾਕਮ ਹੀ ਰਾਜ-ਭਾਗ ਪਰਾਪਤ ਕਰਕੇ ਬੁਰੇ ਕੰਮ ਕਰਦਾ ਹੈ। ਬੰਦਾ ਸਿੰਘ ਨੇ ਵੀ ਕਿਉਂਕਿ ਰਾਜ-ਧਨ ਖਾਧਾ ਸੀ ਇਸ ਕਰਕੇ ਬੰਦਾ ਸਿੰਘ ਜਾਣ ਬੁੱਝ ਕੇ ਇਸ ਰਾਜ-ਧਨ ਖਾਧੇ ਦਾ ਬਦਲਾ ਚੁਕਵਾਉਣ ਲਈ, ਦੁੱਖ ਝੱਲਣ ਵਾਸਤੇ ਤਿਆਰ ਹੋਇਆ। ਨਹੀਂ ਤਾਂ ਸਭ ਕੁੱਝ ਉਸ ਦੇ ਵੱਸ ਵਿਚ ਹੀ ਸੀ। ਜੇ ਉਹ ਚਾਹੁੰਦਾ ਤਾਂ ਉਸ ਨੱਸ ਕੇ ਵੀ ਜਾ ਸਕਦਾ ਸੀ।[16]

ਛਿੱਬਰ ਅਨੁਸਾਰ ਸੱਤ ਸੌ ਗੱਡਾ ਸਿੰਘਾਂ ਦੇ ਸਿਰਾਂ ਨਾਲ ਭਰ ਕੇ ਦਿੱਲੀ ਪਹੁੰਚਾਇਆ ਗਿਆ ਸੀ। ਦਿੱਲੀ ਅਤੇ ਲਾਹੌਰ ਦੇ ਵਿਚਕਾਰ ਰਸਤਿਆਂ ਉਪਰ ਸਿੰਘਾਂ ਦੇ ਸਿਰਾਂ ਦੇ ਮੀਨਾਰ ਚਿਣਵਾਏ ਗਏ ਸਨ। ਇਨ੍ਹਾਂ ਸਭ ਸਿੰਘਾਂ ਨੇ, ਜੋ ਪਕੜੇ ਗਏ ਸਨ, ਆਪਣਾ ਸਿੱਖੀ ਸਿਦਕ ਕਾਇਮ ਰੱਖਿਆ ਸੀ ਅਤੇ ਆਪਣੇ ਸੀਸ ਦੇ ਦਿੱਤੇ ਸਨ। ਛਿੱਬਰ ਦਾ ਵਿਸਵਾਸ ਹੈ ਕਿ ਇਨ੍ਹਾਂ ਸਿੰਘਾਂ ਦੀਆਂ ਸ਼ਹਾਦਤਾਂ ਕਰਕੇ ਹੀ ਮਿਸਲਾਂ ਦਾ ਰਾਜ ਸਥਾਪਤ ਹੋਇਆ ਸੀ। ''ਸਿਦਕ ਸਬੂਤ ਜਿਨ੍ਹਾਂ ਰਖਿਆ ਅਤੇ ਸੀਸ ਗਵਾਏ। ਸੋਈ ਸਿੱਖ ਹੁਣ ਰਾਜ ਪਾਇ ਰਾਜੇ ਬਣ ਆਇ।'' ਛਿੱਬਰ ਲਿਖਦਾ ਹੈ ਕਿ ਬੰਦਾ ਸਾਹਿਬ ਨੇ ਆਪਣਾ ਸੀਸ ਦੇ ਕੇ ਧਰਮ ਨੂੰ ਕਾਇਮ ਰੱਖਿਆ ਸੀ। ''ਬੰਦੇ ਸਾਹਿਬ ਸੀਸ ਦਿੱਤਾ ਧਰਮ ਰਖਿ ਲੀਤੇ ਈ।'' ਕੇਸਰ ਸਿੰਘ ਛਿੱਬਰ ਨੇ ਜਦੋਂ ਆਪਣੀ ਇਹ ਪੁਸਤਕ ਲਿਖੀ ਸੀ ਉਸ ਸਮੇਂ ਉਸ ਦੀ ਉਮਰ 70 ਸਾਲਾਂ ਦੀ ਸੀ। ਇਸ ਹਿਸਾਬ ਨਾਲ ਉਹ ਬੰਦਾ ਸਿੰਘ ਦਾ ਨਿਕਟ ਸਮਕਾਲੀ ਲੇਖਕ ਬਣ ਜਾਂਦਾ ਹੈ। ਛਿੱਬਰ ਦੀਆਂ ਉਕਤ ਵਰਨਣ ਕੀਤੀਆਂ ਗੱਲਾਂ ਹੋਰ ਸਰੋਤਾਂ ਤੋਂ ਵੀ ਸਹੀ ਸਾਬਤ ਹੋ ਜਾਂਦੀਆਂ ਹਨ ਅਤੇ ਇਹ ਗੁਰਮਤਿ ਮਰਯਾਦਾ ਦੇ ਵੀ ਅਨੁਕੂਲ ਹਨ। ਕੇਸਰ ਸਿੰਘ ਦੀਆਂ ਕੁਝ ਗੱਲਾਂ ਗਲਤ ਵੀ ਹਨ। ਮਿਸਾਲ ਤੌਰ ਤੇ ਉਸ ਵਲੋਂ ਦਿੱਤੀਆਂ ਗਈਆਂ ਮਿਤੀਆਂ ਠੀਕ ਨਹੀਂ ਹਨ। ਇਹ ਵੀ ਬਾਕੀ ਦੇ ਗੁਰਮੁੱਖੀ ਲੇਖਕਾਂ ਵਾਂਗ ਮੁਸਲਮਾਨਾਂ ਦਾ ਖੁੱਲ੍ਹਾ ਕਤਲੇਆਮ ਹੋਇਆ ਦਸਦਾ ਹੈ ਜਿਹੜਾ ਕਿ ਇਤਿਹਾਸਿਕ ਗਵਾਹੀਆਂ ਦੇ ਸਾਹਮਣੇ ਠੀਕ ਸਾਬਤ ਨਹੀਂ ਹੁੰਦਾ।

ਅਗਲੀ ਲਿਖਤ ਸਰੂਪ ਦਾਸ ਭੱਲਾ ਦੀ *ਮਹਿਮਾ ਪ੍ਰਕਾਸ਼*, ਭਾਗ ਦੂਜਾ ਹੈ। ਇਸ ਵਿਚ ਥੋੜ੍ਹਾ ਜਿਹਾ ਜ਼ਿਕਰ ਹੀ ਬੰਦਾ ਸਿੰਘ ਬਹਾਦੁਰ ਦਾ ਹੈ। ਇਹ 1776 ਈ. ਦੀ ਲਿਖਤ ਹੈ। ਭਾਵੇਂ ਸਰੂਪ ਦਾਸ ਭੱਲਾ ਵਲੋਂ ਦਿੱਤੇ ਗਏ ਵੇਰਵੇ ਵੀ ਇਤਿਹਾਸਕ ਤੌਰ ਤੇ ਠੀਕ ਸਾਬਤ ਨਹੀਂ ਹੁੰਦੇ ਪਰ ਇਕ ਦੋ ਗੱਲਾਂ ਦੀ ਐਸੀ ਜਾਣਕਾਰੀ ਜਰੂਰ ਮਿਲਦੀ ਹੈ ਜਿਹੜੀਆਂ ਪਹਿਲਾਂ ਕਿਸੇ ਹੋਰ ਲੇਖਕ ਵਲੋਂ ਨਹੀਂ ਦਿੱਤੀਆਂ ਗਈਆਂ। ਸਰੂਪ ਦਾਸ ਭੱਲਾ ਲਿਖਦਾ ਹੈ ਕਿ ਬੰਦੇ ਨੇ ਕਿਉਂਕਿ ਵਿਆਹ ਕਰਵਾ ਲਿਆ ਸੀ ਇਸ ਲਈ ਉਸ ਨੇ ਰਹਿਤ ਭੰਗ ਕੀਤੀ ਸੀ ਜਦੋਂ ਕਿ ਗੁਰੂ ਜੀ ਨੇ ਉਸ ਨੂੰ ਲੰਗੋਟ ਦਾ ਪੱਕਾ ਰਹਿਣ ਲਈ ਕਿਹਾ ਸੀ।[17] ਇਹ ਗੱਲ ਪਹਿਲੀ ਵਾਰ ਸਿਰਫ ਸਰੂਪ ਦਾਸ ਨੇ ਹੀ ਸਪੱਸਟ ਰੂਪ ਵਿਚ ਲਿਖੀ ਹੈ ਕਿ ਬੰਦੇ ਨੇ ਕਿਹੜੀ ਰਹਿਤ ਭੰਗ ਕੀਤੀ ਸੀ। ਇਸ ਤੋਂ ਪਿੱਛੋਂ ਦੇ ਗੁਰਮੁੱਖੀ ਲੇਖਕਾਂ[18] ਨੇ ਵੀ ਇਸੇ ਗੱਲ ਨੂੰ ਅਪਣਾਇਆ ਹੈ ਕਿ ਬੰਦੇ ਨੇ ਵਿਆਹ ਕਰਵਾ ਕੇ ਗੁਰੂ ਜੀ ਦੇ ਹੁਕਮ ਦੀ ਉਲੰਘਣਾ ਕੀਤੀ ਸੀ।

ਹੁਣ ਜੇ ਇਸ ਗੱਲ ਬਾਰੇ ਬਹਿਸ ਕਰੀਏ ਕਿ ਕੀ ਵਿਆਹ ਕਰਵਾਉਣ ਨਾਲ ਖਾਲਸਈ ਰਹਿਤ ਭੰਗ ਹੁੰਦੀ ਹੈ, ਕਿੰਨੀ ਮਜ਼ਾਕੀਆ ਅਤੇ ਬੇਸਿਰ-ਪੈਰ ਗੱਲ ਹੈ। ਕੀ ਗੁਰੂ ਜੀ ਬੰਦੇ ਨੂੰ ਐਸਾ ਹੁਕਮ ਦੇ ਸਕਦੇ ਸਨ ਕਿ ਉਹ ਵਿਆਹ ਨਾ ਕਰਵਾਏ? ਇਹ ਸਭ ਕੁਝ ਇਨ੍ਹਾਂ ਲੇਖਕਾਂ ਦੀ ਆਪਸੀ ਸੂਝ-ਬੂਝ ਦੇ ਦੀਵਾਲੀਏਪਣ ਦੀ ਸੂਚਕ ਹੈ। ਸਿੱਖ ਧਰਮ ਵਿਚ ਐਸੀਆਂ ਮਿਸਾਲਾਂ ਤਾਂ ਮਿਲ ਸਕਦੀਆਂ ਹਨ ਜਿਨ੍ਹਾਂ ਤੋਂ ਇਹ ਸਪਸਟ ਹੁੰਦਾ ਹੈ ਕਿ ਗੁਰੂ ਸਾਹਿਬਾਨ ਨੇ ਗਰਹਿਸਤ ਤੋਂ ਉਦਾਸ ਹੋਏ ਵਿਅਕਤੀ ਨੂੰ ਸਿੱਖ ਧਰਮ ਦੀ ਜਿੰਮੇਵਾਰੀ ਦੇਣ ਤੋਂ ਇਨਕਾਰ ਕੀਤਾ ਹੋਵੇ ਜਿਵੇਂ ਕਿ ਬਾਬਾ ਸਿਰੀ ਚੰਦ ਜੀ ਦੀ ਉਦਾਹਰਣ ਹੈ ਪਰ ਐਸੀ ਮਿਸਾਲ ਕੋਈ ਨਹੀਂ ਹੈ ਕਿ ਕਿਸੇ ਗੁਰੂ ਸਾਹਿਬ ਨੇ ਕਿਸੇ ਸਿੱਖ ਉਪਰ ਗਰਹਿਸਤੀ ਜੀਵਨ ਵਿਚ ਪੈਣ ਦੀ ਮਨਾਹੀ ਕੀਤੀ ਹੋਵੇ।

ਸਭ ਤੋਂ ਵੱਡੀ ਦੇਖਣ ਵਾਲੀ ਗੱਲ ਇਹ ਹੈ ਕਿ ਲੰਗੋਟ ਸ਼ਬਦ ਦੀ ਸਿੱਖੀ ਬੋਲਚਾਲ ਵਿਚ ਕਿੰਨੀ ਕੁ ਮਾਣਤਾ ਹੈ। ਕਛਹਿਰੇ ਦਾ ਪੱਕਾ ਜਾਂ ਨਾਲੇ ਦਾ ਪੱਕਾ ਹੋਣ ਦੀ ਗੱਲ ਤਾਂ ਕਹੀ ਜਾ ਸਕਦੀ ਹੈ ਪਰ ਲੰਗੋਟ ਨਾ ਖੋਹਲੀਂ, ਜਿਵੇਂ ਕਿ ਸਰੂਪ ਦਾਸ ਅਤੇ ਹੋਰ ਲੇਖਕਾਂ ਨੇ ਲਿਖਿਆ ਹੈ ਸਿੱਖੀ ਦਾਇਰੇ ਵਿਚ ਇਸ ਦੀ ਕੋਈ ਪਰਮਾਣਿਕਤਾ ਨਹੀਂ। ਲੰਗੋਟ ਆਪਣੇ ਆਪ ਵਿਚ ਹੀ

15. *ਉਹੀ*, ਬੰਦ 49-52, ਪੰਨਾ 175.
16. *ਉਹੀ*, ਬੰਦ 55-56, ਪੰਨਾ 176.
17. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼* (ਕਵਿਤਾ), ਭਾਜ ਦੂਜਾ (ਸੰਪਾਦਕ ਗੋਬਿੰਦ ਸਿੰਘ ਲਾਂਬਾ ਅਤੇ ਖਜ਼ਾਨ ਸਿੰਘ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971, ਪੰਨਾ 895.
18. ਬੰਦੇ ਥੇ ਦੁਇ ਕਰੇ ਬਿਆਹੁ। ਯੋਂ ਬੰਦੇ ਜਤ ਲਯੋ ਗਵਾਇ। ਰਤਨ ਸਿੰਘ ਭੰਗੂ, ਪੰਨਾ 189.

SIKHBOOKCLUB.COM

ਸਿੱਖਾਂ ਲਈ ਇਕ ਓਪਰਾ, ਗੈਰ-ਖਾਲਸਈ ਅਤੇ ਗੈਰ ਰਵਾਇਤੀ ਸ਼ਬਦ ਹੈ। ਇਸ ਤੋਂ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਅਜਿਹੀ ਸ਼ਬਦਾਵਲੀ ਲਿਖਣ ਵਾਲੇ ਲੇਖਕ ਆਪ ਕਿੰਨੇ ਕੁ ਖਾਲਸਈ ਮਰਯਾਦਾ ਤੋਂ ਜਾਣੂ ਹੋਣਗੇ ਅਤੇ ਬੰਦਾ ਸਿੰਘ ਵਲੋਂ ਭੰਗ ਕੀਤੀ ਰਹਿਤ ਦੇ ਕਿੰਨੇ ਕੁ ਵਿਆਖਿਆਕਾਰ ਹੋਣਗੇ।

ਇਸ ਤਰ੍ਹਾਂ ਹੀ ਬੰਦਾ ਸਿੰਘ ਦੇ ਬਾਵਾ ਬਿਨੋਦ ਸਿੰਘ ਨਾਲ ਹੋਏ ਝਗੜੇ ਦੇ ਐਸੇ ਥੋਥੇ ਕਾਰਨ ਦੱਸੇ ਹਨ ਜਿਨ੍ਹਾਂ ਨੂੰ ਪੜ੍ਹ ਕੇ ਇਨ੍ਹਾਂ ਲੇਖਕਾਂ ਪਰਤੀ ਹੀ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਇਹ ਲੇਖਕ ਦਸਦੇ ਹਨ ਕਿ ਪਹਿਲਾ ਕਾਰਨ ਇਹ ਸੀ ਕਿ ਬਾਵਾ ਬਿਨੋਦ ਸਿੰਘ ਬਾਕੀ ਸਿੰਘਾਂ ਨਾਲ ਵੰਡ ਕੇ ਖਾਣਾ ਨਹੀਂ ਸੀ ਖਾਂਦਾ ਅਤੇ ਦੂਜਾ ਇਹ ਕਿ ਬੰਦਾ ਸਿੰਘ ਘੇਰੇ ਵਿਚ ਘਿਰਿਆ ਹੋਇਆ ਇਕ ਹੋਰ ਵਿਆਹ ਕਰਵਾਉਣ ਦੀ ਇੱਛਾ ਪਰਗਟ ਕਰ ਰਿਹਾ ਸੀ।[19] ਸਿੰਘ ਤਾਂ ਘੇਰੇ ਵਿਚ ਘਿਰੇ ਹੋਏ ਆਪਣੀਆਂ ਅੰਤਮ ਘੜੀਆਂ ਗਿਣ ਰਹੇ ਸਨ ਪਰ ਇਹ ਸਰੂਪ ਦਾਸ ਭੱਲਾ ਇਸ ਸਮੇਂ ਵੰਡ ਕੇ ਨਾ ਛੱਕਣ ਦੀਆਂ ਅਤੇ ਨਵਾਂ ਵਿਆਹ ਕਰਵਾਉਣ ਦੀਆਂ ਫਜੂਲ ਜਿਹੀਆਂ ਗੱਲਾਂ ਨਾਲ ਕਾਗਜ ਕਾਲੇ ਕਰ ਰਿਹਾ ਹੈ।

ਇਕ ਹੋਰ ਗੱਲ, ਜੋ ਸਰੂਪ ਦਾਸ ਭੱਲਾ ਨੇ ਲਿਖੀ ਹੈ, ਇਸ ਲੇਖਕ ਦੀ ਲਿਖਤ ਦਾ ਬਿਲਕੁਲ ਹੀ ਦੀਵਾਲਾ ਕੱਢ ਕੇ ਰੱਖ ਦਿੱਤਾ ਹੈ। ਇਹ ਲਿਖਦਾ ਹੈ ਕਿ ਜਦੋਂ ਦਿੱਲੀ ਵਿਚ ਬੰਦਾ ਸਿੰਘ ਅਤੇ ਉਸ ਦੇ ਸਾਥੀ ਸਿੰਘਾਂ ਨੂੰ ਵਾਰੀ ਵਾਰੀ ਹਰ ਰੋਜ਼ ਕਤਲ ਕੀਤਾ ਜਾਂਦਾ ਸੀ ਤਾਂ ਜਿਸ ਦਿਨ ਬਾਵਾ ਕਾਨ੍ਹ ਸਿੰਘ ਦੀ ਵਾਰੀ ਆਈ ਤਾਂ ਉਹ ਧੋਖੇ ਨਾਲ ਕਿਸੇ ਹੋਰ ਗਰੀਬ ਜਿਹੇ ਵਿਅਕਤੀ ਨੂੰ ਆਪਣੀ ਥਾਂ ਬਿਠਾ ਕੇ ਆਪ ਉਥੋਂ ਭੱਜ ਗਿਆ ਸੀ।[20] ਦੇਖਿਆ ਜਾਵੇ ਤਾਂ ਇਸ ਕਥਨ ਵਿਚ ਕਿੰਨੀ ਕੁ ਸਚਾਈ ਹੋ ਸਕਦੀ ਹੈ ਅਤੇ ਉਕਤ ਬਿਆਨ ਨਾਲ ਉਹ ਬਾਵਾ ਬਿਨੋਦ ਸਿੰਘ ਅਤੇ ਬਾਵਾ ਕਾਨ੍ਹ ਸਿੰਘ ਦੇ ਖਾਨਦਾਨ ਦੀ ਕਿੰਨੀ ਕੁ ਇੱਜਤ ਵਧਾ ਰਿਹਾ ਹੈ? ਹੁਣ ਤੱਕ ਹਰ ਇਕ ਇਤਿਹਾਸਕਾਰ ਨੇ, ਭਾਵੇਂ ਕਿ ਉਹ ਮੁਸਲਮਾਨ ਹੈ ਜਾਂ ਅੰਗਰੇਜ਼, ਇਹ ਗੱਲ ਬਿਨਾਂ ਕਿਸੇ ਝਿਜਕ ਦੇ ਮੰਨੀ ਹੈ ਕਿ ਬੰਦਾ ਸਿੰਘ ਦੇ ਸਾਥੀ ਸਿੰਘਾਂ ਵਿਚੋਂ ਕਿਸੇ ਇਕ ਨੇ ਵੀ ਈਨ ਨਹੀਂ ਮੰਨੀ ਪਰ ਇਹ ਸਰੂਪ ਦਾਸ ਭੱਲਾ ਹੈ ਜਿਹੜਾ ਦੱਸ ਰਿਹਾ ਹੈ ਕਿ ਬਾਵਾ ਕਾਨ੍ਹ ਸਿੰਘ ਮਰਨ ਤੋਂ ਡਰਦਾ ਆਪਣੀ ਥਾਂ ਤੇ ਕਿਸੇ ਹੋਰ ਵਿਅਕਤੀ ਨੂੰ ਮੌਤ ਦੇ ਮੂੰਹ ਵਿਚ ਫਸਾ ਕੇ ਆਪ ਭੱਜ ਆਇਆ ਸੀ। ਇਹੋ ਜਿਹੀਆਂ ਬੇਸਿਰ-ਪੈਰ ਗੱਲਾਂ ਲਿਖਣ ਵਾਲੇ ਲੇਖਕ ਬੰਦਾ ਸਿੰਘ ਬਹਾਦੁਰ ਜੈਸੇ ਮਹਾਨ ਇਨਕਲਾਬੀ ਅਤੇ ਖਾਲਸਾ ਰਾਜ ਦੇ ਉਸਰੱਈਏ ਬਾਰੇ ਰਹਿਤ ਭੰਗ ਕਰਨ ਦੇ ਦੋਸ਼ ਲਗਾਉਂਦੇ ਹਨ।

ਕੋਇਰ ਸਿੰਘ ਦੀ *ਗੁਰ ਬਿਲਾਸ ਪਾਤਸ਼ਾਹੀ ਦਸਵੀਂ* 1843 ਈ. ਦੀ ਲਿਖਤ ਹੈ। ਇਸ ਤਰ੍ਹਾਂ ਇਹ ਬੰਦਾ ਸਿੰਘ ਦੇ ਸਮੇਂ ਤੋਂ ਤਕਰੀਬਨ 127 ਸਾਲ ਪਿੱਛੋਂ ਦੀ ਹੈ। ਇਸ ਵਿਚ ਸਿਰਫ 12 ਲਾਈਨਾਂ ਹੀ ਬੰਦਾ ਸਿੰਘ ਨਾਲ ਸੰਬੰਧਤ ਹਨ। ਸਿਤਮ ਦੀ ਗੱਲ ਇਹ ਹੈ ਕਿ ਇਨ੍ਹਾਂ ਬਾਰਾਂ ਲਾਈਨਾਂ ਵਿਚ ਹੀ ਬੰਦਾ ਸਿੰਘ ਬਹਾਦੁਰ ਬਾਰੇ ਇਤਨੇ ਭੁਲੇਖੇ ਪਾ ਦਿੱਤੇ ਹਨ ਜਿਨ੍ਹਾਂ ਨੂੰ ਨਵਿਰਤ ਕਰਨ ਲਈ ਕਈ ਕਈ ਪੰਨੇ ਲਿਖਣੇ ਪੈਂਦੇ ਹਨ। ਪੰਜ ਲਾਈਨਾਂ ਤਾਂ ਗੁਰਮਤਿ ਨਾਲ ਹੀ ਮੇਲ ਨਹੀਂ ਖਾਂਦੀਆਂ। ਬਾਕੀ ਸੱਤ ਸਿਰਫ ਸਧਾਰਨ ਜਿਹੀ ਜਾਣਕਾਰੀ ਹੀ ਦਿੰਦੀਆਂ ਹਨ।[21] ਇਥੇ ਵੰਨਗੀ ਮਾਤਰ ਕੋਇਰ ਸਿੰਘ ਦੀਆਂ ਸਿਰਫ ਦੋ ਲਾਈਨਾਂ ਨੂੰ ਹੀ ਦਿੱਤਾ ਜਾ ਰਿਹਾ ਹੈ। ਉਹ ਲਿਖਦਾ ਹੈ : ''ਕਛੁਕ ਮਾਨ ਭਯੋ ਤਾਂ ਮਨ ਮਾਹੀ। ਰਹਤ ਭੰਗ ਕਛ ਕਰੀ ਤਹਾਂ ਹੀ।'' ਇਥੇ ਸਿੱਧਾ ਸਵਾਲ ਇਹ ਹੈ ਕਿ ਉਹ ਕਿਹੜੀ ਰਹਿਤ ਸੀ ਜਿਹੜੀ ਬੰਦਾ ਸਿੰਘ ਨੇ ਭੰਗ ਕਰ ਦਿੱਤੀ ਸੀ? ਕੋਇਰ ਸਿੰਘ ਜਿਹੜੀ ਰਹਿਤ ਦੀ ਖੁਦ ਗੱਲ ਕਰ ਰਿਹਾ ਹੈ, ਉਹ ਤਾਂ ਗੁਰਮਤਿ ਵਿਚ ਵੈਸੇ ਹੀ ਪਰਵਾਨ ਨਹੀਂ ਹੈ। ਕੋਇਰ ਸਿੰਘ ਪਹਿਲਾਂ ਤਾਂ ਖਾਲਸੇ ਦੀ ਸਾਜਨਾ ਲਈ ਗੁਰੂ ਗੋਬਿੰਦ ਸਿੰਘ ਜੀ ਤੋਂ ਦੇਵੀ ਦੀ ਪੂਜਾ ਕਰਵਾਉਂਦਾ ਹੈ[22] ਅਤੇ ਫਿਰ ਗੁਰੂ ਜੀ ਦੇ ਮੁੰਹੋਂ ਵਾਰ ਵਾਰ ਇਹ ਅਖਵਾ ਰਿਹਾ ਹੈ ਕਿ ਉਨ੍ਹਾਂ ਨੇ ਖਾਲਸੇ ਨੂੰ ਦੇਵੀ ਦੀ ਗੋਦ ਵਿਚ ਜਾਂ ਦੇਵੀ ਦੇ ਚਰਨਾਂ ਵਿਚ ਬਿਠਾ ਦਿੱਤਾ ਹੈ।

ਆਪ ਨਿਆਰੋ ਹੋਇ ਕੇ ਧਰ ਦੇਵੀ ਸਿਰ ਭਾਰ।
ਪੰਥ ਖਾਲਸਾ ਮਾਤ ਪਦ ਡਾਰਾ ਐਸ ਪ੍ਰਕਾਰ।

... .

ਬਿਨਾ ਵਾਹਿਗੁਰੂ ਨਾਹ ਮੁਖ ਭਜ ਧਾਰੈ।
ਧਰਾ ਚੰਡਿਕਾ ਗੋਦ ਮੈਂ ਤੋਹਿ ਪਯਾਰੇ

ਉਕਤ ਟੂਕਾਂ ਤੋਂ ਕੀ ਸਮਝਿਆ ਜਾਵੇ? ਕਿ ਇਨ੍ਹਾਂ ਨਾਲ ਕੋਈ ਗੁਰਮਤਿ ਦਾ ਧਾਰਨੀ ਸਹਿਮਤ ਹੋ ਸਕਦਾ ਹੈ? ਕੋਇਰ ਸਿੰਘ ਜਿਹੜਾ ਮੂਲੋਂ ਹੀ ਗਲਤ ਰਹਿਤ ਦੀ ਗੱਲ ਕਰ ਰਿਹਾ ਹੈ ਉਹ ਬੰਦਾ ਸਿੰਘ ਦੀ ਰਹਿਤ ਬਾਰੇ ਕਿਵੇਂ ਠੀਕ ਬਿਆਨ ਕਰ ਸਕਦਾ ਹੈ। ਕਿਤੇ ਇਹ ਤਾਂ ਨਹੀਂ ਸੀ ਕਿ ਬੰਦਾ ਸਿੰਘ ਨੇ ਖਾਲਸੇ ਨੂੰ ਦੇਵੀ ਪੂਜਣ ਦੇ ਭੁਲੇਖਿਆਂ ਵਿਚੋਂ ਬਾਹਰ ਕੱਢਣ ਦੀ ਕੋਸ਼ਿਸ ਕੀਤੀ ਹੋਵੇ ਅਤੇ ਕੋਇਰ ਸਿੰਘ ਨੇ ਇਸੇ ਨੂੰ ਹੀ ਰਹਿਤ ਭੰਗ ਕਰਨ ਦੀ ਗੱਲ ਕਹਿ ਦਿੱਤੀ ਹੋਵੇ?

19. ਸਰੂਪ ਦਾਸ ਭੱਲਾ, *ਪੂਰਵ ਅੰਕਤ*, ਪੰਨਾ 896.
20. *ਉਹੀ*, ਪੰਨੇ 897-900.
21. ਕੋਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ 10* (ਸੰ ਸ਼ਮਸ਼ੇਰ ਸਿੰਘ ਅਸ਼ੋਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 196, ਪੰਨਾ 281-82.
22. ਕੋਇਰ ਸਿੰਘ, *ਪੂਰਵ ਅੰਕਤ*, ਪੰਨੇ 103-121.

SIKHBOOKCLUB.COM

ਕੋਇਰ ਸਿੰਘ ਦੀ ਦੂਸਰੀ ਮਿਸਾਲ ਇਸ ਲਾਈਨ ਦੀ ਦਿੱਤੀ ਜਾ ਰਹੀ ਹੈ : ''ਅਹੰਕਾਰ ਤੇ ਗੁਰ ਨਾ ਰਹਾਈ । ਤਾਕਰ ਗਯੋ ਸੁਰਗ ਕੋ ਧਾਈ ।'' ਇਹ ਗੱਲ ਸਭ ਭਰੋਸੇਯੋਗ ਸਰੋਤਾਂ ਤੋਂ ਵੀ ਸਾਬਤ ਹੋ ਚੁੱਕੀ ਹੈ ਕਿ ਬੰਦਾ ਸਿੰਘ ਬਹਾਦੁਰ ਅਤੇ ਉਸ ਦੇ ਸਾਥੀ ਸਿੰਘਾਂ ਨੂੰ ਇਤਨੇ ਜ਼ਿਆਦਾ ਸਖ਼ਤ ਤੋਂ ਸਖ਼ਤ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ ਕਿ ਇਸ ਤੋਂ ਵੱਧ ਹੋਰ ਤਸੀਹੇ ਦਿੱਤੇ ਹੀ ਨਹੀਂ ਸੀ ਜਾ ਸਕਦੇ । ਪਰ ਕੋਈ ਵੀ ਸਿੰਘ ਅਤੇ ਨਾ ਹੀ ਬੰਦਾ ਸਿੰਘ ਸਿੱਖੀ ਸਿਦਕ ਤੋਂ ਡੋਲਿਆ ਸੀ । ਬੰਦਾ ਸਿੰਘ ਦੀ ਗੋਦ ਵਿਚ ਬਿਠਾ ਕੇ ਉਸ ਦੇ ਪੰਜ ਸਾਲਾਂ ਦੇ ਅਤੀ ਸੋਹਣੇ ਅਤੇ ਸਿਆਣੇ ਪੁੱਤਰ ਨੂੰ ਤੜਫਾ ਤੜਫਾ ਕੇ ਮਾਰਿਆ ਗਿਆ ਪਰ ਬੰਦਾ ਸਿੰਘ ਨੇ ਇਕ ਵਾਰ ਵੀ ਸਿਦਕ ਤੋਂ ਡੋਲਣ ਲਈ ਨਹੀਂ ਸੋਚਿਆ । ਇਸ ਤੋਂ ਵੱਡੀ ਹੋਰ ਕਿਹੜੀ ਕੁਰਬਾਨੀ ਹੋ ਸਕਦੀ ਸੀ? ਕੋਇਰ ਸਿੰਘ ਵਰਗਾ ਮੂੜ ਲੇਖਕ ਇਸ ਨੂੰ ਇਕ ਸਰਸਰੀ ਜਿਹੀ ਤੁਕਬੰਦੀ ਨਾਲ ਦਰਸਾ ਕੇ ਖਤਮ ਕਰ ਦਿੰਦਾ ਹੈ । ਇਸ ਤੋਂ ਇਹ ਗੱਲ ਵੀ ਸਮਝੀ ਜਾ ਸਕਦੀ ਹੈ ਕਿ ਜਾਂ ਤਾਂ ਕੋਇਰ ਸਿੰਘ ਨੂੰ ਬੰਦਾ ਸਿੰਘ ਬਾਰੇ ਕੁਝ ਪਤਾ ਹੀ ਨਹੀਂ ਸੀ ਅਤੇ ਜਾ ਫਿਰ ਉਹ ਜਾਣਬੁੱਝ ਕੇ ਬੰਦਾ ਸਿੰਘ ਦੀ ਅਹਿਮੀਅਤ ਘਟਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ।

ਇਤਿਹਾਸਕ ਨਜ਼ਰੀਏ ਤੋਂ ਅਗਲੀਆਂ ਲਿਖਤਾਂ ਰਤਨ ਸਿੰਘ ਭੰਗੂ ਅਤੇ ਗਯਾਨੀ ਗਯਾਨ ਸਿੰਘ ਦੀਆਂ ਹਨ ਜਿਨ੍ਹਾਂ ਨੇ ਬੰਦਾ ਸਿੰਘ ਬਹਾਦੁਰ ਬਾਰੇ ਵਿਸਥਾਰ ਨਾਲ ਲਿਖਿਆ ਹੈ । ਭਾਵੇਂ ਇਨ੍ਹਾਂ ਤੋਂ ਪਹਿਲਾਂ ਭਾਈ ਸੰਤੋਖ ਸਿੰਘ ਨੇ ਵੀ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਬੰਦਾ ਸਿੰਘ ਬਾਰੇ ਸੰਖੇਪ ਜਿਹਾ ਲਿਖਿਆ ਹੈ ਪਰ ਇਸ ਲਿਖਤ ਨੂੰ ਇਤਿਹਾਸ ਦੀ ਲਿਖਤ ਮੰਨ ਕੇ ਚੱਲਣਾ ਇਤਿਹਾਸ ਨਾਲ ਬੇਇਨਸਾਫੀ ਹੈ । ਡਾ. ਗੰਡਾ ਸਿੰਘ ਦੇ ਸ਼ਬਦਾਂ ਵਿਚ 'ਸਮਕਾਲੀ ਸਿੱਖ ਲਿਖਤਾਂ ਦੇ ਅਭਾਵ ਦੇ ਕਾਰਨ ਭਾਈ ਸੰਤੋਖ ਸਿੰਘ ਵਰਗਾ ਵਿਸ਼ਾਲ ਵਾਕਫੀ ਵਾਲਾ ਵਿਦਵਾਨ ਵੀ ਉਸ ਵੇਲੇ ਆਮ ਬਿਆਨਾਂ ਦੀ ਉਪਰਲੀ ਤਹਿ ਤੋਂ ਹੇਠਾਂ ਨਹੀਂ ਜਾ ਸਕਿਆ ।'[23]

ਵੈਸੇ ਤਾਂ ਬੰਦਾ ਸਿੰਘ ਬਹਾਦੁਰ ਦੇ ਸੰਬੰਧ ਵਿਚ ਰਤਨ ਸਿੰਘ ਭੰਗੂ ਅਤੇ ਗਯਾਨੀ ਗਯਾਨ ਸਿੰਘ ਨੂੰ ਵੀ ਇਸੇ ਕਟਹਿਰੇ ਵਿਚ ਰਖਿਆ ਜਾ ਸਕਦਾ ਹੈ ਕਿਉਂਕਿ ਇਹ ਲੇਖਕ ਨਾ ਹੀ ਤਾਂ ਬੰਦਾ ਸਿੰਘ ਬਹਾਦੁਰ ਦੇ ਸਮਕਾਲੀ ਸਨ ਅਤੇ ਨਾ ਹੀ ਇਨ੍ਹਾਂ ਦੀ ਜਾਣਕਾਰੀ ਦਾ ਸਰੋਤ ਹੀ ਵਿਸਵਾਸ ਕਰਨ ਯੋਗ ਹੈ । ਇਨ੍ਹਾਂ ਨੇ ਬੰਦਾ ਸਿੰਘ ਤੋਂ ਤਕਰੀਬਨ ਸਵਾ, ਡੇਢ ਸੌ ਸਾਲ ਬਾਅਦ ਨਿਰੀਆਂ ਸੁਣੰਤਾਂ ਦੇ ਆਧਾਰ ਤੇ ਹੀ ਲਿਖਿਆ ਹੈ ਅਤੇ ਇਨ੍ਹਾਂ ਲਿਖਤਾਂ ਨੇ ਸਿੱਖ ਮਨਾਂ ਵਿਚ ਐਸਾ ਪਰਭਾਵ ਪਾਇਆ ਹੈ ਕਿ ਬੰਦਾ ਸਿੰਘ ਬਹਾਦੁਰ ਵਰਗਾ ਸਿੱਖੀ ਅਸੂਲਾਂ ਤੋਂ ਮਰ ਮਿਟਣ ਵਾਲਾ ਨੇਤਾ ਸਿੱਖ ਹਲਕਿਆਂ ਵਿਚ ਇਕ ਅਪਰਾਧੀ ਬਣਾ ਕੇ ਖੜ੍ਹਾ ਕਰ ਦਿੱਤਾ ਗਿਆ । ਭੰਗੂ ਦੀ ਲਿਖਤ ਵਿਚ ਕਿਉਂਕਿ ਕੁਝ ਸਿੱਖ ਮਿਸਲਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ ਅਤੇ ਇਹ ਜਾਣਕਾਰੀ ਸਿੱਖ ਇਤਿਹਾਸ ਲਈ ਕਾਫੀ ਮਹੱਤਵਪੂਰਨ ਹੈ ਇਸੇ ਕਰਕੇ ਲੱਕੜੀ ਦੇ ਨਾਲ ਲੋਹੇ ਦੇ ਤਰ ਜਾਣ ਵਾਲੀ ਅਖਾਉਤ ਦੇ ਅਨੁਸਾਰ ਭੰਗੂ ਦਾ ਬੰਦਾ ਸਿੰਘ ਬਹਾਦੁਰ ਬਾਰੇ ਲਿਖਿਆ ਗਿਆ ਹਰ ਊਲ-ਜਲੂਲ ਸ਼ਬਦ ਵੀ ਇਤਿਹਾਸਿਕ ਵੇਰਵਾ ਬਣ ਕੇ ਮੰਨਿਆ ਜਾਣ ਲੱਗ ਪਿਆ ਹੈ । ਇਸੇ ਤਰ੍ਹਾਂ ਗਯਾਨੀ ਗਯਾਨ ਸਿੰਘ ਦੀ ਲਿਖਤ ਵਿਚ ਸਿੱਖ ਮਿਸਲਾਂ, ਮਹਾਰਾਜਾ ਰਣਜੀਤ ਸਿੰਘ, ਸਿੱਖ ਸੰਪਰਦਾਵਾਂ ਅਤੇ ਸਿੱਖ ਗੁਰਦੁਆਰਿਆਂ ਬਾਰੇ ਅੱਛੀ ਜਾਣਕਾਰੀ ਹੋਣ ਕਰਕੇ ਉਸ ਦੀ ਲਿਖਤ ਨੂੰ ਸਿੱਖ ਇਤਿਹਾਸਕਾਰਾਂ ਦੇ ਦਾਇਰੇ ਵਿਚ ਅੱਛੀ ਥਾਂ ਪਰਾਪਤ ਹੋ ਗਈ, ਨਹੀਂ ਤਾਂ ਜੋ ਕੁਝ ਇਸ ਨੇ ਬੰਦਾ ਸਿੰਘ ਬਹਾਦੁਰ ਬਾਰੇ ਲਿਖਿਆ ਹੈ ਉਸ ਨੂੰ ਕਿਸੇ ਤਰ੍ਹਾਂ ਵੀ ਇਤਿਹਾਸ ਦੀ ਕਿਰਤ ਨਹੀਂ ਮੰਨਿਆ ਜਾ ਸਕਦਾ ।

ਰਤਨ ਸਿੰਘ ਭੰਗੂ ਦੀ ਬੰਦਾ ਸਿੰਘ ਬਾਰੇ ਲਿਖਤ ਤੋਂ ਇਉਂ ਜਾਪਦਾ ਹੈ ਜਿਵੇਂ ਕਿ ਉਹ ਕਿਸੇ ਸਾਜ਼ਿਸ਼ ਦਾ ਸ਼ਿਕਾਰ ਹੋਇਆ ਹੋਵੇ ਅਤੇ ਜਾਂ ਫਿਰ ਜਾਣ ਬੁੱਝ ਕੇ ਬੰਦਾ ਸਿੰਘ ਦੇ ਖਿਲਾਫ ਆਪਣਾ ਗੁਬਾਰ ਕੱਢ ਰਿਹਾ ਹੋਵੇ । ਜਾਪਦਾ ਇਉਂ ਹੈ, ਜਿਵੇਂ ਕਿ ਭੰਗੂ ਦੇ ਵਡੇਰੇ ਬੰਦਾ ਸਿੰਘ ਦੇ ਖਿਲਾਫ ਆਪਣਾ ਗੁਬਾਰ ਕੱਢ ਰਹੇ ਹੋਣ ਅਤੇ ਭੰਗੂ ਆਪਣੇ ਵਡੇਰਿਆਂ ਵਲੋਂ ਚੁੱਕੇ ਗਏ ਕਦਮਾਂ ਨੂੰ ਹੀ ਦਰੁਸਤ ਠਹਿਰਾਉਣ ਦੀ ਕੋਸ਼ਿਸ਼ ਕਰ ਰਿਹਾ ਹੋਵੇ । ਡਾ. ਗੰਡਾ ਸਿੰਘ ਨੇ ਵੀ ਲਗਭੱਗ ਇਹੋ ਵਿਚਾਰ ਪਰਗਟ ਕੀਤੇ ਹਨ । ਭੰਗੂ ਰਤਨ ਸਿੰਘ ਆਮ ਤੌਰ ਤੇ ਇਕ ਚੰਗਾ ਵਾਕਿਫਕਾਰ ਲਿਖਾਰੀ ਅਤੇ ਭਰੋਸੇਯੋਗ ਇਤਿਹਾਸਕਾਰ ਹੈ, ਪਰ ਬੰਦਾ ਸਿੰਘ ਦਾ ਜ਼ਮਾਨਾ ਚੂੰਕਿ ਉਸ ਤੋਂ ਸੌ ਕੁ ਸਾਲ ਪਹਿਲਾਂ ਗੁਜ਼ਰ ਚੁੱਕਾ ਸੀ ਇਸ ਲਈ ਉਸ ਵੇਲੇ ਦੇ ਹਾਲਾਤ ਕੇਵਲ ਸੁਣੰਤ ਦੇ ਆਧਾਰ ਉਤੇ ਹੀ ਲਿਖੇ ਹਨ । ਉਹ ਮੀਰਾਂ ਕੋਟੀਏ ਸਰਦਾਰ ਮਹਿਤਾਬ ਸਿੰਘ ਦਾ ਪੋਤਰਾ ਸੀ ਜੋ ਜਾਂ ਤਾਂ ਬੰਦਾ ਸਿੰਘ ਦੀ ਸ਼ਹੀਦੀ ਤੋਂ ਬਾਅਦ ਹੋਏ ਤੱਤ ਖਾਲਸੇ ਅਤੇ ਬੰਦਈ ਖਾਲਸੇ ਦੇ ਝਗੜੇ ਵਿਚੋਂ ਦੀ ਆਪ ਲੰਘਿਆ ਸੀ ਜਾਂ ਉਸ ਨੇ ਇਸ ਸੰਬੰਧੀ ਤੱਤ-ਖਾਲਸਿਆਂ ਪਾਸੋਂ ਜਾਂ ਆਪਣੇ ਪਿਤਾ ਜਾਂ ਹੋਰ ਸੰਬੰਧੀਆਂ ਪਾਸੋਂ ਸੁਣਿਆ ਹੋਇਆ ਸੀ । ਉਹ ਪਹਿਲਾ ਲਿਖਾਰੀ ਹੈ ਜਿਸ ਨੇ ਫ਼ਰੁਖਸ਼ੀਅਰ ਅਤੇ ਮਾਤਾ ਸੁੰਦਰੀ ਜੀ ਦੇ ਵਿਚਕਾਰ ਗੱਲਬਾਤ ਦਾ ਜ਼ਿਕਰ ਕੀਤਾ ਹੈ ਜੋ ਕੇਵਲ ਕਿਸੇ ਚਤੁਰ ਦਿਮਾਗ ਦੀ ਘਾੜਤ ਹੈ ਅਤੇ ਰਤਨ ਸਿੰਘ ਦੀ ਸੁਣੰਤ ਹੈ ।'[24]

23. ਗੰਡਾ ਸਿੰਘ, *ਬੰਦਾ ਸਿੰਘ ਬਹਾਦੁਰ*, ਸ਼੍ਰਿਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1964, ਪੰਨਾ 7.
24. ਗੰਡਾ ਸਿੰਘ, ਪੂਰਵ ਅੰਕਤ, ਪੰਨਾ 7.

SIKHBOOKCLUB.COM

ਜਿਸ ਤਰ੍ਹਾਂ ਸਰੂਪ ਦਾਸ ਭੱਲਾ ਨੇ ਮਨੋਕਲਪਿਤ ਗੱਲਾਂ ਰਾਹੀਂ ਬਾਵਾ ਬਿਨੋਦ ਸਿੰਘ ਅਤੇ ਬਾਵਾ ਕਾਨ੍ਹ ਸਿੰਘ ਨੂੰ ਬੰਦੇ ਦੇ ਸਮੇਂ ਦੇ ਹੀਰੋ ਬਣਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਅਸਲ ਵਿਚ ਉਹ ਹੀਰੋ ਬਣਾਉਂਦਾ ਬਣਾਉਂਦਾ ਇਨ੍ਹਾਂ ਨੂੰ ਇਤਿਹਾਸ ਦੇ ਵਿਰੋਧੀ ਪਾਤਰ ਬਣਾ ਗਿਆ ਹੈ। ਉਸੇ ਤਰ੍ਹਾਂ ਰਤਨ ਸਿੰਘ ਭੰਗੂ ਗਯਾਨੀ ਅਤੇ ਗਯਾਨ ਸਿੰਘ ਨੇ ਬੰਦੇ ਦੇ ਬਰਾਬਰ ਮਾਤਾ ਸੁੰਦਰੀ ਜੀ ਨੂੰ ਸੁਪਰ ਪਾਵਰ ਬਣਾ ਕੇ ਦਰਸਾਉਣ ਦੀ ਕੋਸਿਸ਼ ਕੀਤੀ ਪਰ ਇਨ੍ਹਾਂ ਲੇਖਕਾਂ ਨੇ ਇਹ ਦਿਖਾਉਂਦਿਆਂ ਹੋਇਆਂ ਆਪਣੇ ਅਣਜਾਣਪੁਣੇ ਵਿਚ ਮਾਤਾ ਸੁੰਦਰੀ ਜੀ ਜੈਸੀ ਸਰਬ ਸਤਿਕਾਰਯੋਗ ਇਸਤਰੀ ਨੂੰ ਦਾਗੀ ਬਣਾ ਦਿੱਤਾ ਹੈ। ਇਸ ਲਈ ਉਕਤ ਗੱਲਾਂ ਦੀ ਰੌਸ਼ਨੀ ਵਿਚ ਭੰਗੂ ਅਤੇ ਗਯਾਨ ਸਿੰਘ ਦੀਆਂ ਬੰਦਾ ਸਿੰਘ ਬਹਾਦੁਰ ਬਾਰੇ ਲਿਖੀਆਂ ਗੱਲਾਂ ਨੂੰ ਇਕ ਇੱਕ ਕਰਕੇ ਪੜਚੋਲਣ ਦੀ ਬਜਾਏ ਸਮੁੱਚੇ ਰੂਪ ਵਿਚ ਇਹ ਕਹਿ ਕੇ ਬਹਿਸ ਬੰਦ ਕਰ ਦੇਣੀ ਚਾਹੀਦੀ ਹੈ ਕਿ ਭੰਗੂ ਅਤੇ ਗਯਾਨ ਸਿੰਘ ਵਲੋਂ ਬੰਦਾ ਸਿੰਘ ਬਹਾਦੁਰ ਬਾਰੇ ਦਿੱਤੀ ਜਾਣਕਾਰੀ ਕਿਸੇ ਇਤਿਹਾਸਿਕ ਸਚਾਈ ਤੇ ਆਧਾਰਤ ਨਹੀਂ ਸਗੋਂ ਨਿਰੋਲ ਕਲਪਿਤ, ਤਰਕਰਹਿਤ, ਗੁਰਮਤਿ ਵਿਰੋਧੀ ਅਤੇ ਨਿਰੀ ਸੁਣੰਤ ਹੈ।

ਗਯਾਨ ਸਿੰਘ ਦੇ ਨਾਲ ਹੀ ਮੁਢਲੀਆਂ ਸਿੱਖ ਲਿਖਤਾਂ ਦਾ ਦੌਰ ਖਤਮ ਹੋ ਜਾਂਦਾ ਹੈ। ਇਹ ਕਹਿਣ ਵਿਚ ਕੋਈ ਝਿਜਕ ਨਹੀਂ ਹੈ ਕਿ ਮੁਢਲੀਆਂ ਗੁਰਮੁੱਖੀ ਲਿਖਤਾਂ ਵਿਚੋਂ ਸਿਰਫ ਇਕ ਕੇਸਰ ਸਿੰਘ ਛਿੱਬਰ ਦੀ ਲਿਖਤ ਨੂੰ ਛੱਡ ਕੇ ਬਾਕੀ ਸਭ ਲਿਖਤਾਂ ਬੰਦਾ ਸਿੰਘ ਬਹਾਦੁਰ ਬਾਰੇ ਨਿਰੀ ਨਿਰਾਸਤਾ ਹੀ ਪੱਲੇ ਪਾਉਂਦੀਆਂ ਹਨ। ਕਿਸੇ ਇਕ ਲਿਖਤ ਵਿਚ ਵੀ ਬੰਦੇ ਨੂੰ ਸਿੰਘ ਸ਼ਬਦ ਨਾਲ ਸੰਬੋਧਨ ਨਹੀਂ ਕੀਤਾ ਗਿਆ। ਸਿਰਫ ਕੇਸਰ ਸਿੰਘ ਛਿੱਬਰ ਨੇ ਬੰਦੇ ਨੂੰ 'ਬੰਦਾ ਸਾਹਿਬ' ਲਿਖਿਆ ਹੈ। ਭੰਗੂ ਨੇ ਤਾਂ ਬੰਦੇ ਨੂੰ ਸਗੋਂ ਹੋਰ ਬਿਗਾੜ ਕੇ ਲਿਖਿਆ ਹੈ ਜਿਵੇਂ ਕਿ ਬੰਦੋ ਜਾਂ ਬੰਦੇ। ਗੁਰਮੁੱਖੀ ਦੀ ਕਿਸੇ ਵੀ ਲਿਖਤ ਵਿਚ ਬੰਦਾ ਸਿੰਘ ਬਹਾਦੁਰ ਨੂੰ ਅੰਮ੍ਰਿਤ ਛਕਾਇਆ ਸਾਬਤ ਨਹੀਂ ਕੀਤਾ ਅਤੇ ਸਿਵਾਏ ਛਿੱਬਰ ਤੋਂ ਕਿਸੇ ਵੀ ਗੁਰਮੁੱਖੀ ਲਿਖਤ ਦੇ ਲੇਖਕ ਨੇ ਬੰਦਾ ਸਿੰਘ ਬਹਾਦੁਰ ਵਲੋਂ ਸਥਾਪਤ ਕੀਤੇ ਗਏ ਰਾਜ ਦੀ ਪਰਸੰਸਾ ਨਹੀਂ ਕੀਤੀ ਅਤੇ ਨਾ ਹੀ ਉਸ ਨੂੰ ਇਕ ਸਿੱਖ ਨੇਤਾ ਦੇ ਤੌਰ ਤੇ ਸਵੀਕਾਰਿਆ ਹੀ ਹੈ। ਅਸੀਂ ਪਰਸ਼ੀਅਨ ਲਿਖਤਾਂ ਦੇ ਲੇਖਕਾਂ ਨੂੰ ਫਿਰਕੂ ਹੋਣ ਦਾ ਦੋਸ਼ੀ ਠਹਿਰਾਉਂਦੇ ਹਾਂ ਕਿਉਂਕਿ ਉਹ ਮੁਸਲਮਾਨ ਸਨ ਪਰ ਉਸ ਸਮੇਂ ਸਾਡਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ ਜਦੋਂ ਗੁਰਮੁੱਖੀ ਦੀਆਂ ਲਿਖਤਾਂ ਦੇ ਲੇਖਕ ਹੀ ਬੰਦਾ ਸਿੰਘ ਨੂੰ ਗੁਰੂ ਦਾ ਸਿੱਖ ਨਹੀਂ ਸਮਝਦੇ ਅਤੇ ਫਜੂਲ ਦੀਆਂ ਬੇਸਿਰ-ਪੈਰ ਗੱਲਾਂ ਜੋੜ ਕੇ ਬੰਦਾ ਸਿੰਘ ਨੂੰ ਬਦਨਾਮ ਕਰ ਰਹੇ ਹਨ। ਮੰਨਿਆ ਕਿ, ਮੁਸਲਿਮ ਲੇਖਕ ਤਾਂ ਗੈਰ ਫਿਰਕੇ ਦੇ ਵਿਅਕਤੀ ਸਨ ਇਸ ਲਈ ਉਨ੍ਹਾਂ ਵਲੋਂ ਬੰਦਾ ਸਿੰਘ ਵਿਰੁੱਧ ਲਿਖਿਆ ਜਾਣਾ ਸੁਭਾਵਿਕ ਸੀ ਪਰ ਸਾਡੇ ਆਪਣੇ ਲੇਖਕ, ਜਿਨ੍ਹਾਂ ਵਿਚ ਅਸੀਂ ਅਤੀ ਸ਼ਰਧਾ ਅਤੇ ਵਿਸ਼ਵਾਸ਼ ਪਰਗਟਾਉਂਦੇ ਆ ਰਹੇ ਹਾਂ, ਕੀ ਸੋਚ ਕੇ ਬੰਦਾ ਸਿੰਘ ਦੀ ਆਚਰਣ-ਸ਼ਿਕਨੀ ਕਰ ਰਹੇ ਹਨ?

ਜਦੋਂ ਅਸੀਂ ਆਪਣੇ ਗੁਰਮੁੱਖੀ ਦੇ ਲੇਖਕਾਂ ਦੇ ਜਾਤੀ ਕਿਰਦਾਰ ਜਾਂ ਜਾਤੀ ਸੋਚ ਵੱਲ ਨਜ਼ਰ ਮਾਰਦੇ ਹਾਂ ਤਾਂ ਕੁਝ ਹੱਦ ਤੱਕ ਪਤਾ ਚੱਲ ਜਾਂਦਾ ਹੈ ਕਿ ਉਹ ਇਉਂ ਲਿਖਣ ਲਈ ਕਿਉਂ ਮਜਬੂਰ ਸਨ? ਇਨ੍ਹਾਂ ਵਿਚੋਂ ਕੋਈ ਵੀ ਲੇਖਕ ਖਾਲਸਾਈ ਰਹਿਤ-ਮਰਯਾਦਾ ਦਾ ਧਾਰਨੀ ਨਹੀਂ ਸੀ ਅਤੇ ਨਾ ਹੀ ਕੋਈ ਗੁਰਮਤਿ ਦਾ ਵਿਦਵਾਨ ਹੀ ਸੀ। ਇਹ ਲੇਖਕ ਆਪੋ ਆਪਣੇ ਸੰਪਰਦਾਈ ਵਿਚਾਰਾਂ ਦੇ ਸ਼ਿਕਾਰ ਸਨ ਅਤੇ ਇਨ੍ਹਾਂ ਨੇ ਆਪਣੇ ਸੰਪਰਦਾਈ ਵਿਚਾਰਾਂ ਦੀ ਰੋਸ਼ਨੀ ਵਿਚ ਹੀ ਇਹ ਸਭ ਕੁਝ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਇਹ ਗੱਲ ਮੰਨੀ ਜਾ ਚੁੱਕੀ ਹੈ ਕਿ ਸਿੱਖੀ ਪਰਚਾਰ ਵਿਚ ਸਿੱਖ ਸੰਪਰਦਾਈ ਵਿਚਾਰਾਂ ਨੇ ਹੀ ਸਭ ਤੋਂ ਵੱਧ ਸੱਟ ਮਾਰੀ ਹੈ।

ਕੋਇਰ ਸਿੰਘ ਉਦਾਸੀ ਸੰਪਰਦਾ ਨਾਲ ਸਬੰਧ ਰੱਖਣ ਵਾਲਾ ਲੇਖਕ ਸੀ। ਸਰੂਪ ਦਾਸ ਭੱਲਾ ਜਿਵੇਂ ਕਿ ਆਪਣੇ ਨਾਂ ਤੋਂ ਹੀ ਸਪੱਸ਼ਟ ਹੈ, 1776 ਈ. ਤੱਕ ਵੀ ਖਾਲਸਈ ਰਹਿਤ-ਮਰਯਾਦਾ ਵਿਚ ਸ਼ਾਮਲ ਨਹੀਂ ਹੋਇਆ ਸੀ। ਇਹ ਗੁਰੂ ਅਮਰਦਾਸ ਜੀ ਦੇ ਵੰਸ਼ ਵਿਚੋਂ ਸੀ ਅਤੇ ਬਾਵਾ ਬਿਨੋਦ ਸਿੰਘ ਅਤੇ ਕਾਨ੍ਹ ਸਿੰਘ ਨੂੰ ਆਪਣੇ ਖਾਨਦਾਨ ਦੇ ਸਭ ਤੋਂ ਨੇੜੇ ਦੇ ਵਿਅਕਤੀ ਸਮਝਦਾ ਸੀ। ਰਤਨ ਸਿੰਘ ਭੰਗੂ ਨੇ ਸਿਰਫ ਅੰਗਰੇਜ਼ਾਂ ਦੇ ਕਹਿਣ ਤੇ ਅਤੇ ਅੰਗਰੇਜ਼ਾਂ ਦੀ ਰਹਿਨੁਮਾਈ ਵਿਚ ਹੀ ਆਪਣੀ ਲਿਖਤ ਲਿਖੀ ਹੈ। ਗਯਾਨੀ ਗਯਾਨ ਸਿੰਘ ਇਕ ਨਿਰਮਲਾ ਵਿਦਵਾਨ ਸੀ ਅਤੇ ਇਸ ਨੇ ਆਪਣੀ ਸਾਰੀ ਲਿਖਤ ਦੌਰਾਨ ਨਿਰਮਲ ਵਿਚਾਰਧਾਰਾ ਨੂੰ ਹੀ ਮੁੱਖ ਰੱਖਿਆ ਹੈ। ਨਿਰਮਲ ਵਿਚਾਰਧਾਰਾ ਗਰਹਿਸਤੀ ਜੀਵਨ ਨੂੰ ਨਹੀਂ ਅਪਣਾਉਂਦੀ।

ਇਨ੍ਹਾਂ ਤੋਂ ਪਿੱਛੋਂ ਸਿੱਖ ਇਤਿਹਾਸ ਦਾ ਆਧੁਨਿਕ ਸਮਾਂ ਸ਼ੁਰੂ ਹੁੰਦਾ ਹੈ। ਬੰਦਾ ਸਿੰਘ ਬਹਾਦੁਰ ਬਾਰੇ ਆਧੁਨਿਕ ਸਮੇਂ ਦੇ ਖੋਜੀਆਂ ਵਿਚ ਤਿੰਨ ਇਤਿਹਾਸਕਾਰਾਂ ਦੇ ਨਾਂ ਉਭਰ ਕੇ ਸਾਹਮਣੇ ਆਉਂਦੇ ਹਨ। ਇਕ ਕਰਮ ਸਿੰਘ ਹਿਸਟੋਰੀਅਨ ਦਾ, ਦੂਜਾ ਡਾ. ਹਰੀ ਰਾਮ ਗੁਪਤਾ ਦਾ ਅਤੇ ਤੀਜਾ ਡਾਕਟਰ ਗੰਡਾ ਸਿੰਘ ਦਾ। ਇਨ੍ਹਾਂ ਤੋਂ ਇਲਾਵਾ ਭਾਵੇਂ ਕੁਝ ਹੋਰ ਨੇ ਵੀ ਬੰਦਾ ਸਿੰਘ ਬਹਾਦੁਰ ਬਾਰੇ ਲਿਖਿਆ ਹੈ ਜਿਵੇਂ ਕਿ ਗੁਰਦੇਵ ਸਿੰਘ ਦਿਉਲ ਅਤੇ ਸੋਹਣ ਸਿੰਘ ਸ਼ੀਤਲ। ਪਰ ਇਹ ਕਿਸੇ ਵੀ ਪੱਖੋਂ ਪਹਿਲੇ ਤਿੰਨ ਇਤਿਹਾਸਕਾਰਾਂ ਤੋਂ ਕੋਈ ਵੱਖਰੀ ਗੱਲ ਨਹੀਂ ਕਹਿ ਸਕੇ। ਇਨ੍ਹਾਂ ਦੀ ਮੁੱਖ ਪਹੁੰਚ ਡਾ. ਗੰਡਾ ਸਿੰਘ ਦੇ ਦੁਆਲੇ ਹੀ ਘੁੰਮਦੀ ਹੈ।

ਕਰਮ ਸਿੰਘ ਹਿਸਟੋਰੀਅਨ ਨੇ ਆਪਣੀ ਨਵੀਂ ਖੋਜ ਦੇ ਨਾਂ ਹੇਠ ਬੰਦਾ ਸਿੰਘ ਬਹਾਦੁਰ ਬਾਰੇ ਉਹ ਕਸਰ ਪੂਰੀ ਕਰ ਦਿੱਤੀ ਹੈ ਜਿਹੜੀ ਗੁਰਮੁੱਖੀ ਲੇਖਕਾਂ ਤੋਂ ਰਹਿ ਗਈ ਸੀ। ਇਸ ਨੇ ਆਪਣੀ ਲਿਖਤ ਦੌਰਾਨ ਚਾਰ ਮੁੱਖ ਨੁਕਤੇ ਧਾਹਮਣੇ ਲਿਆਂਦੇ ਹਨ : ਇਕ, ਬੰਦਾ ਸਿੰਘ ਨੂੰ ਅੰਮ੍ਰਿਤ ਨਹੀਂ ਛਕਾਇਆ ਗਿਆ ਸੀ। ਇਸ ਦਾ ਕਾਰਨ ਇਹ ਦੱਸਿਆ ਹੈ ਕਿ ਪਹਿਲਾਂ ਗੁਰੂ ਜੀ ਕੋਲ ਅੰਮ੍ਰਿਤ

SIKHBOOKCLUB.COM

ਛਕਾਉਣ ਦਾ ਸਮਾਂ ਹੀ ਨਹੀਂ ਸੀ ਅਤੇ ਪਿੱਛੋਂ ਬੰਦੇ ਦੀ ਸਖਸ਼ੀਅਤ ਇਤਨੀ ਉਚੀ ਹੋ ਗਈ ਸੀ ਕਿ ਉਸ ਦੀ ਜ਼ਮੀਰ ਨੇ ਪੰਥ ਅੱਗੇ ਝੁਕਣ ਦੀ ਇਜ਼ਾਜਤ ਹੀ ਨਹੀਂ ਦਿੱਤੀ ।[25] ਦੂਜਾ, ਸਰਹਿੰਦ ਦੀ ਜਿੱਤ ਪਿੱਛੋਂ ਬੰਦਾ ਸਿੰਘ ਬਾਦਸ਼ਾਹ ਬਣ ਗਿਆ ਸੀ ਇਸ ਲਈ ਉਹ ਲੜਨ ਭਿੜਨ ਤੋਂ ਬਿਲਕੁਲ ਅਵੇਸਲਾ ਹੋ ਗਿਆ ਸੀ । ਉਸ ਨੇ ਪਹਾੜਾਂ ਵਿਚ ਜਾ ਕੇ ਵਿਆਹ ਕਰ ਲਿਆ ਅਤੇ ਪਹਾੜਾਂ ਵਿਚ ਹੀ ਉਸ ਦੇ ਇਕ ਪੁੱਤਰ ਹੋ ਗਿਆ ਸੀ । ਇਸ ਪਿੱਛੋਂ ਜਿਤਨੀਆਂ ਵੀ ਲੜਾਈਆਂ ਹੋਈਆਂ ਉਹ ਸਿਰਫ ਸਿੰਘਾਂ ਨੇ ਇਕੱਲਿਆਂ ਨੇ ਹੀ ਕੀਤੀਆਂ ਸਨ ।[26] ਤੀਜਾ, ਬੰਦਾ ਜਦੋਂ ਵੀ ਕਿਸੇ ਘੇਰੇ ਵਿਚੋਂ ਨਿਕਲਦਾ ਸੀ ਤਾਂ ਉਹ ਆਪਣੇ ਬਲਬੂਤੇ ਦੇ ਆਧਾਰ ਤੇ ਨਹੀਂ ਨਿਕਲਦਾ ਸੀ ਸਗੋਂ ਮੁਗ਼ਲ ਜਰਨੈਲਾਂ ਦੀ ਆਪਸੀ ਫੁੱਟ ਕਾਰਨ ਨਿਕਲ ਜਾਂਦਾ ਸੀ । ਮੁਗਲ ਜਰਨੈਲ ਇਕ ਦੂਜੇ ਨੂੰ ਨੀਵਾਂ ਦਿਖਾਉਣ ਲਈ ਬੰਦੇ ਨੂੰ ਰਸਤਾ ਦੇ ਦਿੰਦੇ ਸਨ ।[27] ਚੌਥਾ, ਅੰਤਮ ਸਮੇਂ ਬੰਦੇ ਦੀ ਪਤਨੀ ਇਸਲਾਮ ਧਾਰਨ ਕਰ ਗਈ ਸੀ ।[28]

ਕਰਮ ਸਿੰਘ ਦੀ ਉਕਤ ਖੋਜ ਪੁਸਤਕ 1907 ਈ. ਦੀ ਲਿਖਤ ਹੈ । ਇਸ ਸਮੇਂ ਤੱਕ ਇਤਨੇ ਤੱਥ ਪੰਜਾਬ ਦੇ ਇਤਿਹਾਸਕਾਰਾਂ ਦੇ ਸਾਹਮਣੇ ਆ ਚੁੱਕੇ ਸਨ ਕਿ ਬੰਦਾ ਸਿੰਘ ਬਾਰੇ ਪਹਿਲੇ ਭਰਮ ਭੁਲੇਖੇ ਖ਼ਤਮ ਹੋ ਜਾਣੇ ਚਾਹੀਦੇ ਸਨ ਪਰ ਇਸ ਭਲੇ ਮਾਣਸ ਨੇ ਪਹਿਲੇ ਭਰਮ ਭੁਲੇਖੇ ਖ਼ਤਮ ਕਰਨ ਦੀ ਬਜਾਏ ਹੋਰ ਸ਼ੰਕੇ ਖੜ੍ਹੇ ਕਰ ਦਿੱਤੇ । ਕਰਮ ਸਿੰਘ ਦੀਆਂ ਉਕਤ ਬੇਸਿਰ-ਪੈਰ ਗੱਲਾਂ ਦਾ ਕੀ ਕਹਿ ਕੇ ਜਵਾਬ ਦਿੱਤਾ ਜਾਵੇ? ਉਸ ਦੇ ਸਮੇਂ ਤੱਕ ਅਹਿਮਦ ਸ਼ਾਹ ਬਟਾਲਵੀ, ਸ਼ਰਧਾ ਰਾਮ ਫਿਲੌਰੀ, ਸੌ ਸਾਖੀ, ਬ੍ਰਿਟਿਸ਼ ਲੇਖਕਾਂ ਐਮ.ਗਰੈਗਰ, ਮੈਕਾਲਿਫ, ਸੀ.ਐਚ.ਪੈਨ ਅਤੇ ਮੁਹੰਮਦ ਲਤੀਫ਼ ਦੀਆਂ ਲਿਖਤਾਂ ਸਾਹਮਣੇ ਆ ਚੁੱਕੀਆਂ ਸਨ । ਇਹ ਸਾਰੇ ਲੇਖਕ ਹੀ ਬੰਦਾ ਸਿੰਘ ਬਹਾਦੁਰ ਨੂੰ ਅੰਮ੍ਰਿਤ ਛਕਾਉਣ ਦੀ ਬਹੁਤ ਠੋਸ ਗਵਾਹੀ ਦਿੰਦੇ ਹਨ । ਜਾਪਦਾ ਹੈ ਕਿ ਕਰਮ ਸਿੰਘ ਜਿਹੇ ਅਖਾਉਤੀ ਹਿਸਟੋਰੀਅਨ ਨੇ ਇਹ ਲਿਖਤਾਂ ਦੇਖੀਆਂ ਹੀ ਨਹੀਂ ਸਨ ਅਤੇ ਜਾਂ ਫਿਰ ਇਨ੍ਹਾਂ ਨੂੰ ਜਾਣ ਬੁੱਝ ਕੇ ਨਜ਼ਰਅੰਦਾਜ਼ ਕਰ ਦਿੱਤਾ ਹੋਵੇਗਾ । ਕਰਮ ਸਿੰਘ ਦੇ ਉਕਤ ਸਾਰੇ ਸਿੱਟੇ ਇਕਦਮ ਗ਼ਲਤ ਹਨ । ਇਨ੍ਹਾਂ ਬਾਰੇ ਹੁਣ ਤੱਕ ਇਤਨੇ ਤੱਥ ਮਿਲ ਚੁੱਕੇ ਹਨ ਕਿ ਅਜਿਹੇ ਸ਼ੰਕਿਆਂ ਨੂੰ ਉਭਾਰਨ ਦੀ ਕੋਈ ਤੁਕ ਹੀ ਨਹੀਂ ਰਹਿ ਜਾਂਦੀ ।

ਡਾਕਟਰ ਹਰੀ ਰਾਮ ਗੁਪਤਾ ਆਧੁਨਿਕ ਸਮੇਂ ਦੇ ਐਸੇ ਗੈਰ-ਸਿੱਖ ਇਤਿਹਾਸਕਾਰ ਹਨ ਜਿਨ੍ਹਾਂ ਨੇ ਬੜੀ ਲਗਨ ਅਤੇ ਸ਼ਰਧਾ ਨਾਲ ਸੰਪੂਰਨ ਸਿੱਖ ਇਤਿਹਾਸ ਨੂੰ ਅੰਗਰੇਜ਼ੀ ਵਿਚ ਲਿਖਿਆ ਹੈ । ਸਿੱਖਾਂ ਨੂੰ ਡਾ. ਸਾਹਿਬ ਦਾ ਰਿਣੀ ਹੋਣਾ ਚਾਹੀਦਾ ਹੈ । ਉਨ੍ਹਾਂ ਦੇ ਕੰਮ ਦੇ ਚਾਰ ਭਾਗ ਹਨ । ਦੂਸਰੇ ਭਾਗ ਵਿਚ ਬੰਦਾ ਸਿੰਘ ਬਹਾਦੁਰ ਦਾ ਕਾਫੀ ਵਿਸਤਾਰ ਸਹਿਤ ਅਧਿਐਨ ਕੀਤਾ ਗਿਆ ਹੈ । ਇਸ ਵਿਚ ਭਾਵੇਂ ਡਾਕਟਰ ਸਾਹਿਬ ਦੇ ਕਈ ਨੁਕਤਿਆਂ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ । ਮਿਸਾਲ ਦੇ ਤੌਰ ਤੇ ਡਾ. ਗੁਪਤਾ ਨੇ ਬੰਦਾ ਸਿੰਘ ਨੂੰ ਅੰਮ੍ਰਿਤ ਨਾ ਛਕਾਉਣ ਵਾਲੀ ਗੱਲ ਕਰਮ ਸਿੰਘ ਹਿਸਟੋਰੀਅਨ ਦੀ ਦਲੀਲ ਉਪਰ ਹੀ ਆਧਾਰਿਤ ਕੀਤੀ ਹੈ ।[29] ਇਕ ਹੋਰ ਨੁਕਤਾ ਜੋ ਡਾ. ਗੁਪਤਾ ਨੇ ਸਾਹਮਣੇ ਲਿਆਂਦਾ ਹੈ ਉਹ ਇਹ ਹੈ ਕਿ ਬੰਦਾ ਸਿੰਘ ਬਹਾਦੁਰ ਦੀਆਂ ਸਾਰੀਆਂ ਕਾਰਵਾਈਆਂ ਕਿਉਂਕਿ ਪੂਰਬੀ ਪੰਜਾਬ ਦੇ ਉਸ ਇਲਾਕੇ ਵਿਚ ਹੀ ਕੇਂਦਰਿਤ ਸਨ ਜਿਹੜਾ ਨਾਹਨ ਸਟੇਟ ਦੇ ਨਾਲ ਲੱਗਵਾਂ ਸੀ ਜਿਵੇਂ ਕਿ ਕਿਲ੍ਹਾ ਲੋਹਗੜ੍ਹ ਨੂੰ ਆਪਣੀ ਰਾਜਧਾਨੀ ਬਣਾਉਣਾ ਅਤੇ ਸਮਾਣਾ-ਸਢੌਰੇ ਨੂੰ ਉਜਾੜ ਕੇ ਇਥੇ ਸਿੱਖ ਹਾਕਮ ਨੀਅਤ ਕਰਨਾ ਆਦਿ । ਡਾ. ਗੁਪਤਾ ਕਹਿੰਦੇ ਹਨ ਕਿ ਇਸ ਦਾ ਕਾਰਨ ਇਹ ਸੀ ਕਿ ਉਹ ਇਸ ਇਲਾਕੇ ਦਾ ਹੀ ਜੰਮਪਲ ਸੀ । ਇਕ ਕਿਸਮ ਨਾਲ ਡਾ. ਸਾਹਿਬ ਬੰਦੇ ਦੇ ਜਨਮ ਅਸਥਾਨ ਦੀ ਇਉਂ ਨਿਸ਼ਠਾ ਕਰਦੇ ਹਨ ।[30]

ਡਾਕਟਰ ਗੰਡਾ ਸਿੰਘ ਬੰਦਾ ਬਹਾਦੁਰ ਦੀ ਜੀਵਨ ਗਾਥਾ ਲਿਖਣ ਵਾਲੇ ਇਕ ਐਸੇ ਆਧੁਨਿਕ ਇਤਿਹਾਸਕਾਰ ਹਨ ਜਿਨ੍ਹਾਂ ਨੇ ਪਹਿਲੀ ਵਾਰ ਬੜੀ ਦਿਰੜ੍ਹਤਾ ਨਾਲ ਸਮਕਾਲੀ ਫ਼ਾਰਸੀ ਅਤੇ ਅੰਗਰੇਜ਼ੀ ਸਰੋਤਾਂ ਦੀ ਭਾਲ ਕਰਕੇ, ਬੰਦਾ ਸਿੰਘ ਬਹਾਦੁਰ ਬਾਰੇ ਪਾਏ ਗਏ ਭਰਮ ਭੁਲੇਖਿਆਂ ਨੂੰ ਤੋੜਨ ਦੀ ਸਫਲ ਕੋਸ਼ਿਸ਼ ਕੀਤੀ ਹੈ । 20 ਮਾਰਚ, 1716 ਦਾ ਜਾਹਨ ਸਰਮਨ ਅਤੇ ਐਡਵਰਡ ਸਟੀਫਨਸਨ ਦਾ ਲਿਖਿਆ ਉਹ ਖ਼ਤ ਜੋ ਬੰਦਾ ਸਿੰਘ ਬਹਾਦੁਰ ਦੇ ਅੰਤਮ ਦਿਨਾਂ ਦੀ ਜਿਉਂਦੀ ਜਾਗਦੀ ਤਸਵੀਰ ਪੇਸ਼ ਕਰਦਾ ਹੈ ਅਤੇ ਜੇਮਜ਼ ਬਰਾਊਨ ਦਾ ਸਿੱਖਾਂ ਬਾਰੇ ਲਿਖਿਆ 1787 ਦਾ ਲੇਖ, ਸਭ ਡਾ. ਗੰਡਾ ਸਿੰਘ ਦੀਆਂ ਅਣਥੱਕ ਕੋਸ਼ਿਸ਼ਾਂ ਦੀ ਹੀ ਸਿੱਟਾ ਹਨ ।

ਇਤਿਹਾਸ, ਖੋਜ ਕੰਮਾਂ ਲਈ ਇਕ ਸਦਾ ਜਾਰੀ ਰਹਿਣ ਵਾਲਾ ਕਾਰਜ ਹੈ । ਖੋਜ ਤੋਂ ਅੱਗੇ ਹੋਰ ਖੋਜ ਅਸੀਂ ਇਸ ਲਈ ਕਰਦੇ ਹਾਂ ਤਾਂ ਕਿ ਅਸੀਂ ਆਪਣੇ ਬੀਤ ਚੁੱਕੇ ਸਮੇਂ ਬਾਰੇ ਵੱਧ ਤੋਂ ਵੱਧ ਚੰਗੀਆਂ ਗੱਲਾਂ ਲੱਭ ਸਕੀਏ । ਖੋਜ ਮਾੜੇ ਕੰਮਾਂ ਦੇ ਸਬੂਤ ਲੱਭਣ ਲਈ ਨਹੀਂ ਹੁੰਦੀ । ਜਿਨ੍ਹਾਂ ਲੇਖਕਾਂ ਦੀ ਖੋਜ ਨਾਲ ਸਾਡੇ ਮਹਾਨ ਨੇਤਾਵਾਂ ਦੇ ਜੀਵਨ ਦਾਗ਼ਦਾਰ ਹੁੰਦੇ ਹਨ ਉਸ ਤਰ੍ਹਾਂ ਦੀ ਖੋਜ ਦੀ ਸਾਨੂੰ ਕੀ ਲੋੜ ਹੈ? ਅਤੇ ਉਸ ਤੋਂ ਫਾਇਦਾ ਵੀ ਕੀ ਹੈ? ਕਰਮ ਸਿੰਘ ਦੀ ਇਸ ਖੋਜ ਨੇ ਪੰਥ ਦਾ ਕੀ ਭਲਾ ਕੀਤਾ ਹੈ ਕਿ ਬੰਦਾ

25. ਕਰਮ ਸਿੰਘ ਹਿਸਟੋਰੀਅਨ, *ਪੂਰਵ ਅੰਕਤ*, ਪੰਨੇ 27-28 ਅਤੇ 206.
26. *ਉਹੀ*, ਪੰਨੇ 119, 134 ਅਤੇ 164.
27. *ਉਹੀ*, ਪੰਨੇ 144-45.
28. *ਉਹੀ*, ਸਥਾਨ
29. ਹਰੀ ਰਾਮ ਗੁਪਤਾ, *ਹਿਸਟਰੀ ਆਫ਼ ਦ ਸਿੱਖਸ*, ਵਾਲਿਊਮ-2 (ਐਵੇਲੂਸ਼ਨ ਆਫ ਸਿੱਖ ਕਨਫੈਡਰੇਸੀਜ਼), ਨਵੀਂ ਦਿੱਲੀ, 1978, ਪੰਨੇ 2-4.
30. ਉਕਤ, ਪੰਨੇ ਉਹੀ

SIKHBOOKCLUB.COM

ਅੰਮ੍ਰਿਤਧਾਰੀ ਸਿੰਘ ਨਹੀਂ ਸੀ। ਜਦੋਂ ਕਿ ਇਹ ਖੋਜ ਵੀ ਗਲਤ ਹੈ, ਗਲਤ ਸੋਚ ਨੂੰ ਲੈ ਕੇ ਗਲਤ ਸਿੱਟੇ ਕੱਢਣੇ ਸਿਆਣੇ ਅਤੇ ਸੂਝਵਾਨ ਲੇਖਕਾਂ ਦਾ ਕੰਮ ਨਹੀਂ ਹੈ। ਦੁਨੀਆਂ ਉਨ੍ਹਾਂ ਹੀ ਖੋਜਕਾਰਾਂ ਨੂੰ ਸਤਿਕਾਰਦੀ ਹੈ ਜਿਨ੍ਹਾਂ ਦੇ ਸਿੱਟੇ ਸਹੀ ਸਾਬਤ ਹੋਏ ਹਨ। ਇਤਿਹਾਸ ਵੀ ਉਨ੍ਹਾਂ ਲੋਕਾਂ ਦਾ ਬਣਿਆ ਹੈ ਜਿਹੜੇ ਆਪਣੇ ਮਿਸ਼ਨ ਵਿਚ ਸਫਲ ਹੋਏ ਹਨ। ਜਿਸ ਤਰ੍ਹਾਂ ਅਸਫਲ ਰਹੇ ਵਿਅਕਤੀਆਂ ਦੀ ਇਤਿਹਾਸ ਵਿਚ ਕੋਈ ਥਾਂ ਨਹੀਂ ਹੈ ਉਸੇ ਤਰ੍ਹਾਂ ਅਸਫਲ ਖੋਜਕਾਰਾਂ ਦੀ ਵੀ ਇਤਿਹਾਸ ਦੇ ਵਿਦਿਆਰਥੀਆਂ ਵਿਚ ਕੋਈ ਥਾਂ ਨਹੀਂ ਹੈ। ਡਾ. ਗੰਡਾ ਸਿੰਘ ਦੀ ਖੋਜ ਨੇ ਬੰਦਾ ਸਿੰਘ ਬਹਾਦੁਰ ਦੀ ਸ਼ਖਸ਼ੀਅਤ ਨੂੰ ਉਭਾਰਿਆ ਹੈ, ਉਸ ਦੇ ਗੁਣਾਂ ਨੂੰ ਸਾਹਮਣੇ ਲਿਆਂਦਾ ਹੈ ਅਤੇ ਉਸ ਦੀਆਂ ਪਰਾਪਤੀਆਂ ਦਾ ਸਹੀ ਰੂਪ ਪਾਠਕਾਂ ਸਾਹਮਣੇ ਰੱਖਿਆ ਹੈ। ਇਸ ਲਈ ਪਾਠਕ ਇਸ ਖੋਜ ਤੇ ਮਾਣ ਕਰ ਸਕਦਾ ਹੈ।

ਉਰਦੂ ਦੀਆਂ ਲਿਖਤਾਂ ਵਿਚ ਸਾਡੇ ਸਾਹਮਣੇ ਹੁਣ ਤੱਕ ਤਿੰਨ ਰਚਨਾਵਾਂ ਆਈਆਂ ਹਨ ਜਿਨ੍ਹਾਂ ਵਿਚ ਬੰਦਾ ਸਿੰਘ ਬਹਾਦੁਰ ਦਾ ਜ਼ਿਕਰ ਆਇਆ ਹੈ। ਇਕ ਹੈ ਅਹਿਮਦ ਸ਼ਾਹ ਬਟਾਲਵੀ ਦੀ *'ਤਾਰੀਖ਼-ਏ-ਪੰਜਾਬ'*। ਇਹ 1824 ਈ. ਦੀ ਲਿਖਤ ਹੈ। ਇਸ ਦੀ ਬੰਦਾ ਸਿੰਘ ਬਹਾਦੁਰ ਦੇ ਜੀਵਨ ਲਈ ਬਹੁਤ ਅਹਿਮੀਅਤ ਹੈ। ਇਹ ਪਹਿਲੀ ਰਚਨਾ ਹੈ ਜਿਸ ਨੇ ਸਾਫ਼ ਅਤੇ ਸਪਸ਼ਟ ਸ਼ਬਦਾਂ ਵਿਚ ਲਿਖਿਆ ਹੈ ਕਿ ਬੰਦਾ ਸਿੰਘ ਬਹਾਦੁਰ ਨੂੰ ਅੰਮ੍ਰਿਤ ਛਕਾਇਆ ਗਿਆ ਸੀ।[31] ਦੂਜਾ, ਜੋ ਉਪਦੇਸ਼/ਗੁਰੂ ਜੀ ਨੇ ਬੰਦਾ ਸਿੰਘ ਬਹਾਦੁਰ ਨੂੰ ਵਿਦਾਇਗੀ ਸਮੇਂ ਦਿੱਤਾ ਸੀ, ਉਸ ਨੂੰ ਬਹੁਤ ਹੀ ਖੂਬਸੂਰਤ ਅਤੇ ਪਰਭਾਵਸ਼ਾਲੀ ਸ਼ਬਦਾਂ ਵਿਚ ਅੰਕਿਤ ਕੀਤਾ ਗਿਆ ਹੈ।[32] ਬੰਦਾ ਸਿੰਘ ਦੀ ਅੰਤਿਮ ਲੜਾਈ, ਗੁਰਦਾਸ ਨੰਗਲ ਦੇ ਘੇਰੇ ਬਾਰੇ ਬਹੁਤ ਹੀ ਵਿਸ਼ਵਾਸਯੋਗ ਬਿਆਨ ਦਰਜ ਕੀਤੇ ਗਏ ਹਨ। ਅਸਲ ਵਿਚ ਬੰਦਾ ਸਿੰਘ ਬਹਾਦੁਰ ਦੇ ਜੀਵਨ ਬਾਰੇ ਗਲਤ-ਮਲਤ ਲਿਖਣ ਵਾਲੇ ਲੇਖਕਾਂ ਲਈ ਇਹ ਪੁਸਤਕ ਇਕ ਬਹੁਤ ਵਧੀਆ ਜਵਾਬ ਦਿੰਦੀ ਹੈ।

ਦੂਜੀ ਲਿਖਤ ਪੰਡਿਤ ਦੇਬੀ ਪਰਸ਼ਾਦ ਦੀ *ਗੁਲਸ਼ਨ-ਏ-ਪੰਜਾਬ* ਹੈ। ਇਹ 1849 ਦੀ ਰਚਨਾ ਹੈ। ਇਸ ਵਿਚ ਭਾਵੇਂ ਬੰਦੇ ਦਾ ਹਾਲ ਸਿਰਫ਼ ਦੋ ਪੰਨਿਆਂ ਵਿਚ ਹੀ ਦਿੱਤਾ ਹੈ ਪਰ ਇਸ ਸੰਖੇਪ ਜਿਹੇ ਬਿਰਤਾਂਤ ਵਿਚ ਉਹ ਲੋਹਗੜ੍ਹ ਦੇ ਕਿਲ੍ਹੇ ਵਿਚੋਂ ਬੰਦੇ ਦੇ ਨਿਕਲਣ ਬਾਰੇ ਅਤੇ ਉਸ ਦੇ ਅੰਤਿਮ ਸਮੇਂ ਦੀ ਸ਼ਹਾਦਤ ਬਾਰੇ ਬਹੁਤ ਕੰਮ ਦੀਆਂ ਗੱਲਾਂ ਲਿਖ ਗਿਆ ਹੈ।[33]

ਤੀਜੀ ਪੁਸਤਕ ਕਨ੍ਹੱਈਆ ਲਾਲ ਦੀ *ਤਾਰੀਖ਼-ਏ-ਪੰਜਾਬ*[34] ਹੈ। ਇਹ 1875 ਈ. ਦੀ ਰਚਨਾ ਹੈ। ਇਸ ਵਿਚ ਵੀ ਬੰਦੇ ਦਾ ਬਿਰਤਾਂਤ ਸੰਖੇਪ ਹੈ ਅਤੇ ਇਹ ਲੇਖਕ ਰਤਨ ਸਿੰਘ ਭੰਗੂ ਦੀ ਲਿਖਤ ਤੋਂ ਜਾਣਕਾਰੀ ਲੈਂਦਾ ਪਰਤੀਤ ਹੁੰਦਾ ਹੈ ਕਿਉਂਕਿ ਇਸ ਨੇ ਵੀ ਭੰਗੂ ਦੀ ਤਰ੍ਹਾਂ ਕਾਫੀ ਗ਼ਲਤ ਬਿਆਨੀਆਂ ਕੀਤੀਆਂ ਹਨ।

ਅੰਗਰੇਜ਼ੀ ਦੀਆਂ ਲਿਖਤਾਂ ਵਿਚ ਜਾਹਨ ਸਰਮਨ ਅਤੇ ਐਡਵਰਡ ਸਟੀਫਨਸਨ ਦਾ ਲਿਖਿਆ 10 ਮਾਰਚ, 1716 ਦਾ ਉਹ ਖਤ ਅਤਿ ਮਹੱਤਵਪੂਰਨ ਸਥਾਨ ਰਖਦਾ ਹੈ ਜੋ ਉਨ੍ਹਾਂ ਨੇ ਬਾਦਸ਼ਾਹ ਫਰੁਖ਼ਸ਼ੀਅਰ ਦੇ ਦਰਬਾਰ ਵਿਚ ਰਹਿੰਦਿਆਂ, ਕਈ ਦਿਨਾਂ ਤੱਕ ਬੰਦਾ ਸਿੰਘ ਅਤੇ ਉਸ ਦੇ ਸਾਥੀ ਸਿੰਘਾਂ ਨੂੰ ਦਿੱਤੇ ਜਾਂਦੇ ਤਸੀਹਿਆਂ ਨੂੰ ਅੱਖੀਂ ਦੇਖ ਕੇ, ਬੰਗਾਲ ਦੇ ਪਰੈਜੀਡੈਂਟ ਅਤੇ ਗਵਰਨਰ ਰਾਬਰਟ ਹੈਜ਼ ਇਸਕੁਇਰ ਨੂੰ ਲਿਖਿਆ ਸੀ। ਇਹ ਪੱਤਰ ਬੰਦਾ ਸਿੰਘ ਦੇ ਅੰਤਮ ਦਿਨਾਂ ਦੇ ਤਸੀਹਿਆਂ ਦੀ ਜਿਉਂਦੀ-ਜਾਗਦੀ ਤਸਵੀਰ ਪੇਸ਼ ਕਰਦਾ ਹੈ। ਹੁਣ ਤਕ ਇਹ ਪੱਤਰ ਅਨੇਕਾਂ ਰੂਪਾਂ ਵਿਚ ਪਰਕਾਸ਼ਤ ਹੋ ਚੁੱਕਿਆ ਹੈ ਪਰ ਸਭ ਤੋਂ ਪਹਿਲਾਂ ਇਸ ਨੂੰ ਡਾ. ਗੰਡਾ ਸਿੰਘ ਨੇ *ਅਰਲੀ ਯੂਰਪੀਅਨ ਅਕਾਊਂਟਸ ਆਫ਼ ਦਾ ਸਿਖਸ*[35] ਵਿਚ ਛਾਪਿਆ ਸੀ। ਇਹ ਪੁਸਤਕ 1962 ਵਿਚ ਸੰਪਾਦਿਤ ਕੀਤੀ ਗਈ ਸੀ।

ਇਸ ਤੋਂ ਪਿੱਛੋਂ ਜੇਮਜ਼ ਬਰਾਊਨ ਨੇ ਸਿੱਖਾਂ ਬਾਰੇ ਇਕ ਸੰਖੇਪ ਲਿਖਤ *ਹਿਸਟਰੀ ਆਫ਼ ਦ ਓਰਿਜਨ ਐਂਡ ਪ੍ਰੋਗਰੈਸ ਆਫ਼ ਦਾ ਸਿਖਸ* ਦੇ ਸਿਰਲੇਖ ਹੇਠ ਲਿਖੀ ਸੀ। ਇਹ 1787 ਈ. ਦੀ ਲਿਖਤ ਹੈ। ਭਾਵੇਂ ਇਸ ਵਿਚ ਬੰਦਾ ਸਿੰਘ ਦਾ ਬਹੁਤ ਥੋੜ੍ਹਾ ਹਾਲ ਹੀ ਹੈ ਪਰ ਇਹ ਇਤਿਹਾਸਕ ਮਹੱਤਤਾ ਵਜੋਂ ਬਹੁਤ ਅਹਿਮ ਥਾਂ ਰਖਦੀ ਹੈ। ਜੇਮਜ਼ ਬਰਾਊਨ ਨੇ ਬੰਦਾ ਸਿੰਘ ਦੀ ਅੰਤਿਮ ਲੜਾਈ ਬਾਰੇ ਬੜੇ ਹੀ ਭਾਵਪੂਰਤ ਬਿਆਨ ਦਰਜ ਕੀਤੇ ਹਨ। ਉਸ ਦਾ ਕਹਿਣਾ ਕਿ ਬੰਦਾ ਸਿੰਘ ਅਤੇ ਉਸ ਦੇ ਸਾਥੀ ਸਿੰਘ ਇਹ ਦੇਖ ਕੇ ਕਿ ਹੁਣ ਉਨ੍ਹਾਂ ਦੇ ਸਾਹਮਣੇ ਬਚਾਅ ਦਾ ਕੋਈ ਰਸਤਾ ਨਹੀਂ, ਇਸ ਲਈ ਉਹ ਤਲਵਾਰਾਂ ਸੂਤ ਕੇ ਦੁਸ਼ਮਣ ਉਪਰ ਟੁੱਟ ਪਏ ਸਨ ਜਿੱਥੇ ਕਿ ਬਹੁਤ ਵੱਡੀ ਗਿਣਤੀ ਵਿਚ ਸਿੱਖਾਂ ਦਾ ਕਤਲ ਕੀਤਾ ਗਿਆ ਅਤੇ ਬੰਦਾ ਸਿੰਘ ਨੂੰ ਜੰਜ਼ੀਰਾਂ ਨਾਲ ਜਕੜ ਕੇ ਪਿੰਜਰੇ ਵਿਚ ਬੰਦ ਕਰ ਦਿਤਾ ਗਿਆ ਸੀ।[36]

---

31 ਅਹਿਮਦ ਸ਼ਾਹ ਬਟਾਲਵੀ, *ਤਾਰੀਖ਼-ਏ-ਪੰਜਾਬ* (ਪੰਜਾਬੀ ਅਨੁਵਾਦ ਗੁਰਬਖਸ਼ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969, ਪੰਨਾ 32. ਉਹੀ ਸਥਾਨ।

33. ਪੰਡਿਤ ਦੇਬੀ ਪਰਸ਼ਾਦ, *ਗੁਲਸ਼ਨ-ਏ-ਪੰਜਾਬ* (ਪੰਜਾਬੀ ਅਨੁਵਾਦ ਹਰਿਮੰਦਰ ਸਿੰਘ ਕੋਹਲੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1979, ਪੰਨੇ 3-5.

34. ਕਨ੍ਹੱਈਆ ਲਾਲ, *ਤਾਰੀਖ਼-ਏ-ਪੰਜਾਬ* (ਅਨੁਵਾਦ ਜੀਤ ਸਿੰਘ ਸੀਤਲ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1978, ਪੰਨੇ 53-60.

35. ਗੰਡਾ ਸਿੰਘ (ਐਡੀਟਰ) *ਅਰਲੀ ਯੂਰਪੀਅਨ ਅਕਾਊਂਟਸ ਆਫ਼ ਦਾ ਸਿੱਖਸ*, ਕਲਕੱਤਾ, 1962.

36. ਉਕਤ, ਪੰਨਾ 30.

SIKHBOOKCLUB.COM

ਇਸ ਪਿੱਛੋਂ ਅਗਲੀ ਮਹੱਤਵਪੂਰਨ ਲਿਖਤ ਮੈਲਕਾਮ ਦੀ *ਸਕੈਚ ਆਫ਼ ਦਾ ਸਿੱਖਸ* ਹੈ। ਇਹ 1812 ਈ. ਦੀ ਲਿਖਤ ਹੈ। ਪਿੱਛੋਂ ਇਸ ਲਿਖਤ ਨੂੰ ਭਾਸ਼ਾ ਵਿਭਾਗ ਪੰਜਾਬ ਨੇ ਵੀ ਦੋਬਾਰਾ ਛਾਪਿਆ ਸੀ। 1981 ਵਿਚ ਇਸ ਨੂੰ ਵਿਨੈ ਪਬਲੀਕੇਸ਼ਨ, ਚੰਡੀਗੜ੍ਹ ਨੇ ਦੁਬਾਰਾ ਛਾਪਿਆ ਹੈ। ਮੈਲਕਾਮ ਨੇ ਆਪਣੀ ਇਸ ਲਿਖਤ ਨੂੰ ਸਿੱਖ ਵਿਦਵਾਨਾਂ ਕੋਲੋਂ ਜਾਣਕਾਰੀ ਲੈ ਕੇ ਲਿਖਿਆ ਸੀ। ਇਸ ਵਿਚ ਥੋੜ੍ਹਾ ਜਿਹਾ ਬਿਰਤਾਂਤ ਬੰਦਾ ਸਿੰਘ ਦਾ ਵੀ ਹੈ। ਮੈਲਕਾਮ ਦੀਆਂ ਬੰਦਾ ਸਿੰਘ ਬਹਾਦੁਰ ਬਾਰੇ ਟਿੱਪਣੀਆਂ ਕਾਫ਼ੀ ਮਹੱਤਵਪੂਰਨ ਹਨ। ਭਾਵੇਂ ਕਿ ਇਸ ਵਿਚ ਵੀ ਉਸੇ ਤਰ੍ਹਾਂ ਦੇ ਭੁਲੇਖੇ ਪਏ ਹਨ ਜਿਸ ਤਰ੍ਹਾਂ ਦੇ ਗੁਰਮੁੱਖੀ ਲਿਖਤਾਂ ਵਿਚ ਪਾਏ ਗਏ ਹਨ। ਮੈਲਕਾਮ ਪਹਿਲਾ ਐਸਾ ਅੰਗਰੇਜ਼ ਲੇਖਕ ਹੈ ਜਿਸ ਨੇ ਬੰਦਾ ਸਿੰਘ ਦੀ ਸ਼ਹਾਦਤ ਦੇ ਤੁਰੰਤ ਪਿੱਛੋਂ ਸਿੱਖਾਂ ਨੂੰ ਦੇਖਦਿਆਂ ਸਾਰ ਹੀ ਗੋਲੀ ਮਾਰਨ ਦੇ ਹੁਕਮ ਲਾਗੂ ਕਰਨ ਬਾਰੇ ਗੱਲ ਕਹੀ ਹੈ।[37]

ਇਸ ਪਿੱਛੋਂ ਐਮ. ਗਰੈਗਰ ਦੀ ਪੁਸਤਕ *ਹਿਸਟਰੀ ਆਫ਼ ਦਾ ਸਿਖਸ* ਦੋ ਜਿਲਦਾਂ ਵਿਚ ਹੈ। ਇਹ 1846 ਈ. ਦੀ ਰਚਨਾ ਹੈ। ਪਹਿਲੀ ਜਿਲਦ ਵਿਚ ਬੰਦਾ ਸਿੰਘ ਬਹਾਦੁਰ ਦਾ ਸੰਖੇਪ ਬਿਰਤਾਂਤ ਹੈ। 1849 ਈ. ਵਿਚ ਕਨਿੰਘਮ ਦੀ ਪੁਸਤਕ ਏ *ਹਿਸਟਰੀ ਆਫ਼ ਦਾ ਸਿਖਸ* ਪਰਕਾਸ਼ਤ ਹੋਈ। ਇਨ੍ਹਾਂ ਸਭ ਦੀ ਜਾਣਕਾਰੀ ਮੈਲਕਾਮ ਅਤੇ ਦੂਸਰੇ ਇੰਗਲਿਸ਼ ਸੋਮਿਆਂ ਤੇ ਹੀ ਆਧਾਰਿਤ ਹੈ। ਕਿਉਂਕਿ ਇਨ੍ਹਾਂ ਦਾ ਮੁੱਖ ਆਧਾਰ ਸਿੱਖ ਲਿਖਤਾਂ ਅਤੇ ਸਿੱਖ ਵਿਦਵਾਨਾਂ ਵਲੋਂ ਸੁਣਾਈਆਂ ਗਾਈਆਂ ਗੱਲਾਂ ਹੀ ਸਨ, ਇਸ ਲਈ ਭਾਵੇਂ ਇਨ੍ਹਾਂ ਨੇ ਸਿੱਧੇ ਤੌਰ ਤੇ ਉਸ ਤਰ੍ਹਾਂ ਦੇ ਭੁਲੇਖਿਆਂ ਨੂੰ ਨਹੀਂ ਅਪਣਾਇਆ ਪਰ ਫਿਰ ਵੀ ਇਹ ਲੇਖਕ ਚਲੰਤ ਵੇ ਰਵਿਆਂ ਦੇ ਤੌਰ ਤੇ ਉਨ੍ਹਾਂ ਗੱਲਾਂ ਦਾ ਜ਼ਿਕਰ ਕਰਦੇ ਹਨ ਜਿਹੜੀਆਂ ਬੰਦਾ ਸਿੰਘ ਬਾਰੇ ਸਿੱਖਾਂ ਵਿਚ ਪਰਚੱਲਤ ਸਨ। ਵਿਲੀਅਮ ਇਰਵਿਨ ਅਤੇ ਸੀ.ਐਚ. ਪੈਨ ਵਰਗੇ ਯੂਰਪੀਅਨ ਲੇਖਕਾਂ ਨੇ ਭਾਵੇਂ ਬੰਦਾ ਸਿੰਘ ਬਾਰੇ ਬਹੁਤ ਸੰਖੇਪ ਹਵਾਲੇ ਦਿੱਤੇ ਹਨ ਪਰ ਇਨ੍ਹਾਂ ਦੇ ਹਵਾਲੇ ਇਤਿਹਾਸਕ ਤੌਰ ਤੇ ਬਹੁਤ ਹੀ ਮਹੱਤਵਪੂਰਨ ਹਨ। 1891 ਈ. ਵਿਚ ਸਈਅਦ ਮੁਹੰਮਦ ਲਤੀਫ਼ ਦੀ ਪੁਸਤਕ *ਹਿਸਟਰੀ ਆਫ਼ ਦਾ ਪੰਜਾਬ* ਛਪ ਕੇ ਸਾਹਮਣੇ ਆਈ। ਇਸ ਵਿਚ ਬੰਦਾ ਸਿੰਘ ਬਹਾਦੁਰ ਦਾ ਸੰਖੇਪ ਹਾਲ ਹੈ। ਲਤੀਫ਼ ਦੀ ਸਾਰੀ ਪਹੁੰਚ ਬਰਿਟਿਸ ਅਤੇ ਪਰਸ਼ੀਅਨ ਲੇਖਕਾਂ ਦੀ ਵਿਚਾਰਧਾਰਾ ਵਾਲੀ ਹੀ ਹੈ। ਇਸ ਵਿਚ ਇਸ ਤੋਂ ਪਹਿਲੀਆਂ ਲਿਖਤਾਂ ਨਾਲੋਂ ਕੋਈ ਵੱਖਰੀ ਅਤੇ ਨਵੀਂ ਗੱਲ ਦੀ ਜਾਣਕਾਰੀ ਨਹੀਂ ਮਿਲਦੀ।

ਬਰਿਟਿਸ਼ ਲੇਖਕਾਂ ਦੀਆਂ ਲਿਖਤਾਂ ਤੋਂ ਇਕ ਇਹ ਗੱਲ ਵੀ ਪਤਾ ਲਗਦੀ ਹੈ ਕਿ ਜਿਸ ਸਮੇਂ ਅੰਗਰੇਜ਼ ਲੇਖਕ ਆਪਣੀਆਂ ਰਚਨਾਵਾਂ ਲਈ ਸਿੱਖੀ (ਗੁਰੂਖੀਆਂ, ਲਿਖਾਰੀਆਂ ਜਾਂ ਮੁਲਾਜ਼ਮਾਂ), ਪਾਸੋਂ ਬੰਦਾ ਸਿੰਘ ਬਾਰੇ ਜਾਣਕਾਰੀ ਪਰਾਪਤ ਕਰਦੇ ਸਨ ਤਾਂ ਸਿੱਖਾਂ ਦੇ ਮਨਾਂ ਵਿਚ ਬੰਦਾ ਸਿੰਘ ਬਾਰੇ ਕੋਈ ਚੰਗੀ ਰਾਇ ਨਹੀਂ ਸੀ। ਇਹ ਸਭ ਉਨ੍ਹਾਂ ਲੇਖਕਾਂ ਦੀਆਂ ਲਿਖਤਾਂ ਦਾ ਸਿੱਟਾ ਸੀ ਜਿਹੜੇ ਕਿਸੇ ਸੋਚੀ-ਸਮਝੀ ਸਾਜ਼ਿਸ਼ ਦਾ ਸ਼ਿਕਾਰ ਸਨ ਪਰ ਸਿੱਖ ਲੇਖਕ ਹੋਣ ਕਰਕੇ ਸਿੱਖ ਖੇਤਰਾਂ ਵਿਚ ਪੜ੍ਹੇ ਅਤੇ ਸਤਿਕਾਰੇ ਜਾਂਦੇ ਸਨ। ਮੈਲਕਾਮ ਨੇ ਲਿਖਿਆ ਹੈ ਕਿ ਬੰਦੇ ਦੀ ਯਾਦ ਸਿੱਖ ਮਨਾਂ ਵਿਚ ਕੋਈ ਅੱਛੀ ਨਹੀਂ ਹੈ। ਸਿੱਖਾਂ ਦਾ ਨਿਹੰਗ ਜਾਂ ਅਕਾਲੀ ਫ਼ਿਰਕਾ ਉਸ ਪਰੱਤੀ ਨਫ਼ਰਤ ਰੱਖਦਾ ਹੈ।[38] (65-66) ਕਨਿੰਘਮ ਨੇ ਲਿਖਿਆ ਹੈ : "The memory of Banda is not held in much esteem by the Sikhs; he appears to have been of a gloomy disposition and he was obeyed as an energetic and daring leader without being able to engage the personal sympathies of his followers.'[39] ਇਹ ਗੱਲਾਂ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਦੀਆਂ ਹਨ। ਜੇਕਰ ਉਸ ਸਮੇਂ ਨੂੰ ਅੱਜ ਦੇ ਸਮੇਂ ਨਾਲ ਤੁਲਨਾਈਏ ਤਾਂ ਪਤਾ ਲਗਦਾ ਹੈ ਕਿ ਅੱਜ ਬੰਦਾ ਸਿੰਘ ਬਹਾਦੁਰ ਸਿੱਖਾਂ ਵਿਚ ਇਕ ਮਹਾਨ ਕਰਾਂਤੀਕਾਰੀ, ਯੁੱਗ-ਪਲਟਾਊ ਯੋਧਾ ਅਤੇ ਖਾਲਸਈ ਰਾਜ ਦੇ ਉਸਰੱਈਏ ਦੇ ਤੌਰ ਤੇ ਜਾਣਿਆ ਜਾਂਦਾ ਹੈ। ਇਹ ਸਭ ਆਧੁਨਿਕ ਖੋਜ ਦਾ ਸਿੱਟਾ ਹੈ।

SIKHBOOKCLUB.COM

---

37. ਮੈਲਕਾਮ, *ਸਕੈਚ ਆਫ਼ ਦਾ ਸਿੱਖਸ* (1812), ਚੰਡੀਗੜ੍ਹ, 1981.
38. *ਉਕਤ*, ਪੰਨੇ 65-66.
39. *A History of The Sikhs*, S. Chand & Co., New Delhi, 1985, p. 79.

3. ਗੁਰੂ ਸਾਹਿਬ ਦਾ ਨਾਂਦੇੜ ਪਹੁੰਚਣਾ ਅਤੇ ਬੰਦਾ ਸਿੰਘ ਬਹਾਦੁਰ ਦੀ ਨਿਯੁਕਤੀ

ਗੁਰੂ ਗੋਬਿੰਦ ਸਿੰਘ ਜੀ 1708 ਦੇ ਸਤੰਬਰ ਮਹੀਨੇ ਦੇ ਅਖੀਰ ਵਿਚ ਨਾਂਦੇੜ ਸਾਹਿਬ ਪਹੁੰਚੇ ਸਨ। ਜਿਵੇਂ ਕਿ ਪਹਿਲਾਂ ਵੀ ਲਿਖਿਆ ਜਾ ਚੁੱਕਿਆ ਹੈ ਕਿ ਜੋ ਧਾਰਨਾ ਗੁਰੂ ਗੋਬਿੰਦ ਸਿੰਘ ਜੀ ਅਤੇ ਬੰਦਾ ਸਿੰਘ ਬਹਾਦੁਰ ਦੇ ਮਿਲਾਪ ਦੀ ਹੁਣ ਤੱਕ ਪਰਚੱਲਤ ਹੈ ਉਹ ਮੰਨਣਯੋਗ ਨਹੀਂ ਹੈ। ਨਾ ਹੀ ਬੰਦਾ ਸਿੰਘ ਬਾਰੇ ਇਹ ਧਾਰਨਾ ਮੰਨਣਯੋਗ ਹੈ ਕਿ ਉਹ ਪਹਿਲਾਂ ਬੈਰਾਗੀ ਸਾਧੂ ਸੀ। ਕਿਉਂਕਿ ਇਸ ਤਰ੍ਹਾਂ ਦੀ ਜਾਣਕਾਰੀ ਜਿਨ੍ਹਾਂ ਵੀ ਲਿਖਤਾਂ ਵਿਚੋਂ ਮਿਲਦੀ ਹੈ ਉਹ ਲਿਖਤਾਂ ਮੰਨਣਯੋਗ ਨਹੀਂ ਹਨ। ਇਨ੍ਹਾਂ ਦਾ ਵੇਰਵਾ ਪਹਿਲਾਂ ਭੂਮਿਕਾ ਵਿਚ ਆ ਚੁੱਕਿਆ ਹੈ। ਫਿਰ ਬੰਦਾ ਸਿੰਘ ਬਹਾਦੁਰ ਕੌਣ ਸੀ ਅਤੇ ਉਸ ਦਾ ਮਿਲਾਪ ਗੁਰੂ ਜੀ ਨਾਲ ਕਿਸ ਤਰ੍ਹਾਂ ਹੋਇਆ ਸੀ, ਆਓ ਇਸ ਬਾਰੇ ਖੁੱਲ੍ਹ ਕੇ ਵਿਚਾਰ ਕਰਦੇ ਹਾਂ।

ਗੁਰੂ ਗੋਬਿੰਦ ਸਿੰਘ ਜੀ ਦਾ ਇਕ ਹੁਕਮਨਾਮਾ ਸ਼ਾਹਜ਼ਾਦਾ ਆਜ਼ੀਮ ਦੀ ਸੰਗਤ ਦੇ ਨਾਂ ਹੈ। ਸ਼ਾਹਜ਼ਾਦਾ ਆਜ਼ੀਮ[1] ਬਹਾਦੁਰ ਸ਼ਾਹ ਬਾਦਸ਼ਾਹ ਦਾ ਪਹਿਲਾ ਨਾਂ ਸੀ। ਇਕ ਸਿੱਖ ਸੰਗਤ ਸ਼ਾਹਜ਼ਾਦਾ ਆਜ਼ੀਮ (ਮੁਅੱਜ਼ਮ) ਦੇ ਅਧੀਨ ਰਹਿੰਦੀ ਸੀ। ਦੂਜੇ ਸ਼ਬਦਾਂ ਵਿਚ ਸ਼ਾਹਜ਼ਾਦਾ ਆਜ਼ੀਮ ਦੀ ਸੰਗਤ ਨੂੰ ਸ਼ਾਹਜ਼ਾਦਾ ਆਜ਼ੀਮ ਦੀ ਸਿੱਖ ਰਜਮੈਂਟ ਵੀ ਕਿਹਾ ਜਾ ਸਕਦਾ ਹੈ। ਭਾਵ ਕਿ ਸ਼ਾਹਜ਼ਾਦਾ ਮੁਅੱਜ਼ਮ (ਆਜ਼ੀਮ) ਦੇ ਨਾਲ ਇਕ ਸਿੱਖ ਸੈਨਿਕ ਟੁਕੜੀ ਵੀ ਸੀ। ਇਸ ਦੀ ਪੁਸ਼ਟੀ ਕੇਸਰ ਸਿੰਘ ਛਿੱਬਰ ਵੀ ਕਰਦਾ ਹੈ। ਇਸ ਅਨੁਸਾਰ 'ਜਦੋਂ ਬਹਾਦੁਰ ਸ਼ਾਹ (ਸ਼ਾਹਜ਼ਾਦਾ ਮੁਅੱਜ਼ਮ) ਕਾਬੁਲ ਦਾ ਸੂਬੇਦਾਰ ਸੀ ਉਸ ਸਮੇਂ ਕੁਝ ਸਿੱਖ ਉਸ ਦੇ ਅਧੀਨ ਨੌਕਰ ਹੋ ਗਏ ਸਨ। ਇਨ੍ਹਾਂ ਸਿੱਖਾਂ ਨੂੰ ਗੁਰੂ ਜੀ ਦਾ ਹੁਕਮਨਾਮਾ ਮਿਲਿਆ ਸੀ ਜਿਸ ਵਿਚ ਬਾਦਸ਼ਾਹ ਦੇ ਲਸ਼ਕਰ ਵਿਚਲੇ ਖ਼ਾਲਸੇ ਨੂੰ ਸੰਬੋਧਨ ਕੀਤਾ ਗਿਆ ਸੀ। ਸਿੱਖਾਂ ਨੇ ਬਹਾਦੁਰ ਸ਼ਾਹ ਨੂੰ ਜਾ ਕੇ ਮੁਬਾਰਕਬਾਦ ਦਿਤੀ।[2] ਕੁਦਰਤੀ ਗੱਲ ਹੈ ਕਿ ਜਿਹੜੀ ਸਿੱਖ ਸੈਨਿਕ ਟੁਕੜੀ ਸ਼ਾਹਜ਼ਾਦਾ ਮੁਅੱਜ਼ਮ ਦੇ ਅਧੀਨ ਸੀ ਉਸ ਦਾ ਇਕ ਕਮਾਂਡਰ ਵੀ ਹੋਵੇਗਾ। ਇਹ ਕਮਾਂਡਰ ਹੀ ਬੰਦਾ ਸਿੰਘ ਬਹਾਦੁਰ ਸੀ। ਸ਼ਾਹਜ਼ਾਦੇ ਦੀ ਫੌਜ ਵਿਚ ਇਸ ਨੂੰ 'ਗੁਰੂ ਦਾ ਬੰਦਾ' ਅਤੇ ਸਿੱਖ ਸੈਨਾ ਨੂੰ 'ਗੁਰੂ ਦੀ ਸੰਗਤ' ਹੀ ਕਿਹਾ ਜਾਂਦਾ ਸੀ। ਸਰੂਪ ਦਾਸ ਭੱਲਾ ਨੇ ਵੀ ਆਪਣੀ ਲਿਖਤ ਵਿਚ ਇਕ ਐਸੇ ਬੰਦੇ ਦਾ ਜ਼ਿਕਰ ਕੀਤਾ ਹੈ ਜਿਹੜਾ ਗੁਰੂ ਜੀ ਦਾ ਵੀ ਪੱਕਾ ਸਿੱਖ ਸੀ ਅਤੇ ਬਹਾਦੁਰ ਸ਼ਾਹ ਦੀ ਫੌਜ ਵਿਚ ਬੜੇ ਉੱਚੇ ਰੁਤਬੇ ਵਾਲਾ ਵੀ ਸੀ। ਸਰੂਪ ਦਾਸ ਅਨੁਸਾਰ ਜਦੋਂ ਇਹ ਉੱਚੇ ਰੁਤਬੇ ਵਾਲਾ ਬੰਦਾ ਗੁਰੂ ਜੀ ਦੇ ਦਰਬਾਰ ਵਿਚ ਗੁਰੂ ਜੀ ਦੇ ਪਾਸ ਹੀ ਬੈਠਾ ਸੀ ਤਾਂ ਸਿੱਖ ਅੰਦਾਜ਼ਾ ਲਗਾਉਂਦੇ ਹਨ ਕਿ ਇਹ ਆਦਮੀ ਕੌਣ ਹੈ। ਫਿਰ ਗੁਰੂ ਜੀ ਸਿੱਖਾਂ ਨੂੰ ਆਪ ਹੀ ਦਸਦੇ ਹਨ ਕਿ ਤੁਸੀਂ ਇਸ ਨਾਲ ਐਵੇਂ ਹਾਸਾ-ਮਜ਼ਾਕ ਨਾ ਕਰੋ ਇਹ ਤਾਂ ਬਾਦਸ਼ਾਹ ਪਾਸ ਬਹੁਤ ਵੱਡੇ ਰੁਤਬੇ ਵਾਲਾ ਅਧਿਕਾਰੀ ਹੈ।[3]

ਜਦੋਂ ਔਰੰਗਜ਼ੇਬ ਦੀ ਮੌਤ ਬਾਅਦ, ਸ਼ਾਹਜ਼ਾਦਾ ਮੁਅੱਜ਼ਮ (ਆਜ਼ੀਮ) ਬਾਦਸ਼ਾਹ ਬਣ ਕੇ ਕਾਬੁਲ ਤੋਂ ਪੰਜਾਬ ਵਿਚੋਂ ਦੀ ਦਿੱਲੀ ਪਹੁੰਚਿਆ ਸੀ ਤਾਂ ਉਸ ਸਮੇਂ ਪੰਜਾਬ ਵਿਚੋਂ ਹੋਰ ਫੌਜ ਵੀ ਭਰਤੀ ਕੀਤੀ ਗਈ ਸੀ। ਬਹਾਦੁਰ ਸ਼ਾਹ ਨੇ ਪੰਜਾਬ (ਲਾਹੌਰ) ਦੇ ਗਵਰਨਰ ਮੁਨੱਈਅਮ ਖਾਨ ਨੂੰ ਆਪਣਾ ਪਰਧਾਨ ਮੰਤਰੀ ਬਣਾਇਆ ਸੀ। ਮੁਨੱਈਅਮ ਖਾਨ ਗੁਰੂ ਜੀ ਦਾ ਬਹੁਤ ਹੀ ਸ਼ਰਧਾਲੂ ਸੀ। ਅਸਲ ਵਿਚ, ਪਿੱਛੋਂ ਆਗਰੇ ਵਿਖੇ ਗੁਰੂ ਜੀ ਦੀ ਅਤੇ ਬਹਾਦੁਰ ਸ਼ਾਹ ਬਾਦਸ਼ਾਹ ਦੀ ਮੁਲਾਕਾਤ ਵੀ ਇਸੇ ਮੁਨੱਈਅਮ ਖਾਨ ਨੇ ਹੀ ਕਰਵਾਈ ਸੀ। ਜਦੋਂ ਬਹਾਦੁਰ ਸ਼ਾਹ ਕਾਬੁਲ ਤੋਂ ਚੱਲਿਆ ਸੀ ਤਾਂ ਉਸ ਨੇ ਮੁਨੱਈਅਮ ਖਾਨ ਨੂੰ ਪੰਜਾਬ ਵਿਚੋਂ ਹੋਰ ਫੌਜੀ ਭਰਤੀ ਕਰਨ ਵਾਸਤੇ ਕਿਹਾ ਸੀ। ਕਿਉਂਕਿ ਉਸ ਦੀ ਆਪਣੇ ਭਾਈਆਂ ਨਾਲ ਅਜੇ ਫੈਸਲਾਕੁਨ ਲੜਾਈ ਹੋਣੀ ਸੀ। ਮੁਨੱਈਅਮ

---

1. ਓ ਸਤਿਗੁਰੂ ਜੀ
ਭਾਈ ਮੁਹਕਮ ਸਿੰਘ ਜੀ ਸਤੀ ਦਾਸ ਸਰਬੱਤ ਸੰਗਤੁ ਸ਼ਾਹਜ਼ਾਦਾ ਅਜ਼ੀਮੁਦੀਨ ਦੇ ਲਸ਼ਕਰ ਦੀ ਗੁਰੂ ਰਖੈਗਾ ਸਉ ਤੋਲੇ ਸੋਨਾ ਫੁਰਮਾਇਸ਼ ਕਰ ਭੇਜਣਾ ਗੁਰੂ ਸੰਗਤ ਕੇ ਰੁਜ਼ਗਾਰ ਅੰਦਰ ਬਰਕਤ ਕਰੈਗਾ। ਡਾ. ਗੰਡਾ ਸਿੰਘ, *ਹੁਕਮਨਾਮੇ*, ਪਟਿਆਲਾ 1967, ਪੰਨੇ 150-51

2. ਬਹਾਦਰ ਸ਼ਾਹ ਆਹਾ ਕਾਬਲ ਦਾ ਸੂਬੇਦਾਰ।
ਸਿੱਖ ਆਹੇ ਚਾਕਰ ਬਹਾਦਰ ਸ਼ਾਹ ਦੀ ਸਰਕਾਰ।
ਹੁਕਮਨਾਵੇ ਵਿਚ ਲਿਖਿਆ ਸਰਬਤ ਖਾਲਸਾ ਵਾਸੀ ਲਸ਼ਕਰ ਬਾਦਸ਼ਾਹ।
ਸਿਖਾਂ ਜਾਇ ਮੁਬਾਰਖ ਦਿਤੀ ਬਹਾਦਰ ਸ਼ਾਹ।
ਬੰਸਾਵਲੀ ਨਾਵਾਂ, ਚਰਨ 10ਵਾਂ ਬੰਦ 606-607.

3. ਆਲਮ ਸਿੰਘ ਸੌ ਕਹਿਓ ਬਿਆਨ। ਮੀਰ ਜੀ ਬਡੇ ਮਰਾਤਬਦਾਨ।
ਮੀਰ ਮਰਾਤਬਦਾਨ ਹੈ ਬਾਦਸ਼ਾਹ ਕੇ ਪਾਸ।
ਤੁਮ ਤੋਂ ਮੋਟੀ ਬਾਤ ਕਰ ਕਰਤੇ ਹਾਸ ਬਿਲਾਸ।
ਮਹਿਮਾ ਪ੍ਰਕਾਸ਼, ਭਾਗ ਦੂਜਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971, ਪੰਨਾ 777.

SIKHBOOKCLUB.COM

ਖਾਨ ਕਿਉਂਕਿ ਗੁਰੂ ਜੀ ਦਾ ਸ਼ਰਧਾਲੂ ਸੀ ਇਸ ਲਈ ਉਸ ਵਲੋਂ ਸਿੱਖਾਂ ਦੀ ਹੋਰ ਭਰਤੀ ਕਰ ਲੈਣੀ ਸੁਭਾਵਕ ਸੀ । ਇਹ ਸਾਰੀ ਸਿੱਖ ਫੌਜ ਉਸ ਕਮਾਂਡਰ ਦੇ ਅਧੀਨ ਸੀ ਜਿਸ ਨੂੰ ਬਾਅਦ ਵਿਚ ਬੰਦਾ ਸਿੰਘ ਬਹਾਦੁਰ ਕਿਹਾ ਗਿਆ ਸੀ । ਸਿੱਖ ਪਰੰਪਰਾਵਾਂ ਵਿਚ ਅਤੇ ਕੁਝ ਸਿੱਖ ਲਿਖਤਾਂ ਵਿਚ ਇਹ ਗੱਲ ਵੀ ਲਿਖੀ ਮਿਲਦੀ ਹੈ ਕਿ ਜਿਹੜੀ ਲੜਾਈ ਬਹਾਦੁਰ ਸ਼ਾਹ ਦੀ ਆਪਣੇ ਭਾਈ ਤਾਰਾ ਆਜ਼ਮ ਅਤੇ ਕਾਮਬਖਸ਼ ਨਾਲ ਜੈਜਉ ਦੇ ਸਥਾਨ ਤੇ ਹੋਈ ਸੀ ਉਸ ਵਿਚ ਗੁਰੂ ਗੋਬਿੰਦ ਸਿੰਘ ਜੀ ਵੀ ਸ਼ਾਮਲ ਹੋਏ ਸੀ । ਕਈ ਤਾਂ ਇਹ ਵੀ ਕਹਿੰਦੇ ਹਨ ਕਿ ਤਾਰਾ ਆਜ਼ਮ ਦੀ ਮੌਤ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਹੀ ਹੋਈ ਸੀ ।[4] ਇਹ ਤਾਂ ਭਾਵੇਂ ਗੱਲ ਗਲਤ ਹੈ ਕਿ ਜੈਜਉ ਦੀ ਲੜਾਈ ਵਿਚ ਗੁਰੂ ਜੀ ਖੁਦ ਸ਼ਾਮਲ ਹੋਏ ਸਨ ਅਤੇ ਤਾਰਾ ਆਜ਼ਮ ਨੂੰ ਗੁਰੂ ਜੀ ਨੇ ਮਾਰਿਆ ਸੀ । ਪਰ ਇਸ ਗੱਲ ਨੂੰ ਇਕ ਹੋਰ ਤਰੀਕੇ ਨਾਲ ਇਉਂ ਜ਼ਰੂਰ ਬਿਆਨਿਆ ਜਾ ਸਕਦਾ ਹੈ । ਕਿ ਜਿਹੜੀ ਸਿੱਖ ਸੈਨਾ ਬਹਾਦੁਰ ਸ਼ਾਹ ਨਾਲ ਸੀ ਅਤੇ ਜਿਹੜਾ ਉਸ ਦਾ ਕਮਾਂਡਰ ਸੀ, ਆਮ ਲੋਕਾਂ ਨੂੰ ਇਸ ਸਿੱਖ ਕਮਾਂਡਰ ਦਾ ਭੁਲੇਖਾ ਗੁਰੂ ਗੋਬਿੰਦ ਸਿੰਘ ਜੀ ਨਾਲ ਪੈਣ ਕਰਕੇ ਸਭ ਨੇ ਇਹੋ ਹੀ ਸੋਚਿਆ ਹੋਵੇਗਾ ਕਿ ਲੜਾਈ ਵਿਚ ਗੁਰੂ ਗੋਬਿੰਦ ਸਿੰਘ ਜੀ ਖੁਦ ਸ਼ਾਮਲ ਹੋਏ ਸੀ ।

ਮਤਲਬ ਇਸ ਬਹਿਸ ਦਾ ਸਿਰਫ਼ ਇਹ ਹੀ ਹੈ ਕਿ ਬਹਾਦੁਰ ਸ਼ਾਹ ਦੀ ਸ਼ਾਹੀ ਫੌਜ ਵਿਚ ਇਕ ਸਿੱਖ ਫੌਜ ਵੀ ਸੀ ਅਤੇ ਇਸ ਦਾ ਇਕ ਸਿੱਖ ਕਮਾਂਡਰ ਵੀ ਸੀ । ਬਾਦਸ਼ਾਹ ਵਲੋਂ ਗੁਰੂ ਜੀ ਨੂੰ ਆਗਰੇ ਤੋਂ ਅੱਗੇ ਰਾਜਪੂਤਾਨੇ ਅਤੇ ਦੱਖਣੀ ਰਿਆਸਤਾਂ ਵੱਲ ਆਪਣੇ ਨਾਲ ਲੈ ਜਾਣ ਦਾ ਇਕ ਸਭ ਤੋਂ ਵੱਡਾ ਕਾਰਨ ਵੀ ਇਹ ਸੀ ਕਿ ਬਾਦਸ਼ਾਹ ਦਾ ਵਿਚਾਰ ਸੀ ਕਿ ਜੇਕਰ ਗੁਰੂ ਜੀ ਉਸ ਦੇ ਲਸ਼ਕਰ ਨਾਲ ਹੋਣਗੇ ਤਾਂ ਵਿਸ਼ੇਸ਼ ਤੌਰ ਤੇ ਸਿੱਖ ਸੈਨਾ ਦੇ ਅਤੇ ਆਮ ਤੌਰ ਤੇ ਪੰਜਾਬੀ ਸੈਨਾ ਦੇ ਹੌਂਸਲੇ ਬੁਲੰਦ ਰਹਿਣਗੇ ਅਤੇ ਉਹ ਉਸ ਦੇ ਦੁਸ਼ਮਣਾਂ ਨਾਲ ਪੂਰੇ ਉਤਸ਼ਾਹ ਨਾਲ ਲੜ ਸਕਣਗੇ ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਬਹਾਦੁਰ ਸ਼ਾਹ ਨਾਲੋਂ ਅਲੱਗ ਹੋ ਕੇ ਨਾਂਦੇੜ ਸਾਹਿਬ ਜਾ ਕੇ ਰਹੇ ਤਾਂ ਕੁਝ ਹੀ ਦਿਨਾਂ ਬਾਅਦ ਖ਼ਬਰਾਂ ਫੈਲ ਗਈਆਂ ਸਨ ਕਿ ਗੁਰੂ ਜੀ ਨੂੰ ਕੁਝ ਪਠਾਣਾਂ ਨੇ ਗੰਭੀਰ ਰੂਪ ਵਿਚ ਜ਼ਖ਼ਮੀ ਕਰ ਦਿਤਾ ਹੈ । ਇਹ ਖ਼ਬਰ ਬਾਦਸ਼ਾਹ ਨੂੰ ਵੀ ਪਹੁੰਚਾਈ ਗਈ ਸੀ ਅਤੇ ਬਾਦਸ਼ਾਹ ਦੇ ਲਸ਼ਕਰ ਵਿਚਲੀ ਸਿੱਖ ਸੈਨਾ ਵਿਚ ਵੀ ਇਹ ਖ਼ਬਰ ਫੈਲ ਗਈ ਸੀ । ਗੁਰੂ ਜੀ ਦੇ ਇਲਾਜ ਲਈ ਬਾਦਸ਼ਾਹ ਨੇ ਵੀ ਵਧੀਆ ਤੋਂ ਵਧੀਆ ਡਾਕਟਰ (ਵੈਦ) ਭੇਜੇ ਸਨ । ਆਪਣੇ ਗੁਰੂ ਜੀ ਦੇ, ਗੰਭੀਰ ਰੂਪ ਵਿਚ ਜ਼ਖ਼ਮੀ ਹੋਣ ਤੇ, ਦਰਸ਼ਨ ਕਰਨ ਲਈ ਬਾਦਸ਼ਾਹ ਦੇ ਲਸ਼ਕਰ ਵਿਚਲੀ ਸਿੱਖ ਸੈਨਾ ਵੀ ਨਾਂਦੇੜ ਸਾਹਿਬ ਪਹੁੰਚ ਗਈ ਸੀ । ਇਸ ਸਿੱਖ ਸੈਨਾ ਦੀ ਗਿਣਤੀ ਘੱਟ-ਵੱਧ ਹੋ ਸਕਦੀ ਹੈ ਪਰ ਇਹ ਗਿਣਤੀ ਨਿਸ਼ਚੇ ਹੀ ਹਜ਼ਾਰਾਂ ਵਿਚ ਹੀ ਹੋਵੇਗੀ । ਇਹ ਸਿੱਖ ਸੈਨਿਕ ਟੁਕੜੀ ਜਦੋਂ ਆਪਣੇ ਕਮਾਂਡਰ (ਬੰਦਾ ਸਿੰਘ ਬਹਾਦੁਰ) ਨਾਲ ਨਾਂਦੇੜ ਸਾਹਿਬ ਵਿਖੇ ਆਪਣੇ ਗੁਰੂ ਜੀ ਪਾਸ ਪਹੁੰਚੀ ਤਾਂ ਗੁਰੂ ਜੀ ਦੇ ਗੰਭੀਰ ਜ਼ਖ਼ਮੀ ਹੋਣ ਕਰਕੇ ਉਥੇ ਹੀ ਰਹੀ । ਇਸ ਗੱਲ ਦਾ ਗੁੱਸਾ ਅਤੇ ਰੰਜ਼ਸ਼ ਹੋਣੀ ਹਰ ਗੁਰਸਿੱਖ ਲਈ ਸੁਭਾਵਕ ਸੀ ਕਿ ਦੋ ਪਠਾਣਾਂ ਨੇ ਗੁਰੂ ਜੀ ਨੂੰ ਮਾਰੂ ਜਖ਼ਮ ਕੀਤੇ ਸਨ । ਇਹ ਵੀ ਹੋ ਸਕਦਾ ਹੈ ਕਿ ਸਿੱਖ ਸੰਗਤਾਂ ਨੇ ਜਾਂ ਇਸ ਸਿੱਖ ਫੌਜ ਨੇ ਪਰਚੰਡ ਰੂਪ ਵਿਚ ਆਪਣਾ ਪਰੰਤੀਕਰੱਮ ਵੀ ਦਿਖਾਇਆ ਹੋਵੇ । ਜ਼ਖ਼ਮੀ ਹੋਣ ਬਾਅਦ ਗੁਰੂ ਜੀ ਸਿਰਫ਼ ਚਾਰ ਕੁ ਦਿਨ ਹੀ ਜੀਵਤ ਰਹੇ । ਇਨ੍ਹਾਂ ਚਾਰ ਸੰਕਟਮਈ ਦਿਨਾਂ ਵਿਚ ਗੁਰੂ ਜੀ ਨੇ ਸਿੱਖ ਸੰਗਤਾਂ ਨਾਲ ਗੰਭੀਰ ਮਸਲੇ ਵਿਚਾਰੇ ਹੋਣਗੇ । ਸਿੱਖ ਸੈਨਾ ਦਾ ਕਮਾਂਡਰ ਨਿਸ਼ਚੇ ਹੀ ਗੁਰੂ ਜੀ ਦਾ ਪਰਖਿਆ ਹੋਇਆ ਅਠੱਤੀ ਸਾਲਾਂ ਦਾ ਭਰ ਜੁਆਨ ਜਰਨੈਲ ਸੀ । ਗੁਰੂ ਸਾਹਿਬ ਨੇ ਇਸ ਜਰਨੈਲ ਨੂੰ ਬੰਦਾ ਸਿੰਘ ਬਹਾਦੁਰ ਦੇ ਤਖੱਲਸ ਹੇਠ ਖਾਲਸੇ ਦਾ ਮੁੱਖੀ ਥਾਪਿਆ ਅਤੇ ਸਮੂਹ ਸਿੱਖ ਸੰਗਤ ਨੂੰ ਉਸ ਦਾ ਸਾਥ ਦੇਣ ਦੀ ਤਾਕੀਦ ਕੀਤੀ । ਹੋ ਸਕਦਾ ਹੈ ਕਿ ਪਹਿਲਾਂ ਬੰਦਾ ਸਿੰਘ ਨੂੰ ਸਿਰਫ਼ 'ਗੁਰੂ ਦਾ ਬੰਦਾ' ਹੀ ਕਿਹਾ ਜਾਂਦਾ ਹੋਵੇ ਜਾਂ ਸਿਰਫ਼ ਬੰਦਾ ਸਿੰਘ ਹੀ ਨਾਂ ਹੋਵੇ ਅਤੇ 'ਬਹਾਦੁਰ' ਦਾ ਖ਼ਿਤਾਬ ਸਿਰਫ਼ ਖਾਲਸੇ ਦਾ ਨੇਤਾ ਨਿਯੁਕਤ ਕਰਨ ਸਮੇਂ ਹੀ ਦਿਤਾ ਹੋਵੇ । ਬੰਦਾ ਸਿੰਘ ਬਹਾਦੁਰ ਖੁਦ ਇਕ ਸੁਸਿੱਖਿਅਤ ਜਰਨੈਲ ਸੀ ਅਤੇ ਉਸ ਦੀ ਸਿੱਖ ਸੈਨਾ ਵੀ ਟਰੇਂਡ ਸ਼ਾਹੀ ਸੈਨਾ ਸੀ ਇਸ ਲਈ ਬੰਦਾ ਸਿੰਘ ਨੂੰ ਮੁਗਲ ਹਕੂਮਤ ਦੇ ਵਿਰੁੱਧ ਹਥਿਆਰਬੰਦ ਸੰਘਰਸ਼ ਕਰਨ ਲਈ ਕੋਈ ਮੁਸ਼ਕਲ ਨਹੀਂ ਆਈ । ਹਜ਼ਾਰਾਂ ਸੈਨਿਕ ਹਥਿਆਰਾਂ ਅਤੇ ਘੋੜਿਆਂ ਸਮੇਤ ਉਸ ਕੋਲ ਪਹਿਲੋਂ ਹੀ ਸਨ ਅਤੇ ਹਜ਼ਾਰਾਂ ਸਿੱਖ ਉਸ ਨਾਲ ਪੰਜਾਬ ਵਿਚੋਂ ਰਲ ਗਏ ਸਨ ।

ਗੁਰੂ ਜੀ 8 ਅਕਤੂਬਰ, 1708 ਈ. ਨੂੰ ਜੋਤੀ-ਜੋਤ ਸਮਾਅ ਗਏ ਸਨ । ਬੰਦਾ ਸਿੰਘ ਬਹਾਦੁਰ ਗੁਰੂ ਜੀ ਦੇ ਅੰਤਮ ਸਸਕਾਰ ਦੀਆਂ ਸਭ ਰਸਮਾਂ ਪੂਰੀਆਂ ਕਰਕੇ ਅਤੇ ਭਾਈ ਦਯਾ ਸਿੰਘ ਅਤੇ ਭਾਈ ਧਰਮ ਸਿੰਘ ਦੇ ਨਾਲ ਕੁਝ ਸਿੰਘਾਂ ਨੂੰ ਗੁਰੂ ਜੀ ਦੇ ਅੰਗੀਠੇ ਦੀ ਦੇਖ-ਭਾਲ ਲਈ ਨਾਂਦੇੜ ਸਾਹਿਬ ਹੀ ਛੱਡ ਕੇ[5] ਪੂਰੀ ਤੇਜੀ ਨਾਲ ਆਪ ਸਮਰੱਥ ਖਾਲਸਾ ਫਹੀਰ ਨਾਲ ਪੰਜਾਬ ਨੂੰ ਰਵਾਨਾ ਹੋ ਗਿਆ ਸੀ । ਪੰਜਾਬ ਵਿਚ ਪਹੁੰਚ ਕੇ ਜੋ ਤਰਥੱਲ ਅਤੇ ਤਬਾਹੀ ਬੰਦਾ ਸਿੰਘ ਬਹਾਦੁਰ ਨੇ ਮਚਾਈ ਇਹ ਬਿਨਾਂ ਜ਼ਿਆਦਾ

4. ਕੋਇਰ ਸਿੰਘ, ਗੁਰਬਿਲਾਸ ਪਾਤਸ਼ਾਹੀ 10 (1843 ਈ.), ਪਟਿਆਲਾ, 1999, ਪੰਨੇ 230-31; ਗਯਾਨੀ ਗਯਾਨ ਸਿੰਘ, *ਸ੍ਰੀ ਗੁਰੂ ਪੰਥ ਪ੍ਰਕਾਸ਼* (ਪੱਥਰ ਛਾਪ), ਅੰਮ੍ਰਿਤਸਰ, 1889, ਪੰਨੇ 237-38; ਵੀਰ ਸਿੰਘ ਬੱਲ, *ਸਿੰਘ ਸਾਗਰ, (*1827 ਈ.), ਪਟਿਆਲਾ, 1986, ਪੰਨੇ 176-77 ਅਤੇ ਤੇਜਾ ਸਿੰਘ ਗੰਡਾ ਸਿੰਘ,, *ਸਿੱਖ ਇਤਿਹਾਸ*, ਪਟਿਆਲਾ, 1998, ਪੰਨਾ 78.

5. ਤਖਤ ਸਿਰੀ ਹਜ਼ੂਰ ਸਾਹਿਬ ਦੀ ਦੇਖਭਾਲ ਕਰਨ ਲਈ ਭਾਈ ਦਯਾ ਸਿੰਘ ਅਤੇ ਭਾਈ ਧਰਮ ਸਿੰਘ ਜੀ ਇਥੇ ਹੀ ਰਹੇ ਸੀ । ਦੇਖੋ, ਅਕਾਲੀ ਕੌਰ ਸਿੰਘ ਜੀ ਦਾ ਲੇਖ 'ਤਖਤ ਸ੍ਰੀ ਹਜ਼ੂਰ ਸਾਹਿਬ ਅਤੇ ਉਥੋਂ ਦੇ ਜੱਥੇਦਾਰ ਤੇ ਪੁਜਾਰੀ' ਰਸਾਲਾ ਫੁੱਲਵਾੜੀ, ਦਿਸੰਬਰ, 1929 ਅਤੇ ਜਨਵਰੀ 1930, ਪੰਨਾ 157.

SIKHBOOKCLUB.COM

ਫੌਜੀ ਸ਼ਕਤੀ ਤੋਂ ਅਤੇ ਬਿਨਾਂ ਯੁੱਧ-ਨੀਤੀ ਦੀ ਸਮਝ ਤੋਂ ਹੋ ਨਹੀਂ ਸੀ ਸਕਦੀ । ਅਜਿਹੀ ਤਬਾਹੀ ਕਿਸੇ ਸਾਧ ਤੋਂ ਅਚਨਚੇਤ ਸਿੰਘ ਸਜੇ ਵਿਅਕਤੀ ਵਲੋਂ ਨਹੀਂ ਸੀ ਹੋ ਸਕਦੀ ਅਤੇ ਨਾ ਹੀ ਇਹ ਮੁੱਠੀ ਭਰ ਸਿੰਘਾਂ ਵਲੋਂ ਹੋ ਸਕਦੀ ਸੀ ।

ਬੰਦਾ ਸਿੰਘ ਬਹਾਦੁਰ ਦਾ ਪੰਜਾਬ ਪਹੁੰਚਣ ਲਈ ਰਸਤਾ ਤਕਰੀਬਨ ਉਹ ਹੀ ਸੀ ਜਿਹੜਾ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਤੋਂ ਦੱਖਣ ਨੂੰ ਜਾਣ ਸਮੇਂ ਅਪਣਾਇਆ ਸੀ । ਫ਼ਰਕ ਸਿਰਫ਼ ਇਤਨਾ ਸੀ ਕਿ ਜੈਪੁਰ ਤੋਂ ਨੌਹਰ-ਭਾਦੜਾ ਵੱਲ ਮੁੜਨ ਦੀ ਬਜਾਏ, ਬੰਦਾ ਸਿੰਘ ਬਹਾਦੁਰ ਆਪਣੀ ਖਾਲਸਾ ਫਹੀਰ ਨਾਲ ਸਿੱਧਾ ਰੋਹਤਕ ਵੱਲ ਨੂੰ ਨਿਕਲ ਗਿਆ ਸੀ । ਇਹ ਸਾਰਾ ਇਲਾਕਾ ਹਿੰਦੂ ਆਬਾਦੀ ਵਾਲਾ ਸੀ ਅਤੇ ਰਾਜਪੂਤ ਰਿਆਸਤਾਂ ਵਾਲਾ ਸੀ । ਰਾਜਪੂਤਾਨੇ ਵਲੋਂ ਬੰਦਾ ਸਿੰਘ ਦੀ ਸਿੱਖ ਸੈਨਾ ਰੋਹਤਕ ਅਤੇ ਸੋਨੀਪਤ ਵਿਚਕਾਰ ਸਥਿਤ ਖਰਖੋੜਾ (ਖਰਖੋਦਾ) ਪਰਗਣੇ ਵਿਚ ਪਰਵੇਸ਼ ਕਰਕੇ ਸਹੇਰੀ-ਖੰਡਾ ਨਾਂ ਦੇ ਦੋ ਜੁੜਵੇਂ ਪਿੰਡਾਂ ਦੀ ਜੂਹ ਵਿਚ ਪਹੁੰਚ ਕੇ ਆਪਣਾ ਪਹਿਲਾ ਪੜਾਅ ਕਰਕੇ ਅਗਲਾ ਪਰਬੰਧ ਕਰਨ ਲਈ ਰੁਕੀ ।

ਸਹੇਰੀ-ਖੰਡਾ ਦੋ ਜੁੜਵੇਂ ਪਿੰਡ ਹਨ । ਕਿਤਾਬਾਂ ਵਿਚ ਭਾਵੇਂ ਨਾ ਸਿਹਰ-ਖੰਡਾ ਹੈ ਪਰ ਇਸ ਦਾ ਅਸਲ ਉਚਾਰਣ ਸਹੇਰੀ-ਖੰਡਾ ਹੈ । ਇਹ ਦੋਵੇਂ ਪਿੰਡ : ਸਹੇਰੀ ਅਤੇ ਖੰਡਾ ਇਕ ਦੂਜੇ ਤੋਂ ਪੰਜ ਕੁ ਕਿਲੋਮੀਟਰ ਦੀ ਵਿੱਥ ਤੇ ਹਨ । ਜੇ ਪਟਿਆਲੇ ਵਲੋਂ ਦਿੱਲੀ ਨੂੰ ਜਾਇਆ ਜਾਵੇ ਤਾਂ ਮੁਰਥਲ ਉਤਰ ਕੇ ਸੋਨੀਪਤ ਜਾਣਾ ਪਵੇਗਾ । ਸੋਨੀਪਤ ਤੋਂ ਅਠਾਰਾਂ ਕਿਲੋਮੀਟਰ ਦੀ ਵਿੱਥ ਤੇ ਖਰਖੋਦਾ ਕਸਬਾ ਸਥਿਤ ਹੈ । ਇਹ ਸੋਨੀਪਤ ਦੀ ਤਹਿਸੀਲ ਹੈ । ਖਰਖੋਦਾ ਤੋਂ ਚੌ ਰੁੱਖਾ ਰਾਹੀਂ ਗਿਆਰਾਂ ਕਿਲੋਮੀਟਰ ਦੀ ਵਿੱਥ ਤੇ ਸਹੇਰੀ ਪਿੰਡ ਹੈ । ਇਸ ਤੋਂ ਪੰਜ ਕਿਲੋਮੀਟਰ ਅੱਗੇ ਖੰਡਾ ਹੈ । ਇਥੇ ਬੰਦਾ ਸਿੰਘ ਬਹਾਦੁਰ ਦੀ ਕੋਈ ਵੀ ਯਾਦਗਾਰ ਨਹੀਂ ਹੈ । ਇਹ ਜਾਟ ਆਬਾਦੀ ਵਾਲੇ ਪਿੰਡ ਸਨ । ਇਥੇ ਹੀ ਡਾਕੂਆਂ ਦੇ ਇਕ ਟੋਲੇ ਨੇ ਰਾਤ ਨੂੰ ਇਨ੍ਹਾਂ ਪਿੰਡਾਂ ਨੂੰ ਲੁੱਟਣ ਦੀ ਸਕੀਮ ਬਣਾਈ ਸੀ । ਪਰ ਬੰਦਾ ਸਿੰਘ ਬਹਾਦੁਰ ਦੀ ਸੈਨਾ ਵਲੋਂ ਇਨ੍ਹਾਂ ਪਿੰਡਾਂ ਵਿਚ ਡੇਰਾ ਲਾ ਲੈਣ ਕਰਕੇ ਡਾਕੂਆਂ ਦਾ ਟੋਲਾ ਇਨ੍ਹਾਂ ਪਿੰਡਾਂ ਨੂੰ ਲੁੱਟ ਨਹੀਂ ਸਕਿਆ । ਸਿੰਘਾਂ ਨੇ ਡਾਕੂਆਂ ਨੂੰ ਮਾਰ ਭਜਾਇਆ ਸੀ । ਇਸ ਨਾਲ ਸਹੇਰੀ-ਖੰਡਾ ਦੇ ਲੋਕ ਖਾਲਸਾ ਸੈਨਾ ਦੇ ਹਮਦਰਦ ਹੋ ਗਏ ਸਨ ਅਤੇ ਉਨ੍ਹਾਂ ਨੇ ਕਾਫੀ ਰਸਦ-ਪਾਣੀ ਇਕੱਠਾ ਕਰਕੇ ਖਾਲਸਾ ਸੈਨਾ ਨੂੰ ਦਿਤਾ ਸੀ । ਬੰਦਾ ਸਿੰਘ ਨੇ ਸਭ ਨੂੰ ਜੁਲਮ ਦੇ ਖਿਲਾਫ ਲੜਨ ਲਈ ਪਰੇਰਿਆ ਅਤੇ ਆਪਣੀ ਰੱਖਿਆ ਆਪ ਕਰਨ ਦੀ ਤਾਕੀਦ ਕੀਤੀ ।

ਇਥੇ ਹੀ ਸਹੇਰੀ-ਖੰਡਾ ਦੀ ਜੂਹ ਵਿਚ ਬੰਦਾ ਸਿੰਘ ਨੂੰ ਭੇਸ ਬਦਲ ਕੇ ਜਾ ਰਹੇ ਲੁਬਾਣੇ ਵਪਾਰੀਆਂ ਦਾ ਇਕ ਫਹੀਰ ਮਿਲਿਆ । ਬੰਦਾ ਸਿੰਘ ਨੂੰ ਇਸ ਫਹੀਰ ਦੇ ਬੰਦਿਆਂ ਦੀਆਂ ਬਹੁਰੂਪੀ ਸ਼ਕਲਾਂ ਵਿਚੋਂ ਕੁਝ ਨਕਸ ਇਸ ਤਰ੍ਹਾਂ ਦੇ ਦਿਖਾਈ ਦਿੱਤੇ ਸਨ ਜਿਨ੍ਹਾਂ ਤੋਂ ਇਨ੍ਹਾਂ ਦੇ ਸਿੱਖ ਵਪਾਰੀ ਹੋਣ ਦਾ ਸ਼ੱਕ ਪੈਂਦਾ ਸੀ । ਬੰਦਾ ਸਿੰਘ ਨੇ ਇਨ੍ਹਾਂ ਵਪਾਰੀ ਫਹੀਰ ਦੇ ਲੋਕਾਂ ਨੂੰ ਆਪਣੇ ਪਾਸ ਬੁਲਾਇਆ ਅਤੇ ਪੁੱਛਿਆ ਕਿ ਉਹ ਕੌਣ ਹਨ? ਵਪਾਰੀਆਂ ਨੇ ਇਸ ਡਰੋਂ ਕਿ ਕਿਤੇ ਲੈਣੇ ਦੇ ਦੇਣੇ ਨਾ ਪੈ ਜਾਣ, ਆਪਣੀ ਪਛਾਣ ਸਹੀ ਤੌਰ ਤੇ ਨਹੀਂ ਦੱਸੀ । ਕਿਉਂਕਿ ਉਹ ਆਪਣੀ ਪਛਾਣ ਸਹੀ ਨਹੀਂ ਦਸਦੇ ਸਨ ਅਤੇ ਬੰਦਾ ਸਿੰਘ ਉਨ੍ਹਾਂ ਦੇ ਮੂੰਹੋਂ ਹੀ ਸਹੀ ਪਛਾਣ ਜਾਣਨੀ ਚਾਹੁੰਦਾ ਸੀ ਇਸ ਲਈ ਜਦੋਂ ਦੋ ਤਿੰਨ ਵਾਰ ਪੁੱਛਣ ਤੇ ਲੁਬਾਣੇ ਵਪਾਰੀਆਂ ਨੇ ਆਪਣੀ ਪਛਾਣ ਸਹੀ ਤੌਰ ਤੇ ਨਾ ਦੱਸੀ ਤਾਂ ਬੰਦਾ ਸਿੰਘ ਨੇ ਕੁਝ ਵਧੇਰੇ ਸਖਤਾਈ ਨਾਲ ਜਾਣਨਾ ਚਾਹਿਆ । ਇਸ ਤਰ੍ਹਾਂ ਉਹ ਵਪਾਰੀ ਆਪਣੀ ਸਹੀ ਪਛਾਣ ਦੇਣ ਲੱਗ ਪਏ । ਜਦ ਉਨ੍ਹਾਂ ਨੇ ਕਿਹਾ ਕਿ 'ਉਹ ਸਿੱਖ ਵਪਾਰੀ ਹਨ । ਸੱਚ ਇਸ ਕਰਕੇ ਨਹੀਂ ਬੋਲਦੇ ਕਿ ਉਹ ਨਿਰਬਲ ਹਨ । ਤੁਰਕ ਬਹੁਤ ਤਾਕਤਵਰ ਹਨ ।' ਬੰਦਾ ਸਿੰਘ ਨੇ ਕਿਹਾ ਕਿ 'ਸੱਚ ਬੋਲੋ ਕਿ ਤੁਸੀਂ ਸਭ ਸਿੱਖ ਹੋ । ਤੁਹਾਡੇ ਵਲੋਂ ਆਪਣੇ ਆਪ ਨੂੰ ਸਿੱਖ ਕਹਿਣ ਨਾਲ ਮੁੱਖ ਪਵਿੱਤਰ ਹੁੰਦਾ ਹੈ । ਬੰਦਾ ਸਿੰਘ ਬਹਾਦੁਰ ਤੁਹਾਡੇ ਨਾਲ ਹੈ, ਜਾਓ; ਆਪਣਾ ਮਾਲ-ਅਸਬਾਬ ਵੇਚ ਕੇ ਅਤੇ ਹਥਿਆਰ ਖਰੀਦ ਕੇ ਮੇਰੇ ਪਾਸ ਆ ਜਾਓ ।' ਇਹ ਸੁਣ ਕੇ ਲੁਬਾਣੇ ਵਪਾਰੀ ਵਾਪਸ ਪੰਜਾਬ ਵਿਚ ਆ ਗਏ । ਉਨ੍ਹਾਂ ਨੇ ਆਪਣੇ ਪਰਿਵਾਰਾਂ ਨੂੰ ਦੂਰ ਪਹਾੜਾਂ ਵਿਚ ਛੁਪਾ ਕੇ ਛੱਡ ਦਿੱਤਾ ਅਤੇ ਆਪ ਆਪਣਾ ਮਾਲ-ਅਸਬਾਬ ਵੇਚ ਕੇ ਹਥਿਆਰਾਂ ਸਮੇਤ ਬੰਦਾ ਸਿੰਘ ਬਹਾਦੁਰ ਨਾਲ ਆ ਰਲੇ ।'[6]

ਇਸ ਗੱਲ ਦੀ ਪੁਸ਼ਟੀ *'ਅਖ਼ਬਾਰਾਤ-ਏ-ਦਰਬਾਰ-ਏ-ਮੁਅੱਲਾ'* ਵਿਚਲੀਆਂ ਖ਼ਬਰਾਂ ਤੋਂ ਵੀ ਹੁੰਦੀ ਹੈ । ਇਕ ਖ਼ਬਰ ਵਿਚ ਬਾਦਸ਼ਾਹ ਨੂੰ ਦੱਸਿਆ ਗਿਆ ਹੈ ਕਿ ''ਕੁਝ ਲੋਕਾਂ ਨੇ ਹਥਿਆਰ ਅਤੇ ਘੋੜੇ ਬਾਗੀਆਂ ਨੂੰ ਦੇਣ ਲਈ ਖ਼ਰੀਦੇ ਹਨ । ਇਹ ਸਮਾਨ ਉਹ ਪਹਾੜਾਂ ਰਾਹੀਂ ਲੈ ਕੇ ਗਏ ਸਨ । ਜੇ ਕਿਸੇ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਅੱਗੋਂ ਬਹਾਨਾ ਲਾਉਂਦੇ ਹੋਏ ਕਿਹਾ ਸੀ ਕਿ ਉਹ ਇਹ ਸਭ ਕੁਝ ਇਸ ਇਲਾਕੇ ਦੇ ਹਾਕਮ ਲਈ ਹੀ ਲਿਜਾ ਰਹੇ ਹਨ । ਬਾਦਸ਼ਾਹ ਨੇ ਇਸ ਸਾਰੇ ਮਾਮਲੇ ਦੀ ਪੜਤਾਲ ਕਰਨ ਦਾ ਅਤੇ ਕਾਰਵਾਈ ਕਰਨ ਦਾ ਹੁਕਮ ਦਿੱਤਾ ਹੈ ।''[7]

ਇਸ ਤਰ੍ਹਾਂ ਬੰਦਾ ਸਿੰਘ ਬਹਾਦੁਰ ਦੇ ਰਾਜਨੀਤਕ ਜੀਵਨ ਦਾ ਇਕ ਇਤਿਹਾਸਕ ਤੱਥ ਹੈ ਕਿ ਉਸ ਨੇ ਵਣਜਾਰਿਆਂ ਅਤੇ ਲੁਬਾਣਿਆਂ ਨੂੰ ਨਾ ਕੇਵਲ ਸਿੱਖ ਹੀ ਬਣਾਇਆ ਸਗੋਂ ਹਥਿਆਰ ਫੜਾ ਕੇ ਹਕੂਮਤ ਦੇ ਖਿਲਾਫ ਵੀ ਖੜ੍ਹਾ ਕੀਤਾ ਸੀ । ਉਸ ਸਮੇਂ ਦੀਆਂ ਸਰਕਾਰੀ ਖ਼ਬਰਾਂ ਵਿਚ ਅਚਾਨਕ ਹੀ ਵਣਜਾਰਿਆਂ ਦਾ ਜ਼ਿਕਰ ਆਉਣ ਲੱਗ ਪਿਆ ਸੀ । ਇਹ ਲੋਕ ਵਪਾਰੀ ਸਨ ਤੇ

6. ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ* (ਸੰਪਾਦਕ ਰਤਨ ਸਿੰਘ ਜੱਗੀ), *ਪਰਖ*, ਚੰਡੀਗੜ੍ਹ, 1972, ਪੰਨੇ 170-71.
7. *ਅਖ਼ਬਾਰ-ਏ-ਦਰਬਾਰ-ਏ-ਮੁਅੱਲਾ, ਦੀ ਪੰਜਾਬ ਪਾਸਟ ਐਂਡ ਪਰੈਜੈਂਟ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅਕਤੂਬਰ, 1984.

SIKHBOOKCLUB.COM

ਸਿਰਫ ਵਪਾਰ ਦਾ ਹੀ ਕੰਮ ਕਰਦੇ ਸਨ। ਇਨ੍ਹਾਂ ਦੇ ਕਾਫ਼ਲਿਆਂ ਦੇ ਕਾਫ਼ਲੇ ਦੂਰ-ਦੁਰਾਡੇ ਦੇ ਦੇਸ਼ਾਂ ਵਿਚ ਚੱਕਰ ਲਗਾ ਆਉਂਦੇ ਸਨ। ਸੈਂਕੜੇ ਗੱਡਿਆਂ, ਊਠਾਂ, ਘੋੜਿਆਂ ਅਤੇ ਖੱਚਰਾਂ ਦੇ ਕਾਫ਼ਲੇ ਹੁੰਦੇ ਸਨ। ਇਹ ਲੋਕ ਲਗਾਤਾਰ ਸਾਲਾਂਬੱਧੀ ਆਪਣੇ ਘਰਾਂ ਤੋਂ ਬਾਹਰ ਰਹਿੰਦੇ ਸਨ। ਆਮ ਤੌਰ ਤੇ ਇਹ ਲੋਕ ਸ਼ਾਹੀ ਫੌਜਾਂ ਨੂੰ ਰਸਦ ਵਗੈਰਾ ਮੁਹੱਈਆ ਕਰਦੇ ਰਹਿੰਦੇ ਸਨ। ਬੁਨਿਆਦੀ ਤੌਰ ਤੇ ਇਹ ਸਿੱਖ ਧਰਮ ਦੇ ਅਨੁਆਈ ਸਨ ਪਰ ਆਮ ਤੌਰ ਤੇ ਇਹ ਭੇਸ ਬਦਲਾ ਕੇ ਹੀ ਬਾਹਰਲੇ ਰਾਜਾਂ ਵਿਚ ਵਿਚਰਦੇ ਸਨ। ਬੰਦਾ ਸਿੰਘ ਬਹਾਦੁਰ ਨੇ ਪੰਜਾਬ ਪਹੁੰਚਣ ਸਮੇਂ ਸਭ ਤੋਂ ਪਹਿਲਾਂ ਇਨ੍ਹਾਂ ਲੋਕਾਂ ਨੂੰ ਆਪਣੀ ਸੈਨਾ ਨਾਲ ਜੋੜਿਆ। ਸਰਕਾਰੀ ਖਬਰਾਂ ਵਿਚ ਵਣਜਾਰਿਆਂ ਦਾ ਵਾਰ ਵਾਰ ਜ਼ਿਕਰ ਆਉਣ ਦਾ ਕਾਰਨ ਹੀ ਇਹ ਸੀ ਕਿ ਇਹ ਬੰਦਾ ਸਿੰਘ ਬਹਾਦੁਰ ਦੀ ਸੈਨਾ ਨਾਲ ਮਿਲ ਗਏ ਸਨ। ਇਕ ਖ਼ਬਰ ਵਿਚ ਇਹ ਜ਼ਿਕਰ ਆਇਆ ਹੈ ਕਿ 'ਮੁਲਤਾਨ ਦੇ ਨੇੜਿਓਂ, ਚਾਲੀ ਨਾਨਕ-ਪੰਥੀ ਵਣਜਾਰਿਆਂ ਨੂੰ ਪਕੜ ਕੇ ਦਿੱਲੀ ਲਿਆਂਦਾ ਗਿਆ ਹੈ। ਕੋਤਵਾਲ ਸਰਬਰਾਹ ਖਾਨ ਨੂੰ ਹੁਕਮ ਦਿਤਾ ਗਿਆ ਹੈ ਕਿ ਜੇਕਰ ਇਹ ਵਣਜਾਰੇ ਇਸਲਾਮ ਕਬੂਲ ਨਹੀਂ ਕਰਦੇ ਤਾਂ ਇਨ੍ਹਾਂ ਨੂੰ ਕਤਲ ਕਰ ਦੇਣਾ ਚਾਹੀਦਾ ਹੈ।'[8]

ਬੰਦਾ ਸਿੰਘ ਬਹਾਦੁਰ ਦਾ ਸਮਕਾਲੀ ਲੇਖਕ ਖਾਫ਼ੀ ਖਾਂ ਲਿਖਦਾ ਹੈ ਕਿ ''ਇਹ ਵਣਜਾਰੇ ਜਿਹੜੇ ਕਿ ਪੰਜਾਬ ਵਿਚ ਸਿੱਖ ਧਰਮ ਦੇ ਅਤੇ ਸਿੱਖ ਲਹਿਰ ਦੇ ਵਫਾਦਾਰ ਹਨ ਹਰ ਸਮੇਂ ਹੀ ਸਿੱਖਾਂ ਨੂੰ ਰਾਸ਼ਨ ਮੁਹੱਈਆ ਕਰਨ ਦੇ ਕੰਮ ਵਿਚ ਲੱਗੇ ਹੋਏ ਹਨ। ਭਾਵੇਂ ਕਿ ਸਿੱਖ ਕਿਲ੍ਹਿਆਂ ਵਿਚ ਵੀ ਘਿਰੇ ਕਿਉਂ ਨਾ ਬੈਠੇ ਹੋਣ। ਕਿਲ੍ਹਿਆਂ ਵਿਚ ਘਿਰੇ ਹੋਣ ਦੀ ਸੂਰਤ ਵਿਚ ਸਿੱਖ ਕਿਲ੍ਹੇ ਦੀਆਂ ਕੰਧਾਂ ਉਪਰੋਂ ਇਨ੍ਹਾਂ ਵਣਜਾਰਿਆਂ ਦੇ ਕਾਫ਼ਲਿਆਂ ਵਲ ਕੱਪੜੇ ਸੁੱਟ ਦਿੰਦੇ ਸਨ। ਇਹ ਵਣਜਾਰੇ ਉਨ੍ਹਾਂ ਕੱਪੜਿਆਂ ਵਿੱਚ ਰਾਸ਼ਨ ਵਗੈਰਾ ਬੰਨ੍ਹ ਕੇ ਉਪਰੋਂ ਲਮਕਾਈਆਂ ਰੱਸੀਆਂ ਨਾਲ ਬੰਨ੍ਹ ਦਿੰਦੇ ਸਨ ਜਿਨ੍ਹਾਂ ਰਾਹੀਂ ਸਿੱਖ ਬੰਨ੍ਹੇ ਹੋਏ ਸਮਾਨ ਨੂੰ ਉਪਰ ਚੁੱਕ ਲੈਂਦੇ ਸਨ।'[9]

ਇਕ ਹੋਰ ਖ਼ਬਰ ਵਿਚ ਦੱਸਿਆ ਗਿਆ ਹੈ ਕਿ 'ਬਹੁਤੇ ਵਣਜਾਰੇ ਨਾਨਕ-ਪੂਜ ਹਨ ਅਤੇ ਖਾਲਸਾ ਮਹਿਲ ਦੇ ਜਿੰਮੀਦਾਰਾਂ ਦਯਾ, ਧੰਮਾਂ ਅਤੇ ਹੀਰਾ ਚੰਦ ਦੇ ਤਾਲੁੱਕੇ ਵਿਚ ਰਹਿ ਰਹੇ ਹਨ। ਇਹ ਵਣਜਾਰੇ ਬਾਗੀ ਸਿੱਖਾਂ ਲਈ ਸੂਹੀਆਂ ਦਾ ਕੰਮ ਕਰਦੇ ਹਨ, ਬੰਦਾ ਸਿੰਘ ਦੀ ਸੈਨਾ ਲਈ ਅਨਾਜ ਅਤੇ ਗੋਲੀ ਸਿੱਕਾ ਮੁਹੱਈਆ ਕਰਦੇ ਹਨ। ਬਾਦਸ਼ਾਹ ਨੇ ਲਾਹੌਰ ਦੇ ਨਾਜ਼ਿਮ, ਕਾਂਗੜਾ ਦੇ ਫੌਜਦਾਰ ਅਤੇ ਪਹਾੜੀ ਇਲਾਕਿਆਂ ਦੇ ਜਿੰਮੀਦਾਰਾਂ ਦੇ ਨਾਂ ਫੁਰਮਾਨ ਜਾਰੀ ਕੀਤੇ ਹਨ ਕਿ ਵਣਜਾਰਿਆਂ ਨੂੰ ਇਨ੍ਹਾਂ ਇਲਾਕਿਆਂ ਵਿਚੋਂ ਦੀ ਲੰਘਣ ਨਹੀਂ ਦੇਣਾ ਚਾਹੀਦਾ। ਜੇਕਰ ਉਹ ਪਕੜੇ ਜਾਣ ਤਾਂ ਉਨ੍ਹਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਲਈ ਬਾਗੀਆਂ ਦੀ ਲਹਿਰ ਵੀ ਦਬਾਈ ਜਾ ਸਕੇਗੀ ਅਤੇ ਉਨ੍ਹਾਂ ਲਈ ਅਨਾਜ ਦਾ ਮਿਲਣਾ ਵੀ ਬੰਦ ਹੋ ਸਕੇਗਾ। ਬਾਦਸ਼ਾਹ ਨੇ ਇਸ ਦੀ ਪੂਰਤੀ ਲਈ ਜ਼ਰੂਰੀ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ।'[10]

ਇਨ੍ਹਾਂ ਖ਼ਬਰਾਂ ਤੋਂ ਸਾਬਤ ਹੁੰਦਾ ਹੈ ਕਿ ਬੰਦਾ ਸਿੰਘ ਬਹਾਦੁਰ ਨੇ ਕਿਸ ਕਦਰ ਇਨ੍ਹਾਂ ਵਣਜਾਰੇ ਅਤੇ ਲੁਬਾਣੇ ਸਿੱਖਾਂ ਨੂੰ ਆਪਣੀ ਲਹਿਰ ਨਾਲ ਜੋੜ ਲਿਆ ਸੀ। ਇਥੋਂ ਸਿਹਰ-ਖੰਡੇ ਤੋਂ ਹੀ ਬੰਦਾ ਸਿੰਘ ਨੇ ਪੰਜਾਬ ਦੇ ਵੱਖ ਵੱਖ ਸਿੱਖ ਸਰਦਾਰਾਂ ਦੇ ਨਾਂ ਪੱਤਰ ਲਿਖੇ ਜਿਨ੍ਹਾਂ ਵਿਚ ਛੇਤੀ ਤੋਂ ਛੇਤੀ ਹਥਿਆਰਬੰਦ ਹੋ ਕੇ ਆਉਣ ਦੀ ਤਾਕੀਦ ਕੀਤੀ ਹੋਈ ਸੀ। ਇਨ੍ਹਾਂ ਪੱਤਰਾਂ ਦੇ ਜਵਾਬ ਵਿਚ ਸਿੱਖ ਧੜਾ-ਧੜ ਬੰਦਾ ਸਿੰਘ ਪਾਸ ਪਹੁੰਚਣੇ ਸ਼ੁਰੂ ਹੋ ਗਏ। ਸਾਰੇ ਪੰਜਾਬ ਵਿਚ ਇਹ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਕਿ ਗੁਰੂ ਗੋਬਿੰਦ ਸਿੰਘ ਨੇ ਆਪਣਾ ਇਕ ਬੰਦਾ ਭੇਜਿਆ ਹੈ ਜਿਸ ਨੇ ਹਕੂਮਤ ਦੇ ਖ਼ਿਲਾਫ਼ ਜੰਗਾਂ ਕਰਨੀਆਂ ਹਨ। ਸਿੱਖਾਂ ਨੂੰ ਜੋ ਵੀ ਮਿਲਿਆ ਉਹ ਉਹੀ ਕੁਝ ਲੈ ਕੇ ਤੁਰ ਪਿਆ। ਕੋਈ ਵੀ ਐਸਾ ਸਿੱਖ ਨੌਜੁਆਨ ਨਹੀਂ ਸੀ ਜੋ ਆਪਣੇ ਘਰ ਰਿਹਾ ਹੋਵੇ। ਗੰਡਾਸੇ, ਬਰਛੇ, ਤਲਵਾਰਾਂ ਅਤੇ ਟਾਕੂਏ-ਕੁਹਾੜੀਆਂ ਲੈ ਕੇ ਹੀ ਸਿੱਖਾਂ ਦੇ ਵਹੀਰ ਸਿਹਰ-ਖੰਡੇ ਵੱਲ ਨੂੰ ਚੱਲ ਪਏ ਸਨ। ਬੰਦਾ ਸਿੰਘ ਬਹਾਦੁਰ ਦੇ ਬਹੁਤ ਨੇੜੇ ਦੇ ਸਮੇਂ ਦਾ ਲੇਖਕ ਕੇਸਰ ਸਿੰਘ ਛਿੱਬਰ ਲਿਖਦਾ ਹੈ :

ਸਿੰਘਾਂ ਦੀਆਂ ਫੌਜਾਂ ਬਹੁਤ ਹੋਇ ਗਈਆਂ।
ਸੰਗਤਾਂ ਭੀ ਦੂਰ ਦੂਰ ਦੀਆਂ ਦੀਦਾਰ ਨੂੰ ਆਵਤ ਭਈਆਂ।
ਸਿੰਘਾਂ ਨੂੰ ਬੰਦਾ ਇਹ ਕਹੇ।
ਗ਼ਰੀਬ ਦੀ ਰੱਖਿਆ ਕਰੋ ਗਭਰੂ ਨਾ ਕੋਈ ਰਹੇ।
ਪਾਪ ਤਜੋ ਧਰਮ ਚਾਲ ਰਾਜੁ ਕਰੋ।
ਵੈਰ ਗੁਰੂ ਦਾ ਲੀਜੋ ਮਲੇਛ ਕੋ ਮਾਰ ਮਕਬਰੇ ਢਾਹਿ ਧਰੋ।[11]

---

8. *ਉਕਤ*, ਪੰਨਾ 88.
9. *ਮੁਤਖਾਬੁਲ-ਉਲ-ਲੁਬਾਬੋ*, ਇਲੀਅਟ ਐਂਡ ਡਾਊਸਨ, *ਹਿਸਟਰੀ ਆਫ਼ ਇੰਡੀਆ ਐਜ ਟੋਲਡ ਬਾਈ ਇਟਸ ਓਨ ਹਿਸਟੋਰੀਅਨਜ਼*, ਅਲਾਹਾਬਾਦ, 1964, ਪੰਨਾ 426.
10. *ਅਖ਼ਬਾਰ-ਏ-ਦਰਬਾਰ-ਏ-ਮੁਅੱਲਾ*, ਪੰਨਾ 89.
11. ਬੰਸਾਵਲੀ ਨਾਮਾ, *ਪੂਰਵ ਅੰਕਤ*, ਪੰਨਾ 173.

SIKHBOOKCLUB.COM

ਸਿੰਘਾਂ ਦੇ ਵਹੀਰਾਂ ਦੇ ਵਹੀਰ ਬੰਦਾ ਸਿੰਘ ਨਾਲ ਰਲਣ ਲਈ ਚੱਲ ਪਏ ਸਨ। ਜਿਨ੍ਹਾਂ ਸਿੱਖ ਮੁਖੀਆਂ ਦੇ ਨਾਂ ਸਾਨੂੰ ਲਿਖਤਾਂ ਵਿਚੋਂ ਮਿਲਦੇ ਹਨ ਉਹ ਇਸ ਤਰ੍ਹਾਂ ਹਨ। ਸਿੰਘਾਂ ਦੀ ਸਕਰੌਦੀ ਤੋਂ ਆਲੀ ਸਿੰਘ ਤੇ ਮਾਲੀ ਸਿੰਘ, ਭਾਈਕਿਆਂ ਤੋਂ ਭਾਈ ਫਤਿਹ ਸਿੰਘ, ਭਾਈ ਰੂਪਾ ਤੇ ਭਾਈ ਕਰਮ ਸਿੰਘ, ਫੂਲਕੀਆਂ ਘਰਾਣੇ ਵਿਚੋਂ ਚੌਧਰੀ ਰਾਮਾ ਤੇ ਤਿਲੋਕਾ, ਬਰਾੜਾਂ ਦੇ ਕਬੀਲੇ, ਭੁੱਲਰ, ਢਿਲੋਂ ਧਾਲੀਵਾਲ, ਮੰਡੇਰ, ਰੰਧਾਵੇ, ਆਦਿ ਸਾਰੇ ਜੱਟ ਕਬੀਲੇ, ਆਪੋ ਆਪਣੇ ਮੁੱਖੀਆਂ ਨਾਲ ਚੱਲ ਪਏ ਸਨ। ਮਾਝੇ ਅਤੇ ਦੁਆਬੇ ਤੋਂ ਵੱਡੇ ਵੱਡੇ ਕਾਫ਼ਲੇ ਇਕੱਠੇ ਹੋ ਕੇ ਤੁਰ ਪਏ ਸਨ। ਮਾਲਵੇ ਵਿਚੋਂ ਤਾਂ ਸਿੰਘਾਂ ਲਈ ਜਾਣਾ ਸੌਖਾ ਸੀ ਕਿਉਂਕਿ ਉਨ੍ਹਾਂ ਲਈ ਬੰਦਾ ਸਿੰਘ ਨੇੜੇ ਵੀ ਸੀ ਅਤੇ ਉਹ ਸਿੱਧੇ ਰਸਤਿਆਂ ਵਿਚੋਂ ਦੀ ਬਿਨਾਂ ਕਿਸੇ ਰੋਕ ਟੋਕ ਦੇ ਪਹੁੰਚ ਸਕਦੇ ਸਨ। ਇਹ ਗੱਲ ਮਾਝੇ ਅਤੇ ਦੁਆਬੇ ਦੇ ਸਿੰਘਾਂ ਲਈ ਨਹੀਂ ਸੀ। ਇਕ ਤਾਂ ਉਹ ਬੰਦਾ ਸਿੰਘ ਕੋਲੋਂ ਬਹੁਤ ਦੂਰ ਸਨ। ਦੂਸਰਾ ਉਨ੍ਹਾਂ ਦੇ ਰਸਤਿਆਂ ਵਿਚ ਦਰਿਆ ਪੈਂਦੇ ਸਨ। ਬੰਦਾ ਸਿੰਘ ਦੀ ਆਮਦ ਸੁਣ ਕੇ ਹਕੂਮਤ ਨੇ ਚਾਰੇ ਪਾਸੇ ਫੌਜੀ ਗਸ਼ਤਾਂ ਤੇਜ਼ ਕਰ ਦਿੱਤੀਆਂ ਸਨ ਅਤੇ ਹਰ ਮੁੱਖ ਮਾਰਗ ਤੇ ਫੌਜੀ ਪਹਿਰੇ ਲਾ ਦਿੱਤੇ ਗਏ ਸਨ। ਮੁਗ਼ਲ ਫੌਜਾਂ ਨੇ ਦਰਿਆਵਾਂ ਦੇ ਪੱਤਣ ਰੋਕ ਰੱਖੇ ਸਨ। ਇਸ ਨਾਲ ਮਾਝੇ ਅਤੇ ਦੁਆਬੇ ਦੇ ਸਿੱਖ ਜੱਥੇ ਕੀਰਤਪੁਰ ਸਾਹਿਬ ਦੇ ਨੇੜੇ ਸਤਲੁਜ ਦਰਿਆ ਦੇ ਸੱਜੇ ਕੰਢੇ ਤੇ ਆ ਕੇ ਇਕੱਠੇ ਹੋ ਕੇ ਖੜ੍ਹ ਗਏ ਸਨ। ਅਗਲੇ ਕੰਢੇ ਤੇ ਮੁਗਲ ਫੌਜਾਂ ਰਾਹ ਰੋਕੀ ਖੜੀਆਂ ਸਨ। ਸਿੰਘਾਂ ਦਾ ਇਕੱਠ ਤਾਂ ਬਹੁਤ ਵੱਡਾ ਸੀ ਪਰ ਉਹ ਇਕ ਨੇਤਾ ਦੀ ਅਗਵਾਈ ਵਿਚ ਨਹੀਂ ਸਨ। ਵੱਡੇ ਇਕੱਠ ਕਰਕੇ ਹੀ ਇਧਰਲੇ ਕੰਢੇ ਤੇ ਖੜ੍ਹੀ ਮੁਗ਼ਲ ਫੌਜ ਨੇ ਉਨ੍ਹਾਂ ਉਪਰ ਹਮਲਾ ਨਹੀਂ ਕੀਤਾ ਸੀ। ਉਧਰ ਸਿੰਘ ਇਸ ਭੈਅ ਅਧੀਨ ਖੜੇ ਰਹੇ ਸਨ ਕਿ ਉਹ ਬੰਦਾ ਸਿੰਘ ਤੋਂ ਬਿਨਾਂ ਕਿਵੇਂ ਲੜਨਗੇ ਅਤੇ ਇਧਰ ਮੁਗਲ ਫੌਜ ਇਤਨੇ ਵੱਡੇ ਇਕੱਠ ਦੀ ਤਾਕਤ ਤੋਂ ਡਰਦੀ ਰੁਕੀ ਖੜ੍ਹੀ ਸੀ। ਇਸ ਦੋਚਿੱਤੀ ਦੇ ਮਾਹੌਲ ਵਿਚ ਸਿੰਘਾਂ ਦੇ ਇਕੱਠ ਨੇ ਕੁਝ ਵਲ-ਵਲੇਵੇਂ ਪਾ ਕੇ ਆਪਣੇ ਕੁਝ ਆਦਮੀ ਬੰਦਾ ਸਿੰਘ ਵੱਲ ਚੋਰੀ-ਛੁਪੇ ਭੇਜੇ। ਇਨ੍ਹਾਂ ਨੇ ਬੰਦਾ ਸਿੰਘ ਪਾਸ ਪਹੁੰਚ ਕੇ ਸਾਰੀ ਗੱਲ ਦੱਸੀ ਕਿ ਉਹ ਕਿਸ ਤਰ੍ਹਾਂ ਨਾਲ ਆ ਕੇ ਮਿਲ ਸਕਦੇ ਹਨ। ਬੰਦਾ ਸਿੰਘ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਖੁਦ ਸਰਹਿੰਦ ਵੱਲ ਵੱਧਦਾ ਆ ਰਿਹਾ ਹੈ ਜਿਉਂ ਹੀ ਉਹ ਠੀਕ ਸਮਝੇਗਾ ਉਦੋਂ ਹੀ ਉਨ੍ਹਾਂ ਵੱਲ ਬੰਦੇ ਭੇਜ ਕੇ ਉਨ੍ਹਾਂ ਨੂੰ ਆਉਣ ਲਈ ਕਹਿ ਦੇਵੇਗਾ। ਲੇਕਿਨ ਉਹ ਸਾਰੇ ਬੰਦਾ ਸਿੰਘ ਦੇ ਅਗਲੇ ਹੁਕਮਾਂ ਤਕ ਉਥੇ ਹੀ ਟਿਕੇ ਰਹਿਣ। ਕੀਰਤਪੁਰ ਸਾਹਿਬ ਅਤੇ ਸਿਹਰ-ਖੰਡੇ ਦਾ ਫਾਸਲਾ ਕਾਫੀ ਦੂਰੀ ਦਾ ਸੀ। ਵਿਚਕਾਰ ਰੋਪੜ, ਸਰਹਿੰਦ ਅਤੇ ਸਮਾਣੇ ਜੈਸੀਆਂ ਬਹੁਤ ਮਜ਼ਬੂਤ ਮੁਗਲ ਸੈਨਿਕ ਚੌਂਕੀਆਂ ਸਨ ਇਸ ਲਈ ਬਜਾਏ ਇਸ ਦੇ ਕਿ ਸਤਲੁਜ ਦੇ ਕੰਢੇ ਤੇ ਰੁਕਿਆ ਦਲ ਇਕੱਲਾ ਹੀ ਮੁਗਲ ਫੌਜਾਂ ਨਾਲ ਉਲਝ ਪਏ ਉਹ ਬੰਦਾ ਸਿੰਘ ਦੇ ਨੇੜੇ ਆਉਣ ਦੀ ਉਡੀਕ ਕਰਨ ਲੱਗਾ। ਸਹੇਰੀ-ਖੰਡੇ ਦੀ ਜੂਹ ਵਿਚ ਬੰਦਾ ਸਿੰਘ ਬਹਾਦੁਰ ਪਾਸ ਮਾਲਵੇ ਵਿਚੋਂ ਆਏ ਸਿੰਘਾਂ ਦਾ ਪੂਰਾ ਇਕੱਠ ਹੋ ਗਿਆ ਸੀ। ਸਿੰਘ ਮਾਰੋ ਮਾਰ ਕਰਦੇ ਹੋਏ ਬੰਦਾ ਸਿੰਘ ਪਾਸ ਇਕੱਠੇ ਹੋ ਰਹੇ ਸਨ। ਸਮਕਾਲੀ ਲੇਖਕਾਂ ਦੇ ਅਨੁਸਾਰ ਅਤੇ ਸਰਕਾਰੀ ਸੂਹੀਆਂ ਦੇ ਅੰਦਾਜ਼ਿਆਂ ਅਨੁਸਾਰ ਬੰਦਾ ਸਿੰਘ ਪਾਸ ਚਾਲੀ ਹਜ਼ਾਰ ਦੇ ਕਰੀਬ ਸਿੰਘ ਇਕੱਠਾ ਹੋ ਗਿਆ ਸੀ। ਭਾਵੇਂ ਸਿੱਖ ਇਤਿਹਾਸਕਾਰਾਂ ਨੇ ਇਤਨੀ ਵੱਡੀ ਫੌਜ ਨੂੰ ਮੰਨਣ ਤੋਂ ਇਨਕਾਰ ਕੀਤਾ ਹੋਇਆ ਹੈ। ਉਨ੍ਹਾਂ ਦੇ ਮਨ ਵਿਚ ਇਸ ਦਾ ਇਕ ਕਾਰਨ ਤਾਂ ਇਹ ਹੈ ਕਿ ਉਹ ਬੰਦਾ ਸਿੰਘ ਨੂੰ ਇਕ ਸ਼ਰਾਰਤੀ ਸਾਧ ਤੋਂ ਪਰਿਵਰਤਤ ਹੋਇਆ ਸਿੰਘ ਮੰਨ ਰਹੇ ਹਨ ਅਤੇ ਦੂਸਰਾ ਇਹ ਕਿ ਜਿਵੇਂ ਕਿ ਉਹ ਗੁਰੂ ਜੀ ਕੋਲੋਂ ਇਕੱਲਾ ਹੀ ਆਇਆ ਹੋਵੇ। ਸਿੱਖ ਇਤਿਹਾਸਕਾਰ ਬੰਦਾ ਸਿੰਘ ਨੂੰ ਇਸ ਤਰ੍ਹਾਂ ਪੇਸ਼ ਕਰ ਹਨ ਜਿਵੇਂ ਕਿ ਉਹ ਅਣਜਾਣ ਅਤੇ ਓਪਰੇ ਬੰਦੇ ਦੇ ਤੌਰ ਤੇ ਪੰਜਾਬ ਵਿਚ ਪਹੁੰਚਿਆ ਹੋਵੇ। ਇਹ ਗੱਲਾਂ ਸਭ ਤਰਕ-ਰਹਿਤ ਹਨ ਅਤੇ ਗ਼ਲਤ ਲਿਖਤਾਂ ਉਪਰ ਆਧਾਰਤ ਹਨ। ਨਾ ਹੀ ਉਹ ਸ਼ਰਾਰਤੀ ਸਾਧ ਸੀ ਅਤੇ ਨਾ ਹੀ ਉਹ ਨਾਂਦੇੜ ਤੋਂ ਮੁੱਠੀ ਕੁ ਭਰ ਸਿੰਘਾਂ ਨਾਲ ਹੀ ਆਇਆ ਸੀ। ਉਹ ਸ਼ਾਹੀ ਫੌਜ ਵਿਚ ਸਿੱਖ ਸੈਨਿਕ ਟੁਕੜੀ ਦਾ ਇਕ ਸਿਰਕੱਢ ਜਰਨੈਲ ਸੀ ਅਤੇ ਬਾਦਸ਼ਾਹ ਦੇ ਸ਼ਾਹੀ ਕੈਂਪ ਨਾਲ ਕਾਬੁਲ ਤੋਂ ਦਿੱਲੀ ਨੂੰ ਆਉਣ ਸਮੇਂ ਲਾਹੌਰ ਅਤੇ ਸਰਹਿੰਦ ਵਿਚੋਂ ਦੀ ਗੁਜ਼ਰਿਆ ਸੀ। ਉਸ ਨੂੰ ਯੁੱਧ ਦੇ ਮੈਦਾਨ ਦੇ ਹਰ ਦਾਅ-ਪੇਚ ਦਾ ਪਤਾ ਸੀ। ਉਸ ਨੂੰ ਮੁਗਲ ਫੌਜ ਦੇ ਹਰ ਕੈਂਪ ਦੀ ਜਾਣਕਾਰੀ ਸੀ। ਉਸ ਨੂੰ ਇਹ ਵੀ ਪਤਾ ਸੀ ਕਿ ਪੰਜਾਬ ਦਾ ਕਿਹੜਾ ਖੇਤਰ ਮੁਗ਼ਲ ਫੌਜ ਦੀ ਤਾਕਤ ਤੋਂ ਕਮਜ਼ੋਰ ਹੈ। ਉਹ ਗੁਰੂ ਗੋਬਿੰਦ ਸਿੰਘ ਜੀ ਦਾ ਵਿਸ਼ਵਾਸ ਪਾਤਰ ਸੀ ਅਤੇ ਗੁਰੂ ਜੀ ਦੀ ਇਜ਼ਾਜਤ ਨਾਲ ਹੀ ਬਾਦਸ਼ਾਹ ਦੀ ਸ਼ਾਹੀ ਫੌਜ ਵਿਚ ਵਿਚਰਦਾ ਸੀ।

ਜਿਸ ਤਰ੍ਹਾਂ ਬੰਦਾ ਸਿੰਘ ਦੇ ਹਮਲਿਆਂ ਅੱਗੇ ਮੁਗ਼ਲ ਹਕੂਮਤ ਸਮੇਂ ਦੇ ਸਮਾਣਾ ਤੇ ਸਢੌਰਾ, ਦੋ ਸਿਰਕੱਢ ਸ਼ਹਿਰ ਕੱਖ-ਕਾਨਿਆਂ ਵਾਂਗ ਵਹਿ ਗਏ ਸਨ ਉਸ ਤੋਂ ਤਾਂ ਇਹੀ ਜਾਪਦਾ ਹੈ ਕਿ ਬੰਦਾ ਸਿੰਘ ਪਾਸ ਬੇਅੰਤ ਫੌਜਾਂ ਸਨ। ਸਮਾਣੇ ਵਰਗੇ ਸ਼ਹਿਰ ਮੁੱਠੀ ਭਰ ਸਿੰਘਾਂ ਨਾਲ ਫਤਿਹ ਹੋਣ ਵਾਲੇ ਸ਼ਹਿਰ ਨਹੀਂ ਸਨ। ਇਸ ਕਰਕੇ ਸਚਾਈ ਇਹ ਹੀ ਹੈ ਕਿ ਬੰਦਾ ਸਿੰਘ ਪਾਸ ਸਿਹਰ-ਖੰਡੇ ਪਾਸ ਹੀ ਹਜ਼ਾਰਾਂ ਦੀ ਗਿਣਤੀ ਵਿਚ ਸਿੰਘ ਇਕੱਠੇ ਹੋ ਗਏ ਸਨ। ਇਕ ਪੂਰੀ ਸਿੱਖ ਰਜਮੈਂਟ ਤਾਂ ਉਸ ਦੀ ਆਪਣੀ ਹੀ ਸੀ, ਬਾਕੀ ਢਾਈ ਤਿੰਨ ਸੌ ਸਿੰਘ ਗੁਰੂ ਜੀ ਦੀ ਹਜ਼ੂਰੀ ਵਾਲਾ ਸੀ। ਇਸ ਤੋਂ ਇਲਾਵਾ ਉਹ ਰਾਜਪੂਤਾਨੇ ਦੇ ਸ਼ਹਿਰਾਂ ਵਿਚੋਂ ਦੀ ਲੰਘਦਾ ਆ ਰਿਹਾ ਸੀ। ਹਰ ਥਾਂ ਤੇ ਸਿੱਖ ਸੰਗਤਾਂ ਸਨ। ਰਸਤੇ ਵਿਚ ਵੀ ਉਸ ਨਾਲ ਅਨੇਕਾਂ ਸਿੰਘ ਰਲ ਗਏ ਸਨ। ਇਉਂ ਜੇਕਰ ਕੋਈ ਸਮਕਾਲੀ ਮੁਸਲਿਮ ਲੇਖਕ ਉਸ ਪਾਸ ਚਾਲੀ ਹਜ਼ਾਰ ਸਿੰਘ ਇਕੱਠਾ ਹੋਇਆ ਦਸਦਾ ਹੈ ਤਾਂ ਇਸ ਵਿਚ ਕੋਈ ਅਤਿਕਥਨੀ

SIKHBOOKCLUB.COM

ਨਹੀਂ ਹੈ। ਆਖਰਕਾਰ ਪੰਜਾਬ ਵਿਚ ਲੱਖਾਂ ਦੀ ਤਾਦਾਦ ਵਿਚ ਸਿੱਖ ਸਨ। ਇਹ ਸਿੱਖ ਆਪਣੇ ਗੁਰੂ ਦੇ ਇਕੋ ਹੀ ਇਸ਼ਾਰੇ ਤੇ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋ ਸਕਦੇ ਸਨ।

ਸਹੇਰੀ-ਖੰਡਾ ਬੰਦਾ ਸਿੰਘ ਬਹਾਦੁਰ ਦੀਆਂ ਸੈਨਿਕ ਮੁਹਿੰਮਾਂ ਦਾ ਇਕ ਮੁੱਢਲਾ ਕੇਂਦਰ ਬਣ ਗਿਆ ਸੀ। ਬੰਦਾ ਸਿੰਘ ਇਕ ਪੂਰੇ ਰੋਹ ਭਰੇ ਇਕੱਠ ਦਾ ਸ਼ੇਰ-ਦਿਲ ਜਰਨੈਲ ਸੀ। ਉਸ ਨੇ ਸਹੇਰੀ-ਖੰਡੇ ਤੋਂ ਛੇਤੀ ਹੀ ਆਪਣੇ ਸੈਨਿਕ ਹਮਲਿਆਂ ਦੀ ਸ਼ੁਰੂਆਤ ਕੀਤੀ।

ਸੋਨੀਪਤ : ਪਹਿਲਾ ਹਮਲਾ ਸੋਨੀਪਤ ਉਪਰ ਕੀਤਾ ਗਿਆ। ਇਹ ਨਗਰ ਮੁਗ਼ਲ ਹਕੂਮਤ ਦੀ ਇਕ ਤਕੜੀ ਸੈਨਿਕ ਚੌਕੀ ਸੀ। ਸਿੰਘਾਂ ਨੇ ਅਰਦਾਸ ਕਰਕੇ ਸ਼ਹਿਰ ਉਪਰ ਐਸਾ ਹਮਲਾ ਕੀਤਾ ਕਿ ਸੋਨੀਪਤ ਦਾ ਫੌਜਦਾਰ, ਜ਼ਿਆਦਾ ਫੌਜ ਹੋਣ ਦੇ ਬਾਵਜੂਦ ਵੀ ਦਿੱਲੀ ਵੱਲ ਨੂੰ ਦੌੜ ਗਿਆ। ਨਗਰ ਨੂੰ ਉਥੋਂ ਦੇ ਹੀ ਮੁਹਤਬਰ ਬੰਦਿਆਂ ਦੀ ਇਕ ਪੰਚਾਇਤ ਬਣਾ ਕੇ ਉਨ੍ਹਾਂ ਦੇ ਸਪੁਰਦ ਕਰ ਦਿੱਤਾ ਗਿਆ ਸੀ ਅਤੇ ਬੰਦਾ ਸਿੰਘ ਲੋੜੀਂਦਾ ਨਜ਼ਰਾਨਾ ਲੈਣ ਉਪਰੰਤ ਅੱਗੇ ਪੰਜਾਬ ਵੱਲ ਨੂੰ ਤੁਰ ਪਿਆ।

ਕੈਥਲ : ਕੈਥਲ ਭਾਵੇਂ ਕੋਈ ਮਹੱਤਵਪੂਰਨ ਸੈਨਿਕ ਚੌਕੀ ਨਹੀਂ ਸੀ ਪਰ ਜਦੋਂ ਬੰਦਾ ਸਿੰਘ ਦਾ ਖਾਲਸਾ ਦਲ ਕੈਥਲ ਦੇ ਕੋਲ ਪਹੁੰਚਿਆ ਸੀ ਤਾਂ ਪਤਾ ਲੱਗਿਆ ਕਿ ਕੈਥਲ ਦੇ ਕੋਲੋਂ ਦੀ ਸਰਕਾਰੀ ਖ਼ਜ਼ਾਨਾ ਲਿਜਾਇਆ ਜਾ ਰਿਹਾ ਹੈ। ਸਿੰਘਾਂ ਦੇ ਦਲ ਸਾਹਮਣੇ ਖ਼ਜ਼ਾਨਾ ਲਿਜਾ ਰਹੇ ਸੈਨਿਕਾਂ ਦੀ ਕੀ ਵਾਹ ਚੱਲਣੀ ਸੀ। ਉਨ੍ਹਾਂ ਨੇ ਅੱਖ ਦੇ ਫੋਰ ਵਿਚ ਹੀ ਖ਼ਜ਼ਾਨਾ ਵੀ ਲੁੱਟ ਲਿਆ ਅਤੇ ਸਥਾਨਕ ਚੌਧਰੀਆਂ ਕੋਲੋਂ ਘੋੜੇ ਵੀ ਕਾਫ਼ੀ ਗਿਣਤੀ ਵਿਚ ਪਰਾਪਤ ਕਰ ਲਏ। ਸੋਨੀਪਤ ਵਾਂਗ ਹੀ ਕੈਥਲ ਦਾ ਪਰਬੰਧ ਵੀ ਉਥੋਂ ਦੀ ਸਥਾਨਕ ਪੰਚਾਇਤ ਨੂੰ ਸੌਂਪ ਦਿੱਤਾ ਗਿਆ ਸੀ।

SIKHBOOKCLUB.COM

4. ਸਮਾਣੇ ਦੀ ਜਿੱਤ

ਸਮਾਣਾ ਬੰਦਾ ਸਿੰਘ ਬਹਾਦੁਰ ਦੀ, ਪਹਿਲੀ ਵੱਡੀ ਲੜਾਈ ਸੀ ਜਿਸ ਰਾਹੀਂ ਉਸ ਨੇ ਇਕ ਬਾਕਾਇਦਾ ਰੂਪ ਵਿਚ ਮੁਗਲ ਰਾਜ ਦੇ ਇਕ ਤਕੜੇ ਰਾਜਨੀਤਕ ਕੇਂਦਰ ਨੂੰ ਜਿੱਤਿਆ ਸੀ। ਭਾਵੇਂ ਇਸ ਤੋਂ ਪਹਿਲਾਂ ਬੰਦਾ ਸਿੰਘ ਕਈ ਪਿੰਡਾਂ ਨੂੰ ਜਿੱਤ ਚੁੱਕਿਆ ਸੀ ਪਰ ਉਹ ਪਿੰਡ ਸਰਕਾਰੀ ਸੱਤਾ ਦੇ ਕੇਂਦਰ ਨਹੀਂ ਸਨ। ਸਮਾਣਾ, ਸਰਹਿੰਦ ਪਰਾਂਤ ਦਾ ਇਕ ਮਹੱਤਵਪੂਰਨ ਪਰਗਣਾ ਸੀ। ਪਰਗਣਾ ਹੋਣ ਦੇ ਨਾਲ ਨਾਲ ਇਥੇ ਮੁਸਲਿਮ ਸਮਾਜ ਦੇ ਅਤਿ ਸ਼ਰੇਸ਼ਟ ਪਠਾਣ ਨਵਾਬ ਵੀ ਰਹਿੰਦੇ ਸਨ। ਇਨ੍ਹਾਂ ਪਠਾਣ ਨਵਾਬਾਂ ਦਾ ਮੁਗਲ ਸਰਕਾਰ ਦੇ ਕੇਂਦਰ ਵਿਚ ਵੀ ਉੱਚਾ ਰੁਤਬਾ ਸੀ ਅਤੇ ਮੁਸਲਮ ਸਮਾਜ ਵਿਚ ਵੀ ਇਹ ਆਪਣੀ ਸ਼ਰੇਸ਼ਟਤਾ ਕਰਕੇ ਜਾਣੇ ਜਾਂਦੇ ਸਨ। ਰਵਾਇਤੀ ਤੌਰ ਤੇ ਇਥੇ ਉੱਚ-ਰੁਤਬੇ ਵਾਲੇ ਬਾਈ ਪਠਾਣ ਨਵਾਬ ਰਹਿੰਦੇ ਸਨ। ਇਨ੍ਹਾਂ ਬਾਈ ਨਵਾਬਾਂ ਦੇ ਆਪਣੇ ਆਪਣੇ ਖੇਤਰ ਸਨ। ਹਰ ਖੇਤਰ ਵਿਚ ਉਸੇ ਖੇਤਰ ਦੇ ਨਵਾਬ ਦਾ ਹੁਕਮ ਹੀ ਚਲਦਾ ਸੀ। ਇਹ ਬਾਈ ਦੇ ਬਾਈ ਨਵਾਬ ਪੂਰੀਆਂ ਸਰਕਾਰੀ ਸਹੂਲਤਾਂ ਦੇ ਅਧਿਕਾਰੀ ਸਨ ਅਤੇ ਇਨ੍ਹਾਂ ਨੂੰ ਆਪਣਾ ਆਪਣਾ ਕਿਲ੍ਹਾ ਉਸਾਰਨ ਦਾ ਅਧਿਕਾਰ ਵੀ ਸੀ। ਸਮਾਣੇ ਵਿਚ ਰਵਾਇਤ ਪਰਚੱਲਤ ਹੈ ਕਿ ਇਥੇ ਬਾਈ ਕਿਲ੍ਹੇ ਸਨ। ਕੁਦਰਤੀ ਹੈ ਕਿ ਕਿਲ੍ਹੇ ਦੀ ਹਿਫਾਜ਼ਤ ਲਈ ਹਰ ਨਵਾਬ ਦੀ ਆਪਣੀ ਆਪਣੀ ਫੌਜ ਵੀ ਹੋਵੇਗੀ। ਹਰ ਨਵਾਬ ਦਾ ਦਿੱਲੀ ਦੇ ਮੁਗ਼ਲ ਦਰਬਾਰ ਵਿਚ ਕੋਈ ਨਾ ਕੋਈ ਨੁਮਾਇੰਦਾ ਰਹਿੰਦਾ ਸੀ। ਇਸ ਤਰ੍ਹਾਂ ਇਹ ਨਵਾਬ, ਪੁਸ਼ਤੀ ਅਮੀਰ ਅਤੇ ਸ਼ਾਹੀ ਅਧਿਕਾਰ ਪਰਾਪਤ ਵਿਅਕਤੀ ਸਨ। ਇਸ ਪੱਖੋਂ ਇਹ ਕਿਹਾ ਜਾ ਸਕਦਾ ਹੈ ਕਿ ਸਮਾਣਾ ਇਕ ਬਹੁਤ ਹੀ ਮਹੱਤਵਪੂਰਨ ਮੁਗਲ ਕੇਂਦਰ ਸੀ ਜਿਥੇ ਅਥਾਹ ਧੰਨ-ਦੌਲਤ ਸੀ।

ਅੱਜ ਸਮਾਣਾ ਇਕ ਉੱਚੇ ਥੇਹ ਉਪਰ ਫਿਰ ਤੋਂ ਵਸਿਆ ਹੋਇਆ ਸ਼ਹਿਰ ਹੈ। ਇਸ ਦਾ ਉੱਚਾ ਥੇਹ ਦੱਸਦਾ ਹੈ ਕਿ ਬੰਦਾ ਸਿੰਘ ਬਹਾਦੁਰ ਨੇ ਸਮੁੱਚੇ ਸ਼ਹਿਰ ਨੂੰ ਮਿੱਟੀ ਵਿਚ ਮਿਲਾ ਦਿਤਾ ਸੀ। ਅੱਜ ਕੱਲ੍ਹ ਨਵ-ਉਸਰੇ ਸ਼ਹਿਰ ਵਿਚ ਕਿਤੇ ਕਿਤੇ ਕੋਈ ਟਾਂਵੀਂ ਟਾਂਵੀਂ ਪੁਰਾਣੀ ਹਵੇਲੀ ਆਪਣੇ ਖੰਡਰਾਤ ਰੂਪ ਵਿਚ ਖੜ੍ਹੀ ਹੈ ਜਿਵੇਂ ਕਿ ਜੈਨੀਆਂ ਦੇ ਮੁਹੱਲੇ ਵਿਚ। ਇਨ੍ਹਾਂ ਹਵੇਲੀਆਂ ਦੇ ਖੰਡਰਾਤ ਹੀ ਦੱਸਦੇ ਹਨ ਕਿ ਇਹ ਆਪਣੇ ਸਮੇਂ ਦੀਆਂ ਅਤਿ ਸ਼ਾਨਦਾਰ ਹਵੇਲੀਆਂ ਸਨ ਜਿਹੜੀਆਂ ਸਿੰਘਾਂ ਦੇ ਗੁੱਸੇ ਦਾ ਐਸਾ ਸ਼ਿਕਾਰ ਹੋ ਗਈਆਂ ਸਨ ਕਿ ਦੇਖਦਿਆਂ ਹੀ ਦੇਖਦਿਆਂ ਦੋ-ਚਾਰ ਦਿਨਾਂ ਵਿਚ ਹੀ ਆਪਣਾ ਵਜੂਦ ਗੁਆ ਬੈਠੀਆਂ ਸਨ। ਬਾਈ ਕਿਲ੍ਹਿਆਂ ਵਿਚੋਂ ਅੱਜ ਇਕ ਵੀ ਕਿਲ੍ਹਾ ਇਥੇ ਨਹੀਂ ਹੈ। ਇਥੋਂ ਤੱਕ ਕਿ ਇਨ੍ਹਾਂ ਦੇ ਨਾਂ ਨਿਸ਼ਾਨ ਤੱਕ ਵੀ ਨਹੀਂ ਹਨ। ਪੁਸ਼ਤੀ ਕਿਲ੍ਹਿਆਂ ਅਤੇ ਹਵੇਲੀਆਂ ਦਾ ਨਾਂ-ਨਿਸ਼ਾਨ ਤੱਕ ਆਲੋਪ ਹੋ ਜਾਣਾ ਦਸਦਾ ਹੈ ਕਿ ਇਨ੍ਹਾਂ ਦੀ ਬਰਬਾਦੀ ਕਿਸ ਪੱਧਰ ਤੇ ਹੋਈ ਹੋਵੇਗੀ। ਜੇਕਰ ਸਮੇਂ ਦੀ ਤੋਰ ਮੁਤਾਬਕ ਕਿਸੇ ਥਾਂ ਦੀ ਬਰਬਾਦੀ ਹੋਈ ਹੋਵੇ ਤਾਂ ਉਸ ਥਾਂ ਦੀ ਕੋਈ ਨਾ ਕੋਈ ਨਿਸ਼ਾਨੀ ਜ਼ਰੂਰ ਬਚੀ ਰਹਿੰਦੀ ਹੈ ਪਰ ਜੇ ਬਰਬਾਦੀ ਜਾਣ-ਬੁੱਝ ਕੇ ਕੀਤੀ ਗਈ ਹੋਵੇ ਤਾਂ ਕੋਈ ਨਿਸ਼ਾਨੀ ਬਚ ਕੇ ਰਹਿ ਹੀ ਨਹੀਂ ਸਕਦੀ। ਮੈਂ ਸਮਾਣਾ ਸ਼ਹਿਰ ਦਾ ਸਰਵੇਖਣ ਕਰਦੇ ਹੋਏ ਬੜੀ ਕੋਸ਼ਿਸ਼ ਕੀਤੀ ਸੀ ਕਿ ਕਿਤੇ ਨਾ ਕਿਤੇ ਕਿਸੇ ਕਿਲੇ ਦੇ ਖੰਡਰਾਤ ਦਿਖ ਜਾਣ। ਪਰ ਲੱਖ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਕਿਸੇ ਕਿਲ੍ਹੇ ਦਾ ਖੰਡਰਾਤ ਨਹੀਂ ਲੱਭ ਸਕਿਆ। ਹਾਂ ਜਿਹੜੇ ਖੰਡਰਾਤ ਹਵੇਲੀਆਂ ਦੇ ਇਸ ਸਮੇਂ ਮੌਜੂਦ ਹਨ ਉਹ ਉਸ ਸਮੇਂ ਹਿੰਦੂ ਮੁਹੱਲਿਆਂ ਵਿਚ ਸਨ। ਜਿਵੇਂ ਕਿ ਮੈਂ ਪਿੱਛੇ ਦੱਸਿਆ ਹੈ ਕਿ ਇਹ ਵਰਤਮਾਨ ਜੈਨੀਆਂ ਦੇ ਮੁਹੱਲੇ ਵਿਚ ਸਨ। ਜੈਨੀਆਂ ਦਾ ਮੁਹੱਲਾ ਮੁਗਲਾਂ ਵੇਲੇ ਵੀ ਸਮਾਣੇ ਦਾ ਇਕ ਮੁਹੱਲਾ ਸੀ। ਇਹ ਵੀ ਭਾਵੇਂ ਇਕ ਥੇਹ ਉਪਰ ਮੁੜ ਤੋਂ ਉਸਰਿਆ ਹੋਇਆ ਮੁਹੱਲਾ ਹੈ। ਥੇਹ ਸਿਰਫ ਉਹ ਘਰ ਅਤੇ ਹਵੇਲੀਆਂ ਹੋਈਆਂ ਸਨ ਜੋ ਮੁਸਲਮਾਨਾਂ ਦੀਆਂ ਸਨ।

ਹਾਂ ਜੇ ਕੋਈ ਪੁਰਾਣੀ ਯਾਦਗਾਰ ਅੱਜ ਸਮਾਣੇ ਵਿਚ ਕਾਇਮ ਹੈ ਅਤੇ ਦੇਖੀ ਜਾ ਸਕਦੀ ਹੈ ਉਹ ਹਨ ਇਥੋਂ ਦੀਆਂ ਮਸਜਿਦਾਂ ਅਤੇ ਈਦਗਾਹਾਂ। ਬੰਦਾ ਸਿੰਘ ਬਹਾਦੁਰ ਨੇ ਮੁਸਲਮਾਨਾਂ ਦੇ ਧਾਰਮਿਕ ਅਸਥਾਨਾਂ ਨੂੰ ਨਹੀਂ ਢਾਹਿਆ ਸੀ। ਅੱਜ ਇਮਾਮਗੜ੍ਹ ਦੀਆਂ ਸਾਰੀਆਂ ਮਸਜਿਦਾਂ ਕਾਇਮ ਹਨ। ਵੜੈਚ ਪਿੰਡ ਨੂੰ ਜਾਂਦਿਆਂ ਸੜਕ ਦੇ ਉਪਰ ਹੀ ਇਕ ਈਦਗਾਹ ਪੂਰੀ ਤਰ੍ਹਾਂ ਕਾਇਮ ਖੜ੍ਹੀ ਹੈ। ਪੁਰਾਣੀਆਂ ਕਬਰਾਂ ਉਸੇ ਤਰ੍ਹਾਂ ਕਾਇਮ ਹਨ। ਸਮਾਣੇ ਦੇ ਬਾਹਰਵਾਰ ਆਲੇ ਦੁਆਲੇ ਵਸੇ ਹੋਏ ਮੁਸਲਿਮ ਡੇਰੇ ਉਸੇ ਤਰ੍ਹਾਂ ਕਾਇਮ ਹਨ। ਇਸ ਦਾ ਭਾਵ ਹੈ ਕਿ ਸਿੰਘਾਂ ਨੇ ਆਪਣਾ ਗੁੱਸਾ ਸਿਰਫ ਸਰਕਾਰੀ ਬੰਦਿਆਂ ਅਤੇ ਸਰਕਾਰੀ ਇਮਾਰਤਾਂ ਉਪਰ ਹੀ ਕੱਢਿਆ ਸੀ, ਮੁਸਲਿਮ ਧਾਰਮਿਕ ਅਸਥਾਨਾਂ ਉਪਰ ਨਹੀਂ।

ਸਿੰਘਾਂ ਨੂੰ ਗੁੱਸਾ ਕਿਸ ਗੱਲ ਦਾ ਸੀ? ਕਿਹੜੇ ਕਾਰਨ ਸਨ ਜਿਨ੍ਹਾਂ ਨੇ ਸਿੰਘਾਂ ਦੇ ਮਨਾਂ ਵਿਚ ਇਤਨਾ ਗੁੱਸਾ ਭਰ ਦਿੱਤਾ ਸੀ ਕਿ ਸਦੀਆਂ ਦੇ ਇਤਿਹਾਸਕ ਪਿਛੋਕੜ ਵਾਲਾ ਇਕ ਅਤਿ ਸੁੰਦਰ ਸ਼ਹਿਰ ਥੇਹ ਦਾ ਰੂਪ ਬਣ ਗਿਆ ਸੀ? ਜਿਵੇਂ ਕਿ ਅਖਾਉਤ ਹੈ ਕਿ ਲੱਕੜ ਦੇ ਨਾਲ ਘੁਣ ਵੀ ਬਾਲਿਆ ਜਾਂਦਾ ਹੈ ਜਾਂ ਛੋਲਿਆਂ ਨਾਲ ਸੁੱਸਰੀ ਵੀ ਪੀਸੀ ਜਾਂਦੀ ਹੈ ਬਿਲਕੁਲ ਇਸੇ ਤਰ੍ਹਾਂ ਕੁਝ ਮਾੜੇ ਬੰਦਿਆਂ ਨਾਲ ਚੰਗੇ ਬੰਦੇ ਵੀ ਮਾਰੇ ਜਾਂਦੇ ਹਨ, ਇਹ ਕੋਈ ਗੈਰ-ਕੁਦਰਤੀ ਗੱਲ ਨਹੀਂ ਹੈ।

ਗੁਰੂ ਤੇਗ ਬਹਾਦੁਰ ਜੀ ਨੂੰ ਜਦੋਂ ਨਵੰਬਰ, 1675 ਵਿਚ ਦਿੱਲੀ ਦੇ ਚਾਂਦਨੀ ਚੌਕ ਵਿਖੇ ਸ਼ਹੀਦ ਕੀਤਾ ਗਿਆ ਸੀ ਤਾਂ ਗੁਰੂ ਜੀ ਦਾ ਸੀਸ ਕੱਟਣ ਵਾਲਾ ਜਲਾਦ ਸਮਾਣੇ ਵਿਚ ਰਹਿੰਦਾ ਸੀ। ਇਸ ਦਾ ਨਾਂ ਜਲਾਲ-ਉ-ਦੀਨ ਸੀ। ਜਦੋਂ ਗੁਰੂ ਗੋਬਿੰਦ

SIKHBOOKCLUB.COM

ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ, ਜੋਰਾਵਰ ਸਿੰਘ ਅਤੇ ਫਤਿਹ ਸਿੰਘ ਨੂੰ ਸਰਹਿੰਦ ਵਿਖੇ ਕੰਧਾਂ ਵਿਚ ਚਿਣ ਕੇ ਸ਼ਹੀਦ ਕਰਨ ਸਮੇਂ ਜਿਨ੍ਹਾਂ ਜਲਾਦਾਂ ਸ਼ਾਸ਼ਲ ਬੇਗ ਅਤੇ ਬਾਸ਼ਲ ਬੇਗ ਨੇ ਬੱਚਿਆਂ ਦੇ ਸੀਸ ਕੱਟੇ ਸਨ ਉਹ ਵੀ ਸਮਾਣੇ ਵਿਚ ਰਹਿੰਦੇ ਸਨ।[1] ਇਹ ਤਾਂ ਦੋ ਇਤਿਹਾਸਕ ਘਟਨਾਵਾਂ ਦੇ ਜਲਾਦ ਸਨ। ਸੈਂਕੜੇ ਸਿੰਘਾਂ ਨੂੰ, ਜਿਨ੍ਹਾਂ ਨੂੰ ਹਕੂਮਤ ਨੇ ਫੜ ਕੇ ਸ਼ਹੀਦ ਕੀਤਾ ਸੀ ਉਨ੍ਹਾਂ ਦੇ ਬਹੁਤੇ ਜਲਾਦ ਵੀ ਸਮਾਣੇ ਨਾਲ ਸਬੰਧਤ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਦੋ ਸਾਹਿਬਜ਼ਾਦਿਆਂ ਦੀ ਸ਼ਹੀਦੀ ਕਰਕੇ, ਸਮਾਣੇ ਤੋਂ ਵੀ ਕਈ ਗੁਣਾ ਜ਼ਿਆਦਾ ਵੱਡਾ ਸ਼ਹਿਰ ਅਤੇ ਪਰਾਂਤਿਕ ਰਾਜਧਾਨੀ ਸਰਹਿੰਦ ਥੋਹ ਬਣਾ ਦਿਤੀ ਗਈ ਸੀ। ਸਮਾਣੇ ਵਿਖੇ ਤਾਂ ਇਸ ਤੋਂ ਇਲਾਵਾ ਗੁਰੂ ਤੇਗ ਬਹਾਦੁਰ ਜੀ ਦਾ ਸੀਸ ਲਾਹੁਣ ਵਾਲਾ ਜਲਾਦ ਵੀ ਰਹਿੰਦਾ ਸੀ। ਇਸ ਕਰਕੇ ਸਿੰਘਾਂ ਦਾ ਗੁੱਸਾ ਇਸ ਸ਼ਹਿਰ ਉਪਰ ਕਹਿਰ ਬਣ ਕੇ ਨਿਕਲਿਆ ਸੀ। ਉਪਰੋਕਤ ਵਰਨਣ ਤਾਂ ਸਿਰਫ ਸਿੰਘਾਂ ਦੇ ਹਮਲੇ ਤੋਂ ਪਹਿਲਾਂ ਦੇ ਸਮੇਂ ਦਾ ਹੈ। ਕੁਝ ਸਮਾਣੇ ਦੇ ਮੁੱਢਲੇ ਇਤਿਹਾਸ ਬਾਰੇ ਵੀ ਸੰਖੇਪ ਰੂਪ ਵਿਚ ਜਾਣ ਲੈਣਾ ਜ਼ਰੂਰੀ ਹੈ। ਇਸ ਦਾ ਪਹਿਲਾ ਤੇ ਮੁੱਢਲਾ ਨਾਂ ਇਮਾਮਗੜ੍ਹ ਸੀ। ਅੱਜ ਕੱਲ੍ਹ ਇਮਾਮਗੜ੍ਹ ਸਮਾਣੇ ਦੇ ਕੇਵਲ ਇਕ ਮੁਹੱਲੇ ਦਾ ਨਾਂ ਹੈ। ਇਮਾਮਗੜ੍ਹ ਦਾ ਨਾਂ ਦਰਸਾਉਂਦਾ ਹੈ ਕਿ ਇਥੇ ਸਿਰਫ ਇਮਾਮ ਹੀ ਵਸਦੇ ਸਨ। ਇਮਾਮ, ਇਸਲਾਮ ਦੇ ਪਰਚਾਰਕ ਅਤੇ ਵਿਆਖਿਆਕਾਰ ਸਨ। ਪਿੱਛੋਂ ਇਥੇ ਪਰਸ਼ੀਆ ਤੋਂ ਆਏ ਹੋਏ ਸਮਾਨੀ ਜਾਂ ਸਮਾਣੀਏ ਲੋਕ ਵਸਦੇ ਰਹੇ ਸਨ। ਇਨ੍ਹਾਂ ਦੇ ਬਹੁਤੀ ਗਿਣਤੀ ਵਿਚ ਵਸਣ ਕਰਕੇ ਇਸ ਬਸਤੀ ਨੂੰ ਸਮਾਣੀਏ ਤੇ ਹੌਲੀ ਹੌਲੀ ਸਮਾਣਾ ਕਿਹਾ ਜਾਣ ਲੱਗ ਪਿਆ ਸੀ।[2] ਅਬਦੁੱਲਾ ਵਾਸਿਫ ਦੀ ਲਿਖਤ *ਤਾਜ਼ੀਅਤ-ਉਲ-ਅਮਸਾਰ* ਅਨੁਸਾਰ 1192 ਈ. ਵਿਚ ਮੁਹੰਮਦ ਗੌਰੀ ਦੇ ਹਮਲੇ ਸਮੇਂ ਖੁਰਾਸਾਨ ਅਤੇ ਹਿੰਦੁਸਤਾਨ ਵਿਚਕਾਰ ਸਮਾਣਾ ਇਕ ਬਹੁਤ ਅੱਛਾ ਪਰਫੁੱਲਤ ਸ਼ਹਿਰ ਸੀ। ਇਹ ਮੁਲਤਾਨ, ਉੱਚ, ਜਲੰਧਰ, ਸੁਨਾਮ ਅਤੇ ਸਰਹਿੰਦ ਸ਼ਹਿਰਾਂ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਸੀ।[3] ਸੁਲਤਾਨ ਗਿਆਸੂ-ਦੀਨ ਬਲਬਨ (1266-86) ਨੇ ਸਮਾਣਾ ਆਪਣੇ ਭਤੀਜੇ ਸ਼ੇਰ ਖਾਨ ਨੂੰ ਜਾਗੀਰ ਦੇ ਤੌਰ ਤੇ ਦੇ ਦਿਤਾ ਸੀ। ਸ਼ੇਰ ਖਾਨ ਭਾਵੇਂ ਬੜਾ ਕਾਬਲ ਅਧਿਕਾਰੀ ਸੀ ਪਰ ਉਸ ਦੀ ਛੇਤੀ ਹੀ ਮੌਤ ਹੋ ਗਈ ਸੀ ਅਤੇ ਸਮਾਣਾ, ਮਸ਼ਹੂਰ ਚਾਲੀ ਸਮਸੀ ਗੁਲਾਮਾਂ ਵਿਚੋਂ ਤੈਮੂਰ ਨੂੰ ਜਾਗੀਰ ਦੇ ਤੌਰ ਤੇ ਦਿਤਾ ਗਿਆ ਸੀ। ਪਰ ਛੇਤੀ ਹੀ ਸੁਲਤਾਨ ਬਲਬਨ ਨੇ ਇਸ ਨੂੰ ਸੁਨਾਮ ਸਮੇਤ ਆਪਣੇ ਪੁੱਤਰ ਬੁਗਰਾ ਖਾਨ ਨਾਸੀਰੂਦੀਨ ਨੂੰ ਦੇ ਦਿਤਾ ਸੀ।

ਸੁਲਤਾਨ ਬਲਬਨ ਦੀਆਂ ਨਿਗਾਹਾਂ ਵਿਚ ਸਮਾਣਾ, ਪੱਛਮ ਵਲੋਂ ਆਉਣ ਵਾਲੇ ਹਮਲਾਵਰਾਂ ਨੂੰ ਰੋਕਣ ਵਾਸਤੇ ਇਕ ਮਹੱਤਵਪੂਰਨ ਸੈਨਿਕ ਚੌਂਕੀ ਸੀ। ਇਸੇ ਲਈ ਉਸ ਨੇ ਆਪਣੇ ਪੁੱਤਰ ਨੂੰ ਇਥੇ ਭੇਜਣ ਸਮੇਂ ਬੜੀਆਂ ਸਖ਼ਤ ਹਦਾਇਤਾਂ ਕੀਤੀਆਂ ਸਨ ਕਿ ਉਹ ਸਮਾਣੇ ਦੀ ਹਰ ਪੱਖੋਂ ਤਰੱਕੀ ਕਰੇ, ਆਪਣੇ ਅਧੀਨ ਕਰਮਚਾਰੀਆਂ ਨਾਲ ਇਨਸਾਫ ਕਰੇ ਅਤੇ ਆਪਣੇ ਆਪ ਨੂੰ ਬੁਰੀ ਸੰਗਤ ਅਤੇ ਬੁਰੀਆਂ ਆਦਤਾਂ ਤੋਂ ਦੂਰ ਰੱਖੇ। ਬੁਗਰਾ ਖਾਨ ਨੇ ਵੀ ਪੂਰੀ ਤਨਦੇਹੀ ਨਾਲ ਆਪਣੇ ਸੁਲਤਾਨ ਪਿਤਾ ਦੀਆਂ ਹਦਾਇਤਾਂ ਨੂੰ ਮੰਨਿਆ ਸੀ।[4] ਇਹ ਗੱਲ ਉਸ ਸਮੇਂ ਸੱਚੀ ਵੀ ਹੋ ਗਈ ਸੀ ਜਦੋਂ ਕਾਬੁਲ ਤੋਂ ਇਕ ਮੁਗਲ ਦਲ, ਬਲਬਨ ਦੇ ਸਮੇਂ ਹੀ, ਬਿਆਸ ਦਰਿਆ ਤਕ ਆ ਪਹੁੰਚਿਆ ਸੀ ਪਰ ਦਿੱਲੀ, ਮੁਲਤਾਨ ਅਤੇ ਸਮਾਣਾ ਦੀਆਂ ਸੁਲਤਾਨੀ ਫੌਜਾਂ ਨੇ ਇਸ ਨੂੰ ਸੁਲਤਾਨਪੁਰ ਲੋਧੀ ਦੇ ਨੇੜੇ ਹੋਈ ਇਕ ਟੱਕਰ ਵਿਚ ਪਿਛਾਂਹ ਭਜਾ ਦਿਤਾ ਸੀ।[5] ਸੰਖੇਪ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸੁਲਤਾਨ ਬਲਬਨ ਦੇ ਸਮੇਂ ਸਮਾਣਾ ਇਕ ਮਹੱਤਵਪੂਰਨ ਸ਼ਹਿਰ ਅਤੇ ਸੈਨਿਕ ਚੌਂਕੀ ਸੀ। ਸੁਲਤਾਨ ਅਲਾਉਦੀਨ ਖਿਲਜੀ ਸਮੇਂ ਵੀ ਸਮਾਣੇ ਦੀ ਮਹੱਤਤਾ ਉਸੇ ਤਰ੍ਹਾਂ ਕਾਇਮ ਰਹੀ। ਇਸ ਸਮੇਂ ਮਲਿਕ ਹਜ਼ਬਰ-ਉਦ-ਦੀਨ ਸਮਾਣੇ ਦਾ ਫੌਜਦਾਰ ਸੀ। ਇਸ ਸਮੇਂ ਤਕ ਸਰਹਿੰਦ ਦਾ ਇਲਾਕਾ ਵੀ ਸਮਾਣੇ ਦੇ ਫੌਜਦਾਰ ਅਧੀਨ ਰੱਖਿਆ ਹੋਇਆ ਸੀ।

1360 ਈ. ਵਿਚ ਫਿਰੋਜ਼ ਸ਼ਾਹ ਤੁਗਲਕ ਵੇਲੇ ਸਮਾਣੇ ਦੇ ਅਧਿਕਾਰ ਖੇਤਰ ਵਿਚੋਂ ਸਰਹਿੰਦ ਦਾ ਇਲਾਕਾ ਕੱਢ ਕੇ ਸੁਤੰਤਰ ਪਰਗਣਾ ਬਣਾ ਦਿਤਾ ਗਿਆ ਸੀ। ਉਸ ਨੇ ਸਰਹਿੰਦ ਵਿਖੇ ਪੁਰਾਣੇ ਕਿਲ੍ਹੇ ਦੀ ਮੁਰੰਮਤ ਕੀਤੀ ਅਤੇ ਸਤਲੁਜ ਤੋਂ ਇਕ ਨਹਿਰ ਵੀ ਕਢਵਾਈ ਸੀ ਜੋ ਸੁਨਾਮ ਅਤੇ ਸਮਾਣੇ ਦੇ ਖੇਤਰ ਨੂੰ ਪਾਣੀ ਦਿੰਦੀ ਸੀ। ਫਿਰ ਵੀ ਸਮਾਣਾ ਪੜ੍ਹੇ-ਲਿਖੇ ਇਸਲਾਮੀ ਮੌਲਾਣਿਆਂ ਦਾ ਕੇਂਦਰ ਬਣਿਆ ਰਿਹਾ ਸੀ। ਸੁਲਤਾਨ ਫਿਰੋਜ਼ਸ਼ਾਹ ਤੁਗਲਕ ਦੇ ਵਾਰਸਾਂ ਨੇ ਸਮਾਣੇ ਨੂੰ ਇਕ ਬਹੁਤ ਤਕੜੀ ਸੈਨਿਕ ਚੌਕੀ ਬਣਾ ਕੇ ਰੱਖਿਆ ਸੀ ਅਤੇ ਇਥੇ ਕਈ ਤਕੜੀਆਂ ਲੜਾਈਆਂ ਵੀ ਹੁੰਦੀਆਂ ਰਹੀਆਂ ਸਨ।

1398-99 ਵਿਚ ਤੈਮੂਰ ਦੇ ਹਮਲੇ ਸਮੇਂ ਸਮਾਣੇ ਦੀ ਕਾਫੀ ਬਰਬਾਦੀ ਹੋ ਗਈ ਸੀ ਭਾਵੇਂ ਕਿ ਤੈਮੂਰ ਇਸ ਸ਼ਹਿਰ ਵਿਚ ਨਹੀਂ ਆਇਆ ਸੀ। ਜਦੋਂ ਬਹਿਲੋਲ ਲੋਧੀ ਨੇ ਦਿੱਲੀ ਦਾ ਤਖ਼ਤ ਸੰਭਾਲਿਆ ਸੀ ਤਾਂ ਉਹ ਦਿੱਲੀ ਵਲ ਵੱਧਣ ਤੋਂ ਪਹਿਲਾਂ ਸਰਹਿੰਦ ਵਿਖੇ ਠਹਿਰਿਆ ਹੋਇਆ ਸੀ। ਉਸ ਨੇ ਸਰਹਿੰਦ ਵਿਖੇ ਹੀ ਆਪਣੀ ਪੂਰੀ ਤਿਆਰੀ ਕੀਤੀ ਸੀ ਇਸ ਕਰਕੇ ਲੋਧੀਆਂ ਦੇ ਸਮੁੱਚੇ ਸਮੇਂ ਵਿਚ ਸਰਹਿੰਦ ਮਹੱਤਵਪੂਰਨ ਸੈਨਿਕ ਤੇ ਪਰਾਂਤਕ ਕੇਂਦਰ ਬਣਿਆ ਰਿਹਾ ਸੀ।

1. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪਟਿਆਲਾ, 1960, ਪੰਨਾ 121.
2. ਉਕਤ, ਪੰਨਾ ਉਹੀ
3. ELiot and Dowson, *History of India As told by its own Historians*, Vol. III, Allahabad, 1964, p. 36.
4. 'ਤਾਰੀਖ-ਏ-ਫਿਰੋਜ਼ਸ਼ਾਹੀ' ਇਲੀਅਟ ਐਂਡ ਡਾਊਸਨ, ਜਿਲਦ 111, ਪੰਨਾ 112.
5. ਉਕਤ, ਪੰਨਾ 112

SIKHBOOKCLUB.COM

ਬਾਬਰ ਦੇ ਰਾਜ ਸਮੇਂ ਵੀ ਸਮਾਣੇ ਉਪਰ ਇਕ ਵਾਰ ਮੰਡੇਰ ਜੱਟਾਂ ਨੇ ਇਕੱਠਿਆਂ ਹੋ ਕੇ ਮੋਹਨ ਮੰਡੇਰ ਦੀ ਅਗਵਾਈ ਹੇਠ ਹਮਲਾ ਕੀਤਾ। ਇਸ ਹਮਲੇ ਵਿਚ ਪਹਿਲੀ ਵਾਰ ਸਮਾਣੇ ਨੂੰ ਲੁੱਟਿਆ ਗਿਆ ਸੀ। ਇਸ ਗੱਲ ਦੀ ਸ਼ਿਕਾਇਤ ਸਮਾਣੇ ਦੇ ਕਾਜ਼ੀਆਂ ਨੇ ਬਾਬਰ ਕੋਲ ਜਾ ਕੇ ਲਾਈ। ਬਾਬਰ ਨੇ ਅਲੀ ਕੁਲੀ ਖਾਨ ਕੁਮੇਦਾਨ ਨੂੰ ਤਿੰਨ ਹਜ਼ਾਰ ਘੋੜ-ਸੁਆਰ ਦੇ ਕੇ ਮੰਡੇਰਾਂ ਨੂੰ ਸਜ਼ਾ ਦੇਣ ਲਈ ਭੇਜਿਆ। ਮੋਹਨ ਮੰਡੇਰ ਨੂੰ ਕੈਂਥਲ ਦੇ ਨੇੜੇ ਘੇਰ ਲਿਆ ਗਿਆ ਸੀ। ਪਰ ਸਰਦੀ ਦੀ ਰੁੱਤ ਸੀ ਜਿਸ ਦਾ ਸਾਹਮਣਾ ਮੁਗਲ ਸਿਪਾਹੀ ਨਹੀਂ ਕਰ ਸਕਦੇ ਸਨ। ਮੰਡੇਰਾਂ ਨੇ ਘੇਰਾ ਪਾਉਣ ਵਾਲੇ ਅਲੀ ਕੁਲੀ ਖਾਨ ਨੂੰ ਭਜਾ ਦਿਤਾ। ਫਿਰ ਤਰਸਾਮ ਬਹਾਦੁਰ ਅਤੇ ਨੁਸਰਤ ਬੇਗ ਦੀ ਅਗਵਾਈ ਵਿਚ ਬਾਬਰ ਵਲੋਂ ਹੋਰ ਫੌਜ ਭੇਜੀ ਗਈ। ਇਸ ਨਵੀਂ ਆਈ ਕੁਮਕ ਨੇ ਚਲਾਕੀ ਨਾਲ ਭੱਜਣ-ਨੱਠਣ ਦੀ ਖੇਡ ਖੇਡ ਕੇ ਮੰਡੇਰਾਂ ਦੇ ਪਿੰਡਾਂ ਨੂੰ ਉਜਾੜ ਦਿਤਾ ਅਤੇ ਕਬੀਲੇ ਦੇ ਬਹੁਤ ਪਰਿਵਾਰਾਂ ਸਮੇਤ ਮੋਹਨ ਮੰਡੇਰ ਵੀ ਫੜਿਆ ਗਿਆ। ਬਾਅਦ ਵਿਚ ਮੋਹਨ ਮੰਡੇਰ ਨੂੰ ਅੱਧਾ ਧਰਤੀ ਵਿਚ ਗੱਡ ਕੇ ਉਪਰਲੇ ਅੱਧੇ ਹਿੱਸੇ ਨੂੰ ਤੀਰਾਂ ਨਾਲ ਵਿੰਨਿਆ ਗਿਆ ਸੀ।[6]

ਇਉਂ ਸਮਾਣੇ ਦੀ ਮਹੱਤਤਾ ਘਟਣ ਲੱਗ ਪਈ ਸੀ। ਇਹ ਘਟਦੀ ਘਟਦੀ ਮੁਗਲਾਂ ਦੇ ਸਮੇਂ ਵਿਚ ਉੱਕਾ ਹੀ ਘਟ ਗਈ ਸੀ। ਸਰਹਿੰਦ ਇਕ ਮੁੱਖ ਪਰਾਂਤਕ ਰਾਜਧਾਨੀ ਵਾਲਾ ਸ਼ਹਿਰ ਬਣ ਕੇ ਸਾਹਮਣੇ ਆਇਆ। ਸਮਾਣਾ, ਕੇਵਲ ਸਰਹਿੰਦ ਦਾ ਪਰਗਣਾ ਹੀ ਬਣ ਕੇ ਰਹਿ ਗਿਆ ਸੀ। ਪਰ ਕਿਉਂਕਿ ਸਮਾਣੇ ਦਾ ਪਿਛੋਕੜ ਬਹੁਤ ਅਮੀਰ ਅਤੇ ਬੌਧਿਕ ਕਿਸਮ ਦਾ ਰਿਹਾ ਸੀ ਇਸ ਲਈ ਸਰਹਿੰਦ ਦੇ ਪਰਾਂਤਿਕ ਕੇਂਦਰ ਬਣ ਜਾਣ ਦੀ ਸੂਰਤ ਵਿਚ ਵੀ ਸਮਾਣਾ ਅਤਿ ਸਤਿਕਾਰਯੋਗ ਉਚ-ਘਰਾਣੇ ਅਤੇ ਪਰੰਪਰਿਕ ਖਾਨਦਾਨੀ ਨਵਾਬਾਂ ਅਤੇ ਮੌਲਾਣਿਆਂ ਦਾ ਸ਼ਹਿਰ ਕਰਕੇ ਜਾਣਿਆ ਜਾਂਦਾ ਸੀ।

ਸਮਾਣੇ ਦੀਆਂ ਨੌ ਸੈਨਿਕ ਚੌਕੀਆਂ ਸਨ ਅਤੇ ਇਨ੍ਹਾਂ ਚੌਕੀਆਂ ਅਧੀਨ ਕੋਈ ਸਵਾ ਕੁ ਦੇ ਸੌ ਪਿੰਡ ਆਉਂਦੇ ਸਨ। ਇਨ੍ਹਾਂ ਚੌਕੀਆਂ ਨੂੰ ਅੱਜ ਕੱਲ੍ਹ ਦੇ ਥਾਣਿਆਂ ਦੇ ਬਰਾਬਰ ਮੰਨਿਆ ਜਾ ਸਕਦਾ ਹੈ, ਇਨ੍ਹਾਂ ਸਭ ਦੀ ਆਮਦਨ, ਸਮਾਣੇ ਦੇ ਨਵਾਬਾਂ ਅੱਗੇ ਪੇਸ਼ ਕੀਤੀ ਜਾਂਦੀ ਸੀ। ਇਸ ਕਰਕੇ ਇਹ ਬੜਾ ਧਨਾਢ ਸ਼ਹਿਰ ਸੀ। ਕਰਮ ਸਿੰਘ ਹਿਸਟੋਰੀਅਨ ਲਿਖਦਾ ਹੈ ਕਿ ਅੱਜ ਤੀਕ ਮਸ਼ਹੂਰ ਹੈ ਕਿ ਉਥੋਂ ਬਾਈ ਪਾਲਕੀਆਂ ਨਿਕਲਿਆ ਕਰਦੀਆਂ ਸਨ ਜਿਸ ਦਾ ਭਾਵ ਹੈ ਕਿ ਸਮਾਣੇ ਵਿਚ ਬਾਈ ਐਸੇ ਉਮਰਾ ਸਨ ਜਿਨ੍ਹਾਂ ਨੂੰ ਬਾਦਸ਼ਾਹ ਵਲੋਂ ਪਾਲਕੀ ਵਿਚ ਬੈਠ ਕੇ ਬਾਹਰ ਨਿਕਲਣ ਦੀ ਆਗਿਆ ਮਿਲੀ ਹੋਈ ਸੀ।[7] ਡਾ. ਗੰਡਾ ਸਿੰਘ ਦੇ ਸ਼ਬਦਾਂ ਵਿਚ 'ਇਸ (ਸਮਾਣੇ) ਦਾ ਚੁਗਿਰਦਾ ਕੋਟ ਕਿਲ੍ਹੇ ਵਰਗਾ ਸੀ ਅਤੇ ਅੰਦਰ ਹੀ ਹਰ ਵੱਡੀ ਹਵੇਲੀ ਵਿਚ ਇਕ ਗੜ੍ਹੀ ਸੀ।[8] ਬੰਦਾ ਸਿੰਘ ਕੈਂਥਲ ਵਲੋਂ ਆ ਰਿਹਾ ਸੀ। ਉਥੇ ਉਸ ਨੇ ਦਿੱਲੀ ਨੂੰ ਜਾ ਰਿਹਾ ਸਰਕਾਰੀ ਖ਼ਜ਼ਾਨਾ ਲੁੱਟਿਆ ਸੀ। ਸਮਾਣੇ ਪਹੁੰਚਣ ਤਕ ਪਿੰਡਾਂ ਵਿਚੋਂ ਅਨੇਕਾਂ ਸਿੱਖ ਨੌਜੁਆਨ ਉਸ ਨਾਲ ਰਲ ਗਏ ਸਨ। 11 ਨਵੰਬਰ, 1709 ਨੂੰ ਸੂਰਜ ਛਿਪਣ ਦੇ ਬਾਅਦ ਹਨ੍ਹੇਰਾ ਹੋਣ ਤੇ ਬੰਦਾ ਸਿੰਘ ਦਾ ਖਾਲਸਾ ਦਲ ਸਮਾਣੇ ਦੀ ਜੂਹ ਵਿਚ ਪਹੁੰਚ ਗਿਆ। ਸਥਾਨਕ ਰਵਾਇਤਾਂ ਅਨੁਸਾਰ, ਜਿਸ ਥਾਂ ਤੇ ਇਸ ਸਮੇਂ ਵੜੈਚ ਪਿੰਡ ਹੈ, ਇਥੇ ਦਰੱਖਤਾਂ ਦਾ ਇਕ ਤਕੜਾ ਝੁੰਡ ਸੀ। ਇਥੇ ਹੀ ਇਕ ਪਾਣੀ ਵਾਲੀ ਢਾਬ ਵੀ ਸੀ। ਬੰਦਾ ਸਿੰਘ ਦੇ ਖਾਲਸਾ ਦਲ ਨੇ ਇਥੇ ਹੀ ਆਪਣਾ ਡੇਰਾ ਲਾਇਆ ਸੀ। ਰਾਤ ਨੂੰ ਰੋਟੀ ਖਾਣ ਬਾਅਦ ਜਿਉਂ ਹੀ ਲੋਕਾਂ ਦੇ ਸੌਣ ਦਾ ਸਮਾਂ ਹੋਇਆ ਬੰਦਾ ਸਿੰਘ ਨੇ ਸਮਾਣਾ ਸ਼ਹਿਰ ਉਪਰ ਹਮਲਾ ਕਰ ਦਿਤਾ। ਕਿਸੇ ਨੂੰ ਸੰਭਲਣ ਦਾ ਮੌਕਾ ਹੀ ਨਹੀਂ ਦਿਤਾ ਗਿਆ। ਨਵਾਬ ਅਤੇ ਅਮੀਰ ਆਪੋ-ਆਪਣੀਆਂ ਗੜ੍ਹੀਆਂ ਅਤੇ ਹਵੇਲੀਆਂ ਵਿਚ ਸੁੱਤੇ ਪਏ ਸਨ। ਉਨ੍ਹਾਂ ਨੇ ਉਥੇ ਹੀ ਆਪਣੇ ਆਪਣੇ ਨਿਵਾਸਾਂ ਨੂੰ ਅੰਦਰੋਂ ਹੀ ਬੰਦ ਕਰ ਲਿਆ। ਜੋ ਸਿਪਾਹੀ ਲੜਨ ਲਈ ਸਾਹਮਣੇ ਆਇਆ ਉਸ ਨੂੰ ਸਿੰਘਾਂ ਨੇ ਕੱਖਾਂ-ਕਾਨਿਆਂ ਵਾਂਗ ਅੱਗੇ ਰੋੜ੍ਹ ਲਿਆ। ਗੜ੍ਹੀਆਂ ਅਤੇ ਹਵੇਲੀਆਂ ਦੇ ਦਰਵਾਜ਼ੇ ਭੰਨ ਕੇ ਅੰਦਰ ਵੜ ਕੇ ਹੱਥੋ-ਹੱਥ ਲੜਾਈ ਕੀਤੀ ਗਈ। ਸਦੀਆਂ ਪੁਰਾਣੇ ਸਮਾਣਾ ਸ਼ਹਿਰ ਦੀਆਂ ਤੰਗ ਗਲੀਆਂ ਸਨ। ਉਨ੍ਹਾਂ ਵਿਚੋਂ ਦੀ ਘੋੜ-ਸੁਆਰ ਨਹੀਂ ਲੰਘ ਸਕਦੇ ਸਨ। ਇਨ੍ਹਾਂ ਵਿਚੋਂ ਦੀ ਸਿੰਘ ਘੋੜ-ਸੁਆਰ ਲੰਘ ਨਾ ਸਕਣ, ਇਸ ਲਈ ਉਥੋਂ ਦੇ ਲੋਕਾਂ ਨੇ ਗਲੀਆਂ ਵਿਚ ਅੱਗਾਂ ਲਾ ਦਿੱਤੀਆਂ। ਇਹ ਅੱਗ ਭੜਕ ਕੇ ਸਾਰੀਆ ਗਲੀਆਂ ਵਿਚ ਫੈਲ ਗਈ ਸੀ। ਸਾਰੀ ਰਾਤ ਸਮਾਣੇ ਦੀਆਂ ਗੜ੍ਹੀਆਂ ਅਤੇ ਹਵੇਲੀਆਂ ਅੱਗ ਵਿਚ ਬਲਦੀਆਂ ਰਹੀਆਂ। ਜਿਹੜੇ ਲੋਕ ਬਾਹਰ ਨਿਕਲੇ ਉਹ ਮੌਤ ਦੇ ਘਾਟ ਉਤਾਰ ਦਿਤੇ ਗਏ ਸਨ। ਜਿਹੜੇ ਅੰਦਰ ਹੀ ਬੰਦ ਰਹੇ ਉਹ ਅੱਗ ਵਿਚ ਸੜ ਗਏ ਸਨ। ਸਵੇਰ ਨੂੰ ਸਾਰਾ ਸਮਾਣਾ ਅੱਗ ਦੀ ਰਾਖ ਹੋਇਆ ਪਿਆ ਸੀ। ਜੇ ਸਿਰਫ ਬਚਿਆ ਸੀ ਤਾਂ ਸਿਰਫ ਜੈਨੀਆਂ ਦਾ ਮਹੱਲਾ ਅਤੇ ਬਾਹਰਲੀਆਂ ਬਸਤੀਆਂ। ਦਿਨ ਚੜ੍ਹਿਆ, ਸਮਾਣੇ ਦੇ ਤਬਾਹੀ ਦੀਆਂ ਖ਼ਬਰਾਂ ਲਾਗਲੇ ਪਿੰਡਾਂ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈਆਂ। ਇਸ ਲਈ ਪਿੰਡਾਂ ਦੇ ਪਿੰਡ ਵਹੀਰਾਂ ਘੱਤ ਕੇ ਸਮਾਣੇ ਆ ਪਹੁੰਚੇ। ਉਹ ਸਿੰਘਾਂ ਨਾਲ ਰਲ ਕੇ ਸਮਾਣੇ ਦੀ ਰਹਿੰਦ ਖੂੰਹਦ ਨੂੰ ਵੀ ਤਬਾਹ ਕਰਨ ਲੱਗ ਪਏ ਸਨ। ਦੇਖਦਿਆਂ ਹੀ ਦੇਖਦਿਆਂ ਸੈਂਕੜੇ ਖਾਨਦਾਨੀ ਨਵਾਬ ਅਤੇ ਅਮੀਰ ਲੋਕ ਮਾਰੇ ਗਏ। ਉਨ੍ਹਾਂ ਦੀਆਂ ਗੜ੍ਹੀਆਂ ਅਤੇ ਹਵੇਲੀਆਂ ਮਿੱਟੀ ਦਾ ਅਤੇ ਰਾਖ ਦਾ ਢੇਰ ਬਣ ਗਈਆਂ। ਅਣਗਿਣਤ ਘੋੜੇ, ਮੱਝਾਂ, ਬਲਦ ਅਤੇ ਹੋਰ ਪਾਲਤੂ ਪਸ਼ੂ ਸਿੰਘਾਂ ਨੇ

6. See *Patiala and Its Historical Sorroundings*, Punjabi University, Patiala, 1967, p. 59.
7. *ਜੀਵਨ ਬਿਰਤਾਂਤ ਬਾਬਾ ਬੰਦਾ ਸਿੰਘ ਬਹਾਦੁਰ*, ਅੰਮ੍ਰਿਤਸਰ, 1907, ਪੰਨਾ 43.
8. *ਬੰਦਾ ਸਿੰਘ ਬਹਾਦੁਰ*, ਪਟਿਆਲਾ, 1999, ਪੰਨਾ 18.

SIKHBOOKCLUB.COM

ਇਕੱਠੇ ਕਰ ਲਏ । ਜੰਗੀ ਸਮਾਨ ਤਾਂ ਸਿੰਘਾਂ ਨੇ ਇਕੱਠਾ ਕਰ ਲਿਆ ਸੀ ਪਰ ਦੂਸਰਾ ਘਰੇਲੂ ਸਮਾਨ ਆਮ ਪਿੰਡਾਂ ਦੀ ਜਨਤਾ ਨੇ ਲੁੱਟ ਲਿਆ ਸੀ । ਅਥਾਹ ਸੋਨਾ, ਚਾਂਦੀ, ਰੁਪਏ ਅਤੇ ਕੀਮਤੀ ਸਮਾਨ ਸਿੰਘਾਂ ਨੇ ਇਕੱਠਾ ਕਰ ਲਿਆ । ਸਮਾਣੇ ਦੀ ਇਹ ਬਰਬਾਦੀ ਐਸੀ ਸੀ ਕਿ ਮੁੜ ਕੇ ਫਿਰ ਇਹ ਸ਼ਹਿਰ ਵਸ ਹੀ ਨਹੀਂ ਸਕਿਆ । ਇਥੋਂ ਦੇ ਮੁਗਲ ਅਧਿਕਾਰੀ, ਜਿਹੜੇ ਇਥੋਂ ਬਚ ਕੇ ਨਿਕਲ ਸਕੇ ਸਨ ਉਹ ਕੁਝ ਸਮੇਂ ਤਕ ਸ਼ਰਨਾਰਥੀਆਂ ਵਾਲਾ ਜੀਵਨ ਬਿਤਾਉਣ ਬਾਅਦ ਵਰਤਮਾਨ ਹਰਿਆਣੇ ਵਿਚ ਪਿਹੋਵਾ ਨੇੜੇ ਸਰਸਵਤੀ ਨਦੀ ਦੇ ਕੰਢੇ ਉਪਰ ਜਾ ਕੇ ਵਸ ਗਏ ਸਨ । ਇਸ ਪਿੰਡ ਦਾ ਨਾਂ ਮੁਰਤਜ਼ਾਪੁਰ ਹੈ ।[9]

ਦੂਸਰੇ ਦਿਨ ਲੁੱਟ ਤੋਂ ਅਤੇ ਲੜਾਈ ਤੋਂ ਵੇਹਲੇ ਹੋ ਕੇ ਬੰਦਾ ਸਿੰਘ ਬਹਾਦੁਰ ਨੇ ਜੈਨੀਆਂ ਦੇ ਮੁਹੱਲੇ ਵਿਚ, ਜਿਥੇ ਇਸ ਸਮੇਂ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ, ਇਥੇ ਖਾਲਸਾ ਦਰਬਾਰ ਲਗਾਇਆ । ਦਰਬਾਰ ਵਿਚ ਲੋਕਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਆਪੋ-ਆਪਣੇ ਸਥਾਨਕ ਜਾਗੀਰਦਾਰਾਂ ਨੂੰ ਮਾਰ ਸੁੱਟਣ ਅਤੇ ਖੁਦ ਉਸ ਜ਼ਮੀਨ ਦੇ ਮਾਲਕ ਬਣ ਜਾਣ । ਇਕ ਖਾਲਸਾ ਪੰਚਾਇਤ ਕਾਇਮ ਕੀਤੀ ਗਈ । ਭਾਈ ਫਤਿਹ ਸਿੰਘ ਇਕ ਬਹੁਤ ਵੱਡਾ ਦਲ ਲੈ ਕੇ, ਮਾਲਵੇ ਵਿਚੋਂ ਪਹੁੰਚਿਆ ਹੋਇਆ ਸੀ । ਭਾਈ ਫਤਿਹ ਸਿੰਘ ਦਾ ਦਲ ਹੀ ਸਮਾਣੇ ਉਪਰ ਫਤਿਹ ਪਰਾਪਤ ਕਰਨ ਵਿਚ ਮੋਹਰੀ ਸੀ । ਬੰਦਾ ਸਿੰਘ ਨੇ ਭਾਈ ਫਤਿਹ ਸਿੰਘ ਨੂੰ ਹੀ ਸਮਾਣੇ ਦਾ ਹਾਕਮ ਥਾਪ ਦਿਤਾ । ਇਸ ਨੇ ਖਾਲਸਾ ਪੰਚਾਇਤ ਦੀ ਸਲਾਹ ਨਾਲ ਸ਼ਹਿਰ ਦਾ ਪਰਬੰਧ ਕਰਨਾ ਸੀ ।

ਬੰਦਾ ਸਿੰਘ ਬਹਾਦੁਰ ਨੇ ਇਥੇ ਹੀ ਖਾਲਸਾ ਦਰਬਾਰ ਵਾਲੀ ਜਗਾਹ ਤੇ ਗੁਰੂ ਤੇਗ ਬਹਾਦੁਰ ਜੀ ਦੀ ਯਾਦ ਵਿਚ ਇਕ ਥੜ੍ਹਾ ਬਣਵਾਇਆ ਅਤੇ ਇਥੇ ਉਸ ਨੇ ਆਪ ਇਕ ਦਰੱਖਤ ਕੱਟ ਕੇ ਲਿਆ ਕੇ, ਕੇਸਰੀ ਨਿਸ਼ਾਨ ਸਾਹਿਬ ਆਪਣੇ ਹੱਥੀਂ ਖੜ੍ਹਾ ਕੀਤਾ । ਇਥੇ ਜੈਨੀਆਂ ਦੇ ਮੁਹੱਲੇ ਵਿਚ ਕੁਝ ਪੁਰਾਣੀਆਂ ਹਵੇਲੀਆਂ ਨੂੰ ਖੱਤਰੀਆਂ ਨੇ ਭਾਈ ਫਤਿਹ ਸਿੰਘ ਦੇ ਰਹਿਣ ਵਾਸਤੇ ਖਾਲੀ ਕਰ ਦਿਤਾ ਸੀ । ਭਾਈ ਫਤਿਹ ਸਿੰਘ ਇਥੇ ਰਹਿ ਕੇ ਆਪਣੀ ਹਕੂਮਤ ਚਲਾਉਣ ਲੱਗਿਆ । ਭਾਵੇਂ ਬਾਅਦ ਵਿਚ ਇਥੇ ਅਨੇਕਾਂ ਉਤਰਾਅ-ਚੜ੍ਹਾਅ ਆਏ ਸਨ ਪਰ ਬੰਦਾ ਸਿੰਘ ਵਲੋਂ ਇਥੇ ਸਥਾਪਤ ਕੀਤਾ ਗਿਆ ਥੜ੍ਹਾ ਕਾਇਮ ਰਿਹਾ ਸੀ । ਬਾਅਦ ਵਿਚ ਇਥੇ ਹੀ ਗੁਰੂ ਤੇਗ ਬਹਾਦੁਰ ਜੀ ਦੀ ਯਾਦ ਵਿਚ ਗੁਰਦੁਆਰਾ ਉਸਾਰਿਆ ਗਿਆ ਸੀ । ਅੱਜ ਇਹ ਗੁਰਦੁਆਰਾ ਬਹੁਤ ਸੁੰਦਰ ਅਤੇ ਵਿਸ਼ਾਲ ਇਮਾਰਤ ਦੇ ਰੂਪ ਵਿਚ ਹੈ । ਅੱਜ ਕੱਲ੍ਹ ਇਥੇ ਨਿਹੰਗ ਸਿੰਘਾਂ ਦੀ ਛਾਉਣੀ ਹੈ । ਨਿਹੰਗ ਸਿੰਘਾਂ ਦੀ ਇਹ ਛਾਉਣੀ ਇਸੇ ਯਾਦ ਨੂੰ ਤਾਜ਼ਾ ਕਰਦੀ ਹੈ ਕਿ ਪਹਿਲਾਂ ਇਥੇ ਭਾਈ ਫਤਿਹ ਸਿੰਘ ਦੇ ਘੋੜ-ਸੁਆਰਾਂ ਦੀ ਛਾਉਣੀ ਸੀ । ਨਿਹੰਗ ਛਾਉਣੀਆਂ ਅਕਸਰ ਉਥੇ ਹੀ ਬਣੀਆਂ ਹਨ ਜਿਥੇ ਪਹਿਲਾਂ ਕਿਸੇ ਨਾ ਕਿਸੇ ਸਮੇਂ ਸਿੱਖ ਸਰਦਾਰਾਂ ਦੀਆਂ ਛਾਉਣੀਆਂ ਹੁੰਦੀਆਂ ਸਨ । ਭਾਈ ਫਤਿਹ ਸਿੰਘ ਨੂੰ ਸਮਾਣੇ ਦਾ ਪਰਬੰਧ ਸੰਭਾਲ ਕੇ ਬੰਦਾ ਸਿੰਘ ਬਹਾਦੁਰ ਆਪਣੇ ਖਾਲਸਾ ਦਲਾਂ ਨਾਲ ਅੱਗੇ ਨੂੰ ਚਲਾ ਗਿਆ ਸੀ । ਉਸ ਦਾ ਅਗਲਾ ਨਿਸ਼ਾਨਾ ਸਢੌਰਾ ਸੀ । ਉਹ ਚਾਹੁੰਦਾ ਸੀ ਕਿ ਸਢੌਰੇ ਦੇ ਹਾਕਮ ਨੂੰ ਸੰਭਲਣ ਦਾ ਜਾਂ ਤਿਆਰੀ ਕਰਨ ਦਾ ਸਮਾਂ ਹੀ ਨਾ ਦਿਤਾ ਜਾਵੇ । ਉਹ ਤੀਸਰੇ ਦਿਨ ਸਢੌਰੇ ਜਾ ਪਹੁੰਚਿਆ ਸੀ ।

ਸਮਾਣੇ ਵਿਖੇ, ਇਸ ਸਮੇਂ ਬਾਹਰਵਾਰ ਉੱਤਰ ਵੱਲ ਦੋ ਕੁ ਕਿਲੋਮੀਟਰ ਦੀ ਵਿੱਥ ਤੇ ਵੜੈਚ ਪਿੰਡ ਹੈ । ਇਸ ਸਮੇਂ ਇਥੇ ਬੰਦਾ ਸਿੰਘ ਬਹਾਦੁਰ ਦੀ ਯਾਦ ਵਿਚ ਇਕ ਗੁਰਦੁਆਰਾ ਬਣ ਰਿਹਾ ਹੈ । ਇਸੇ ਥਾਂ ਤੇ ਹੀ ਦਰੱਖਤਾਂ ਦਾ ਉਹ ਝੁੰਡ ਸੀ ਅਤੇ ਪਾਣੀ ਵਾਲੀ ਢਾਬ ਸੀ ਜਿਥੋਂ ਰੁਤ ਨੂੰ ਬੰਦਾ ਸਿੰਘ ਨੇ ਸਮਾਣੇ ਉੱਪਰ ਹਮਲਾ ਕੀਤਾ ਸੀ । ਭਾਵੇਂ ਅੱਜ ਕੱਲ੍ਹ ਇਥੇ ਕੋਈ ਢਾਬ ਨਹੀਂ ਹੈ ਅਤੇ ਨਾ ਹੀ ਪੁਰਾਣੇ ਟਿੱਬੇ ਹਨ ।

SIKHBOOKCLUB.COM

9. ਹੋਰ ਦੇਖੋ ਕਰਮ ਸਿੰਘ ਹਿਸਟੋਰੀਅਨ, *ਪੂਰਵ ਅੰਕਤ*, ਪੰਨਾ 46.

5. ਘੁੜਾਮ, ਕਪੂਰੀ, ਠਸਕਾ, ਸ਼ਾਹਬਾਦ ਅਤੇ ਮੁਸਤਫ਼ਾਬਾਦ ਦੀਆਂ ਜਿੱਤਾਂ

ਘੁੜਾਮ ਇਸ ਸਮੇਂ ਪਟਿਆਲੇ ਤੋਂ ਪੂਰਬ ਵੱਲ ਤਕਰੀਬਨ 20 ਕੁ ਕਿਲੋਮੀਟਰ ਦੀ ਵਿੱਥ ਤੇ ਸਥਿਤ ਇਕ ਪਿੰਡ ਹੈ। ਇਤਨੀ ਹੀ ਵਿੱਥ ਤੇ ਇਹ ਸਮਾਣੇ ਤੋਂ ਹੈ। ਬੰਦਾ ਸਿੰਘ ਬਹਾਦੁਰ ਸਮਾਣੇ ਨੂੰ ਫਤਿਹ ਕਰਨ ਤੋਂ ਬਾਅਦ ਸਢੌਰੇ ਪਹੁੰਚਣਾ ਚਾਹੁੰਦਾ ਸੀ। ਘੁੜਾਮ ਉਸ ਦੇ ਰਸਤੇ ਵਿਚ ਸਥਿਤ ਇਕ ਮਹੱਤਵਪੂਰਨ ਸੈਨਿਕ ਚੌਕੀ ਸੀ।

ਘੁੜਾਮ ਦੇ ਪਿਛੋਕੜ ਵਿਚ ਜਾਂਦਿਆਂ ਪੜਾ ਲਗਦਾ ਹੈ ਕਿ ਇਹ ਨਗਰ ਉਤਨਾ ਹੀ ਪੁਰਾਣਾ ਹੈ ਜਿਤਨਾ ਕਿ ਕੁਰੂਕਸ਼ੇਤਰ। *ਰਿਗਵੇਦ* ਦੇ ਦਸਵੇਂ ਮੰਡਲ ਵਿਚ ਇਸ ਦਾ ਵੇਰਵਾ ਕੋਹਰਾਮ ਦੇ ਨਾਂ ਨਾਲ ਆਉਂਦਾ ਹੈ। ਪਰਸ਼ੀਅਨ ਦੀਆਂ ਲਿਖਤਾਂ ਵਿਚ ਇਸ ਦਾ ਨਾਂ ਕੋਹਰਾਮ ਹੀ ਦਿਤਾ ਗਿਆ ਹੈ। ਜੋ ਮਹਾਂ-ਯੁੱਧ ਆਰੀਆ ਕਬੀਲਿਆਂ ਦਾ ਸੂਦਾਸ ਦੀ ਅਗਵਾਈ ਹੇਠ ਪੰਜਾਬ ਦੇ ਦਸ-ਰਾਜਿਆਂ ਦੇ ਮਹਾਂਸੰਘ ਨਾਲ ਹੋਇਆ ਸੀ ਉਸ ਦੀ ਇਕ ਗਹਿਗੱਚ ਲੜਾਈ ਕੋਹਰਾਮ ਦੇ ਥਾਂ ਤੇ ਹੋਈ ਸੀ। ਇਥੇ ਪੰਜਾਬ ਦੇ ਆਦਿਵਾਸੀ ਜੱਟ ਕਬੀਲਿਆਂ ਨੇ ਆਰੀਆ ਹਮਲਾਵਰ ਫੌਜਾਂ ਨੂੰ ਬੜੀ ਭਿਆਨਕ ਮਾਰ ਪਾਈ ਸੀ। ਇਸ ਭਿਆਨਕ ਮਾਰ ਪੈਣ ਦੇ ਕਾਰਨ ਹੀ ਇਸ ਥਾਂ ਦਾ ਨਾਂ ਕੋਹਰਾਮ ਪਿਆ ਸੀ। ਕੋਹਰਾਮ ਦਾ ਭਾਵ ਹੈ ਕਿ ਤਬਾਹੀ ਜਾਂ ਤਰਥੱਲੀ ਮਚਾ ਦੇਣੀ। ਪੰਜਾਬ ਦੇ ਦਸ-ਰਾਜਿਆਂ ਦੇ ਮਹਾਂਸੰਘ ਦੀ ਸੈਨਾ ਕੋਹਰਾਮ ਵਾਲੇ ਥਾਂ ਹੀ ਰੁਕੀ ਰਹੀ ਜਦੋਂ ਕਿ ਆਰੀਆ ਕਬੀਲੇ ਸਰਸਵਤੀ ਦੇ ਪਰਲੇਪਾਰ ਜਾ ਕੇ ਥਾਨੇਸਰ-ਕੁਰੂਕਸ਼ੇਤਰ ਵਾਲੀ ਥਾਂ ਤੇ ਜਾ ਠਹਿਰੇ ਸਨ। ਇਹ ਕੋਹਰਾਮ ਨਾਂ ਸੰਸਕ੍ਰਿਤ, ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਵਿਚ ਬਦਲਦਾ ਹੋਇਆ ਘੁੜਾਮ ਬਣ ਗਿਆ ਹੈ। ਅੱਜ ਕੱਲ੍ਹ ਇਹ ਇਕ ਉੱਚੇ ਥੇਹ ਉਪਰ ਵਸਿਆ ਹੋਇਆ ਪਿੰਡ ਹੈ। ਇਹ ਉੱਚਾ ਥੇਹ ਹੀ ਇਸ ਦੀ ਪੁਰਾਤਨਤਾ ਦਾ ਪਰਤੀਕ ਹੈ। ਇਥੋਂ ਦੀ ਖੁਦਾਈ ਵਿਚੋਂ ਸ਼ਿਵ ਜੀ ਮਹਾਰਾਜ ਦੀਆਂ ਅਤਿ ਪੁਰਾਣੀਆਂ ਮੂਰਤੀਆਂ ਵੀ ਪਰਾਪਤ ਹੋਈਆਂ ਹਨ। ਸ਼ਿਵ, ਗੈਰ-ਆਰੀਆ ਅਤੇ ਸਿੰਧ ਘਾਟੀ ਦੇ ਲੋਕਾਂ ਦਾ ਦੇਵਤਾ ਸੀ। ਇਸ ਤਰ੍ਹਾਂ ਇਹ ਥਾਂ ਮੁੱਢ ਤੋਂ ਹੀ ਇਕ ਮਹੱਤਵਪੂਰਨ ਸੈਨਿਕ ਕੇਂਦਰ ਰਿਹਾ ਹੈ।

ਹਸਨ ਨਿਜ਼ਾਮੀ ਦੀ *ਤਾਜ-ਉਲ-ਮਾਅਸੀਰ*[1] ਦੇ ਅਨੁਸਾਰ, ਮੁਹੰਮਦ ਗੌਰੀ ਦੇ ਹਮਲੇ ਵੇਲੇ ਇਥੇ ਬਹੁਤ ਮਜ਼ਬੂਤ ਕਿਲਾ ਸੀ ਅਤੇ ਇਸ ਕਿਲ੍ਹੇ ਉਪਰ ਮੁਹੰਮਦ ਗੌਰੀ ਦਾ ਕਬਜ਼ਾ ਹੋ ਗਿਆ ਸੀ। ਅਬਦੁਲਾ ਵਾਸਿਫ਼ ਦੀ *ਤਾਜ਼ੀਅਤ-ਉਲ ਅਮੁਸਾਰ*[2] ਦੇ ਅਨੁਸਾਰ ਘੁੜਾਮ-ਸੁਨਾਮ, ਸਮਾਣਾ, ਮੁਲਤਾਨ ਅਤੇ ਜਲੰਧਰ ਦੇ ਬਰਾਬਰ ਹੀ ਵਿਕਸਤ ਹੋਇਆ ਨਗਰ ਸੀ। ਤਾਰੀਖ਼-ਏ-ਮੁਬਾਰਕ ਸ਼ਾਹੀ ਦੇ ਅਨੁਸਾਰ[3] ਮੁਹੰਮਦ ਗੌਰੀ ਵਾਪਸ ਜਾਣ ਲੱਗਿਆਂ ਕੁਤਬ-ਦੀਨ-ਐਬਕ ਨੂੰ ਘੁੜਾਮ ਦੇ ਕਿਲ੍ਹੇ ਦਾ ਫੌਜਦਾਰ ਨਿਯੁਕਤ ਕਰਕੇ ਗਿਆ ਸੀ। ਇਹੀ ਕੁਤਬ-ਦੀਨ-ਐਬਕ ਮੁਹੰਮਦ ਗੌਰੀ ਦੀ ਮੌਤ ਦੇ ਬਾਅਦ ਉਸ ਦੇ ਹਿੰਦੁਸਤਾਨੀ ਇਲਾਕਿਆਂ ਦਾ ਸੁਲਤਾਨ ਬਣ ਗਿਆ ਸੀ। ਇਸ ਤਰ੍ਹਾਂ ਐਬਕ ਦੀਆਂ ਸਾਰੀਆਂ ਗਤੀਵਿਧੀਆਂ ਦਾ ਕੇਂਦਰ ਘੁੜਾਮ ਹੀ ਸੀ।

ਦਿੱਲੀ ਸੁਲਤਾਨਾਂ ਦਾ ਸਾਰਾ ਸਮਾਂ ਘੁੜਾਮ ਮਹੱਤਵਪੂਰਨ ਸੈਨਿਕ ਕੇਂਦਰ ਰਿਹਾ ਸੀ। ਸੁਲਤਾਨ ਮੁਹੰਮਦ ਤੁਗਲਕ ਨੂੰ ਸੁਨਾਮ, ਸਮਾਣਾ ਅਤੇ ਘੁੜਾਮ ਦੇ ਇਲਾਕਿਆਂ ਵਿਚ ਉਠੇ ਵਿਦਰੋਹ ਨੂੰ ਦਬਾਉਣ ਲਈ ਦੋ ਵਾਰ ਇੱਧਰ ਆਉਣਾ ਪਿਆ ਸੀ। ਜਦੋਂ ਵੀ ਸੁਲਤਾਨ ਇਸ ਇਲਾਕੇ ਵਿਚ ਆਉਂਦਾ ਸੀ ਤਾਂ ਉਸ ਦਾ ਮੁੱਖ ਡੇਰਾ ਘੁੜਾਮ ਦਾ ਕਿਲ੍ਹਾ ਹੀ ਹੁੰਦਾ ਸੀ। ਅਸਲ ਵਿਚ ਉਸ ਸਮੇਂ ਲਾਹੌਰ ਤੋਂ ਦਿੱਲੀ ਨੂੰ ਜਾਣ ਵਾਲਾ ਰਸਤਾ ਵੀ ਸਰਹਿੰਦ ਅਤੇ ਘੁੜਾਮ ਵਿਚੋਂ ਦੀ ਹੋ ਕੇ ਜਾਂਦਾ ਸੀ। ਇਸ ਤਰ੍ਹਾਂ ਘੁੜਾਮ, ਦਿੱਲੀ ਲਈ ਇਕ ਰੱਖਿਆਤਮਿਕ ਸੀਮਾ ਸੀ। ਪਰ ਜਿਉਂ ਹੀ ਸ਼ੇਰ ਸ਼ਾਹ ਸੂਰੀ ਸਮੇਂ ਸ਼ੇਰ ਸ਼ਾਹ ਸੂਰੀ ਮਾਰਗ (ਗਰੈਂਡ ਟਰੰਕ ਰੋਡ) ਬਣਾਇਆ ਗਿਆ ਤਾਂ ਲਾਹੌਰ ਤੋਂ ਦਿੱਲੀ ਦਾ ਰਾਹ ਘੁੜਾਮ ਤੋਂ ਬਦਲ ਕੇ ਅੰਬਾਲਾ ਤੇ ਕਰਨਾਲ ਵੱਲ ਦੀ ਹੋ ਗਿਆ ਸੀ। ਇਸ ਤਰ੍ਹਾਂ ਘੁੜਾਮ ਦੀ ਮਹੱਤਤਾ ਘਟਣੀ ਸ਼ੁਰੂ ਹੋ ਗਈ ਸੀ ਅਤੇ ਪਿਛਲੇਰੇ ਮੁਗਲ ਬਾਦਸ਼ਾਹਾਂ ਸਮੇਂ ਘੁੜਾਮ ਇਕ ਸਥਾਨਕ ਮਹੱਤਵ ਦੀ ਹੀ ਸੈਨਿਕ ਚੌਕੀ ਬਣ ਕੇ ਰਹਿ ਗਿਆ ਸੀ। ਬੰਦਾ ਸਿੰਘ ਬਹਾਦੁਰ ਵੇਲੇ ਇਹ ਸਰਹਿੰਦ ਪਰਾਂਤ ਦੀ ਹੀ ਇਕ ਸੈਨਿਕ ਚੌਕੀ ਸੀ। ਬੰਦਾ ਸਿੰਘ ਸਮਾਣੇ ਤੋਂ ਸਿੱਧਾ ਹੀ ਘੁੜਾਮ ਨੂੰ ਹੋ ਤੁਰਿਆ ਸੀ ਤਾਂ ਕਿ ਰਸਤੇ ਵਿਚਲੀ ਹਰ ਮੁਗਲ ਚੌਕੀ ਦੀ ਤਬਾਹੀ ਕੀਤੀ ਜਾ ਸਕੇ। ਖਾਲਸਾ ਦਲ ਅੱਗੇ ਅਤੇ ਬੰਦਾ ਸਿੰਘ ਦੇ ਤੂਫ਼ਾਨੀ ਹਮਲੇ ਸਮੇਂ ਘੁੜਾਮ ਦੀ ਸੈਨਿਕ ਚੌਕੀ ਦੀ ਕੋਈ ਜ਼ਿਆਦਾ ਤਾਕਤ ਨਹੀਂ ਸੀ। ਇਸ ਲਈ ਬੰਦਾ ਸਿੰਘ ਨੇ ਆਉਂਦਿਆਂ ਹੀ ਬਿਨਾਂ ਕੋਈ ਦਮ ਲਏ ਘੁੜਾਮ ਦੇ ਕਿਲ੍ਹੇ ਨੂੰ ਜਿੱਤ ਲਿਆ। ਇਸ ਨੂੰ ਢਾਹ ਦਿਤਾ ਗਿਆ ਅਤੇ ਪਿੰਡ ਵਿਚੋਂ ਹੀ ਇਕ ਖਾਲਸਾ ਪੰਚਾਇਤ ਚੁਣ ਕੇ ਪਿੰਡ ਦਾ ਪਰਬੰਧ ਉਸ ਦੇ ਸਪੁਰਦ ਕਰ ਦਿਤਾ। ਘੁੜਾਮ ਸਮਾਣੇ ਦੇ ਪਰਬੰਧ ਹੇਠ ਹੀ ਭਾਈ ਫਤਿਹ ਸਿੰਘ ਨੂੰ ਸੌਂਪਿਆ ਗਿਆ ਸੀ।

---

1. Elliot and Dowson, *History of India as told by its own historians*, Vol. III, Allahabad (n.d.), p. 36.
2. Ibid, p. 36.
3. Ibid, Vol IV, p. 10

SIKHBOOKCLUB.COM

ਭਾਈ ਕਾਨ੍ਹ ਸਿੰਘ ਨਾਭਾ ਨੇ ਘੁੜਾਮ ਦਾ ਅੰਦਰਾਜ਼ ਇਉਂ ਦਿਤਾ ਹੈ : ''ਘੁੜਾਮ, ਪਟਿਆਲੇ ਤੋਂ 12 ਕੋਹ ਅਗਨਿ ਕੋਣ ਇਕ ਪਿੰਡ, ਇਸ ਥਾਂ ਵਡੇ ਅਹੰਕਾਰੀ ਪਾਠਣ ਵਸਦੇ ਸਨ। ਬੰਦਾ ਬਹਾਦੁਰ ਨੇ ਖਾਲਸਾ ਦਲ ਨਾਲ ਇਸ ਨਗਰ ਨੂੰ ਸੰਮਤ 1766 ਬਿ. (1709 ਈ.) ਵਿਚ ਫਤੇ ਕੀਤਾ।''[4]

ਬੰਦਾ ਸਿੰਘ ਬਹਾਦਰ ਰਾਹੀਂ ਤਬਾਹ ਕੀਤਾ ਗਿਆ ਘੁੜਾਮ ਫਿਰ ਤੋਂ ਕਦੇ ਵੀ ਵਿਕਸਤ ਨਹੀਂ ਹੋ ਸਕਿਆ। ਅਠਾਰ੍ਹਵੀਂ ਸਦੀ ਦੇ ਪੰਜਵੇਂ ਦਹਾਕੇ ਵਿਚ ਜਾ ਕੇ ਅਰਥਾਤ ਬੰਦਾ ਸਿੰਘ ਬਹਾਦੁਰ ਦੇ ਹਮਲੇ ਤੋਂ ਤਕਰੀਬਨ ਚਾਲੀ-ਪੰਤਾਲੀ ਸਾਲਾਂ ਬਾਅਦ, ਘੁੜਾਮ ਦੀ ਥੋੜ੍ਹੀ ਬਹੁਤੀ ਮਹੱਤਤਾ ਬਾਬਾ ਆਲਾ ਸਿੰਘ, ਪਟਿਆਲਾ ਦੇ ਸਮੇਂ ਉਭਰਨੀ ਸ਼ੁਰੂ ਹੋਈ ਸੀ। ਇਸ ਸਮੇਂ ਘੁੜਾਮ ਇਕ ਥੇਹ ਹੀ ਸੀ। ਬਾਬਾ ਆਲਾ ਸਿੰਘ ਨੇ ਇਸ ਥੇਹ ਨੂੰ ਆਬਾਦ ਕਰਨਾ ਸ਼ੁਰੂ ਕਰ ਦਿਤਾ ਸੀ। ਉਸ ਤੋਂ ਪਿੱਛੋਂ ਮਹਾਰਾਜਾ ਅਮਰ ਸਿੰਘ ਪਟਿਆਲਾ ਨੇ ਇਥੇ ਥੇਹ ਦੇ ਉਪਰ ਇਕ ਪੱਕਾ ਕਿਲ੍ਹਾ ਉਸਾਰ ਕੇ ਉਸ ਵਿਚ ਸੈਨਿਕ ਚੌਕੀ ਬਿਠਾ ਦਿਤੀ ਸੀ। ਇਸ ਤਰ੍ਹਾਂ ਭਾਵੇਂ ਕੁਝ ਸਮੇਂ ਤਕ ਸਥਾਨਕ ਤੌਰ ਤੇ ਹੀ ਘੁੜਾਮ, ਪਟਿਆਲਾ ਰਿਆਸਤ ਦੀ ਸੈਨਿਕ ਚੌਕੀ ਬਣ ਗਿਆ ਸੀ ਪਰ ਇਸ ਦੀ ਪੁਰਾਣੀ ਸੱਭਿਅਤਾ ਫਿਰ ਤੋਂ ਪਨਪ ਨਹੀਂ ਸਕੀ। ਇਸ ਸਮੇਂ ਘੁੜਾਮ ਇਕ ਸਾਧਾਰਨ ਜਿਹਾ ਪਿੰਡ ਹੈ। ਪਿੰਡ ਦੇ ਤਕਰੀਬਨ ਅੱਧੇ ਨਾਲੋਂ ਬਹੁਤੇ ਘਰ ਡਿੱਗੇ ਹੋਏ ਕਿਲ੍ਹੇ ਦੀਆਂ ਛੋਟੀਆਂ (ਨਾਨਕਸ਼ਾਹੀ) ਇੱਟਾਂ ਦੇ ਨਾਲ ਹੀ ਬਣੇ ਹੋਏ ਹਨ।

ਘੁੜਾਮ ਦੀ ਜਿੱਤ ਤੋਂ ਬਾਅਦ, ਜਦੋਂ ਬੰਦਾ ਸਿੰਘ ਬਹਾਦੁਰ ਸਢੌਰੇ ਲਈ ਰਵਾਨਾ ਹੋ ਗਿਆ ਸੀ ਤਾਂ ਰਸਤੇ ਵਿਚ ਕਈ ਅਜਿਹੇ ਪਿੰਡ ਸਨ ਜਿਨ੍ਹਾਂ ਵਿਚ ਸਰਕਾਰ ਦੇ ਉਘੇ ਅਹਿਲਕਾਰਾਂ ਜਾਂ ਅਧਿਕਾਰੀਆਂ ਦਾ ਕਿਸੇ ਨਾ ਕਿਸੇ ਤਰ੍ਹਾਂ ਦਾ ਵਸੇਬਾ ਸੀ। ਵੈਸੇ ਤਾਂ ਇਹ ਆਮ ਸਾਧਾਰਨ ਜਿਹੇ ਪਿੰਡ ਸਨ। ਨਾ ਇਨ੍ਹਾਂ ਪਿੰਡਾਂ ਨੂੰ ਫਤਿਹ ਕਰਨ ਵਿਚ ਕੋਈ ਅੜਿੱਕਾ ਲਗਦਾ ਸੀ ਅਤੇ ਨਾ ਇਹ ਪਿੰਡ ਕੋਈ ਸਰਕਾਰੀ ਸਥਿਤੀ ਵਾਲੇ ਸਨ। ਠਸਕਾ ਅਤੇ ਕਪੂਰੀ ਆਮ ਸਾਧਾਰਨ ਪਿੰਡ ਸਨ ਪਰ ਇਥੇ ਮੁਗਲ ਅਧਿਕਾਰੀਆਂ ਦੇ ਘਰ ਪਏ ਹੋਏ ਸਨ ਜਾਂ ਕੋਈ ਜ਼ਮੀਨ-ਜਾਇਦਾਦ ਸੀ। ਜਿਵੇਂ ਕਿ ਕਪੂਰੀ ਵਿੱਚ ਇਕ ਸੱਯਦ ਅਮਾਨ-ਉੱਲਾ ਦਾ ਘਰ ਸੀ। ਇਹ ਘਰ ਇਸ ਨੇ ਐਸ਼-ਪਰਸਤੀ ਲਈ ਰੱਖਿਆ ਹੋਇਆ ਸੀ। ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਇਸ ਕੋਲੋਂ ਬਹੁਤ ਦੁਖੀ ਸਨ। ਇਨ੍ਹਾਂ ਪਿੰਡਾਂ ਦਿਆਂ ਲੋਕਾਂ ਨੇ ਇਕੱਠਿਆਂ ਹੋ ਕੇ ਬੰਦਾ ਸਿੰਘ ਬਹਾਦੁਰ ਨੂੰ ਇਹ ਗੱਲਾਂ ਦੱਸੀਆਂ। ਬੰਦਾ ਸਿੰਘ ਨੇ ਚਲਦਿਆਂ ਚਲਦਿਆਂ ਇਨ੍ਹਾਂ ਪਿੰਡਾਂ ਵਿਚਲੇ ਅਜਿਹੇ ਘਰਾਂ ਦਾ ਅਤੇ ਉਨ੍ਹਾਂ ਦੇ ਮਾਲਕਾਂ ਦਾ ਮਲੀਆ ਮੇਟ ਕਰ ਦਿਤਾ ਸੀ। ਕਪੂਰੀ ਘਨੌਰ ਤੋਂ ਅੰਬਾਲੇ ਵੱਲ ਨਹਿਰ ਟੱਪ ਕੇ ਚਾਰ-ਪੰਜ ਕਿਲੋਮੀਟਰ ਤੇ ਸਥਿਤ ਹੈ। ਇਥੇ ਇਸ ਸਮੇਂ ਤਾਂ ਭਾਵੇਂ ਕੋਈ ਐਸੀ ਨਿਸ਼ਾਨੀ ਨਹੀਂ ਹੈ ਜਿਹੜੀ ਕਿਸੇ ਪੁਰਾਣੀ ਹਵੇਲੀ ਦੀ ਯਾਦ ਤਾਜ਼ਾ ਕਰਦੀ ਹੋਵੇ ਪਰ ਪਿੰਡ ਦਾ ਪਿਛੋਕੜ ਬਹੁਤ ਪੁਰਾਣਾ ਹੈ। ਬੰਦਾ ਸਿੰਘ ਨੇ ਆਪਣੀ ਇਕ ਸੈਨਿਕ ਟੁਕੜੀ ਇਧਰ ਭੇਜੀ ਅਤੇ ਉਹ ਦੇਖਦਿਆਂ ਹੀ ਦੇਖਦਿਆਂ ਕਪੂਰੀ ਵਿਚਲੇ ਅਮਾਨ ਉੱਲਾ ਦੀ ਰਿਹਾਇਸ਼ ਨੂੰ ਮਲੀਆ ਮੇਟ ਕਰ ਗਈ ਸੀ।

ਸ਼ਾਹਬਾਦ ਇਸ ਸਮੇਂ ਹਰਿਆਣਾ ਪ੍ਰਾਂਤ ਦੇ ਅੰਬਾਲਾ ਜਿਲ੍ਹੇ ਵਿਚ ਜੀ.ਟੀ. ਰੋਡ ਉਪਰ ਸਥਿਤ ਕਸਬਾ ਹੈ। ਇਥੇ ਸਰਹਿੰਦ ਪਰਾਂਤ ਦੀ ਸੈਨਿਕ ਚੌਕੀ ਸੀ। ਬੰਦਾ ਸਿੰਘ ਨੇ ਆਪਣੀ ਇਕ ਸੈਨਿਕ ਟੁੱਕੜੀ ਇੱਧਰ ਭੇਜੀ ਅਤੇ ਉਹ ਸ਼ਾਹਬਾਦ ਦੀ ਸੈਨਿਕ ਚੌਕੀ ਨੂੰ ਫਤਿਹ ਕਰਕੇ ਚਲੀ ਗਈ। ਇਥੇ ਸਿੱਖ ਸੈਨਿਕ ਚੌਕੀ ਕਾਇਮ ਕੀਤੀ ਗਈ।

ਅੱਗੇ ਰਸਤੇ ਵਿਚ ਮੁਸਤਫ਼ਾਬਾਦ ਪਿੰਡ ਆਉਂਦਾ ਹੈ। ਇਥੇ ਵੀ ਇਕ ਮੁਗਲ ਸੈਨਿਕ ਚੌਕੀ ਸੀ। ਇਸ ਨੂੰ ਵੀ ਸਢੌਰੇ ਪਹੁੰਚਣ ਤੋਂ ਪਹਿਲਾਂ ਹੀ ਬੰਦਾ ਸਿੰਘ ਨੇ ਫਤਿਹ ਕਰ ਲਿਆ ਸੀ। ਕਾਨ੍ਹ ਸਿੰਘ ਨਾਭਾ ਨੇ ਇਸ ਬਾਰੇ ਇਉਂ ਲਿਖਿਆ ਹੈ, ''ਮੁਸਤਫਾਬਾਦ, ਇਕ ਸ਼ਹਿਰ, ਜੋ ਜਿਲ੍ਹਾ ਅੰਬਾਲਾ, ਤਸੀਲ ਜਗਾਧਰੀ, ਥਾਨਾ ਛਾਪਰ ਵਿਚ ਰੇਲਵੇ ਸਟੇਸ਼ਨ ਮੁਸਤਫਾਬਾਦ ਤੋਂ ਦੋ ਮੀਲ ਪੂਰਵ ਹੈ, ਸਢੌਰਾ ਫਤੇ ਕਰਨ ਤੋਂ ਪਹਿਲਾਂ ਬੰਦਾ ਸਿੰਘ ਬਹਾਦੁਰ ਨੇ ਖਾਲਸਾ ਦਲ ਨਾਲ ਮੁਸਤਫਾਬਾਦ ਨੂੰ ਸਰ ਕੀਤਾ ਸੀ।''[5]

SIKHBOOKCLUB.COM

4. *ਮਹਾਨ ਕੋਸ਼*, ਪਟਿਆਲਾ, 1960, ਪੰਨਾ 334.
5. *ਮਹਾਨ ਕੋਸ਼*, ਪਟਿਆਲਾ, 1960, ਪੰਨਾ 976.



ਸਢੌਰੇ ਦੇ ਪੁਰਾਣੇ ਕਿਲ੍ਹੇ ਦਾ ਇਹ ਬੁਰਜ ਅਜੇ ਵੀ ਕਾਇਮ ਹੈ। ਇਸ ਵਿਚ ਇਕ ਪਰਿਵਾਰ ਰਹਿ ਰਿਹਾ ਹੈ।

SIKHBOOKCLUB.COM

6. ਸਢੌਰਾ ਅਤੇ ਛੱਤ-ਬਨੂੜ ਦੀਆਂ ਜਿੱਤਾਂ

ਸਢੌਰਾ ਸਰਹਿੰਦ ਦੇ ਅਠਾਈ ਪਰਗਣਿਆਂ ਵਿਚੋਂ ਇਕ ਪਰਗਣਾ ਸੀ। ਇਹ ਬੜਾ ਪੁਰਾਣਾ ਸ਼ਹਿਰ ਸੀ। ਜਿਵੇਂ ਕਿ ਇਸ ਦੇ ਨੇੜੇ ਹੀ ਕਪਾਲ ਮੋਚਨ ਦਾ ਤੀਰਥ ਅਸਥਾਨ ਹੋਣ ਕਰਕੇ ਇਹ ਥਾਂ ਹਿੰਦੂਆਂ ਲਈ ਪਵਿੱਤਰ ਸੀ ਉਸੇ ਤਰ੍ਹਾਂ ਸਢੌਰਾ ਵੀ ਇਥੇ ਮੁਸਲਮਾਨ ਸੂਫ਼ੀ ਸੰਤਾਂ ਦਾ ਕੇਂਦਰ ਹੋਣ ਕਰਕੇ ਮੁਸਲਮਾਨਾਂ ਲਈ ਪਵਿੱਤਰ ਸੀ। ਸੂਫ਼ੀ ਸੰਤਾਂ ਦਾ ਕੇਂਦਰ ਹੋਣ ਕਰਕੇ ਇਸ ਨੂੰ ਸਾਧੂਆਂ ਦਾ ਵਾੜਾ ਕਿਹਾ ਜਾਂਦਾ ਸੀ। ਸਾਧੂਆਂ ਦੇ ਵਾੜਾ ਤੋਂ ਹੀ ਇਸ ਦਾ ਨਾਂ ਹੌਲੀ ਹੌਲੀ ਸਾਧੂ+ਔਰਾ ਜਾਂ ਸਢੌਰਾ ਪਰਚੱਲਤ ਹੋ ਗਿਆ।[1] ਅਠਾਰ੍ਹਵੀਂ ਸਦੀ ਦੇ ਸ਼ੁਰੂ ਵਿੱਚ ਇਥੋਂ ਦਾ ਹਾਕਮ ਉਸਮਾਨ ਖਾਨ ਸੀ। ਇਹ ਇਕ ਜ਼ਾਲਮ ਹੁਕਮਰਾਨ ਸੀ।

ਸਢੌਰਾ ਭਾਵੇਂ ਲੋਧੀ ਸੁਲਤਾਨਾਂ ਦੇ ਸਮੇਂ ਤੋਂ ਹੀ ਮੁਸਲਮਾਨ ਆਬਾਦੀ ਵਾਲਾ ਅਸਥਾਨ ਸੀ ਪਰ ਇਸ ਦੀ ਰਾਜਨੀਤਕ ਇਕਾਈ ਦੇ ਤੌਰ ਤੇ ਅਸਲ ਮਹੱਤਤਾ ਮੁਗਲ ਬਾਦਸ਼ਾਹਾਂ ਵੇਲੇ ਹੀ ਸਿਖਰ ਤੇ ਪਹੁੰਚੀ ਸੀ। ਸੰਨ 1414 ਵਿਚ ਜਦੋਂ ਸੁਲਤਾਨ ਖ਼ਿਜ਼ਰ ਖਾਨ ਦਿੱਲੀ ਦੇ ਤਖ਼ਤ ਤੇ ਬੈਠਾ ਸੀ ਤਾਂ ਉਸ ਨੇ, ਕਰਨਾਲ ਦੇ ਨੇੜੇ ਵਸੇ ਪਿੰਡ ਸਯਾਣਾ-ਸੱਯਦਾਂ ਦੇ ਸ਼ੇਖ ਨਿਜ਼ਾਮੁਦੀਨ ਨੂੰ ਸਢੌਰੇ ਦਾ ਅਸਥਾਨ ਜਾਗੀਰ ਵਿਚ ਦੇ ਦਿੱਤਾ ਸੀ। ਸ਼ੇਖ ਨਿਜ਼ਾਮੁਦੀਨ ਪਠਾਣਾਂ ਦੇ ਬੜਾ ਖਿਲਾਫ਼ ਸੀ। ਸਢੌਰੇ ਵਿਚ ਤੂਸੀ ਪਠਾਣ ਰਹਿੰਦੇ ਸਨ। ਸ਼ੇਖ ਨਿਜ਼ਾਮੁਦੀਨ ਨੇ ਇਨ੍ਹਾਂ ਨੂੰ ਸਢੌਰੇ ਵਿਚੋਂ ਕੱਢ ਦਿਤਾ ਸੀ। ਨਿਜ਼ਾਮੁਦੀਨ ਤੋਂ ਪਿੱਛੋਂ ਉਸ ਦਾ ਪੁੱਤਰ ਸ਼ਾਹ ਅਬਦੁਲ ਹਮੀਦ ਹੋਇਆ ਤੇ ਫਿਰ ਇਸ ਦੇ ਬਾਅਦ ਇਸ ਦਾ ਪੁੱਤਰ ਸ਼ਾਹ ਅਬਦੁਲਵਹਾਬ ਹੋਇਆ। ਇਨ੍ਹਾਂ ਦੀਆਂ ਯਾਦਾਂ ਵਿਚ ਇਥੇ ਦੋ ਮਜ਼ਾਰ ਵੀ ਹਨ। ਇਨ੍ਹਾਂ ਦੀ ਨੌਵੀਂ ਪੀੜ੍ਹੀ ਵਿਚ ਪੀਰ ਬੁੱਧੂ ਸ਼ਾਹ ਹੋਇਆ ਸੀ ਜਿਸ ਦਾ ਅਸਲ ਨਾਂ ਸੱਯਦ ਬਦਰੁਦੀਨ ਸ਼ਾਹ ਸੀ। ਪੀਰ ਬੁੱਧੂ ਸ਼ਾਹ ਆਪਣੇ ਪੂਰਵਜਾਂ ਨਾਲੋਂ ਵੱਖਰੇ ਸੁਭਾਅ ਅਤੇ ਰੁਚੀਆਂ ਵਾਲਾ ਸੰਤ ਸੀ। ਇਹ ਸਿੱਖ ਗੁਰੂ ਸਾਹਿਬਾਨ ਦਾ ਪਰਸ਼ੰਸਕ ਅਤੇ ਸ਼ਰਧਾਲੂ ਵੀ ਸੀ। ਗੁਰੂ ਗੋਬਿੰਦ ਸਿੰਘ ਜੀ ਨਾਲ ਇਸ ਦੇ ਵਿਸ਼ੇਸ ਸੰਬੰਧ ਸਨ। ਇਸ ਕਰਕੇ ਗੈਰ-ਮੁਸਲਮਾਨਾਂ ਵਿਚ ਪੀਰ ਬੁੱਧੂ ਸ਼ਾਹ ਦਾ ਬਹੁਤ ਸਤਿਕਾਰ ਸੀ।

ਬੰਦਾ ਸਿੰਘ ਬਹਾਦੁਰ ਨੇ ਕਿਉਂਕਿ ਇਹ ਨੀਤੀ ਅਪਣਾਈ ਸੀ ਕਿ ਸਰਹਿੰਦ ਉਪਰ ਹਮਲਾ ਕਰਨ ਤੋਂ ਪਹਿਲਾਂ ਸਰਹਿੰਦ ਦੇ ਖੰਭ ਝਾੜ ਦਿਤੇ ਜਾਣ। ਸਮਾਣਾ, ਸਢੌਰਾ, ਕਪੂਰੀ, ਬਨੂੜ ਆਦਿ ਸਰਹਿੰਦ ਦੇ ਖੰਭ ਸਨ। ਬੰਦਾ ਸਿੰਘ ਨੇ ਇਨ੍ਹਾਂ ਨੂੰ ਝਾੜਨ ਦਾ ਇਰਾਦਾ ਕੀਤਾ ਹੋਇਆ ਸੀ। ਸਮਾਣਾ ਉਜਾੜ ਦਿਤਾ ਗਿਆ ਸੀ। ਹੁਣ ਵਾਰੀ ਸਢੌਰੇ ਦੀ ਸੀ। ਸਰਹਿੰਦ ਪਰਾਂਤ ਦੀ ਮਹੱਤਵਪੂਰਨ ਇਕਾਈ ਹੋਣ ਦੇ ਨਾਲ ਨਾਲ, ਸਢੌਰਾ ਇਸ ਕਰਕੇ ਵੀ ਖਾਲਸੇ ਦੀਆਂ ਨਿਗਾਹਾਂ ਵਿਚ ਰੜਕਦਾ ਸੀ ਕਿਉਂਕਿ ਇਥੋਂ ਦੇ ਪੀਰ ਬੁੱਧੂ ਸ਼ਾਹ ਨੂੰ ਇਥੋਂ ਦੇ ਹਾਕਮ ਉਸਮਾਨ ਖਾਨ ਨੇ ਮਰਵਾ ਦਿੱਤਾ ਸੀ। ਪੀਰ ਬੁੱਧੂ ਸ਼ਾਹ, ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਸੀ।

ਬੰਦਾ ਸਿੰਘ ਬਹਾਦੁਰ ਨੇ ਸਮਾਣਾ ਮਾਰਦਿਆਂ ਹੀ ਲਗਦੇ ਹੱਥ ਸਢੌਰੇ ਉਤੇ ਹਮਲਾ ਕਰ ਦਿਤਾ ਸੀ। ਸਮਾਣੇ ਤੋਂ ਸਿੰਘਾਂ ਦੇ ਹੱਥ ਖੁਲ੍ਹਾ ਮਾਲ-ਅਸਬਾਬ ਲੱਗ ਗਿਆ ਸੀ। ਘੋੜੇ ਅਤੇ ਜੰਗੀ ਹਥਿਆਰਾਂ ਨਾਲ ਲੈਸ ਹੋਇਆ ਖਾਲਸਾ ਸਢੌਰੇ ਉਪਰ ਆ ਧਮਕਿਆ ਸੀ। *ਅਖ਼ਬਾਰਾਤ-ਏ-ਦਰਬਾਰ-ਏ-ਮੁਅੱਲਾ* ਦੀਆਂ ਖੁਫ਼ੀਆ ਖ਼ਬਰਾਂ ਵਿੱਚ ਦਸਿਆ ਗਿਆ ਹੈ ਕਿ ਜਦੋਂ ਬੰਦਾ ਸਿੰਘ ਸਢੌਰੇ ਪਹੁੰਚਿਆ ਸੀ ਤਾਂ ਪੀਰ ਬੁੱਧੂ ਸ਼ਾਹ ਦਾ ਉਤਰ-ਧਿਕਾਰੀ ਸੰਤ ਵੀ ਆਪਣੇ ਸ਼ਰਧਾਲੂਆਂ ਸਮੇਤ ਉਸ ਨਾਲ ਜਾ ਰਲਿਆ ਸੀ। ਇਹ ਖ਼ਬਰ *ਅਖ਼ਬਾਰਾਤ-ਏ-ਦਰਬਾਰ-ਏ-ਮੁਅੱਲਾ* ਵਿੱਚ ਇਉਂ ਦਿੱਤੀ ਹੋਈ ਹੈ, ''ਖ਼ਬਰਾਂ ਆ ਰਹੀਆਂ ਹਨ ਕਿ ਇਨ੍ਹਾਂ ਦਿਨਾਂ ਵਿਚ ਉਨ੍ਹਾ (ਸਿੰਘਾਂ) ਨੇ ਬੂੜੀਆ ਅਤੇ ਸਢੌਰਾ ਦੇ ਪਰਗਣਿਆਂ ਨੂੰ ਲੁੱਟ ਲਿਆ ਹੈ। ਸੱਤਰ ਹਜ਼ਾਰ ਦੇ ਕਰੀਬ ਸਿੰਘ ਸਢੌਰੇ ਵਿਚੇ ਇਕੱਠੇ ਹੋਏ ਖੜ੍ਹੇ ਹਨ। ਇਸ ਸਮੇਂ ਉਹ (ਸਿੰਘ) ਆਪਣੇ ਗੁਰੂ ਦਾ ਨਾਮ ਜੱਪ ਰਹੇ ਹਨ। ਉਹ ਇਹ ਵੀ ਦਸਦੇ ਹਨ ਕਿ ਇਕ ਮੁਸਲਮਾਨ ਸੰਤ ਵੀ ਉਨ੍ਹਾਂ ਨਾਲ ਆ ਮਿਲਿਆ ਹੈ।''[2] ਇਕ ਹੋਰ ਅੰਦਾਜ਼ੇ ਮੁਤਾਬਕ ਬਾਦਸ਼ਾਹ ਨੂੰ ਪੇਸ਼ ਕੀਤੀ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ 'ਇਕ ਲੱਖ ਦੇ ਕਰੀਬ ਘੋੜ-ਸੁਆਰ ਅਤੇ ਪੈਦਲ ਵਿਅਕਤੀ ਉਸ ਨਾਲ ਰਲ ਚੁੱਕੇ ਹਨ। ਸਿੱਖਾਂ ਨੂੰ ਆਕਰਸ਼ਤ ਕਰਨ ਲਈ ਕਈ ਵਾਰ ਉਹ ਇਹ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਖੁਦ ਆ ਕੇ ਉਨ੍ਹਾਂ ਵਿਚ ਸ਼ਾਮਲ ਹੋ ਗਿਆ ਹੈ। ਕਦੇ ਕਹਿੰਦੇ ਹਨ ਕਿ ਇਕ ਮੁਸਲਮਾਨ ਫ਼ਕੀਰ (ਸੱਯਦ) ਗੈਬੀ ਤੌਰ ਤੇ ਆ ਕੇ ਉਨ੍ਹਾਂ ਨੂੰ ਲੜਨ ਦੀ ਸਿੱਖਿਆ ਦੇ ਰਿਹਾ ਹੈ।[3] ਸੱਤਰ ਹਜ਼ਾਰ ਦੇ ਕਰੀਬ ਸਿੰਘਾਂ ਦੇ ਇਕੱਠ ਦੀ ਗੱਲ ਤੋਂ ਇਉਂ ਜਾਪਦਾ ਹੈ ਜਿਵੇਂ ਕਿ ਸਮਾਣੇ ਅਤੇ ਸਢੌਰੇ ਦੀਆਂ ਜਿੱਤਾਂ ਬਾਅਦ ਇਲਾਕੇ ਦੇ ਸਭ ਨੌਜੁਆਨ ਬੰਦਾ ਸਿੰਘ ਬਹਾਦੁਰ ਨਾਲ ਰਲਣ ਲਈ ਉਮੱਡ ਪਏ ਹੋਣ। ਭਾਵੇਂ ਇਸ ਗਿਣਤੀ ਵਿਚ, ਖੁਫ਼ੀਆ ਨਾਮਾਨਿਗਾਰਾਂ ਦੀ ਅਤਿਕਥਨੀ ਵੀ ਹੋ ਸਕਦੀ ਸੀ ਪਰ ਇਨ੍ਹਾਂ ਰਿਪੋਰਟਾਂ ਦੀ ਮਹੱਤਤਾ ਨੂੰ ਘਟਾ ਕੇ ਵੀ ਨਹੀਂ ਦੇਖਣਾ ਚਾਹੀਦਾ। ਇਸ ਵਿਸ਼ਾਲ ਇਕੱਠ ਕਾਰਨ ਹੀ ਬੰਦਾ

1. ਇਸਦੀ ਪੁਸ਼ਟੀ ਲਈ ਦੇਖੋ, ਕਰਮ ਸਿੰਘ ਹਿਸਟੋਰੀਅਨ, *ਬੰਦਾ ਬਹਾਦੁਰ*, ਅੰਮ੍ਰਿਤਸਰ, 1907, ਪੰਨਾ 23; ਡਾ. ਗੰਡਾ ਸਿੰਘ, *ਬੰਦਾ ਸਿੰਘ ਬਹਾਦਰ*, ਪਟਿਆਲਾ, 1999, ਪੰਨਾ 22-23.
2. *ਅਖ਼ਬਾਰਾਤ-ਏ-ਦਰਬਾਰ-ਏ-ਮੁਅੱਲਾ*, ਪੰਨਾ 26.
3. *ਉਕਤ*, ਪੰਨਾ 103.

SIKHBOOKCLUB.COM

ਸਿੰਘ ਨੇ ਪਲਾਂ-ਛਿਨਾਂ ਵਿਚ ਸਢੌਰੇ ਨੂੰ ਉਜਾੜ ਦਿਤਾ ਸੀ। ਉਸਮਾਨ ਖਾਨ ਨੇ ਭੱਜਣ ਦੀ ਕੋਸ਼ਿਸ ਕੀਤੀ ਸੀ ਪਰ ਸਿੰਘਾਂ ਦੇ ਵਿਸ਼ਾਲ ਦਲਾਂ ਨੇ ਕਿਸੇ ਨੂੰ ਵੀ ਭੱਜਣ ਨਹੀਂ ਦਿਤਾ। ਆਖਰ ਸਢੌਰੇ ਦੇ ਸਭ ਅਮੀਰ–ਵਜ਼ੀਰ, ਚੌਧਰੀ ਅਤੇ ਨਵਾਬ ਬਚਣ ਲਈ ਪੀਰ ਬੁੱਧੂ ਸ਼ਾਹ ਦੀ ਹਵੇਲੀ ਵਿਚ ਜਾ ਇਕੱਠੇ ਹੋਏ। ਪਰ ਕਰੋਧ ਵਿਚ ਆਏ ਖਾਲਸਾ ਦਲਾਂ ਨੇ ਪੀਰ ਬੁੱਧੂ ਸ਼ਾਹ ਦੇ ਕਾਤਲਾਂ ਅਤੇ ਹਿੰਦੂਆਂ-ਸਿੱਖਾਂ ਦੇ ਕਾਤਲਾਂ ਨੂੰ ਦੇਖਦਿਆਂ ਹੀ ਦੇਖਦਿਆਂ ਮੌਤ ਦੇ ਘਾਟ ਉਤਾਰ ਦਿਤਾ। ਪੀਰ ਦੀ ਹਵੇਲੀ ਕਤਲਗੜ੍ਹੀ ਦਾ ਰੂਪ ਧਾਰ ਗਈ ਸੀ। ਕਿਲ੍ਹੇ ਅਤੇ ਹਵੇਲੀਆਂ ਮਿੱਟੀ ਵਿਚ ਮਿਲਾ ਦਿਤੀਆਂ ਗਈਆਂ। ਘੋੜੇ, ਊਠ ਅਤੇ ਹੋਰ ਸਰਕਾਰੀ ਜਾਨਵਰ ਖੋਹ ਲਏ ਗਏ ਸਨ। ਸਦੀਆਂ ਤੋਂ ਖਾਨਦਾਨੀ ਅਮੀਰ ਜੁਰੇ ਆ ਰਹੇ ਅਮੀਰਾਂ-ਵਜ਼ੀਰਾਂ ਦੀਆਂ ਹਵੇਲੀਆਂ ਵਿਚੋਂ ਅਥਾਹ ਧਨ-ਮਾਲ ਸਿੰਘਾਂ ਦੇ ਹੱਥ ਵਿਚ ਆ ਗਿਆ ਸੀ।

15 ਨਵੰਬਰ, 1709 ਨੂੰ ਸਢੌਰੇ ਦੇ ਕਿਲ੍ਹੇ ਵਿਚ ਪਹੁੰਚ ਕੇ ਬੰਦਾ ਸਿੰਘ ਬਹਾਦੁਰ ਨੇ ਖਾਲਸਾ ਪੰਚਾਇਤ ਸਥਾਪਤ ਕਰਕੇ , ਇਥੇ ਹੀ ਹਕੂਮਤ ਸਥਾਪਤ ਕਰ ਦਿਤੀ ਸੀ। ਖਾਫੀ ਖਾਂ ਲਿਖਦਾ ਹੈ ਕਿ ਬੰਦਾ ਸਿੰਘ ਨੇ ਆਪਣੇ ਥਾਣੇਦਾਰ ਅਤੇ ਤਹਿਸੀਲਦਾਰ-ਏ -ਮਾਲ ਨਿਯੁਕਤ ਕਰ ਦਿਤੇ ਸਨ।[4] ਕਿਲ੍ਹੇ ਦੀ ਮੁਰੰਮਤ ਕਰਵਾ ਕੇ ਸਿੰਘ ਜੱਥਿਆਂ ਨੂੰ ਇਥੇ ਤਾਇਨਾਤ ਕੀਤਾ ਗਿਆ। ਬੰਦਾ ਸਿੰਘ ਬਹਾਦੁਰ ਨੇ ਪਹਿਲਾ ਕੰਮ ਇਥੇ ਇਹ ਕੀਤਾ ਕਿ ਲੋਹਗੜ੍ਹ ਵਾਲੇ ਜੰਗਲਾਂ ਵਿਚੋਂ ਇਕ ਚੀਲ ਦਾ ਲੰਮਾ ਦਰਖ਼ਤ ਕੱਟ ਕੇ ਲਿਆ ਕੇ ਇਥੇ ਕਿਲ੍ਹੇ ਵਿਚ ਨਿਸ਼ਾਨ ਸਾਹਿਬ ਬਣਾ ਕੇ ਖੜਾ ਕਰ ਦਿਤਾ। ਇਹ ਨਿਸ਼ਾਨ ਸਾਹਿਬ ਅੱਜ ਵੀ ਇਥੇ ਗੁਰਦੁਆਰੇ ਵਿਚ ਖੜਾ ਹੈ।[5] ਬੰਦਾ ਸਿੰਘ ਬਹਾਦੁਰ ਨੂੰ ਦੱਸਿਆ ਗਿਆ ਸੀ ਕਿ ਸਢੌਰੇ ਤੋਂ ਥੋੜ੍ਹੀ ਦੂਰੀ ਤੇ ਹੀ ਸਥਿਤ ਪਹਾੜੀਆਂ ਦੇ ਵਿਚਕਾਰ ਕਿਲ੍ਹਾ ਮੁਖਲਿਸਗੜ੍ਹ ਹੈ। ਅਗਲੇ ਹੀ ਦਿਨ ਭਾਵ ਕਿ 16 ਨਵੰਬਰ ਨੂੰ ਉਸ ਨੇ ਤੁਰੰਤ ਹੀ ਮੁਖਲਿਸਗੜ੍ਹ ਵਾਲੀ ਥਾਂ ਜਾ ਰੋਕੀ। ਇਥੇ ਉਸ ਨੇ ਆਪਣੀ ਰਿਹਾਇਸ਼ ਕੀਤੀ। ਸਢੌਰੇ ਦੀ ਸੁਰੱਖਿਆ ਲਈ ਖਾਲਸੇ ਦੀ ਇਕ ਛਾਉਣੀ ਕਪਾਲ ਮੋਚਨ ਵਿਖੇ ਸਥਾਪਤ ਕੀਤੀ ਅਤੇ ਇਕ ਛਾਉਣੀ ਬੂੜੀਆ ਵਿਖੇ ਸਥਾਪਤ ਕੀਤੀ। ਪਿੰਡਾਂ ਦੇ ਨੌਜੁਆਨ ਧੜਾ-ਧੜ ਬੰਦਾ ਸਿੰਘ ਬਹਾਦੁਰ ਨਾਲ ਰਲ ਰਹੇ ਸਨ। ਸਮਕਾਲੀ ਮੁਸਲਮਾਨ ਲੇਖਕ ਖਾਫੀ ਖਾਨ ਲਿਖਦਾ ਹੈ ਕਿ ਦੋ ਤਿੰਨ ਮਹੀਨਿਆਂ ਵਿਚ ਹੀ ਚਾਰ-ਪੰਜ ਹਜ਼ਾਰ ਘੋੜ ਸੁਆਰ ਅਤੇ ਸੱਤ-ਅੱਠ ਹਜ਼ਾਰ ਪੈਦਲ ਸਿਪਾਹੀ ਉਸ ਨਾਲ ਆ ਮਿਲੇ ਸਨ। ਹਰ ਰੋਜ਼ ਰਲਣ ਵਾਲਿਆਂ ਦੀ ਗਿਣਤੀ ਵੱਧਦੀ ਜਾ ਰਹੀ ਸੀ ਅਤੇ ਅਥਾਹ ਧਨ ਮਾਲ ਉਨ੍ਹਾਂ ਦੇ ਹੱਥਾਂ ਵਿਚ ਆ ਰਿਹਾ ਸੀ। ਛੇਤੀ ਹੀ ਅਠਾਰਾਂ-ਉਨੀ ਹਜ਼ਾਰ ਹਥਿਆਰਬੰਦ ਆਦਮੀਆਂ ਨੇ ਉਸ ਦੇ ਅਧੀਨ ਲੁੱਟ ਅਤੇ ਕਤਲੋਗਾਰਤ ਕਰਨ ਦਾ ਝੰਡਾ ਉਠਾ ਲਿਆ ਸੀ।[6]


ਸਢੌਰੇ ਨੂੰ ਫਤਿਹ ਕਰਨ ਤੋਂ ਬਾਅਦ ਜਦੋਂ ਬੰਦਾ ਸਿੰਘ ਬਹਾਦੁਰ ਸਰਹਿੰਦ ਵਲ ਨੂੰ ਰਵਾਨਾ ਹੋਇਆ ਸੀ ਤਾਂ ਛੱਤ-ਬਨੂੜ ਨੂੰ ਫਤਿਹ ਕੀਤਾ ਗਿਆ। ਛੱਤ ਅਤੇ ਬਨੂੜ ਦੋ ਪਿੰਡ ਹਨ ਜਿਨ੍ਹਾਂ ਦੀ ਆਪਸੀ ਦੂਰੀ ਤਾਂ ਛੇ-ਸੱਤ ਕਿਲੋਮੀਟਰ ਦੀ ਹੈ ਪਰ ਇਨ੍ਹਾਂ ਨੂੰ ਬੁਲਾਇਆ ਇਨ੍ਹਾਂ ਜੁੜਵੇਂ ਨਾਂ ਨਾਲ ਹੀ ਜਾਂਦਾ ਹੈ। ਛੱਤ ਅਲੱਗ ਪਿੰਡ ਹੈ ਅਤੇ ਬਨੂੜ ਅਲੱਗ। ਜਾਪਦਾ ਇਉਂ ਹੈ ਕਿ ਬਨੂੜ, ਸਰਹਿੰਦ ਦੀ ਇਕ ਤਕੜੀ ਸੈਨਿਕ ਚੌਕੀ ਸੀ ਅਤੇ ਛੱਤ ਵਿਚ ਕਾਜ਼ੀ ਦੀ ਅਦਾਲਤ ਲਗਦੀ ਸੀ। ਇਹ ਪਿੰਡ ਫਿਰੋਜ਼ ਖਾਨ ਮੇਵਾਤੀ ਦੀ ਜਾਗੀਰ ਦਾ ਕੇਂਦਰ ਸੀ। ਇਥੇ ਉਸ ਦੀਆਂ ਹਵੇਲੀਆਂ ਵੀ ਸਨ ਅਤੇ ਫੌਜ ਵੀ ਰਹਿੰਦੀ ਸੀ। ਛੱਤ ਦੇ ਦੁਆਲੇ ਸੰਘਣੇ ਜੰਗਲਾਂ ਦੀ ਰੱਖ ਸੀ ਅਤੇ ਇਹ ਜੰਗਲ ਸ਼ਿਕਾਰ ਖੇਡਣ ਵਾਲੀ ਥਾਂ ਸੀ। ਇਹ ਪਿੰਡ ਸੰਘਣੇ ਜੰਗਲਾਂ ਵਿਚ ਸਥਿਤ ਹੋਣ ਕਰਕੇ ਸਰਹਿੰਦ ਤੋਂ ਸਢੌਰੇ ਵਲ ਜਾਣ ਵਾਲੇ ਰਸਤੇ ਉਪਰ ਸੀ। ਇਉਂ ਇਸ ਦੀ ਸਥਿਤੀ ਬੜੀ ਮਹੱਤਵਪੂਰਨ ਸੀ। ਜਦੋਂ ਬਾਦਸ਼ਾਹ ਬਹਾਦੁਰ ਸ਼ਾਹ ਲੋਹਗੜ੍ਹ ਤੋਂ ਚਲ ਕੇ ਸਰਹਿੰਦ ਵੱਲ ਆਇਆ ਸੀ ਤਾਂ ਉਸ ਦਾ ਕਾਫਲਾ ਛੱਤ ਪਿੰਡ ਵਿਚੋਂ ਦੀ ਹੀ ਗੁਜ਼ਰਿਆ ਸੀ। ਇਸ ਦਾ ਵੇਰਵਾ *ਅਖ਼ਬਾਰਾਤ-ਏ-ਦਰਬਾਰ-ਏ-ਮੁਅੱਲਾ* ਦੀਆਂ ਖ਼ਬਰਾਂ ਵਿਚ ਵੀ ਦਿੱਤਾ ਗਿਆ ਹੈ। ਇਸ ਅਨੁਸਾਰ ਬਾਦਸ਼ਾਹ ਛੱਤ ਦੇ ਵਿਚ ਸਥਿਤ ਦੌਲਤ ਖਾਨਾ ਤੋਂ ਰਵਾਨਾ ਹੋਇਆ ਅਤੇ ਜਿਉਂ ਹੀ ਉਹ ਛੱਤ ਕਸਬੇ ਦੇ ਨਜ਼ਦੀਕ ਪਹੁੰਚਿਆ ਤਾਂ ਉਹ ਇਸ ਕਸਬੇ ਦੇ ਇਕੱਠੇ ਹੋਏ ਲੋਕਾਂ ਨੂੰ ਮਿਲਿਆ। ਇਹ ਲੋਕ ਬਾਦਸ਼ਾਹ ਨੂੰ ਦੇਖਣ ਲਈ ਇਕੱਠੇ ਹੋਏ ਖੜ੍ਹੇ ਸਨ। ਬਾਦਸ਼ਾਹ ਨੇ ਆਪਣੇ ਚੌਬਦਾਰ ਖਾਨ ਮੁਹੰਮਦ ਨੂੰ ਪੁੱਛਿਆ ਕਿ ਇਹ ਲੋਕ ਕਿਸ ਖੇਤਰ ਨਾਲ ਸਬੰਧਤ ਹਨ। ਲੋੜੀਂਦੀ ਪੁੱਛਗਿੱਛ ਕਰਨ ਤੋਂ ਬਾਅਦ ਚੌਬਦਾਰ ਨੇ ਬਾਦਸ਼ਾਹ ਨੂੰ ਦੱਸਿਆ ਕਿ ਇਹ ਲੋਕ ਛੱਤ ਕਸਬੇ ਦੇ ਹਨ। ਬਾਦਸ਼ਾਹ ਨੇ ਫਿਰ ਪੁੱਛਿਆ ਕਿ ਛੱਤ ਕਸਬਾ ਕਿਸ ਦੀ ਫੌਜਦਾਰੀ ਵਿਚ ਵਾਕਿਆ ਹੈ? ਉਸ ਨੂੰ ਦੱਸਿਆ ਗਿਆ ਸੀ ਕਿ ਛੱਤ, ਸਰਹਿੰਦ ਤਾਅਲੁੱਕੇ ਵਿਚ ਫਿਰੋਜ਼ ਖ਼ਾਨ ਮੇਵਾਤੀ ਦੀ ਫੌਜਦਾਰੀ ਵਿਚ ਹੈ। ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਛੱਤ ਦੇ ਨਾਲ ਲੱਗਵਾਂ ਹੀ ਥੋੜ੍ਹੀ ਜਿਹੀ ਦੂਰੀ ਤੇ ਬਨੂੜ ਦਾ ਕਸਬਾ ਹੈ। ਅੱਜ ਕੱਲ੍ਹ ਇਹ

4. *ਮੁਤਖਾਬੁਲ-ਲੁਬਾਬ*, ਇਲੀਅਟ ਐਂਡ ਡਾਊਸਨ, ਪੰਨਾ 425.

5. ਅੱਜ ਕੱਲ ਕਿਲ੍ਹੇ ਵਾਲੀ ਥਾਂ ਖੋਹ ਦਾ ਰੂਪ ਹੈ। ਕਿਲ੍ਹੇ ਦਾ ਸਿਰਫ ਇਕ ਬੁਰਜ ਹੀ ਕਾਇਮ ਹੈ। ਕਿਲ੍ਹੇ ਦੀ ਬਾਕੀ ਥਾਂ ਤੇ ਕੁਝ ਤਾਂ ਗੁਰਦੁਆਰੇ ਦੀਆਂ ਇਮਾਰਤਾਂ ਉਸਰ ਗਈਆਂ ਹਨ ਤੇ ਜਾਂ ਕੁਝ ਨਿਜੀ ਘਰ ਪੈ ਗਏ ਹਨ। ਕਿਲ੍ਹੇ ਵਿਚਲਾ ਇਕ ਖੂਹ ਅਜੇ ਵੀ ਕਾਇਮ ਹੈ ਪਰ ਇਹ ਸੁੱਕਿਆ ਹੋਇਆ ਹੈ। ਗੁਰਦੁਆਰੇ ਦੇ ਸਾਹਮਣੇ ਅਤੇ ਖੂਹ ਦੇ ਬਿਲਕੁਲ ਨਾਲ ਲੱਗਵਾਂ ਇਕ ਲੱਕੜ ਦਾ ਨਿਸ਼ਾਨ ਸਾਹਿਬ ਹੈ। ਕਿਲ੍ਹੇ ਦਾ ਜਿਹੜਾ ਬੁਰਜ ਅਜੇ ਕਾਇਮ ਹੈ, ਇਹ ਸਰਦਾਰ ਹਰਦਿਆਲ ਸਿੰਘ ਦੇ ਘਰ ਵਿਚ ਹੈ। ਸਢੌਰੇ ਦਾ ਕਿਲ੍ਹਾ ਇਤਨਾ ਵਿਸ਼ਾਲ ਸੀ ਕਿ ਅੱਜ ਕਿਲ੍ਹੇ ਦੇ ਖੋਹ ਵਾਲੀ ਥਾਂ ਜਿਤਨੇ ਵੀ ਘਰ ਉਸਰੇ ਹੋਏ ਹਨ, ਉਹ ਬਹੁਤੇ ਕਿਲ੍ਹੇ ਦੀਆਂ ਛੋਟੀਆਂ ਇੱਟਾਂ ਨਾਲ ਹੀ ਉਸਾਰੇ ਹੋਏ ਹਨ।

6. ਇਲੀਅਟ ਐਂਡ ਡਾਊਸਨ, ਪੰਨਾ ਉਹੀ।

SIKHBOOKCLUB.COM



ਸਢੌਰੇ ਦੇ ਕਿਲ੍ਹੇ ਵਾਲੀ ਥਾਂ ਤੇ ਉਸਰਿਆ ਗੁਰਦੁਆਰਾ।
ਇਸ ਨਿਸ਼ਾਨ ਸਾਹਿਬ ਨੂੰ ਬੰਦਾ ਸਿੰਘ ਬਹਾਦੁਰ ਨੇ ਖੁਦ ਆਪ ਖੜ੍ਹਾ ਕੀਤਾ ਸੀ।

SIKHBOOKCLUB.COM

ਰਾਜਪੁਰਾ-ਚੰਡੀਗੜ੍ਹ ਸੜਕ ਉਪਰ ਰਾਜਪੁਰੇ ਤੋਂ 9-10 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਇਸ ਸਮੇਂ ਇਹ ਪਿੰਡ ਇਕ ਥੇਹ ਉਪਰ ਵਸਿਆ ਹੋਇਆ ਹੈ। ਉੱਚਾ ਥੇਹ ਪਰਤੱਖ ਰੂਪ ਵਿਚ ਦਿਸਦਾ ਹੈ। ਸੜਕ ਵਾਲੇ ਪਾਸੇ ਤੋਂ ਥੇਹ ਵਿਚੋਂ ਨੰਗੀਆਂ ਹੋਈਆਂ ਛੋਟੀਆਂ ਇੱਟਾਂ ਦੀਆਂ ਦੀਵਾਰਾਂ ਦੀਆਂ ਨਿਸ਼ਾਨੀਆਂ ਪਰਤੱਖ ਰੂਪ ਵਿਚ ਦਿਸਦੀਆਂ ਹਨ। ਇਹ ਨਿਸ਼ਾਨੀਆਂ ਦਸਦੀਆਂ ਹਨ ਕਿ ਇਥੇ ਪਹਿਲਾਂ ਸੁੰਦਰ ਹਵੇਲੀਆਂ ਵਾਲਾ ਅਤੇ ਇਕ ਮਜ਼ਬੂਤ ਕਿਲ੍ਹੇ ਵਾਲਾ ਸ਼ਹਿਰ ਸੀ। ਬਨੂੜ ਵਿਖੇ ਸਰਹਿੰਦ ਦੀ ਮਹੱਤਵਪੂਰਨ ਸੈਨਿਕ-ਚੌਕੀ ਸੀ। ਸਰਹਿੰਦ ਤੋਂ ਅੰਬਾਲੇ ਨੂੰ ਜਾਣ ਵਾਲਾ ਮੁਖ ਮਾਰਗ ਇਥੋਂ ਦੀ ਹੀ ਸੀ। ਇਸ ਤਰ੍ਹਾਂ ਬਨੂੜ-ਸਰਹਿੰਦ ਨੂੰ ਆਉਣ ਵਾਲੇ ਮਾਰਗ ਤੋਂ ਪਹਿਲਾਂ ਬਨੂੜ ਦੀ ਤਬਾਹੀ ਕਰਨੀ ਬਹੁਤ ਜ਼ਰੂਰੀ ਸੀ। ਬਨੂੜ ਸਰਹਿੰਦ ਦੇ ਬਿਲਕੁਲ ਨੇੜੇ ਸੀ। ਸਰਹਿੰਦ ਦੀ ਜਿਹੜੀ ਲੜਾਈ ਚੱਪੜ-ਚਿੜੀ ਵਿਚ ਹੋਈ ਸੀ ਉਹ ਲੜਾਈ ਇਥੇ ਬਨੂੜ ਹੋਣੀ ਚਾਹੀਦੀ ਸੀ ਕਿਉਂਕਿ ਜਿੰਨਾ ਫਾਸਲਾ ਸਰਹਿੰਦ ਅਤੇ ਚੱਪੜ-ਚਿੜੀ ਦਾ ਸੀ, ਸਰਹਿੰਦ ਤੋਂ ਬਨੂੜ ਦਾ ਫਾਸਲਾ ਉਸ ਤੋਂ ਥੋੜ੍ਹਾ ਸੀ। ਪਰ ਕਿਉਂਕਿ ਵਜ਼ੀਰ ਖਾਨ ਡਰਿਆ ਹੋਇਆ ਅਤੇ ਬੇਦਿਲ ਹੋਇਆ ਬੈਠਾ ਸੀ ਇਸ ਲਈ ਉਹ ਬੰਦਾ ਸਿੰਘ ਬਹਾਦੁਰ ਵਲੋਂ ਬਨੂੜ ਉਪਰ ਹਮਲਾ ਕਰਨ ਦੇ ਬਾਵਜੂਦ ਵੀ ਬਨੂੜ ਦੀ ਰੱਖਿਆ ਲਈ ਨਹੀਂ ਆਇਆ ਸੀ। ਸਰਹਿੰਦ ਅਤੇ ਬਨੂੜ ਦੀ ਸਥਿਤੀ ਨੂੰ ਦੇਖਦਿਆਂ ਵਜ਼ੀਰ ਖਾਨ ਲਈ ਇਹ ਜ਼ਰੂਰੀ ਸੀ ਕਿ ਉਹ ਆ ਕੇ ਬਨੂੜ ਦੀ ਰੱਖਿਆ ਕਰਦਾ, ਪਰ ਇਹ ਹੋਇਆ ਨਹੀਂ।

ਬੰਦਾ ਸਿੰਘ ਬਹਾਦੁਰ ਨੇ ਬਨੂੜ ਉਪਰ ਹਮਲਾ ਕੀਤਾ। ਇਕੱਲੇ ਬਨੂੜ ਦੇ ਫੌਜਦਾਰ ਨੇ ਕੀ ਮੁਕਾਬਲਾ ਕਰਨਾ ਸੀ। ਦੇਖਦਿਆਂ ਹੀ ਦੇਖਦਿਆਂ ਬਨੂੜ ਦੀਆਂ ਹਵੇਲੀਆਂ ਅਤੇ ਗੜ੍ਹੀਆਂ ਨੂੰ ਤੋਪਾਂ ਨਾਲ ਉਡਾ ਦਿਤਾ। ਖਾਲਸੇ ਸਾਹਮਣੇ ਰਾਜ ਕਰਨ ਦੀ ਇੱਛਾ ਤਾਂ ਹੈ ਹੀ ਨਹੀਂ ਸੀ। ਇਕੋ-ਇਕ ਨਿਸ਼ਾਨਾ ਸਿਰਫ ਸਰਹਿੰਦ ਦੇ ਰਾਜ ਨੂੰ ਅਤੇ ਇਸ ਦੀਆਂ ਸਰਕਾਰੀ ਇਮਾਰਤਾਂ ਨੂੰ ਤਬਾਹ ਕਰਨ ਦਾ ਸੀ। ਕਿਲ੍ਹਾ ਵੀ ਢਾਹ ਦਿਤਾ ਗਿਆ ਅਤੇ ਹਵੇਲੀਆਂ ਵੀ ਮਿੱਟੀ ਵਿਚ ਮਿਲਾ ਦਿੱਤੀਆਂ ਗਈਆਂ।

ਜਿਹੜਾ ਖਾਲਸਾ ਦਲ ਰੋਪੜ ਦੇ ਪੱਤਣਾਂ ਤੇ ਰੁਕਿਆ ਬੈਠਾ ਸੀ ਪਹਿਲਾਂ ਉਸ ਦਾ ਬੰਦਾ ਸਿੰਘ ਬਹਾਦੁਰ ਨੂੰ ਬਨੂੜ ਪਹੁੰਚ ਕੇ ਹੀ ਮਿਲਣ ਦਾ ਉਦੇਸ਼ ਸੀ। ਪਰ ਆਪਣੀ ਹੋਣੀ ਨੂੰ ਅਟੱਲ ਸਮਝਦਾ ਹੋਇਆ ਵਜ਼ੀਰ ਖਾਨ ਦੋਹਾਂ ਦਲਾਂ ਦੇ ਮਿਲਾਪ ਨੂੰ ਰੋਕਣ ਲਈ ਆਪਣੀ ਫੌਜ ਲੈ ਕੇ ਚੱਪੜ-ਚਿੜੀ ਪਹੁੰਚ ਗਿਆ ਸੀ। ਇਸ ਲਈ ਸਰਹਿੰਦ ਦੀ ਫਤਿਹ ਲਈ ਜਿਹੜੀ ਲੜਾਈ ਸਿੱਧੀ ਬਨੂੜ ਤੋਂ ਹੀ ਹੋਣੀ ਸੀ ਉਹ ਹੁਣ ਚੱਪੜ-ਚਿੜੀ ਦੇ ਮੈਦਾਨਾਂ ਵਿਚ ਪਹੁੰਚ ਗਈ ਸੀ। ਬੰਦਾ ਸਿੰਘ ਬਹਾਦੁਰ ਵੀ ਆਪਣੇ ਵਿਸ਼ਾਲ ਖਾਲਸਾ ਦਲ ਨੂੰ ਲੈ ਕੇ ਮਾਰੋ-ਮਾਰ ਕਰਦਾ ਹੋਇਆ ਬਨੂੜ ਤੋਂ ਚੱਪੜ-ਚਿੜੀ ਪਹੁੰਚ ਗਿਆ ਸੀ।

SIKHBOOKCLUB.COM

7. ਸਰਹਿੰਦ
(ਇਤਿਹਾਸਕ ਪਿਛੋਕੜ)

ਸਰਹਿੰਦ ਦਾ ਵਰਤਮਾਨ ਸ਼ਹਿਰ ਭਾਵੇਂ 1764 ਈ. ਤੋਂ ਬਾਅਦ ਦਾ ਵਸਿਆ ਹੋਇਆ ਹੈ ਜਦੋਂ ਕਿ ਇਸ ਨੂੰ ਬਾਬਾ ਆਲਾ ਸਿੰਘ ਨੇ ਮੁੱਲ ਲੈ ਕੇ ਆਪਣੇ ਰਾਜ ਵਿਚ ਮਿਲਾਇਆ ਸੀ ਪਰ ਇਸ ਦਾ ਇਤਿਹਾਸ ਬੜਾ ਪੁਰਾਣਾ ਹੈ। ਇਸ ਦੀ ਪੁਰਾਤਨਤਾ ਸਿੰਧ ਘਾਟੀ ਦੀ ਸਭਿਅਤਾ, ਜਿਸ ਨੂੰ ਹੜੱਪਾ ਕਾਲ ਵੀ ਕਿਹਾ ਜਾਂਦਾ ਹੈ, ਨਾਲ ਜਾ ਮਿਲਦੀ ਹੈ। ਇਥੋਂ ਥੋੜ੍ਹੀ ਹੀ ਦੂਰ ਸਥਿਤ ਸੰਘੋਲ (ਉਚਾ ਪਿੰਡ) ਦਾ ਥੇਹ ਇਸ ਦੀ ਪਰਾਚੀਨਤਾ ਦਾ ਸਬੂਤ ਹੈ। ਸੰਘੋਲ ਦੀ ਪਰਾਚੀਨਤਾ ਸਿੰਧ ਘਾਟੀ ਦੀ ਸਭਿਅਤਾ, ਆਰੀਆ ਹਮਲਾਵਰਾਂ ਦੇ ਆਉਣ ਤੋਂ ਪਹਿਲਾਂ ਸਿੰਧ ਦੇ ਤੱਟੀ ਖੇਤਰ ਵਿਚ ਬਹੁਤ ਹੀ ਵਿਕਸਤ ਹੋਈ ਸਭਿਅਤਾ ਸੀ। ਇਸ ਯੁੱਗ ਦੌਰਾਨ ਇਸ ਖੇਤਰ ਵਿਚ ਸੈਰੰਦਾ ਨਾਂ ਦੇ ਕਬੀਲੇ ਦਾ ਇਥੇ ਵਾਸਾ ਸੀ। ਇਸ ਸੈਰੰਦਾ ਨਾਂ ਦੇ ਕਬੀਲੇ ਦੇ ਕੇਂਦਰੀ ਥਾਂ ਨੂੰ ਸੈਰੰਦੀਆਂ ਦੇ ਨਾਂ ਨਾਲ ਸੈਰੰਦੀਆਂ ਦੀ ਥਾਂ ਜਾਂ ਸੈਰੰਦ ਕਿਹਾ ਜਾਂਦਾ ਸੀ। ਸੈਰੰਦ ਤੋਂ ਸਰਹਿੰਦ ਦਾ ਬਣ ਜਾਣਾ ਵੱਖ ਵੱਖ ਸਮੇਂ ਅਤੇ ਬੋਲੀਆਂ ਕਾਰਨ ਹੈ।[1]

ਵੈਸੇ ਸਰਹਿੰਦ ਨਾਂ ਦੇ ਹਿੰਦਸੇ ਅਤੇ ਉਚਾਰਨ ਹਰ ਲਿਖਤ ਵਿਚ ਵੱਖ-ਵੱਖ ਆਏ ਹਨ। ਜਿਵੇਂ ਕਿ ਕਈਆਂ ਨੇ ਇਸ ਨੂੰ ਸਹਿਰੰਦ ਲਿਖਿਆ ਹੈ ਜਿਸ ਦਾ ਸੰਧੀ-ਛੇਦ ਕਰਕੇ ਕੁਝ ਇਕ ਨੇ ਇਸ ਨੂੰ ਸੀਂਹ ਦਾ ਖੇਤਰ (ਸ਼ੇਰਾਂ ਦਾ ਵਾਸਾ) ਮੰਨ ਲਿਆ ਹੈ। ਕਈ ਨੇ ਇਸ ਨੂੰ ਸਿਰਹੰਦ ਲਿਖਿਆ ਹੈ ਜਿਸ ਦਾ ਸੰਧੀ-ਛੇਦ ਕਰਕੇ ਉਨ੍ਹਾਂ ਨੇ ਇਸ ਨੂੰ ਸਮੁੱਚੇ ਹਿੰਦੁਸਤਾਨ ਦਾ ਸਿਰ ਬਣਾ ਦਿਤਾ ਹੈ। ਆਦਿ! ਆਦਿ!! ਇਹ ਸਭ ਜ਼ੁਬਾਨਾਂ ਅਤੇ ਬੋਲੀਆਂ ਦੇ ਵਖਰੇਵੇਂ ਕਾਰਨ ਹੋਇਆ ਹੈ। ਇਸ ਦੀ ਉਤਪਤੀ ਸੈਰੰਦੀਆ ਕਬੀਲੇ ਦੇ ਮੁੱਖ ਕੇਂਦਰ ਕਰਕੇ ਹੋਈ ਹੈ ਅਤੇ ਇਸ ਦਾ ਵਰਤਮਾਨ ਸਹੀ ਉਚਾਰਣ ਸਰਹਿੰਦ ਹੈ। ਵੈਸੇ ਤਾਂ ਸਰਹਿੰਦ ਕੇਵਲ ਸੈਰੰਦ ਤੋਂ ਵਿਗੜਿਆ ਹੋਇਆ ਜਾਂ ਵਿਕਸਤ ਹੋਇਆ ਹੋਇਆ ਨਾਂ ਹੈ ਪਰ ਮੁਗਲਾਂ ਦੇ ਜ਼ਮਾਨੇ ਵਿਚ ਸਰਹਿੰਦ ਸ਼ਹਿਰ ਦੀ ਰਾਜਨੀਤਕ ਅਤੇ ਸੈਨਿਕ ਮਹੱਤਤਾ ਕਰਕੇ ਇਸ ਨੂੰ ਹਿੰਦੁਸਤਾਨ ਦਾ ਸ਼ਿਰੋਮਣੀ ਸ਼ਹਿਰ ਮੰਨਿਆ ਜਾਣ ਲਗ ਪਿਆ ਸੀ।[2]

ਲਿਖਤੀ ਰੂਪ ਵਿਚ ਇਸ ਸ਼ਹਿਰ ਦਾ ਸਭ ਤੋਂ ਪਹਿਲਾਂ ਜ਼ਿਕਰ ਅਲ-ਬੈਰੂਨੀ ਦੀ ਲਿਖਤ *ਤਾਰੀਖ-ਏ-ਹਿੰਦ* ਵਿਚ ਆਉਂਦਾ ਹੈ। ਉਸ ਅਨੁਸਾਰ ਸਰਹਿੰਦ ਪਹਿਲਾਂ ਚੰਦਰਬੰਸੀ ਰਾਜਪੂਤਾਂ ਦੇ ਸ਼ਾਸਨ ਹੇਠ ਅਤੇ ਫਿਰ ਸੂਰਜਮੁਖੀ ਕਬੀਲਿਆਂ ਦੇ ਸ਼ਾਸਨ ਹੇਠ ਇਕ ਮਹੱਤਵਪੂਰਨ ਸ਼ਹਿਰ ਸੀ, ਇਸ ਸ਼ਹਿਰ ਨੂੰ ਸਸਾਨੀਆਂ ਦੇ ਹਮਲੇ ਸਮੇਂ ਜਬਰਦਸਤ ਖ਼ਤਰਾ ਪੈਦਾ ਹੋ ਗਿਆ ਸੀ ਪਰ ਚੰਗੀ ਕਿਸਮਤ ਨਾਲ ਇਹ ਟਲ ਗਿਆ ਸੀ। ਫਰਿਸ਼ਤਾ ਦੇ ਅਨੁਸਾਰ 226-144 ਈ. ਦੌਰਾਨ ਅਰਧਸੀਰ ਬਾਬਾਜਿਨ ਜਦੋਂ ਭਾਰਤ ਤੇ ਚੜ੍ਹ ਕੇ ਆਇਆ ਸੀ ਤਾਂ ਉਹ ਸਰਹਿੰਦ ਦੇ ਨੇੜੇ ਤਕ ਪਹੁੰਚ ਗਿਆ ਸੀ ਭਾਵੇਂ ਕਿ ਛੇਤੀ ਹੀ ਉਸ ਨੂੰ ਪਛਾੜ ਦਿਤਾ ਗਿਆ ਸੀ।[3]

ਹਿਊਨ ਸਾਂਗ ਦੀ ਲਿਖਤ ਵਿਚ ਵੀ ਸਰਹਿੰਦ ਦਾ ਜ਼ਿਕਰ ਹੈ। ਹਿਊਨ ਸਾਂਗ ਸੱਤਵੀਂ ਸਦੀ ਈਸਵੀ ਵਿਚ ਹਿੰਦੁਸਤਾਨ ਵਿਚ ਆਇਆ ਸੀ। ਇਸ ਅਨੁਸਾਰ ਸਰਹਿੰਦ, ਸਤਲੁਜ ਦੇ ਖੇਤਰ ਦੀ ਰਾਜਧਾਨੀ ਸੀ। ਸਤਲੁਜ ਦਾ ਇਹ ਖੇਤਰ 333 ਮੀਲਾਂ ਦੇ ਘੇਰੇ ਵਾਲਾ ਸੀ। ਸਤਲੁਜ ਇਸ ਦੀ ਪੱਛਮੀ ਸੀਮਾ ਸੀ। ਕਨਿੰਘਮ ਅਨੁਸਾਰ ਸਰਹਿੰਦ, ਸਤਲੁਜ ਦਰਿਆ ਵਾਲੇ ਖੇਤਰ ਦੀ ਰਾਜਧਾਨੀ ਸੀ ਜਿਹੜਾ ਇਤਿਹਾਸ ਅਤੇ ਪਰੰਪਰਾ ਰਾਹੀਂ ਦੇਸ਼ ਦੇ ਇਸ ਖਿੱਤੇ ਦਾ ਸਭ ਤੋਂ ਵੱਧ ਪੁਰਾਣਾ ਸ਼ਹਿਰ ਸਾਬਤ ਹੁੰਦਾ ਹੈ। ਉਸ ਅਨੁਸਾਰ ਸਰਹਿੰਦ 900 ਈ. ਸਦੀ ਵਿਚ ਬਹੁਤ ਹੀ ਵਿਕਸਤ ਸ਼ਹਿਰ ਸੀ ਅਤੇ ਇਹ ਕਨਿਸ਼ਕ ਦੇ ਰਾਜ ਸਮੇਂ ਹੋਂਦ ਵਿਚ ਆ ਚੁੱਕਿਆ ਸੀ।[4]

ਉਕਤ ਵੇਰਵਿਆਂ ਤੋਂ ਇਹ ਭਲੀ ਭਾਂਤ ਸਾਬਤ ਹੁੰਦਾ ਹੈ ਕਿ ਸਰਹਿੰਦ ਸ਼ਹਿਰ ਪਰਾਚੀਨ ਸਮੇਂ ਤੋਂ ਆਪਣੀ ਹੋਂਦ ਵਿਚ ਆ ਚੁੱਕਿਆ ਸੀ ਅਤੇ ਇਹ ਸਤਲੁਜ ਅਤੇ ਜਮਨਾ ਦੇ ਵਿਚਕਾਰਲੇ ਖੇਤਰ ਦੀ ਰਾਜਧਾਨੀ ਰਿਹਾ ਸੀ। ਰਾਜਨੀਤਕ ਤੌਰ ਤੇ ਸਰਹਿੰਦ, ਪਹਿਲੀ ਵਾਰ ਹਿੰਦੂ-ਸ਼ਾਹੀ ਹਾਕਮਾਂ ਦੇ ਸਮੇਂ ਸਾਹਮਣੇ ਆਇਆ। ਕਿਉਂਕਿ ਤੁਰਕ, ਅਫਗਾਨਿਸਤਾਨ ਵਿਚ ਗਜ਼ਨੀ ਨੂੰ ਕੇਂਦਰ ਬਣਾ ਕੇ ਅਲਪਤਿਜਿਨ ਅਤੇ ਸੁਬਕਤਿਜਿਨ ਦੇ ਸਮੇਂ ਪੰਜਾਬ ਵਿਚ ਸਥਾਪਤ ਹੋਏ ਹਿੰਦੂ-ਸ਼ਾਹੀ ਹਾਕਮਾਂ ਨਾਲ ਟੱਕਰ ਵਿਚ ਆ ਗਏ ਸਨ। ਇਸ ਟੱਕਰ ਵਿਚ ਸਰਹਿੰਦ ਸ਼ਹਿਰ ਨੇ ਤਕੜਾ ਰੋਲ ਅਦਾ ਕੀਤਾ ਸੀ। ਸਰਹਿੰਦ ਹਿੰਦੂ-ਸ਼ਾਹੀਆਂ

---

1. See also Alexander Cunningham, *Ancient Geography of India,* Calcutta, 1924, p. 165 and Fauja Singh (ed), *Sirhind Through The Ages,* Patiala, 1984, p. 3.
2. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1960, ਪੰਨਾ 123.
3. As quoted by Dr. Fauja Singh (ed), op.cit; p. 4.
4. *Ancient History of India,* p. 165.

SIKHBOOKCLUB.COM

ਦੀ ਰਾਜਧਾਨੀ ਸੀ । ਹਿੰਦੂ-ਸ਼ਾਹੀਆਂ ਦੇ ਅਖੀਰਲੇ ਹਾਕਮ ਤਿਰਲੋਚਨਪਾਲ ਨੇ ਅੰਤਮ ਕੋਸ਼ਿਸ਼ ਦੇ ਤੌਰ ਤੇ ਤੁਰਕਾਂ ਦਾ ਮੁਕਾਬਲਾ ਕਰਨ ਲਈ ਸਰਹਿੰਦ ਨੂੰ ਸੈਨਿਕ ਪੱਖੋਂ ਬਹੁਤ ਮਜ਼ਬੂਤ ਕੀਤਾ । ਇਥੇ ਉਸ ਨੇ ਕਿਲ੍ਹੇ ਉਸਾਰੇ, ਪੁਰਾਣੇ ਕਿਲ੍ਹਿਆਂ ਨੂੰ ਹੋਰ ਮਜ਼ਬੂਤ ਕੀਤਾ । ਇਥੇ ਇਨ੍ਹਾਂ ਦੀ ਸੁਰੱਖਿਅਤਾ ਲਈ ਇਕ ਮਜ਼ਬੂਤ ਸੈਨਾ ਖੜ੍ਹੀ ਕੀਤੀ । ਲੇਕਿਨ ਤਿਰਲੋਚਨਪਾਲ ਦੀਆਂ ਇਨ੍ਹਾਂ ਜੰਗੀ ਤਿਆਰੀਆਂ ਨੇ ਉਸ ਦੇ ਗੁਆਂਢੀ ਥਾਨੇਸਰ ਦੇ ਰਾਜੇ ਚਾਂਦ ਰਾਇ ਦੇ ਮਨ ਵਿਚ ਡਰ ਪੈਦਾ ਕਰ ਦਿਤਾ ਸੀ । ਉਹ ਸਮਝਦਾ ਸੀ ਕਿ ਸ਼ਾਇਦ ਤਿਰਲੋਚਨਪਾਲ ਉਸ ਉਪਰ ਹਮਲਾ ਕਰਨ ਲਈ ਤਿਆਰੀਆਂ ਕਰ ਰਿਹਾ ਹੈ । ਤਿਰਲੋਚਨਪਾਲ ਨੇ ਬੜੀ ਕੋਸ਼ਿਸ਼ ਕੀਤੀ ਸੀ ਉਸ ਦਾ ਡਰ ਦੂਰ ਕਰਨ ਦੀ ਪਰ ਆਖਿਰ ਚਾਂਦ ਰਾਇ ਨੇ ਧੋਖੇ ਨਾਲ ਤਿਰਲੋਚਨਪਾਲ ਦੇ ਪੁੱਤਰ ਭੀਮਪਾਲ ਨੂੰ ਕੈਦ ਕਰ ਲਿਆ । ਇਸ ਨਾਲ ਤਿਰਲੋਚਨਪਾਲ ਦਾ ਹੌਂਸਲਾ ਟੁੱਟ ਗਿਆ ਸੀ । ਸਿੱਟੇ ਵਜੋਂ 1018 ਈ. ਵਿਚ ਜਦੋਂ ਮਹਿਮੂਦ ਗਜ਼ਨਵੀ ਹਿੰਦੁਸਤਾਨ ਉਪਰ ਹਮਲਾ ਕਰਕੇ ਆਇਆ ਤਾਂ ਤਿਰਲੋਚਨਪਾਲ ਹਮਲੇ ਦਾ ਟਾਕਰਾ ਕਰਨ ਦੀ ਥਾਂ ਸਰਹਿੰਦ ਖਾਲੀ ਕਰਕੇ ਮਾਲਵੇ ਦੇ ਰਾਜਾ ਭੋਜ ਕੋਲ ਚਲਿਆ ਗਿਆ ਸੀ । ਜਿਉਂ ਹੀ ਮਹਿਮੂਦ ਗਜ਼ਨਵੀ ਪੂਰੀ ਲੁੱਟ-ਖਸੁੱਟ ਕਰਨ ਤੋਂ ਬਾਅਦ ਵਾਪਸ ਗਿਆ ਤਾਂ ਤਿਰਲੋਚਨਪਾਲ ਫਿਰ ਸਰਹਿੰਦ ਆ ਗਿਆ । ਇਸ ਸਮੇਂ ਤਿਰਲੋਚਨ ਪਾਲ ਨੇ ਕਾਲਿੰਜਰ ਅਤੇ ਕਾਨੌਜ ਦੇ ਰਾਜਿਆਂ ਨਾਲ ਸਾਂਝਾ ਸੰਘ ਬਣਾ ਕੇ ਮਹਿਮੂਦ ਗਜ਼ਨਵੀ ਦਾ ਟਾਕਰਾ ਕਰਨ ਦਾ ਮਨ ਬਣਾਇਆ । ਜਦੋਂ 1020-21 ਵਿਚ ਫਿਰ ਮਹਿਮੂਦ ਗਜ਼ਨਵੀ ਹਮਲਾ ਕਰਕੇ ਆਇਆ ਤਾਂ ਤਿਰਲੋਚਨ ਪਾਲ ਕਾਨੌਜ ਦੇ ਰਾਜੇ ਨਾਲ ਮਿਲਣ ਲਈ ਫਿਰ ਸਰਹਿੰਦ ਤੋਂ ਆਪਣੀਆਂ ਫੌਜਾਂ ਲੈ ਕੇ ਚਲ ਪਿਆ । ਇਸ ਗੱਲ ਦਾ ਪਤਾ ਮਹਿਮੂਦ ਨੂੰ ਵੀ ਲਗ ਗਿਆ ਸੀ । ਉਸ ਨੇ ਬੜੀ ਤੇਜ਼ੀ ਨਾਲ ਮਾਰਚ ਕਰਦੇ ਹੋਏ ਨੇ ਤਿਰਲੋਚਨਪਾਲ ਨੂੰ ਰਸਤੇ ਵਿਚ ਹੀ ਜਾ ਨੱਪਿਆ । ਪਰ ਤਿਰਲੋਚਨਪਾਲ ਲੜਦਾ ਹੋਇਆ ਅੱਗੇ ਨੂੰ ਵਧਦਾ ਗਿਆ । ਬਦਕਿਸਮਤੀ ਨਾਲ ਤਿਰਲੋਚਨਪਾਲ ਆਪਣੇ ਹੀ ਸਿਪਾਹੀਆਂ ਹੱਥੋਂ ਰਸਤੇ ਵਿਚ ਮਾਰਿਆ ਗਿਆ ।[5] ਇਸ ਨਾਲ ਹਿੰਦੁਸ਼ਾਹੀਆਂ ਦਾ ਤਾਂ ਖਾਤਮਾ ਹੋਇਆ ਹੀ ਸੀ, ਸਗੋਂ ਸਰਹਿੰਦ ਦੀ ਰਾਜਧਾਨੀ ਵਾਲੀ ਸ਼ਾਨ ਵੀ ਖ਼ਤਮ ਹੋ ਗਈ ਸੀ । ਇਸ ਤੋਂ ਬਾਅਦ ਕਦੇ ਵੀ ਸਰਹਿੰਦ ਦਾ ਅਮੀਰ ਪਿਛੋਕੜ ਵਾਲਾ ਸ਼ਹਿਰ ਰਾਸ਼ਟਰ ਪੱਧਰ ਦੀ ਰਾਜਧਾਨੀ ਨਹੀਂ ਬਣ ਸਕਿਆ ਭਾਵੇਂ ਕਿ ਇਹ ਸੈਨਿਕ ਪੱਖੋਂ ਮਹੱਤਵਪੂਰਨ ਕੇਂਦਰ ਬਣਿਆ ਰਿਹਾ ਸੀ । 1191 ਵਿਚ ਜਦੋਂ ਮੁਹੰਮਦ ਗੌਰੀ ਨੇ ਹਮਲਾ ਕੀਤਾ ਸੀ ਤਾਂ ਉਸ ਨੇ ਸਰਹਿੰਦ ਵਿਖੇ ਹੀ ਆਪਣਾ ਸੈਨਿਕ ਡੇਰਾ ਸਥਾਪਤ ਕੀਤਾ ਸੀ ।

ਭਾਵੇਂ ਮੁਹੰਮਦ ਗੌਰੀ ਆਪਣੇ ਪਹਿਲੇ ਹਮਲੇ ਸਮੇਂ ਪਿਰਥਵੀ ਰਾਜ ਚੌਹਾਨ ਤੋਂ ਹਾਰ ਗਿਆ ਸੀ ਇਸ ਲਈ ਚੌਹਾਨ ਰਾਜੇ ਨੇ ਇਕ ਦਮ ਸਰਹਿੰਦ ਨੂੰ ਸੈਨਿਕ ਪੱਖੋਂ ਇਕ ਮਜ਼ਬੂਤ ਕੇਂਦਰ ਬਣਾਉਣਾ ਸ਼ੁਰੂ ਕਰ ਦਿਤਾ ਸੀ । ਇਉਂ ਸਰਹਿੰਦ ਬਾਰਵੀਂ ਸਦੀ ਦੇ ਅੰਤਲੇ ਸਾਲਾਂ ਵਿਚ ਇਕ ਸਰਹੱਦੀ ਸ਼ਹਿਰ ਬਣ ਗਿਆ ਸੀ । 1192 ਵਿਚ ਮੁਹੰਮਦ ਗੌਰੀ ਦੀ ਚੌਹਾਨ ਰਾਜੇ ਉਪਰ ਹੋਈ ਜਿੱਤ ਨੇ ਸਰਹਿੰਦ ਨੂੰ ਇਕ ਵਾਰ ਫਿਰ ਸੱਟ ਮਾਰੀ । ਇਸ ਵਾਰ ਇਹ ਸ਼ਹਿਰ ਆਪਣੀ ਹਰ ਕਿਸਮ ਦੀ ਮਹੱਤਤਾ ਗੁਆ ਬੈਠਾ । 1210 ਵਿਚ ਸੁਲਤਾਨਾਂ ਸਮੇਂ ਮੁਲਤਾਨ ਅਤੇ ਸਿੰਧ ਦੇ ਗਵਰਨਰ ਨਾਸੀਰੁਦੀਨ ਕੁਬਾਚਾ ਨੇ ਹਮਲਾ ਕਰਕੇ ਸਰਹਿੰਦ, ਕੋਹਰਾਮ (ਘੁੜਾਮ) ਅਤੇ ਸਰਸਵੱਤੀ (ਥਾਨੇਸਰ) ਨੂੰ ਆਪਣੇ ਸੂਬੇ ਵਿਚ ਮਿਲਾ ਲਿਆ ਸੀ ।

1217-18 ਵਿਚ ਸੁਲਤਾਨ ਅਲਤਮਸ਼ ਨੇ ਨਾਸੀਰੁਦੀਨ ਕੁਬਾਚਾ ਕੋਲੋਂ ਸਰਹਿੰਦ ਨੂੰ ਖੋਹ ਲਿਆ ਸੀ ਅਤੇ ਤਾਜ਼ਦੀਨ ਸੰਚਾਰੀ ਦੇ ਪਰਬੰਧ ਹੇਠ ਦੇ ਦਿਤਾ ਸੀ । ਇਸ ਸਮੇਂ ਸਰਹਿੰਦ, ਸੁਲਤਾਨ ਅਲਤਮਸ਼ ਦੀ ਆਪਣੀ ਨਿਜੀ ਜਾਗੀਰ (ਖਾਲਸਾ ਜ਼ਮੀਨ) ਬਣ ਗਿਆ ਸੀ ।[6] ਸੁਲਤਾਨ ਬਲਬਨ ਦੇ ਸਮੇਂ ਭਾਵੇਂ ਸਰਹਿੰਦ, ਘੁੜਾਮ ਅਤੇ ਸਮਾਣੇ ਸਮੇਤ, ਉਸ ਦੇ ਆਪਣੇ ਪੁੱਤਰ ਬੁਗਰਾ ਖਾਨ ਦੇ ਅਧੀਨ ਦਿਤਾ ਗਿਆ ਸੀ ।[7] ਉਸ ਨੇ ਇਨ੍ਹਾਂ ਸ਼ਹਿਰਾਂ ਦਾ ਅੱਛਾ ਪਰਬੰਧ ਕੀਤਾ ਸੀ ਪਰ ਇਸ ਸਮੇਂ ਸਰਹਿੰਦ ਦੀ ਥਾਂ ਸਮਾਣਾ ਇਕ ਰਾਜਨੀਤਕ ਕੇਂਦਰ ਦੇ ਤੌਰ ਤੇ ਉਭਰ ਰਿਹਾ ਸੀ । ਸਰਹਿੰਦ ਨੂੰ ਸਪਸ਼ਟ ਤੌਰ ਤੇ ਸਮਾਣੇ ਦੇ ਗਵਰਨਰ ਦੇ ਅਧੀਨ ਕਰ ਦਿਤਾ ਗਿਆ ਸੀ । ਸਰਹਿੰਦ ਦਾ ਇਹ ਦਰਜਾ 1360 ਈ. ਤਕ ਰਿਹਾ ਜਦੋਂ ਕਿ ਤੁਗਲਕ ਵੰਸ਼ ਦੇ ਸੁਲਤਾਨ ਫਿਰੋਜ਼ ਸ਼ਾਹ ਤੁਗਲਕ ਨੇ ਪਹਿਲੀ ਵਾਰ ਸਰਹਿੰਦ ਨੂੰ ਸਮਾਣੇ ਤੋਂ ਅਲੱਗ ਕਰਕੇ ਇਕ ਸੁਤੰਤਰ ਦਰਜੇ ਵਾਲਾ ਸ਼ਹਿਰ ਬਣਾਇਆ ਸੀ ।

ਤੁਗਲਕ ਸੁਲਤਾਨਾਂ ਨੇ ਪੰਜਾਬ ਨੂੰ ਛੇ ਹਿੱਸਿਆਂ ਵਿਚ ਵੰਡ ਕੇ ਛੇ ਪਰਬੰਧਕੀ ਕੇਂਦਰ ਬਣਾਏ ਸਨ । ਇਹ ਸਨ : ਲਾਹੌਰ, ਮੁਲਤਾਨ, ਸਰਹਿੰਦ, ਸਮਾਣਾ ਹਾਂਸੀ ਅਤੇ ਦੀਪਾਲਪੁਰ ।[8] ਫਿਰੋਜ਼ਸਾਹ ਤੁਗਲਕ ਨੇ ਸਰਹਿੰਦ ਵਲ ਉਚੇਚਾ ਧਿਆਨ ਦਿਤਾ । ਸਭ ਤੋਂ ਪਹਿਲਾਂ ਉਸ ਨੇ ਸਰਹਿੰਦ ਵਿਚ ਫਿਰੋਜ਼ਗੜ ਨਾਂ ਦਾ ਇਕ ਕਿਲ੍ਹਾ ਤਾਮੀਰ ਕਰਵਾਇਆ । ਦੂਜੇ ਨੰਬਰ ਤੇ ਉਸ ਨੇ ਇਥੇ ਇਸਲਾਮ ਦਾ ਅਧਿਐਨ ਕੇਂਦਰ (ਮਦਰੱਸਾ) ਸਥਾਪਤ ਕਰਵਾਇਆ । ਇਹ ਕਿਲ੍ਹਾ ਵਰਤਮਾਨ ਫਤਿਹਗੜ੍ਹ ਸਾਹਿਬ ਵਾਲੀ

5. For details see Mohammad Habib, *Sultan Mahmud of Ghaznin,* S. Chand and Co., New Delhi, 1967.
6. Welseley Haig, *The Cambridge History of India,* Vol. III, S. Chand Co., 1965, pp. 50-51.
7. ਆਰ.ਸੀ. ਮਜੂਮਦਾਰ, *ਭਾਰਤ ਦਾ ਬ੍ਰਹਿਤ ਇਤਿਹਾਸ,* ਭਾਗ ਦੂਜਾ, ਪਟਿਆਲਾ, 1986, ਪੰਨਾ 16.
8. W.H. Moreland, *The Agrarian System of Muslim India,* p. 24.

SIKHBOOKCLUB.COM

ਥੇਹ ਉਪਰ ਸੀ । ਇਹ ਇਕ ਨਦੀ ਉਪਰ ਸੀ । ਇਸ ਨੂੰ ਅੱਜ ਕੱਲ ਸਰਹਿੰਦ ਚੋਆ ਜਾਂ ਪਟਿਆਲਾ ਦੀ ਰਾਓ ਨਦੀ ਵੀ ਕਿਹਾ ਜਾਂਦਾ ਹੈ । ਉਨ੍ਹਾਂ ਸਮਿਆਂ ਵਿਚ ਇਹ ਸਾਰਾ ਸਾਲ ਚੱਲਣ ਵਾਲੀ ਨਦੀ ਸੀ । ਇਕ ਨਹਿਰ ਸਤਲੁਜ ਤੋਂ ਲੈ ਕੇ ਝੱਜਰ ਤਕ ਕੱਢੀ ਗਈ ਜਿਹੜੀ ਸਰਹਿੰਦ ਸ਼ਹਿਰ ਦੇ ਲਾਗਿਓਂ ਦੀ ਨਿਕਲਦੀ ਸੀ ਅਤੇ ਇਸ ਦੇ ਬਾਗਾਂ ਨੂੰ ਪਾਣੀ ਵੀ ਦਿੰਦੀ ਸੀ । 1351 ਵਿਚ ਫਿਰੋਜ਼ ਸ਼ਾਹ ਨੇ ਕਾਂਗੜੇ ਉਪਰ ਚੜ੍ਹਾਈ ਕੀਤੀ ਅਤੇ ਉਸ ਨੇ ਆਪਣਾ ਸੈਨਿਕ ਕੈਂਪ ਸਰਹਿੰਦ ਵਿਖੇ ਹੀ ਕੀਤਾ । ਉਸ ਦੇ ਸਰਹਿੰਦ ਵਿਖੇ ਕੀਤੇ ਸੈਨਿਕ ਡੇਰੇ ਨੇ ਉਸ ਦੇ ਮਨ ਵਿਚ ਸਰਹਿੰਦ ਸ਼ਹਿਰ ਦੀ ਮਹੱਤਤਾ ਨੂੰ ਫਿਰ ਤੋਂ ਜਗਾਅ ਦਿਤਾ ਸੀ । ਉਸ ਨੇ ਇਥੇ ਬਾਗਾਂ ਦੀ ਤਾਮੀਰ ਵੀ ਕਰਵਾਈ ਅਤੇ ਮਹਿਲ ਵੀ ਬਣਵਾਏ ਸਨ ।[9]

ਲੋਧੀ ਸੁਲਤਾਨਾਂ ਸਮੇਂ ਸਰਹਿੰਦ ਮਹੱਤਵਪੂਰਨ ਪਰਾਂਤਕ ਕੇਂਦਰ ਰਿਹਾ ਸੀ । ਬਹਿਲੋਲ ਲੋਧੀ ਦਾ ਕਿਉਂਕਿ ਜਨਮ ਅਤੇ ਪਾਲਣਾ-ਪੋਸ਼ਣਾ ਸਰਹਿੰਦ ਵਿਖੇ ਹੀ ਹੋਈ ਸੀ ਇਸ ਲਈ ਉਸ ਦੀ ਸਰਹਿੰਦ ਨਾਲ ਜ਼ਜ਼ਬਾਤੀ ਨੇੜਤਾ ਸੀ । ਬਹਿਲੋਲ ਲੋਧੀ ਨੇ ਦਿੱਲੀ ਦਾ ਤਖ਼ਤ ਪਰਾਪਤ ਕਰਨ ਤੋਂ ਪਹਿਲਾਂ ਸਰਹਿੰਦ ਵਿਖੇ ਹੀ ਆਪਣੀ ਤਾਕਤ ਨੂੰ ਸਥਾਪਤ ਕੀਤਾ ਸੀ । ਬਹਿਲੋਲ ਲੋਧੀ ਦੇ ਸੁਲਤਾਨ ਬਣ ਜਾਣ ਕਾਰਨ ਉਸ ਦਾ ਪੁੱਤਰ ਸਿਕੰਦਰ ਲੋਧੀ ਸਰਹਿੰਦ ਦਾ ਗਵਰਨਰ ਬਣਿਆ ਸੀ ਅਤੇ ਸਿਕੰਦਰ ਲੋਧੀ ਦੇ ਦਿੱਲੀ ਦਾ ਸੁਲਤਾਨ ਬਣ ਜਾਣ ਕਾਰਨ, ਦੌਲਤ ਖਾਨ ਲੋਧੀ ਸਰਹਿੰਦ ਦਾ ਗਵਰਨਰ ਬਣਿਆ । ਪਿੱਛੋਂ ਭਾਵੇਂ ਉਹ ਸਮੁੱਚੇ ਤੌਰ ਤੇ ਪੰਜਾਬ ਦਾ ਗਵਰਨਰ ਬਣ ਗਿਆ ਸੀ ।[10] ਜਦੋਂ ਬਾਬਰ ਨੇ ਭਾਰਤ ਤੇ 1526 ਈ. ਵਿਚ ਹਮਲਾ ਕੀਤਾ ਸੀ ਤਾਂ ਉਸ ਨੇ ਪਾਣੀਪਤ ਦੇ ਮੈਦਾਨ ਵਿਚ ਪਹੁੰਚਣ ਤੋਂ ਪਹਿਲਾਂ ਸਰਹਿੰਦ ਵਿਖੇ ਹੀ ਆਪਣਾ ਸੈਨਿਕ ਡੇਰਾ ਸਥਾਪਤ ਕੀਤਾ ਸੀ । ਸਰਹਿੰਦ ਦੇ ਗਵਰਨਰ ਨੇ ਉਸ ਨੂੰ ਤਿੰਨ ਮਣ ਸੋਨਾ ਅਤੇ ਹੋਰ ਤੋਹਫੇ ਵੀ ਭੇਂਟ ਕੀਤੇ ਸਨ ।[11]

ਅਸਲ ਵਿਚ ਬਾਬਰ ਦੇ ਹਮਲਿਆਂ ਸਮੇਂ ਹੀ ਸਰਹਿੰਦ ਦੀ ਮਹੱਤਤਾ ਉਭਰਨ ਲਗੀ ਸੀ । ਇਸ ਦੀ ਸ਼ੁਰੂਆਤ ਜ਼ਰੂਰ ਸੁਲਤਾਨ ਫਿਰੋਜ਼ ਸ਼ਾਹ ਤੁਗਲਕ ਨੇ ਕਰ ਦਿਤੀ ਸੀ ਪਰ ਅਸਲ ਮਹੱਤਤਾ ਬਾਬਰ ਦੇ ਸਮੇਂ ਹੀ ਉਭਰੀ ਸੀ । ਬਾਬਰ ਨੇ ਸਰਹਿੰਦ ਨੂੰ ਆਪਣਾ ਬੁਨਿਆਦੀ ਆਧਾਰ ਬਣਾਇਆ ਸੀ । ਉਸ ਨੇ ਇਥੋਂ ਸਿੱਧਾ ਪਾਣੀਪਤ ਨੂੰ (ਅੰਬਾਲਾ-ਕਰਨਾਲ ਰਾਹੀਂ) ਕੂਚ ਕੀਤਾ ਸੀ । ਇਸ ਤਰ੍ਹਾਂ ਜਿਹੜਾ ਰਸਤਾ ਪਹਿਲਾਂ ਘੁੜਾਮ ਵਿਚੋਂ ਦੀ ਜਾਂ ਸਮਾਣੇ ਵਿਚੋਂ ਦੀ ਦਿੱਲੀ ਨੂੰ ਜਾਂਦਾ ਸੀ ਉਹ ਬੰਦ ਹੋਣਾ ਸ਼ੁਰੂ ਹੋ ਗਿਆ ਸੀ ਅਤੇ ਨਵਾਂ ਸਿੱਧਾ ਰਸਤਾ ਅੰਬਾਲਾ ਅਤੇ ਕਰਨਾਲ ਵਿਚੋਂ ਦੀ ਸ਼ੁਰੂ ਹੋ ਗਿਆ ਸੀ । ਇਸ ਤੱਥ ਨੇ ਵੀ ਕਾਫੀ ਜ਼ਿਆਦਾ ਯੋਗਦਾਨ ਸਰਹਿੰਦ ਨੂੰ ਉਭਾਰਨ ਵਿਚ ਪਾਇਆ ਸੀ ਕਿਉਂਕਿ ਪਿੱਛੋਂ ਇਸੇ ਰਸਤੇ ਨੂੰ ਹੀ ਸੁਲਤਾਨ ਸ਼ੇਰ ਸ਼ਾਹ ਸੂਰੀ ਨੇ ਮਹਾਂ ਮਾਰਗ (ਗਰੈਂਡ ਟਰੰਕ ਰੋਡ) ਦਾ ਰੂਪ ਦਿਤਾ ਸੀ ।

ਬਾਬਰ ਨੇ *ਤੁਜ਼ਕੇ ਬਾਬਰੀ* ਵਿਚ ਪੰਜਾਬ ਬਾਰੇ ਅਤੇ ਸਰਹਿੰਦ ਬਾਰੇ ਬੜੇ ਹੀ ਰੌਚਿਕ ਵੇਰਵੇ ਦਿਤੇ ਹਨ । ਇਸ ਅਨੁਸਾਰ ਬਾਬਰ ਨੇ ਦੱਸਿਆ ਹੈ ਕਿ ਉਹ (ਬਾਬਰ) 22 ਜਨਵਰੀ, 1524 ਨੂੰ ਦੀਪਾਲਪੁਰ ਤੋਂ ਸਰਹਿੰਦ ਨੂੰ ਚਲ ਪਿਆ ਸੀ ਪਰ ਸਰਹਿੰਦ ਪਹੁੰਚਣ ਤੋਂ ਪਹਿਲਾਂ ਹੀ ਰਸਤੇ ਵਿਚ ਸੁਨੇਹਾ ਮਿਲ ਗਿਆ ਕਿ ਉਹ ਵਾਪਸ ਲਾਹੌਰ ਨੂੰ ਮੁੜੇ । ਕਿਉਂਕਿ ਪਿੱਛੇ ਬਗਾਵਤ ਹੋ ਗਈ ਸੀ । ਬਾਬਰ ਨੂੰ ਪਿੱਛੇ ਮੁੜਨਾ ਪਿਆ । ਪਰ ਉਹ ਜ਼ਿਆਦਾ ਚਿਰ ਲਾਹੌਰ ਨਾ ਰਿਹਾ । ਲਾਹੌਰ ਦਾ ਪਰਬੰਧ ਕਰਕੇ ਉਹ ਫਿਰ ਸਰਹਿੰਦ ਨੂੰ ਚੱਲ ਪਿਆ ।[12] ਬਾਬਰ ਨੇ ਹੀ ਸਰਹਿੰਦ ਦੇ ਇਲਾਕੇ ਵਿਚ ਵਸੇ ਮੰਡੇਰ ਜੱਟਾਂ ਦੇ ਵਿਦਰੋਹ ਦੀ ਗੱਲ ਕੀਤੀ ਹੈ । ਅਸਲ ਵਿਚ ਜਰਗ ਮੰਡੇਰ ਜੱਟਾਂ ਦਾ ਕੇਂਦਰ ਸੀ । ਮੰਡੇਰਾਂ ਦੀ ਜਰਗ ਦੇ ਵਿਚ ਸਰਦਾਰੀ ਸੀ ਅਤੇ ਇਹ ਸਰਦਾਰੀ ਕੈਂਥਲ (ਹਰਿਆਣਾ) ਤਕ ਫੈਲੀ ਹੋਈ ਸੀ । ਜਰਗ ਸਰਹਿੰਦ ਦੇ ਨੇੜੇ ਹੀ ਹੈ । ਕੇਵਲ ਪੈਂਤੀ ਕੁ ਕਿਲੋਮੀਟਰ ਦੂਰ ਹੈ । ਮੰਡੇਰ ਜੱਟਾਂ ਨੇ ਬਾਬਰ ਦੀ ਫੌਜ, ਜਿਹੜੀ ਸਮਾਣੇ ਅਤੇ ਸਰਹਿੰਦ ਵਿਖੇ ਤਾਇਨਾਤ ਸੀ, ਉਪਰ ਹਮਲੇ ਕਰਕੇ ਉਸ ਦਾ ਨੱਕ ਵਿਚ ਦਮ ਕਰ ਰੱਖਿਆ ਸੀ । ਮੰਡੇਰ ਜੱਟਾਂ ਦੀ ਅਗਵਾਈ ਮੋਹਨ ਮੰਡੇਰ ਕਰ ਰਿਹਾ ਸੀ ।

ਬਾਬਰ ਦੀ ਲਿਖਤ ਅਨੁਸਾਰ ਮੰਡੇਰਾਂ ਨੇ ਸਰਹਿੰਦ ਵਿਖੇ ਉਥੋਂ ਦੇ ਕਾਜ਼ੀ ਦੀ ਜਾਇਦਾਦ ਸਾੜ ਦਿਤੀ ਸੀ । ਬਾਬਰ ਨੇ ਮੰਡੇਰਾਂ ਨੂੰ ਮਾਰਨ ਲਈ ਅਲੀ ਕੁਲੀ ਖਾਨ ਹਮਦਾਨ ਨੂੰ ਤਿੰਨ ਹਜ਼ਾਰ ਘੋੜ-ਸੁਆਰ ਦੇ ਕੇ ਤੋਰਿਆ । ਉਸ ਸਮੇਂ ਮੋਹਨ ਮੰਡੇਰ ਦੀ ਅਗਵਾਈ ਵਿਚ ਮੰਡੇਰ ਜੱਟਾਂ ਦਾ ਦਲ ਕੈਂਥਲ ਵਿਖੇ ਸੀ । ਉਥੇ ਦੋਹਾਂ ਧਿਰਾਂ ਵਿਚਕਾਰ ਗਹਿਗੱਚਵੀਂ ਲੜਾਈ ਹੋਈ । ਪਰ ਅਲੀ ਕੁਲੀ ਖਾਨ ਬਿਲਕੁਲ ਹਾਰ ਗਿਆ ਸੀ । ਇਸ ਖ਼ਬਰ ਨੂੰ ਬਾਬਰ ਦੀ ਫੌਜ ਵਿਚ ਪਹੁੰਚਣ ਤੋਂ ਪਹਿਲਾਂ ਹੀ ਬਾਬਰ ਨੇ ਇਕ ਹੋਰ ਜਰਨੈਲ ਤਰਸਾਮ ਬਹਾਦੁਰ ਨੂੰ ਛੇ ਹਜ਼ਾਰ ਘੋੜ-ਸੁਆਰ ਦੇ ਕੇ ਤੋਰ ਦਿਤਾ । ਇਹ ਸੈਨਾ ਵੀ ਲਗਭਗ ਭੱਜਣ ਹੀ ਵਾਲੀ ਸੀ ਕਿ ਇਕ ਧੋਖੇ-ਭਰੀ ਅਤੇ ਚਲਾਕ ਕਲਾਬਾਜ਼ੀ ਰਾਹੀਂ ਮੰਡੇਰਾਂ ਨੂੰ ਫੜ ਲਿਆ ਗਿਆ ਅਤੇ ਉਸ ਨੂੰ ਸਰਹਿੰਦ ਲਿਆ ਕੇ ਉਸ ਦਾ ਲੱਕ

9. Welseley Haig, *op.cit.*, p. 179; ਹੋਰ ਦੇਖੋ ਆਰ.ਸੀ. ਮਜੂਮਦਾਰ, *ਪੂਰਵਅੰਕਤ*, ਪੰਨਾ 54.
10. Welseley Haig, *op.cit.*, pp. 203-4. See also William Erskine, *The House of Taimur, Babur and Humayun*, Vol. I, Delhi, 1973, pp. 4-5.
11. See William Erskine, *op.cit.*, pp. 415-17.
12. Welseley Haig, *op.cit.*, Vol. I, Delhi, 1957, pp. 91-10.

SIKHBOOKCLUB.COM

ਤੱਕ ਸਰੀਰ ਮਿੱਟੀ ਵਿਚ ਟੋਆ ਪੁੱਟ ਕੇ ਦੱਬਿਆ ਗਿਆ[13] ਉਪਰਲੇ ਅੱਧੇ ਹਿੱਸੇ ਵਿਚ, ਭਾਵ ਕਿ ਸਿਰ, ਮੂੰਹ, ਛਾਤੀ ਅਤੇ ਪੇਟ ਵਿਚ ਤੀਰ ਮਾਰੇ ਗਏ। ਇਉਂ ਮੰਡੇਰ ਮੋਹਨ ਬਦੇਸ਼ੀ ਹਮਲਾਵਰ ਦੇ ਜੁਲਮ ਦਾ ਸ਼ਿਕਾਰ ਹੋ ਗਿਆ ਸੀ।

ਤੁਜ਼ਕੇ-ਬਾਬਰੀ ਵਿਚ ਹੀ ਸਰਹਿੰਦ ਦੇ ਬਹੁਤ ਦਿਲਖਿੱਚਵਾਂ ਸ਼ਹਿਰ ਹੋਣ ਬਾਰੇ ਦੱਸਿਆ ਗਿਆ। ਬਾਬਰ ਅਨੁਸਾਰ ਜਦੋਂ ਸਰਹਿੰਦ ਵਿਖੇ ਉਸ ਦੀ ਮਦਦ ਲਈ ਭਾਰਤ ਦੇ ਵੱਖ ਵੱਖ ਅਸਥਾਨਾਂ ਤੋਂ ਸੈਨਾਵਾਂ ਪਹੁੰਚੀਆਂ ਤਾਂ ਕਾਨੌਜ ਦਾ ਹੁਕਮਰਾਨ ਸੁਲਤਾਨ ਮੁਹੰਮਦ ਦੁਲਦਈ ਵੀ ਸਰਹਿੰਦ ਪਹੁੰਚ ਗਿਆ ਸੀ। ਸਾਰਾ ਕੰਮ ਪੂਰਾ ਹੋਣ ਬਾਅਦ ਜਦੋਂ ਸਰਹਿੰਦ ਤੋਂ ਸਭ ਨੂੰ ਵਿਦਾ ਕੀਤਾ ਗਿਆ ਤਾਂ ਇਹ ਹੁਕਮਰਾਨ ਵਾਪਸ ਜਾਣ ਤੋਂ ਇਨਕਾਰੀ ਹੋ ਗਿਆ ਸੀ। ਇਸ ਨੇ ਬੇਨਤੀ ਕੀਤੀ ਕਿ ਉਸ ਦੇ ਕਾਨੌਜ ਰਾਜ ਦੀ ਸਾਲਾਨਾ ਆਮਦਨ ਤੀਹ ਲੱਖ ਹੈ। ਜੇ ਉਸ ਨੂੰ ਸਰਹਿੰਦ ਵਿਖੇ ਪੰਦਰਾਂ ਲੱਖ ਰੁਪਏ ਦੀ ਆਮਦਨ ਵਾਲੀ ਜਾਗੀਰ ਮਿਲ ਜਾਵੇ ਤਾਂ ਉਹ ਕਾਨੌਜ ਨੂੰ ਛੱਡਣ ਨੂੰ ਤਿਆਰ ਹੈ। ਆਖਰ ਉਸ ਦੀ ਇਹ ਬੇਨਤੀ ਮੰਨ ਲਈ ਗਈ ਅਤੇ ਇਥੋਂ ਦੇ ਮੁਹੰਮਦ ਸੁਲਤਾਨ ਮਿਰਜ਼ਾ ਨੂੰ ਇਥੋਂ ਦੀ ਜਾਗੀਰ ਛੁਡਵਾ ਕੇ ਕਾਨੌਜ ਭੇਜ ਦਿਤਾ ਗਿਆ ਸੀ।

ਤੁਜ਼ਕੇ-ਬਾਬਰੀ ਵਿਚ ਬੜੇ ਵਿਸਥਾਰ ਨਾਲ ਸਰਹਿੰਦ ਦੀ ਸਾਲਾਨਾ ਆਮਦਨ ਦਾ ਵੇਰਵਾ ਦਿਤਾ ਗਿਆ ਹੈ। ਉਸ ਅਨੁਸਾਰ 1528 ਈ. ਵਿਚ ਸਰਹਿੰਦ ਦਾ ਸਾਲਾਨਾ ਮਾਮਲਾ ਇਕ ਕਰੋੜ, ਉਨੱਤੀ ਲੱਖ, ਇਕੱਤੀ ਹਜ਼ਾਰ, ਨੌ ਸੌ ਪਚਾਸੀ (1,29,31,985) ਟੰਕਾ ਸੀ ਜਦੋਂਕਿ ਭੇਰਾ, ਲਾਹੌਰ, ਸਿਆਲਕੋਟ ਅਤੇ ਦੀਪਾਲਪੁਰ ਦੇ ਚਾਰ ਪਰਾਂਤਾਂ ਦੀ ਕੁੱਲ ਆਮਦਨ ਤਿੰਨ ਕਰੋੜ, ਤੇਤੀ ਲੱਖ, ਚੌਦਾਂ ਹਜ਼ਾਰ ਨੌ ਸੌ ਉਨਾਨਵੇਂ (3,33,14,989) ਟੰਕਾ ਸੀ। ਸਰਹਿੰਦ ਨਾਲੋਂ ਸਿਰਫ ਹਿਸਾਰ-ਫਿਰੋਜ਼ਾ ਦੇ ਪਰਾਂਤ ਦੀ ਆਮਦਨ ਜ਼ਿਆਦਾ ਸੀ।[14]

ਬਾਬਰ 1530 ਵਿਚ ਮਰ ਗਿਆ ਸੀ। ਉਸ ਦਾ ਪੁੱਤਰ ਹਮਾਯੂੰ ਤਖ਼ਤ ਤੇ ਬੈਠਾ। ਇਹ ਬਾਬਰ ਵਲੋਂ ਮਿਲੀ ਵਿਰਾਸਤ ਨੂੰ ਸੰਭਾਲ ਨਹੀਂ ਸਕਿਆ। ਇਸੇ ਦੇ ਹੀ ਇਕ ਪਠਾਣ ਜਰਨੈਲ ਸ਼ੇਰ ਸ਼ਾਹ ਸੂਰੀ ਨੇ ਤਾਕਤ ਪਕੜਨੀ ਸ਼ੁਰੂ ਕਰ ਲਈ ਸੀ। ਸਿੱਟੇ ਵਜੋਂ ਹਮਾਯੂੰ ਇਕ ਹਾਰ ਪਿੱਛੋਂ ਦੂਜੀ ਹਾਰ ਦਾ ਮੂੰਹ ਦੇਖ ਰਿਹਾ ਸੀ। 1540 ਵਿਚ ਹਮਾਯੂੰ ਦਿੱਲੀ ਨੂੰ ਛੱਡ ਕੇ ਪੰਜਾਬ ਵਲ ਤੁਰ ਪਿਆ ਸੀ। ਉਸ ਦਾ ਖਿਆਲ ਸੀ ਕਿ ਉਹ ਸਰਹਿੰਦ ਪਹੁੰਚ ਕੇ ਸ਼ੇਰ ਸ਼ਾਹ ਸੂਰੀ ਦਾ ਮੁਕਾਬਲਾ ਸਫਲਤਾ ਨਾਲ ਕਰ ਸਕੇਗਾ। ਉਸ ਨੂੰ ਪਤਾ ਸੀ ਕਿ ਮਲਵਈ ਜੱਟਾਂ ਨੂੰ ਫੌਜ ਵਿਚ ਆਸਾਨੀ ਨਾਲ ਭਰਤੀ ਕੀਤਾ ਜਾ ਸਕੇਗਾ। ਜੂਨ, 1540 ਵਿਚ ਹਮਾਯੂੰ ਸਰਹਿੰਦ ਪਹੁੰਚ ਗਿਆ। ਪਹਿਲੋਂ ਹੀ ਸੋਚੇ ਪਰੋਗਰਾਮ ਤਹਿਤ ਉਸ ਨੇ ਸਰਹਿੰਦ ਦੀ ਕਿਲ੍ਹਾਬੰਦੀ ਕਰਨੀ ਸ਼ੁਰੂ ਕਰ ਦਿਤੀ। ਪਰ ਸ਼ੇਰ ਸ਼ਾਹ ਸੂਰੀ ਨੇ ਆਪਣੇ ਇਕ ਬਹੁਤ ਹੀ ਕਾਬਲ ਜਰਨੈਲ ਖਵਾਸ ਖਾਨ ਨੂੰ ਇਕ ਤਕੜੀ ਫੌਜ ਦੇ ਕੇ ਸਰਹਿੰਦ ਵਲ ਨੂੰ ਤੋਰ ਦਿਤਾ ਤਾਂ ਕਿ ਉਹ ਹਮਾਯੂੰ ਨੂੰ ਸਰਹਿੰਦ ਵਿਚੋਂ ਕੱਢ ਕੇ ਅਫਗਾਨਿਸਤਾਨ ਪਹੁੰਚਣ ਲਈ ਮਜ਼ਬੂਰ ਕਰ ਦੇਵੇ। ਖਵਾਸ ਖਾਨ ਦਾ ਸੈਨਿਕ ਕਮਾਂਡਰ ਦੇ ਤੌਰ ਤੇ ਐਸਾ ਰੋਅਬ ਪਿਆ ਹੋਇਆ ਸੀ ਕਿ ਹਮਾਯੂੰ ਇਹ ਸੁਣਦੇ ਸਾਰ ਹੀ ਸਰਹਿੰਦ ਨੂੰ ਛੱਡ ਕੇ ਦੋ ਹਫਤਿਆਂ ਵਿਚ ਹੀ ਲਾਹੌਰ ਜਾ ਪਹੁੰਚਿਆ। ਲਾਹੌਰ ਪਹੁੰਚ ਕੇ ਉਸ ਨੇ ਸ਼ੇਰ ਸ਼ਾਹ ਸੂਰੀ ਨਾਲ ਸਮਝੌਤਾ ਕਰਨਾ ਚਾਹਿਆ। ਆਪਣੀ ਪੇਸ਼ਕਸ਼ ਦੇ ਕੇ ਹਮਾਯੂੰ ਨੇ ਆਪਣੇ ਸਫੀਰ ਸ਼ੇਰ ਸ਼ਾਹ ਕੋਲ ਦਿੱਲੀ ਭੇਜੇ। ਹਮਾਯੂੰ ਦੀ ਪੇਸ਼ਕਸ਼ ਇਹ ਸੀ : ਸ਼ੇਰ ਸ਼ਾਹ ਸਾਰਾ ਹਿੰਦੁਸਤਾਨ ਰੱਖ ਲਵੇ। ਹਮਾਯੂੰ ਪਾਸ ਸਿਰਫ ਲਾਹੌਰ ਰਹਿਣ ਦੇਵੇ। ਦੋਵਾਂ ਬਾਦਸ਼ਾਹੀਆਂ ਦੀ ਸੀਮਾਂ ਸਰਹਿੰਦ ਦਾ ਦੁਆਬ ਹੋਵੇ। ਸ਼ੇਰ ਸ਼ਾਹ ਸੂਰੀ ਨੇ ਇਸ ਪੇਸ਼ਕਸ਼ ਦਾ ਜਵਾਬ ਦਿਤਾ : ਉਹ ਪਹਿਲੋਂ ਹੀ ਹਮਾਯੂੰ ਲਈ ਕਾਬੁਲ ਛੱਡ ਚੁੱਕਿਆ ਹੈ ਇਸ ਲਈ ਹਮਾਯੂੰ ਨੂੰ ਤੁਰੰਤ ਹੀ ਉਥੇ ਚਲਿਆ ਜਾਣਾ ਚਾਹੀਦਾ ਹੈ।[15]

ਖਵਾਸ ਖਾਨ, ਹਮਾਯੂੰ ਦੇ ਖਿਲਾਫ਼ ਨਿਸਚਿੰਤ ਹੋ ਕੇ ਅਤੇ ਦਰਿੜ੍ਹ ਹੋ ਕੇ ਲੜਾਈ ਕਰ ਸਕੇ ਇਸ ਲਈ ਸ਼ੇਰ ਸ਼ਾਹ ਨੇ ਸਰਹਿੰਦ ਦਾ ਸਾਰਾ ਪਰਾਂਤ ਖਵਾਸ ਖਾਨ ਨੂੰ ਸੌਂਪ ਦਿਤਾ ਸੀ। ਖਵਾਸ ਖਾਨ ਨੇ ਲਾਹੌਰ ਵਲ ਰਵਾਨਾ ਹੋਣ ਤੋਂ ਪਹਿਲਾਂ ਸਰਹਿੰਦ ਦਾ ਪਰਬੰਧ ਮੁੜ ਤੋਂ ਸਥਾਪਤ ਕੀਤਾ। ਆਪਣੀ ਥਾਂ ਤੇ ਉਸ ਨੇ ਆਪਣੇ ਇਕ ਭਰੋਸੇਯੋਗ ਗੁਲਾਮ ਮਲਿਕ ਭਗਵੰਤ ਨੂੰ ਸਰਹਿੰਦ ਦਾ ਡਿਪਟੀ ਗਵਰਨਰ ਬਣਾ ਦਿਤਾ ਸੀ।

ਜਦੋਂ ਤਕ ਸ਼ੇਰ ਸ਼ਾਹ ਸੂਰੀ ਜਿਉਂਦਾ ਰਿਹਾ ਸੀ ਖਵਾਸ ਖਾਨ ਦੀ ਨਿਗਰਾਨੀ ਹੇਠ ਸਰਹਿੰਦ ਦਾ ਸਭ ਤੋਂ ਵਧੀਆ ਪਰਬੰਧ ਸਥਾਪਤ ਰਿਹਾ ਪਰ ਸ਼ੇਰ ਸ਼ਾਹ ਦੇ ਮਰ ਜਾਣ ਨਾਲ ਉਸ ਦੇ ਆਯੋਗ ਵਾਰਸਾਂ ਵਿਚ ਜੰਗ ਛਿੜ ਪਈ ਸੀ। ਇਸ ਜੰਗ ਵਿਚ ਖਵਾਸ ਖਾਨ ਨੂੰ ਵੀ ਸ਼ਾਮਲ ਹੋਣਾ ਪਿਆ ਸੀ। ਇਸ ਜੰਗ ਨੇ ਸੂਰੀ ਸਾਮਰਾਜ ਨੂੰ ਤਾਂ ਖਤਮ ਕੀਤਾ ਹੀ ਸੀ ਸਗੋਂ ਖਵਾਸ ਖਾਨ ਨੂੰ ਵੀ ਖਤਮ ਕਰ ਦਿਤਾ ਸੀ।

ਸੂਰ ਅਫਗਾਨਾਂ ਦੀ ਫੁੱਟ ਕਾਰਨ ਹਮਾਯੂੰ ਫਿਰ ਤੋਂ ਲਾਹੌਰ ਆ ਪਹੁੰਚਿਆ ਸੀ। 24 ਫਰਵਰੀ, 1556 ਨੂੰ ਹਮਾਯੂੰ ਲਾਹੌਰ ਵਿਚ ਸੀ। ਇਥੋਂ ਉਸ ਨੇ ਆਪਣਾ ਇਕ ਪੇਸ਼ਗੀ ਦਸਤਾ ਸਰਹਿੰਦ ਭੇਜਿਆ ਤਾਂ ਕਿ ਉਹ ਹਮਾਯੂੰ ਦੇ ਸਰਹਿੰਦ ਪਹੁੰਚਣ ਤੋਂ

13. See Fauja Singh (ed) *Sirhind Through the Ages*, Punjabi University, Patiala, 1984, pp. 22-23.
14. Tuzak-i-Baburi, as quoted in Fauja Singh (ed), *op.cit.*, p. 23.
15. Gulbadan Begum, *Hamayun Nama (Eng. tr.)*, Beveridge, A.S., p. 144; and Ishwari Parsad, Life and Times of Hamayun, 1955, p. 156.

SIKHBOOKCLUB.COM

ਪਹਿਲਾਂ ਸਾਰੇ ਪਰਬੰਧ ਕਰ ਲਵੇ। ਜਦੋਂ ਇਸ ਗੱਲ ਦਾ ਪਤਾ ਦਿੱਲੀ ਵਿਖੇ ਸਿਕੰਦਰ ਸੂਰ ਨੂੰ ਲੱਗਿਆ ਤਾਂ ਉਸ ਨੇ ਤੀਹ ਹਜ਼ਾਰ ਘੋੜਸੁਆਰ, ਹਮਾਯੂੰ ਦੇ ਬੰਦਿਆਂ ਨੂੰ ਸਰਹਿੰਦ ਵਿਚੋਂ ਕੱਢਣ ਲਈ ਭੇਜ ਦਿਤੇ।[16] ਪਰ ਇਨ੍ਹਾਂ ਦੇ ਸਰਹਿੰਦ ਪਹੁੰਚਣ ਤੋਂ ਪਹਿਲਾਂ ਹੀ ਬੈਰਮ ਖਾਨ ਨੇ ਸਰਹਿੰਦ ਨੂੰ ਪੂਰੀ ਤਰ੍ਹਾਂ ਆਪਣੇ ਕਬਜ਼ੇ ਵਿਚ ਕਰ ਲਿਆ ਸੀ ਅਤੇ ਸਿਕੰਦਰ ਸੂਰ ਦੀ ਭੇਜੀ ਹੋਈ ਤੀਹ ਹਜ਼ਾਰ ਦੀ ਸੈਨਾ ਨੂੰ ਵੀ ਭਜਾ ਦਿਤਾ ਸੀ। ਇਸ ਹਾਰ ਤੋਂ ਬਾਅਦ ਸਿਕੰਦਰ ਸੂਰ ਖੁਦ ਅੱਸੀ ਹਜ਼ਾਰ ਹੋਰ ਸੈਨਾ ਲੈ ਕੇ ਸਰਹਿੰਦ ਪਹੁੰਚ ਗਿਆ ਸੀ।[17] ਇਹ ਦੇਖ ਕੇ ਹਮਾਯੂੰ ਵੀ ਖੁਦ ਸਰਹਿੰਦ ਪਹੁੰਚ ਗਿਆ। ਸਰਹਿੰਦ ਨੂੰ ਪੂਰੀ ਤਰ੍ਹਾਂ ਮੋਰਚਾਬੰਦ ਅਤੇ ਕਿਲ੍ਹਾਬੰਦ ਕੀਤਾ ਗਿਆ। ਸਰਹਿੰਦ ਦੇ ਆਲੇ-ਦੁਆਲੇ ਦੇ ਪੰਜਾਹ ਕਿਲੋਮੀਟਰ ਖੇਤਰ ਵਿਚ ਦੋਵਾਂ ਬਾਦਸ਼ਾਹਾਂ (ਹਮਾਯੂੰ ਅਤੇ ਸਿਕੰਦਰ ਸੂਰ) ਦੀਆਂ ਫੌਜਾਂ ਸਨ। ਦੋਵੇਂ ਬਾਦਸ਼ਾਹ ਜੰਗ ਦੇ ਮੈਦਾਨ ਵਿਚ ਸਨ। ਹਮਾਯੂੰ ਸ਼ਹਿਰ ਦੇ ਅੰਦਰ ਸੀ ਅਤੇ ਸਿਕੰਦਰ ਸੂਰ ਗਰੈਂਡ ਟਰੰਕ ਰੋਡ ਤੇ ਬਣੀਆਂ ਸਰਾਵਾਂ ਵਿਚ ਟਿਕਿਆ ਹੋਇਆ ਸੀ। 22 ਜੂਨ, 1555 ਨੂੰ ਸਰਹਿੰਦ ਦੀ ਇਹ ਮਹਾਂ-ਭਿਆਨਕ ਅਤੇ ਫੈਸਲਾਕੁਨ ਲੜਾਈ ਲੜੀ ਗਈ। ਇਕੋ ਦਿਨ ਦੀ ਇਸ ਗਹਿਗੱਚਵੀਂ ਲੜਾਈ ਵਿਚ ਬੈਰਮ ਖਾਨ ਦੀ ਨਿਪੁੰਨ ਲੜਾਕੀ ਯੋਗਤਾ ਨੇ ਸਿਕੰਦਰ ਸੂਰ ਨੂੰ ਲੱਕ-ਤੋੜਵੀਂ ਹਾਰ ਦਿਤੀ। ਸਿਕੰਦਰ ਸੂਰ ਪਹਾੜਾਂ ਵਿਚ ਭੱਜ ਗਿਆ ਸੀ।[18] ਇਸ਼ਵਰੀ ਪ੍ਰਸ਼ਾਦ ਦੇ ਸ਼ਬਦਾਂ ਵਿਚ ਭਾਰਤ ਦੀਆਂ ਹੋਰ ਫੈਸਲਾਕੁਨ ਲੜਾਈਆਂ ਵਾਂਗ, ਸਰਹਿੰਦ ਦੀ ਲੜਾਈ ਨੇ ਵੀ ਰਾਜਨੀਤਕ ਹਾਲਾਤ ਨੂੰ ਗੰਭੀਰਤਾ ਨਾਲ ਬਦਲ ਦਿਤਾ ਸੀ। ਅਫਗਾਨਾਂ ਨੂੰ ਬੁਰੀ ਤਰ੍ਹਾਂ ਹਰਾ ਦਿਤਾ ਗਿਆ ਸੀ ਅਤੇ ਪੰਜਾਬ ਵਿਚੋਂ ਲਗਭੱਗ ਕੱਢ ਹੀ ਦਿਤਾ ਗਿਆ ਸੀ। ਹੁਣ ਅਫਗਾਨ ਉਹ ਤਾਕਤ ਨਹੀਂ ਰਹੇ ਸਨ ਜੋ ਉਹ ਸ਼ੇਰ ਸ਼ਾਹ ਦੇ ਸਮੇਂ ਸਨ। ਉਹ ਆਪਣੀ ਤਾਕਤ ਨੂੰ ਆਪਸੀ ਲੜਾਈ ਵਿਚ ਹੀ ਜ਼ਾਇਆ ਕਰ ਚੁੱਕੇ ਸਨ। ਇਸ ਜਿੱਤ ਨੇ ਨਾ ਹੀ ਸਿਰਫ ਪੰਜਾਬ ਨੂੰ ਅਧਿਕਾਰ ਹੇਠ ਕੀਤਾ ਸਗੋਂ ਇਸ ਨੇ ਇਕ ਐਸੀ ਤਾਕਤ ਦਾ ਖਾਤਮਾ ਵੀ ਕਰ ਦਿਤਾ ਸੀ ਜਿਹੜੀ ਦਿੱਲੀ ਜਾਣ ਦੇ ਰਸਤੇ ਵਿਚ ਅੜਿੱਕਾ ਬਣ ਕੇ ਖੜ੍ਹ ਸਕਦੀ ਸੀ।[19]

ਹਮਾਯੂੰ ਲਈ ਇਸ ਜਿੱਤ ਨੂੰ ਲੰਮੇ ਸਮੇਂ ਲਈ ਮਾਣਨਾ ਨਸੀਬ ਨਹੀਂ ਹੋਇਆ। ਉਹ ਜਲਦੀ ਹੀ ਮਰ ਗਿਆ ਸੀ। ਉਸ ਦੇ ਪੁੱਤਰ ਅਤੇ ਉਤਰ ਅਧਿਕਾਰੀ ਅਕਬਰ ਨੂੰ ਇਕ ਵਾਰ ਫਿਰ ਲੜਾਈ ਕਰਨ ਲਈ ਸਰਹਿੰਦ ਆਉਣਾ ਪਿਆ। ਮੁਗਲ ਫੌਜ ਦਿੱਲੀ ਵਿਚ ਹਾਰ ਚੁੱਕੀ ਸੀ ਅਤੇ ਵਾਪਸ ਸਰਹਿੰਦ ਵਲ ਆ ਰਹੀ ਸੀ। ਇਹ ਸੁਣ ਕੇ ਅਕਬਰ ਖੁਦ 13 ਅਕਤੂਬਰ, 1556 ਨੂੰ ਸਰਹਿੰਦ ਪਹੁੰਚ ਗਿਆ। ਇਥੇ ਸਾਰੀਆਂ ਮੁਗ਼ਲ ਫੌਜਾਂ ਇਕੱਠੀਆਂ ਹੋ ਗਈਆਂ। ਇਥੋਂ ਤਿਆਰੀ ਕਰਕੇ ਅਕਬਰ ਪਾਣੀਪਤ ਦੇ ਮੈਦਾਨ ਵਿਚ ਪਹੁੰਚਿਆ। ਇਥੇ ਸੂਰ ਕਮਾਂਡਰ ਹੇਮੂੰ ਅਤੇ ਅਕਬਰ ਦੀਆਂ ਫੌਜਾਂ ਵਿਚਕਾਰ ਪਾਣੀਪਤ ਦੀ ਦੂਜੀ ਲੜਾਈ ਲੜੀ ਗਈ। ਹੇਮੂੰ ਹਾਰ ਗਿਆ ਸੀ ਅਤੇ ਅਕਬਰ ਜਿੱਤ ਗਿਆ ਸੀ। ਅਕਬਰ ਨੇ ਸਰਹਿੰਦ ਦੇ ਪਰਬੰਧ ਲਈ ਹੀਰਾਤ ਦੇ ਹਾਫਿਜ਼ ਸੁਲਤਾਨ ਰੱਖਣਾ ਨੂੰ ਨਿਯੁਕਤ ਕੀਤਾ। ਸੁਲਤਾਨ ਰੱਖਣਾ ਨੇ ਬੜੀ ਯੋਗਤਾ ਨਾਲ ਸਰਹਿੰਦ ਦਾ ਪਰਬੰਧ ਕੀਤਾ। ਬਾਜ਼ਾਰਾਂ ਦੀ ਤਰਤੀਬ ਨੀਯਤ ਕੀਤੀ। ਹੋਰ ਸੁੰਦਰ ਇਮਾਰਤਾਂ ਦੀ ਤਾਮੀਰ ਕਰਵਾਈ। ਸ਼ਹਿਰ ਦੇ ਆਲੇ-ਦੁਆਲੇ ਬਾਗ ਲਗਵਾਏ। *ਤਬਕਾਤ-ਏ-ਅਕਬਰੀ* ਦੇ ਅਨੁਸਾਰ ਇਨ੍ਹਾਂ ਇਮਾਰਤਾਂ ਅਤੇ ਬਾਗਾਂ ਦੀ ਸੁੰਦਰਤਾ ਇਤਨੀ ਬੇਜੋੜ ਸੀ ਕਿ ਅਕਬਰ ਇਨ੍ਹਾਂ ਨੂੰ ਦੇਖ ਕੇ ਮੋਹਿਆ ਗਿਆ ਸੀ।[20] ਹਾਫਿਜ਼ ਰੱਖਣਾ ਨੇ ਸ਼ਾਹੀ ਬਾਗ (ਆਮ ਖਾਸ ਬਾਗ) ਨੂੰ ਪੂਰੀ ਦਿਲਚਸਪੀ ਨਾਲ ਵਿਕਸਤ ਕੀਤਾ ਸੀ। ਇਸ ਕਰਕੇ ਇਸ ਬਾਗ ਨੂੰ ਕਈ ਵਾਰ ਬਾਗ-ਏ-ਹਾਫਿਜ਼ੀ ਵੀ ਕਹਿ ਦਿਤਾ ਜਾਂਦਾ ਸੀ। ਇਸ ਤਰ੍ਹਾਂ ਦੀ ਵਿਵਸਥਾ ਕਰਨ ਵਾਸਤੇ ਅਕਬਰ ਨੇ ਹਾਫਿਜ਼ ਰੱਖਣਾ ਨੂੰ ਅਨੇਕਾਂ ਤੋਹਫੇ ਅਤੇ ਇਨਾਮ ਦਿਤੇ ਸਨ। ਹਾਫਿਜ਼ ਰੱਖਣਾ ਪੂਰੇ 90 ਸਾਲ ਦੀ ਉਮਰ ਭੋਗ ਕੇ ਮਰਿਆ ਸੀ। ਉਹ ਮਰਦੇ ਦਮ ਤਕ ਸਰਹਿੰਦ ਵਿਚ ਹੀ ਰਿਹਾ ਸੀ।

ਇਸੇ ਹੀ ਸਮੇਂ ਸਰਹਿੰਦ ਵਿਚ ਇਕ ਨਾਸੀਰੀ ਨਾਂ ਦਾ ਲੇਖਕ ਹੋਇਆ ਸੀ ਜਿਸ ਨੂੰ ਨਾਸੀਰੀ ਸਰਹਿੰਦੀ ਕਿਹਾ ਜਾਂਦਾ ਸੀ। ਇਕ ਵਾਰ ਸਰਹਿੰਦ ਵਿਚ ਕੁਝ ਉਜ਼ਬੇਕ ਫੌਜੀਆਂ ਨੇ ਕਾਫੀ ਲੁੱਟਮਾਰ ਕੀਤੀ। ਅਕਬਰ ਕੋਲ ਇਸ ਗੱਲ ਦੀ ਸ਼ਿਕਾਇਤ ਪਹੁੰਚੀ। ਅਕਬਰ ਨੇ ਰਾਜਾ ਮਾਨ ਸਿੰਘ ਨੂੰ ਇਸ ਸ਼ਰਾਰਤ ਦਾ ਸਿਰ ਕੁਚਲਣ ਲਈ ਸਰਹਿੰਦ ਭੇਜਿਆ। ਰਾਜਾ ਮਾਨ ਸਿੰਘ ਨੇ ਸਰਹਿੰਦ ਪਹੁੰਚ ਕੇ ਜੋ ਕੁਝ ਕੀਤਾ, ਨਾਸੀਰੀ ਸਰਹਿੰਦੀ ਨੇ ਉਸ ਦਾ ਬੜੇ ਹੀ ਵਿਸਥਾਰ ਨਾਲ ਹਾਲ ਬਿਆਨ ਕੀਤਾ ਹੈ। ਇਹ ਬਿਆਨ ਉਸ ਨੇ ਆਪਣੀ ਲਿਖਤ ਤਾਰੀਖ-ਏ-ਨਾਸੀਰੀ ਵਿਚ ਦਰਜ ਕੀਤੇ ਹਨ। ਇਹ ਲਿਖਤ ਅੱਜ ਕੱਲ੍ਹ ਮਿਲਦੀ ਨਹੀਂ ਹੈ। ਇਸ

---

16. Sir Welseley Haige, *op.cit.*, Vol. IV, 1963, p. 67.
17. Nizamuddin Ahmad, 'Tabkat-i-Akbari', in Elliot and Dowson, *History of India As Told by Its Own Historians*, Vol. V, Allahabad, 1964, p. 237.
18. See William Erskine, *op.cit.*, pp. 513-15.ਹੋਰ ਦੇਖੋ ਆਰ.ਸੀ. ਮਜੂਮਦਾਰ, ਪੂਰਵ ਅੰਕਤ, ਪੰਨਾ 160.
19. ਪੂਰਵ ਅੰਕਤ, ਪੰਨੇ 343-45.
20. Elliot and Dowson, *op.cit.*, Vol. II, 1964, p. 323.

SIKHBOOKCLUB.COM

ਦਾ ਉਰਦੂ ਤਰਜਮਾ ਸਲਾਮ ਰਾਏ ਨੇ *ਮੁੱਕਮਲ ਤਾਰੀਖ਼-ਏ-ਸੂਦਾਂ*[21] ਦੇ ਸਿਰਲੇਖ ਹੇਠ ਕੀਤਾ ਹੈ। ਇਸ ਅਨੁਸਾਰ ਰਾਜਾ ਮਾਨ ਸਿੰਘ ਜਦੋਂ ਸਰਹਿੰਦ ਪਹੁੰਚਿਆ ਤਾਂ ਉਸ ਨੇ ਸਰਹਿੰਦ ਸ਼ਹਿਰ ਵਿਚ ਕਾਫੀ ਗਿਣਤੀ ਵਾਲੇ ਸੂਦ ਲੋਕਾਂ ਨੂੰ ਇਕੱਠਾ ਕੀਤਾ। ਇਨ੍ਹਾਂ ਵਿਚੋਂ ਪੰਜ ਹਜ਼ਾਰ ਨੌਜੁਆਨ ਉਸ ਨੇ ਆਪਣੀ ਫੌਜ ਵਿਚ ਭਰਤੀ ਕਰ ਲਏ ਸਨ। ਤਾਰੀਖ-ਏ-ਨਾਸੀਰੀ ਅਨੁਸਾਰ ਸਰਹਿੰਦ ਸ਼ਹਿਰ ਹੰਸਲੀ ਨਦੀ ਉਪਰ ਪੂਰੇ ਤਿੰਨ ਕੋਹ (ਲੱਗਭੱਗ ਦਸ ਕਿਲੋ ਮੀਟਰ) ਦੇ ਖੇਤਰ ਵਿਚ ਵਸਿਆ ਹੋਇਆ ਸ਼ਹਿਰ ਸੀ। ਹੰਸਲੀ ਨਦੀ ਸ਼ਹਿਰ ਦੇ ਬਿਲਕੁਲ ਵਿਚਕਾਰਦੀ ਵਗਦੀ ਸੀ। ਸਰਹਿੰਦ ਦਾ ਕਿਲ੍ਹਾ ਇਸ ਨਦੀ ਦੇ ਕੰਢੇ ਉਪਰ ਸੀ। ਕਿਲ੍ਹੇ ਤੋਂ ਲੈ ਕੇ ਸ਼ਾਹੀ ਬਾਗ (ਹੁਣ ਆਮ-ਖਾਸ ਬਾਗ) ਤਕ ਧਰਤੀ ਦੇ ਹੇਠਾਂ ਦੀ ਇਕ ਸੁਰੰਗ ਜਾਂਦੀ ਸੀ। ਜਦੋਂ ਵੀ ਕੋਈ ਬਾਦਸ਼ਾਹ ਇਥੇ ਆਉਂਦਾ ਸੀ ਤਾਂ ਉਹ ਇਸ ਸ਼ਾਹੀ ਬਾਗ ਵਿਚ ਹੀ ਰਹਿੰਦਾ ਸੀ। ਇਸ ਬਾਗ ਵਿਚ ਹਰ ਕਿਸਮ ਦਾ ਫਲਾਂ ਤੇ ਫੁੱਲਾਂ ਵਾਲਾ ਦਰੱਖਤ ਹੁੰਦਾ ਸੀ। ਅੰਬ ਤਾਂ ਇਥੋਂ ਦੇ ਇਨ੍ਹੇ ਮਸ਼ਹੂਰ ਸਨ ਕਿ ਉਹ ਦਿੱਲੀ ਵਿਖੇ ਬਾਦਸ਼ਾਹ ਲਈ ਪਹੁੰਚਾਏ ਜਾਂਦੇ ਸਨ। ਸ਼ਹਿਰ ਦੇ ਆਲੇ-ਦੁਆਲੇ ਅਨੇਕਾਂ ਬਾਗ ਸਨ ਜਿਹੜੇ ਕਈ ਮੀਲਾਂ ਦੇ ਖੇਤਰ ਵਿਚ ਫੈਲੇ ਹੋਏ ਸਨ। ਇਨ੍ਹਾਂ ਵਿਚੋਂ ਬਹੁਤੇ ਬਾਗ ਸੂਦ ਧਨਾਢ ਵਪਾਰੀਆਂ ਤੇ ਦੁਕਾਨਦਾਰਾਂ ਦੇ ਸਨ।

ਤਾਰੀਖ਼-ਏ-ਨਾਸਾਰੀ ਦੇ ਅਨੁਸਾਰ ਸਾਰੇ ਸ਼ਹਿਰ ਵਿਚਕਾਰ ਇਕ ਮੁੱਖ ਚੌਕ ਸੀ। ਬਾਜ਼ਾਰ ਦੀਆਂ ਸਾਰੀਆਂ ਗਲੀਆਂ ਇਸ ਚੌਕ ਨੂੰ ਆ ਕੇ ਮਿਲਦੀਆਂ ਸਨ। ਸ਼ਹਿਰ ਦੇ ਤਕਰੀਬਨ ਬੀਹ ਮੁਹੱਲੇ ਸਨ। ਮੁਸਲਮਾਨਾਂ ਅਤੇ ਹਿੰਦੂਆਂ ਦੇ ਵੱਖ ਵੱਖ ਮੁਹੱਲੇ ਸਨ। ਹਿੰਦੂਆਂ ਵਿਚੋਂ ਸੂਦ ਕਬੀਲਾ ਵੱਡੀ ਗਿਣਤੀ ਵਿਚ ਸੀ। ਇਹ ਸ਼ਾਹੂਕਾਰ, ਵਪਾਰੀ ਅਤੇ ਦੁਕਾਨਦਾਰ ਸਨ। ਇਹ ਪੈਸੇ ਲੈਣ-ਦੇਣ ਦਾ ਕੰਮ ਕਰਦੇ ਸਨ। ਸ਼ਹਿਰ ਦੇ ਦੁਆਲੇ ਇਕ ਪੱਕੀ ਅਤੇ ਮਜਬੂਤ ਕੰਧ ਕੱਢੀ ਹੋਈ ਸੀ।

ਹੰਸਲੀ ਨਦੀ ਦਾ ਪਾਣੀ ਬੜਾ ਸਾਫ ਹੁੰਦਾ ਸੀ। ਉਹ ਸਾਰਾ ਸਾਲ ਹੀ ਵਗਦੀ ਰਹਿੰਦੀ ਸੀ। ਮੀਹਾਂ ਵੇਲੇ ਇਹ ਪੂਰੀ ਭਰ ਕੇ ਚਲਦੀ ਸੀ। ਪਰ ਇਸ ਦਾ ਪਾਣੀ ਕੇਵਲ ਸਮਾਣੇ ਪਹੁੰਚ ਕੇ ਹੀ ਜ਼ਮੀਨ ਸਿੰਜਦਾ ਸੀ। ਸ਼ਹਿਰ ਵਿਚ ਇਸ ਦੇ ਕੰਢਿਆਂ ਤੇ ਬੜੀਆਂ ਹੀ ਆਲੀਸ਼ਾਨ ਹਵੇਲੀਆਂ ਬਣੀਆਂ ਹੋਈਆਂ ਸਨ। ਇਨ੍ਹਾਂ ਹਵੇਲੀਆਂ ਦੀ ਦਿੱਲੀ ਅਤੇ ਕਾਬੁਲ ਤਕ ਵੀ ਚਰਚਾ ਹੁੰਦੀ ਸੀ। ਸਰਹਿੰਦ ਵਿਚ ਸ਼ਹਿਰੀ ਜ਼ਮੀਨ ਦਾ ਭਾਅ ਦਿੱਲੀ ਨਾਲੋਂ ਦੁੱਗਣਾ ਸੀ।

ਇਸ ਤਰ੍ਹਾਂ ਅਕਬਰ ਦੇ ਸਮੇਂ ਸਰਹਿੰਦ ਨੇ ਬੜੀ ਹੀ ਖੁਸ਼ਹਾਲੀ ਅਤੇ ਬੁਲੰਦੀਆਂ ਨੂੰ ਛੁਹਣ ਵਾਲੀ ਸ਼ਾਨ ਦੇਖੀ ਸੀ। ਇਹ ਸ਼ਾਨ ਅਤੇ ਖੁਸ਼ਹਾਲੀ ਜਹਾਂਗੀਰ ਦੇ ਸਮੇਂ ਵੀ ਕਾਇਮ ਰਹੀ ਸੀ। ਜਹਾਂਗੀਰ ਆਪਣੇ ਪਿਤਾ ਅਕਬਰ ਦੀ ਮੌਤ (1604 ਈ.) ਤੋਂ ਬਾਅਦ ਬਾਦਸ਼ਾਹ ਬਣਿਆ। ਜਹਾਂਗੀਰ ਦੇ ਮੁੱਢਲੇ ਸਾਲ ਰਾਜਨੀਤਕ ਤੌਰ ਤੇ ਅਸਥਿਰਤਾ ਅਤੇ ਰੁਝੇਵਿਆਂ ਵਾਲੇ ਸਨ। ਇਸ ਲਈ ਉਹ ਆਪਣੀ ਪਹਿਲੀ ਫੇਰੀ ਸਮੇਂ ਜਦੋਂ ਕਿ ਉਹ ਆਪਣੇ ਹੀ ਪੁੱਤਰ ਖੁਸਰੋ ਦਾ ਪਿੱਛਾ ਕਰਦਾ ਪੰਜਾਬ ਵਿਚ ਆਇਆ ਸੀ, ਸਰਹਿੰਦ ਸ਼ਹਿਰ ਵਲ ਕੋਈ ਧਿਆਨ ਨਹੀਂ ਦੇ ਸਕਿਆ। ਪਰ ਜਦੋਂ ਉਹ 1619 ਈ. ਵਿਚ ਪੰਜਾਬ ਵਿਚ ਆਇਆ ਤਾਂ ਉਸ ਦਾ ਉਤਾਰਾ ਸਰਹਿੰਦ ਵਿਚ ਹੀ ਸੀ। ਉਹ ਸਰਹਿੰਦ ਦੇ ਬਾਗਾਂ ਨੂੰ ਦੇਖ ਕੇ ਇਤਨਾ ਪਰਭਾਵਤ ਹੋਇਆ ਸੀ ਕਿ ਉਸ ਨੇ ਬਾਗਬਾਨੀ ਵਿਚ ਇਕ ਮਾਹਿਰ ਅਧਿਕਾਰੀ ਖਵਾਜ਼ਾ ਵੈਸੀ ਨੂੰ ਇਨ੍ਹਾਂ ਬਾਗਾਂ ਦਾ ਇੰਚਾਰਜ ਬਣਾ ਦਿਤਾ ਸੀ। ਉਸ ਨੂੰ ਆਦੇਸ਼ ਦਿਤੇ ਗਏ ਸਨ ਕਿ ਉਹ ਬਾਗਾਂ ਵਿਚੋਂ ਪੁਰਾਣੇ ਹੋਏ ਦਰੱਖਤਾਂ ਨੂੰ ਕਢਵਾ ਦੇਵੇ ਅਤੇ ਵਧੀਆ ਤੋਂ ਵਧੀਆ ਫਲਾਂ ਵਾਲੇ ਦਰੱਖਤ ਲਿਆ ਕੇ ਲਗਵਾਵੇ। ਉਸ ਨੇ ਹੰਸਲਾ ਨਦੀ ਨੂੰ ਵੀ ਸਾਫ਼ ਕਰਵਾਉਣ ਦੇ ਆਦੇਸ਼ ਦਿਤੇ। ਉਸ ਨੇ ਆਮ-ਖਾਸ ਬਾਗ (ਸ਼ਾਹੀ ਬਾਗ ਜਾਂ ਬਾਗ-ਏ-ਹਾਫ਼ਜ਼ੀ) ਵਿਚ ਨਵੀਂ ਤਕਨੀਕ ਵਾਲੇ ਗੁਸਲਖਾਨੇ ਬਣਾਵਏ।[22] ਇਨ੍ਹਾਂ ਗੁਸਲਖਾਨਿਆਂ ਵਿਚ ਪਾਣੀ ਨੂੰ ਠੰਡਾ ਅਤੇ ਗਰਮ ਰੱਖਣ ਦੀ ਪੂਰੀ ਪਰਣਾਲੀ ਸੀ। ਗੁਸਲਖਾਨੇ ਦੇ ਸਾਰੇ ਕਮਰਿਆਂ ਵਿਚ ਅਤੇ ਇਸ ਦੇ ਬਸਤਰ ਬਦਲਣ ਵਾਲੇ ਕਮਰਿਆਂ ਵਿਚ ਦੋਵੇਂ ਪਾਣੀ ਜ਼ਮੀਨਦੋਜ਼ ਪਾਈਪਾਂ ਰਾਹੀਂ ਪਹੁੰਚਦੇ ਸੀ।[23] ਇਸੇ ਤਰ੍ਹਾਂ ਉਸ ਨੇ ਇਸ ਤਰ੍ਹਾਂ ਦੇ ਭਵਨ ਉਸਾਰਨ ਦਾ ਵੀ ਆਦੇਸ਼ ਦਿਤਾ ਸੀ ਜਿਨ੍ਹਾਂ ਨੂੰ ਕੁਦਰਤੀ ਤਰੀਕੇ ਅਨੁਸਾਰ ਗਰਮੀਆਂ ਵਿਚ ਠੰਡਾ ਰੱਖਿਆ ਜਾ ਸਕਦਾ ਸੀ। ਅਜਿਹੇ ਭਵਨ ਨੂੰ ਸਰਦਖਾਨਾ ਕਿਹਾ ਜਾਂਦਾ ਸੀ। ਉਪਰ ਬਿਆਨ ਕੀਤੇ ਗੁਸਲਖਾਨੇ ਅਤੇ ਸਰਦਖਾਨੇ ਦੇ ਹੁਣ ਵੀ ਖੰਡਰਾਤ ਖੜ੍ਹੇ ਹਨ। ਇਨ੍ਹਾਂ ਖੰਡਰਾਤਾਂ ਤੋਂ ਵੀ ਕਾਫੀ ਕੁਝ ਦੇਖਿਆ ਤੇ ਪਰਖਿਆ ਜਾ ਸਕਦਾ ਹੈ।

1820 ਈ. ਵਿਚ ਜਹਾਂਗੀਰ ਫਿਰ ਸਰਹਿੰਦ ਪਹੁੰਚਿਆ ਸੀ। ਇਸ ਸਮੇਂ ਉਸ ਨੇ ਆਪਣੀ ਰਿਹਾਇਸ਼ ਸ਼ਾਹੀ ਬਾਗ (ਆਸ ਖਾਸ ਬਾਗ) ਵਿਚ ਹੀ ਕੀਤੀ। ਉਹ ਕਈ ਦਿਨ ਲਗਾਤਾਰ ਬਾਗ ਦੇ ਦੁਆਲੇ ਹੀ ਘੁੰਮਦਾ ਰਿਹਾ ਸੀ। ਉਹ ਹਰ ਦਰੱਖਤ ਅਤੇ ਬੂਟੇ ਨੂੰ ਨੇੜਿਓਂ ਹੋ ਕੇ ਦੇਖਦਾ ਸੀ। ਇਸ ਵਾਰ ਉਸ ਨੇ ਬਾਗ ਦੇ ਵਿਚ ਇਕ ਤਲਾਅ ਖੁਦਵਾਇਆ। ਇਹ 120 ਗਜ਼ ਲੰਮਾ ਅਤੇ 110 ਗਜ਼ ਚੌੜਾ ਸੀ। ਇਸ ਨੂੰ ਭਰਨ ਲਈ ਹੰਸਲੀ ਨਦੀ ਦਾ ਪਾਣੀ ਇਸ ਵਿਚ ਪਾਇਆ ਗਿਆ ਸੀ। ਸ਼ਾਹੀ

21. As stated by Prof. Gurbax Singh in Fauja Singh's, *op.cit.*, pp. 31, and 44-47.

22. *Tuzak-i-Jahangiri* (Eng.Tr.) Alexander Rogers, Vol. II. p. 82.

23. ਇਨ੍ਹਾਂ ਗੁਸਲਖਾਨਿਆਂ ਦੀਆਂ ਇਮਾਰਤਾਂ ਇਸ ਸਮੇਂ ਵੀ ਆਮ-ਖਾਸ ਬਾਗ ਵਿਚ ਖੜੀਆਂ ਹਨ। ਪਾਣੀ ਗਰਮ ਕਰਨ ਦੀ ਅਤੇ ਹਰ ਕਮਰੇ ਵਿਚ ਗਰਮ ਅਤੇ ਠੰਡਾ ਪਾਣੀ ਪਹੁੰਚਾਉਣ ਦੀ ਪਰਣਾਲੀ ਬੜੀ ਹੀ ਸਾਦਾ ਅਤੇ ਦਿਲਚਸਪ ਸੀ। ਪਾਈਪਾਂ ਮਿੱਟੀ ਦੀਆਂ ਬਣਾਈਆਂ ਜਾਂਦੀਆਂ ਸਨ। ਇਨ੍ਹਾਂ ਦੀ ਲੰਬਾਈ ਇਕ-ਇਕ ਫੁੱਟ ਦੀ ਹੁੰਦੀ ਸੀ। ਇਨ੍ਹਾਂ ਨੂੰ ਅੱਗ ਵਿਚ ਪਕਾਇਆ ਜਾਂਦਾ ਸੀ। ਇਨ੍ਹਾਂ ਪਾਈਪਾਂ ਦਾ ਇਕ ਸਿਰਾ ਚੌੜਾ ਹੁੰਦਾ ਸੀ। ਇਨ੍ਹਾਂ ਨੂੰ ਇਕ ਦੂਜੀ ਵਿਚ ਜੋੜ ਕੇ ਜ਼ਮੀਨ ਵਿਚੋਂ ਦੀ ਜਾਂ ਕੰਧਾਂ ਵਿਚੋਂ ਦੀ ਗੁਜ਼ਾਰਿਆ ਜਾਂਦਾ ਸੀ।

SIKHBOOKCLUB.COM

ਬਾਗ ਦੀ ਸਿੰਜਾਈ ਵਾਸਤੇ ਬਾਗ ਦੇ ਚਾਰੇ ਕੋਨਿਆਂ ਤੇ ਵੱਡੇ ਵੱਡੇ ਖੂਹ ਲਗਵਾਏ ਗਏ ਸਨ। ਇਨ੍ਹਾਂ ਖੂਹਾਂ ਵਿਚੋਂ ਬੋਕਿਆਂ ਨਾਲ ਪਾਣੀ ਕੱਢਿਆ ਜਾਂਦਾ ਸੀ। ਸ਼ਾਹੀ ਬਾਗ ਦੇ ਦੁਆਲੇ ਪੱਕੀ ਦੀਵਾਰ ਕਢਵਾਈ ਗਈ ਸੀ। ਇਸ ਦੀਵਾਰ ਵਿਚ ਚਾਰ ਦਰਵਾਜ਼ੇ ਰੱਖੇ ਗਏ ਸਨ। ਇਸ ਸ਼ਾਹੀ ਬਾਗ ਵਿਚ ਤਲਾਅ ਤੇ ਮਹਿਲਾਂ ਤੋਂ ਇਲਾਵਾ ਸ਼ਾਹੀ ਤਬੇਲਾ ਅਤੇ ਹੋਰ ਨੌਕਰਾਂ ਦੇ ਕੁਆਰਟਰ ਵੀ ਬਣੇ ਹੋਏ ਸਨ।

ਜਹਾਂਗੀਰ ਦੇ ਸਮੇਂ ਸਰਹਿੰਦ ਦੀ ਖੁਸ਼ਹਾਲੀ ਅਤੇ ਸ਼ਾਨ-ਸ਼ੌਕਤ ਦੇ ਨਾਲ ਨਾਲ ਸਰਹਿੰਦ ਵਿਚ ਹੀ ਇਕ ਹੋਰ ਐਸੀ ਸੰਸਥਾ ਵੀ ਉਭਰ ਰਹੀ ਸੀ ਜਿਸ ਨੇ ਆਪਣੀ ਕੱਟੜਤਾ ਅਤੇ ਗੈਰ-ਮੁਸਲਮਾਨੀ ਫਿਰਕਿਆਂ ਪਰੱਤੀ ਫਿਰਕੂ ਨਫਰਤ ਫੈਲਾ ਕੇ ਸਰਹਿੰਦ ਦੀ ਸਰਬ-ਸਾਂਝੀਵਾਲਤਾ, ਖੁਸ਼ਹਾਲੀ ਅਤੇ ਸ਼ਾਹੀ ਸ਼ਾਨ-ਸ਼ੌਕਤ ਨੂੰ ਨਾ ਹੀ ਸਿਰਫ ਸੱਟ ਹੀ ਮਾਰੀ ਸੀ ਸਗੋਂ ਇਸ ਦੀ ਮੁਕੰਮਲ ਬਰਬਾਦੀ ਦੇ ਬੀਜ ਵੀ ਬੋ ਦਿਤੇ ਸਨ। ਮੁਸਲਮਾਨਾਂ ਦਾ ਇਹ ਨਕਸ਼ਬੰਦੀ ਸਿਲਸਲਾ ਸਥਾਪਤ ਤਾਂ ਭਾਵੇਂ ਖਵਾਜਾ ਬਾਕੀਬਿੱਲਾ ਦੀ ਅਗਵਾਈ ਹੇਠ ਦਿੱਲੀ ਵਿਚ ਹੋਇਆ ਸੀ। ਇਸ ਦਾ ਜਨਮ 12 ਜੁਲਾਈ, 1564 ਨੂੰ ਕਾਬੁਲ ਵਿਚ ਹੋਇਆ ਸੀ ਅਤੇ ਮੌਤ 30 ਨਵੰਬਰ, 1603 ਨੂੰ ਦਿੱਲੀ ਵਿਚ ਹੋਈ ਸੀ।[24] ਇਸ ਦਾ ਪੱਕਾ ਮੱਤ ਸੀ ਕਿ ਸ਼ਾਹੀ ਦਰਬਾਰ ਨਾਲ ਮੇਲ-ਮਿਲਾਪ ਰੱਖ ਕੇ ਹੀ ਇਸਲਾਮ ਨੂੰ ਹਿੰਦੁਸਤਾਨ ਵਿਚ ਫੈਲਾਇਆ ਜਾ ਸਕਦਾ ਹੈ।[25] ਅਕਬਰ ਦਾ ਪਰਸਿੱਧ ਜਰਨੈਲ ਮੁਰਤਜ਼ਾ ਖਾਨ-ਸ਼ੇਖ ਫ਼ਰੀਦ ਇਸ ਮੱਤ ਦਾ ਪੱਕਾ ਪੈਰੋਕਾਰ ਸੀ। ਜਦੋਂ 1604 ਵਿਚ ਅਕਬਰ ਦੀ ਮੌਤ ਬਾਅਦ ਜਹਾਂਗੀਰ ਬਾਦਸ਼ਾਹ ਬਣਿਆ ਤਾਂ ਇਹ ਮੁਰਤਜਾ ਖਾਨ ਉਸ ਦਾ ਸਭ ਤੋਂ ਵੱਡਾ ਹਮਾਇਤੀ ਸੀ। ਜਹਾਂਗੀਰ ਦੇ ਰਾਜ ਦੀ ਸਾਰੀ ਸ਼ਕਤੀ ਇਸ ਦੇ ਹੱਥ ਵਿਚ ਸੀ।

ਖ਼ਵਾਜਾ ਬਾਕੀਬਿੱਲਾ ਦੀ 1603 ਈ. ਵਿਚ ਹੋਈ ਮੌਤ ਤੋਂ ਬਾਅਦ ਸ਼ੇਖ ਅਹਿਮਦ ਸਰਹਿੰਦੀ ਇਸ ਸਿਲਸਿਲੇ ਦਾ ਨੇਤਾ ਬਣਿਆ। ਇਸ ਦਾ ਜਨਮ ਸਰਹਿੰਦ ਵਿਚ ਹੀ 26 ਜੂਨ 1564 ਨੂੰ ਹੋਇਆ ਸੀ। ਇਸ ਦਾ ਵਿਆਹ ਥਾਨੇਸਰ ਦੇ ਰਾਈਸ ਸ਼ੇਖ-ਸੁਲਤਾਨ ਦੀ ਸ਼ਹਿਜ਼ਾਦੀ ਨਾਲ ਹੋਇਆ ਸੀ। ਇਸ ਵਿਆਹ ਵਿਚ ਇਸ ਨੂੰ ਬਹੁਤ ਧਨ ਪਰਾਪਤ ਹੋਇਆ ਸੀ। ਇਸ ਨਾਲ ਇਹ ਸਰਹਿੰਦ ਵਿਚ ਹੀ ਆਪਣੀ ਪੱਕੀ ਹਵੇਲੀ ਪਾ ਕੇ ਉਥੇ ਹੀ ਕੇਂਦਰ ਬਣਾ ਕੇ ਬੈਠ ਗਿਆ ਸੀ। ਉਸ ਥਾਂ ਤੇ ਬਾਅਦ ਵਿਚ ਸਰਹਿੰਦ ਦੇ ਰੋਜ਼ਾ-ਸ਼ਰੀਫ ਦੀ ਉਸਾਰੀ ਕੀਤੀ ਸੀ।[26] ਇਸ ਨੇ ਮੁਰਤਜ਼ਾ ਖਾਨ ਦੇ ਰਾਹੀਂ ਪੰਜਾਬ ਵਿਚ ਗੈਰ-ਮੁਸਲਮਾਨੀ ਫਿਰਕੇ ਦੇ ਖਿਲਾਫ ਇਕ ਬਹੁਤ ਤਕੜਾ ਜਹਾਦ ਸ਼ੁਰੂ ਕਰਵਾਇਆ ਸੀ। ਗੁਰੂ ਅਰਜਨ ਦੇਵ ਜੀ ਇਸ ਜਹਾਦ ਦਾ ਪਰਮੁੱਖ ਨਿਸ਼ਾਨਾ ਸਨ। ਉਨ੍ਹਾਂ ਨੂੰ ਸ਼ੇਖ ਅਹਿਮਦ ਸਰਹਿੰਦੀ ਦੀ ਚੁੱਕ ਨਾਲ ਅਤੇ ਮੁਰਤਜ਼ਾ ਖਾਨ ਦੀ ਮਦਦ ਨਾਲ ਜਹਾਂਗੀਰ ਵਲੋਂ ਅਤੀ ਦਰਦਨਾਕ ਤਸੀਹਿਆਂ ਦੁਆਰਾ ਸ਼ਹੀਦ ਕਰਵਾਇਆ ਗਿਆ ਸੀ।

ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਲਈ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਨਾਬਾਲਗ ਬੱਚਿਆਂ ਦੀ ਸ਼ਹਾਦਤ ਲਈ ਵੀ ਇਹੀ ਨਕਸਬੰਦੀ ਸਿਲਸਿਲਾ ਜਿੰਮੇਵਾਰ ਸੀ। ਇਨ੍ਹਾਂ ਹੀ ਜ਼ੁਲਮਾਂ ਨੇ ਸਰਹਿੰਦ ਦੇ ਹਾਕਮਾਂ ਪਰੱਤੀ ਸਿੱਖਾਂ ਦੇ ਮਨ ਵਿਚ ਨਫ਼ਰਤ ਭਰ ਦਿਤੀ ਸੀ। ਹਾਕਮਾਂ ਪਰੱਤੀ ਇਹ ਨਫ਼ਰਤ ਆਖਰ ਸਰਹਿੰਦ ਸ਼ਹਿਰ ਪਰੱਤੀ ਵੀ ਹੋ ਗਈ ਸੀ। ਨਤੀਜਾ ਇਸ ਦਾ ਇਹ ਹੋਇਆ ਕਿ ਸਿੱਖ ਸਰਹਿੰਦ ਨੂੰ 'ਗੁਰੂ ਮਾਰੀ ਸਰਹਿੰਦ' ਸਮਝਣ ਲਗ ਪਏ। ਅੱਗੇ ਜਾ ਕੇ ਪਤਾ ਲੱਗੇਗਾ ਕਿ ਸਰਹਿੰਦ ਪਰੱਤੀ ਸਿੱਖਾਂ ਦੀ ਇਹ ਨਫ਼ਰਤ ਸਰਹਿੰਦ ਦੀ ਬਰਬਾਦੀ ਦਾ ਇਕੋ-ਇਕ ਕਾਰਨ ਬਣ ਗਈ ਸੀ। ਪਰ ਇਸ ਤੋਂ ਪਹਿਲਾਂ ਅਜੇ ਸਰਹਿੰਦ ਦੇ ਹੋਰ ਹੋਏ ਵਿਕਾਸ ਦੀ ਗੱਲ ਕਰਦੇ ਹਾਂ।

ਮੁਗ਼ਲ ਬਾਦਸ਼ਾਹ ਸ਼ਾਹਜ਼ਹਾਨ ਦੇ ਸਰਹਿੰਦ ਸ਼ਹਿਰ ਨਾਲ ਲਗਾਓ ਦੀ ਗੱਲ ਕੀਤੇ ਬਿਨਾ ਸਰਹਿੰਦ ਦਾ ਵਰਨਣ ਅਧੂਰਾ ਹੀ ਰਹਿੰਦਾ ਹੈ। ਇਸ ਬਾਦਸ਼ਾਹ ਦਾ ਵੈਸੇ ਤਾਂ ਸਾਰਾ ਹੀ ਸਮਾਂ ਸਮੁੱਚੇ ਹਿੰਦੁਸਤਾਨ ਲਈ ਖੁਸ਼ਹਾਲੀ ਅਤੇ ਵਿਕਾਸ ਦਾ ਸਮਾਂ ਸੀ। ਇਸ ਖੁਸ਼ਹਾਲੀ ਅਤੇ ਵਿਕਾਸ ਵਿਚੋਂ ਕੁਝ ਹਿੱਸਾ ਸਰਹਿੰਦ ਨੂੰ ਵੀ ਪਰਾਪਤ ਹੋਇਆ ਸੀ। ਅਬਦੁਲ ਹਮੀਦ ਲਾਹੌਰੀ ਦੀ ਲਿਖਤ *ਪਾਦਸ਼ਾਹਨਾਮਾ*[27] ਵਿਚ ਸ਼ਾਹ ਜਹਾਨ ਦੇ ਰੋਜ਼ਾਨਾ ਦੇ ਬਿਰਤਾਂਤ ਦਰਜ ਹਨ। ਇਸ ਲਿਖਤ ਵਿਚ ਸਰਹਿੰਦ ਦੇ ਵੇਰਵੇ ਵੀ ਆਏ ਹਨ। ਇਨ੍ਹਾਂ ਅਨੁਸਾਰ ਬਾਦਸ਼ਾਹ ਸ਼ਾਹ ਜਹਾਨ ਨੇ ਸਰਹਿੰਦ ਦੀ ਕੁੱਲ ਪੰਜ ਵਾਰ ਯਾਤਰਾ ਕੀਤੀ। ਪਹਿਲੀ ਯਾਤਰਾ 1628 ਈ. ਵਿਚ ਕੀਤੀ ਗਈ ਸੀ। ਇਸ ਸਮੇਂ ਸ਼ਾਹ ਜਹਾਨ ਇਥੇ ਛੇ ਦਿਨ ਰਿਹਾ ਸੀ। ਉਸ ਦਾ ਉਤਾਰਾ ਆਮ-ਖਾਸ ਬਾਗ ਵਿਚ ਸੀ ਜਿਸ ਨੂੰ ਉਸ ਸਮੇਂ ਸ਼ਾਹੀ ਬਾਗ ਦੇ ਨਾਲ ਨਾਲ ਬਾਗ-ਏ-ਹਾਫ਼ਜ਼ੀ ਵੀ ਕਿਹਾ ਜਾਂਦਾ ਸੀ। ਜਿਹੜਾ ਤਲਾਅ ਪਹਿਲਾਂ ਜਹਾਂਗੀਰ ਨੇ ਖੁਦਵਾਇਆ ਸੀ ਉਸ ਨੂੰ ਅਜੇ ਤਕ ਪੂਰੀ ਤਰ੍ਹਾਂ ਪਾਣੀ ਨਾਲ ਨਹੀਂ ਭਰਿਆ ਗਿਆ ਸੀ। ਸ਼ਾਹ ਜਹਾਨ ਨੇ ਹੰਸਲੀ ਨਦੀ ਦੇ ਪਿੱਛੋਂ ਤੋਂ ਨਹਿਰ ਕਢਵਾ ਕੇ ਇਸ ਵਿਚ ਪਾਣੀ ਪੁਆਇਆ ਅਤੇ ਤਲਾਅ ਨੂੰ ਪੂਰਾ ਭਰਵਾਇਆ। ਇਸ ਤੋਂ ਇਲਾਵਾ ਉਸ ਨੇ ਇਥੇ ਕੁਝ ਇਮਾਰਤਾਂ ਜਿਵੇਂ ਕਿ ਖੁਵਾਬਗਾਹ ਅਤੇ ਬਰਾਂਡਿਆਂ ਤੇ ਬਾਲਕੋਨੀਆਂ ਵਾਲਾ ਇਕ ਸ਼ਾਹੀ ਮਹਿਲ ਵੀ ਤਾਮੀਰ ਕਰਵਾਇਆ ਸੀ।

24. ਸ. ਕਪੂਰ ਸਿੰਘ, *ਸਾਚੀ ਸਾਖੀ*, ਅੰਮ੍ਰਿਤਸਰ, 1996, ਪੰਨਾ 96.
25. ਉਕਤ, ਪੰਨਾ ਉਹੀ।
26. ਉਕਤ, ਪੰਨਾ ਉਹੀ।
27. Abdul Hamid Lahori, *Padshah Nama,* Calcutta, 1872, pp. 72-73.

SIKHBOOKCLUB.COM

ਇਨ੍ਹਾਂ ਇਮਾਰਤਾਂ ਨੂੰ ਛੇਤੀ ਪੂਰਾ ਕਰਨ ਲਈ ਸਰਹਿੰਦ ਦੇ ਹੀ ਕਰੋੜੀ ਮੀਰ ਅਲੀ ਅਕਬਰ ਦੀ ਡਿਊਟੀ ਲਗਾਈ ਗਈ ਸੀ। ਮਹਿਲ ਕਿਵੇਂ ਬਣਵਾਉਣੇ ਹਨ, ਇਨ੍ਹਾਂ ਵਿਚ ਤਾਕੀਆਂ ਅਤੇ ਦਰਵਾਜ਼ੇ ਕਿਵੇਂ ਰੱਖਣੇ ਹਨ ਅਤੇ ਬਾਲਕੋਨੀਆਂ ਤੇ ਬਨੇਰੇ ਕਿਵੇਂ ਬਣਵਾਉਣੇ ਹਨ, ਇਹ ਸਭ ਤਰ੍ਹਾਂ ਦੀਆਂ ਹਦਾਇਤਾਂ ਬਾਦਸ਼ਾਹ ਜਾਣ ਸਮੇਂ ਦੇ ਕੇ ਗਿਆ ਸੀ। ਉਸ ਨੇ ਬਾਗ ਵਿਚਲੇ ਦਰੱਖਤਾਂ ਦੀ ਵਿਸ਼ੇਸ਼ ਕਿਸਮ ਦੀ ਤਰਤੀਬ ਲਈ ਵੀ ਕਈ ਹਦਾਇਤਾਂ ਕੀਤੀਆਂ ਸਨ।

ਇਸੇ ਹੀ ਯਾਤਰਾ ਦੌਰਾਨ ਸਰਹਿੰਦ ਦੇ ਪਰਬੰਧ ਵਿਚ ਵੀ ਕੁਝ ਤਬਦੀਲੀਆਂ ਕੀਤੀਆਂ ਗਈਆਂ ਸਨ। ਪਹਿਲਾਂ ਸਰਹਿੰਦ ਦੇ ਸੂਬੇਦਾਰ ਕੋਲ ਹੀ ਦੀਵਾਨ, ਅਮੀਨ ਅਤੇ ਫੌਜਦਾਰੀ ਦੀਆਂ ਸਾਰੀਆਂ ਸ਼ਕਤੀਆਂ ਹੁੰਦੀਆਂ ਸਨ। ਸ਼ਾਹ ਜਹਾਨ ਨੇ ਇਸ ਸਮੇਂ ਇਨ੍ਹਾਂ ਤਿੰਨਾਂ ਸ਼ਕਤੀਆਂ ਨੂੰ ਨਿਖੇੜ ਕੇ ਦੀਵਾਨ ਤੇ ਅਮੀਨ ਅਲੱਗ ਅਤੇ ਫੌਜਦਾਰ ਅਲੱਗ ਕਰ ਦਿਤੇ ਸਨ। ਨਵਾਂ ਪਰਬੰਧ ਕਰਨ ਤੋਂ ਪਹਿਲਾਂ ਮਾਜ਼-ਉਲ-ਮੁਲਕ ਸਰਹਿੰਦ ਦਾ ਸੂਬੇਦਾਰ ਸੀ। ਅਰਥਾਤ ਉਹ ਤਿੰਨੋਂ ਹੀ ਤਾਕਤਾਂ (ਦੀਵਾਨ, ਆਮੀਨ ਅਤੇ ਫੌਜਦਾਰ) ਦਾ ਮਾਲਕ ਸੀ। ਉਸ ਨੂੰ ਹਟਾ ਕੇ ਗੁਜਰਾਤ ਦੇ ਆਮੀਨ ਨਾਂ ਦੇ ਇਕ ਅਧਿਕਾਰੀ ਜਿਸ ਨੂੰ ਦਾਰੋਗਾ-ਏ-ਕਿਰਕਰਾਤ ਕਿਹਾ ਜਾਂਦਾ ਸੀ, ਸਰਹਿੰਦ ਦਾ ਦੀਵਾਨ ਅਤੇ ਆਮੀਨ ਨਿਯੁਕਤ ਕੀਤਾ ਸੀ। ਮੀਰ ਅਲੀ ਅਕਬਰ ਨੂੰ ਸਰਹਿੰਦ ਦਾ ਫੌਜਦਾਰ ਨਿਯੁਕਤ ਕੀਤਾ ਗਿਆ ਸੀ।[28]

ਸ਼ਾਹ ਜਹਾਨ ਨੇ ਇਥੇ ਬਹੁਤ ਅੱਛੇ ਅੱਛੇ ਸ਼ਿਕਾਰੀ ਜਾਨਵਰਾਂ ਅਤੇ ਪੰਛੀਆਂ ਦਾ ਚਿੜੀਆ ਘਰ ਵੀ ਖੁਲ੍ਹਵਾਇਆ ਸੀ। ਸ਼ਿਕਾਰੀ ਜਾਨਵਰਾਂ ਅਤੇ ਪੰਛੀਆਂ ਦੀ ਇਥੇ ਪਾਲਣਾ ਪੋਸ਼ਣਾ ਵੀ ਕੀਤੀ ਜਾਂਦੀ ਸੀ ਅਤੇ ਇਨ੍ਹਾਂ ਨੂੰ ਸ਼ਿਕਾਰ ਮਾਰਨ ਦੀ ਸਿਖਿਆ ਵੀ ਦਿਤੀ ਜਾਂਦੀ ਸੀ। ਦਿੱਲੀ ਪਹੁੰਚ ਕੇ ਸ਼ਾਹ ਜਹਾਨ ਨੇ ਇਥੋਂ ਕੁਝ ਸ਼ਿਕਾਰੀ ਜਾਨਵਰ ਅਤੇ ਪੰਛੀ ਵੀ ਮੰਗਵਾਏ ਸਨ।

1630 ਵਿਚ ਸ਼ਾਹ ਜਹਾਨ ਦੂਜੀ ਵਾਰ ਫਿਰ ਇਥੇ ਆਇਆ। ਇਸ ਵਾਰ ਉਸ ਨੇ ਆ ਕੇ ਦੇਖਿਆ ਕਿ ਸੂਬੇਦਾਰ ਦੀਆਂ ਤਾਕਤਾਂ ਦੀ ਜਿਹੜੀ ਵੰਡ ਉਸ ਨੇ ਪਹਿਲੀ ਯਾਤਰਾ ਵੇਲੇ ਕੀਤੀ ਸੀ ਉਸ ਨੂੰ ਫਿਰ ਤੋਂ ਇਕੋ ਅਧਿਕਾਰੀ ਵਿਚ ਸੰਮਿਲਤ ਕਰ ਦਿਤਾ ਜਾਣਾ ਚਾਹੀਦਾ ਹੈ। ਤਾਕਤਾਂ ਦੀ ਇਹ ਵੰਡ ਠੀਕ ਤਰੀਕੇ ਨਾਲ ਕੰਮ ਨਹੀਂ ਕਰ ਸਕੀ ਸੀ। ਤਿੰਨੋਂ ਤਾਕਤਾਂ ਸੰਮਿਲਤ ਕਰਕੇ ਪਹਿਲੀ ਵਾਰ ਇਕ ਸਥਾਨਕ ਹਿੰਦੂ ਧਨਾਢ ਅਧਿਕਾਰੀ ਸੇਠ ਟੋਡਰ ਮੱਲ ਨੂੰ ਸੂਬੇਦਾਰ ਬਣਾਇਆ ਗਿਆ। ਉਹ ਦੀਵਾਨ ਵੀ ਸੀ, ਆਮੀਨ ਵੀ ਸੀ ਅਤੇ ਫੌਜਦਾਰ ਵੀ ਸੀ। ਸੇਠ ਟੋਡਰ ਮੱਲ ਜਿੱਥੇ ਬੜਾ ਅਮੀਰ ਆਦਮੀ ਸੀ, ਉਥੇ ਉਹ ਵੱਡੇ ਵੱਡੇ ਦੀਵਾਨੀ ਆਹੁਦਿਆਂ ਉਪਰ ਵੀ ਰਹਿ ਚੁੱਕਿਆ ਸੀ ਅਤੇ ਆਪਣੀ ਇਮਾਨਦਾਰੀ ਤੇ ਪਰਬੀਨਤਾ ਦੀ ਧਾਂਕ ਬਿਠਾ ਚੁੱਕਿਆ ਸੀ। ਉਸ ਨੇ ਸਮੁੱਚੇ ਸਰਹਿੰਦ ਪਰਾਂਤ ਦਾ ਪਰਬੰਧ ਇਤਨੀ ਲਗਨ ਅਤੇ ਪਰਬੀਨਤਾ ਨਾਲ ਕੀਤਾ ਕਿ ਬਾਦਸ਼ਾਹ ਜਿੰਨੀ ਵਾਰ ਵੀ ਸਰਹਿੰਦ ਆਇਆ ਸੀ ਉਤਨੀ ਵਾਰ ਹੀ ਇਸ ਨੇ ਬਾਦਸ਼ਾਹ ਕੋਲੋਂ ਇਨਾਮ ਪ੍ਰਾਪਤ ਕੀਤੇ ਸਨ।[29]

1631-32 ਵਿਚ ਜਦੋਂ ਬਾਦਸ਼ਾਹ ਤੀਜੀ ਵਾਰ ਸਰਹਿੰਦ ਵਿਖੇ ਆਇਆ ਤਾਂ ਉਸ ਨੇ ਸੇਠ ਟੋਡਰ ਮੱਲ ਦੇ ਪਰਬੰਧ ਤੋਂ ਖੁਸ਼ ਹੋ ਕੇ ਲੱਖੀ ਜੰਗੀ ਦੀ ਫੌਜਦਾਰੀ ਵੀ ਉਸ ਨੂੰ ਸੌਂਪ ਦਿਤੀ ਸੀ। ਇਸੇ ਹੀ ਸਾਲ ਇਕ ਹੋਰ ਮੌਕੇ ਤੇ ਉਸ ਨੂੰ ਇਕ ਕੀਮਤੀ ਖਿੱਲਤ, ਇਕ ਸੁੰਦਰ ਘੋੜਾ ਅਤੇ ਇਕ ਹੀਰੇ-ਜਵਾਹਰਾਤ ਜੜਿਆ ਹਾਥੀ ਇਨਾਮ ਵਜੋਂ ਦਿਤੇ ਗਏ ਸਨ। ਇਸ ਨਿਪੁੰਨ ਅਤੇ ਧਰਮ- ਨਿਰਪੱਖ ਅਧਿਕਾਰੀ ਦੇ ਪਰਬੰਧ ਹੇਠ ਸਰਹਿੰਦ ਨੇ ਇਤਨਾ ਵਿਕਾਸ ਕੀਤਾ ਸੀ ਕਿ ਬਾਦਸ਼ਾਹ ਜਦੋਂ ਇਕ ਹੋਰ ਯਾਤਰਾ ਦੌਰਾਨ 1634 ਵਿਚ ਸਰਹਿੰਦ ਪਹੁੰਚਿਆ ਤਾਂ ਉਸ ਨੇ ਅਤੀ ਪਰਸੰਨ ਹੋ ਕੇ ਸੇਠ ਟੋਡਰ ਮੱਲ ਨੂੰ ਇਕ ਹਜ਼ਾਰ ਜ਼ਾਤ ਤੇ ਇਕ ਹਜ਼ਾਰ ਸਵਾਰ (ਦੋ ਆਸਪਾ ਤੇ ਛੇ ਆਸਪਾ) ਦਾ ਮਨਸਬ ਬਖ਼ਸ਼ਿਆ ਸੀ। 1635 ਵਿਚ ਉਸ ਨੂੰ 2500 ਜ਼ਾਤ ਅਤੇ 2500 ਸਵਾਰ (ਦੋ ਆਸਪਾ ਅਤੇ ਛੇ ਆਸਪਾ) ਦਾ ਮਨਸਬ ਹੋਰ ਜੋੜ ਦਿਤਾ ਸੀ।

ਸਰਹਿੰਦ ਸ਼ਹਿਰ ਦੇ ਸਮੁੱਚੇ ਇਤਿਹਾਸ ਵਿਚ ਸ਼ਾਹ ਜਹਾਨ ਦਾ ਸਮਾਂ ਸਭ ਤੋਂ ਵੱਧ ਅਮਨ-ਸ਼ਾਂਤੀ ਅਤੇ ਖੁਸ਼ਹਾਲੀ ਦਾ ਸਮਾਂ ਸੀ। ਇਸ ਸਮੁੱਚੇ ਸਮੇਂ ਵਿਚ ਇਕ ਵਾਰ ਵੀ ਸਰਹਿੰਦ ਲੜਾਈ ਦਾ ਮੈਦਾਨ ਨਹੀਂ ਬਣਿਆ ਸਗੋਂ ਇਥੇ ਆਲੀਸ਼ਾਨ ਤੋਂ ਆਲੀਸ਼ਾਨ ਇਮਾਰਤਾਂ ਉਸਰੀਆਂ ਅਤੇ ਵਧੀਆ ਤੋਂ ਵਧੀਆ ਦਰੱਖਤ ਲਿਆ ਕੇ ਲਗਾਏ ਗਏ ਸਨ। ਸਰਹਿੰਦ ਸ਼ਹਿਰ ਤੋਂ ਛੇ-ਛੇ ਮੀਲ ਦੂਰ ਤੱਕ ਬਾਗ ਹੀ ਬਾਗ ਸਨ। ਇਕ-ਇਕ ਬਾਗ ਇਕ-ਇਕ ਮੀਲ ਦੀ ਲੰਬਾਈ ਤੱਕ ਚਲਿਆ ਗਿਆ ਸੀ। ਵਧੀਆ ਤੋਂ ਵਧੀਆ ਨਸਲ ਦਾ ਸ਼ਿਕਾਰੀ ਜਾਨਵਰ ਅਤੇ ਪੰਛੀ ਇਥੇ ਪਾਲਿਆ ਜਾਂਦਾ ਸੀ। ਸਭ ਤੋਂ ਵੱਧ ਕੇ ਜੋ ਗੱਲ ਹੋਈ ਸੀ ਅਤੇ ਜਿਸ ਨੇ ਸਰਹਿੰਦ ਸ਼ਹਿਰ ਨਾਲ ਹਰ ਬੰਦੇ ਦੇ ਜ਼ਜ਼ਬਾਤਾਂ ਨੂੰ ਜੋੜ ਦਿਤਾ ਸੀ ਉਹ ਸੀ ਸੇਠ ਟੋਡਰ ਮੱਲ ਦਾ ਇਥੋਂ ਦਾ ਅਧਿਕਾਰੀ ਹੋਣਾ। ਉਹ ਹਿੰਦੂ ਸੇਠ ਸੀ। ਉਸ ਦੇ ਪਰਬੰਧ ਨਾਲ ਸਰਹਿੰਦ ਵਾਸੀਆਂ ਵਿਚ ਸਰਬ-ਸਾਂਝੀਵਾਲਤਾ ਦਾ ਅਹਿਸਾਸ ਭਰਿਆ ਗਿਆ। ਬਾਦਸ਼ਾਹ ਨੇ ਵੀ ਆਪਣੇ ਇਸ ਨੇਕ ਅਧਿਕਾਰੀ ਨੂੰ ਦਿਲ ਭਰ ਕੇ ਨਿਵਾਜ਼ਿਆ ਸੀ। ਇਨ੍ਹਾਂ ਹਾਲਾਤਾਂ ਵਿਚ ਸਰਹਿੰਦ ਉਤਰੀ ਭਾਰਤ ਦਾ ਇਕ ਸਭ ਤੋਂ ਵੱਧ ਸੁੰਦਰ, ਵਿਕਸਤ ਅਤੇ ਖੁਸ਼ਹਾਲ ਸ਼ਹਿਰ ਬਣ ਗਿਆ ਸੀ।[30] ਜੇ ਕਿਤੇ ਸਮੇਂ ਦੀ ਚਾਲ ਲਗਾਤਾਰ ਇਸੇ ਤਰ੍ਹਾਂ ਹੀ

28. *Ibid.*, p. 172.
29. Gurbux Singh's article, 'Sirhind During The Mughal Period' in Fajua Singh's, *op.cit.*, p. 42.
30. *Ibid.*, p. 42.

SIKHBOOKCLUB.COM

ਚਲਦੀ ਰਹਿੰਦੀ ਤਾਂ ਸਰਹਿੰਦ ਸ਼ਹਿਰ ਨੇ ਲਾਹੌਰ ਅਤੇ ਦਿੱਲੀ ਤੋਂ ਵੀ ਕਿਤੇ ਜ਼ਿਆਦਾ ਮਹੱਤਤਾ ਵਾਲੀ ਥਾਂ ਹਾਸਲ ਕਰ ਲੈਣੀ ਸੀ। ਪਰ ਕੁਦਰਤ ਨੂੰ ਇਹ ਮੰਨਜ਼ੂਰ ਨਹੀਂ ਸੀ।

ਸ਼ਾਹ ਜਹਾਨ ਨੂੰ ਕੈਦ ਕਰਕੇ ਉਸ ਦਾ ਛੋਟਾ ਪੁੱਤਰ ਔਰੰਗਜ਼ੇਬ ਬਾਦਸ਼ਾਹ ਬਣ ਗਿਆ ਸੀ। ਜਹਾਂਗੀਰ ਦੇ ਮੁੱਢਲੇ ਸਾਲਾਂ ਵਾਲੀ ਨੀਤੀ ਫਿਰ ਤੋਂ ਦੁਹਰਾਈ ਗਈ ਸੀ। ਔਰੰਗਜ਼ੇਬ ਇਸਲਾਮ ਦੀ ਕੱਟੜ ਧਾਰਾ ਨੂੰ ਅਪਣਾਉਣ ਵਾਲਾ ਹਾਕਮ ਸੀ। ਦਾਰਾ ਧਰਮ-ਨਿਰਪੱਖ ਤਾਕਤਾਂ ਦਾ ਨੇਤਾ ਸੀ। ਇਹ ਹਾਰ ਗਿਆ ਸੀ। ਇਸ ਕਰਕੇ ਸਾਰੀਆਂ ਫਿਰਕਾ-ਪਰੱਸਤ ਤਾਕਤਾਂ ਫਿਰ ਤੋਂ ਔਰੰਗਜ਼ੇਬ ਦੇ ਪਿੱਛੇ ਖੜੋ ਗਈਆਂ ਸਨ। ਸ਼ੇਖ ਅਹਿਮਦ ਸਰਹਿੰਦੀ ਦਾ ਸਥਾਪਤ ਕੀਤਾ ਨਕਸ਼ਬੰਦੀ ਫਿਰਕਾ ਫਿਰ ਤੋਂ ਆਪਣੀਆਂ ਨੀਤੀਆਂ ਲਾਗੂ ਕਰਵਾਉਣ ਲਈ ਪਰਸ਼ਾਸ਼ਨ ਉਪਰ ਭਾਰੂ ਹੋ ਗਿਆ ਸੀ। ਸੇਠ ਟੋਡਰ ਮੱਲ ਵਰਗੇ ਅਧਿਕਾਰੀ ਹਟਾਏ ਗਏ ਸਨ। ਕੁੰਜ ਪੁਰਾ (ਕਰਨਾਲ) ਦਾ ਜੰਮਪਲ ਕੱਟੜ ਮੁਸਲਮਾਨ ਵਜ਼ੀਰ ਖਾਨ ਨੂੰ ਸਰਹਿੰਦ ਦਾ ਸੂਬੇਦਾਰ (ਦੀਵਾਨ, ਆਮੀਨ ਅਤੇ ਫੌਜਦਾਰ) ਬਣਾਇਆ ਗਿਆ ਸੀ।[31] ਸੇਠ ਟੋਡਰ ਮੱਲ ਅਤੇ ਬਾਦਸ਼ਾਹ ਸ਼ਾਹ ਜਹਾਨ ਦੀਆਂ ਨੀਤੀਆਂ ਨੂੰ ਬਦਲ ਸੁੱਟਿਆ ਸੀ। ਬਾਗਾਂ ਅਤੇ ਸੁੰਦਰ ਸਰਕਾਰੀ ਇਮਾਰਤਾਂ ਦੀ ਥਾਂ ਮਸਜਿਦਾਂ ਅਤੇ ਮਕਬਰੇ ਉਸਰਨੇ ਸ਼ੁਰੂ ਹੋ ਗਏ ਸਨ। ਗੈਰ-ਮੁਸਲਮਾਨ ਸ਼ਾਹੂਕਾਰਾਂ ਅਤੇ ਵਪਾਰੀਆਂ ਕੋਲੋਂ ਜਜ਼ੀਏ ਦੇ ਰੂਪ ਵਿਚ ਵਾਧੂ ਟੈਕਸ ਲੈਣਾ ਸ਼ੁਰੂ ਹੋ ਗਿਆ ਸੀ। ਸਰਕਾਰੀ ਫੈਸਲਿਆਂ ਅਤੇ ਨੀਤੀਆਂ ਉਪਰ ਇਸਲਾਮੀ ਸ਼ਰ੍ਹਾ ਦਾ ਪਰਭਾਵ ਜ਼ੋਰ ਪਕੜਨ ਲੱਗ ਗਿਆ ਸੀ।[32] ਇਸ ਨਾਲ ਧਰਮ-ਨਿਰਪੱਖਤਾ ਨੂੰ ਤਾਂ ਸੱਟ ਵੱਜੀ ਹੀ ਸੀ ਸਗੋਂ ਇਸ ਨੇ ਲੋਕਾਂ ਦੇ ਸਾਸ਼ਨ ਪਰੱਤੀ ਵਿਸ਼ਵਾਸ ਨੂੰ ਵੀ ਘਟਾਇਆ ਸੀ।

ਸਰਹਿੰਦ ਸ਼ਹਿਰ ਦੇ ਵਰਨਣ ਦੇ ਨਾਲ ਨਾਲ ਕੁਝ ਸੰਖੇਪ ਬਿਰਤਾਂਤ ਸਰਹਿੰਦ ਦੇ ਪਰਾਂਤ ਦਾ ਵੀ ਹੋਣਾ ਚਾਹੀਦਾ ਹੈ। ਬਿਨਾ ਸ਼ੱਕ ਸਰਹਿੰਦ ਪਰਾਂਤ ਬੜਾ ਵਿਸ਼ਾਲ ਸੀ। ਸਤਲੁਜ ਤੋਂ ਲੈ ਕੇ ਜਮੁਨਾ ਤਕ ਕੁੰਜਪੁਰਾ (ਕਰਨਾਲ) ਅਤੇ ਪਾਣੀਪਤ ਦਾ ਵਿਸ਼ਾਲ ਖੇਤਰ ਇਸ ਵਿਚ ਸ਼ਾਮਲ ਸੀ। ਮਾਮਲੇ ਦੇ ਪੱਖੋਂ ਇਹ ਬੜਾ ਅਮੀਰ ਪਰਾਂਤ ਸੀ। ਸਭ ਤੋਂ ਮਹੱਤਵਪੂਰਨ ਗੱਲ ਇਹ ਸੀ ਕਿ ਇਸ ਪਰਾਂਤ ਦੀ ਆਬਾਦੀ ਵਿਚ ਬਹੁਗਿਣਤੀ ਗੈਰ-ਮੁਸਲਮਾਨਾਂ (ਹਿੰਦੂ-ਸਿੱਖ) ਦੀ ਸੀ। ਗੈਰ-ਮੁਸਲਮਾਨ ਆਬਾਦੀ ਵਿਚੋਂ ਸਿੱਖ ਬਹੁਗਿਣਤੀ ਵਿਚ ਸਨ। ਸਿੱਖਾਂ ਵਿਚ ਬਹੁਗਿਣਤੀ ਜੱਟ-ਸਿੱਖਾਂ ਦੀ ਸੀ। ਸਿੱਖ ਧਰਮ ਇਕ ਸਰਬ-ਸਾਂਝੀਵਾਲਤਾ ਅਤੇ ਧਰਮ-ਨਿਰਪੱਖਤਾ ਵਾਲੀ ਤਾਕਤ ਸੀ। ਇਸ ਨੂੰ ਸਿੱਖਾਂ ਦੇ ਨਾਲ ਨਾਲ ਹਿੰਦੂ ਅਤੇ ਕੁਝ ਹੱਦ ਤਕ ਮੁਸਲਮਾਨ ਵੀ ਆਪਣੀ ਜਜ਼ਬਾਤੀ ਮਦਦ ਦਿੰਦੇ ਸਨ। ਸਰਹਿੰਦ ਦੀ ਫੌਜ ਵਿਚ ਹਿੰਦੂਆਂ ਅਤੇ ਸਿੱਖਾਂ ਦੀ ਵੀ ਤਕੜੀ ਗਿਣਤੀ ਸੀ। ਮਾਲਵੇ ਵਿਚ ਤਾਂ ਜੱਟ ਸਿੱਖ ਚੌਧਰੀ ਹੀ ਸਰਹਿੰਦ ਦੀ ਸਰਕਾਰ ਦੇ ਮਾਲਗੁਜ਼ਾਰ ਸਨ। ਹੋਰ ਅਧਿਕਾਰੀ ਬਹੁਤੇ ਹਿੰਦੂ ਸਨ। ਇਸ ਕਰਕੇ ਸਰਹਿੰਦ ਇਕ ਐਸਾ ਪਰਾਂਤ ਸੀ ਜਿਥੋਂ ਦੀ ਬਹੁਗਿਣਤੀ ਤਾਂ ਗੈਰ-ਮੁਸਲਮਾਨ ਸੀ ਪਰ ਸਰਕਾਰ ਵਿਚ ਪਕੜ ਇਸਲਾਮ ਦੇ ਕੱਟੜਵਾਦੀ ਲੋਕਾਂ ਦੀ ਸੀ। ਇਹੀ ਕਾਰਨ ਸੀ ਕਿ ਜਦੋਂ 1699 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਖਾਲਸਾ ਸਾਜਿਆ ਸੀ ਤਾਂ ਇਸ ਦੀ ਸਭ ਤੋਂ ਵੱਧ ਪਰੱਤੀਕਿਰਿਆ ਬਿਲਾਸਪੁਰ ਦੇ ਰਾਜੇ ਤੋਂ ਪਿੱਛੋਂ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਵਲੋਂ ਹੋਈ ਸੀ। ਖਾਲਸੇ ਦੀ ਸਾਜਨਾ ਨਾਲ ਸਿੱਖ ਸਮਾਜ ਨੇ ਅੰਦਰੂਨੀ ਤੌਰ ਤੇ ਇਕ ਸਵੈ-ਸੁਤੰਤਰ ਫਿਰਕਾ ਬਣਨਾ ਸੀ। ਇਸ ਨਾਲ ਵਜ਼ੀਰ ਖਾਨ ਨੇ ਸੋਚਿਆ ਸੀ ਕਿ ਉਸ ਦੀ ਤਾਕਤ ਨੂੰ ਸੱਟ ਵੱਜੇਗੀ। ਸਰਹਿੰਦ ਦਾ ਨਕਸ਼ਬੰਦੀ ਫਿਰਕਾ ਵੀ ਆਪਣੀ ਹੋਂਦ ਨੂੰ ਖਤਰਾ ਮਹਿਸੂਸ ਕਰ ਰਿਹਾ ਸੀ। ਇਸ ਕਰਕੇ ਵਜ਼ੀਰ ਖਾਨ ਨੇ ਸਰਹਿੰਦ ਪਰਾਂਤ ਵਿਚ ਸਿੱਖਾਂ ਨੂੰ ਕੁਚਲਣ ਲਈ ਪੂਰਾ ਜ਼ੋਰ ਲਾਇਆ ਸੀ। ਜ਼ਫਰਨਾਮੇ ਦੇ ਰੂਪ ਵਿਚ ਜੋ ਖਤ ਗੁਰੂ ਗੋਬਿੰਦ ਸਿੰਘ ਜੀ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਲਿਖਿਆ ਸੀ ਉਸ ਤੋਂ ਪਤਾ ਲਗਦਾ ਹੈ ਕਿ ਬਾਦਸ਼ਾਹ ਔਰੰਗਜ਼ੇਬ ਵਲੋਂ ਗੁਰੂ ਜੀ ਨਾਲ ਕੀਤੇ ਗਏ ਸੁਰੱਖਿਅਤਾ ਵਾਲੇ ਵਾਇਦਿਆਂ[33] ਦੇ ਬਾਵਜੂਦ ਵੀ ਵਜ਼ੀਰ ਖਾਨ ਆਪਹੁਦਰੇ ਤੌਰ ਤੇ ਗੁਰੂ ਜੀ ਪਰੱਤੀ ਦਮਨਕਾਰੀ ਕਾਰਵਾਈਆਂ ਕਰ ਰਿਹਾ ਸੀ। ਪਹਿਲਾਂ ਗੁਰੂ ਜੀ ਨੂੰ ਅਤੇ ਖ਼ਾਲਸੇ ਨੂੰ ਆਨੰਦਪੁਰ ਸਾਹਿਬ ਵਿਚੋਂ ਕੱਢਣ ਲਈ ਵਜ਼ੀਰ ਖਾਨ ਨੇ ਬਿਲਾਸਪੁਰ ਦੇ ਰਾਜੇ ਦੀ ਮਦਦ ਕੀਤੀ। ਫਿਰ ਗੁਰੂ ਜੀ ਦੇ ਮਾਲਵੇ ਵੱਲ ਆਉਣ ਕਰਕੇ ਪਹਿਲਾਂ ਗੁਰੂ ਜੀ ਨੂੰ ਚਮਕੌਰ ਸਾਹਿਬ ਘੇਰਾ ਪਾ ਕੇ ਉਨ੍ਹਾਂ ਦੇ ਦੋ ਵੱਡੇ ਸਾਹਿਬਜ਼ਾਦੇ ਅਤੇ ਅਨੇਕਾਂ ਸਾਥੀ ਸਿੰਘ ਸ਼ਹੀਦ ਕੀਤੇ ਗਏ ਸਨ ਫਿਰ ਮੁਕਤਸਰ ਪਹੁੰਚ ਕੇ ਗੁਰੂ ਜੀ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਭਾਵੇਂ ਮਾਲਵੇ ਦੇ ਜੱਟ-ਸਿੱਖ ਕਬੀਲਿਆਂ ਦੀ ਗੁਰੂ ਜੀ ਨੂੰ ਸਰਗਰਮ ਮਦਦ ਹੋਣ ਕਰਕੇ ਵਜ਼ੀਰ ਖਾਨ ਗੁਰੂ ਜੀ ਨੂੰ ਨਾ ਹੀ ਪਕੜ ਸਕਿਆ ਸੀ ਅਤੇ ਨ ਹੀ ਮਰਵਾ ਸਕਿਆ ਸੀ ਪਰ ਉਸ ਦੀਆਂ ਕੋਸ਼ਿਸ਼ਾਂ ਲਗਾਤਾਰ ਜਾਰੀ ਸਨ। ਇਸੇ ਅਸਫਲਤਾ ਤੋਂ ਖਿਝ ਕੇ ਉਸ ਨੇ ਗੁਰੂ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਅਤੇ ਬਿਰਧ ਮਾਂ, ਮਾਤਾ ਗੁਜ਼ਰੀ ਜੀ ਨੂੰ ਬਿਨਾਂ ਕਿਸੇ ਕਾਰਨ ਸ਼ਹੀਦ ਕਰ ਦਿਤਾ ਸੀ। ਇਹ ਸਭ ਕੁਝ ਵਜ਼ੀਰ ਖਾਨ ਦੀ ਸਿੱਖਾਂ ਪਰੱਤੀ ਨਫ਼ਰਤ ਕਰਕੇ ਹੋਇਆ ਸੀ। ਇਸ ਤਰ੍ਹਾਂ ਜਿਥੇ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਲਈ ਸਰਹਿੰਦ ਦਾ ਨਕਸ਼ਬੰਦੀ

---

31. Khafi Khan's '*Muntkhab-ul-Lubab*'; Elliot and Dowson, Vol. 8, *op.cit.*, p. 414.
32. See also S.R. Sharma, *Mughal Empire In India,* Agra, 1973, p. 344.
33. ਦੇਖੋ ਗੁਰੂ ਗੋਬਿੰਦ ਸਿੰਘ ਦੁਆਰਾ ਲਿਖਿਆ *ਜਫ਼ਰਨਾਮਾ* ਸ਼ੇਅਰ 51, 53, 54 ਅਤੇ 55 ਸੰਪਾਦਿਤ ਅਤੇ ਤਰਜਮਾਕਾਰ ਦਰਸ਼ਨ ਸਿੰਘ, ਏ.ਬੀ.ਸੀ. ਪਬਲੀਸ਼ਿੰਗ ਹਾਊਸ, ਨਿਊ ਦਿਹਲੀ, 2000, ਪੰਨੇ 80, 82 ਅਤੇ 84.

SIKHBOOKCLUB.COM

ਸਿਲਸਿਲਾ ਜਿੰਮੇਵਾਰ ਸੀ ਉਥੇ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜ਼ਰੀ ਜੀ ਨੂੰ ਸ਼ਹੀਦ ਕਰਨ ਦਾ ਜਿੰਮੇਵਾਰ ਸਰਹਿੰਦ ਦਾ ਸੂਬੇਦਾਰ ਵਜ਼ੀਰ ਖਾਨ ਸੀ । ਭਾਵੇਂ ਇਸ ਵਿਚ ਸੁੱਚਾ ਨੰਦ ਵਰਗੇ ਕੁਝ ਹਿੰਦੂ ਅਧਿਕਾਰੀਆਂ ਨੇ ਵੀ ਸਹਿਯੋਗ ਦਿਤਾ ਸੀ ਪਰ ਇਹ ਹਿੰਦੂ ਅਧਿਕਾਰੀ ਹਿੰਦੂ ਸਮਾਜ ਦੀ ਪਰੱਤੀਨਿਧਤਾ ਨਹੀਂ ਕਰਦੇ ਸਨ । ਵਜ਼ੀਰ ਖਾਨ ਇਕ ਇਸਲਾਮੀ ਸੰਸਥਾ ਦੀ ਨੁਮਾਇੰਦਗੀ ਕਰ ਰਿਹਾ ਸੀ । ਇਸ ਤਰ੍ਹਾਂ ਸਿੱਖਾਂ ਦੇ ਮਨ ਵਿਚ ਸਰਹਿੰਦ ਦੇ ਹਾਕਮ ਵਜ਼ੀਰ ਖਾਨ ਪਰੱਤੀ ਅਤੇ ਸਰਹਿੰਦ ਦੇ ਸ਼ਹਿਰ ਪਰੱਤੀ ਵੀ ਅਤਿਅੰਤ ਨਫ਼ਰਤ ਅਤੇ ਗੁੱਸਾ ਸੀ । ਇਹ ਨਫ਼ਰਤ ਅਤੇ ਗੁੱਸਾ ਇਤਨਾ ਜ਼ਿਆਦਾ ਸੀ ਕਿ ਉਹ ਸਰਹਿੰਦ ਸ਼ਹਿਰ ਨੂੰ ਹੀ 'ਗੁਰੂ ਮਾਰੀ ਸਰਹਿੰਦ' ਕਹਿਣ ਲੱਗ ਪਏ ਸਨ । ਜਦੋਂ 1708 ਈ. ਵਿਚ ਨਾਂਦੇੜ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੂੰ ਵਜ਼ੀਰ ਖਾਨ ਦੇ ਭੇਜੇ ਹੋਏ ਭਾੜੇ ਦੇ ਪਠਾਣਾਂ ਨੇ ਗੰਭੀਰ ਰੂਪ ਵਿਚ ਜ਼ਖ਼ਮੀ ਕਰਕੇ ਜੋਤੀ-ਜੋਤ ਸਮਾਉਣ ਦਾ ਇਕ ਮੁੱਖ ਕਾਰਨ ਪੈਦਾ ਕਰ ਦਿਤਾ ਸੀ ਫਿਰ ਤਾਂ ਖਾਲਸੇ ਨੇ ਕਸਮਾਂ ਹੀ ਖਾ ਲਈਆਂ ਸਨ ਕਿ ਉਨ੍ਹਾਂ ਨੇ ਕਦੇ ਨਾ ਕਦੇ ਸਮਾਂ ਆਉਣ ਤੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਣੀ ਹੈ ਅਤੇ ਇਸ ਦੇ ਥੇਹ ਤੇ ਗਧਿਆਂ ਨਾਲ ਹਲ ਵਾਹੁਣੇ ਹਨ ।

ਇਹ ਸੰਖੇਪ ਇਤਿਹਾਸਕ ਵਰਨਣ ਹੈ ਸਰਹਿੰਦ ਦਾ, ਜਿਹੜਾ ਬੰਦਾ ਸਿੰਘ ਬਹਾਦੁਰ ਵਲੋਂ ਸਰਹਿੰਦ ਉਪਰ ਹਮਲਾ ਕਰਨ ਵੇਲੇ ਦੀ ਸਰਹਿੰਦ ਦੀ ਸਥਿਤੀ ਨੂੰ ਦਰਸਾਉਂਦਾ ਹੈ । ਬੰਦਾ ਸਿੰਘ ਬਹਾਦੁਰ ਨਾਲ ਰਲਣ ਵਾਲੇ ਮਾਲਵੇ ਦੇ ਜੱਟ ਕਬੀਲਿਆਂ ਦੇ ਚੌਧਰੀ ਵੈਸੇ ਤਾਂ ਸਾਰੇ ਹੀ ਸਰਹਿੰਦ ਦੀ ਸਰਕਾਰ ਦੇ ਮਾਲਗੁਜ਼ਾਰ ਸਨ ਪਰ ਭਾਈ ਆਲੀ ਸਿੰਘ ਅਤੇ ਭਾਈ ਮਾਲੀ ਸਿੰਘ ਤਾਂ ਸਰਹਿੰਦ ਦੀ ਫੌਜ ਵਿਚ ਤਕੜੇ ਜਰਨੈਲ ਸਨ ।[34] ਜਦੋਂ ਇਨ੍ਹਾਂ ਨੇ ਸੁਣਿਆ ਕਿ ਗੁਰੂ ਗੋਬਿੰਦ ਸਿੰਘ ਜੀ ਵਲੋਂ ਥਾਪਿਆ ਗਿਆ ਇਕ ਬੰਦਾ ਸਿੰਘ ਬਹਾਦੁਰ ਸਰਹਿੰਦ ਦੇ ਪਰਾਂਤ ਵਿਚ ਪਹੁੰਚ ਗਿਆ ਹੈ ਤਾਂ ਜੋ ਵੀ ਗੁਰੂ ਨਾਨਕ ਨਾਮ ਲੇਵਾ ਆਦਮੀ ਸਨ ਉਹ ਆਪਣੀ ਆਪਣੀ ਸਮਰੱਥਾ ਮੁਤਾਬਕ ਬੰਦਾ ਸਿੰਘ ਬਹਾਦੁਰ ਨਾਲ ਰਲਣ ਲਈ ਆਪ-ਮੁਹਾਰੇ ਹੀ ਚੱਲ ਪਏ ਸ਼ਨ ।[35] ਉਸ ਸਮੇਂ ਦੀਆਂ ਸਰਕਾਰੀ ਅਖ਼ਬਾਰਾਂ ਦੀਆਂ ਰਿਪੋਰਟਾਂ ਦਸਦੀਆਂ ਹਨ ਕਿ ਸੱਤਰ ਹਜ਼ਾਰ ਦੇ ਕਰੀਬ ਸਿੱਖ ਬੰਦਾ ਸਿੰਘ ਬਹਾਦੁਰ ਦੇ ਦੁਆਲੇ ਇਕੱਠਾ ਹੋ ਗਿਆ ਸੀ । ਇਸ ਸੱਤਰ ਹਜ਼ਾਰ ਸਿੰਘਾਂ ਦੇ ਇਕੱਠਾ ਹੋਣ ਵਾਲੀ ਥਾਂ ਸਢੌਰਾ ਅਤੇ ਕਪਾਲ ਮੋਚਨ ਸੀ ।[36]

SIKHBOOKCLUB.COM

---

34. ਭਾਈ ਕਾਨ੍ਹ ਸਿੰਘ ਨਾਭਾ, *ਪੂਰਵ ਅੰਕਤ*, ਪੰਨਾ 80.

35. ਗਯਾਨ ਸਿੰਘ ਬਿਦਤ ਭਯੋ ਸਭ ਦੇਸ ਮੈਂ ਬੰਦਾ ਬਲਿਕਾਰੀ ।
ਮਿਲੇ ਲੋਗ ਬਹੁ ਆਇ ਕੇ ਲੈ ਭੇਟ ਅਪਾਰੀ ।
ਸ੍ਰੀ ਗੁਰ ਪੰਥ ਪ੍ਰਕਾਸ਼ (ਪੱਥਰ ਛਾਪ), ਅੰਮ੍ਰਿਤਸਰ, 1889, ਪੰਨਾ 2229.

36. *ਅਖ਼ਬਾਰ-ਏ-ਦਰਬਾਰ-ਏ-ਮੁਅੱਲਾ* (ਅੰਗਰੇਜ਼ੀ ਤਰਜਮਾ), ਡਾ. ਭਗਤ ਸਿੰਘ, *ਦ ਪੰਜਾਬ ਪਾਸਟ ਐਂਡ ਪ੍ਰੈਜੈਂਟ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984, ਪੰਨਾ 26.

8. ਚੱਪੜ-ਚਿੜੀ ਦੀ ਲੜਾਈ
12 ਮਈ, 1710

ਚੱਪੜ-ਚਿੜੀ ਦੀ ਲੜਾਈ ਸਿੰਘਾਂ ਅਤੇ ਮੁਗਲ ਹਕੂਮਤ ਵਿਚਕਾਰ 12 ਮਈ, 1710 ਈ. ਨੂੰ ਲੜੀ ਗਈ ਸੀ। ਸਿੰਘ ਦਲਾਂ ਦਾ ਨੇਤਾ ਬੰਦਾ ਸਿੰਘ ਬਹਾਦੁਰ ਸੀ ਅਤੇ ਮੁਗਲ ਫੌਜ ਦਾ ਨੇਤਾ ਸਰਹਿੰਦ ਦਾ ਸੂਬੇਦਾਰ ਵਜ਼ੀਰ ਖਾਨ ਸੀ। ਬੰਦਾ ਸਿੰਘ ਬਹਾਦਰ ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸੇ ਦਾ ਥਾਪਿਆ ਗਿਆ ਜਰਨੈਲ ਸਿੰਘ ਸੀ ਜਿਹੜਾ ਸਮਾਣਾ, ਸਢੌਰਾ, ਕਪੂਰੀ ਅਤੇ ਬਨੂੜ ਆਦਿ ਮੁਗਲ ਸੈਨਿਕ ਕੇਂਦਰਾਂ ਨੂੰ ਲਿਤਾੜਦਾ ਹੋਇਆ ਸਰਹਿੰਦ ਉਪਰ ਹਮਲਾ ਕਰਨ ਲਈ ਤਿਆਰੀਆਂ ਵਿਚ ਰੁੱਝਾ ਹੋਇਆ ਸੀ। ਸਰਹਿੰਦ ਦਾ ਸੂਬੇਦਾਰ ਵਜ਼ੀਰ ਖਾਨ, ਸਿੰਘਾਂ ਦਾ ਕੱਟੜ ਦੁਸ਼ਮਣ ਸੀ। ਉਹ ਗੁਰੂ ਗੋਬਿੰਦ ਸਿੰਘ ਜੀ ਨਾਲ ਅਨੇਕਾਂ ਜ਼ਿਆਦਤੀਆਂ ਕਰਨ ਦੇ ਨਾਲ ਨਾਲ, ਗੁਰੂ ਸਾਹਿਬ ਦੇ ਦੋ ਛੋਟੇ ਸਾਹਿਬਜ਼ਾਦਿਆਂ : ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਨੂੰ ਸ਼ਹੀਦ ਕਰਨ ਦਾ ਜਿੰਮੇਵਾਰ ਵੀ ਸੀ।

ਸਰਹਿੰਦ, ਮੁਗਲ ਸਾਮਰਾਜ ਦਾ ਇਕ ਬਹੁਤ ਹੀ ਮਹੱਤਵਪੂਰਣ ਸੂਬਾ ਸੀ। ਵਜ਼ੀਰ ਖਾਨ ਦੀ ਸੂਬੇਦਾਰੀ ਹੇਠ ਸਤਲੁਜ ਤੋਂ ਲੈ ਕੇ ਜਮੁਨਾ ਤੱਕ ਦਾ ਇਲਾਕਾ ਸੀ। ਤਕਨੀਕੀ ਤੌਰ ਤੇ ਭਾਵੇਂ ਸਰਹਿੰਦ ਸਤਲੁਜ ਤੋਂ ਲੈ ਕੇ ਘੱਗਰ ਵਿਚਲੇ ਖੇਤਰ ਮਾਲਵੇ ਦਾ ਹੀ ਕੇਂਦਰ ਸੀ ਪਰ ਕਿਉਂਕਿ ਵਜ਼ੀਰ ਖਾਨ ਖੁਦ ਕੁੰਜਪੁਰਾ (ਕਰਨਾਲ) ਦੇ ਇਲਾਕੇ ਦਾ ਜੰਮਪਲ ਸੀ ਅਤੇ ਔਰੰਗਜ਼ੇਬ ਦੇ ਵਿਸਵਾਸ਼ਪਾਤਰਾਂ ਵਿਚੋਂ ਸੀ ਇਸ ਲਈ ਸਰਹਿੰਦ ਦੀ ਸੂਬੇਦਾਰੀ ਵਿਚ ਘੱਗਰ ਤੋਂ ਲੈ ਕੇ ਜਮੁਨਾ ਤੱਕ ਦਾ ਖੇਤਰ ਵੀ ਸ਼ਾਮਲ ਕਰ ਦਿਤਾ ਗਿਆ ਸੀ। ਕੁੰਜਪੁਰਾ ਅਤੇ ਕਰਨਾਲ ਵੀ ਇਸ ਵਿਚ ਸ਼ਾਮਲ ਸੀ। ਬੰਦਾ ਸਿੰਘ ਬਹਾਦਰ ਨੇ ਰੋਹਤਕ-ਸੋਨੀਪਤ ਦੇ ਨੇੜਲੇ ਇਕ ਪਰਗਣੇ ਖਰਖੌਦਾ ਦੇ ਦੋ ਜੁੜਵੇਂ ਪਿੰਡਾਂ ਸਿਹਰ-ਖੰਡਾ ਤੋਂ ਆਪਣੀਆਂ ਸੈਨਿਕ ਕਾਰਵਾਈਆਂ ਦੀ ਸ਼ੁਰੂਆਤ ਕੀਤੀ ਸੀ। ਸਮਾਣਾ, ਸਢੌਰਾ, ਕਪੂਰੀ, ਠਸਕਾ, ਛੱਤ ਅਤੇ ਬਨੂੜ ਆਦਿ ਸਾਰੀਆਂ ਸੈਨਿਕ ਚੌਕੀਆਂ ਸਰਹਿੰਦ ਦੀਆਂ ਹੀ ਸਨ। ਇਨ੍ਹਾਂ ਸੈਨਿਕ ਚੌਕੀਆਂ ਜਾਂ ਛਾਉਣੀਆਂ ਨੂੰ, ਵਜ਼ੀਰ ਖਾਨ ਆਪਣੀਆਂ ਅੱਖਾਂ ਦੇ ਸਾਹਮਣੇ ਡਿਗਦੀਆਂ ਹੋਈਆਂ ਦੇਖ ਰਿਹਾ ਸੀ। ਇਸੇ ਇਕ ਗੱਲ ਤੋਂ ਹੀ ਵਜ਼ੀਰ ਖਾਨ ਦੀ ਮਾਨਸਿਕ ਤੌਰ ਤੇ ਘਬਰਾ ਚੁੱਕੀ ਸੋਚ ਨੂੰ ਪਰਖਿਆ ਜਾ ਸਕਦਾ ਹੈ। ਉਸ ਨੂੰ ਇਨ੍ਹਾਂ ਚੌਕੀਆਂ ਦੇ ਇਕ-ਇਕ ਕਰਕੇ ਡਿਗਣ ਦਾ ਪਤਾ ਸੀ ਪਰ ਉਹ ਫਿਰ ਵੀ ਸਰਹਿੰਦ ਵਿਚ ਦੜ-ਵੱਟੀਂ ਬੈਠਾ ਸੀ। ਇਕ ਵਾਰ ਵੀ ਉਸ ਨੇ ਸਮਾਣੇ ਜਾਂ ਸਢੌਰੇ ਪਹੁੰਚ ਕੇ ਬੰਦਾ ਸਿੰਘ ਬਹਾਦੁਰ ਦਾ ਟਾਕਰਾ ਨਹੀਂ ਕੀਤਾ ਸੀ। ਇਹ ਕਿਰਦਾਰ ਉਸ ਦੀ ਮਾਨਸਿਕ ਤੌਰ ਤੇ ਡਰ ਚੁੱਕੀ ਸੋਚ ਨੂੰ ਦਰਸਾਉਂਦਾ ਹੈ।

ਅਖ਼ਬਾਰ-ਏ-ਦਰਬਾਰ-ਏ-ਮੁਅੱਲਾ ਵਿਚ, ਉਹ ਖ਼ਬਰਾਂ (ਰਿਪੋਰਟਾਂ) ਦਰਜ਼ ਹਨ ਜੋ ਅਕਸਰ ਦਿਨ-ਪਰੱਤੀ-ਦਿਨ ਪੰਜਾਬ ਵਿਚਲੇ ਸੂਹੀਆਂ ਵਲੋਂ ਬੰਦਾ ਸਿੰਘ ਦੀਆਂ ਗਤੀਵਿਧੀਆਂ ਬਾਰੇ ਭੇਜੀਆਂ ਜਾਂਦੀਆਂ ਸਨ। ਇਨ੍ਹਾਂ ਖ਼ਬਰਾਂ ਵਿਚ ਸਰਹਿੰਦ ਦੇ ਵਜ਼ੀਰ ਖਾਨ ਵਲੋਂ ਵੀ ਭੇਜੀ ਗਈ ਇਕ ਰਿਪੋਰਟ ਹੈ ਜਿਸ ਰਾਹੀਂ ਉਸ ਨੇ ਬੰਦਾ ਸਿੰਘ ਬਹਾਦੁਰ ਦੀਆਂ ਵੱਧ ਰਹੀਆਂ ਸੈਨਿਕ ਗਤੀਵਿਧੀਆਂ ਬਾਰੇ ਅਤੇ ਸਰਹਿੰਦ ਪਰਾਂਤ ਨੂੰ ਵੱਧ ਰਹੇ ਖ਼ਤਰੇ ਬਾਰੇ, ਜਾਣੂੰ ਕਰਵਾਉਣ ਲਈ ਬਾਦਸ਼ਾਹ ਨੂੰ ਭੇਜੀ ਸੀ। ਇਹ ਰਿਪੋਰਟ 31 ਜਨਵਰੀ, 1709 ਤੋਂ ਲੈ ਕੇ 20 ਜਨਵਰੀ, 1710 ਦੇ ਵਿਚਕਾਰਲੇ ਇਕ ਸਾਲ ਦੇ ਸਮੇਂ ਦੀ ਸਥਿਤੀ ਨੂੰ ਪੇਸ਼ ਕਰਦੀ ਹੈ। ਇਸ ਇਕ ਸਾਲ ਦੀ ਰਿਪੋਰਟ ਨੂੰ ਜਿਸ ਤਰ੍ਹਾਂ ਸੰਖੇਪ ਕਰਕੇ *ਅਖ਼ਬਾਰਾਤ-ਏ-ਦਰਬਾਰ-ਏ-ਮੁਅੱਲਾ* ਵਿਚ ਦਿਤਾ ਗਿਆ ਹੈ ਉਹ ਇਉਂ ਹੈ : ''ਸਿੱਖ ਪੰਜਾਬ ਪਰਾਂਤ ਵਿਚ ਅਤੇ ਸਰਹਿੰਦ ਦੇ ਆਲੇ-ਦੁਆਲੇ ਦੇ ਖੇਤਰ ਵਿਚ ਗੜਬੜ ਪੈਦਾ ਕਰ ਚੁੱਕੇ ਹਨ। ਇਸ ਤਰ੍ਹਾਂ ਦੀ ਗੜਬੜ ਵਾਲੀਆਂ ਥਾਵਾਂ ਦਾ ਕਿੰਨਾਂ ਕੁ ਵਿਸਥਾਰ ਦਿਤਾ ਜਾ ਸਕਦਾ ਹੈ? ਉਨ੍ਹਾਂ ਨੇ ਖੁਸ਼ਹਾਲ ਪਰਗਨਿਆਂ ਨੂੰ ਅਕਸਰ ਉਜਾੜ ਦਿਤਾ ਹੈ। ਇਨ੍ਹਾਂ ਦਿਨਾਂ ਵਿਚ ਇਹ ਖ਼ਬਰਾਂ ਮਿਲ ਰਹੀਆਂ ਹਨ ਕਿ ਉਨ੍ਹਾਂ ਨੇ ਬੂੜੀਆ ਅਤੇ ਸਢੌਰੇ ਦੇ ਪਰਗਣਿਆਂ ਨੂੰ ਲੁੱਟ ਲਿਆ ਹੈ। ਵਜ਼ੀਰ ਖਾਨ ਦੇ ਬੰਦੇ ਮਾਰੇ ਜਾ ਰਹੇ ਹਨ। ਵਾਮਲਾ ਪਠਾਣ, ਜਿਹੜੇ ਕਿ ਮੁਸਲਮਾਨਾਂ ਵਿਚ ਬਹੁਤ ਸਤਿਕਾਰ ਵਾਲਾ ਦਰਜਾ ਰੱਖਦੇ ਸਨ, ਮਿੱਟੀ ਵਿਚ ਮਿਲਾ ਦਿਤੇ ਗਏ ਹਨ। ਵਜ਼ੀਰ ਖਾਨ ਦੇ ਵਕੀਲ ਨੇ ਦੱਸਿਆ ਹੈ ਕਿ ਇਸ ਫਿਰਕੇ ਦੇ ਫਸਾਦਾਂ ਨੂੰ ਮਹੱਤਵਹੀਣ ਨਹੀਂ ਸਮਝਣਾ ਚਾਹੀਦਾ। ਉਹ ਸੱਤਰ ਹਜ਼ਾਰ ਦੇ ਕਰੀਬ ਦੀ ਗਿਣਤੀ ਵਿਚ ਸਢੌਰੇ ਵਿਖੇ ਇਕੱਠੇ ਹੋਏ ਖੜ੍ਹੇ ਹਨ। ਇਸ ਮੌਕੇ ਉਹ ਆਪਣੇ ਗੁਰੂ ਦਾ ਨਾਮ ਜਪਦੇ ਹਨ ਅਤੇ ਇਹ ਵੀ ਦਸਦੇ ਹਨ ਕਿ ਇਕ ਮੁਸਲਮਾਨ ਧਾਰਮਿਕ ਸੰਤ (ਸ਼ਾਇਦ ਪੀਰ ਬੁੱਧੂ ਸ਼ਾਹ ਦਾ ਕੋਈ ਉਤਰ-ਅਧਿਕਾਰੀ) ਵੀ ਉਨ੍ਹਾਂ ਨਾਲ ਮਿਲ ਚੁੱਕਿਆ ਹੈ। ਉਹ ਦੁਆਬੇ ਦੇ ਪਰਗਣਿਆਂ ਨੂੰ ਵੀ ਉਜਾੜ ਚੁੱਕੇ ਹਨ ਅਤੇ ਦਰਿਆ ਫਤਿਹਾਬਾਦ (ਘੱਗਰ-ਸਿਰਸਾ) ਤਕ ਵੀ ਫੈਲ ਚੁੱਕੇ ਹਨ। ਵਜ਼ੀਰ ਖਾਨ ਵਲੋਂ ਭੇਜੇ ਇਨ੍ਹਾਂ ਵੇਰਵਿਆਂ ਤੋਂ ਜਾਣੂੰ ਹੋਣ ਉਪਰੰਤ ਨਿਜ਼ਾਮ-ਉਲ-ਮੁਲਕ (ਮੁਲਕ ਦੇ ਪਰਧਾਨ ਮੰਤਰੀ) ਨੇ ਇਸ ਖੇਤਰ ਦੇ ਕਿਲ੍ਹੇਦਾਰਾਂ ਨੂੰ ਹਦਾਇਤਾਂ ਭੇਜੀਆਂ ਹਨ ਕਿ ਉਹ ਵਜ਼ੀਰ

SIKHBOOKCLUB.COM

ਖਾਨ ਨਾਲ ਰਲ ਕੇ ਉਸ ਦੀ ਮਦਦ ਕਰਨ। ਇਹ ਲੋਕ ਵੀ ਸੱਤਾਹੀਣ ਹੋ ਗਏ ਹਨ। ਹੁਣ ਰੱਬ ਹੀ ਜਾਣਦਾ ਹੈ ਕਿ ਇਨ੍ਹਾਂ ਦੀ ਕਿਸਮਤ ਵਿਚ ਕੀ ਵਾਪਰਨਾ ਲਿਖਿਆ ਹੈ।[1]

ਵਜ਼ੀਰ ਖਾਨ ਦੀ ਭੇਜੀ ਹੋਈ ਇਹ ਰਿਪੋਰਟ ਬਾਦਸ਼ਾਹ ਦੇ ਸਾਹਮਣੇ 25 ਫਰਵਰੀ, 1710 ਨੂੰ ਪੇਸ਼ ਕੀਤੀ ਗਈ ਸੀ।[2] ਅਠਾਈ ਅਪਰੈਲ 1710 ਨੂੰ ਬਾਦਸ਼ਾਹ ਵਲੋਂ ਹੁਕਮ ਹੋਇਆ ਕਿ ਨੇਜ਼ਾ-ਬਰਦਾਰ, ਬਾਦਸ਼ਾਹ ਦੇ ਇਨ੍ਹਾਂ ਫੁਰਮਾਨਾ ਨੂੰ ਸਰਹਿੰਦ ਦੇ ਵਜ਼ੀਰ ਖਾਨ ਪਾਸ ਪਹੁੰਚਾ ਦੇਣ। ਐਮਨਾਬਾਦ ਦੇ ਫੌਜਦਾਰ ਨੂੰ ਵੀ ਤੁਰੰਤ ਫੁਰਮਾਨ ਭੇਜ ਦਿਤੇ ਜਾਣ ਕਿ ਉਹ ਲਾਹੌਰ ਦੇ ਦੀਵਾਨ ਰੁਸਤਮ ਖਾਨ ਨਾਲ ਮਿਲ ਕੇ, ਨਾਨਕ ਨਾਮ ਲੇਵਾ ਸਾਰੇ ਪੈਰੋਕਾਰਾਂ ਨੂੰ ਫੜ ਲੈਣ। 12 ਮਈ, 1710 ਨੂੰ ਜੋ ਰਿਪੋਰਟ ਬਾਦਸ਼ਾਹ ਨੂੰ ਪੇਸ਼ ਕੀਤੀ ਗਈ ਸੀ ਉਸ ਵਿਚ ਦੱਸਿਆ ਗਿਆ ਸੀ ਕਿ ''ਸਰਹਿੰਦ ਅਤੇ ਲਾਹੌਰ ਦੇ ਨੇੜਲੇ ਖੇਤਰਾਂ ਵਿਚ ਇਕ ਬੰਦੇ ਨੇ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਐਲਾਨ ਕਰ ਦਿਤਾ ਹੈ (ਭਾਵ ਕਿ ਗੁਰੂ ਦਾ ਬੰਦਾ) ਅਤੇ ਆਪਣੇ ਦੁਆਲੇ ਬਹੁਤ ਵੱਡੀ ਗਿਣਤੀ ਵਿਚ ਬੰਦੇ ਇਕੱਠੇ ਕਰ ਲਏ ਹਨ।''[3] ਇਹ 12 ਮਈ ਦੀ ਰਿਪੋਰਟ ਲੜਾਈ ਤੋਂ ਪਹਿਲਾਂ ਭੇਜੀ ਹੋਈ ਸੀ। ਇਨ੍ਹਾਂ ਖੁਫ਼ੀਆ ਅਤੇ ਸਰਕਾਰੀ ਤੌਰ ਤੇ ਭੇਜੀਆਂ ਗਈਆਂ ਰਿਪੋਰਟਾਂ ਤੋਂ ਪਤਾ ਲਗਾਇਆ ਜਾ ਸਕਦਾ ਹੈ ਕਿ ਬੰਦਾ ਸਿੰਘ ਬਹਾਦੁਰ ਨੇ ਸਰਹਿੰਦ ਉਪਰ ਹਮਲਾ ਕਰਨ ਤੋਂ ਪਹਿਲਾਂ ਹੀ ਸਰਹਿੰਦ ਦੇ ਵਜ਼ੀਰ ਖਾਨ ਨੂੰ ਐਸਾ ਨਿਹੱਥਾ ਅਤੇ ਨਿਰਬਲ ਕਰ ਦਿਤਾ ਸੀ ਕਿ ਉਹ ਕਿਲ੍ਹੇ ਵਿਚ ਬੰਦ ਹੋਇਆ ਚੁੱਪ-ਚਾਪ ਸਭ ਕੁਝ ਆਪਣੀਆਂ ਅੱਖਾਂ ਦੇ ਸਾਹਮਣੇ ਵਾਪਰਦਾ ਹੋਇਆ ਦੇਖ ਰਿਹਾ ਸੀ।

ਜਿਵੇਂ ਕਿ ਉਪਰ ਦਿਤੀ ਗਈ ਖੁਫ਼ੀਆ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਬੰਦਾ ਸਿੰਘ ਬਹਾਦੁਰ ਦੀਆਂ ਮੁੱਢਲੀਆਂ ਜਿੱਤਾਂ ਦੀਆ ਖ਼ਬਰਾਂ ਸਾਰੇ ਪੰਜਾਬ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈਆਂ ਸਨ। ਇਸ ਨਾਲ ਮਾਝੇ ਅਤੇ ਦੁਆਬੇ ਵਿਚ ਵੀ ਸਿੰਘ ਜੱਥੇ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ। ਜਿਥੇ ਵੀ ਸਿੰਘ ਜੱਥਿਆਂ ਦਾ ਜ਼ੋਰ ਪੈਂਦਾ ਸੀ ਉਹ ਉਥੇ ਹੀ ਆਪਣੇ ਸਥਾਨਕ ਹਾਕਮਾਂ ਦੇ ਖ਼ਿਲਾਫ ਬਗਾਵਤ ਕਰ ਦਿੰਦੇ ਸਨ। ਬੰਦਾ ਸਿੰਘ ਬਹਾਦੁਰ ਵਲੋਂ ਸਿੱਖ ਸੰਗਤਾਂ ਨੂੰ ਭੇਜੇ ਗਏ ਹੁਕਮਨਾਮੇ ਵੀ ਸਿੰਘ ਜੱਥਿਆਂ ਨੂੰ ਖੜ੍ਹੇ ਹੋਣ ਲਈ ਪਰੇਰ ਰਹੇ ਸਨ। ਇਸ ਸਭ ਕੁੱਝ ਦਾ ਸਿੱਟਾ ਇਹ ਹੋਇਆ ਸੀ ਕਿ ਬਹੁਤ ਵੱਡੀ ਗਿਣਤੀ ਵਿਚ ਸਿੰਘ ਜੱਥੇ ਮਾਝੇ ਅਤੇ ਦੁਆਬੇ ਵਿਚੋਂ ਬੰਦਾ ਸਿੰਘ ਬਹਾਦੁਰ ਵਲ ਆ ਰਹੇ ਸਨ। ਬੰਦਾ ਸਿੰਘ ਦੀ ਵੀ ਇਹ ਹੀ ਇੱਛਾ ਸੀ ਕਿ ਜੇਕਰ ਸਰਹਿੰਦ ਉਪਰ ਹਮਲਾ ਕਰਨ ਤੋਂ ਪਹਿਲਾਂ ਸਿੰਘ ਜੱਥਿਆਂ ਦੀ ਗਿਣਤੀ ਤਕੜੀ ਹੋ ਜਾਵੇ ਤਾਂ ਵਜ਼ੀਰ ਖਾਨ ਨੂੰ ਹਰਾਉਣਾ ਸੌਖਾ ਹੋ ਜਾਵੇਗਾ। ਇਸ ਲਈ ਜਦੋਂ ਕਿ ਬੰਦਾ ਸਿੰਘ ਅਜੇ ਸਢੌਰੇ ਤੋਂ ਸਰਹਿੰਦ ਵਲ ਚੜ੍ਹਾਈ ਕਰਨ ਦੀ ਤਿਆਰੀ ਕਰ ਰਿਹਾ ਸੀ ਤਾਂ ਉਸ ਨੂੰ ਸੁਨੇਹੇ ਮਿਲੇ ਸਨ ਕਿ ਮਾਝੇ ਅਤੇ ਦੁਆਬੇ ਦੇ ਸਿੰਘਾਂ ਦਾ ਇਕ ਤਕੜਾ ਦਲ ਉਸ ਨਾਲ ਮਿਲਣ ਲਈ ਸਤਲੁਜ ਦਰਿਆ ਦੇ ਕੀਰਤਪੁਰ ਸਾਹਿਬ ਵਾਲੇ ਘਾਟ ਤੇ ਰੁਕਿਆ ਖੜ੍ਹਾ ਹੈ। ਰੁਕਣ ਦਾ ਕਾਰਨ ਇਹ ਸੀ ਕਿ ਇਸ ਦਲ ਦੇ ਰਵਾਨਾ ਹੋਣ ਦੀ ਖ਼ਬਰ ਵਜ਼ੀਰ ਖਾਨ ਨੂੰ ਵੀ ਮਿਲ ਗਈ ਸੀ। ਇਸ ਲਈ ਉਸ ਨੇ ਇਸ ਦਲ ਨੂੰ ਬੰਦਾ ਸਿੰਘ ਬਹਾਦੁਰ ਨਾਲ ਆ ਕੇ ਮਿਲਣ ਤੋਂ ਰੋਕਣ ਲਈ ਮਾਲੇਰਕੋਟਲੇ ਅਤੇ ਰੋਪੜ ਦੇ ਫੌਜਦਾਰਾਂ ਦੀ ਡਿਊਟੀ ਲਗਾਈ ਸੀ। ਮਾਲੇਰਕੋਟਲੇ ਦੀ ਫੌਜ ਸ਼ੇਰ ਮੁਹੰਮਦ ਖਾਨ, ਖਿਜ਼ਰ ਖਾਨ ਅਤੇ ਨਸ਼ਤਰ ਖਾਨ ਦੀ ਅਗਵਾਈ ਹੇਠ ਸਤਲੁਜ ਦਾ, ਰੋਪੜ ਦੇ ਨੇੜਿਓਂ ਉਰਲਾ ਕੰਢਾ ਰੋਕ ਕੇ ਖੜੋ ਗਈ ਸੀ। ਸਿੰਘ ਸਤਲੁਜ ਨੂੰ ਪਾਰ ਕਰਕੇ ਆਪਣੇ ਨੇਤਾ ਨਾਲ ਮਿਲਣ ਲਈ ਦਰਿੜ੍ਹ ਸਨ ਅਤੇ ਮਾਲੇਰਕੋਟਲੇ ਦੀ ਫੌਜ ਉਨ੍ਹਾਂ ਨੂੰ ਰੋਕਣ ਲਈ ਦਰਿੜ੍ਹ ਸੀ। ਇਸ ਲਈ ਰੋਪੜ ਨੇੜੇ ਸਤਲੁਜ ਦੇ ਪੱਤਣ ਤੇ ਦੋਵੇਂ ਧਿਰਾਂ ਵਿਚਕਾਰ ਗਹਿਗੱਚਵੀਂ ਲੜਾਈ ਹੋਈ। ਪਹਿਲੇ ਦਿਨ ਦੀ ਲੜਾਈ ਦੁਪਹਿਰ ਦੇ ਬਾਅਦ ਸ਼ੁਰੂ ਹੋਈ ਸੀ ਜਿਹੜੀ ਰਾਤ ਪੈਣ ਤਕ ਚਲਦੀ ਰਹੀ ਸੀ। ਰਾਤ ਦਾ ਹਨ੍ਹੇਰਾ ਪੈ ਜਾਣ ਕਰਕੇ ਜਦੋਂ ਇਕ ਦੂਜੇ ਨੂੰ ਦਿਖਾਈ ਦੇਣੋਂ ਬੰਦ ਹੋ ਗਿਆ ਤਾਂ ਲੜਾਈ ਬੰਦ ਹੋ ਗਈ ਸੀ। ਰਾਤੋ ਰਾਤ ਦੋਵਾਂ ਧਿਰਾਂ ਨੇ ਆਪਣੇ ਆਪ ਨੂੰ ਸੰਭਾਲਿਆ। ਪਿੱਛੋਂ ਹੋਰ ਵੀ ਸਿੰਘ ਜੱਥੇ ਜੈਕਾਰੇ ਗੂੰਜਾਉਂਦੇ ਹੋਏ ਆਪਣੇ ਸਾਥੀਆਂ ਨਾਲ ਆ ਕੇ ਮਿਲ ਰਹੇ ਸਨ। ਇਸ ਨਾਲ ਸਿੰਘਾਂ ਦੇ ਹੌਂਸਲੇ ਵੱਧ ਰਹੇ ਸਨ ਅਤੇ ਮੁਗਲ ਫੌਜ ਦੇ ਘਟ ਰਹੇ ਸਨ। ਜਿਉਂ ਹੀ ਦੂਸਰਾ ਦਿਨ ਚੜ੍ਹਿਆ ਤਾਂ ਦੋਵੇਂ ਧਿਰਾਂ ਫਿਰ ਗੁੱਥਮਗੁੱਥਾ ਹੋ ਗਈਆਂ। ਸਿੰਘ ਜੱਥਿਆਂ ਦੀ ਦਰਿੜ੍ਹਤਾ ਸਾਹਮਣੇ ਮੁਗਲ ਸੈਨਿਕ ਖੜੋ ਨਹੀਂ ਸਕੇ ਸਨ। ਇਸੇ ਸਮੇਂ ਖ਼ਬਰਾਂ ਪਹੁੰਚ ਗਈਆਂ ਸਨ ਕਿ ਬੰਦਾ ਸਿੰਘ ਬਹਾਦੁਰ ਨੇ ਬਨੂੜ ਨੂੰ ਵੀ ਤਬਾਹ ਕਰ ਦਿਤਾ ਹੈ ਅਤੇ ਉਹ ਸਰਹਿੰਦ ਦੇ ਨੇੜੇ ਹੀ ਪਹੁੰਚ ਗਿਆ ਹੈ। ਇਸ ਗੱਲ ਨੇ ਸਿੰਘਾਂ ਦੇ ਜੋਸ਼ ਅਤੇ ਜ਼ੋਰ ਨੂੰ ਤਿਗੁਣਾ-ਚੌਗੁਣਾ ਕਰ ਦਿਤਾ ਸੀ। ਖਿਜ਼ਰ ਖਾਨ, ਨਸ਼ਤਰ ਖਾਨ ਅਤੇ ਵਲੀ ਮੁਹੰਮਦ ਖਾਨ ਤਿੰਨ ਮੁੱਖੀ ਜਰਨੈਲ ਮਾਰੇ ਗਏ ਸਨ। ਇਸ ਨਾਲ ਸ਼ੇਰ ਮੁਹੰਮਦ ਖਾਨ ਦਾ ਲੱਕ ਟੁੱਟ ਗਿਆ ਸੀ। ਬਨੂੜ ਦੀ ਬਰਬਾਦੀ ਨੇ ਵੀ ਉਸ ਨੂੰ ਹੌਂਸਲਾਹੀਣ ਕਰ ਦਿਤਾ ਸੀ। ਮਾਲੇਰਕੋਟਲੇ ਦੀ ਫੌਜ ਭੱਜ ਗਈ ਸੀ। ਸਿੰਘ ਦਲ ਰੋਪੜ ਵਿਚੋਂ ਦੀ ਹਥਿਆਰ ਅਤੇ ਘੋੜੇ ਇਕੱਠੇ ਕਰਦਾ ਹੋਇਆ ਬੰਦਾ ਸਿੰਘ ਬਹਾਦੁਰ ਵੱਲ ਨੂੰ ਵੱਧਦਾ ਆ ਰਿਹਾ ਸੀ। ਉਧਰੋਂ ਬੰਦਾ ਸਿੰਘ ਨੂੰ ਵੀ ਸਿੰਘਾਂ ਦੇ ਵਧਦੇ ਆਉਣ ਦੀ ਖ਼ਬਰ ਮਿਲ ਗਈ ਸੀ, ਉਹ

1. *'ਅਖ਼ਬਾਰਾਤ-ਏ-ਦਰਬਾਰ-ਏ-ਮੁਅੱਲਾ'* ਅੰਗਰੇਜ਼ੀ ਤਰਜਮਾ ਡਾ. ਭਗਤ ਸਿੰਘ, *ਦਾ ਪੰਜਾਬ ਪਾਸਟ ਐਂਡ ਪਰੈਜੈਂਟ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅਕਤੂਬਰ, 1984, ਪੰਨੇ 25-26.
2. *ਉਕਤ*, ਪੰਨਾ 26.
3. *ਉਕਤ*, ਪੰਨਾ 26.

SIKHBOOKCLUB.COM

ਵੀ ਬਨੂੜ ਤੋਂ ਚੱਲ ਕੇ ਸਿੰਘ ਜੱਥਿਆਂ ਦੇ ਸੁਆਗਤ ਲਈ ਅੱਗੇ ਵਧ ਆਇਆ ਸੀ । ਦੋਵੇਂ ਧਿਰਾਂ ਚੱਪੜ-ਚਿੜੀ ਦੇ ਮੈਦਾਨ ਵਿਚ ਆ ਇਕੱਠੀਆਂ ਹੋਈਆਂ ਸਨ ।

ਚੱਪੜ-ਚਿੜੀ ਦਾ ਮੈਦਾਨ ਕਿਥੇ ਹੈ ਅਤੇ ਕਿਸ ਤਰ੍ਹਾਂ ਦਾ ਹੈ ਇਸ ਬਾਰੇ ਅਜੇ ਤਕ ਬੰਦਾ ਸਿੰਘ ਬਹਾਦੁਰ ਦੇ ਸਬੰਧ ਵਿਚ ਲਿਖਣ ਵਾਲੇ ਕਿਸੇ ਵੀ ਇਤਿਹਾਸਕਾਰ ਨੇ ਅੱਖੀਂ ਦੇਖਿਆ ਹਾਲ ਨਹੀਂ ਲਿਖਿਆ । ਕਰਮ ਸਿੰਘ ਹਿਸਟੋਰੀਅਨ ਨੂੰ ਤਾਂ ਇਸ ਦੀ ਸਥਿਤੀ ਦਾ ਹੀ ਪਤਾ ਨਹੀਂ ਸੀ । ਉਹ ਲਿਖਦਾ ਹੈ ਕਿ 'ਇਹ ਨਾਮ (ਚੱਪੜ-ਚਿੜੀ) ਰਤਨ ਸਿੰਘ ਭੰਗੂ ਨੇ ਆਪਣੇ *ਪੰਥ ਪ੍ਰਕਾਸ਼* ਵਿਚ ਦਿਤਾ ਹੈ ਪਰ ਇਸ ਨਾਮ ਦਾ ਪਿੰਡ ਸਰਹਿੰਦ ਦੇ ਆਸ ਪਾਸ ਕੋਈ ਨਹੀਂ, ਘਨੌਰ ਦੇ ਤਅੱਲਕੇ ਵਿਚ ਰਾਜ-ਪੁਰਿਓਂ ਦਸ ਕੁ ਮੀਲ ਚੱਪੜ ਪਿੰਡ ਹੈ ਅਤੇ ਸਰਹਿੰਦੋਂ ਬਾਰਾਂ ਕੋਹ ਚੜੀ ਪਿੰਡ ਹੈ । ਪਰ ਇਹ ਦੋਵੇਂ ਹੀ ਨਹੀਂ ਹੋ ਸਕਦੇ ।'[4] ਡਾ. ਗੰਡਾ ਸਿੰਘ ਨੇ ਵੀ ਇਸ ਥਾਂ ਬਾਰੇ ਕਿਸੇ ਦੂਸਰੇ ਵਿਅਕਤੀ ਕੋਲੋਂ ਸੁਣ ਕੇ ਹੀ ਲਿਖਿਆ ਹੈ । ਖੁਦ ਉਨ੍ਹਾਂ ਨੇ ਵੀ ਇਸ ਮੈਦਾਨ ਨੂੰ ਨਹੀਂ ਦੇਖਿਆ । ਹੋਰ ਵੀ ਕਿਸੇ ਲੇਖਕ ਨੇ ਇਹ ਚੱਪੜ-ਚਿੜੀ ਦਾ ਮੈਦਾਨ ਨਹੀਂ ਦੇਖਿਆ । ਚੱਪੜ-ਚਿੜੀ ਦਾ ਮੈਦਾਨ ਸਰਹਿੰਦ ਤੋਂ 24–25 ਕਿਲੋਮੀਟਰ ਦੀ ਵਿੱਥ ਤੇ ਉੱਤਰ ਵਾਲੇ ਪਾਸੇ ਹੈ । ਇਸ ਸਮੇਂ ਇਹ ਬਨੂੜ-ਖਰੜ ਸੜਕ ਦੇ ਉਪਰ ਬਨੂੜ ਵਲੋਂ ਲਾਂਡਰਾਂ ਲੰਘ ਕੇ ਸਵਰਾਜ ਫੈਕਟਰੀ ਦੇ ਕੋਲ ਮੁੱਖ ਸੜਕ ਤੋਂ ਤਕਰੀਬਨ ਡੇਢ ਕੁ ਕਿਲੋਮੀਟਰ ਦੀ ਵਿੱਥ ਤੇ ਹੈ । ਚੱਪੜ-ਚਿੜੀ ਨਾਂ ਦੇ ਦੋ ਪਿੰਡ ਹਨ : ਇਕ ਚੱਪੜ-ਚਿੜੀ ਕਲਾਂ (ਵੱਡਾ) ਅਤੇ ਦੂਸਰਾ ਚੱਪੜ-ਚਿੜੀ ਖੁਰਦ (ਛੋਟਾ) । ਖੁਰਦ ਪਹਿਲਾਂ ਆਉਂਦਾ ਹੈ ਅਤੇ ਕਲਾਂ ਪਿੱਛੋਂ । ਦੋਹਾਂ ਵਿਚਕਾਰ ਵੀ ਡੇਢ ਦੋ ਕਿਲੋਮੀਟਰ ਦਾ ਫਾਸਲਾ ਹੈ । ਜੰਗ ਦਾ ਮੈਦਾਨ ਦੋਹਾਂ ਪਿੰਡਾਂ ਤੋਂ ਹੱਟ ਕੇ ਹੈ । ਭਾਵੇਂ ਅੱਜ ਇਹ ਮੈਦਾਨ ਨਿੱਜੀ ਜਾਇਦਾਦ ਹੈ ਅਤੇ ਕੁਝ ਕੁ ਰਕਬਾ ਵੱਡੇ ਪਿੰਡ ਦੀ ਪੰਚਾਇਤ ਦਾ ਹੈ ਫਿਰ ਵੀ ਉਹ ਟਿੱਬਾ, ਜਿਥੇ ਕਿ ਬੰਦਾ ਸਿੰਘ ਬਹਾਦੁਰ ਬੈਠ ਕੇ ਸਮੁੱਚੇ ਮੈਦਾਨ ਵਿਚ ਨਿਗਾਹ ਰੱਖ ਰਿਹਾ ਸੀ, ਅਜੇ ਵੀ ਕੁਝ ਹਾਲਤ ਵਿਚ, ਨਿਸ਼ਾਨੀ ਦੇ ਤੌਰ ਤੇ ਕਾਇਮ ਹੈ । ਇਥੋਂ ਦੇ ਵਿਅਕਤੀਆਂ[5] ਦੇ ਦੱਸਣ ਅਨੁਸਾਰ ਇਹ ਟਿੱਬਾ ਅੱਜ ਤੋਂ ਕੋਈ ਤੀਹ-ਚਾਲੀ ਸਾਲ ਪਹਿਲਾਂ 35-40 ਫੁੱਟ ਉੱਚਾ ਸੀ । ਬਾਅਦ ਵਿਚ ਇਥੋਂ ਲੋਕ ਅਤੇ ਹੋਰ ਸੰਸਥਾਵਾਂ ਮਿੱਟੀ ਚੁੱਕਦੀਆਂ ਰਹੀਆਂ । ਇਸ ਕਰਕੇ ਅੱਜ ਇਹ ਇਕ ਉੱਚੇ-ਟਿੱਬੇ ਦਾ ਰੂਪ ਨਹੀਂ ਹੈ ਸਗੋਂ ਬਾਕੀ ਮੈਦਾਨ ਨਾਲੋਂ ਥੋੜ੍ਹਾ ਜਿਹਾ ਹੀ ਉੱਚਾ ਹੈ ।[6] ਇਸ ਟਿੱਬੇ ਦੇ ਪਿਛਲੇ ਪਾਸੇ 'ਪਟਿਆਲਾ ਕੀ ਰਾਓ' ਨਾਂ ਦੀ ਨਦੀ ਵਗਦੀ ਸੀ । ਇਸ ਵਿਚ ਬੜਾ ਸਾਫ ਪਾਣੀ ਵਹਿੰਦਾ ਸੀ । ਅੱਜ ਭਾਵੇਂ ਇਹ ਨਦੀ ਬੰਦ ਹੋ ਗਈ ਹੈ । ਇਸ ਮੈਦਾਨ ਵਿਚ ਅਨੇਕਾਂ ਹੀ ਛੱਪੜ (ਢਾਬਾਂ) ਸਨ, ਇਨ੍ਹਾਂ ਛੱਪੜਾਂ ਕਰਕੇ ਹੀ ਇਸ ਖੇਤਰ ਦਾ ਨਾਂ ਛੱਪੜਾਂ ਵਾਲਾ ਜੰਗਲ ਜਾਂ ਛੱਪੜਾਂ ਵਾਲੀ ਝਿੜੀ ਪਰਚੱਲਤ ਹੋਇਆ ਸੀ । ਚੱਪੜ-ਚਿੜੀ ਇਸੇ ਹੀ ਭਾਵ ਵਾਲਾ ਨਾਂ ਹੈ । ਇਹ ਪਹਾੜ ਦੀ ਤਰਾਈ ਵਾਲਾ ਖੇਤਰ ਹੈ । ਇਥੋਂ ਦੀ ਕਈ ਬਰਸਾਤੀ ਨਦੀਆਂ-ਨਾਲੇ ਨਿਕਲਣ ਕਾਰਨ ਹੀ ਇਹ ਸਾਰਾ ਖੇਤਰ ਉੱਚਾ-ਨੀਵਾਂ ਹੈ । ਧਰਤੀ ਹੇਠਲਾ ਪਾਣੀ ਥੋੜ੍ਹਾ ਹੈ ਅਤੇ ਦੂਰ ਹੈ । ਕੁਝ ਛੱਪੜ ਕੁਦਰਤੀ ਤੌਰ ਤੇ ਬਣੇ ਹੋਏ ਹਨ ਅਤੇ ਕੁਝ ਲੋਕਾਂ ਨਾਹੀਂ ਆਪਣੀ ਲੋੜ ਮੁਤਾਬਕ ਪੁੱਟ ਕੇ ਬਣਾਏ ਗਏ ਹਨ । ਇਕ ਵੱਡਾ ਪੁਰਾਤਨ ਛੱਪੜ ਇਸ ਸਮੇਂ ਸ੍. ਬਲਵੰਤ ਸਿੰਘ, ਸਾਬਕਾ ਸਰਪੰਚ, ਚੱਪੜ-ਚਿੜੀ ਕਲਾਂ ਦੇ ਰਕਬੇ ਵਿਚ ਹੈ ਜਿਸ ਨੂੰ ਪੂਰ ਕੇ ਖੇਤ ਵਿਚ ਰਲਾ ਲਿਆ ਗਿਆ ਹੈ । ਇਕ ਹੋਰ ਪੁਰਾਤਨ ਛੱਪੜ ਵਰਤਮਾਨ ਗੁਰਦੁਆਰੇ ਵਾਲੇ ਖੇਤਰ ਵਿਚ ਸੀ । ਇਸ ਨੂੰ ਵੀ ਮਿੱਟੀ ਨਾਲ ਭਰ ਕੇ ਬਾਕੀ ਜ਼ਮੀਨ ਵਿਚ ਮਿਲਾ ਗਿਆ ਹੈ । ਇਕ ਹੋਰ ਬਹੁਤ ਵੱਡਾ ਪੁਰਾਤਨ ਛੱਪੜ (ਢਾਬ) ਬਨੂੜ-ਲਾਂਡਰਾਂ ਸੜਕ ਉਪਰ ਸਥਿਤ ਪਿੰਡ ਮੋਟੇ ਮਾਜਰਾ ਦੀ ਜੂਹ ਵਿਚ ਹੈ । ਇਹ ਬਹੁਤ ਵਿਸ਼ਾਲ ਢਾਬ ਸੀ । ਇਸੇ ਹੀ ਸੜਕ ਉਪਰ ਵਸੇ ਪੁਰਾਣੇ ਇਕ ਹੋਰ ਪਿੰਡ ਸਨੇਟਾ ਵਿਚ ਵੀ ਇਕ ਬਹੁਤ ਵਿਸ਼ਾਲ ਟੋਬਾ ਹੈ । ਇਹ ਟੋਬੇ ਜਾਂ ਛੱਪੜ ਹੀ ਇਸ ਇਲਾਕੇ ਦੀ ਪਛਾਣ ਸਨ ।

'ਪਟਿਆਲਾ ਕੀ ਰਾਓ' ਨਦੀ ਦਾ ਉਸ ਵੇਲੇ ਭਾਵੇਂ ਨਾਂ ਕੁਝ ਹੋਰ ਹੋਣਾ ਹੈ ਪਰ ਇਹ ਨਦੀ ਇਸ ਖੇਤਰ ਨੂੰ ਮੁਸਲਮਾਨ ਅਤੇ ਗੈਰ-ਮੁਸਲਮਾਨ ਖੇਤਰ ਵਿਚ ਵੰਡਦੀ ਸੀ । ਇਸ ਨਦੀ ਦੇ ਉਤਰ-ਪੂਰਬ ਵਾਲੇ ਪਾਸੇ, ਭਾਵ ਕਿ ਵਰਤਮਾਨ ਮੁਹਾਲੀ ਵਾਲੇ ਪਾਸੇ ਗੈਰ-ਮੁਸਲਮਾਨ ਆਬਾਦੀ (ਹਿੰਦੂ-ਸਿੱਖ) ਵਾਲੇ ਪਿੰਡ ਸਨ । ਇਹ ਸਨ : ਕੁੰਭੜਾ, ਸੁਹਾਣਾ, ਮਟੌਰ, ਮਨੌਲੀ ਜਾਂ ਮੌਲੀ ਅਤੇ ਮਾਣਕ ਮਾਜਰਾ ਆਦਿ । ਇਹ ਸਾਰੇ ਵੈਦਵਾਨ ਜੱਟਾਂ ਦੇ ਪਿੰਡ ਸਨ । ਨਦੀ ਦੇ ਪੱਛਮ ਵੱਲ, ਭਾਵ ਕਿ ਲਾਂਡਰਾਂ ਅਤੇ ਖਰੜ ਵਾਲੇ ਪਾਸੇ ਮੁਸਲਮਾਨ ਆਬਾਦੀ ਵਾਲੇ ਪਿੰਡ ਸਨ । ਖਾਸ ਚੱਪੜ-ਚਿੜੀ ਦੇ ਦੋਵੇਂ ਪਿੰਡ ਮੁਸਲਮਾਨ ਆਬਾਦੀ ਵਾਲੇ ਪਿੰਡ ਸਨ ।[7] ਇਨ੍ਹਾਂ ਦੋਵੇਂ ਪਿੰਡਾਂ ਵਿਚ ਮਸਜਿਦਾਂ ਸਨ ਜਿਹੜੀਆਂ ਹੁਣ ਵੀ ਉਸੇ ਹਾਲਤ ਵਿਚ ਸੰਭਾਲੀਆਂ ਹੋਈਆਂ ਹਨ । ਇਨ੍ਹਾਂ ਤੋਂ ਇਲਾਵਾ, ਕੈਲੋਂ, ਸੈਦਪੁਰ, ਮਾਣਕਪੁਰ ਆਦਿ ਪਿੰਡ ਸਨ । ਬੰਦਾ ਸਿੰਘ ਬਹਾਦੁਰ ਦਾ ਕੈਂਪ (ਡੇਰਾ) 'ਪਟਿਆਲਾ ਕੀ ਰਾਓ' ਨਦੀ ਉਪਰ ਅਤੇ ਉਕਤ

---

4. ਪੂਰਵ ਅੰਕਤ, ਪੰਨਾ 66.
5. ਇਹ ਵਿਅਕਤੀ ਹਨ : ਸ. ਜੋਰਾ ਸਿੰਘ, ਸਾਬਕਾ ਸਰਪੰਚ, ਚੱਪੜ-ਚਿੜੀ ਖੁਰਦ ਅਤੇ ਸ੍. ਬਲਵੰਤ ਸਿੰਘ, ਸਾਬਕਾ ਸਰਪੰਚ, ਚੱਪੜ-ਚਿੜੀ ਕਲਾਂ ।
6. ਇਸ ਸਮੇਂ ਇਸ ਟਿੱਬੇ ਤੋਂ ਮਿੱਟੀ ਚੁੱਕੀ ਹੋਈ ਹੈ ਅਤੇ ਇਥੇ ਕਿਸੇ ਡੀਲਰ ਨੇ ਨਿੱਜੀ ਤੌਰ ਤੇ ਪਲਾਟ ਕੱਟੇ ਹੋਏ ਹਨ ।
7. 1947 ਦੀ ਵੰਡ ਸਮੇਂ ਇਹ ਪਿੰਡ ਖਾਲੀ ਹੋ ਗਏ ਸਨ । ਇਥੇ ਹਿੰਦੂ-ਸਿੱਖ ਆ ਕੇ ਵਸ ਗਏ ਸਨ । ਚੱਪੜ-ਚਿੜੀ ਖੁਰਦ ਦਿਖ ਅਤੇ ਸਹੂਲਤਾਂ ਪੱਖੋਂ ਜ਼ਿਆਦਾ ਵਿਕਸਤ ਹੈ । ਚੱਪੜ-ਚਿੜੀ ਕਲਾਂ ਵੱਡਾ ਪਿੰਡ ਹੋਣ ਕਰਕੇ ਉਤਨਾ ਸੁੰਦਰ ਅਤੇ ਵਿਕਸਤ ਨਹੀਂ ਹੈ । ਇਥੋਂ ਦੇ ਜ਼ਿੰਮੀਦਾਰ ਅਗਾਂਹ ਵਧੂ ਅਤੇ ਪੜ੍ਹੇ-ਲਿਖੇ ਵਿਅਕਤੀ ਹਨ । ਧਰਤੀ ਹੇਠ ਪਾਣੀ ਦੀ ਘਾਟ ਹੈ, ਨਹਿਰੀ ਪਾਣੀ ਹੈ ਨਹੀਂ ।

SIKHBOOKCLUB.COM

ਦੱਸੇ ਗਏ ਸਿੱਖ-ਹਿੰਦੂ ਆਬਾਦੀ ਵਾਲੇ ਪਿੰਡਾਂ ਦੀ ਜੂਹ ਵਿਚ ਸੀ। ਬਨੂੜ ਤੋਂ ਲੈ ਕੇ ਚੱਪੜ-ਚਿੜੀ ਤਕ ਦਾ ਸਾਰਾ ਖੇਤਰ ਖਾਲਸਾ ਦਲਾਂ ਦੇ ਕਬਜ਼ੇ ਵਿਚ ਸੀ। 'ਪਟਿਆਲਾ ਕੀ ਰਾਓ' ਨਦੀ ਦੇ ਪਾਸ (ਚੱਪੜ-ਚਿੜੀ ਵਾਲੇ ਵਾਸੇ) ਉਹ ਉੱਚਾ ਟਿੱਬਾ ਸੀ ਜਿਸ ਉਪਰ ਬੰਦਾ ਸਿੰਘ ਬਹਾਦੁਰ ਬੈਠਾ ਸੀ। ਚੱਪੜ-ਚਿੜੀ, ਲਾਂਡਰਾਂ ਅਤੇ ਕੈਲੋਂ ਤੋਂ ਲੈ ਕੇ ਵਿਚੋਂ ਦੀ ਜੋ ਲਾਈਨ ਮੁਸਲਮਾਨ ਆਬਾਦੀ ਵਾਲੇ ਪਿੰਡਾਂ ਦੀ, ਸਰਹਿੰਦ ਤੀਕ ਪਹੁੰਚਦੀ ਸੀ ਉਸ ਪਾਸੇ ਸਰਹਿੰਦ ਦੇ ਵਜ਼ੀਰ ਖਾਨ ਦੀਆਂ ਫੌਜਾਂ ਸਨ।

ਸਵਾਲ ਇਥੇ ਇਹ ਪੈਦਾ ਹੁੰਦਾ ਹੈ ਕਿ ਸਰਹਿੰਦ ਨੂੰ ਜਿੱਤਣ ਲਈ ਅਤੇ ਲੜਾਈ ਕਰਨ ਲਈ, ਬੰਦਾ ਸਿੰਘ ਬਹਾਦੁਰ ਨੂੰ ਬਨੂੜ ਤੋਂ ਚੱਪੜ-ਚਿੜੀ ਵਾਲੇ ਮੈਦਾਨ ਵਿਚ ਆਉਣ ਦੀ ਕੀ ਲੋੜ ਸੀ ਜਦੋਂਕਿ ਸਰਹਿੰਦ ਉਪਰ ਹਮਲਾ ਤਾਂ ਬਨੂੜ ਤੋਂ ਵੀ ਹੋ ਸਕਦਾ ਸੀ। ਬਨੂੜ ਤੋਂ ਜਿੰਨੀ ਦੂਰ ਚੱਪੜ-ਚਿੜੀ ਸੀ ਉਤਨੀ ਹੀ ਦੂਰ ਸਰਹਿੰਦ ਸੀ। ਅੱਗੇ ਚੱਪੜ-ਚਿੜੀ ਤੋਂ ਵੀ ਸਰਹਿੰਦ 24-25 ਕਿਲੋਮੀਟਰ ਦੀ ਵਿੱਥ ਤੇ ਸੀ। ਇਸ ਕਰਕੇ ਬੰਦਾ ਸਿੰਘ ਨੇ ਬਨੂੜ ਤੋਂ ਹੀ ਸਰਹਿੰਦ ਉਪਰ ਹਮਲਾ ਕਿਉਂ ਨਹੀਂ ਕੀਤਾ? ਕੀ ਕਾਰਨ ਸੀ ਕਿ ਉਸ ਨੂੰ ਚੱਪੜ-ਚਿੜੀ ਦੇ ਮੈਦਾਨ ਵਿਚ ਆਉਣਾ ਪਿਆ ਸੀ? ਇਸ ਦਾ ਇਕ ਸੰਭਵ ਕਾਰਨ ਇਹ ਹੀ ਹੋ ਸਕਦਾ ਹੈ ਕਿ ਜਿਹੜਾ ਇਕ ਤਕੜਾ ਖਾਲਸਾ ਦਲ ਮਾਝੇ ਅਤੇ ਦੁਆਬੇ ਤੋਂ ਇਕੱਠਾ ਹੋ ਕੇ ਬੰਦਾ ਸਿੰਘ ਨਾਲ ਰਲਣ ਲਈ ਕੀਰਤਪੁਰ ਸਾਹਿਬ-ਰੋਪੜ ਦੇ ਰਸਤੇ ਆ ਰਿਹਾ ਸੀ ਪਹਿਲਾਂ ਤਾਂ ਇਸ ਨੂੰ ਰੋਪੜ ਵਿਖੇ ਹੀ ਮਲੇਰਕੋਟਲੇ ਤੇ ਰੋਪੜ ਦੀਆਂ ਫੌਜਾਂ ਨੇ ਰੋਕ ਕੇ ਰੱਖਣ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਰੋਕ ਨਹੀਂ ਸਕੇ ਸਨ। ਇਹ ਖਾਲਸਾ ਦਲ ਜਦੋਂ ਰੋਪੜ ਲੰਘ ਕੇ ਬੰਦਾ ਸਿੰਘ ਵੱਲ ਆ ਰਿਹਾ ਸੀ ਤਾਂ ਬੰਦਾ ਸਿੰਘ ਉਸ ਸਮੇਂ ਬਨੂੜ ਵਿਖੇ ਸੀ। ਜਿਉਂ ਹੀ ਵਜ਼ੀਰ ਖਾਨ ਨੂੰ ਇਸ ਗੱਲ ਦੀ ਖ਼ਬਰ ਮਿਲੀ ਕਿ ਰੋਪੜ ਤੋਂ ਖਾਲਸਾ ਦਲ ਮੁਗਲ ਫੌਜਾਂ ਨੂੰ ਹਰਾ ਕੇ ਬੰਦਾ ਸਿੰਘ ਵੱਲ ਆ ਰਿਹਾ ਹੈ ਅਤੇ ਬੰਦਾ ਸਿੰਘ ਵੱਲ (ਬਨੂੜ ਵੱਲ) ਆਉਣ ਦਾ ਰੋਪੜ ਤੋਂ ਰਸਤਾ ਕੁਰਾਲੀ ਅਤੇ ਖਰੜ ਵਿਚੋਂ ਦੀ ਹੀ ਸੀ। ਵਜ਼ੀਰ ਖਾਨ ਇਸ ਖਿਆਲ ਨਾਲ ਕਿ ਦੋਹਾਂ ਦਲਾਂ ਨੂੰ ਮਿਲਣ ਨਾ ਦਿਤਾ ਜਾਵੇ ਇਕ ਦਮ ਬੰਦਾ ਸਿੰਘ ਅਤੇ ਮਾਝੇ-ਦੁਆਬੇ ਦੇ ਖਾਲਸਾ ਦਲਾਂ ਦਾ ਰਸਤਾ ਕੱਟਣ ਲਈ ਚੱਪੜ-ਚਿੜੀ ਵਲ ਰਵਾਨਾ ਹੋ ਗਿਆ ਸੀ। ਵਜ਼ੀਰ ਖਾਨ ਦੀ ਇਹ ਚਾਲ ਦੇਖ ਕੇ ਬੰਦਾ ਸਿੰਘ ਵੀ ਬਨੂੜ ਵਲੋਂ ਉੱਧਰ ਨੂੰ ਚੱਲ ਪਿਆ ਸੀ। ਬੰਦਾ ਸਿੰਘ ਅਤੇ ਰੋਪੜ ਵਲੋਂ ਆ ਰਹੇ ਖਾਲਸਾ ਦਲ ਦੀ ਰਵਾਨਗੀ ਵਿਚ ਤੇਜ਼ੀ ਸੀ। ਇਸ ਤਰ੍ਹਾਂ ਬੰਦਾ ਸਿੰਘ ਅਤੇ ਖਾਲਸਾ ਦਲਾਂ ਦਾ ਮੇਲ ਚੱਪੜ-ਚਿੜੀ ਵਾਲੇ ਅਸਥਾਨ ਤੇ ਹੋ ਗਿਆ ਸੀ। ਦੋਵਾਂ ਦਲਾਂ ਦੀ ਸੁਮੇਲਤਾ ਨਾਲ ਬੰਦਾ ਸਿੰਘ ਦੀ ਹਮਲਾਕਰੂ ਤਾਕਤ ਬਹੁਤ ਵੱਧ ਗਈ ਸੀ ਅਤੇ ਉਹ ਚੱਪੜ-ਚਿੜੀ ਦਾ ਲੜਾਈ ਦੀ ਨੀਤੀ ਤੋਂ, ਸਭ ਤੋਂ ਵਧੀਆ ਹਿੱਸਾ ਰੋਕ ਕੇ ਬੈਠ ਗਿਆ ਸੀ। ਇਹ ਪਾਸਾ ਸਾਰਾ ਹੀ ਹਿੰਦੂ-ਸਿੱਖਾਂ ਦੇ ਪਿੰਡਾਂ ਵਾਲਾ ਸੀ ਅਤੇ ਪਾਣੀ ਦੀ ਬਹੁਤਾਤ ਵਾਲਾ ਸੀ। ਵਜ਼ੀਰ ਖਾਨ ਮੁਸਲਮਾਨੀ ਆਬਾਦੀ ਵਾਲੇ ਪਿੰਡਾਂ ਦੀ ਜੂਹ ਵਿਚ ਮੋਰਚੇ ਬਣਾ ਕੇ ਬੈਠ ਗਿਆ ਸੀ। ਲੜਾਈ ਸਮੇਂ ਫੌਜਾਂ ਨੂੰ ਪਾਣੀ ਦੀ ਅਤੇ ਬਣੇ-ਬਣਾਏ ਭੋਜਨ ਦੀ ਸਪਲਾਈ ਦੀ ਅਤਿਅੰਤ ਜ਼ਰੂਰਤ ਪੈਂਦੀ ਹੈ, ਇਹ ਸਪਲਾਈ ਪਿੰਡਾਂ ਵਿਚੋਂ ਹੀ ਹੋ ਸਕਦੀ ਸੀ। ਹਰ ਧਿਰ ਆਪਣੀ ਮਦਦ ਵਾਲੇ ਪਿੰਡਾਂ ਵਿਚੋਂ ਹੀ ਅਜਿਹੀ ਟੇਕ ਰੱਖਦੀ ਹੁੰਦੀ ਹੈ।

ਇਧਰ ਬੰਦਾ ਸਿੰਘ ਦੀ ਕਮਾਂਡ ਹੇਠ ਇਕੱਠੇ ਹੋਏ ਸਿੰਘ ਛੇਤੀ ਲੜਾਈ ਸ਼ੁਰੂ ਕਰਨ ਲਈ ਉਤਾਵਲੇ ਸਨ। ਉਨ੍ਹਾਂ ਸਾਹਮਣੇ ਨਾ ਹੀ ਰਾਜਨੀਤਕ ਸੋਚ-ਵਿਚਾਰਾਂ ਦੀ ਗੱਲ ਸੀ ਅਤੇ ਨਾ ਹੀ ਯੁੱਧ-ਨੀਤੀ ਦਾ ਕੋਈ ਪੈਂਤੜਾ ਅਖਤਿਆਰ ਕਰਨ ਦੀ। ਉਹ ਤਾਂ ਬੱਸ ਹਮਲਾ ਕਰਨ ਦਾ ਹੁਕਮ ਉਡੀਕ ਰਹੇ ਸਨ। ਇਹ ਹਮਲਾ ਭਾਵੇਂ ਰਾਤ ਨੂੰ ਹੋਵੇ ਤੇ ਭਾਵੇਂ ਦਿਨ ਨੂੰ। ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਵਜ਼ੀਰ ਖਾਨ ਪਾਸ ਬਾਕਾਇਦਾ ਹਥਿਆਰਬੰਦ ਸੈਨਾ ਸੀ। ਸਰਹਿੰਦ ਦੇ ਆਲੇ ਦੁਆਲੇ ਦੇ ਨਵਾਬ ਅਤੇ ਚੌਧਰੀ ਆਪਣੀਆਂ ਆਪਣੀਆਂ ਫੌਜਾਂ ਲੈ ਕੇ ਪਹੁੰਚੇ ਹੋਏ ਸਨ। ਵੱਡੀ ਗਿਣਤੀ ਵਿਚ ਹਾਥੀ, ਘੋੜ-ਸਵਾਰ, ਬੰਦੂਕਚੀ, ਨੇਜ਼ਾ-ਬਰਦਾਰ ਅਤੇ ਤਾਕਤਵਰ ਤਲਵਾਰਚੀ ਸਨ। ਕੁਝ ਤੋਪਾਂ ਵੀ ਸਨ ਜਿਨ੍ਹਾਂ ਵਿਚੋਂ ਕੁਝ ਤਾਂ ਸਰਹਿੰਦ ਦੇ ਖਾਸ ਕਿਲ੍ਹੇ ਉਪਰ ਬੀੜੀਆਂ ਹੋਈਆਂ ਸਨ ਅਤੇ ਕੁਝ ਕੁ ਨੂੰ ਚੱਪੜ-ਚਿੜੀ ਦੇ ਮੈਦਾਨ ਵਿਚ ਵੀ ਜਾ ਬੀੜਿਆ ਸੀ। ਵੈਸੇ ਸਮਾਣਾ, ਸਢੌਰਾ ਅਤੇ ਬਨੂੜ ਲਿਤਾੜੇ ਜਾਣ ਨਾਲ ਉਸ ਦੇ ਪਰ ਕੱਟੇ ਜਾ ਚੁੱਕੇ ਸਨ। ਸੁਸਿੱਖਿਅਤ ਅਤੇ ਬਕਾਇਦਾ ਫੌਜਾਂ ਹੋਣ ਦੇ ਬਾਵਜੂਦ ਵੀ ਵਜ਼ੀਰ ਖਾਨ ਦੀ ਸੈਨਾ ਵਿਚ ਹੌਂਸਲੇ ਅਤੇ ਪਹਿਲ ਕਦਮੀ ਦੀ ਘਾਟ ਸੀ।

ਬੰਦਾ ਸਿੰਘ ਬਹਾਦੁਰ ਪਾਸ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਉਤੋਂ ਦੀ ਮਰ-ਮਿਟਣ ਵਾਲੇ ਸਿੰਘ ਸਨ। ਹਥਿਆਰਾਂ ਦੇ ਪੱਖੋਂ ਭਾਵੇਂ ਇਹ ਵਜ਼ੀਰ ਖਾਂ ਤੋਂ ਘੱਟ ਸਨ ਪਰ ਹੌਂਸਲੇ ਅਤੇ ਪਹਿਲਕਦਮੀ ਵਜੋਂ ਸਿੰਘ ਮੁਗਲ ਸੈਨਾ ਤੋਂ ਅੱਗੇ ਸਨ। ਕਿਉਂਕਿ ਸਿੰਘਾਂ ਸਾਹਮਣੇ ਰਾਜਨੀਤਕ ਨਫ਼ੇ-ਨੁਕਸਾਨ ਦੀ ਕੋਈ ਗੱਲ ਨਹੀਂ ਸੀ, ਇਸੇ ਹੀ ਇਕ ਗੱਲ ਨੇ ਸਿੰਘਾਂ ਨੂੰ ਨਿਧੜਕ ਯੋਧੇ ਬਣਾ ਦਿੱਤਾ ਸੀ। ਬੰਦਾ ਸਿੰਘ ਬਹਾਦੁਰ ਦੇ ਸੱਜੇ ਖੱਬੇ ਭਾਈ ਬਾਜ ਸਿੰਘ, ਭਾਈ ਫਤਿਹ ਸਿੰਘ, ਆਲੀ ਸਿੰਘ, ਮਾਲੀ ਸਿੰਘ, ਭਾਈ ਕਰਮ ਸਿੰਘ, ਭਾਈ ਧਰਮ ਸਿੰਘ, ਬਾਵਾ ਬਿਨੋਦ ਸਿੰਘ, ਬਾਵਾ ਕਾਨ੍ਹ ਸਿੰਘ, ਭਾਈ ਰਾਮ ਸਿੰਘ ਅਤੇ ਸ਼ਾਮ ਸਿੰਘ ਆਦਿ ਸੂਰਮੇ ਸਿੰਘ ਘੋੜਿਆਂ ਤੇ ਅਸਵਾਰ ਹੋਏ ਖੜ੍ਹੇ ਸਨ। ਇਨ੍ਹਾਂ ਵਿਚ ਹੀ ਲਾਗਲੇ ਪਿੰਡ ਸਨੇਟੇ ਦਾ ਰਹਿਣਾ ਵਾਲਾ ਭਾਈ ਨਿਗਾਹੀਆ ਸਿੰਘ ਭੁੱਲਰ ਵੀ ਸੀ।[8]

8. ਪਿਛੋਂ ਇਹ ਨਿਗਾਹੀਆਂ ਸਿੰਘ ਭੁੱਲਰ ਮੁਹਾਲੀ ਦੇ ਨੇੜੇ ਹੀ ਸਥਿਤ ਇਕ ਪਿੰਡ ਧਰਮਗੜ੍ਹ ਵਿਚ ਜਾ ਵਸਿਆ ਸੀ। ਨਿਗਾਹੀਆ ਸਿੰਘ ਦੇ ਦੋ ਪੁੱਤਰ ਰੁੱਡਲ ਸਿੰਘ ਤੇ ਸੁੱਡਲ ਸਿੰਘ ਵੀ ਪਿੱਛੋਂ ਖਾਲਸਾ ਜੱਥਿਆਂ ਵਿਚ ਸ਼ਾਮਲ ਹੁੰਦੇ ਰਹੇ ਸਨ। ਚੱਪੜ-ਚਿੜੀ (ਖੁਰਦ) ਦਾ ਸਾਬਕਾ ਸਰਪੰਚ, ਸ. ਜੋਰਾ ਸਿੰਘ ਇਨ੍ਹਾਂ ਦੀ ਪੀੜ੍ਹੀ ਵਿਚੋਂ ਹੈ।

SIKHBOOKCLUB.COM

ਵਜ਼ੀਰ ਖਾਂ ਦੀ ਸੈਨਾ ਦੇ ਸਭ ਤੋਂ ਅੱਗੇ ਹਾਥੀ ਸਨ। ਉਸ ਦੇ ਪਿੱਛੇ ਪੈਦਲ ਫੌਜ ਸੀ। ਇਹ ਪੈਦਲ ਫੌਜ ਹਾਥੀਆਂ ਦੇ ਸਹਾਰੇ ਨਾਲ ਅੱਗੇ ਵੱਧ ਰਹੀ ਸੀ। ਦੋਹਾਂ ਪਾਸਿਆਂ ਤੋਂ ਘੋੜ-ਸਵਾਰ ਸੈਨਾ ਸੀ ਜਿਹੜੀ ਆਪਣੀ ਆਪਣੀ ਸਮੁੱਚੀ ਫੌਜੀ ਸ਼ਕਤੀ ਨੂੰ ਇਕੱਠਾ ਕਰਕੇ ਰੱਖਣ ਦਾ ਕੰਮ ਕਰਦੀ ਸੀ। ਵਜ਼ੀਰ ਖਾਂ ਆਪਣੀ ਫੌਜ ਦੇ ਬਿਲਕੁਲ ਵਿਚਕਾਰ ਹਾਥੀ ਉਪਰ ਅਸਵਾਰ ਸੀ। ਬੰਦਾ ਸਿੰਘ ਨੇ 'ਬੋਲੇ ਸੋ ਨਿਹਾਲ' ਦਾ ਜੈਕਾਰਾ ਬੁਲਾ ਕੇ ਸਿੰਘਾਂ ਨੂੰ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਦੇਖਦਿਆਂ ਹੀ ਦੇਖਦਿਆਂ ਸਿੰਘਾਂ ਦੇ ਦਲ ਦੁਸ਼ਮਣ ਉਪਰ ਟੁੱਟ ਕੇ ਪੈ ਗਏ। ਇਸੇ ਘੜੀ ਨੂੰ ਤਾਂ ਸਿੰਘ ਉਡੀਕ ਰਹੇ ਸਨ। ਨਾ ਉਨ੍ਹਾਂ ਨੂੰ ਵਜ਼ੀਰ ਖਾਂ ਦੇ ਹਾਥੀ ਰੋਕ ਸਕੇ ਸਨ ਅਤੇ ਨਾ ਹੀ ਵਜ਼ੀਰ ਖਾਂ ਦੀਆਂ ਤੋਪਾਂ। ਸਿੰਘਾਂ ਲਈ ਬੰਦਾ ਸਿੰਘ ਬਹਾਦੁਰ ਦਾ ਉਨ੍ਹਾਂ ਦੇ ਵਿਚ ਹੋਣਾ ਹੀ ਕਾਫੀ ਸੀ। ਇਹ ਠੀਕ ਹੈ ਕਿ ਹਾਥੀਆਂ ਦੀ ਲਾਈਨ ਨੂੰ ਤੋੜਨਾ ਸਿੰਘਾਂ ਲਈ ਬਹੁਤ ਮੁਸ਼ਕਲ ਸੀ ਪਰ ਜਿਥੇ ਲੜ-ਮਰਨ ਦਾ ਜਜ਼ਬਾ ਹੋਵੇ ਉਥੇ ਕੋਈ ਵੀ ਚੀਜ਼ ਰਸਤੇ ਦਾ ਰੋੜਾ ਨਹੀਂ ਬਣ ਸਕਦੀ। ਇਹ ਹੱਥੋ-ਹੱਥ ਦੀ ਗਹਿਗੱਚਵੀਂ ਲੜਾਈ ਸੀ। ਸਿੰਘਾਂ ਲਈ ਭੱਜਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ ਕਿਉਂਕਿ ਉਹ ਹੀ ਤਾਂ ਪਹਿਲ ਕਰਕੇ ਆਏ ਸਨ ਅਤੇ ਆਪਣੇ ਗੁਰੂ ਦੇ ਦੋ ਛੋਟੇ ਨਾਬਾਲਗ ਬੱਚਿਆਂ ਦੀ ਦਰਦਭਰੀ ਮੌਤ ਦਾ ਬਦਲਾ ਲੈਣ ਆਏ ਸਨ। ਉਨ੍ਹਾਂ ਲਈ ਭੱਜਣ ਨਾਲੋਂ ਲੜ ਕੇ ਸ਼ਹੀਦ ਹੋ ਜਾਣਾ ਜ਼ਿਆਦਾ ਚੰਗਾ ਸੀ। ਇਸ ਲਈ ਸਿੰਘ ਸਿਰਫ ਜਿੱਤਣ ਲਈ, ਜਾਂ ਮਰਨ ਲਈ ਲੜ ਰਹੇ ਸਨ।

ਦੂਜੇ ਪਾਸੇ ਮੁਗਲ ਸੈਨਾ ਸੀ ਜਿਹੜੀ ਸਿਰਫ ਬਚਾਓ ਦੀ ਲੜਾਈ ਲੜ ਰਹੀ ਸੀ। ਉਸ ਲਈ ਇਹ ਖਾਹਮੁਖਾਹ ਦੀ ਬਿਪਤਾ ਸੀ। ਦੋਵਾਂ ਧਿਰਾਂ ਵਿਚਕਾਰ ਲੜਾਈ ਪਰੱਤੀ ਜਦੋਂ ਇਤਨਾ ਫਰਕ ਹੋਵੇ ਤਾਂ ਲੜਾਈ ਦੇ ਨਤੀਜਿਆਂ ਦਾ ਪਤਾ ਹੀ ਹੁੰਦਾ ਹੈ। ਸਵੇਰ ਤੋਂ ਲੈ ਕੇ ਸ਼ਾਮ ਤੀਕ ਲੜਾਈ ਹੁੰਦੀ ਰਹੀ। ਬੰਦਾ ਸਿੰਘ ਇਕ ਭੁੱਖੇ ਸ਼ੇਰ ਵਾਂਗ ਦੁਸ਼ਮਣ ਉਪਰ ਝਪਟਾਂ ਲੈ ਲੈ ਕੇ ਪੈਂਦਾ ਸੀ। ਭਾਈ ਬਾਜ ਸਿੰਘ ਅਤੇ ਫਤਿਹ ਸਿੰਘ ਬੰਦਾ ਸਿੰਘ ਦੇ ਮੋਢੇ ਨਾਲ ਮੋਢਾ ਜੋੜ ਕੇ ਲੜ ਰਹੇ ਸਨ। ਬੰਦਾ ਸਿੰਘ ਵੀ ਆਪਣੇ ਸਹਾਇਕ ਕਮਾਂਡਰਾਂ ਨਾਲ ਘਿਰਿਆ ਖਾਲਸਾ ਦਲ ਦੇ ਅੱਗੇ ਸੀ ਅਤੇ ਵਜ਼ੀਰ ਖਾਂ ਵੀ ਅੱਗੇ ਹੋ ਕੇ ਆਪਣੀ ਫੌਜ ਨੂੰ ਲੜਾ ਰਿਹਾ ਸੀ। ਹੱਥੋ-ਹੱਥੀ ਦੀ ਲੜਾਈ ਵਿਚ ਬੰਦਾ ਸਿੰਘ ਵਜ਼ੀਰ ਖਾਂ ਦੇ ਸਾਹਮਣੇ ਆਇਆ। ਮੈਕਾਲਿਫ ਦੇ ਅਨੁਸਾਰ ਬੰਦਾ ਸਿੰਘ ਨੇ ਵਜ਼ੀਰ ਖਾਂ ਨੂੰ ਲਲਕਾਰ ਕੇ ਕਿਹਾ ''ਪਾਪੀਆ; ਤੂੰ ਮੇਰੇ ਗੁਰੂ ਗੋਬਿੰਦ ਸਿੰਘ ਦਾ ਦੁਸ਼ਮਣ ਹੈ। ਤੂੰ ਉਨ੍ਹਾਂ ਨੂੰ ਯਥਾਯੋਗ ਸਨਮਾਨ ਨਹੀਂ ਦਿਤਾ, ਬਲਕਿ ਉਨ੍ਹਾਂ ਦੇ ਦੋ ਮਾਸੂਮ ਸਾਹਿਬਜ਼ਾਦਿਆਂ ਨੂੰ ਕਤਲ ਕਰਵਾ ਦਿੱਤਾ। ਇਹ ਕਾਰਾ ਕਰਕੇ ਤੂੰ ਇਕ ਬੱਜਰ ਅਤੇ ਮੁਆਫ ਨਾ ਕੀਤਾ ਜਾ ਸਕਣ ਵਾਲਾ ਗੁਨਾਹ ਕੀਤਾ ਹੈ। ਮੈਂ ਹੁਣ ਤੈਨੂੰ ਇਸੇ ਗੁਨਾਹ ਦੀ ਸਜ਼ਾ ਦੇਣ ਲੱਗਿਆ ਹਾਂ। ਤੇਰੀ ਫੌਜ ਅਤੇ ਤੇਰਾ ਮੁਲਕ ਹੁਣ ਮੇਰੇ ਹੱਥੋਂ ਤਬਾਹ ਹੋ ਜਾਣਗੇ। ਬੰਦਾ ਸਿੰਘ ਨੇ ਤਲਵਾਰ ਦੇ ਇਕੋ ਭਰਵੇਂ ਵਾਰ ਨਾਲ ਉਸ ਦਾ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ। ਇਹ ਦੇਖ ਕੇ ਮੁਗ਼ਲ ਸੈਨਾ ਮੈਦਾਨ ਛੱਡ ਕੇ ਨੱਠ ਗਈ। ਸਿੰਘਾਂ ਨੇ ਉਨ੍ਹਾਂ ਦਾ ਪਿੱਛਾ ਕੀਤਾ ਅਤੇ ਉਨ੍ਹਾਂ ਦੇ ਘੋੜੇ, ਹਥਿਆਰ, ਤੰਬੂ, ਤੋਪਾਂ ਅਤੇ ਦੂਜਾ ਜੰਗੀ ਸਮਾਨ ਆਪਣੇ ਕਬਜ਼ੇ ਵਿਚ ਕਰ ਲਿਆ। ਤਦ ਸਿੰਘ ਜੇਤੂ ਰੂਪ ਵਿਚ ਸਰਹਿੰਦ ਵੱਲ ਵਧੇ।''[9]

ਭਾਵੇਂ ਲੇਖਕਾਂ ਵਿਚ ਇਸ ਤੱਥ ਬਾਰੇ ਵੱਖ ਵੱਖ ਰਾਵਾਂ ਹਨ ਕਿ ਵਜ਼ੀਰ ਖਾਨ ਨੂੰ ਕਿਸ ਨੇ ਮਾਰਿਆ ਸੀ। ਇਹ ਰਾਵਾਂ ਇਸ ਤਰ੍ਹਾਂ ਹਨ : ਸਰੂਪ ਦਾਸ ਭੱਲਾ ਅਨੁਸਾਰ ਵੀ ਵਜ਼ੀਰ ਖਾਂ ਦੀ ਮੌਤ ਬੰਦਾ ਸਿੰਘ ਦੇ ਹੱਥੋਂ ਹੀ ਹੋਈ ਸੀ।[10] ਖ਼ਾਫੀ ਖਾਂ ਦੇ ਅਨੁਸਾਰ ਵਜ਼ੀਰ ਖਾਂ ਇਕ ਸਿੰਘ ਦੀ ਗੋਲੀ ਨਾਲ ਮਾਰਿਆ ਗਿਆ ਸੀ। *ਅਹਿਵਾਲਿਸਲਾਤੀਨ-ਏ-ਹਿੰਦ* ਅਨੁਸਾਰ 'ਸਿੰਘ ਅਤੇ ਮੁਸਲਿਮ ਫੌਜੀ ਇਕ ਦੂਜੇ ਦੇ ਸਾਹਮਣੇ ਹੋ ਕੇ ਹੱਥੋ-ਹੱਥ ਲੜਾਈ ਕਰ ਰਹੇ ਸਨ। ਮੁਸਲਿਮ ਫੌਜਾਂ ਦੇ ਕਮਾਂਡਰ ਇਤਨੀ ਦਲੇਰੀ ਨਾਲ ਲੜ ਰਹੇ ਸਨ ਕਿ ਕਾਫਰਾਂ ਦੀਆਂ ਲਾਸ਼ਾਂ ਦੇ ਢੇਰ ਲੱਗ ਗਏ ਸਨ। ਸਾਰੇ ਪਾਸੇ ਕਿਆਮਤ ਦੇ ਦਿਨਾਂ ਦੀ ਕੁਰਲਾਹਟ ਸੀ। ਅੰਤ ਵਿਚ ਸਾਰੀ ਮੁਸਲਿਮ ਸੈਨਾ ਤਬਾਹ ਕਰ ਦਿਤੀ ਗਈ। ਵਜ਼ੀਰ ਖਾਂ ਬਾਜ਼ ਸਿੰਘ ਦੇ ਸਾਹਮਣੇ ਆਇਆ। ਉਸ ਨੇ ਬਾਜ਼ ਸਿੰਘ ਨੂੰ ਲਲਕਾਰ ਕੇ ਕਿਹਾ ਕਿ 'ਓ ਰੰਦੇ ਕੁੱਤੇ ਹੁਸ਼ਿਆਰ ਹੋ ਜਾ।' ਇਹ ਕਹਿੰਦਿਆਂ ਉਸ ਨੇ ਨੇਜੇ ਨਾਲ ਵਾਰ ਕੀਤਾ। ਬਾਜ਼ ਸਿੰਘ ਨੇ ਨੇਜਾ ਆਪਣੇ ਹੱਥ ਨਾਲ ਪਕੜ ਲਿਆ। ਫਿਰ ਵਜ਼ੀਰ ਖਾਂ ਨੇ ਇਕ ਤੀਰ ਬਾਜ਼ ਸਿੰਘ ਦੀ ਬਾਂਹ ਵਿਚ ਮਾਰਿਆ। ਫਿਰ ਉਹ ਆਪਣੀ ਤਲਵਾਰ ਨਾਲ ਬਾਜ਼ ਸਿੰਘ ਉਤੇ ਝਪਟਿਆ। ਫਤਿਹ ਸਿੰਘ ਵਜ਼ੀਰ ਖਾਂ ਦੇ ਪਿੱਛੇ ਆ ਗਿਆ ਸੀ। ਉਸ ਨੇ ਪੂਰੇ ਜ਼ੋਰ ਨਾਲ ਤਲਵਾਰ ਵਜ਼ੀਰ ਖਾਂ ਦੇ ਮੋਢੇ ਵਿਚ ਮਾਰੀ ਅਤੇ ਤਲਵਾਰ ਉਸ ਦੇ ਮੋਢੇ ਨੂੰ ਚੀਰਦੀ ਹੋਈ ਕਮਰ ਤੱਕ ਚਲੀ ਗਈ ਸੀ। ਵਜ਼ੀਰ ਖਾਂ ਮਾਰਿਆ ਗਿਆ ਸੀ।[11] *ਅਖ਼ਬਾਰ-ਏ-ਦਰਬਾਰ-ਏ-ਮੁਅੱਲਾ* ਵਿਚ ਲਿਖਿਆ ਹੈ ਕਿ 'ਲੜਾਈ ਬਾਅਦ ਦੁਪਹਿਰ ਤਕ ਚਲਦੀ ਰਹੀ ਸੀ। ਵਜ਼ੀਰ ਖ਼ਾਨ ਤੀਰ ਅਤੇ ਗੋਲੀ ਵੱਜਣ ਨਾਲ ਮਾਰਿਆ ਗਿਆ ਸੀ। ਕੁਝ ਲੋਕ ਦਸਦੇ ਹਨ ਕਿ ਵਜ਼ੀਰ ਖ਼ਾਨ ਦਾ ਪੁੱਤਰ ਅਤੇ ਜੁਆਈ ਵੀ ਮਾਰੇ ਗਏ ਸਨ। ਕੁਝ ਦਸਦੇ ਹਨ ਕਿ ਇਨ੍ਹਾਂ ਨੂੰ ਜਿਉਂਦਿਆਂ ਨੂੰ ਹੀ ਪਕੜ ਲਿਆ ਗਿਆ ਸੀ। ਵਜ਼ੀਰ ਖ਼ਾਨ ਦੇ ਬਹੁਤ ਸਾਰੇ

9. Macauliffe, The Sikh Religion, Its Sikh Gurus, Sacred Writings and Authors, Vol. 6, S. Chand and Co., New Delhi, 1963, p. 235.
10. ਮਹਿਮਾ ਪ੍ਰਕਾਸ਼, ਭਾਗ ਦੂਜਾ, ਪਟਿਆਲਾ, 1960, ਪੰਨਾ 55.
11. ਡਾ. ਗੰਡਾ ਸਿੰਘ ਦੇ ਅਨੁਸਾਰ, ਪੂਰਵ ਅੰਕਤ, ਪੰਨਾ 55.

SIKHBOOKCLUB.COM

ਸਾਥੀ ਮਾਰੇ ਗਏ ਅਤੇ ਜ਼ਖ਼ਮੀ ਕੀਤੇ ਗਏ ਸਨ। ਸਿੱਖ ਪੂਰੀ ਤਰ੍ਹਾਂ ਸਰਹਿੰਦ ਉਪਰ ਕਬਜ਼ਾ ਹਨ।'[12] ਇਸ ਤਰ੍ਹਾਂ ਵਜ਼ੀਰ ਖਾਨ ਨੂੰ ਮਾਰੇ ਜਾਣ ਦੇ ਵੱਖ ਵੱਖ ਵਿਚਾਰ ਹਨ। ਵੈਸੇ ਮਹੱਤਤਾ ਇਸ ਗੱਲ ਦੀ ਨਹੀਂ ਹੈ ਕਿ ਕਾਬਜ਼ ਖਾਂ ਨੂੰ ਕਿਸ ਨੇ ਮਾਰਿਆ ਸੀ ਜਾਂ ਕਿਸ ਨੇ ਨਹੀਂ ਮਾਰਿਆ ਸੀ। ਮਹੱਤਵਪੂਰਨ ਗੱਲ ਤਾਂ ਇਹ ਹੈ ਕਿ ਜਿੱਤ ਸਿੰਘਾਂ ਦੀ ਹੋਈ ਅਤੇ ਵਜ਼ੀਰ ਖਾਂ ਮਾਰਿਆ ਗਿਆ ਸੀ। ਸੰਭਵਤਾ ਇਹ ਹੀ ਹੈ ਕਿ ਇਕ ਨੇਤਾ ਨੇ ਦੂਜੇ ਨੇਤਾ ਨੂੰ ਮਾਰ ਦਿੱਤਾ ਸੀ। ਬੰਦਾ ਸਿੰਘ ਬਹਾਦੁਰ ਨਾ ਹੀ ਤਾਂ ਵਜ਼ੀਰ ਖਾਂ ਤੋਂ ਪਰ੍ਹੇ ਹੋ ਕੇ ਖੜ੍ਹ ਸਕਦਾ ਸੀ ਅਤੇ ਨਾ ਹੀ ਉਸ ਦੇ ਸਾਹਮਣੇ ਹੋ ਕੇ ਉਸ ਨੂੰ ਮਾਰੇ ਬਗੈਰ ਰਹਿ ਸਕਦਾ ਸੀ। ਇਹ ਗੱਲ 12 ਮਈ, 1710 ਈ. ਦੀ ਹੈ। ਖਾਫ਼ੀ ਖਾਂ ਲਿਖਦਾ ਹੈ ਕਿ 'ਧਨ-ਮਾਲ, ਘੋੜੇ, ਹਾਥੀ, ਬੇਦੀਨਿਆਂ ਦੇ ਹੱਥ ਆਏ ਅਤੇ ਇਸਲਾਮੀ ਸੈਨਾ ਦਾ ਇਕ ਵੀ ਬੰਦਾ ਜਾਨ ਤੇ ਤਨ ਦੇ ਕੱਪੜਿਆਂ ਤੋਂ ਬਿਨਾਂ ਕੁਝ ਵੀ ਬਚਾਅ ਨਾ ਸਕਿਆ। ਵੱਡੀ ਗਿਣਤੀ ਵਿਚ ਪਿਆਦੇ ਤੇ ਘੋੜ-ਚੜ੍ਹੇ ਕ਼ਾਫ਼ਰਾਂ ਦੀਆਂ ਤਲਵਾਰਾਂ ਦਾ ਸ਼ਿਕਾਰ ਬਣੇ ਜਿਨ੍ਹਾਂ ਨੇ ਉਨ੍ਹਾਂ ਦਾ ਸਰਹਿੰਦ ਤੱਕ ਪਿਛਾ ਕੀਤਾ।'[13] ਵਜ਼ੀਰ ਖਾਂ ਦੀ ਫੌਜ ਬੁਰੀ ਤਰ੍ਹਾਂ ਹਾਰ ਗਈ ਸੀ। ਜੇਤੂ ਬੰਦਾ ਸਿੰਘ ਅਤੇ ਉਸ ਦੇ ਸਿੰਘ ਜੰਗ ਦੇ ਮੈਦਾਨ ਦੇ ਮਾਲਕ ਸਨ। ਉਨ੍ਹਾਂ ਨੇ ਜਿੱਤ ਕੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਅਤੇ 'ਫਤਿਹ' ਦੇ ਆਵਾਜ਼ਿਆਂ ਨਾਲ ਆਕਾਸ਼ ਗੂੰਜਾ ਦਿੱਤਾ ਸੀ।[14]

ਇਥੇ ਚੱਪੜ-ਚਿੜੀ ਵਿਖੇ ਵਰਤਮਾਨ ਗੁਰੂ ਨਾਨਕ ਫਾਊਂਡੇਸ਼ਨ ਪਬਲਿਕ ਸਕੂਲ ਦੀ ਹੱਦ ਅੰਦਰ ਇਕ ਪੁਰਾਣਾ ਜੰਡ ਦਾ ਦਰੱਖਤ ਹੈ। ਦੱਸਿਆ ਜਾਂਦਾ ਹੈ ਕਿ ਬੰਦਾ ਸਿੰਘ ਨੇ ਇਸ ਜੰਡ ਨਾਲ ਵਜ਼ੀਰ ਖਾਨ ਦੀ ਲਾਸ਼ ਨੂੰ ਪੁੱਠਾ ਟੰਗ ਕੇ ਰੱਖਿਆ ਸੀ। ਫਿਰ ਜਦੋਂ ਖਾਲਸਾ ਦਲ ਸਰਹਿੰਦ ਵਲ ਰਵਾਨਾ ਹੋਇਆ ਸੀ ਤਾਂ ਇਥੋਂ ਲਾਹ ਕੇ ਵਜ਼ੀਰ ਖਾਂ ਦੀ ਮੁਰਦਾ ਲਾਸ਼ ਨੂੰ ਘੋੜੇ ਦੇ ਪਿੱਛੇ ਜਾਂ ਬਲਦਾਂ ਦੇ ਪਿੱਛੇ ਰੱਸਿਆਂ ਨਾਲ ਬੰਨ੍ਹ ਕੇ ਸਰਹਿੰਦ ਤੀਕ ਘੜੀਸ ਕੇ ਲਿਆਂਦਾ ਗਿਆ। ਚੱਪੜ-ਚਿੜੀ ਤੋਂ ਸਰਹਿੰਦ ਤਕਰੀਬਨ 24–25 ਕਿਲੋਮੀਟਰ ਹੋਵੇਗੀ। ਭਾਵੇਂ ਇਥੇ ਵੀ ਸ਼ਹਿਰ ਦੀ ਅਤੇ ਕਿਲ੍ਹੇ ਦੀ ਪੂਰੀ ਮੋਰਚਾਬੰਦੀ ਕੀਤੀ ਹੋਈ ਸੀ ਅਤੇ ਕਿਲ੍ਹੇ ਤੋਂ ਸਿੰਘਾਂ ਉਪਰ ਤੋਪਾਂ ਦੇ ਗੋਲੇ ਵੀ ਸੁੱਟੇ ਗਏ ਸਨ ਪਰ ਸਿੰਘ ਜਿਸ ਜੋਸ਼ ਨਾਲ ਲੜ ਰਹੇ ਸਨ ਉਸ ਨੂੰ ਕਿਲੇ ਦੀਆਂ ਤੋਪਾਂ ਵੀ ਕੁਝ ਨਹੀਂ ਕਰ ਸਕੀਆਂ ਸਨ। ਵਜ਼ੀਰ ਖਾਂ ਦੇ ਹਿੰਦੂ ਅਧਿਕਾਰੀ ਦੀਵਾਨ ਸੁੱਚਾ ਨੰਦ ਨੂੰ ਫੜ ਲਿਆ ਗਿਆ ਸੀ। ਇਸ ਦੇ ਨੱਕ ਵਿਚੋਂ ਦੀ ਗਲੀ ਕੱਢ ਕੇ ਲੋਹੇ ਦਾ ਕੁੰਡਾ ਪਾਇਆ ਗਿਆ ਸੀ। ਇਸ ਕੁੰਡੇ ਨੂੰ ਰੱਸੀ ਨਾਲ ਬੰਨ ਕੇ ਸਰਹਿੰਦ ਦੀਆਂ ਗਲੀਆਂ ਵਿਚ ਫਿਰਾਇਆ ਗਿਆ ਸੀ। ਹਰ ਘਰ ਅਤੇ ਦੁਕਾਨ ਤੋਂ ਭੀਖ ਮੰਗਵਾ ਕੇ ਅਖੀਰ ਸੁੱਚਾ ਨੰਦ ਨੂੰ ਛਿੱਤਰ ਮਾਰ ਮਾਰ ਕੇ ਮਾਰ ਦਿੱਤਾ ਗਿਆ ਸੀ। ਵਜ਼ੀਰ ਖਾਂ ਦਾ ਇਕ ਪੁੱਤਰ ਆਪਣੇ ਪਰਿਵਾਰ ਨੂੰ ਨਾਲ ਲੈ ਕੇ ਦਿੱਲੀ ਨੂੰ ਭੱਜ ਗਿਆ ਸੀ।

ਲੜਾਈ ਵਿਚ ਸ਼ਹੀਦ ਹੋਏ ਸਿੰਘਾਂ ਅਤੇ ਮੁਗਲ ਸਿਪਾਹੀਆਂ ਦਾ ਉਨ੍ਹਾਂ ਦੀਆਂ ਰਸਮਾਂ ਅਨੁਸਾਰ ਸਸਕਾਰ ਕੀਤਾ ਗਿਆ। ਮੁਗਲ ਸਿਪਾਹੀਆਂ ਨੂੰ ਇਥੇ ਹੀ ਮੁਸਲਮਾਨੀ ਪਿੰਡਾਂ ਦੀਆਂ ਕਬਰਾਂ ਵਿਚ ਦਫ਼ਨਾਇਆ ਗਿਆ ਸੀ। ਜਿਥੋਂ ਤਕ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਦੇ ਦਫ਼ਨਾਉਣ ਦਾ ਮਸਲਾ ਹੈ ਉਸ ਨੂੰ ਦਫ਼ਨਾਇਆ ਨਹੀਂ ਗਿਆ ਸੀ। ਇਸ ਦੀ ਅਤੇ ਇਸ ਦੇ ਦੀਵਾਨ ਸੁੱਚਾ ਨੰਦ ਦੀਆਂ ਲਾਸ਼ਾਂ ਨੂੰ ਕੱਟ ਕੱਟ ਕੇ ਕੁੱਤਿਆਂ ਨੂੰ ਖੁਆਇਆ ਗਿਆ ਸੀ। ਸਰਹਿੰਦ ਵਿਚ ਕਿਧਰੇ ਵੀ ਵਜ਼ੀਰ ਖਾਨ ਦੀ ਕਬਰ ਨਹੀਂ ਹੈ। ਜਦੋਂ ਕਿ ਸ਼ਹੀਦ ਹੋਏ ਸਿੰਘਾਂ ਨੂੰ ਸੁਹਾਣਾ ਅਤੇ ਮਾਣਕ ਮਾਜਰਾ ਪਿੰਡਾਂ ਵਿਚ ਸਸਕਾਰਿਆ ਗਿਆ ਸੀ। ਇਨ੍ਹਾਂ ਦੋਵਾਂ ਥਾਵਾਂ ਤੇ ਹੀ ਅੱਜ ਕੱਲ ਗੁਰਦੁਆਰੇ ਹਨ। ਇਨ੍ਹਾਂ ਗੁਰਦੁਆਰਿਆਂ ਨੂੰ ਸ਼ਹੀਦਾਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਮਾਣਕ ਮਾਜਰਾ ਦੇ ਗੁਰਦੁਆਰਾ ਸ਼ਹੀਦਾਂ ਵਿਚ ਤਾਂ ਅੱਜ ਵੀ ਮੁਰਦਿਆਂ ਦਾ ਸੰਸਕਾਰ ਕੀਤਾ ਜਾਂਦਾ ਹੈ।

ਸ਼ਹਿਰ ਸਰਹਿੰਦ ਸਦੀਆਂ ਤੋਂ ਇਕ ਪਰਾਂਤਿਕ ਰਾਜਧਾਨੀ ਦੇ ਤੌਰ ਤੇ ਵਿਕਸਤ ਹੁੰਦਾ ਚਲਿਆ ਆ ਰਿਹਾ ਸ਼ਹਿਰ ਸੀ। ਪਰਾਂਤਿਕ ਸੂਬੇਦਾਰਾਂ ਦੇ ਮਹਿਲਾਂ ਤੋਂ ਇਲਾਵਾ ਇਥੇ ਮੁਗਲ ਬਾਦਸ਼ਾਹਾਂ ਦੇ ਬਣਾਏ ਹੋਏ ਮਹਿਲ (ਆਮ ਖਾਸ ਬਾਗ) ਵੀ ਸਨ। ਭਾਵ ਕਿ ਰਾਜਧਾਨੀ ਦੀ ਲੋੜ ਅਨੁਸਾਰ ਇਥੇ ਵਧੀਆ ਤੋਂ ਵਧੀਆ ਇਮਾਰਤਾਂ, ਹਵੇਲੀਆਂ ਅਤੇ ਮਹਿਲ ਸਨ। ਸਿੰਘਾਂ ਨੂੰ ਇਹ ਸਭ ਕੁਝ ਮਿਲ ਗਿਆ ਸੀ। ਪਰ ਸਿੰਘਾਂ ਦੇ ਮਨ ਵਿਚ ਕਿਉਂਕਿ ਰਾਜ ਸਥਾਪਤ ਕਰਨ ਦੀ ਇੱਛਾ ਨਾਲੋਂ ਬਦਲਾ ਲੈਣ ਦੀ ਇੱਛਾ ਜ਼ਿਆਦਾ ਵੱਧ ਸੀ ਇਸ ਕਰਕੇ ਇਨ੍ਹਾਂ ਕਿਲ੍ਹਿਆਂ, ਮਹਿਲਾਂ ਅਤੇ ਹਵੇਲੀਆਂ ਨੂੰ ਸੁਰੱਖਿਅਤ ਰੱਖਣ ਦੀ ਗੱਲ ਵੱਲ ਸਿੰਘਾਂ ਦਾ ਧਿਆਨ ਨਹੀਂ ਸੀ ਸਗੋਂ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਣ ਦੀ ਭਾਵਨਾ ਜ਼ਿਆਦਾ ਭਾਰੂ ਸੀ। ਇਸ ਲਈ ਸਿੰਘਾਂ ਦਾ ਵਿਸ਼ਾਲ ਜੇਤੂ ਦਲ ਸਰਹਿੰਦ ਸ਼ਹਿਰ ਵਿਚ ਦਾਖ਼ਲ ਹੋਇਆ ਤਾਂ ਉਨ੍ਹਾਂ ਨੇ ਸਰਹਿੰਦ ਦੀਆਂ ਤੋਪਾਂ ਨਾਲ ਹੀ ਮਹਿਲ, ਹਵੇਲੀਆਂ, ਕਿਲ੍ਹੇ ਅਤੇ ਹੋਰ ਇਮਾਰਤਾਂ ਤਬਾਹ ਕਰ ਦਿੱਤੀਆਂ। ਤੋਪਾਂ ਦਾ ਜਿਤਨਾ ਵੀ ਗੋਲਾ-ਬਾਰੂਦ ਸੀ ਉਹ ਉਸ ਸਮੇਂ ਤੱਕ ਵਰਤਿਆ ਜਾਂਦਾ ਰਿਹਾ ਸੀ ਜਦ ਤਕ ਸਰਹਿੰਦ ਦੇ ਵੱਡੇ ਵੱਡੇ ਘਰ ਮਲੀਆ-ਮੇਟ ਨਹੀਂ ਕਰ ਦਿਤੇ ਗਏ ਸਨ। 12 ਮਈ ਤੋਂ ਲੈ ਕੇ 14 ਮਈ ਤੱਕ ਲਗਾਤਾਰ ਤਬਾਹੀ ਹੁੰਦੀ ਰਹੀ। ਇਸ ਤਬਾਹੀ ਵਿਚ ਧਨ-ਮਾਲ ਵੀ ਕਬਜ਼ੇ ਵਿਚ ਕੀਤਾ ਗਿਆ ਸੀ ਅਤੇ ਕਤਲੇਆਮ ਵੀ ਹੁੰਦੀ ਰਹੀ ਸੀ। ਇਕ ਅੰਦਾਜ਼ੇ ਅਨੁਸਾਰ ਦੋ ਕਰੋੜ ਰੁਪਏ ਦੀ ਕੀਮਤ ਦਾ ਮਾਲ ਬੰਦਾ ਸਿੰਘ ਬਹਾਦੁਰ ਦੇ ਹੱਥ ਲਗਿਆ ਸੀ। *ਅਖ਼ਬਾਰ-ਏ*

12. *ਪੂਰਵ ਅੰਕਤ*, ਪੰਨਾ 104.
13. 'ਮੁਤਖ਼ਾਬ-ਉਲ-ਲਬਾਬ', ਇਲੀਅਟ ਐਂਡ ਡਾਊਸਨ, ਜਿਲਦ ਸੱਤਵੀਂ ਪੰਨਾ, 415.
14. *ਪੂਰਵ ਅੰਕਤ*, ਪੰਨਾ 103.

SIKHBOOKCLUB.COM

-ਦਰਬਾਰ-ਏ-ਮੁਅੱਲਾ ਵਿਚ ਦੱਸਿਆ ਗਿਆ ਹੈ ਕਿ 'ਸਰਹਿੰਦ ਦੇ ਖ਼ਜ਼ਾਨੇ ਬਾਰੇ ਕੀ ਹੋਇਆ? ਸ਼ਾਹੂਕਾਰਾਂ ਪਾਸੋਂ ਪਤਾ ਲਗਿਆ ਸੀ ਕਿ ਦੁਆਬੇ ਦੀ ਤਹਿਸੀਲ ਵਿਚੋਂ ਕੋਈ ਟੈਕਸ ਨਹੀਂ ਉਗਰਾਹਿਆ ਗਿਆ । ਸਿੱਖਾਂ ਨੇ ਸਰਕਾਰ ਦਾ ਹਿੱਸਾ ਆਪ ਉਗਰਾਹ ਲਿਆ ਹੈ । ਇਸ ਪੈਸੇ ਨੂੰ ਉਹ ਦਾਬੜ (ਲੋਹਗੜ੍ਹ) ਵਿਚ ਲੈ ਗਏ ਹਨ । ਇਕ ਦਿਨ ਉਨ੍ਹਾਂ ਨੇ ਤਿੰਨ ਸੌ ਗੱਡੇ ਪੈਸਿਆਂ ਦੇ ਭਰੇ ਹੋਏ ਭੇਜੇ ਸਨ । ਕਿਸੇ ਨੇ ਵੀ ਉਨ੍ਹਾਂ ਦਾ ਰਾਹ ਨਹੀਂ ਰੋਕਿਆ ਸੀ ।'

ਸਰਹਿੰਦ ਸ਼ਹਿਰ ਦੀ ਲੁੱਟ ਅਤੇ ਤਬਾਹੀ ਦੇ ਬਾਰੇ ਵਿਚ ਸਾਰੇ ਇਤਿਹਾਸਕਾਰਾਂ ਦੀਆਂ ਰਾਵਾਂ ਇਕੋ ਜਿਹੀਆਂ ਨਹੀਂ ਹਨ । ਮੁਸਲਿਮ ਇਤਿਹਾਸਕਾਰ ਜਿਵੇਂ ਕਿ ਖਾਫ਼ੀ ਖਾਂ ਅਤੇ ਮੁਹੰਮਦ ਲਤੀਫ਼ ਵਰਗੇ, ਇਸ ਹੱਦ ਤੱਕ ਲਿਖ ਗਏ ਹਨ ਕਿ ਬੰਦਾ ਸਿੰਘ ਨੇ ਮੁਸਲਮਾਨ ਪਰਿਵਾਰਾਂ ਨੂੰ, ਬੱਚਿਆਂ ਅਤੇ ਬੁੱਢਿਆਂ ਸਮੇਤ ਮੌਤ ਦੇ ਘਾਟ ਉਤਾਰ ਦਿੱਤਾ ਸੀ, ਮੁਸਲਮਾਨਾਂ ਦੀਆਂ ਕਬਰਾਂ ਵੀ ਪੁੱਟ ਕੇ ਮੁਰਦਿਆਂ ਨੂੰ ਕੱਢ ਲਿਆ ਗਿਆ ਸੀ ਅਤੇ ਮਸਜਿਦਾਂ ਅਤੇ ਮਕਬਰੇ ਢਾਹ ਦਿੱਤੇ ਗਏ ਸਨ । ਇਸ ਤਰ੍ਹਾਂ ਦੇ ਲੇਖਕਾਂ ਨੇ ਬੰਦਾ ਸਿੰਘ ਨੂੰ ਮੁਸਲਮਾਨਾਂ ਦੇ 'ਖੂਨ ਦਾ ਪਿਆਸਾ' ਜ਼ਾਲਮ ਦਰਸਾਇਆ ਹੈ । ਦੂਜੇ ਪਾਸੇ ਸਿੱਖ ਲੇਖਕ ਹਨ, ਵਿਸ਼ੇਸ਼ ਕਰਕੇ, ਗੰਡਾ ਸਿੰਘ ਅਤੇ ਕਰਮ ਸਿੰਘ ਹਿਸਟੋਰੀਅਨ ਜੈਸੇ, ਇਹ ਇਸ ਗੱਲ ਨੂੰ ਤਾਂ ਮੰਨਦੇ ਹਨ ਕਿ ਕਤਲੇਆਮ ਤੇ ਤਬਾਹੀ ਤਾਂ ਹੋਈ ਸੀ ਪਰ ਇਹ ਸਿੰਘਾਂ ਨੇ ਨਹੀਂ ਕੀਤੀ ਸੀ ਸਗੋਂ ਸਿੰਘਾਂ ਨਾਲ ਰਲੇ ਉਨ੍ਹਾਂ ਡਾਕੂ-ਲੁੱਟੇਰਿਆਂ ਨੇ ਕੀਤੀ ਸੀ ਜਿਹੜੇ ਸਿਰਫ ਲੁੱਟਾਂ ਕਰਨ ਦੇ ਨਿਸ਼ਾਨੇ ਨਾਲ ਹੀ ਬੰਦਾ ਸਿੰਘ ਨਾਲ ਆ ਰਲੇ ਸਨ । ਡਾ. ਗੰਡਾ ਸਿੰਘ ਨੇ ਤਾਂ ਇਨ੍ਹਾਂ ਡਾਕੂ-ਲੁਟੇਰਿਆਂ ਦੀ ਥਿਊਰੀ ਇਤਨੀ ਖੁੱਲ੍ਹਦਿਲੀ ਨਾਲ ਅਪਣਾਈ ਹੈ ਕਿ ਉਹ ਹਰ ਥਾਂ ਤੇ ਡਾਕੂ-ਲੁਟੇਰਿਆਂ ਨੂੰ ਪਹਿਲਾਂ ਬੰਦਾ ਸਿੰਘ ਦੀ ਫੌਜ ਵਿਚ ਸ਼ਾਮਲ ਕਰਵਾ ਦਿੰਦਾ ਹੈ ਅਤੇ ਹਰ ਥਾਂ ਹੀ ਲੜਾਈ ਹੋਣ ਦੀ ਸੂਰਤ ਵਿਚ ਪਹਿਲੇ ਹਮਲੇ ਸਮੇਂ ਹੀ ਡਾਕੂ-ਲੁਟੇਰਿਆਂ ਨੂੰ ਨਸਾ ਦਿੰਦਾ ਹੈ । ਇਥੇ ਹੀ ਬੱਸ ਨਹੀਂ, ਜਦੋਂ ਬੰਦਾ ਸਿੰਘ ਦੀ ਜਿੱਤ ਹੁੰਦੀ ਹੈ ਤਾਂ ਤੁਰੰਤ ਹੀ ਉਹ ਭੱਜੇ ਹੋਏ ਡਾਕੂ-ਲੁਟੇਰੇ ਫਿਰ ਵਾਪਸ ਆ ਕੇ ਬੰਦਾ ਸਿੰਘ ਦੁਆਰਾ ਜਿੱਤੇ ਹੋਏ ਇਲਾਕੇ ਨੂੰ ਲੁੱਟ ਲੈਂਦੇ ਹਨ । ਇਹ ਸਾਰੀ ਖੇਡ ਇਸ ਤਰ੍ਹਾਂ ਕਰਵਾਈ ਜਾਂਦੀ ਹੈ ਜਿਵੇਂ ਕਿ ਬੰਦਾ ਸਿੰਘ ਦੀ ਕਿਸੇ ਵੀ ਕਾਰਵਾਈ ਵਿਚ ਕੋਈ ਗੰਭੀਰਤਾ ਹੀ ਨਹੀਂ ਹੁੰਦੀ ਅਤੇ ਇਹ ਸਿਰਫ ਬੱਚਿਆਂ ਦੀ ਖੇਡ ਬਣ ਕੇ ਰਹਿ ਜਾਂਦੀ ਹੈ । ਇਥੇ ਇਕ ਸਵਾਲ ਆਪਣੇ ਆਪ ਹੀ ਇਹ ਉਠਦਾ ਹੈ ਕਿ ਬੰਦਾ ਸਿੰਘ ਵਲੋਂ ਜਿੱਤੇ ਹੋਏ ਇਲਾਕੇ ਵਿਚ ਜੇਕਰ ਡਾਕੂ-ਲੁਟੇਰੇ ਆ ਕੇ ਲੁੱਟਦੇ ਹਨ ਤੇ ਤਬਾਹੀ ਕਰਦੇ ਹਨ ਤਾਂ ਕੀ ਇਹ ਬੰਦਾ ਸਿੰਘ ਦੀ ਜ਼ਿੰਮੇਵਾਰੀ ਨਹੀਂ ਬਣਦੀ ਸੀ ਕਿ ਉਹ ਆਪਣੇ ਇਲਾਕੇ ਨੂੰ ਬਚਾ ਕੇ ਰੱਖਦਾ? ਜੇ ਬੰਦਾ ਸਿੰਘ ਨੇ ਪਤਾ ਹੋਣ ਦੇ ਬਾਵਜੂਦ ਵੀ ਅਜਿਹੇ ਲੁਟੇਰਿਆਂ ਨੂੰ ਲੁੱਟਮਾਰ ਕਰਨ ਦੀ ਇਜ਼ਾਜਤ ਦੇ ਰੱਖੀ ਸੀ ਜਿਹੜੇ ਉਸ ਨਾਲ ਮਿਲਦੇ ਵੀ ਸਨ ਅਤੇ ਦੌੜ ਵੀ ਜਾਂਦੇ ਹਨ ਅਤੇ ਜਿੱਤ ਦੀ ਸੂਰਤ ਵਿਚ ਲੁੱਟਣ ਲਈ ਫਿਰ ਵਾਪਸ ਵੀ ਆ ਜਾਂਦੇ ਸਨ ਤਾਂ ਕੀ ਇਸ ਦਾ ਮਤਲਬ ਇਹ ਨਹੀਂ ਸੀ ਕਿ ਬੰਦਾ ਸਿੰਘ ਨੂੰ ਆਪਣੀ ਜ਼ਿੰਮੇਵਾਰੀ ਦਾ ਭੋਰਾ ਭਰ ਵੀ ਅਹਿਸਾਸ ਨਹੀਂ ਸੀ? ਇਸ ਦਾ ਜਵਾਬ ਤਾਂ ਡਾ. ਗੰਡਾ ਸਿੰਘ ਹੀ ਦੇ ਸਕਦੇ ਹਨ ਪਰ ਉਨ੍ਹਾਂ ਦੀ ਇਹ ਥਿਊਰੀ ਗਲਤ ਹੈ ਅਤੇ ਬੰਦਾ ਸਿੰਘ ਦੇ ਅਕਸ ਨੂੰ ਵੀ ਖਰਾਬ ਕਰਦੀ ਹੈ ।

ਇਸ ਗੱਲ ਬਾਰੇ ਜਰਾ ਵਿਸਥਾਰ ਨਾਲ ਵਿਚਾਰ ਕਰਦੇ ਹਾਂ । ਮੁਸਲਿਮ ਲੇਖਕਾਂ ਦੇ ਵਿਚਾਰ ਅਨੁਸਾਰ ਬੰਦਾ ਸਿੰਘ ਮੁਸਲਮਾਨਾਂ ਦੇ ਖੂਨ ਦਾ ਪਿਆਸਾ ਸੀ ਅਤੇ ਸਿੱਖ ਲੇਖਕਾਂ ਦੀ ਇਹ ਥਿਉਰੀ ਕਿ ਲੁੱਟਾਂ-ਖੋਹਾਂ ਤਾਂ ਡਾਕੂ-ਲੁਟੇਰਿਆਂ ਨੇ ਕੀਤੀਆਂ ਸਨ, ਇਹ ਦੋਵੇਂ ਗੱਲਾਂ ਹੀ ਠੀਕ ਨਹੀਂ ਹਨ । ਸਿੰਘਾਂ ਦੀ ਜਿੱਤ ਦਾ ਸਭ ਤੋਂ ਵੱਡਾ ਕਾਰਨ ਹੀ ਇਹ ਸੀ ਕਿ ਉਨ੍ਹਾਂ ਦੇ ਦਿਲਾਂ ਵਿਚ ਮੁਗ਼ਲ ਹਾਕਮਾਂ ਹੱਥੋਂ ਆਪਣੇ ਗੁਰੂ ਨਾਲ ਹੋ ਚੁੱਕੇ ਅਨਿਆਏ ਦਾ ਗੁੱਸਾ ਸੀ । ਖਾਲਸੇ ਨੂੰ ਅਤੇ ਖਾਲਸੇ ਦੇ ਗੁਰੂ ਨੂੰ ਆਨੰਦਪੁਰ ਸਾਹਿਬ ਵਿਚੋਂ ਕੱਢ ਦਿੱਤਾ ਗਿਆ ਸੀ । ਆਨੰਦਪੁਰ ਸਾਹਿਬ ਨੂੰ ਢਾਹ ਕੇ ਥੇਹ ਕਰ ਦਿੱਤਾ ਗਿਆ ਸੀ । ਗੁਰੂ ਪਰਿਵਾਰ ਨੂੰ ਖ਼ਤਮ ਕਰ ਦਿੱਤਾ ਗਿਆ ਸੀ । ਰਾਜਨੀਤਕ ਤਾਕਤ ਵਿਚ ਅੰਨ੍ਹੇ ਹੋਏ ਮੁਗ਼ਲ ਹਾਕਮਾਂ ਨੇ ਨਾ ਹੀ ਭੁੱਖੇ-ਭਾਣੇ ਸਿੰਘਾਂ ਨੂੰ ਚਮਕੌਰ ਸਾਹਿਬ ਵਿਖੇ ਘੇਰਾ ਪਾਉਣ ਤੋਂ ਸ਼ਰਮ ਕੀਤੀ ਅਤੇ ਨਾ ਹੀ ਦੋ ਮਾਸੂਮ ਛੋਟੇ ਸਾਹਿਬਜ਼ਾਦਿਆਂ ਅਤੇ ਉਨ੍ਹਾਂ ਦੀ ਬੁੱਢੀ ਦਾਦੀ ਨੂੰ ਮਾਰਨ ਤੋਂ ਸ਼ਰਮ ਕੀਤੀ । ਛੋਟੇ ਸਾਹਿਬਜ਼ਾਦਿਆਂ, ਜਿਨ੍ਹਾਂ ਦੀ ਉਮਰ ਮਸਾਂ ਪੰਜ ਅਤੇ ਸੱਤ ਸਾਲ ਦੀ ਸੀ ਅਤੇ ਬੁੱਢੀ ਦਾਦੀ ਦਾ ਕੀ ਕਸੂਰ ਸੀ? ਉਨ੍ਹਾਂ ਨੂੰ ਸਿਆਲ ਦੀਆਂ ਠੰਡੀਆਂ ਰਾਤਾਂ ਨੂੰ ਠੰਢੇ ਬੁਰਜ ਵਿਚ ਰੱਖਿਆ ਗਿਆ ਅਤੇ ਜਿਹੜੇ ਮਾਸੂਮ ਬੱਚੇ ਕਿਸੇ ਪੰਛੀ ਨੂੰ ਵੀ ਮਾਰ ਨਹੀਂ ਸਕਦੇ ਸਨ ਉਨ੍ਹਾਂ ਨੂੰ ਨੀਹਾਂ ਵਿਚ ਚਿਣ ਕੇ ਅਤੇ ਗੋਡਿਆਂ ਥੱਲੇ ਦੇ ਕੇ ਕੋਹ ਕੋਹ ਕੇ ਮਾਰ ਦਿੱਤਾ ਗਿਆ ਸੀ? ਜਿਸ ਕੌਮ ਦੇ ਗੁਰੂ ਨਾਲ ਅਜਿਹੇ ਜੁਲਮ ਹੋਏ ਹੋਣ ਤਾਂ ਕੀ ਉਸ ਗੁਰੂ ਦੇ ਸ਼ਰਧਾਲੂ ਆਪਣੀ ਜਿੱਤ ਦੀ ਸੂਰਤ ਵਿਚ ਆਪਣੇ ਦੁਸ਼ਮਣਾਂ ਦੀ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਦੁੱਧ ਪਿਲਾ ਕੇ ਪਾਲਣਾ-ਪੋਸ਼ਣਾ ਕਰਨਗੇ? ਜੇ ਬੰਦਾ ਸਿੰਘ ਨੇ ਮੁਗ਼ਲ ਹਕੂਮਤ ਨੂੰ ਹਰਾ ਕੇ ਸ਼ਹਿਰਾਂ ਨੂੰ ਥੇਹ ਬਣਾ ਦਿੱਤਾ ਅਤੇ ਥੇਹ ਹੋਏ ਸ਼ਹਿਰਾਂ ਦੇ ਮਲਬਿਆਂ ਹੇਠ ਦੱਬ ਕੇ ਲੋਕ ਮਾਰੇ ਗਏ ਜਾਂ ਜਾਣ-ਬੁੱਝ ਕੇ ਤੋਪਾਂ ਨਾਲ ਉਡਾ ਦਿੱਤੇ ਗਏ ਤਾਂ ਕੀ ਇਹ ਮਾਸੂਮ ਬੱਚਿਆਂ ਨੂੰ ਕੋਹ-ਕੋਹ ਕੇ ਮਾਰਨ ਨਾਲੋਂ ਜ਼ਿਆਦਾ ਵੱਡਾ ਪਾਪ ਸੀ? ਬੰਦਾ ਸਿੰਘ ਨੂੰ ਮੁਸਲਮਾਨਾਂ ਦੇ ਖੂਨ ਦਾ ਪਿਆਸਾ ਕਹਿਣ ਵਾਲਿਆਂ ਨੂੰ ਕੀ ਦੋ ਮਾਸੂਮ ਸਾਹਿਬਜ਼ਾਦਿਆਂ ਅਤੇ ਉਨ੍ਹਾਂ ਦੀ ਬੁੱਢੀ ਦਾਦੀ ਦੀ ਮੌਤ ਨਹੀਂ ਦਿਸਦੀ? ਦੂਜੇ ਪਾਸੇ ਡਾਕੂ-ਲੁਟੇਰਿਆਂ ਹੱਥੋਂ ਲੁੱਟਾਂ ਹੋਈਆਂ ਕਹਿਣ ਵਾਲੇ ਲੇਖਕਾਂ ਨੂੰ ਪੁੱਛਿਆ ਜਾ ਸਕਦਾ ਹੈ ਕਿ ਲੁੱਟਾਂ-ਖੋਹਾਂ ਕਰਨੀਆਂ ਕੀ ਦੋ ਮਾਸੂਮ ਬੱਚਿਆਂ ਦੇ ਕਤਲ ਕਰਨ ਤੋਂ ਵੀ ਵੱਡਾ ਪਾਪ ਸੀ? ਜਿਹੜੀ ਹਕੂਮਤ ਦੋ ਮਾਸੂਮ ਬੱਚਿਆਂ ਦਾ ਕਤਲ ਕਰ ਸਕਦੀ ਸੀ ਉਸ ਹਕੂਮਤ ਦਾ ਇਕ

SIKHBOOKCLUB.COM

ਸਰਹਿੰਦ ਸ਼ਹਿਰ ਤਾਂ ਕੀ ਬਲਕਿ ਅਜਿਹੇ ਸੈਂਕੜੇ ਸ਼ਹਿਰ ਵੀ ਜੇਕਰ ਤਬਾਹ ਕਰ ਦਿੱਤੇ ਜਾਣ ਤਾਂ ਵੀ ਮਾਸੂਮ ਬੱਚਿਆਂ ਦੀ ਮੌਤ ਦਾ ਬਦਲਾ ਨਹੀਂ ਲਿਆ ਸਕਦਾ ।

ਹਕੂਮਤ ਦੀਆਂ ਬਾਕਾਇਦਾ ਹਥਿਆਰਬੰਦ ਫੌਜਾਂ ਨੂੰ ਜੇਕਰ ਹਲਵਾਹਕ ਕਿਸਾਨਾਂ ਅਤੇ ਕਿਰਤੀ ਲੋਕਾਂ ਨੇ ਆਪਣੀਆਂ ਗੰਡਾਸੀਆਂ, ਬਰਛੀਆਂ ਅਤੇ ਤਲਵਾਰਾਂ ਨਾਲ ਹਰਾ ਦਿੱਤਾ ਸੀ ਤਾਂ ਇਸ ਪਿੱਛੇ ਮੁੱਖ ਕਾਰਨ ਉਨ੍ਹਾਂ ਦੇ ਦਿਲਾਂ ਵਿਚ ਬਲ ਰਿਹਾ ਬਦਲੇ ਦਾ ਭਾਂਬੜ ਹੀ ਸੀ । ਇਸ ਬਦਲੇ ਦੇ ਭਾਂਬੜ ਨੇ ਨਾ ਦਿਨ ਦੇਖਿਆ ਸੀ, ਨਾ ਰਾਤ, 'ਨਾ ਭੁੱਖ ਦੇਖੀ ਸੀ ਨਾ ਤੇਹ; ਨਾ ਘੋੜੇ ਦੀ ਉਡੀਕ ਕੀਤੀ ਸੀ ਨਾ ਬੰਦੂਕ ਦੀ; ਨਾ ਤਨਖਾਹ ਲੈਣ ਦੀ ਉਮੀਦ ਕੀਤੀ ਸੀ ਨਾ ਜਿਉਂਦੇ ਰਹਿਣ ਦੀ । ਇਨ੍ਹਾਂ ਸਾਹਮਣੇ ਤਾਂ ਇਕੋ ਹੀ ਨਿਸ਼ਾਨਾ ਸੀ ਕਿ ਉਹ ਕਦੋਂ ਸਰਹਿੰਦ ਦੇ ਉਪਰ ਝਪਟਦੇ ਹਨ ਅਤੇ ਕਦੋਂ ਵਜ਼ੀਰ ਖਾਂ ਨੂੰ ਜਾ ਦਬੋਚਦੇ ਹਨ । ਜਦੋਂ ਇਹ ਮੌਕਾ ਉਨ੍ਹਾਂ ਨੂੰ ਮਿਲ ਗਿਆ ਤਾਂ ਬਿਲਕੁਲ ਉਸੇ ਤਰ੍ਹਾਂ ਨਾ ਉਨ੍ਹਾਂ ਸਾਹਮਣੇ ਕੋਈ ਰਾਜਨੀਤੀ ਸੀ ਅਤੇ ਨਾ ਸਰਕਾਰ ਬਣਾਉਣ ਦੀ ਗੱਲ; ਨਾ ਹਵੇਲੀਆਂ ਰੋਕਣ ਦੀ ਲਾਲਸਾ ਸੀ ਅਤੇ ਨਾ ਹੀ ਘੋੜੇ-ਹਾਥੀ; ਨਾ ਹੀ ਇਹ ਸੋਚਣ ਦੀ ਵਿਹਲ ਸੀ ਕਿ ਉਨ੍ਹਾਂ ਦਾ ਆਪਣਾ ਧਰਮ ਬਦਲਾ ਲੈਣ ਦੀ ਇਜ਼ਾਜਤ ਦਿੰਦਾ ਹੈ ਜਾਂ ਨਹੀਂ । ਬੱਸ ਆਪਣੇ ਹੱਥ ਆਇਆ ਇਹ ਰੱਬੀ ਮਿਹਰ ਵਾਲਾ ਮੌਕਾ ਉਨ੍ਹਾਂ ਨੇ ਆਪਣੇ ਦਿਲ ਵਿਚ ਮਚਦੇ ਬਦਲੇ ਦੇ ਭਾਂਬੜਾਂ ਨੂੰ ਸ਼ਾਂਤ ਕਰਨ ਲਈ ਵਰਤਿਆ । ਕਿਲ੍ਹਿਆਂ ਦੇ ਕਿਲ੍ਹੇ ਥੇਹ ਬਣਾ ਦਿਤੇ ਗਏ, ਹਵੇਲੀਆਂ ਮਿੱਟੀ ਵਿਚ ਮਿਲਾ ਦਿਤੀਆਂ ਗਈਆਂ ਅਤੇ ਮੁਗ਼ਲ ਹਕੂਮਤ ਦਾ ਹਮਾਇਤੀ ਜੋ ਵੀ ਸਾਹਮਣੇ ਆਇਆ ਮੌਤ ਦੇ ਘਾਟ ਉਤਾਰ ਦਿੱਤਾ ਗਿਆ । ਇਹ ਕੰਮ ਸਿੰਘਾਂ ਨੇ ਹੀ ਕਰਨਾ ਸੀ ਅਤੇ ਬੰਦਾ ਸਿੰਘ ਬਹਾਦੁਰ ਦੀ ਅਗਵਾਈ ਵਿਚ ਇਹ ਸਭ ਕੁਝ ਕੀਤਾ ਗਿਆ । ਸਿੰਘਾਂ ਨੇ ਇਥੇ ਹੀ ਬੱਸ ਨਹੀਂ ਕੀਤੀ । ਉਨ੍ਹਾਂ ਨੇ ਸੌਂਹ ਖਾਧੀ ਹੋਈ ਸੀ ਕਿ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦੇਣੀ ਹੈ । ਇਹ ਸ਼ਬਦ ਬੰਦਾ ਸਿੰਘ ਨੇ ਵਜ਼ੀਰ ਖਾਂ ਦੇ ਸਾਹਮਣੇ ਆ ਕੇ ਵੀ ਕਹੇ ਸਨ । ਇਸ ਗੱਲ ਨੂੰ ਅਸਲੀ ਅਰਥਾਂ ਵਿਚ ਪੂਰਾ ਕਰਨ ਲਈ ਹਰ ਸਿੰਘ ਇਹ ਆਪਣਾ ਪਵਿੱਤਰ ਫ਼ਰਜ ਸਮਝਦਾ ਸੀ ਕਿ ਉਸ ਨੇ ਸਰਹਿੰਦ ਤੋਂ ਹਰ ਹਾਲਤ ਵਿਚ ਦੋ ਇੱਟਾਂ ਖੜਕਾ ਕੇ ਚੁੱਕਣੀਆਂ ਹਨ ਅਤੇ ਉਨ੍ਹਾਂ ਨੂੰ ਦੂਰ ਸੁੱਟ ਕੇ ਆਉਣਾ ਹੈ । ਸਿੱਖਾਂ ਦੇ ਦਿਲਾਂ ਵਿਚ ਇਹ ਭਾਵਨਾ ਅੱਜ ਵੀ ਕੰਮ ਕਰ ਰਹੀ ਹੈ । ਅੱਜ ਵੀ, ਸਦੀਆਂ ਦੇ ਬੀਤ ਜਾਣ ਬਾਅਦ, ਕੋਈ ਟਾਵਾਂ ਟਾਵਾਂ ਸਿੱਖ ਸਰਹਿੰਦ ਵਿਚੋਂ ਦੋ ਇੱਟਾਂ ਖੜਕਾ ਕੇ ਚੁੱਕਦਾ ਹੈ ਅਤੇ ਸਤਲੁਜ ਦਰਿਆ ਵਿਚ ਜਾ ਡੋਗਦਾ ਹੈ । ਹੋਰ ਤਾਂ ਹੋਰ ਜਦੋਂ 1765 ਈ. ਵਿਚ ਮੁਗ਼ਲ ਹਕੂਮਤ ਨੂੰ ਹਰਾ ਕੇ ਸਾਰੇ ਪੰਜਾਬ ਨੂੰ ਸਿੱਖ ਮਿਸਲਦਾਰਾਂ ਨੇ ਆਪਸ ਵਿਚ ਵੰਡਿਆ ਸੀ ਤਾਂ ਕਿਸੇ ਵੀ ਸਿੱਖ ਸਰਦਾਰ ਨੇ ਸਰਹਿੰਦ ਸ਼ਹਿਰ ਨੂੰ ਲੈਣ ਦੀ ਇੱਛਾ ਪਰਗਟ ਨਹੀਂ ਕੀਤੀ ਸੀ । ਕਿਉਂਕਿ ਸਮੁੱਚਾ ਸਿੱਖ ਜਗਤ ਸਰਹਿੰਦ ਨੂੰ 'ਗੁਰੂ-ਮਾਰੀ' ਸਮਝਦਾ ਸੀ । ਵਜ਼ੀਰ ਖ਼ਾਨ ਅਤੇ ਸਰਹਿੰਦ ਪਰੱਤੀ ਸਿੱਖਾਂ ਦੇ ਮਨਾਂ ਵਿਚ ਕਿੰਨਾ ਗੁੱਸਾ ਸੀ ਇਸ ਬਾਰੇ *ਅਖ਼ਬਾਰ-ਏ-ਦਰਬਾਰ-ਏ-ਮੁਅੱਲਾ* ਦੀ ਇਕ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਸਿੱਖਾਂ ਦੇ ਮਨਾਂ ਵਿਚ ਵਜ਼ੀਰ ਖ਼ਾਨ ਪਰੱਤੀ ਬੜਾ ਡੂੰਘਾ ਗੁੱਸਾ ਹੈ ਜਿਸ ਨੇ ਕਿ ਗੁਰੂ ਗੋਬਿੰਦ ਸਿੰਘ ਦੇ ਪੁੱਤਰਾਂ ਨੂੰ ਮਰਵਾ ਦਿਤਾ ਸੀ । ਇਸ ਕਰਕੇ ਵਜ਼ੀਰ ਖ਼ਾਨ ਦੇ ਸਾਰੇ ਪਰਗਣੇ ਵਿਚ ਦੰਗੇ ਭੜਕ ਉੱਠੇ ਹਨ । ਵਜ਼ੀਰ ਖ਼ਾਨ ਆਪਣੇ ਆਪ ਨੂੰ ਸਿਰਫ ਸਰਹਿੰਦ ਵਿਚ ਹੀ ਪੈਸੇ ਅਤੇ ਫੌਜ ਦੇ ਜ਼ੋਰ ਨਾਲ ਬਚਾ ਕੇ ਰੱਖ ਰਿਹਾ ਹੈ । ਦੰਗਾਕਾਰੀ ਜਿੰਮੀਦਾਰ ਬਗਾਵਤਾਂ ਕਰਨ ਵਿਚ ਅਤੇ ਮਾਰਧਾੜ ਦੀਆਂ ਕਾਰਵਾਈਆਂ ਵਿਚ ਬੜੇ ਮਾਹਰ ਹਨ ।'[15] ਜਦੋਂ ਸਿੱਖਾਂ ਦੇ ਮਨ ਵਿਚ ਸਰਹਿੰਦ ਸ਼ਹਿਰ ਬਾਰੇ ਇਤਨਾ ਗੁੱਸਾ ਅਤੇ ਨਫ਼ਰਤ ਹੋਵੇ ਤਾਂ ਸਰਹਿੰਦ ਨੂੰ ਜਿੱਤਣ ਵੇਲੇ ਇਸ ਦਾ ਤਬਾਹ ਹੋਣਾ ਅਤੇ ਇਥੋਂ ਦੇ ਲੋਕਾਂ ਦਾ ਕਤਲੇਆਮ ਹੋਣਾ ਕੋਈ ਗੈਰ-ਕੁਦਰਤੀ ਗੱਲ ਨਹੀਂ ਸੀ । ਹਜ਼ਾਰਾਂ ਬੰਦਿਆਂ ਦਾ ਖ਼ੂਨ ਆਖ਼ਰ ਉਸੇ ਹੀ ਥਾਂ ਡੁਲ੍ਹਿਆ ਸੀ ਜਿਥੇ ਦੋ ਮਾਸੂਮ ਸਾਹਿਬਜ਼ਾਦੇ ਅਤੇ ਉਨ੍ਹਾਂ ਦੀ ਬੁੱਢੀ ਦਾਦੀ ਨੂੰ ਮਾਰਿਆ ਗਿਆ ਸੀ । ਅਜਿਹੀ ਮਾਸੂਮਤਾ ਦੇ ਕਤਲ ਬਦਲੇ ਤਾਂ ਸੈਂਕੜੇ ਸਰਹਿੰਦਾਂ ਤਬਾਹ ਕੀਤੀਆਂ ਜਾ ਸਕਦੀਆਂ ਸਨ । ਜੇਕਰ ਬੰਦਾ ਸਿੰਘ ਅਤੇ ਉਸ ਦੇ ਖਾਲਸਾ ਦਲ ਨੇ ਇਥੇ ਕਤਲੇਆਮ ਕੀਤਾ ਵੀ ਸੀ ਤਾਂ ਇਹ ਕੋਈ ਗੈਰ-ਕੁਦਰਤੀ ਨਹੀਂ ਸੀ । ਇਹ ਸੁਭਾਵਕ ਸੀ । ਜੇ ਅਜਿਹੀ ਤਬਾਹੀ ਨਾਲ ਕੋਈ ਆਉਣ ਵਾਲੀ ਹਕੂਮਤ ਸਬਕ ਸਿੱਖ ਲਵੇ ਤਾਂ ਵੀ ਅਜਿਹੀ ਤਬਾਹੀ ਕੋਈ ਮਾੜੀ ਨਹੀਂ ਸੀ । ਬੰਦਾ ਸਿੰਘ ਬਹਾਦੁਰ ਸਿੱਖਾਂ ਦਾ-ਅਜਿਹਾ ਪਹਿਲਾ ਨੇਤਾ ਹੈ ਜਿਸ ਨੇ ਆਪਣੇ ਗੁਰੂ ਨਾਲ ਹੋਏ ਜੁਲਮਾਂ ਦਾ ਗਿਣ-ਗਿਣ ਕੇ ਬਦਲਾ ਲਿਆ ਸੀ । ਸਿੱਖ ਇਤਿਹਾਸ ਇਸ ਗੱਲ ਲਈ ਉਸ ਦਾ ਰਿਣੀ ਹੈ ।

ਸਰਹਿੰਦ ਦੀ ਇਹ ਹੋਣੀ ਤਕ ਕੇ ਜੇ ਕੋਈ ਕੇਸਰ ਸਿੰਘ ਛਿੱਬਰ ਜੈਸਾ ਨਿਕਟ-ਸਮਕਾਲੀ ਲੇਖਕ ਇਸ ਤਰ੍ਹਾਂ ਲਿਖਦਾ ਹੈ ਤਾਂ ਇਸ ਵਿਚ ਕੋਈ ਗੈਰ-ਕੁਦਰਤੀ ਗੱਲ ਨਹੀਂ ਸਮਝਣੀ ਚਾਹੀਦੀ :-

ਤਹਾਂ ਤੇ ਚੜ੍ਹੇ ਸਿਰਹੰਦ ਮਾਰੀ ਅਰ ਸਾੜੀ ।
ਪਕੜੀਆਂ ਨੂੰਹਾਂ ਧੀਆਂ ਸੁਚੇ ਝੂਠੇ ਪੁਰੀ ਖੜ੍ਹੀ ਦੀਆਂ ਕਿਰਾੜੀ ।
ਪਾਇ ਚੂਹੇ ਸੁਥਣਾਂ ਵਿਚ ਟੰਗਾਈਆਂ ।
ਰੋਂਦੀਆਂ ਕੁਰਲਾਂਦੀਆਂ ਹਵਾਲੇ ਚੂਹੜਿਆਂ ਦੇ ਕਰਵਾਈਆਂ ।

15. ਗਣੇਸ ਦਾਸ ਬਡੇਹਰਾ, *ਚਹਾਰ ਗੁਲਸਨ-ਏ-ਪੰਜਾਬ*, ਪੰਨਾ 189.

SIKHBOOKCLUB.COM

ਕੀਤੀ ਉਸ ਦੀ ਪੇਸ਼ ਇਸ ਦੇ ਆਈ ।

ਪੁਤ੍ਰਾਂ ਦੇ ਕਰਮੁ ਮਾਪਿਆਂ ਨੂੰ ਮਾਪਿਆਂ ਦੇ ਕਰਮੁ ਪੁਤ੍ਰਾਂ ਨੂੰ ਲਗਦੇ ਜਾਈ ।[16]

ਮੁਹੰਮਦ ਕਾਸਿਮ, ਇਬਰਤਨਾਮੇ ਵਿਚ ਦੀਵਾਨ ਸੁੱਚਾ ਨੰਦ ਦੇ ਕਾਰਨਾਮਿਆਂ ਬਾਰੇ ਅਤੇ ਉਸਦੀ ਹਵੇਲੀ ਦੀ ਤਬਾਹੀ ਬਾਰੇ ਲਿਖਦਾ ਹੈ ਕਿ 'ਵਿਸ਼ੇਸ਼ ਤੌਰ ਤੇ ਸੁੱਚਾ ਨੰਦ ਦੇ ਕਾਰਨਾਮਿਆਂ ਬਾਰੇ ਅਤੇ ਉਸ ਦੀ ਹਵੇਲੀ ਦੀ ਤਬਾਹੀ ਬਾਰੇ ਤਾਂ ਇਹ ਕਿਹਾ ਜਾ ਸਕਦਾ ਹੈ ਜਿਵੇਂ ਕਿ ਉਹ ਇਸੇ ਦਿਨ ਲਈ ਹੀ ਬਣਾਏ ਗਏ ਹੋਣ । ਮੈਂ ਆਂਢ-ਗੁਆਂਢੀਆਂ ਤੇ ਭਰੋਸੇਯੋਗ ਲੋਕਾਂ ਤੋਂ ਸੁਣਿਆ ਹੈ ਕਿ ਸਵਰਗਵਾਸੀ ਵਜ਼ੀਰ ਖਾਂ ਦੇ ਹੁੰਦੇ ਐਸਾ ਕੋਈ ਜੁਲਮ ਨਹੀਂ ਸੀ ਜਿਹੜਾ ਇਸ ਖੱਤਰੀ ਨੇ ਗਰੀਬ ਲੋਕਾਂ ਉਪਰ ਨਾ ਕੀਤਾ ਹੋਵੇ । ਉਸ ਨੇ ਜਿੰਨੇ ਵੀ ਪਾਪਾਂ ਦੇ ਬੀਜ ਬੀਜੇ ਸਨ ਉਨ੍ਹਾਂ ਸਭ ਦਾ ਉਸ ਨੂੰ ਹੁਣ ਫਲ ਮਿਲ ਗਿਆ ਸੀ ।[17]

ਇਹ ਤਾਂ ਸਿੰਘਾਂ ਦੀ ਫ਼ਰਾਖ਼ਦਿਲੀ ਸੀ ਕਿ ਉਨ੍ਹਾਂ ਨੇ ਮੁਸਲਮਾਨਾਂ ਦੇ ਧਾਰਮਿਕ ਅਸਥਾਨਾਂ ਨੂੰ ਕੁਝ ਨਹੀਂ ਕਿਹਾ ਸੀ ਨਹੀਂ ਤਾਂ ਅਜਿਹੀ ਸਮੇਂ ਦੁਸ਼ਮਣ ਦੇ ਧਾਰਮਿਕ ਅਸਥਾਨਾਂ ਦੀ ਬੇਹੁਰਮਤੀ ਵੀ ਹੋ ਸਕਦੀ ਸੀ । ਇਸ ਸਮੇਂ ਸਰਹਿੰਦ (ਫਤਿਹਗੜ੍ਹ ਸਾਹਿਬ) ਦੇ ਆਲੇ-ਦੁਆਲੇ ਜਿੰਨੀਆਂ ਵੀ ਮਸਜਿਦਾਂ ਅਤੇ ਮਕਬਰੇ ਸੁਰੱਖਿਅਤ ਖੜ੍ਹੇ ਹਨ ਉਹ ਸਭ ਇਸ ਗੱਲ ਦੀ ਮੂੰਹ ਬੋਲਦੀ ਤਸਵੀਰ ਹਨ ਕਿ ਸਿੰਘਾਂ ਨੇ ਸਰਹਿੰਦ ਦੀ ਤਬਾਹੀ ਸਮੇਂ ਮੁਸਲਮਾਨਾਂ ਦੇ ਧਾਰਮਿਕ ਅਸਥਾਨਾਂ ਦੀ ਸੁਰੱਖਿਅਤਾ ਦਾ ਪੂਰਾ ਪੂਰਾ ਧਿਆਨ ਰੱਖਿਆ ਸੀ । ਸ਼ੇਖ ਅਹਿਮਦ ਸਰਹੰਦੀ ਦਾ ਮਕਬਰਾ ਇਨ੍ਹਾਂ ਸਾਰਿਆਂ ਵਿਚੋਂ ਇਕ ਮੁੱਖ ਮਕਬਰਾ ਹੈ ਜਿਹੜਾ ਅੱਜ ਵੀ ਆਪਣੀ ਮੌਲਿਕ ਸਥਿਤੀ ਵਿਚ ਖੜ੍ਹਾ ਹੈ । ਜੇਕਰ ਮੁਹੰਮਦ ਲਤੀਫ਼ ਜੈਸੇ ਮੁਸਲਮਾਨ ਇਤਿਹਾਸਕਾਰ ਇਹ ਲਿਖਦੇ ਹਨ ਕਿ ਸਿੰਘਾਂ ਨੇ ਮੁਸਲਮਾਨਾਂ ਦੀਆਂ ਕਬਰਾਂ ਵੀ ਪੁੱਟ ਲਈਆਂ ਸਨ ਉਨ੍ਹਾਂ ਨੂੰ ਇਸ ਸਮੇਂ ਸਰਹਿੰਦ ਦੇ ਖੇਤਾਂ ਵਿਚ ਖੜੀਆਂ ਮਸਜਿਦਾਂ ਅਤੇ ਮਕਬਰਿਆਂ ਨੂੰ ਦੇਖ ਲੈਣਾ ਚਾਹੀਦਾ ਸੀ ।

ਇਸ ਸਮੇਂ ਸਤਲੁਜ ਤੋਂ ਲੈ ਕੇ ਜਮੁਨਾ ਤੱਕ ਦਾ ਸਾਰਾ ਖੇਤਰ ਬੰਦਾ ਸਿੰਘ ਦੇ ਅਧੀਨ ਸੀ । ਸਰਹਿੰਦ ਦੇ ਅਠਾਈ ਪਰਗਣੇ ਸਨ ਅਤੇ ਇਨ੍ਹਾਂ ਅਠਾਈ ਪਰਗਣਿਆਂ ਵਿਚੋਂ ਸਲਾਨਾ ਕਰੋੜਾਂ ਰੁਪਏ ਦਾ ਮਾਮਲਾ ਇਕੱਠਾ ਹੁੰਦਾ ਸੀ । ਬਾਬਰ ਨੇ ਆਪਣੇ ਬਾਬਰ ਨਾਮੇ (ਤੁਜ਼ਕੇ-ਬਾਬਰੀ) ਵਿਚ ਸਰਹਿੰਦ ਪਰਾਂਤ ਵਿਚੋਂ ਡੇਢ ਕਰੋੜ ਦਾ ਮਾਮਲਾ ਇਕੱਠਾ ਹੋਣ ਬਾਰੇ ਲਿਖਿਆ ਹੈ ।[18] ਇਸ ਦਾ ਮਤਲਬ ਹੈ ਕਿ ਉਸ ਸਮੇਂ ਸਰਹਿੰਦ ਕਿਤਨਾ ਅਮੀਰ ਪਰਾਂਤ ਸੀ । ਪਰਗਣਿਆਂ ਦੇ ਜਿਤਨੇ ਵੀ ਚੌਧਰੀ ਅਤੇ ਅਮੀਰ ਸਨ ਸਭ ਬੰਦਾ ਸਿੰਘ ਦੇ ਸਾਹਮਣੇ ਅਧੀਨਗੀ ਮੰਨੀ ਖੜ੍ਹੇ ਸਨ । ਜਿੰਨਾਂ ਵੀ ਉਹ ਨਜ਼ਰਾਨਾ ਲਿਆ ਸਕਦੇ ਸਨ ਉਹ ਸਭ ਉਨ੍ਹਾਂ ਨੇ ਬੰਦਾ ਸਿੰਘ ਦੇ ਪੈਰਾਂ ਵਿਚ ਲਿਆ ਕੇ ਢੇਰੀ ਕਰ ਦਿੱਤਾ ਸੀ ।

ਬੰਦਾ ਸਿੰਘ ਬਹਾਦੁਰ ਨੇ ਸਰਹਿੰਦ ਦੀ ਜਿੱਤ ਦੇ ਬਾਅਦ ਅਮਨ-ਅਮਾਨ ਕਰਕੇ ਖ਼ਾਲਸਾ ਦਰਬਾਰ ਲਗਾਇਆ । ਸਰਹਿੰਦ ਦੀ ਧਰਤੀ ਤੇ ਖਾਲਸਾ ਰਾਜ ਦੀ ਸਥਾਪਨਾ ਦਾ ਐਲਾਨ ਕੀਤਾ ਗਿਆ । ਪਹਿਲੇ ਦਰਬਾਰ ਵਿਚ ਹੀ ਐਲਾਨ ਕੀਤਾ ਗਿਆ ਕਿ ਜ਼ਮੀਨ ਉਸੇ ਦੀ ਹੈ ਜਿਹੜਾ ਇਸ ਨੂੰ ਵਾਹੁੰਦਾ ਹੈ । ਇਸ ਤਰ੍ਹਾਂ ਜਾਗੀਰਦਾਰੀਆਂ ਤੋੜ ਕੇ ਹਲ ਵਾਹੁਣ ਵਾਲੇ ਕਿਸਾਨਾਂ ਨੂੰ ਹੀ ਜ਼ਮੀਨ ਦੀ ਮਾਲਕੀ ਦੇ ਹੱਕ ਦਿੱਤੇ ਗਏ । ਜਿਹੜਾ ਵੀ ਕਿਸਾਨ ਜਿੰਨੀ ਖੇਤੀ ਨੂੰ ਵਾਹੁੰਦਾ-ਬੀਜਦਾ ਸੀ ਉਹ ਉਤਨੀ ਖੇਤੀ ਦਾ ਮਾਲਕ ਬਣ ਗਿਆ ਸੀ ।

ਇਸੇ ਹੀ ਦਰਬਾਰ ਵਿਚ ਭਾਈ ਬਾਜ ਸਿੰਘ ਨੂੰ ਸਰਹਿੰਦ ਪਰਾਂਤ ਦਾ ਗਵਰਨਰ (ਸੂਬੇਦਾਰ) ਨਿਯੁਕਤ ਕੀਤਾ ਗਿਆ । ਭਾਈ ਬਾਜ ਸਿੰਘ ਬੰਦਾ ਸਿੰਘ ਦੀ ਸੱਜੀ ਬਾਂਹ ਸੀ । ਇਹ ਬਲ ਗੋਤ ਦਾ ਜੱਟ ਸੀ ਅਤੇ ਬਹਾਦੁਰੀ ਵਿਚ ਮੰਨਿਆ-ਪਰਮੰਨਿਆ ਸੀ । ਭਾਈ ਆਲੀ ਸਿੰਘ ਨੂੰ ਉਸ ਦਾ ਨਾਇਬ ਸੂਬੇਦਾਰ ਨਿਯੁਕਤ ਕੀਤਾ ਗਿਆ । ਭਾਈ ਫਤਿਹ ਸਿੰਘ ਨੂੰ ਸਮਾਣੇ ਦੇ ਗਵਰਨਰ ਦੇ ਤੌਰ ਤੇ ਪੱਕਾ ਕੀਤਾ ਗਿਆ ਸੀ । ਭਾਈ ਬਾਜ ਸਿੰਘ ਦੇ ਛੋਟੇ ਭਰਾ ਭਾਈ ਰਾਮ ਸਿੰਘ ਨੂੰ ਥਾਨੇਸਰ ਦਾ ਗਵਰਨਰ ਨਿਯੁਕਤ ਕੀਤਾ ਗਿਆ ਅਤੇ ਬਾਵਾ ਬਿਨੋਦ ਸਿੰਘ ਨੂੰ ਵੀ ਥਾਨੇਸਰ ਵਿਖੇ ਰੱਖੀ ਗਈ ਸਿੱਖ ਰਜਮੈਂਟ ਦਾ ਕਮਾਂਡਰ ਨਿਯੁਕਤ ਕੀਤਾ ਗਿਆ ਸੀ । ਇਸ ਦੀ ਡਿਊਟੀ ਸੀ ਕਿ ਦਿੱਲੀ ਵਲੋਂ ਆਉਂਦੀ ਜਰਨੈਲੀ ਸੜਕ ਉਪਰ ਆਪਣੀ ਸਿੱਖ ਸੈਨਾ ਤਾਇਨਾਤ ਕਰਕੇ ਰੱਖੇ ਅਤੇ ਉਧਰੋਂ ਆਉਣ ਵਾਲੀ ਕਿਸੇ ਵੀ ਸੈਨਾ ਨੂੰ ਰੋਕ ਕੇ ਰੱਖੇ ।

ਸਭ ਪਾਸੇ ਸਿੱਖ ਫੌਜਾਂ ਤਾਇਨਾਤ ਕੀਤੀਆਂ ਗਈਆਂ । ਅਮਨ-ਅਮਾਨ ਪੂਰੀ ਸਖ਼ਤੀ ਨਾਲ ਸਥਾਪਤ ਕੀਤਾ ਗਿਆ । ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਲੀ ਥਾਂ ਲੱਭ ਕੇ ਉਥੇ ਪੱਕਾ ਥੜ੍ਹਾ ਉਸਾਰਿਆ ਗਿਆ । ਇਸੇ ਤਰ੍ਹਾਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜ਼ਰੀ ਜੀ ਦੇ ਸਸਕਾਰ ਕਰਨ ਵਾਲੀ ਜਗ੍ਹਾ ਉਪਰ ਪੱਕਾ ਥੜਾ ਸਥਾਪਤ ਕੀਤਾ ਗਿਆ । ਇਥੇ ਲੋਹਗੜ੍ਹ ਦੇ ਪਹਾੜਾਂ ਵਿਚੋਂ ਚੀਲ ਦਾ ਇਕ ਲੰਮਾ ਦਰੱਖਤ ਲਿਆ ਕੇ ਅਤੇ ਉਸ ਦੇ ਨਿਸ਼ਾਨ ਸਾਹਿਬ ਬਣਾ ਕੇ ਖੜ੍ਹੇ ਕੀਤੇ ਗਏ ।

ਸਮਕਾਲੀ ਲੇਖਕ ਦਸਦੇ ਹਨ ਕਿ ਬੰਦਾ ਸਿੰਘ ਬਹਾਦੁਰ ਜਦੋਂ ਵੀ ਦਰਬਾਰ ਵਿਚ ਬੈਠਾ ਹੁੰਦਾ ਸੀ ਤਾਂ ਉਹ ਦਰਬਾਰ ਵਿਚ ਹਾਜ਼ਰ ਹੋਣ ਵਾਲੇ ਹਰ ਬੰਦੇ ਨੂੰ 'ਸਿੰਘ ਸਾਹਿਬ' ਕਹਿ ਕੇ ਬੁਲਾਉਂਦਾ ਸੀ । ਇਸ ਤਰ੍ਹਾਂ ਭਾਵੇਂ ਕੋਈ ਹਿੰਦੂ ਜਾਂ ਮੁਸਲਮਾਨ

16. ਕੇਸਰ ਸਿੰਘ ਛਿੱਬਰ, ਬੰਸਾਵਲੀ ਨਾਮਾ, ਚਰਣ 11, ਬੰਦ 14-15.

17. ਡਾ. ਗੰਡਾ ਸਿੰਘ ਵਲੋਂ ਦਿਤੇ ਗਏ ਵੇਰਵੇ ਅਨੁਸਾਰ, ਪੰਨਾ 58.

18. *Babar Nama* (English Tr. of Tuzak-i-Babri) by Beveridge, Annete Susan Nath, p. 383.

SIKHBOOKCLUB.COM

ਅਮੀਰ ਪੇਸ਼ ਹੁੰਦਾ ਸੀ ਬੰਦਾ ਸਿੰਘ ਉਸ ਨੂੰ 'ਸਿੰਘ ਸਾਹਿਬ' ਕਹਿ ਕੇ ਹੀ ਬੁਲਾਉਂਦਾ ਸੀ। ਸਿੰਘਾਂ ਨੂੰ ਵੀ ਬੰਦਾ ਸਿੰਘ ਦਾ ਆਦੇਸ਼ ਸੀ ਕਿ ਉਹ ਵੀ ਉਸ ਨੂੰ 'ਸਿੰਘ ਸਾਹਿਬ' ਕਹਿ ਕੇ ਹੀ ਬੁਲਾਇਆ ਕਰਨ। ਕੁਝ ਲੇਖਕਾਂ ਨੇ ਇਸ ਸਮੇਂ ਕੁਝ ਮੁਸਲਮਾਨਾਂ ਵਲੋਂ ਧਰਮ ਬਦਲੀ ਦੀ ਗੱਲ ਵੀ ਕੀਤੀ ਹੈ। ਜਿਵੇਂ ਕਿ ਇਕ ਦੀਨਦਾਰ ਖਾਨ ਦਾ ਸਥਾਨਕ ਅਫ਼ਸਰ ਦੀਨਦਾਰ ਸਿੰਘ ਬਣ ਗਿਆ ਸੀ ਅਤੇ ਮੀਰ ਨਾਸੀਰੂਦੀਨ ਖਾਂ ਦੇ ਨਾਂ ਦਾ ਇਕ ਪੱਤਰ-ਪਰੇਰਕ ਮੀਰ ਨਾਸੀਰੂਦੀਨ ਸਿੰਘ ਬਣ ਗਿਆ ਸੀ। ਵੈਸੇ ਇਹ ਗੱਲਾਂ ਇਤਨੀਆਂ ਮਹੱਤਵਪੂਰਨ ਨਹੀਂ ਹਨ। ਜੇ ਧਰਮ ਬਦਲੀ ਦੀ ਹੀ ਗੱਲ ਕਰਨੀ ਹੁੰਦੀ ਤਾਂ ਸਮੁੱਚੀ ਦੀ ਸਮੁੱਚੀ ਹਾਰੀ ਹੋਈ ਕੌਮ ਤਲਵਾਰ ਦੇ ਡਰ ਅੱਗੇ ਧਰਮ ਬਦਲ ਸਕਦੀ ਸੀ। ਪਰ ਬੰਦਾ ਸਿੰਘ ਦਾ ਇਹ ਨਿਸ਼ਾਨਾ ਨਹੀਂ ਸੀ। ਜੇ ਕੋਈ ਮੁਸਲਮਾਨ ਮੁਲਾਜ਼ਮ ਧਰਮ ਬਦਲ ਕੇ ਸਿੰਘ ਬਣ ਗਿਆ ਸੀ ਤਾਂ ਇਹ ਉਸ ਦੀ ਆਪਣੀ ਮੌਕਾਪਰੱਸਤੀ ਸੀ। ਬੰਦਾ ਸਿੰਘ ਬਹਾਦੁਰ ਦਾ ਕੋਈ ਹੁਕਮ ਨਹੀਂ ਸੀ ਕਿ ਮੁਸਲਮਾਨ ਆਪਣਾ ਧਰਮ ਬਦਲ ਕੇ ਸਿੰਘ ਬਣ ਜਾਣ।

ਕੇਸਰ ਸਿੰਘ ਛਿੱਬਰ ਦੇ ਅਨੁਸਾਰ ਬੰਦਾ ਸਿੰਘ ਦਾ ਤਾਂ ਸਿੰਘਾਂ ਨੂੰ ਇਹੋ ਫ਼ਰਮਾਨ ਸੀ ਕਿ ਕੋਈ ਵੀ ਗੱਭਰੂ ਖਾਲਸਾ ਫੌਜ ਤੋਂ ਬਾਹਰ ਨਾ ਰਹੇ। ਸਭ ਨੂੰ ਪਾਪਾਂ ਦੀ ਕਮਾਈ ਛੱਡ ਕੇ ਧਰਮ ਦੀ ਕਮਾਈ ਕਰਨੀ ਚਾਹੀਦੀ ਹੈ ਅਤੇ ਗਰੀਬ ਆਦਮੀ ਦੀ ਰੱਖਿਆ ਕਰਨੀ ਚਾਹੀਦੀ।

ਸਿੰਘਾਂ ਨੂੰ ਬੰਦਾ ਇਹ ਕਹੇ।
ਗਰੀਬ ਦੀ ਰੱਖਿਆ ਕਰੋ ਗੱਭਰੂ ਨਾ ਕੋਈ ਰਹੇ।[19]

ਕੁਝ ਕੁ ਵੇਰਵੇ ਸਰਹਿੰਦ ਦੇ ਨਾਲ ਹੀ ਸਬੰਧਤ ਐਸੇ ਹਨ ਜਿਹੜੇ ਇਸ ਦੀ ਫਤਿਹ ਤੋਂ ਬਾਅਦ ਸਾਹਮਣੇ ਆਏ ਸਨ। ਜਦੋਂ ਬਾਦਸ਼ਾਹ, ਬਹਾਦੁਰ ਸ਼ਾਹ ਨੂੰ ਸਰਹਿੰਦ ਦੀ ਤਬਾਹੀ ਦੀ ਅਤੇ ਵਜ਼ੀਰ ਖਾਨ ਦੇ ਮਾਰੇ ਜਾਣ ਦੀ ਖ਼ਬਰ ਮਿਲੀ ਸੀ ਤਾਂ ਉਸ ਨੇ ਕਿਹਾ ਸੀ ਕਿ ਵਜ਼ੀਰ ਖਾਨ ਨੂੰ ਪੂਰੀ ਤਿਆਰੀ ਕਰੇ ਬਗੈਰ ਬੰਦਾ ਸਿੰਘ ਨਾਲ ਲੜਨਾ ਨਹੀਂ ਚਾਹੀਦਾ ਸੀ। *ਅਖ਼ਬਾਰ-ਏ-ਦਰਬਾਰ-ਏ-ਮੁਅੱਲਾ* ਵਿਚ ਬਿਨਾਂ ਮਿਤੀ ਤੋਂ ਇਹ ਖ਼ਬਰ ਦਿਤੀ ਗਈ ਹੈ ਕਿ ''ਇਕ ਬਹੁਤ ਉਚੇ ਰੁਤਬੇ ਵਾਲਾ ਮਨਸਬਦਾਰ ਰਾਜਧਾਨੀ ਵਿਚ ਪਹੁੰਚਿਆ। ਉਸ ਕੋਲੋਂ ਪਤਾ ਲਗਿਆ ਹੈ ਕਿ ਬਾਦਸ਼ਾਹ ਨੇ ਕਿਹਾ ਸੀ ਕਿ ਵਜ਼ੀਰ ਖਾਨ ਐਵੇਂ ਖਾਹਮੁਖਾਹ ਹੀ ਮਾਰਿਆ ਗਿਆ ਅਤੇ ਉਸ ਨੇ ਪਰਾਂਤ ਦੇ ਮਾਮਲੇ ਨੂੰ ਵੀ ਖ਼ਤਮ ਕਰ ਦਿਤਾ ਸੀ। ਜੇ ਉਹ ਕਾਮਯਾਬੀ ਨਾਲ ਲੜਨ ਦੀ ਸਥਿਤੀ ਵਿਚ ਨਹੀਂ ਸੀ ਤਾਂ ਉਸਨੂੰ ਬੰਦਾ ਸਿੰਘ ਨਾਲ ਲੜਨਾ ਨਹੀਂ ਚਾਹੀਦਾ ਸੀ।''[20]

ਬਾਦਸ਼ਾਹ ਨੇ ਜਿੱਤੀ ਹੋਈ ਅਤੇ ਤਬਾਹ ਹੋਈ ਸਰਹਿੰਦ ਦਾ ਆਪਣੇ ਵਲੋਂ ਨਵਾਂ ਸੂਬੇਦਾਰ ਜੈਨੂ ਦੀਨ ਅਹਿਮਦ ਖਾਨ ਨੂੰ ਨਿਯੁਕਤ ਕੀਤਾ ਸੀ। *ਅਖ਼ਬਾਰਾਤ-ਏ-ਦਰਬਾਰ-ਏ-ਮੁਅੱਲਾ* ਦੀ 8 ਜੁਲਾਈ, 1710, ਦਿਨ ਸ਼ਨਿਚਰਵਾਰ ਦੀ ਖ਼ਬਰ ਵਿਚ ਦੱਸਿਆ ਗਿਆ ਹੈ ਕਿ ''ਜੈਨੂਦੀਨ ਅਹਿਮਦ ਖਾਨ ਜਿਹੜਾ ਕਿ ਇਸ ਸਮੇਂ ਚਕਲਾ ਸਿਕੰਦਰਾਬਾਦ ਅਤੇ ਮੇਰਠ ਦਾ ਫੌਜਦਾਰ ਸੀ ਨੂੰ ਵਜ਼ੀਰ ਖਾਨ ਦੀ ਮੌਤ ਬਾਅਦ ਸਰਹਿੰਦ ਦਾ ਵੀ ਫੌਜਦਾਰ ਨਿਯੁਕਤ ਕੀਤਾ ਗਿਆ ਸੀ। ਉਸ ਦਾ ਮਨਸਬ ਵਧਾ ਕੇ ਅੱਠ ਹਜ਼ਾਰ ਸਵਾਰ ਅਤੇ ਦੋ ਹਜ਼ਾਰ ਸਿਹਬੰਦੀ ਪਿਆਦਾ ਕਰ ਦਿਤਾ ਗਿਆ ਸੀ।''[21]

15 ਅਪਰੈਲ, 1711, ਦਿਨ ਐਤਵਾਰ ਦੀ ਖ਼ਬਰ ਵਿਚ ਦੱਸਿਆ ਗਿਆ ਹੈ ਕਿ ਮਰ ਚੁੱਕੇ ਵਜ਼ੀਰ ਖਾਨ ਦੀ ਵਿਧਵਾ ਪਤਨੀ ਖ਼ੈਰ-ਉਲ-ਨਿਸ਼ਾ ਬਾਦਸ਼ਾਹ ਦੇ ਹਜ਼ੂਰ ਪੇਸ਼ ਹੋਈ ਅਤੇ ਆਪਣੇ ਨਿਰਬਾਹ ਵਾਸਤੇ ਕੋਈ ਮਦਦ ਦੇਣ ਦੀ ਬੇਨਤੀ ਕੀਤੀ। ਬਾਦਸ਼ਾਹ ਨੇ ਹੁਕਮ ਦਿਤਾ ਕਿ ਇਸ ਨੂੰ ਪੰਜ ਰੁਪਏ ਰੋਜ਼ਾਨਾ ਦਾ ਭੱਤਾ ਦਿਤਾ ਜਾਵੇ ਅਤੇ ਇਹ ਖਰਚਾ ਬਟਾਲੇ ਦੇ ਖ਼ਜਾਨੇ ਵਿਚੋਂ ਦਿਤਾ ਜਾਵੇ। ਉਸ ਨੇ ਇਹ ਵੀ ਕਿਹਾ ਕਿ ਅੱਗੇ ਤੋਂ ਵਜ਼ੀਰ ਖਾਨ ਨੂੰ ਸ਼ਹੀਦ ਕਿਹਾ ਜਾਵੇ।[22]

ਸਿੱਖਾਂ ਵਲੋਂ ਸਰਹਿੰਦ ਦੀ ਫਤਿਹ ਤੋਂ ਪਿੱਛੋਂ ਬਾਦਸ਼ਾਹ ਵਲੋਂ ਜੈਨੂਦੀਨ ਅਹਿਮਦ ਖਾਨ ਦੀ ਇਸ ਦੇ ਫੌਜਦਾਰ ਦੇ ਤੌਰ ਤੇ ਨਿਯੁਕਤੀ ਕਰਨ ਦਾ ਮਤਲਬ ਸਿਰਫ ਇੰਨਾ ਹੀ ਸੀ ਕਿ ਬਾਦਸ਼ਾਹ ਸਿੱਖ ਰਾਜ-ਪਰਬੰਧ ਨੂੰ ਮਾਣਤਾ ਨਹੀਂ ਦੇ ਰਿਹਾ ਸੀ। ਅਜਿਹੀਆਂ ਖ਼ਬਰਾਂ ਵੈਸੇ ਵੀ ਪਾਠਕਾਂ ਦੇ ਮਨਾਂ ਵਿਚ ਭੰਬਲਭੂਸਾ ਪੈਦਾ ਕਰਦੀਆਂ ਹਨ। ਵੈਸੇ ਜੈਨੂਦੀਨ ਅਹਿਮਦ ਖਾਨ ਸਰਹਿੰਦ ਦਾ ਫੌਜਦਾਰ ਨਿਯੁਕਤ ਹੋਣ ਦੇ ਬਾਵਜੂਦ ਵੀ ਸਰਹਿੰਦ ਨਹੀਂ ਪਹੁੰਚਿਆ ਸੀ। ਦੂਜਾ, ਵਜ਼ੀਰ ਖਾਨ ਦੀ ਪਤਨੀ ਵਲੋਂ ਆਪਣੀ ਮਦਦ ਲਈ ਕੀਤੀ ਗਈ ਫਰਿਆਦ ਦੱਸਦੀ ਹੈ ਕਿ ਵਜ਼ੀਰ ਖਾਨ ਦੀ ਮੌਤ ਬਾਅਦ ਇਸ ਦੇ ਪਰਿਵਾਰ ਦਾ ਕਿੰਨਾ ਮਾੜਾ ਹਾਲ ਹੋ ਗਿਆ ਸੀ।

ਸਰਹਿੰਦ ਦੇ ਆਲੇ-ਦੁਆਲੇ ਨੂੰ ਸੋਧਣਾ : ਸਰਹਿੰਦ ਦੀ ਫਤਿਹ ਨਾਲ ਇਹ ਸਾਰਾ ਪਰਾਂਤ, ਜਿਹੜਾ ਕਿ ਸਤਲੁਜ ਤੋਂ ਜਮੁਨਾ ਤਕ ਫੈਲਿਆ ਹੋਇਆ ਸੀ ਖਾਲਸੇ ਦੇ ਅਧੀਨ ਹੋ ਗਿਆ ਸੀ। ਪਰ ਕੁਝ ਇਕ ਤੋਂ ਅਮਲੀ ਰੂਪ ਵਿਚ ਵੀ ਅਧੀਨਗੀ ਮਨਵਾਉਣ ਦੀ ਜ਼ਰੂਰਤ ਸੀ ਕਿਉਂਕਿ ਉਨ੍ਹਾਂ ਨੇ ਸਿੱਖਾਂ ਨੂੰ ਸਤਾਉਣ ਵਿਚ ਬਹੁਤ ਵੱਡੇ ਵੱਡੇ ਅਨਿਆਇ ਕੀਤੇ ਸਨ। ਇਨ੍ਹਾਂ ਵਿੱਚ

19. ਬੰਸਾਬਲੀ ਨਾਮਾ, ਚਰਣ ਉਹੀ, ਬੰਦ 30 ਅਤੇ 32.
20. *The Punjab Past and Present*, p. 30.
21. *Ibid.*, p. 31.
22. *Ibid.*, p. 60.

SIKHBOOKCLUB.COM

ਘੁੜਾਣੀ, ਮਲੇਰਕੋਟਲਾ ਅਤੇ ਰਾਏਕੋਟ ਦੇ ਪਰਗਣੇ ਸਨ। ਬੰਦਾ ਸਿੰਘ ਬਹਾਦੁਰ ਨੇ ਆਪਣੀਆਂ ਵੱਖ ਵੱਖ ਸੈਨਿਕ ਟੁਕੜੀਆਂ ਨੂੰ ਇਨ੍ਹਾਂ ਪਰਗਣਿਆਂ ਵਿਚ ਭੇਜਿਆ।

ਘੁੜਾਣੀ : ਘੁੜਾਣੀ ਵਿਖੇ ਰਾਮਰਾਈਆਂ ਦਾ ਡੇਰਾ ਸੀ। ਇਹ ਰਾਮਰਾਈਏ ਮੁਗ਼ਲ ਹਕੂਮਤ ਨਾਲ ਮਿਲ ਕੇ ਸਿੱਖਾਂ ਨੂੰ ਹਰ ਕਿਸਮ ਨਾਲ ਠਿੱਠ ਕਰਦੇ ਰਹੇ ਸਨ। ਰਾਮਰਾਈਆਂ ਦੇ ਡੇਰੇ ਵਿਚ, ਸਰਹਿੰਦ ਦੀ ਜਿੱਤ ਤੋਂ ਪਹਿਲਾਂ ਇਕ ਬੁਲਾਕਾ ਸਿੰਘ ਨਾਂ ਦਾ ਸਿੱਖ ਘੁੰਮਦਾ-ਘੁੰਮਾਉਂਦਾ ਆ ਗਿਆ ਸੀ। ਉਸ ਨੇ ਇਥੇ ਰਾਤ ਦਾ ਠਹਿਰਾਅ ਕਰਨ ਦਾ ਮਨ ਬਣਾਇਆ ਸੀ। ਸ਼ਾਮ ਨੂੰ ਪਾਠ ਕਰਨ ਸਮੇਂ ਜਦੋਂ ਭਾਈ ਬੁਲਾਕਾ ਸਿੰਘ ਨੇ ਰਾਮਰਾਈਆਂ ਦੀ ਮਰਯਾਦਾ ਅਨੁਸਾਰ ਪਾਠ ਨਾ ਕੀਤਾ ਤਾਂ ਉਨ੍ਹਾਂ ਨੇ ਭਾਈ ਬੁਲਾਕਾ ਸਿੰਘ ਨੂੰ ਖੂਬ ਕੁਟਾਪਾ ਚਾੜ੍ਹਿਆ ਸੀ। ਉਸ ਸਮੇਂ ਤਾਂ ਕਿਸੇ ਨਾ ਕਿਸੇ ਤਰੀਕੇ ਨਾਲ ਇਸ ਸਿੱਖ ਨੇ ਸਬਰ ਕੀਤਾ ਸੀ ਪਰ ਜਦੋਂ ਬੰਦਾ ਸਿੰਘ ਨੇ ਸਰਹਿੰਦ ਨੂੰ ਫਤਿਹ ਕਰ ਲਿਆ ਸੀ ਤਾਂ ਇਸ ਨੇ ਬੰਦਾ ਸਿੰਘ ਨੂੰ ਆਪਣੇ ਨਾਲ ਬੀਤੀ ਸਾਰੀ ਗੱਲ ਦੱਸੀ। ਬੰਦਾ ਸਿੰਘ ਨੇ ਸਿੰਘਾਂ ਦਾ ਇਕ ਜੱਥਾ ਭਾਈ ਬੁਲਾਕਾ ਸਿੰਘ ਦੀ ਕਮਾਂਡ ਹੇਠ ਹੀ ਘੁੜਾਣੀ ਭੇਜ ਦਿੱਤਾ। ਰਾਮਰਾਈਆਂ ਨੂੰ ਖੂਬ ਕੁਟਾਪਾ ਚਾੜ੍ਹਿਆ ਗਿਆ। ਕੁਝ ਰਾਮਰਾਈਏ ਤਾਂ ਡੇਰਾ ਛੱਡ ਕੇ ਭੱਜ ਗਏ ਸਨ ਤੇ ਕੁਝ ਨੇ ਖਾਲਸਾ ਮਰਯਾਦਾ ਅਪਣਾ ਲਈ ਸੀ। ਬੰਦਾ ਸਿੰਘ ਨੇ ਘੁੜਾਣੀ ਵਿਖੇ ਇਕ ਥਾਣਾ ਹੀ ਕਾਇਮ ਕਰ ਦਿੱਤਾ ਸੀ ਅਤੇ ਭਾਈ ਬੁਲਾਕਾ ਸਿੰਘ ਨੂੰ ਹੀ ਇਥੋਂ ਦਾ ਥਾਣੇਦਾਰ ਬਣਾ ਦਿੱਤਾ ਸੀ। ਆਲੇ-ਦੁਆਲੇ ਦੇ ਘਲੋਟੀ, ਧਮੋਟ ਆਦਿ ਅਨੇਕਾਂ ਪਿੰਡਾਂ ਦੇ ਚੌਧਰੀਆਂ ਨੇ ਬੰਦਾ ਸਿੰਘ ਨੂੰ ਆਪਣੇ ਵਿੱਤ ਮੁਤਾਬਕ ਨਜ਼ਰਾਨੇ ਪੇਸ਼ ਕੀਤੇ।

ਮਾਲੇਰਕੋਟਲਾ : ਮਾਲੇਰਕੋਟਲਾ ਸਰਹਿੰਦ ਪਰਾਂਤ ਦਾ ਇਕ ਮਹੱਤਵਪੂਰਨ ਪਰਗਣਾ ਸੀ। ਇਥੋਂ ਦਾ ਹਾਕਮ ਸ਼ੇਰ ਮੁਹੰਮਦ ਖਾਨ ਸਰਹਿੰਦ ਦੇ ਨਵਾਬ ਦਾ ਸੱਜਾ ਹੱਥ ਸੀ। ਭਾਵੇਂ ਇਸ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਮੇਂ ਵਜ਼ੀਰ ਖਾਨ ਨੂੰ ਇਹ ਕਹਿ ਕੇ ਟੋਕਿਆ ਸੀ ਕਿ ਗੁਰੂ ਗੋਬਿੰਦ ਸਿੰਘ ਨਾਲ ਦੁਸ਼ਮਣੀ ਉਸ ਦੇ ਬੱਚਿਆਂ ਨੂੰ ਮਾਰ ਕੇ ਨਹੀਂ ਕੱਢਣੀ ਚਾਹੀਦੀ ਸਗੋਂ ਉਸ ਨਾਲ ਲੜ ਕੇ ਬਦਲਾ ਲੈਣਾ ਚਾਹੀਦਾ ਹੈ। ਇਸ ਹਾਅ ਦੇ ਨਾਅਰੇ ਨੂੰ ਸਿੱਖਾਂ ਨੇ ਲੋਹ ਨਾਲੋਂ ਵੀ ਜ਼ਿਆਦਾ ਅਹਿਮੀਅਤ ਦਿੱਤੀ ਸੀ। ਪਰ ਸ਼ੇਰ ਮੁਹੰਮਦ ਖਾਂ ਨੇ ਕੋਈ ਵੀ ਐਸਾ ਮੌਕਾ ਨਹੀਂ ਸੀ ਖੁੰਝਾਇਆ ਜਦੋਂ ਕਿ ਉਸ ਨੇ ਸਿੱਖਾਂ ਨਾਲ ਜ਼ੁਲਮ ਨਾ ਕੀਤਾ ਹੋਵੇ। ਇਕ ਸਿੱਖ ਬੀਬੀ ਅਨੂਪ ਕੌਰ ਇਸਦੇ ਜ਼ੁਲਮਾਂ ਤੋਂ ਤੰਗ ਆ ਕੇ ਆਤਮ-ਹੱਤਿਆ ਕਰ ਗਈ ਸੀ। ਕਤਲ ਨੂੰ ਛੁਪਾਉਣ ਲਈ ਸ਼ੇਰ ਮੁਹੰਮਦ ਖਾਂ ਨੇ ਬੀਬੀ ਅਨੂਪ ਕੌਰ ਨੂੰ ਚੁਪ-ਚਾਪ ਹੀ ਕਬਰ ਵਿਚ ਦਬਾ ਦਿੱਤਾ ਸੀ। ਇਸ ਗੱਲ ਦਾ ਸਿੰਘਾਂ ਨੂੰ ਪਤਾ ਸੀ। ਉਨ੍ਹਾਂ ਨੇ ਇਸ ਬਾਰੇ ਬੰਦਾ ਸਿੰਘ ਨੂੰ ਦੱਸਿਆ। ਬੰਦਾ ਸਿੰਘ ਬੀਬੀ ਅਨੂਪ ਕੌਰ ਦੀ ਲਾਸ਼ ਲੈਣ ਲਈ ਮਾਲੇਰਕੋਟਲੇ ਆਇਆ। ਬੰਦਾ ਸਿੰਘ ਦਾ ਮਾਲੇਰਕੋਟਲੇ ਆਉਣਾ ਹੀ ਇਕ ਹਊਆ ਸੀ। ਸਭ ਦੁਕਾਨਦਾਰ ਵਿਤੋਂ ਵੱਧ ਪੈਸੇ ਇਕੱਠੇ ਕਰਕੇ ਪਹਿਲੋਂ ਹੀ ਇਕ ਸਹਿਜਧਾਰੀ ਸਿੱਖ ਭਾਈ ਕਿਸ਼ਨ ਦਾਸ ਦੀ ਅਗਵਾਈ ਹੇਠ ਸ਼ਹਿਰ ਤੋਂ ਬਾਹਰ ਬੰਦਾ ਸਿੰਘ ਨੂੰ ਆ ਮਿਲੇ। ਇਸ ਨਜ਼ਰਾਨੇ ਬਦਲੇ ਸ਼ਹਿਰ ਨੂੰ ਲੁੱਟਣ ਤੇ ਮੁਆਫ਼ ਕਰਨ ਦੀ ਬੇਨਤੀ ਕੀਤੀ। ਵੈਸੇ ਬੰਦਾ ਸਿੰਘ ਸ਼ਹਿਰ ਲੁੱਟਣ ਤਾਂ ਆਇਆ ਨਹੀਂ ਸੀ। ਉਸ ਨੇ ਨਜ਼ਰਾਨੇ ਵਿਚੋਂ ਕੁੱਝ ਹਿੱਸਾ ਪੈਸੇ ਸ਼ਹਿਰੀਆਂ ਨੂੰ ਵਾਪਸ ਕਰ ਦਿੱਤੇ ਅਤੇ ਇਨ੍ਹਾਂ ਪੈਸਿਆਂ ਨਾਲ ਬੀਬੀ ਅਨੂਪ ਕੌਰ ਦੀ ਯਾਦ ਵਿਚ ਕੁਝ ਬਣਾਉਣ ਦੀ ਤਾਕੀਦ ਕੀਤੀ। ਬੀਬੀ ਅਨੂਪ ਕੌਰ ਦੀ ਲਾਸ਼ ਕਬਰ ਵਿਚੋਂ ਕੱਢੀ ਗਈ ਅਤੇ ਉਸ ਦਾ ਖ਼ਾਲਸਾ ਮਰਯਾਦਾ ਅਨੁਸਾਰ ਦਾਹ-ਸਸਕਾਰ ਕੀਤਾ ਗਿਆ।

ਰਾਇਕੋਟ : ਰਾਇਕੋਟ ਮਾਲੇਰਕੋਟਲੇ ਤੋਂ 30 ਕਿਲੋਮੀਟਰ ਅੱਗੇ ਹੈ। ਇਥੋਂ ਦਾ ਫੌਜਦਾਰ ਵੀ ਅਜੇ ਤੱਕ ਨਜ਼ਰਾਨਾ ਲੈ ਕੇ ਪੇਸ਼ ਨਹੀਂ ਹੋਇਆ ਸੀ। ਬੰਦਾ ਸਿੰਘ ਦਾ ਦਲ ਮਾਲੇਰਕੋਟਲੇ ਤੋਂ ਅੱਗੇ ਵੱਧਿਆ। ਰਾਇਕੋਟ ਪਹੁੰਚਣ ਤੇ ਇਥੋਂ ਦਾ ਹਾਕਮ, ਆਲੇ-ਦੁਆਲੇ ਦੇ ਚੌਧਰੀਆਂ ਸਮੇਤ, ਪਹਿਲੋਂ ਹੀ ਨਜ਼ਰਾਨਾ ਲੈ ਕੇ ਪਹੁੰਚਿਆ ਹੋਇਆ ਸੀ। ਬੰਦਾ ਸਿੰਘ ਨੇ ਇਨ੍ਹਾਂ ਸਭ ਪਿੰਡਾਂ ਵਿਚ ਖ਼ਾਲਸਾ ਪੰਚਾਇਤਾਂ ਬਣਾਈਆਂ ਅਤੇ ਰਾਇਕੋਟ ਦੇ ਹਾਕਮ ਨੂੰ ਹੁਕਮ ਦਿੱਤਾ ਕਿ ਉਹ ਇਨ੍ਹਾਂ ਖ਼ਾਲਸਾ ਪੰਚਾਇਤਾਂ ਦੀ ਸਲਾਹ ਨਾਲ ਪਰਬੰਧ ਕਰੇ।

SIKHBOOKCLUB.COM

9. ਖ਼ਾਲਸਾ ਰਾਜ ਦੀ ਸਥਾਪਨਾ

12 ਮਈ, 1710 ਨੂੰ ਸਰਹਿੰਦ ਦੀ ਫਤਿਹ ਨਾਲ ਬਾਕਾਇਦਾ ਰੂਪ ਵਿਚ ਖ਼ਾਲਸਾ ਰਾਜ ਦੀ ਸਥਾਪਨਾ ਹੋ ਗਈ ਸੀ। ਵੈਸੇ ਤਾਂ ਸਮਾਣਾ ਅਤੇ ਸਢੌਰਾ ਜਿੱਤ ਲੈਣ ਨਾਲ ਹੀ, ਜਿੱਤੇ ਹੋਏ ਇਲਾਕਿਆਂ ਉਪਰ ਬੰਦਾ ਸਿੰਘ ਬਹਾਦੁਰ ਦਾ ਹੁਕਮ ਲਾਗੂ ਹੋ ਗਿਆ ਸੀ ਪਰ ਕਿਉਂਕਿ ਸਮਾਣੇ ਅਤੇ ਸਢੌਰੇ ਦੇ ਹਾਕਮ ਕਿਸੇ ਵਿਸ਼ੇਸ਼ ਤਾਕਤ ਦੇ ਮਾਲਕ ਨਹੀਂ ਸਨ ਅਤੇ ਨਾ ਹੀ ਸਮਾਣਾ, ਸਢੌਰਾ ਕੋਈ ਇਲਾਕਾਈ ਕੇਂਦਰ ਸਨ। ਇਹ ਅਜਿਹੀਆਂ ਸੈਨਿਕ ਚੌਕੀਆਂ ਸਨ ਜਿਨ੍ਹਾਂ ਦੀ ਜਿੱਤ ਤਾਂ ਮਹੱਤਵਪੂਰਨ ਸੀ ਪਰ ਇਨ੍ਹਾਂ ਉਪਰ ਹੁਕਮ ਲਾਗੂ ਕਰਨ ਨਾਲ ਤਕਨੀਕੀ ਤੌਰ ਤੇ ਖ਼ਾਲਸਾ ਰਾਜ ਦੀ ਸਥਾਪਨਾ ਨਹੀਂ ਹੋਈ ਸੀ।

ਸਰਹਿੰਦ ਇਕ ਪਰਾਂਤਿਕ ਕੇਂਦਰ ਸੀ। ਇਹ ਪਰਾਂਤ ਵੀ ਬਹੁਤ ਵਿਸ਼ਾਲ ਖੇਤਰ ਵਾਲਾ ਸੀ। 28 ਪਰਗਣੇ ਸਨ, ਜਿਨ੍ਹਾਂ ਵਿਚੋਂ ਡੇਢ ਕਰੋੜ ਤੋਂ ਵੀ ਉਪਰ ਉਗਰਾਹੀ ਹੁੰਦੀ ਸੀ ਅਤੇ ਸਰਹਿੰਦ ਆਪਣੇ ਆਪ ਵਿਚ ਇਕ ਰਾਜਧਾਨੀ ਸੀ। ਰਾਜਧਾਨੀ ਦੇ ਹਰਾਏ ਜਾਣ ਨਾਲ ਜਿੰਨੇ ਵੀ ਇਸ ਅਧੀਨ ਹੋਰ ਅਧਿਕਾਰੀ ਸਨ ਸਭ ਆਪਣੇ ਆਪ ਬੰਦਾ ਸਿੰਘ ਬਹਾਦੁਰ ਦੇ ਅਧੀਨ ਹੋ ਗਏ ਸਨ। ਸਰਹਿੰਦ ਤੋਂ ਜਾਰੀ ਹੋਇਆ ਹੁਕਮ ਹਰ ਉਸ ਅਧਿਕਾਰੀ ਲਈ ਮੰਨਣਾ ਲਾਜ਼ਮੀ ਹੁੰਦਾ ਸੀ ਜਿਹੜਾ ਵੀ ਸਰਹਿੰਦ ਦੀ ਸੂਬੇਦਾਰੀ ਦੇ ਅਧੀਨ ਆਉਂਦਾ ਸੀ। ਉਹ ਭਾਵੇਂ ਜੰਗ ਵਿਚ ਹਰਾਇਆ ਗਿਆ ਸੀ ਜਾਂ ਨਹੀਂ। ਮਿਸਾਲ ਦੇ ਤੌਰ ਤੇ ਭਾਵੇਂ ਮਾਲੇਰਕੋਟਲੇ ਦੀ ਰਿਆਸਤ ਨੂੰ ਨਹੀਂ ਹਰਾਇਆ ਗਿਆ ਸੀ ਪਰ ਕਿਉਂਕਿ ਸਰਹਿੰਦ ਇਸ ਦੀ ਉਚ-ਤਾਕਤ ਸੀ ਇਸ ਲਈ ਉਸ ਦੇ ਹਰਾਏ ਜਾਣ ਨਾਲ ਤਕਨੀਕੀ ਤੌਰ ਤੇ ਸਾਰਾ ਪਰਾਂਤ ਖ਼ਾਲਸੇ ਦੇ ਅਧੀਨ ਹੋ ਗਿਆ ਸੀ। ਇਉਂ ਸਰਹਿੰਦ ਦੀ ਜਿੱਤ ਨਾਲ ਬਾਕਾਇਦਾ ਰੂਪ ਵਿਚ ਸਤਲੁਜ ਤੋਂ ਲੈ ਕੇ ਜਮੁਨਾ ਤੱਕ ਬੰਦਾ ਸਿੰਘ ਬਹਾਦੁਰ ਦੀ ਅਗਵਾਈ ਹੇਠ ਖ਼ਾਲਸਾ ਰਾਜ ਦੀ ਸਥਾਪਨਾ ਕੀਤੀ ਗਈ। 25 ਮਈ ਨੂੰ ਖ਼ਾਲਸਾ ਦਰਬਾਰ ਲਗਾਇਆ ਗਿਆ। ਇਸ ਦਰਬਾਰ ਵਿਚ ਨਵੀਆਂ ਨੀਤੀਆਂ ਦਾ ਵੀ ਐਲਾਨ ਕੀਤਾ ਗਿਆ ਸੀ ਅਤੇ ਨਵੀਆਂ ਨਿਯੁਕਤੀਆਂ ਦੇ ਵੀ ਫੁਰਮਾਨ ਜਾਰੀ ਕੀਤੇ ਗਏ ਸਨ।

ਨਵੀਆਂ ਨੀਤੀਆਂ ਇਹ ਸਨ ਕਿ ਖ਼ਾਲਸਾ ਰਾਜ ਅੰਦਰ ਜੋ ਵੀ ਉਪਜਾਊ ਜ਼ਮੀਨ ਸੀ ਉਸ ਦਾ ਉਹ ਹੀ ਮਾਲਕ ਮੰਨਿਆ ਜਾਣਾ ਸੀ ਜਿਹੜਾ ਉਸ ਨੂੰ ਵਾਹੁੰਦਾ ਅਤੇ ਬੀਜਦਾ ਸੀ। ਇਸ ਨਾਲ ਜਾਗੀਰਦਾਰੀਆਂ ਅਤੇ ਬਿਸਵੇਦਾਰੀਆਂ ਖ਼ਤਮ ਹੋ ਗਈਆਂ ਸਨ ਅਤੇ ਹਲਵਾਹਕ ਕਿਸਾਨ ਅਤੇ ਕਿਰਤੀ ਲੋਕ ਜ਼ਮੀਨਾਂ ਦੇ ਮਾਲਕ ਬਣ ਗਏ ਸਨ। ਦੁਨੀਆਂ ਵਿਚ ਪਹਿਲੀ ਵਾਰ ਸਿਰਫ਼ 1789 ਈ. ਵਿਚ ਫਰਾਂਸ ਦੇ ਇਨਕਲਾਬ ਰਾਹੀਂ ਜਾਗੀਰਦਾਰੀਆਂ ਤੋੜੇ ਜਾਣ ਦੀ ਗੱਲ ਕਹੀ ਜਾਂਦੀ ਹੈ ਪਰ ਪੰਜਾਬ ਵਿਚ ਫਰਾਂਸ ਦੇ ਇਨਕਲਾਬ ਤੋਂ 80 ਸਾਲ ਪਹਿਲਾਂ ਬੰਦਾ ਸਿੰਘ ਬਹਾਦੁਰ ਨੇ ਇਹ ਗੱਲ ਕਰ ਦਿਖਾਈ ਸੀ। ਬੰਦਾ ਸਿੰਘ ਦਾ ਸਮਕਾਲੀ ਮੁਸਲਿਮ ਲੇਖਕ ਖਾਫ਼ੀ ਖਾਂ ਵੀ ਇਸ ਗੱਲ ਦੀ ਪੁਸ਼ਟੀ ਕਰਦਾ ਹੋਇਆ ਲਿਖਦਾ ਹੈ ਕਿ 'ਬੰਦੇ ਨੇ ਸ਼ਾਹੀ ਅਧਿਕਾਰੀਆਂ, ਮੁਕੱਦਮਾ ਅਤੇ ਜਾਗੀਰਦਾਰਾਂ ਨੂੰ ਹੁਕਮ ਜਾਰੀ ਕਰ ਦਿੱਤੇ ਸਨ ਕਿ ਉਹ ਆਪਣੀਆਂ ਜਾਗੀਰਾਂ ਅਤੇ ਵਪਾਰ ਲੋਕਾਂ ਨੂੰ ਸੌਂਪ ਦੇਣ।'[1] ਡਾ. ਗੰਡਾ ਸਿੰਘ ਸਹੀ-ਉਲ-ਅਖ਼ਬਾਰ ਦੀ ਗਵਾਹੀ ਦੇ ਆਧਾਰ ਤੇ ਲਿਖਦਾ ਹੈ ਕਿ ਬਾਦਸ਼ਾਹਾਂ ਦੇ ਵੇਲੇ ਹਰ ਉਹ ਆਦਮੀ ਜੋ ਪੁਰਾਣੇ ਸਮੇਂ ਤੋਂ ਕਈ ਪਰਗਣਿਆਂ ਦਾ ਮਾਲਕ ਚਲਾ ਆਉਂਦਾ ਸੀ, ਜ਼ਿਮੀਂਦਾਰ ਕਹਾਉਂਦਾ ਸੀ। ਉਹ ਆਪਣੀ ਮਨਮਰਜ਼ੀ ਨਾਲ ਕਿਸਾਨਾਂ ਨੂੰ ਰੱਖ ਅਤੇ ਕੱਢ ਸਕਦਾ ਸੀ। ਇਹ ਜ਼ਿਮੀਂਦਾਰ ਆਮ ਤੌਰ ਤੇ ਵੱਡੇ ਸਰਕਾਰੀ ਅਫ਼ਸਰ ਹੁੰਦੇ ਸਨ ਜੋ ਆਪਣੇ ਆਪ ਵਿਚ ਹੀ ਮਨਮੌਜੀ ਬਾਦਸ਼ਾਹਾਂ ਵਾਂਗ ਹੁੰਦੇ ਸਨ। ਨਤੀਜਾ ਇਹ ਹੁੰਦਾ ਸੀ ਕਿ ਹਲ-ਵਾਹਕ ਲੋਕਾਂ ਦੀ ਦਸ਼ਾ ਹੌਲੀ-ਹੌਲੀ ਪਰਾਧੀਨ ਦਾਸਾਂ ਵਰਗੀ ਹੋ ਜਾਂਦੀ ਸੀ। ਸਾਰੇ ਹੀ ਸੂਬਿਆਂ ਵਿੱਚ ਹਾਲਾਤ ਬੜੇ ਬਿਗੜੇ ਹੋਏ ਸਨ ਅਤੇ ਸਰਕਾਰੀ ਅਫ਼ਸਰਾਂ ਅਤੇ ਜ਼ਿਮੀਂਦਾਰਾਂ ਉਤੇ ਕੋਈ ਕੁੰਡਾ ਨਹੀਂ ਸੀ। ਸਿੱਖ ਇਸ ਵਡਿਆਈ ਦੇ ਸਭ ਤੋਂ ਵੱਧ ਭਾਗੀ ਹਨ ਕਿ ਉਨ੍ਹਾਂ ਨੇ ਰਾਜ ਦੇ ਮੁੱਢਲੇ ਸਮੇਂ ਵਿਚ ਹੀ ਇਕ ਬੜਾ ਵੱਡਾ ਸੁਧਾਰ ਕਰਕੇ ਰੱਖ ਦਿੱਤਾ ਸੀ।[2]

ਇਸ ਤਰ੍ਹਾਂ ਵਿਸ਼ਵ ਦੇ ਇਤਿਹਾਸ ਵਿਚ ਬੰਦਾ ਸਿੰਘ ਬਹਾਦੁਰ ਵਲੋਂ ਜਾਗੀਰਦਾਰੀਆਂ ਤੇ ਬਿਸਵੇਦਾਰੀਆਂ ਤੋੜ ਕੇ ਪਹਿਲੀ ਵਾਰ ਹੱਥੀਂ ਕੰਮ ਕਰਨ ਵਾਲਿਆਂ ਨੂੰ ਜ਼ਮੀਨ ਦੀ ਮਾਲਕੀ ਦੇ ਅਧਿਕਾਰ ਦਿੱਤੇ ਗਏ ਸਨ। ਪੰਜਾਬ ਦੇ ਜੱਟ ਕਿਸਾਨ ਦੀ ਮੌਜੂਦਾ ਖੁਸ਼ਹਾਲੀ ਵਿਚ ਬੰਦਾ ਸਿੰਘ ਬਹਾਦੁਰ ਦੀ ਇਸ ਨੀਤੀ ਦਾ ਬਹੁਤ ਵੱਡਾ ਯੋਗਦਾਨ ਹੈ। ਜਿਸ ਸਮੇਂ ਦੁਨੀਆਂ ਭਰ ਦਾ ਕਿਸਾਨ ਜਾਗੀਰਦਾਰੀ ਦੇ ਜੂਲੇ ਹੇਠ ਜਕੜਿਆ ਪਿਆ ਸੀ ਉਸ ਸਮੇਂ ਪੰਜਾਬ ਦਾ ਕਿਸਾਨ ਆਪਣੀ ਮਾਲਕੀ ਦੇ ਅਧਿਕਾਰ ਪਰਾਪਤ ਕਰ ਰਿਹਾ ਸੀ। ਇਹ ਇਕ ਅਹਿਮ ਅਤੇ ਸਭ ਤੋਂ ਪਹਿਲਾ ਐਲਾਨ ਸੀ ਬੰਦਾ ਸਿੰਘ ਬਹਾਦੁਰ ਦੇ ਖ਼ਾਲਸਾ ਰਾਜ ਦਾ।

1. Elliot and Dowson, *History of India As Told by Its own Historians,* Vol. VIII, Allahabad, 1964, p. 426.
2. ਡਾ. ਗੰਡਾ ਸਿੰਘ, *ਬੰਦਾ ਸਿੰਘ ਬਹਾਦੁਰ*, ਪਟਿਆਲਾ, 1990, ਪੰਨੇ 47-48.

SIKHBOOKCLUB.COM

ਇਸੇ ਨੀਤੀ ਨਾਲ ਇਕ ਗੱਲ ਹੋਰ ਜੁੜੀ ਹੋਈ ਹੈ। ਉਹ ਇਹ ਕਿ ਜਦੋਂ ਬੰਦਾ ਸਿੰਘ ਨੇ ਸਭ ਹਲ ਵਾਹਕਾਂ ਨੂੰ ਇਹ ਕਿਹਾ ਕਿ ਉਹ ਆਪੋ-ਆਪਣੇ ਮਾਲਕਾਂ ਨੂੰ ਜ਼ਮੀਨਾਂ ਵਿਚੋਂ ਕੁੱਟ ਕੇ ਕੱਢ ਦੇਣ ਤਾਂ ਸਾਰੇ ਹਲ ਵਾਹਕ ਠਠੰਬਰ ਕੇ ਕਹਿਣ ਲੱਗੇ ਕਿ ਉਹ ਨਿਰਬਲ ਹਨ ਜਦੋਂ ਕਿ ਉਨ੍ਹਾਂ ਦੇ ਮਾਲਕ ਤਾਕਤਵਰ ਹਨ। ਇਸ ਦੇ ਜਵਾਬ ਵਿਚ ਬੰਦਾ ਸਿੰਘ ਨੇ ਗੱਜ ਕੇ ਕਿਹਾ ਸੀ ਕਿ 'ਜੇ ਤੁਸੀਂ ਹਜ਼ਾਰਾਂ ਦੀ ਗਿਣਤੀ ਵਿਚ ਹੋਣ ਦੇ ਬਾਵਜੂਦ ਵੀ ਸੈਂਕੜਿਆਂ ਦੀ ਗਿਣਤੀ ਵਾਲੇ ਜਾਗੀਰਦਾਰਾਂ ਤੋਂ ਡਰਦੇ ਹੋ ਤਾਂ ਯਾਦ ਰੱਖੋ ਤੁਹਾਨੂੰ ਮੈਂ ਤੋਪਾਂ ਨਾਲ ਉਡਾ ਦਿਆਂਗਾ।' ਇਉਂ ਬੰਦਾ ਸਿੰਘ ਬਹਾਦੁਰ ਨੇ ਕਿਰਤੀ ਕਿਸਾਨਾਂ ਨੂੰ ਲੜਨ ਲਈ ਅਤੇ ਆਪਣੇ ਅਧਿਕਾਰ ਪਰਾਪਤ ਕਰਨ ਲਈ ਪਰੇਰਿਤ ਕੀਤਾ ਸੀ।

ਖ਼ਾਲਸਾ ਦਰਬਾਰਾਂ ਵਿਚ ਦੂਜੀ ਮਹੱਤਵਪੂਰਨ ਕਾਰਵਾਈ ਖ਼ਾਲਸਾ ਰਾਜ ਦੇ ਅਧਿਕਾਰੀਆਂ ਦੀਆਂ ਨਵੀਆਂ ਨਿਯੁਕਤੀਆਂ ਕਰਨ ਦੀ ਸੀ। ਪਹਿਲੀ ਵੱਡੀ ਨਿਯੁਕਤੀ ਭਾਈ ਬਾਜ ਸਿੰਘ ਦੀ ਸੀ। ਉਸ ਨੂੰ ਸਰਹਿੰਦ ਦਾ ਗਵਰਨਰ ਬਣਾਇਆ ਗਿਆ ਸੀ। ਉਸ ਨੂੰ ਹੁਕਮ ਦਿੱਤਾ ਗਿਆ ਸੀ ਕਿ ਉਹ ਸਾਰੇ ਸੂਬੇ ਵਿਚ ਅਮਨ ਸਥਾਪਤ ਕਰੇ ਅਤੇ ਜਾਗੀਰਦਾਰਾਂ ਨੂੰ ਸਿਰ ਨਾ ਚੁੱਕਣ ਦੇਵੇ। ਭਾਈ ਆਲੀ ਸਿੰਘ ਨੂੰ ਉਸ ਦਾ ਨਾਇਬ ਨਿਯੁਕਤ ਕੀਤਾ ਗਿਆ। ਭਾਈ ਫਤਿਹ ਸਿੰਘ ਸਮਾਣੇ ਦਾ ਗਵਰਨਰ ਸੀ। ਜਿਵੇਂ ਕਿ ਪਹਿਲਾਂ ਵੀ ਲਿਖਿਆ ਜਾ ਚੁਕਿਆ ਹੈ ਕਿ ਸਮਾਣੇ ਵਿਚ ਹੋਰ ਇਲਾਕੇ ਸ਼ਾਮਲ ਕਰਕੇ ਭਾਈ ਫ਼ਤਿਹ ਸਿੰਘ ਨੂੰ ਫਿਰ ਤੋਂ ਪੱਕਾ ਕੀਤਾ ਗਿਆ ਸੀ। ਭਾਈ ਰਾਮ ਸਿੰਘ ਨੂੰ ਥਾਨੇਸਰ ਦਾ ਗਵਰਨਰ ਨਿਯੁਕਤ ਕੀਤਾ ਗਿਆ। ਬਾਬਾ ਬਿਨੋਦ ਸਿੰਘ ਨੂੰ ਪਾਣੀਪਤ ਅਤੇ ਕਰਨਾਲ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ ਸੀ। ਇਸ ਦੇ ਜਿੰਮੇ ਇਹ ਕੰਮ ਵੀ ਲਾਇਆ ਗਿਆ ਸੀ ਕਿ ਉਹ ਜਰਨੈਲੀ ਸੜਕ ਦੀ ਨਿਗਰਾਨੀ ਕਰੇ ਅਤੇ ਦਿੱਲੀ ਵਲੋਂ ਕਿਸੇ ਵੀ ਆਉਣ ਵਾਲੇ ਦੁਸ਼ਮਣ ਨੂੰ ਰੋਕ ਕੇ ਰੱਖੇ। ਇਸ ਤਰ੍ਹਾਂ ਮੋਟੇ ਜਿਹੇ ਰੂਪ ਵਿਚ ਨਵੇਂ ਸਥਾਪਤ ਹੋਏ ਖ਼ਾਲਸਾ ਰਾਜ ਨੂੰ ਚਾਰ ਮੁੱਖ ਸੂਬਿਆਂ ਵਿਚ ਵੰਡ ਦਿੱਤਾ ਗਿਆ ਸੀ। ਇਹ ਸਨ : ਸਰਹਿੰਦ ਖਾਸ, ਸਮਾਣਾ, ਥਾਨੇਸਰ ਅਤੇ ਸੋਨੀਪਤ-ਕਰਨਾਲ।

ਸਰਹਿੰਦ ਦੀ ਜਿੱਤ ਤੋਂ ਪਹਿਲਾਂ ਬੰਦਾ ਸਿੰਘ ਦਾ ਹੈਡ-ਕੁਆਟਰ ਸਢੌਰੇ ਦੇ ਨੇੜੇ ਲੋਹਗੜ੍ਹ (ਮੁਖ਼ਲਿਸਗੜ੍ਹ) ਦਾ ਕਿਲ੍ਹਾ ਸੀ ਜਿਸ ਦਾ ਵਿਸਥਾਰ ਪੂਰਬਕ ਵਿਸਥਾਰ ਇਕ ਵੱਖਰੇ (ਅਗਲੇ) ਪਾਠ ਵਿਚ ਦਿਤਾ ਗਿਆ ਹੈ।

ਬੰਦਾ ਸਿੰਘ ਬਹਾਦੁਰ ਇਸ ਸਮੇਂ ਜਮੁਨਾ ਤੋਂ ਲੈ ਕੇ ਸਤਲੁਜ ਤੱਕ ਦੇ ਖੇਤਰ ਦਾ ਪੂਰਾ ਮਾਲਕ ਸੀ। ਬਾਦਸ਼ਾਹ ਬਹਾਦੁਰ ਸ਼ਾਹ ਦੱਖਣ ਵਿਚ ਸੀ। ਇਸ ਤਰ੍ਹਾਂ ਦਿੱਲੀ ਬਾਦਸ਼ਾਹ ਤੋਂ ਬਿਨਾਂ ਖਾਲੀ ਸੀ। ਬਾਕੀ ਦੇ ਅਧਿਕਾਰੀ ਬੰਦਾ ਸਿੰਘ ਨਾਲ ਮੱਥਾ ਲਾਉਣ ਨੂੰ ਤਿਆਰ ਨਹੀਂ ਸਨ। ਪਾਣੀਪਤ, ਕਰਨਾਲ, ਕੁੰਜਪੁਰਾ, ਸਢੌਰਾ, ਸਮਾਣਾ, ਸਰਹਿੰਦ ਇਹ ਸਭ ਜਿੱਤੇ ਜਾ ਚੁੱਕੇ ਸਨ। ਨਾਹਨ ਅਤੇ ਹੋਰ ਗੁਆਂਢੀ ਪਹਾੜੀ ਰਿਆਸਤਾਂ ਬੰਦਾ ਸਿੰਘ ਦੀਆ ਹਮਦਰਦ ਸਨ। ਇਸ ਇਲਾਕੇ ਦਾ ਕਿਸਾਨੀ ਤਬਕਾ ਬੰਦਾ ਸਿੰਘ ਦਾ ਤਨੋ-ਮਨੋ ਹਮਦਰਦ ਸੀ। ਗਰੀਬ ਅਤੇ ਦੱਬੇ-ਕੁਚਲੇ ਲੋਕ ਸਭ ਬੰਦੇ ਦੇ ਝੰਡੇ ਹੇਠ ਇਕੱਠੇ ਹੋ ਰਹੇ ਸਨ। ਵਿਲੀਅਮ ਇਰਵਿਨ ਲਿਖਦਾ ਹੈ ਕਿ 'ਸਿੱਖਾਂ ਦੇ ਕਬਜ਼ੇ ਹੇਠ ਆਏ ਸਾਰੇ ਪਰਗਣਿਆਂ ਵਿਚ ਪੁਰਾਣੇ ਰਿਵਾਜ਼ਾਂ ਦਾ ਉਲਟ-ਪੁਲਟ ਹੋ ਜਾਣਾ ਹੈਰਾਨ ਕਰ ਦੇਣ ਵਾਲਾ ਅਤੇ ਇਕ ਮੁਕੰਮਲ ਕੰਮ ਸੀ। ਇਕ ਨੀਚ ਭੰਗੀ ਜਾਂ ਚਮਿਆਰ ਲਈ, ਜਿਸ ਨੂੰ ਹਿੰਦੁਸਤਾਨੀਆਂ ਦੇ ਖਿਆਲ ਵਿਚ ਅਤਿ ਨੀਵਾਂ ਸਮਝਿਆ ਜਾਦਾ ਸੀ ਸਿਰਫ ਘਰ ਛੱਡ ਕੇ ਬੰਦੇ ਪਾਸ ਪਹੁੰਚਣਾ ਹੀ ਹੁੰਦਾ ਸੀ ਕਿ ਥੋੜ੍ਹੇ ਚਿਰ ਵਿਚ ਹੀ ਉਹ ਆਪਣੀ ਨਿਯੁਕਤੀ ਦਾ ਹੁਕਮ ਹੱਥੀਂ ਲੈ ਕੇ ਆਪਣੇ ਜਨਮ ਅਸਥਾਨ ਦਾ ਹਾਕਮ ਬਣ ਆਉਂਦਾ ਸੀ। ਜਦੋਂ ਉਹ ਆਪਣੀ ਸਰਹੱਦ ਉਤੇ ਪੈਰ ਆ ਧਰਦਾ ਉੱਚੇ ਜਨਮ ਵਾਲੇ ਕੁਲੀਨ ਅਤੇ ਧਨਾਢ ਲੋਕ ਉਸ ਦਾ ਸੁਆਗਤ ਕਰਨ ਲਈ ਜਾਂਦੇ ਅਤੇ ਉਸ ਨੂੰ ਨਾਲ ਲਿਆਉਂਦੇ ਸਨ। ਉੱਥੇ ਪੁੱਜਣ ਪਰ ਇਹ ਲੋਕ ਹੱਥ ਬੰਨ੍ਹੀ ਉਸ ਦੇ ਸਾਹਮਣੇ ਖੜੋ ਜਾਂਦੇ ਅਤੇ ਉਸ ਦੇ ਹੁਕਮ ਦੀ ਉਡੀਕ ਕਰਦੇ ਸਨ। ਕੀ ਮਜਾਲ ਕੋਈ ਉਸ ਦੀ ਹੁਕਮ-ਅਦੂਲੀ ਕਰ ਸਕਦਾ ਹੋਵੇ ਅਤੇ ਉਹ ਆਦਮੀ ਜੋ ਕਈ ਵਾਰੀ ਰਣਭੂਮੀ ਦੀ ਜੋਖੋਂ ਵਿਚ ਪੈਣ ਨੂੰ ਤਿਆਰ ਹੋ ਜਾਂਦੇ ਸਨ ਇਸ ਤਰ੍ਹਾਂ ਗਊਆਂ ਬਣ ਕੇ ਅੱਗਿਓਂ ਗੱਲ ਕਰਨੋਂ ਵੀ ਡਰਦੇ ਸਨ।[3]

ਖ਼ਾਲਸਾ ਦਰਬਾਰ ਵਿਚ ਤੀਜਾ ਮਹੱਤਵਪੂਰਨ ਐਲਾਨ ਖ਼ਾਲਸਾ ਰਾਜ ਦਾ ਸਿੱਕਾ ਜਾਰੀ ਕਰਨ ਦਾ ਕੀਤਾ ਗਿਆ। ਸਮੁੱਚੇ ਸਿੱਖ ਇਤਿਹਾਸ ਵਿਚ ਇਹ ਪਹਿਲਾ ਮੌਕਾ ਸੀ ਜਦੋਂ ਨਿਰੋਲ ਖ਼ਾਲਸੇ ਦੇ ਨਾਂ ਦਾ ਸਿੱਕਾ ਅਤੇ ਦਫ਼ਤਰੀ ਮੋਹਰਾਂ ਚਾਲੂ ਕੀਤੀਆਂ ਗਈਆਂ ਸਨ। ਸ਼ੁੱਧ ਸੋਨੇ ਦਾ ਸਭ ਤੋਂ ਮਹਿੰਗਾ ਸਿੱਕਾ ਜੋ ਘੜਿਆ ਗਿਆ ਸੀ, ਉਸ ਉਪਰ ਇਹ ਇਬਾਰਤ ਲਿਖੀ ਗਈ ਸੀ :

ਸਿੱਕਾ ਜਦ ਬਰ ਹਰ ਦੋ ਆਲਮ ਤੇਗ਼ਿ ਨਾਨਕ ਵਾਹਿਬ ਅਸਤ।

ਫ਼ਤਿਹ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ ਫਜ਼ਲਿ ਸੱਚਾ ਸਾਹਿਬ ਅਸਤ।

ਇਸ ਦਾ ਪੰਜਾਬੀ ਤਰਜਮਾ ਹੈ : ਸ਼ਾਹਾਂ ਦੇ ਸ਼ਾਹ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਅਤੇ ਇਕ ਅਕਾਲ ਪੁਰਖ ਵਲੋਂ ਬਖ਼ਸ਼ਿਸ਼ਾਂ ਅਤੇ ਮਿਹਰਾਂ ਸਦਕਾ ਫਤਿਹ ਹਾਸਲ ਹੋਈ ਹੈ ਅਤੇ ਦੋ ਜਹਾਨਾਂ ਵਿਚ ਸਿੱਕਾ ਪਰਚੱਲਤ ਕੀਤਾ ਹੈ।

ਇਸ ਸਿੱਕੇ ਦੇ ਦੂਜੇ ਪਾਸੇ ਇਹ ਇਬਾਰਤ ਸੀ :

ਜ਼ਰਬ ਬ-ਅਮਾਨ ਕਹਿਰ, ਮੁਸੱਵਰਤ ਸ਼ਹਿਰ, ਜ਼ੀਨਤੁ-ਤਖਤੁ, ਮੁਬਾਰਕ ਬਖ਼ਤ।

3. *ਲੈਟਰ ਮੁਗਲਜ਼*, ਕਲਕੱਤਾ 1922, ਜਿਲਦ ਪਹਿਲੀ।

SIKHBOOKCLUB.COM

ਇਸ ਦਾ ਪੰਜਾਬੀ ਵਿਚ ਭਾਵ ਹੈ। 'ਇਹ ਸਿੱਕਾ, ਦੁਨੀਆਂ ਦੇ ਸ਼ਾਂਤੀ ਅਸਥਾਨ, ਸ਼ਹਿਰਾਂ ਦੀ ਮੂਰਤਿ ਅਤੇ ਧੰਨਭਾਗੀ ਰਾਜਧਾਨੀ (ਲੋਹਗੜ੍ਹ) ਤੋਂ ਜ਼ਾਰੀ ਕੀਤਾ ਗਿਆ।'

ਕਿਤਨੇ ਸੁੰਦਰ, ਪਿਆਰੇ ਅਤੇ ਪਰਭਾਵਸ਼ਾਲੀ ਸ਼ਬਦ ਸਨ ਜੋ ਬੰਦਾ ਸਿੰਘ ਬਹਾਦੁਰ ਨੇ ਖ਼ਾਲਸੇ ਦੀ ਰਾਜਧਾਨੀ ਲਈ ਵਰਤੇ ਸਨ।

ਇਕ ਐਸੀ ਮੋਹਰ ਤਿਆਰ ਕੀਤੀ ਗਈ ਸੀ ਜਿਸ ਨੂੰ ਖਾਲਸਾ ਦਰਬਾਰ ਵਲੋਂ ਜਾਰੀ ਹੋਏ ਹਰ ਫ਼ੁਰਮਾਨ, ਹਰ ਦਸਤਾਵੇਜ਼ ਅਤੇ ਹਰ ਹੁਕਮ ਉਪਰ ਲਗਾਇਆ ਜਾਂਦਾ ਸੀ। ਇਸ ਦੀ ਇਬਾਰਤ ਸੀ :

ਅਜ਼ਮਤਿ ਨਾਨਕ ਗੁਰੂ ਹਮ ਜ਼ਾਹਿਰੋ ਹਮ ਬਾਤਨ ਅਸਤ।
ਪਾਦਸਾਹਿ ਦੀਨੋ ਦੁਨੀਆ ਆਪ ਸੱਚਾ ਸਾਹਿਬ ਅਸਤ।

ਭਾਵ ਕਿ : ਗੁਰੂ ਨਾਨਕ ਦੇਵ ਜੀ ਦੀ ਵਡਿਆਈ ਅੰਦਰ-ਬਾਹਰ ਸਾਰੇ ਫੈਲੀ ਹੋਈ ਹੈ। ਉਹ ਹੀ ਦੀਨ-ਦੁਨੀਆਂ ਦਾ ਮਾਲਕ ਹੈ ਅਤੇ ਉਹ ਹੀ ਸੱਚਾ ਰੱਬ ਹੈ।

ਪਰ ਇਸ ਮੋਹਰ ਨੂੰ ਸ਼ਾਇਦ ਲੰਮੀ ਸ਼ਬਦਾਵਲੀ ਕਰਕੇ ਜਾਂ ਔਖੀ ਸ਼ਬਦਾਵਲੀ ਕਰਕੇ ਛੇਤੀ ਬਦਲ ਦਿੱਤਾ ਗਿਆ ਸੀ। ਇਸ ਦੀ ਥਾਂ ਤੇ ਜੋ ਮੋਹਰ ਬਣਾਈ ਗਈ ਸੀ ਉਸ ਉਪਰ ਇਹ ਇਬਾਰਤ ਸੀ :

ਦੇਗੋ ਤੇਗੋ ਫ਼ਤਿਹ ਓ ਨੁਸਰਤਿ ਬੇ-ਦਿਰੰਗ।
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਇਸ ਦਾ ਪੰਜਾਬੀ ਤਰਜ਼ਮਾ ਹੈ : ਤੇਗ ਰਾਹੀਂ ਫ਼ਤਿਹ ਅਤੇ ਗ਼ਰੀਬ ਨੂੰ ਮੁਫ਼ਤ ਲੰਗਰ ਛਕਾਉਣ ਦੀ ਸੇਵਾ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਜੀ ਤੋਂ ਹੀ ਪਰਾਪਤ ਕੀਤੀ ਹੈ।

ਇਨ੍ਹਾਂ ਸਿੱਕੇ ਅਤੇ ਮੋਹਰਾਂ ਦੇ ਚਾਲੂ ਕਰਨ ਬਾਰੇ ਖੁਫ਼ੀਆ ਖ਼ਬਰਾਂ ਵਿਚ ਵੀ ਜਾਣਕਾਰੀ ਭੇਜੀ ਜਾਂਦੀ ਸੀ। 6 ਜੂਨ, 1710 ਦਿਨ ਵੀਰਵਾਰ ਦੀ ਇਕ ਖਬਰ ਵਿਚ ਮੁੱਖ ਖ਼ਬਰ-ਨਵੀਸ ਹਿਦਾਇਤ ਕੇਸ ਨੇ ਬਾਦਸ਼ਾਹ ਨੂੰ ਦੱਸਿਆ ਸੀ ਕਿ ਬਾਗੀ ਬੰਦੇ ਨੇ ਹੇਠ ਲਿਖਿਆ ਦੋਹਰਾ ਸਿੱਕਿਆਂ ਉਪਰ ਲਿਖ ਕੇ ਜਾਰੀ ਕਰ ਰੱਖਿਆ ਹੈ :

ਅਜ਼ਮਤ-ਏ-ਨਾਨਕ ਗੁਰੂ ਹਮ ਜ਼ਾਹਰ ਹੋ ਬਾਤਨ ਅਸਤੁ।
ਪਾਦਸ਼ਾਹ-ਏ-ਦੀਨ ਵਾ ਦੁਨੀਆ ਆਪ ਸੱਚਾ ਸਾਹਿਬ ਅਸਤ।

ਭਾਵ : ਗੁਰੂ ਨਾਨਕ ਦੀ ਵਡਿਆਈ ਦੋ ਜਹਾਨਾਂ ਵਿਚ ਸਥਾਪਤ ਹੋ ਗਈ ਹੈ। ਧਰਮ ਅਤੇ ਸੰਸਾਰ ਦਾ ਬਾਦਸ਼ਾਹ ਵੀ ਉਹ ਹੀ ਆਪ ਸੱਚਾ ਪਾਤਸ਼ਾਹ ਹੈ।[4] 9.11.1711 ਦੀ ਇਕ ਹੋਰ ਖ਼ਬਰ ਵਿਚ ਇਕ ਹੋਰ ਇਬਾਰਤ ਬਾਰੇ ਇਉਂ ਲਿਖਿਆ ਹੈ : ਉਨ੍ਹਾਂ (ਸਿੱਖਾਂ) ਨੇ ਮੋਹਰ ਦੇ ਉਪਰ ਇਹ ਅੱਖਰ ਖੁਦਵਾਏ ਹਨ : 'ਗੁਰੂ ਨਾਨਕ ਦੀ ਵਡਿਆਈ ਪ੍ਰਤੱਖ ਹੈ ਅਤੇ ਗੁਪਤ ਹੈ। ਉਹ (ਗੁਰੂ ਨਾਨਕ) ਇਸ ਜਹਾਨ ਦਾ ਅਤੇ ਅਗਲੇ ਜਹਾਨ ਦਾ ਬਾਦਸ਼ਾਹ ਹੈ ਅਤੇ ਉਹ (ਗੁਰੂ ਨਾਨਕ) ਹੀ ਸੱਚਾ ਪਾਤਸ਼ਾਹ ਹੈ।'[5]

ਇਹ ਸਿੱਕੇ ਅਤੇ ਮੋਹਰਾਂ ਖ਼ਾਲਸਾ ਪੰਥ ਦੀ ਪਰੱਭੂਸਤਾ ਦੀਆਂ ਨਿਸ਼ਾਨੀਆਂ ਸਨ। ਇਸ ਗੱਲ ਦਾ ਸਿਹਰਾ ਬੰਦਾ ਸਿੰਘ ਬਹਾਦੁਰ ਦੇ ਸਿਰ ਹੀ ਬੱਝਦਾ ਹੈ ਕਿ ਉਸ ਨੇ ਕਿਸ ਤਰ੍ਹਾਂ ਆਪਣੇ ਗੁਰੂ ਸਾਹਿਬਾਨ ਦਾ ਨਾਂ ਉੱਚਾ ਕੀਤਾ ਅਤੇ ਕਿਵੇਂ ਆਪਣੇ ਨਾਂ ਨੂੰ ਪਿੱਛੇ ਰੱਖ ਕੇ ਖਾਲਸਾ ਪੰਥ ਦਾ ਨਾਂ ਚਮਕਾਇਆ। ਕਿਸੇ ਵੀ ਇਬਾਰਤ ਵਿਚ ਬੰਦਾ ਸਿੰਘ ਦੇ ਨਾਂ ਦਾ ਜਾਂ ਉਸ ਦੀ ਨਿੱਜੀ ਹੈਸੀਅਤ ਦਾ ਇਸ਼ਾਰੇ ਮਾਤਰ ਵੀ ਕੋਈ ਨਿਸ਼ਾਨ ਨਹੀਂ ਹੈ।

ਖ਼ਾਲਸੇ ਦੇ ਸਿਰ ਤੇ ਰਾਜ-ਭਾਗ ਦਾ ਮੁਕਟ ਰੱਖ ਕੇ ਬੰਦਾ ਸਿੰਘ ਨੇ ਸਿੱਖ ਇਤਿਹਾਸ ਵਿਚ ਇਕ ਐਸਾ ਅਧਿਆਏ ਜੋੜ ਦਿੱਤਾ ਸੀ ਜਿਹੜਾ ਸਾਰੀ ਦੁਨੀਆਂ ਦੇ ਇਤਿਹਾਸ ਵਿਚ ਆਪਣੇ ਬਰਾਬਰ ਦੀ ਮਿਸਾਲ ਨਹੀਂ ਦੇਖ ਸਕਦਾ। ਵਿਸ਼ਵ ਵਿਚ ਅਤੇ ਪੰਜਾਬ ਦੇ ਆਪਣੇ ਗੁਆਂਢ ਵਿਚ ਜਿਤਨੇ ਵੀ ਵੱਡੇ ਵੱਡੇ ਬਾਦਸ਼ਾਹ ਹੋਏ ਹਨ ਸਭ ਨੇ ਆਪਣੇ ਨਾਂ ਦੇ ਸਿੱਕੇ ਚਲਾਏ ਅਤੇ ਸਭ ਨੇ ਹੀ ਆਪਣੇ ਆਪ ਨੂੰ ਰੱਬ ਦਾ ਮਨੁੱਖੀ ਰੂਪ ਦਰਸਾਇਆ ਸੀ ਪਰ ਇਧਰ ਬੰਦਾ ਸਿੰਘ ਬਹਾਦੁਰ ਹੈ ਜਿਹੜਾ ਆਪਣੇ ਨਾਂ ਨੂੰ ਬਿਲਕੁਲ ਗੁਪਤ ਰੱਖ ਕੇ ਗੁਰੂ ਅਤੇ ਖ਼ਾਲਸਾ ਪੰਥ ਦੇ ਨਾਂ ਨੂੰ ਸਾਹਮਣੇ ਲਿਆਉਂਦਾ ਹੈ। ਡਾ. ਗੰਡਾ ਸਿੰਘ ਦੇ ਸ਼ਬਦਾਂ ਵਿਚ 'ਮੁਗ਼ਲ ਬਾਦਸ਼ਾਹਾਂ ਦੇ ਰਾਜ ਵਿਚ ਸਿੱਕੇ ਅਤੇ ਮੋਹਰਾਂ ਉਨ੍ਹਾਂ ਦੇ ਨਿੱਜੀ ਨਾਵਾਂ ਉਤੇ ਚਲਦੇ ਸਨ ਪਰ ਖ਼ਾਲਸੇ ਦਾ ਨੇਤਾ ਬੰਦਾ ਸਿੰਘ ਆਪਣੇ ਨਿੱਜੀ ਨਾਉਂ ਉਤੇ ਕੁਝ ਨਹੀਂ ਸੀ ਕਰਦਾ। ਉਹ ਰਾਜ ਦੀ ਪਰਾਪਤੀ ਸੱਚੇ ਸਾਹਿਬ ਵਾਹਿਗੁਰੂ ਦੀ ਮਿਹਰ ਨਾਲ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਤੋਂ ਪਰਾਪਤ ਹੋਈ ਕਹਿੰਦਾ ਹੈ ਅਤੇ ਆਪ ਦੇਗ ਅਤੇ ਤੇਗ ਰਾਹੀਂ ਕੇਵਲ ਸੇਵਾਦਾਰ ਹੈ। ਉਸ ਲਈ ਬਖ਼ਸ਼ਿਸ਼ ਗੁਰੂ ਨਾਨਕ ਦੀ ਹੈ ਫ਼ਤਿਹ ਗੁਰੂ ਗੋਬਿੰਦ ਸਿੰਘ ਅਤੇ ਪਾਤਸ਼ਾਹੀ ਅਕਾਲ ਪੁਰਖ ਵਾਹਿਗੁਰੂ ਦੀ। ਇਹ ਸੰਸਾਰ ਦੇ ਇਤਿਹਾਸ ਵਿਚ ਇਕ ਅਦੁੱਤੀ ਮਿਸਾਲ ਹੈ।'[6]

---

4. *The Panjab Past And Present*, Oct., 1984, p. 30.
5. *Ibid.*, p. 52.
6. *ਪੂਰਵ ਅੰਕਤ*, ਪੰਨਾ 47

SIKHBOOKCLUB.COM

10. ਜਮੁਨਾ ਪਾਰ ਦੇ ਇਲਾਕਿਆਂ ਦੀ ਸੁਧਾਈ

ਸਰਹਿੰਦ ਦੀ ਫਤਿਹ ਤੋਂ ਵਿਹਲਿਆਂ ਹੋ ਕੇ ਅਤੇ ਸਾਰੇ ਪਰਬੰਧ ਨੂੰ ਠੀਕ ਤਰੀਕੇ ਨਾਲ ਸਥਾਪਤ ਕਰਕੇ ਬੰਦਾ ਸਿੰਘ ਲੋਹਗੜ੍ਹ ਨੂੰ ਪਰਤ ਆਇਆ ਸੀ । ਜੋ ਧਨ-ਮਾਲ ਅਤੇ ਅਸਬਾਬ ਹੱਥ ਲੱਗਿਆ ਸੀ ਉਹ ਸਭ ਲੋਹਗੜ੍ਹ ਦੇ ਕਿਲ੍ਹੇ ਵਿਚ ਜਮ੍ਹਾਂ ਕਰਕੇ ਰੱਖ ਦਿੱਤਾ ਗਿਆ ਸੀ । ਲੋਹਗੜ੍ਹ ਕਿਲ੍ਹੇ ਨੂੰ ਮਜ਼ਬੂਤ ਕਰਨਾ ਸ਼ੁਰੂ ਕੀਤਾ ਹੋਇਆ ਸੀ । ਬੰਦਾ ਸਿੰਘ ਇਥੇ ਕੁਝ ਸਮਾਂ ਰਿਹਾ ਅਤੇ ਫੌਜਾਂ ਆਰਾਮ ਕਰਕੇ ਤਾਜ਼ਾ ਦਮ ਹੋ ਗਈਆਂ ਸਨ । ਬੰਦਾ ਸਿੰਘ ਨੂੰ ਪਤਾ ਸੀ ਕਿ ਬਾਦਸ਼ਾਹ ਬਹਾਦੁਰ ਸ਼ਾਹ ਦੱਖਣ ਵਿਚ ਸੀ ਅਤੇ ਪਿੱਛੇ ਦਿੱਲੀ ਵਿਚ ਕੋਈ ਵੀ ਅਧਿਕਾਰੀ ਬੰਦਾ ਸਿੰਘ ਨਾਲ ਮੱਥਾ ਲਾਉਣ ਤੋਂ ਝਿਜਕਦਾ ਸੀ । ਸਿੰਘਾਂ ਨੇ ਸਲਾਹ ਕੀਤੀ ਕਿ ਲਗਦੇ ਹੱਥ ਜਮਨਾ ਪਾਰ ਹੋ ਕੇ ਦਿੱਲੀ ਦੇ ਆਲੇ-ਦੁਆਲੇ ਦੇ ਕੇਂਦਰਾਂ ਨੂੰ ਸੋਧ ਕੇ ਦਿੱਲੀ ਦੇ ਖੰਭ ਝਾੜ ਦਿੱਤੇ ਜਾਣ ਤਾਂ ਕਿ ਬਾਦਸ਼ਾਹ ਦੀ ਆਮਦ ਤੋਂ ਪਹਿਲਾਂ ਹੀ ਇਸ ਇਲਾਕੇ ਨੂੰ ਉਜਾੜ ਦਿੱਤਾ ਜਾਵੇ । ਇਸ ਮਨੋਰਥ ਦੀ ਪੂਰਤੀ ਲਈ ਬੰਦਾ ਸਿੰਘ ਨੇ ਸਭ ਤੋਂ ਪਹਿਲਾਂ ਸਹਾਰਨਪੁਰ ਤੇ ਚੜ੍ਹਾਈ ਕੀਤੀ । ਸਹਾਰਨਪੁਰ ਵੀ ਸਰਹਿੰਦ ਵਾਂਗ ਦਿੱਲੀ ਦਾ ਇਕ ਮਹੱਤਵਪੂਰਨ ਪ੍ਰਾਂਤ ਸੀ । ਇਥੋਂ ਦਾ ਹਾਕਮ ਅਲੀ ਮੁਹੰਮਦ ਖ਼ਾਨ ਸੀ । ਕਈਆਂ ਨੇ ਇਸ ਦਾ ਨਾਂ ਹਮੀਦ ਖਾਂ ਵੀ ਲਿਖਿਆ ਹੈ । ਖ਼ਾਲਸਾ ਦਲ ਪਹਿਲਾਂ ਬੂੜੀਆ ਪਹੁੰਚਿਆ । ਇਥੋਂ ਦੀ ਜਮੁਨਾ ਨੂੰ ਪਾਰ ਕਰਨ ਦਾ ਮੁੱਖ ਘਾਟ ਸੀ । ਬੂੜੀਆ ਦੇ ਚੌਧਰੀ ਕੋਲੋਂ ਨਜ਼ਰਾਨਾ ਲਿਆ ਗਿਆ ਅਤੇ ਇਸ ਦਾ ਨਾਂ ਬਦਲ ਕੇ ਗੁਲਾਬ ਨਗਰ ਰੱਖ ਦਿੱਤਾ ਗਿਆ ਸੀ । ਬੰਦਾ ਸਿੰਘ ਜਮੁਨਾ ਤੇ ਪਹੁੰਚਿਆ । ਜਮੁਨਾ ਵਿਚ ਪੂਰਾ ਹੜ੍ਹ ਆਇਆ ਹੋਇਆ ਸੀ । ਬੰਦਾ ਸਿੰਘ ਸਿੱਧਾ ਹੀ ਆਪਣਾ ਘੋੜਾ ਦਰਿਆ ਵਿਚ ਲੈ ਵੜਿਆ । ਦੇਖਦਿਆਂ ਦੇਖਦਿਆਂ ਸਾਰਾ ਦਲ ਜਮੁਨਾ ਪਾਰ ਕਰ ਗਿਆ । ਬੰਦਾ ਸਿੰਘ ਦੁਆਰਾ ਜਮੁਨਾ-ਪਾਰ ਕਰਨ ਦੀ ਖ਼ਬਰ ਨੂੰ ਸਰਕਾਰ ਦੇ ਖ਼ਬਰ ਨਵੀਸਾਂ ਨੇ ਵੀ ਇਕ ਅਚੰਭੇ ਦੀ ਤਰ੍ਹਾਂ ਲਿਆ ਸੀ । 'ਅਖ਼ਬਾਰਰਾਤ-ਏ-ਦਰਬਾਰ-ਏ-ਮੁਅੱਲਾ' ਦੀ ਇਕ ਖ਼ਬਰ ਵਿਚ ਲਿਖਿਆ ਗਿਆ ਹੈ ਕਿ 'ਲੋਕੀ ਕਹਿ ਰਹੇ ਹਨ ਕਿ ਦਾਬੜ (ਲੋਹਗੜ੍ਹ) ਤੋਂ ਸਹਾਰਨਪੁਰ ਜਾਣ ਲਈ ਬੰਦਾ ਜਦੋਂ ਜਮੁਨਾ ਨਦੀ ਉਤੇ ਪੁੱਜਾ ਤਾਂ ਉਹ ਬੜੇ ਜ਼ੋਰ ਵਿਚ ਚੱਲ ਰਹੀ ਸੀ । ਉਹ ਸੋਟੀ ਹੱਥ ਲੈ ਕੇ ਦਰਿਆ ਦੇ ਕੰਢੇ ਪੁੱਜਾ ਅਤੇ ਕਹਿਣ ਲੱਗਾ ਕਿ ਮੈਨੂੰ ਅਤੇ ਮੇਰੀ ਫੌਜ ਨੂੰ ਰਾਹ ਦੇ ਦੇ । ਕਹਿੰਦੇ ਹਨ ਕਿ ਪਾਣੀ ਉਤਰ ਗਿਆ ਸੀ ਅਤੇ ਸਾਰੇ ਲੋਕ ਦਰਿਆਓਂ ਪਾਰ ਹੋ ਗਏ ।'

ਜਮੁਨਾ ਪਾਰ ਕਰਕੇ ਸਹਾਰਨਪੁਰ ਦੇ ਨਵਾਬ ਨੂੰ ਸੁਨੇਹਾ ਭੇਜਿਆ ਗਿਆ ਕਿ ਉਹ ਨਜ਼ਰਾਨਾ ਲੈ ਕੇ ਪੇਸ਼ ਹੋਵੇ ਪਰ ਉਹ ਇਤਨਾ ਡਰ ਗਿਆ ਸੀ ਕਿ ਨਾ ਹੀ ਤਾਂ ਉਹ ਨਜ਼ਰਾਨਾ ਲੈ ਕੇ ਪੇਸ਼ ਹੋਇਆ ਸੀ ਤੇ ਨਾ ਹੀ ਉਹ ਮੁਕਾਬਲਾ ਕਰਨ ਲਈ ਤਿਆਰ ਹੋਇਆ ਸੀ । ਸਹਾਰਨਪੁਰ ਦੇ ਲੋਕਾਂ ਨੇ ਬੜੀ ਕੋਸ਼ਿਸ਼ ਕੀਤੀ ਸੀ ਕਿ ਉਹ ਕੁਝ ਨਾ ਕੁਝ ਜ਼ਰੂਰ ਕਰੇ । ਪਰ ਉਹ ਨਹੀਂ ਮੰਨਿਆ ਅਤੇ ਆਪਣਾ ਮਾਲ-ਅਸਬਾਬ ਚੁੱਕ ਕੇ ਦਿੱਲੀ ਵੱਲ ਨੂੰ ਭੱਜ ਗਿਆ । ਸਿੰਘ ਸ਼ਹਿਰ ਵਿਚ ਜਾ ਵੜੇ । ਸ਼ਹਿਰੀਆਂ ਨੇ ਥੋੜ੍ਹਾ ਜਿਹਾ ਸਮਾਂ ਕੁਝ ਮੁਕਾਬਲਾ ਕੀਤਾ ਪਰ ਸਿੰਘਾਂ ਦੀ ਤਾਜ਼ਾ ਦਮ ਫੌਜ ਸਾਹਮਣੇ ਉਹ ਕੁਝ ਨਹੀਂ ਕਰ ਸਕਦੇ ਸਨ । ਸਰਹਿੰਦ ਵਾਂਗ ਸਹਾਰਨਪੁਰ ਨੂੰ ਵੀ ਪੂਰੀ ਤਰ੍ਹਾਂ ਲੁੱਟ ਕੇ ਉਜਾੜ ਦਿੱਤਾ ਗਿਆ ਸੀ । ਇਹ ਗੱਲ 10-12 ਜੂਨ 1710 ਦੀ ਹੈ ।

ਬੇਹੁੱਟ : ਸਹਾਰਨਪੁਰ ਤੋਂ 25 ਕਿਲੋਮੀਟਰ ਉੱਤਰ ਵੱਲ ਇਕ ਬੇਹੁੱਟ ਨਾਂ ਦਾ ਪਿੰਡ ਸੀ । ਇਥੇ ਬਾਦਸ਼ਾਹ ਸ਼ਾਹ ਜਹਾਨ ਦਾ ਬਣਵਾਇਆ ਹੋਇਆ ਇਕ ਕਿਲ੍ਹਾ-ਨੁਮਾ ਮਹਿਲ ਸੀ । ਇਸ ਵਿਚ ਪੀਰਜ਼ਾਦਿਆਂ ਦਾ ਇਕ ਪਰਿਵਾਰ ਰਹਿੰਦਾ ਸੀ । ਇਨ੍ਹਾਂ ਪੀਰਜ਼ਾਦਿਆਂ ਨੇ ਆਲੇ-ਦੁਆਲੇ ਦੇ ਪਿੰਡਾਂ ਦੇ ਗਰੀਬ ਲੋਕਾਂ ਨੂੰ ਬੜਾ ਸਤਾਇਆ ਹੋਇਆ ਸੀ । ਸਿੰਘਾਂ ਦਾ ਇਕ ਜੱਥਾ ਇਨ੍ਹਾਂ ਦੀ ਸੁਧਾਈ ਲਈ ਇਥੇ ਪਹੁੰਚਿਆ । ਘੇਰਾ ਪਾ ਕੇ ਸਾਰੇ ਪੀਰਜ਼ਾਦਾ ਪਰਿਵਾਰ ਨੂੰ ਮਾਰ ਦਿੱਤਾ ਗਿਆ । ਕਹਿੰਦੇ ਹਨ ਕਿ ਇਸ ਪਰਵਿਾਰ ਦਾ ਸਿਰਫ ਇਕ ਮੈਂਬਰ ਹੀ ਬਚ ਸਕਿਆ ਸੀ ਉਹ ਵੀ ਇਸ ਕਰਕੇ ਕਿ ਉਹ ਇਸ ਦਿਨ ਬੁਲੰਦ ਸ਼ਹਿਰ ਗਿਆ ਹੋਇਆ ਸੀ । ਬੇਹੁੱਟੇ ਨੂੰ ਸੋਧ ਕੇ ਸਿੰਘਾਂ ਦਾ ਜੱਥਾ ਵਾਪਸ ਸਹਾਰਨਪੁਰ ਆ ਗਿਆ ਸੀ ।

ਸਹਾਰਨਪੁਰ ਤੋਂ ਅੱਗੇ ਨਨਾਉਤਾ ਸ਼ਹਿਰ ਸੀ । ਇਸ ਦੇ ਨਾਲ ਹੀ ਅੰਬੋਹਟਾ ਨਗਰ ਸੀ । ਇਥੋਂ ਦੇ ਪਠਾਣ ਤੇ ਨਵਾਬ ਬਹੁਤ ਅਮੀਰ ਸਨ । ਸਿੰਘਾਂ ਨੇ ਸੋਚਿਆਂ ਕਿ ਜਲਾਲਾਬਾਦ ਵਲ ਵਧਣ ਤੋਂ ਪਹਿਲਾਂ ਅੰਬੋਹਟੇ ਨੂੰ ਲੁੱਟ ਲੈਣਾ ਚਾਹੀਦਾ ਹੈ ਤਾਂ ਕਿ ਚੰਗਾ ਧਨ-ਮਾਲ ਪਰਾਪਤ ਕੀਤਾ ਜਾ ਸਕੇ । ਇਸ ਲਈ ਅੰਬੋਹਟੇ ਨੂੰ ਲੁੱਟ ਕੇ ਅੱਛਾ ਧਨ-ਮਾਲ ਇਕੱਠਾ ਕੀਤਾ ਗਿਆ ਸੀ । ਅੰਬੋਹਟੇ ਤੋਂ ਬਾਅਦ ਸਿੰਘ ਨਨਾਉਤੇ ਵੱਲ ਵਧੇ । ਨਨਾਉਤੇ ਦੇ ਖੇਤਰ ਵਿਚ ਗੁੱਜਰ ਜਾਤੀ ਦੇ ਲੋਕ ਬਹੁਤ ਸਨ । ਇਹ ਸਾਰੇ ਗੁੱਜਰ ਆਪਣੇ ਆਪ ਇਕੱਠੇ ਹੋ ਕੇ ਬੰਦਾ ਸਿੰਘ ਨੂੰ ਵਿੱਤ ਅਨੁਸਾਰ ਨਜ਼ਰਾਨੇ ਲੈ ਕੇ ਆ ਮਿਲੇ । ਇਨ੍ਹਾਂ ਨੇ ਕਿਹਾ ਕਿ ਉਹ ਨਾਨਕ-ਨਾਮ ਲੇਵਾ ਲੋਕ ਹਨ ਅਤੇ ਮੁਗ਼ਲ ਹਾਕਮਾਂ ਤੋਂ ਬਹੁਤ ਤੰਗ ਹਨ । ਉਹ ਸਿੰਘਾਂ ਨਾਲ ਮਿਲ ਕੇ ਚੜ੍ਹਾਈ ਕਰਨੀ ਚਾਹੁੰਦੇ ਸਨ । ਗੁੱਜਰਾਂ ਦੀ ਇਸ ਗੱਲ ਨੂੰ ਕੁਝ ਕੁ ਲੇਖਕ ਉਨ੍ਹਾਂ ਦੀ ਇਕ ਨੀਤੀ ਸਮਝਦੇ ਹਨ । ਇਸ ਤਰ੍ਹਾਂ ਉਹ ਬੰਦਾ ਸਿੰਘ ਰਾਹੀਂ ਲੁੱਟੇ ਜਾਣ ਤੋਂ ਵੀ ਬੱਚ ਗਏ ਸਨ ਅਤੇ ਅੱਗੇ ਤੋਂ ਸਿੰਘਾਂ ਨਾਲ ਰਲ ਕੇ ਲੁੱਟਾਂ-ਮਾਰਾਂ ਵਿਚ ਵੀ ਭਾਈਵਾਲ ਬਣ ਗਏ ਸਨ । ਖੈਰ ਕੁਝ ਵੀ ਹੋਵੇ ਗੁੱਜਰ ਲੋਕ ਸਿੰਘਾਂ ਦੇ ਦਲ ਨਾਲ ਮਿਲ ਗਏ ਸਨ ਅਤੇ ਸਭ ਨੇ ਇਕੱਠਿਆਂ ਹੋ ਕੇ ਨਨਾਉਤੇ ਨੂੰ 11 ਜੁਲਾਈ,

SIKHBOOKCLUB.COM

1710 ਨੂੰ ਜਾ ਘੇਰਿਆ। ਇਥੋਂ ਦੇ ਪੀਰਜ਼ਾਦੇ ਤੀਰ-ਅੰਦਾਜ਼ੀ ਵਿਚ ਬੜੇ ਮਾਹਰ ਸਮਝੇ ਜਾਂਦੇ ਸਨ ਪਰ ਉਨ੍ਹਾਂ ਦੀ ਸਿੰਘਾਂ ਸਾਹਮਣੇ ਕੋਈ ਗੱਲ ਨਾ ਬਣੀ। ਆਖਰ ਕੋਈ ਤਿੰਨ ਸੌ ਦੇ ਕਰੀਬ ਆਦਮੀ ਪੀਰਜ਼ਾਦਾ ਸ਼ੇਖ ਮੁਹੰਮਦ ਅਫ਼ਜ਼ਲ ਦੀ ਹਵੇਲੀ ਵਿਚ ਜਾ ਵੜੇ। ਸਿੰਘਾਂ ਨੇ ਹਵੇਲੀ ਨੂੰ ਘੇਰ ਕੇ ਸਭ ਦੇ ਸਭ ਪੀਰਜ਼ਾਦਿਆਂ ਨੂੰ ਮਾਰ ਦਿੱਤਾ ਅਤੇ ਹਵੇਲੀ ਸਮੇਤ ਸਾਰੇ ਸ਼ਹਿਰ ਨੂੰ ਅੱਗ ਲਾ ਦਿੱਤੀ ਗਈ। ਨਗਰ ਦੀ ਤਬਾਹੀ ਵੇਖ ਕੇ ਆਮ ਲੋਕਾਂ ਦੀ ਬੋਲੀ ਵਿਚ ਨਨਾਉਤੇ ਨੂੰ ਫੂਟਾ ਸ਼ਹਿਰ ਕਿਹਾ ਜਾਣ ਲੱਗ ਪਿਆ ਸੀ।

ਇਥੋਂ ਬੰਦਾ ਸਿੰਘ ਵਾਪਸ ਸਹਾਰਨਪੁਰ ਨੂੰ ਚਲਾ ਗਿਆ। ਪਰ ਨਨਾਉਤੇ ਤੋਂ ਹੀ ਇਕ ਤਕੜਾ ਜੱਥਾ ਜਲਾਲਾਬਾਦ ਨੂੰ ਸੋਧਣ ਲਈ ਰਵਾਨਾ ਕਰ ਦਿੱਤਾ ਸੀ। ਇਸ ਜੱਥੇ ਨੇ ਜਲਾਲਾਬਾਦ ਦੇ ਨਵਾਬ ਜਲਾਲ ਖਾਂ ਪਾਸ ਸੁਨੇਹਾ ਭੇਜਿਆ ਕਿ ਉਹ ਵੀ ਸਹਾਰਨਪੁਰ ਦੇ ਨਵਾਬ ਵਾਂਗ ਖ਼ਾਲਸੇ ਨੂੰ ਨਜ਼ਰਾਨਾ ਲੈ ਕੇ ਮਿਲੇ। ਇਧਰ ਜਲਾਲ ਖਾਂ ਨੇ ਪਹਿਲਾਂ ਤੋਂ ਹੀ ਦੱਖਣ ਵਿਚ ਬਾਦਸ਼ਾਹ ਬਹਾਦੁਰ ਸ਼ਾਹ ਨੂੰ ਸੁਨੇਹੇ ਭਿਜਵਾਉਣੇ ਸ਼ੁਰੂ ਕਰ ਦਿੱਤੇ ਸਨ ਕਿ ਬੰਦਾ ਸਿੰਘ ਇਧਰ ਆ ਕੇ ਮਾਰ-ਧਾੜ ਕਰ ਰਿਹਾ ਹੈ। ਇਸ ਦਾ ਸਿੱਟਾ ਇਹ ਹੋਇਆ ਸੀ ਕਿ ਬਾਦਸ਼ਾਹ ਨੇ ਜਲਾਲ ਖਾਂ ਨੂੰ ਫ਼ੁਰਮਾਨ ਜਾਰੀ ਕਰ ਦਿੱਤੇ ਸਨ ਕਿ ਉਹ ਤਕੜਾ ਹੋ ਕੇ ਰਹੇ, ਉਸ ਦੀ ਮਦਦ ਤੇ ਜ਼ਰੂਰ ਹੀ ਹੋਰ ਫੌਜ ਭੇਜ ਦਿੱਤੀ ਜਾਵੇਗੀ। ਬਾਦਸ਼ਾਹ ਨਾਲ ਇਸ ਤਰ੍ਹਾਂ ਦੇ ਸਬੰਧ ਹੋ ਜਾਣ ਕਰਕੇ ਜਲਾਲ ਖਾਂ ਆਪਣੇ ਆਪ ਨੂੰ ਬੜਾ ਤਕੜਾ ਸਮਝਣ ਲਗ ਪਿਆ ਸੀ। ਸਿੰਘਾਂ ਨੇ ਜਲਾਲਾਬਾਦ ਨੂੰ ਜਾ ਘੇਰਿਆ। ਜਲਾਲ ਖਾਂ ਕਿਲ੍ਹੇ ਦੀ ਮੋਰਚਾਬੰਦੀ ਕਰਕੇ ਅੰਦਰ ਬੰਦ ਹੋ ਕੇ ਬੈਠ ਗਿਆ ਸੀ। ਉਹ ਵੱਧ ਤੋਂ ਵੱਧ ਸਮਾਂ ਬਿਤਾਉਣਾ ਚਾਹੁੰਦਾ ਸੀ ਤਾਂ ਕਿ ਬਾਦਸ਼ਾਹ ਪਾਸੋਂ ਕੋਈ ਨਾ ਕੋਈ ਮਦਦ ਪਹੁੰਚ ਸਕੇ। ਬਾਦਸ਼ਾਹ ਪਾਸੋਂ ਮਦਦ ਤਾਂ ਨਹੀਂ ਪਹੁੰਚੀ ਪਰ ਇਸ ਉਮੀਦ ਨਾਲ ਜਲਾਲ ਖਾਂ ਕਿਲ੍ਹੇ ਤੋਂ ਬਾਹਰ ਨਿਕਲ ਕੇ ਨਜ਼ਰਾਨਾ ਦੇਣ ਨਹੀਂ ਆਇਆ। ਸ਼ਹਿਰ ਤਾਂ ਸਾਰਾ ਸਿੰਘਾਂ ਨੇ ਉਜਾੜ ਸੁੱਟਿਆ ਸੀ। ਉਥੋਂ ਧਨ-ਮਾਲ ਵੀ ਬਹੁਤ ਪਰਾਪਤ ਹੋ ਗਿਆ ਸੀ ਪਰ ਕਿਲ੍ਹਾ ਫਤਿਹ ਨਹੀਂ ਹੋ ਸਕਿਆ। ਇਸ ਦੇ ਕਾਰਨ ਇਹ ਸਨ ਕਿ ਇਕ ਤਾਂ ਕਿਲ੍ਹਾ ਹੀ ਕਾਫੀ ਮਜਬੂਤ ਸੀ ਅਤੇ ਦੂਸਰਾ ਅਚਾਨਕ ਵਰਖਾ ਸ਼ੁਰੂ ਹੋ ਜਾਣ ਕਾਰਨ ਕਿਲ੍ਹੇ ਦੇ ਆਲੇ -ਦੁਆਲੇ ਬਹੁਤ ਜ਼ਿਆਦਾ ਪਾਣੀ ਖੜੋ ਗਿਆ ਸੀ। ਪਾਣੀ ਹੋਣ ਕਰਕੇ ਸਿੰਘ ਕਿਲ੍ਹੇ ਦੀਆਂ ਫਸੀਲਾਂ ਨੂੰ ਨਾ ਹੀ ਉਡਾ ਸਕੇ ਸਨ ਅਤੇ ਨਾ ਹੀ ਅੱਗ ਲਾ ਸਕੇ ਸਨ। ਵਰਖਾ ਰੁੱਤ ਹੋਣ ਕਾਰਨ ਬਾਹਰ ਘੇਰਾ ਪਾਈ ਖੜ੍ਹੇ ਸਿੰਘਾਂ ਵਿਚ ਕੁਝ ਅਕੇਵਾਂ ਵੀ ਆ ਗਿਆ ਸੀ। ਅਖੀਰ ਤੇ ਉਨ੍ਹਾਂ ਨੇ ਘੇਰਾ ਛੱਡ ਕੇ ਵਾਪਸ ਆਉਣਾ ਹੀ ਠੀਕ ਸਮਝਿਆ ਸੀ। ਸਿੰਘ ਤਾਂ ਘੇਰਾ ਚੁੱਕ ਕੇ ਵਾਪਸ ਆ ਗਏ ਸਨ ਪਰ ਇਸ ਨਾਲ ਜਲਾਲ ਖਾਂ ਦੀ ਇੱਜ਼ਤ ਬਾਦਸ਼ਾਹ ਦੀਆਂ ਨਿਗਾਹਾਂ ਵਿਚ ਕਾਫੀ ਵੱਧ ਗਈ ਸੀ। ਉਸ ਨੇ ਜਲਾਲ ਖਾਂ ਨੂੰ ਬਹਾਦੁਰੀ ਵਜੋਂ ਇਕ ਕੀਮਤੀ ਖਿੱਲਤ ਅਤੇ ਕੁਝ ਤੋਹਫ਼ੇ ਵੀ ਭੇਜੇ ਸਨ।

ਬਾਦਸ਼ਾਹ ਨੇ 25-26 ਜੁਲਾਈ, 1710 ਈ. ਨੂੰ ਫਿਰੋਜ਼ ਖਾਨ ਮੇਵਾਤੀ, ਮੁਆਰਿਫ਼ ਖਾਨ, ਸ਼ਿਕਾਰ ਖਾਨ ਅਤੇ ਨਿਜ਼ਾਮ ਖਾਨ ਨੂੰ ਹੁਕਮ ਭੇਜਿਆ ਕਿ ਉਹ ਸਿੰਘਾਂ ਦੇ ਵਿਰੁੱਧ ਜਾਣ। 14 ਅਗਸਤ ਨੂੰ ਬਾਰ੍ਹੇ ਦੇ ਸੱਯਦ ਵਜੀਹੁ-ਦੀਨ ਖਾਨ ਨੂੰ ਵੀ ਸਿੰਘਾਂ ਦੇ ਵਿਰੁੱਧ ਜਾਣ ਦੇ ਹੁਕਮ ਭੇਜੇ ਗਏ। 26 ਅਗਸਤ ਦੇ ਹੁਕਮ ਅਨੁਸਾਰ ਅਬੂ ਮੁਹੰਮਦ ਖਾਂ ਨੂੰ ਕਮਾਓਂ ਦੇ ਰਾਜੇ ਬਿਰਜ ਲਾਲ ਦੇ ਨਾਲ ਤੋਰਿਆ ਗਿਆ। ਇਸ ਤਰ੍ਹਾਂ 28 ਅਗਸਤ ਨੂੰ ਸਿਰੀ ਨਗਰ, ਗੜ੍ਹਵਾਲ ਅਤੇ ਨਾਹਨ (ਸਿਰਮੌਰ) ਦੇ ਰਾਜਿਆਂ ਨੂੰ ਵੀ ਹੁਕਮ ਭੇਜੇ ਗਏ ਕਿ ਉਹ ਸਿੰਘਾਂ ਨੂੰ ਮਾਰ ਮੁਕਾਉਣ ਲਈ ਬਾਦਸ਼ਾਹੀ ਫੌਜਾਂ ਦੀ ਸਹਾਇਤਾ ਕਰਨ। ਇਸ ਤਰ੍ਹਾਂ ਜਲਾਲ ਖਾਨ ਸੈਨਾ ਪੱਖੋਂ ਮਜ਼ਬੂਤ ਤਾਂ ਹੋ ਗਿਆ ਸੀ ਅਤੇ ਸਿੰਘਾਂ ਦੇ ਵਿਰੁੱਧ ਆਪਣੇ ਆਪ ਨੂੰ ਕਾਇਮ ਰੱਖੀ ਵੀ ਖੜ੍ਹਾ ਸੀ ਪਰ ਉਸ ਨੇ ਸਿੰਘਾਂ ਦੇ ਖਿਲਾਫ਼ ਪਹਿਲ-ਕਦਮੀ ਕੋਈ ਨਹੀਂ ਕੀਤੀ ਸੀ।

ਅਖ਼ਬਾਰ-ਏ-ਦਰਬਾਰ-ਏ-ਮੁਅੱਲਾ ਦੀਆਂ ਖ਼ਬਰਾਂ ਵਿੱਚ ਜੂਨ, ਜੁਲਾਈ ਅਤੇ ਅਗਸਤ, 1710 ਦੇ ਮਹੀਨੇ ਬੰਦਾ ਸਿੰਘ ਬਹਾਦੁਰ ਵਲੋਂ ਜਮੁਨਾ ਪਾਰ ਦੇ ਇਲਾਕਿਆਂ ਵਿਚ ਕੀਤੀਆਂ ਗਈਆਂ ਚੜ੍ਹਾਈਆਂ ਦਾ ਹੀ ਜ਼ਿਕਰ ਹੈ। ਇੰਜ ਜਾਪਦਾ ਹੈ ਜਿਵੇਂ ਕਿ ਦੱਖਣ ਅਤੇ ਰਾਜਪੂਤਾਨੇ ਵਿਚ ਵਿਚਰਦੇ ਬਾਦਸ਼ਾਹ ਦਾ ਸਾਰਾ ਧਿਆਨ ਇੱਧਰ ਹੀ ਲੱਗਿਆ ਹੋਇਆ ਸੀ। ਇਨ੍ਹਾਂ ਖ਼ਬਰਾਂ ਦਾ ਵੇਰਵਾ ਇਸ ਤਰ੍ਹਾਂ ਹੈ :

22 ਜੂਨ, 1710, ਦਿਨ ਵੀਰਵਾਰ ਨੂੰ ਬਾਦਸ਼ਾਹ ਨੂੰ ਦੱਸਿਆ ਗਿਆ ਸੀ ਕਿ ਬੰਦਾ ਸਿੰਘ ਘੋੜੇ ਤੇ ਸਵਾਰ ਹੋ, ਜਰੀ ਵਾਲਾ ਲਿਬਾਸ ਪਹਿਨ, ਇਕ ਹੱਥ ਵਿਚ ਬੰਦੂਕ ਅਤੇ ਦੂਜੇ ਹੱਥ (ਮੋਢੇ) ਵਿਚ ਨੇਜਾ ਫੜੀ ਸਵੇਰੇ ਸਵੱਖਤੇ ਹੀ ਚੱਲ ਪਿਆ ਸੀ। ਉਸ ਨੇ ਗੁਲਾਬ-ਨਗਰ ਵਿਚ ਆਪਣਾ ਡੇਰਾ ਲਾਇਆ ਹੋਇਆ ਸੀ। ਗੁਲਾਬ ਨਗਰ ਨੂੰ ਪਹਿਲਾਂ ਬੂੜੀਆ ਦੇ ਤੌਰ ਤੇ ਜਾਣਿਆ ਜਾਂਦਾ ਸੀ। ਇਹ ਦਾਬੜ (ਲੋਹਗੜ੍ਹ) ਤੋਂ ਚਾਰ ਕੋਹ (ਤਕਰੀਬਨ 16 ਕਿਲੋਮੀਟਰ) ਦੀ ਵਿੱਥ ਤੇ ਵੱਸਿਆ ਹੋਇਆ ਸੀ। ਉਸ ਨਾਲ ਇਕ ਹਾਥੀ, ਢਾਈ ਹਜ਼ਾਰ ਘੋੜਸਵਾਰ ਅਤੇ ਦਸ ਹਜ਼ਾਰ ਪੈਦਲ ਸਿਪਾਹੀ ਸਨ। .....ਬੰਦਾ ਸਿੰਘ ਆਪਣੇ ਸਾਥੀਆਂ ਨੂੰ ਦੱਸ ਰਿਹਾ ਸੀ ਕਿ ਜਲਾਲ ਖਾਂ ਨੂੰ ਥੋੜੇ ਹੀ ਸਮੇਂ ਵਿਚ ਫੜ ਲਿਆ ਜਾਵੇਗਾ।

SIKHBOOKCLUB.COM

23 ਜੂਨ, 1710 ਦਿਨ ਸ਼ੁਕਰਵਾਰ ਨੂੰ ਬਾਦਸ਼ਾਹ ਨੂੰ ਦੱਸਿਆ ਗਿਆ ਸੀ ਕਿ 'ਬੰਦਾ ਸਿੰਘ ਗੁਲਾਬ ਨਗਰ ਤੋਂ ਰਵਾਨਾ ਹੋ ਗਿਆ ਹੈ ਅਤੇ ਸਹਾਰਨਪੁਰ ਪਰਗਣੇ ਦੇ ਇਕ ਬਨੀੜ ਨਾਂ ਦੇ ਪਿੰਡ ਵਿਚ ਦਾਖ਼ਲ ਹੋ ਗਿਆ ਹੈ। ਸੁਲਤਾਨਪੁਰ ਦੇ ਥਾਨੇ ਦਾ ਥਾਨੇਦਾਰ ਅਮਰ ਸਿੰਘ ਨਾਲ ਰਲ ਗਿਆ ਹੈ। ਬੰਦਾ ਸਿੰਘ ਨੇ ਅਮਰ ਸਿੰਘ ਵਲ ਦੋ ਵਾਰ ਆਪਣੇ ਬਰਛੇ ਦੀ ਨੋਕ ਉਲਾਰਦਿਆਂ ਉਸ ਤੋਂ ਪੁੱਛਿਆ ਕਿ ਉਹ ਅਫ਼ਗਾਨਾਂ ਦੇ ਖਿਲਾਫ਼ ਲੜਨ ਸਮੇਂ ਦੌੜ ਕਿਉਂ ਆਇਆ ਸੀ। ਅਮਰ ਸਿੰਘ ਨੇ ਸਪਸ਼ਟੀਕਰਨ ਦਿੰਦਿਆਂ ਦੱਸਿਆ ਕਿ ਕਸੂਰ ਸਿੱਖਾਂ ਦਾ ਸੀ ਅਤੇ ਲਾਲ ਕੰਵਰ ਗੁੱਜਰ ਨੇ ਧੋਖਾ ਦਿਤਾ ਸੀ। ਇਸ ਕਾਰਨ ਉਨ੍ਹਾਂ ਦੀਆਂ ਫੌਜਾਂ ਹਾਰੀਆਂ ਸਨ। ਉਸ ਨੇ ਦੱਸਿਆ ਕਿ ਉਹ ਆਪਣੇ ਧਾਰਮਿਕ ਅਕੀਦੇ ਅਨੁਸਾਰ ਲੜਿਆ ਸੀ। ਗੁੱਜਰ ਅਤੇ ਹਿੰਦੂ ਆਪਣੇ ਆਪ ਬੰਦਾ ਸਿੰਘ ਵੱਲ ਆ ਰਹੇ ਹਨ ਅਤੇ ਉਸ ਨਾਲ ਮਿਲ ਰਹੇ ਹਨ।

ਬੰਦਾ ਸਿੰਘ ਨੇ ਗੁਲਾਬਨਗਰ (ਬੂੜੀਆ) ਦੇ ਜ਼ਿੰਮੀਦਾਰ ਨੂੰ ਦੱਸਿਆ ਹੈ ਕਿ ਉਸ ਨੂੰ ਸਾਰੇ ਪਰਗਣੇ ਦਾ ਜ਼ਿੰਮੀਦਾਰ ਨਿਯੁਕਤ ਕੀਤਾ ਗਿਆ ਹੈ। ਉਸ ਦੇ ਦੋਸ਼ਾਂ ਨੂੰ ਮੁਆਫ਼ ਕਰ ਦਿਤਾ ਗਿਆ ਹੈ। ਉਸ ਨੂੰ ਆਦੇਸ਼ ਦਿਤਾ ਗਿਆ ਕਿ ਉਹ ਚੌਂਦਲੇ ਦੇ ਜ਼ਿੰਮੀਦਾਰ ਸਰਦਾਰ ਖਾਨ ਨੂੰ ਫੜ ਕੇ ਲਿਆਉਣ ਲਈ ਆਪਣੀ ਸੈਨਿਕ ਟੁਕੜੀ ਲੈ ਕੇ ਜਾਵੇ। ਫਿਰ ਉਹ ਉਸ (ਬੰਦਾ ਸਿੰਘ) ਨਾਲ ਜਲਾਲ ਖਾਨ ਅਫ਼ਗਾਨ ਨੂੰ ਸਜਾ ਦੇਣ ਲਈ ਜਾਵੇ।

ਗੁਰਬਖ਼ਸ਼, ਜਿਹੜਾ ਕਿ ਗੁਲਾਬ ਨਗਰ (ਬੂੜੀਆ) ਦਾ ਫੌਜਦਾਰ ਅਤੇ ਆਮੀਨ ਹੈ, ਨੇ ਕਾਜ਼ੀ ਸ਼ਾਹ ਮੁਹੰਮਦ ਦੀ ਜਾਇਦਾਦ ਜ਼ਬਤ ਕਰ ਲਈ ਹੈ। ਕਾਜ਼ੀ ਨੂੰ ਜੰਜ਼ੀਰ ਨਾਲ ਬੰਨ੍ਹ ਕੇ ਕਿਲ੍ਹਾ ਲੋਹਗੜ੍ਹ ਨੂੰ ਭੇਜ ਦਿਤਾ ਹੈ। ਮੀਆਂ ਸਿੰਘ ਜੱਟ ਨੇ ਕਾਜ਼ੀ ਦੇ ਦੋਹਤੇ ਨੂੰ ਸੌ ਕੋਰੜੇ ਮਾਰਨ ਦੀ ਸਜਾ ਦਿੱਤੀ ਹੈ। ਬੰਦਾ ਸਿੰਘ ਨੇ ਦੱਸਿਆ ਹੈ ਕਿ ਇਨ੍ਹਾਂ ਲੋਕਾਂ ਨੇ ਕਾਜ਼ੀ ਦੀ ਜਾਇਦਾਦ 'ਚੋਂ ਤਕੜਾ ਹਿੱਸਾ ਚੁਰਾ ਲਿਆ ਹੈ। ਜਦੋਂ ਤਕ ਉਹ (ਬੰਦਾ ਸਿੰਘ) ਇਨ੍ਹਾਂ ਦੀਆਂ ਗੱਲਾਂ ਤੋਂ ਸੰਤੁਸ਼ਟ ਨਹੀਂ ਹੋ ਜਾਂਦਾ ਉਦੋਂ ਤਕ ਇਨ੍ਹਾਂ ਦੀਆਂ ਜਾਨਾਂ ਨਹੀਂ ਲਈਆਂ ਜਾਣਗੀਆਂ। ਬੰਦਾ ਸਿੰਘ ਨੂੰ ਭਾਵੇਂ ਪਤਾ ਲਗ ਗਿਆ ਹੈ ਕਿ ਜਲਾਲ ਖਾਨ ਪਾਸ ਕਾਫ਼ੀ ਫੌਜਾਂ ਹਨ ਫਿਰ ਵੀ ਉਹ ਆਪਣੇ ਸਾਥੀਆਂ ਨੂੰ ਦੱਸ ਰਿਹਾ ਹੈ ਕਿ ਉਸ ਨੂੰ ਕੁਝ ਹੀ ਘੰਟਿਆਂ ਵਿਚ ਫੜ ਲਿਆ ਜਾਵੇਗਾ। ਕਿਸ਼ੋਰ ਸਿੰਘ ਨੂੰ ਪਰਗਨਾ ਗੁਲਾਬ ਨਗਰ ਦਾ ਪਰਬੰਧਕ ਨਿਯੁਕਤ ਕੀਤਾ ਗਿਆ ਹੈ। ਬੰਦਾ ਸਿੰਘ ਨੇ ਬੂੜੀਆਂ ਦਾ ਨਾਂ ਬਦਲ ਕੇ ਗੁਲਾਬ ਨਗਰ ਰੱਖ ਦਿੱਤਾ ਹੈ।[1]

ਉਪਰੋਕਤ ਖ਼ਬਰਾਂ ਵਿਚੋਂ ਦੋ ਤਿੰਨ ਗੱਲਾਂ ਸਾਹਮਣੇ ਆਉਂਦੀਆਂ ਹਨ। ਇਕ ਤਾਂ ਇਹ ਹੈ ਕਿ ਬੰਦਾ ਸਿੰਘ ਨੇ ਜਮੁਨਾ ਪਾਰ ਦੇ ਇਲਾਕਿਆਂ ਨੂੰ ਸੰਧਣ ਲਈ ਬੂੜੀਆ ਨਗਰ ਨੂੰ ਆਪਣਾ ਮੁੱਖ ਆਧਾਰ ਬਣਾਇਆ ਸੀ। ਬੂੜੀਆ ਜਮੁਨਾ ਦਰਿਆ ਦੇ ਉਰਲੇ ਪਾਸੇ ਸੀ। ਸਾਰਾ ਅਮਨੀਸ਼ਨ ਅਤੇ ਫੌਜ ਇਥੇ ਸੀ। ਇਥੋਂ ਹੀ ਸਾਰੀਆਂ ਮੁਹਿੰਮਾਂ ਭੇਜੀਆਂ ਜਾਂਦੀਆਂ ਸਨ। ਦੂਜਾ ਇਹ ਕਿ ਕਿਉਂਕਿ ਬੂੜੀਆਂ ਦੀ ਥਾਂ ਬੰਦਾ ਸਿੰਘ ਨੂੰ ਬੜੀ ਹੀ ਪਸੰਦ ਆਈ ਸੀ ਇਸ ਲਈ ਉਸ ਨੇ ਇਸ ਦਾ ਵਿਸ਼ੇਸ਼ ਪਰਬੰਧ ਕੀਤਾ ਸੀ। ਇਸ ਦਾ ਨਾਂ ਵੀ ਬਦਲ ਦਿੱਤਾ ਗਿਆ ਸੀ। ਖ਼ਬਰਾਂ ਵਿਚ ਅਮਰ ਸਿੰਘ, ਕਿਸ਼ੋਰ ਸਿੰਘ ਅਤੇ ਜਾਨ ਮੁਹੰਮਦ ਦਾ ਜ਼ਿਕਰ ਆਇਆ ਹੈ ਕਿ ਇਨ੍ਹਾਂ ਨੂੰ ਬੂੜੀਆ ਦੇ ਜ਼ਿੰਮੀਦਾਰ, ਫੌਜਦਾਰ, ਆਮੀਨ ਅਤੇ ਪਰਬੰਧਕ ਨਿਯੁਕਤ ਕੀਤਾ ਗਿਆ ਹੈ। ਅਸਲ ਵਿਚ ਖ਼ਬਰਾਂ ਭੇਜਣ ਵਾਲੇ ਨੂੰ ਇਹ ਨਹੀਂ ਪਤਾ ਕਿ ਇਨ੍ਹਾਂ ਦੀ ਨਿਯੁਕਤੀ ਵੱਖ ਵੱਖ ਅਧਿਕਾਰਾਂ ਵਾਲੀ ਸੀ। ਉਹ ਸਭ ਨੂੰ ਇਕੋ ਅਹੁਦੇ ਨਾਲ ਸੰਬੋਧਤ ਕਰ ਰਿਹਾ ਹੈ। ਤੀਜਾ ਜਲਾਲ ਖਾਨ ਦੇ ਵਿਰੁੱਧ ਬੰਦਾ ਪੂਰੀ ਤਿਆਰੀ ਕਰ ਰਿਹਾ ਸੀ। ਇਹ ਜਲਾਲਾਬਾਦ ਦਾ ਫੌਜਦਾਰ ਸੀ ਅਤੇ ਬਾਦਸ਼ਾਹ ਦੇ ਵਿਸ਼ੇਸ਼ ਅਧਿਕਾਰੀਆਂ ਵਿਚੋਂ ਸੀ। ਇਸ ਸਾਰੇ ਇਲਾਕੇ ਵਿਚ ਉਹ ਹੀ ਮੁੱਖ ਤਾਕਤਵਰ ਸੀ।

ਸ਼ਾਹ ਨੂੰ ਦੱਸਿਆ ਗਿਆ ਹੈ ਕਿ 'ਮੁਸ਼ੱਰਫ ਖਾਨ ਦਾ ਪੱਤਰ ਉਸ ਦੇ ਆਪਣੇ ਘਰੋਂ ਮੁੱਖ ਵਾਕਿਆ ਨਵੀਸ ਰਾਹੀਂ ਮਿਲਿਆ ਹੈ। ਉਸ ਖਾਨ ਨੇ ਇਹ ਪੱਤਰ ਮੁੱਖ ਵਾਕਿਆ ਨਵੀਸ ਹਿਦਾਇਤ ਕੇਸ ਖਾਨ ਰਾਹੀਂ ਬਾਦਸ਼ਾਹ ਨੂੰ ਪੇਸ਼ ਕੀਤਾ। ਪੱਤਰ ਵਿਚ ਇਹ ਦੱਸਿਆ ਗਿਆ ਹੈ ਕਿ ਬਾਗੀ ਬੰਦਾ ਸਿੰਘ ਨੇ ਰਾਮਪੁਰ, ਨਨੌਤਾ, ਝੁੰਝਾਣਾ, ਬਾਕੌਰ, ਬਰਸਦੇ, ਸਢੌਰਾ, ਕਰਾਨਾ, ਬੁਧਾਣਾ, ਕੰਧਾਲਾ ਅਤੇ ਬੂੜੀਆ ਵਿਚ ਆਪਣੇ ਥਾਣੇ ਕਾਇਮ ਕਰ ਲਏ ਹਨ। ਸਹਾਰਨਪੁਰ ਦੇ ਡਾਕੂ ਵੀ ਅਤੇ ਮਾਲ-ਅਧਿਕਾਰੀ (ਕਾਨੂੰਗੋ) ਵੀ ਬੰਦਾ ਸਿੰਘ ਨਾਲ ਸਹਿਯੋਗ ਕਰ ਰਹੇ ਹਨ।

19 ਜੂਨ, 1710 ਨੂੰ ਬੰਦਾ ਸਿੰਘ ਦੀ ਫੌਜ ਪੂਰੀ ਸ਼ਾਹੀ ਸ਼ਾਨ-ਸ਼ੌਕਤ ਨਾਲ ਬਾਹਰ ਆਈ ਅਤੇ ਕੇਹਰਾ ਪਿੰਡ ਉਤੇ ਟੁੱਟ ਕੇ ਪੈ ਗਈ। ਜਿਥੇ ਕਿ ਦਹਿਰਾਨਾ ਪਿੰਡ ਦੇ ਅਫ਼ਗਾਨ ਮੁਕਾਦ ਪਿੰਡ ਤਕ, ਸਿੱਖਾਂ ਉਪਰ ਹਮਲਾ ਕਰਨ ਲਈ ਇਕੱਠੇ ਹੋਏ ਸਨ। ਜਲਾਲ ਖਾਨ, ਗੁਲਾਮ ਮੁਹੰਮਦ ਬਾਨੀੜਾ, ਪੀਰ ਮੁਹੰਮਦ ਖਾਨ ਅਤੇ ਦੋ ਸੌ ਸਵਾਰਾਂ ਸਮੇਤ ਜਲਾਲਾਬਾਦ ਨੂੰ ਆਇਆ ਅਤੇ ਬੁੱਧਵਾਰ ਵਾਲੇ ਦਿਨ ਉਨ੍ਹਾਂ ਨੇ ਬੜਾ ਹੀ ਮਾੜਾ ਦਿਨ ਦੇਖਿਆ।[2]

---

1. See *The Panjab Past And Present*, Punjabi University, Patiala, October, 1984, pp. 27-28.
2. *ਉਕਤ*, ਪੰਨਾ 28.
3. *ਉਕਤ*, ਪੰਨਾ 30.

SIKHBOOKCLUB.COM

ਲੋਕਾਂ ਨੇ ਦੱਸਿਆ ਹੈ ਕਿ ਬੰਦੇ ਦੇ ਨਾਲ ਸਹਾਰਨਪੁਰ ਦੇ ਆਲੇ-ਦੁਆਲੇ 30 ਹਜ਼ਾਰ ਸਵਾਰ ਅਤੇ ਪਿਆਦੇ ਸਿਪਾਹੀ ਹਨ। ਉਨ੍ਹਾਂ ਨੇ ਜਲਾਲ ਖਾਨ ਨੂੰ ਕਿਲ੍ਹੇ ਵਿਚ ਘੇਰ ਰੱਖਿਆ ਹੈ।[3] 23 ਜੁਲਾਈ, 1710, ਦਿਨ ਐਤਵਾਰ ਦੀ ਇਕ ਖ਼ਬਰ ਵਿਚ ਦੱਸਿਆ ਗਿਆ ਹੈ ਕਿ 'ਬੰਦਾ ਸਿੰਘ ਨੇ ਜਲਾਲ ਖਾਨ ਨੂੰ ਕਿਲ੍ਹੇ ਵਿਚੋਂ ਖੁਦੇੜਨ ਲਈ ਆਪਣੀਆਂ ਫੌਜਾਂ ਭੇਜੀਆਂ ਹਨ। ਦੋਵਾਂ ਵਿਚਕਾਰ ਝੜੱਪਾਂ ਹੋਈਆਂ ਹਨ। ਜਲਾਲ ਖਾਨ ਦਾ ਪੁੱਤਰ ਅਤੇ ਕੁਝ ਰਿਸ਼ਤੇਦਾਰ ਸਿੱਖਾਂ ਨਾਲ ਲੜਦੇ ਹੋਏ ਮਾਰੇ ਗਏ ਹਨ। ਜਲਾਲ ਖਾਨ ਕੁਝ ਸਿਪਾਹੀਆਂ ਨਾਲ ਕਿਲ੍ਹੇ ਵਿਚ ਬੈਠਾ ਹੈ। ਕੁਝ ਵਿਅਕਤੀਆਂ ਨੇ ਦੱਸਿਆ ਕਿ ਸ਼ਾਇਦ ਜਲਾਲ ਖਾਨ ਮਾਰਿਆ ਗਿਆ ਹੈ ਪਰ ਕੁਝ ਇਕ ਨੇ ਦੱਸਿਆ ਹੈ ਕਿ ਉਹ ਭੱਜ ਗਿਆ ਹੈ। ਅਸਲ ਗੱਲ ਪੂਰੀ ਛਾਣਬੀਣ ਤੋਂ ਬਾਅਦ ਦਿੱਤੀ ਜਾਵੇਗੀ।[4]

ਇਸ ਤਰ੍ਹਾਂ ਬੰਦਾ ਸਿੰਘ ਨੇ ਪੂਰੇ ਤਿੰਨ ਚਾਰ ਮਹੀਨੇ ਜਮੁਨਾ ਪਾਰ ਦੇ ਇਲਾਕੇ ਦੇ ਮੁਗ਼ਲ ਅਧਿਕਾਰੀਆਂ ਵਿਸ਼ੇਸ਼ ਕਰਕੇ ਸਹਾਰਨਪੁਰ ਅਤੇ ਜਲਾਲਾਬਾਦ ਦੇ ਫੌਜਦਾਰਾਂ ਨੂੰ ਪੂਰੀ ਬਿਪਤਾ ਪਾ ਕੇ ਰੱਖੀ ਸੀ। ਬੰਦਾ ਸਿੰਘ ਨੇ ਬੂੜੀਆ ਦੀ ਤਰ੍ਹਾਂ ਸਹਾਰਨਪੁਰ ਦਾ ਨਾਂ ਵੀ ਬਦਲ ਕੇ ਭਾਗ ਨਗਰ ਰੱਖ ਦਿਤਾ ਸੀ।

SIKHBOOKCLUB.COM

4. ਉਕਤ, ਪੰਨਾ 33.

11. ਮੁਗ਼ਲ ਹਕੂਮਤ ਦਾ ਖ਼ਾਲਸੇ ਦੇ ਖ਼ਿਲਾਫ ਜ਼ਹਾਦੀ ਨਾਅਰਾ

ਸਰਹਿੰਦ ਦਾ ਸਮੁੱਚਾ ਪਰਾਂਤ ਜਿੱਤਣ ਨਾਲ ਬੰਦਾ ਸਿੰਘ ਬਹਾਦੁਰ ਦੀ ਸਾਰੇ ਪੰਜਾਬ ਵਿਚ ਧੁੰਮ ਪੈ ਗਈ ਸੀ । ਸਿੰਘ ਜਿਥੇ ਵੀ ਬੈਠੇ ਸਨ ਉਥੇ ਹੀ ਰੰਡਾਸੇ ਅਤੇ ਬਰਛੇ ਫੜ ਕੇ ਉਠ ਖੜ੍ਹੇ ਹੋ ਗਏ ਸਨ । ਹਰ ਕੋਈ ਬੰਦਾ ਸਿੰਘ ਨਾਲ ਮਿਲਣ ਲਈ ਉਤਾਵਲਾ ਸੀ । ਮਾਲਵਾ, ਬੰਦਾ ਸਿੰਘ ਦੇ ਅਧਿਕਾਰ ਹੇਠ ਸੀ । ਇਥੋਂ ਦੇ ਸਿੰਘ ਖਾਲਸਈ ਦਲਾਂ ਨਾਲ ਮਿਲ ਗਏ ਸਨ । ਬੰਦਾ ਸਿੰਘ ਦਾ ਨਾਅਰਾ ਸੀ :

ਸਿੰਘਾਂ ਨੂੰ ਬੰਦਾ ਇਹ ਕਹੇ ।
ਗਰੀਬ ਦੀ ਰੱਖਿਆ ਕਰੋ ਗਭਰੂ ਨਾ ਕੋਈ ਰਹੇ ।
ਪਾਪ ਤਜੋ ਧਰਮ ਚਾਲ ਰਾਜੁ ਕਰੋ ।
ਵੈਰ ਗੁਰੂ ਦਾ ਲੀਜੋ ਮਲੇਛ ਕੋ ਮਾਰ ਮਕਬਰੇ ਢਾਹਿ ਧਰੋ ।[1]

ਪਿੰਡ ਪਿੰਡ ਵਿਚ, ਗਲੀ ਗਲੀ ਵਿਚ, ਘਰ ਘਰ ਵਿਚ ਇਹ ਨਾਅਰੇ ਗੂੰਜਣ ਲੱਗ ਪਏ । ਹਿੰਦੂ ਘਰਾਂ ਦੇ ਮੁੰਡੇ ਅੰਮ੍ਰਿਤ ਛਕ ਕੇ ਅਤੇ ਕੇਸ ਰੱਖ ਕੇ ਬੰਦਾ ਸਿੰਘ ਵੱਲ ਜਾ ਰਹੇ ਸਨ । ਇਕਲੌਤੇ ਪੁੱਤਰਾਂ ਵਾਲੇ ਮਾਪਿਆਂ ਨੂੰ ਬੜੀ ਔਖੀ ਘੜੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ । ਉਹ ਆਪਣੇ ਪੁੱਤਰ ਦੀ ਸਲਾਮਤੀ ਵੀ ਚਾਹੁੰਦੇ ਸਨ ਪਰ ਉਸ ਨੂੰ ਸਿੰਘ ਮੁੰਡਿਆਂ ਨਾਲ ਰਲਣੋਂ ਵੀ ਨਹੀਂ ਸਨ ਰੋਕ ਸਕਦੇ । ਸਿੱਟਾ ਇਹ ਹੋਇਆ ਕਿ ਹਰ ਪਿੰਡ ਦੇ ਨੌਜੁਆਨ ਆਪ ਮੁਹਾਰੇ ਹੋਏ ਬੰਦਾ ਸਿੰਘ ਵੱਲ ਜਾ ਰਹੇ ਸਨ । ਜਿਸ ਨੂੰ ਹਥਿਆਰ ਅਤੇ ਘੋੜਾ ਘਰੋਂ ਮਿਲ ਗਿਆ ਉਸ ਨੇ ਘਰੋਂ ਲੈ ਲਿਆ ਪਰ ਜਿਸ ਦੀ ਮਾਇਕ ਹਾਲਤ ਠੀਕ ਨਹੀਂ ਸੀ ਉਸ ਨੇ ਕਿਸੇ ਸਰਕਾਰੀ ਅਧਿਕਾਰੀ ਤੋਂ ਖੋਹ ਕੇ ਆਪਣਾ ਕੰਮ ਸਾਰ ਲਿਆ ਸੀ । ਗੱਲ ਕੀ ਸਭ ਪਾਸੇ ਗਦਰ ਹੀ ਗਦਰ, ਫਤਿਹ ਦੇ ਜੈਕਾਰੇ ਅਤੇ ਬੰਦਾ ਸਿੰਘ ਨਾਲ ਰਲਣ ਦੀਆਂ ਗੱਲਾਂ । ਜਿਥੇ ਇਸ ਤਰ੍ਹਾਂ ਸਿੱਖ ਜਗਤ ਬਗਾਵਤ ਤੇ ਉਤਰ ਆਇਆ ਸੀ ਉਥੇ ਇਸ ਦਾ ਪਰੱਤੀਕਰਮ ਵੀ ਹੋਇਆ । ਜਦੋਂ ਚਾਰੇ ਪਾਸੇ ਸਰਕਾਰੀ ਅਧਿਕਾਰੀਆਂ ਦੇ ਕਤਲ ਹੋਣ ਲੱਗ ਪਏ ਤੇ ਸਰਕਾਰੀ ਜਾਇਦਾਦਾਂ ਦੀਆਂ ਲੁੱਟਾਂ ਹੋਣ ਲੱਗ ਪਈਆਂ ਤਾਂ ਕਈ ਡਰਪੋਕ ਮੁਗ਼ਲ ਅਧਿਕਾਰੀ ਤਾਂ ਆਪਣੀ ਸਲਾਮਤੀ ਪੱਕੀ ਕਰਕੇ ਹਵੇਲੀਆਂ ਜਾਂ ਗੜ੍ਹੀਆਂ ਵਿਚ ਬੰਦ ਹੋ ਕੇ ਬੈਠ ਗਏ ਸਨ । ਉਨ੍ਹਾਂ ਨੇ ਸਿੰਘਾਂ ਦੇ ਗਦਰ ਦਾ ਜਵਾਬ 'ਇਸਲਾਮ ਖਤਰੇ ਵਿਚ ਹੈ' ਦੇ ਨਾਅਰੇ ਨਾਲ ਦਿੱਤਾ । ਹੈਦਰੀ ਝੰਡਾ ਲਹਿਰਾਇਆ ਗਿਆ । ਮੁਸਲਮਾਨਾਂ ਨੂੰ ਹੋਕੇ ਦਿੱਤੇ ਗਏ ਕਿ ਕਾਫਰਾਂ ਨੂੰ ਮਾਰਨ ਲਈ ਇਕੱਠੇ ਹੋ ਜਾਓ । ਇਸ ਨਾਲ ਕਾਜ਼ੀਆਂ, ਮੌਲਾਣਿਆਂ ਅਤੇ ਹੋਰ ਪੀਰਜ਼ਾਦਿਆਂ ਦੀ ਅਗਵਾਈ ਹੇਠ ਮੁਸਲਮਾਨਾਂ ਦੇ ਇਕੱਠ ਹੋਣੇ ਸ਼ੁਰੂ ਹੋ ਗਏ । ਜਿਸ ਦਾ ਜਿਥੇ ਜ਼ੋਰ ਪੈਂਦਾ ਸੀ ਉਥੇ ਜਾ ਕੇ ਕਤਲੋ-ਗਾਰਤ ਸ਼ੁਰੂ ਕਰ ਦਿੰਦਾ ਸੀ ।

ਲਾਹੌਰ ਦਾ ਸੂਬੇਦਾਰ ਅਸਲਮ ਖਾਂ ਸੀ । ਇਹ ਕੋਈ ਦਰਿੜ੍ਹ ਇਰਾਦੇ ਵਾਲਾ ਹਾਕਮ ਨਹੀਂ ਸੀ । ਇਹ ਕਿਲ੍ਹੇ ਵਿਚ ਬੰਦ ਹੋਇਆ ਬੈਠਾ ਸੀ । ਲਾਹੌਰ ਸਾਰਾ ਇਸ ਦੇ ਕੰਟਰੋਲ ਤੋਂ ਬਾਹਰ ਸੀ । ਲਾਹੌਰ ਦੀ ਜਨਤਾ ਕਾਜ਼ੀਆਂ, ਮੌਲਾਣਿਆਂ ਅਤੇ ਪੀਰਜ਼ਾਦਿਆਂ ਦੀ ਅਗਵਾਈ ਹੇਠ ਸੀ । ਮਾਝੇ ਦੇ ਸਿੰਘ ਇਕੱਠੇ ਹੋ ਕੇ ਸਰਕਾਰੀ ਖਜ਼ਾਨੇ ਲੁੱਟਦੇ ਸਨ ਅਤੇ ਘੋੜੇ ਅਤੇ ਹਥਿਆਰ ਖੋਹ ਕੇ ਲੈ ਜਾਂਦੇ ਸਨ । ਮਾਝੇ ਦਾ ਮੁੱਖ ਇਕੱਠ ਅੰਮ੍ਰਿਤਸਰ ਸਿਰੀ ਅਕਾਲ ਤਖ਼ਤ ਸਾਹਿਬ ਵਿਖੇ ਹੁੰਦਾ ਸੀ । ਅਸਲਮ ਖਾਂ ਨੂੰ ਕਾਜ਼ੀਆਂ ਤੇ ਮੌਲਾਣਿਆਂ ਨੇ ਮੇਹਣੇ ਮਾਰ ਮਾਰ ਕੇ ਇਸ ਗੱਲ ਲਈ ਤਿਆਰ ਕੀਤਾ ਕਿ ਉਹ ਆਪਣੀਆਂ ਫੌਜਾਂ ਸਿੰਘਾਂ ਨੂੰ ਮਾਰਨ ਲਈ ਭੇਜੇ । ਮਜਬੂਰ ਹੋਏ ਅਸਲਮ ਖਾਂ ਨੇ ਆਪਣੀ ਫੌਜ ਦੀ ਇਕ ਟੁਕੜੀ ਪੱਟੀ ਦੇ ਚੌਧਰੀ ਹਰ ਸਹਾਇ ਅਧੀਨ ਅੰਮ੍ਰਿਤਸਰ ਵਿਖੇ ਸਿੰਘਾਂ ਨੂੰ ਸਬਕ ਸਿਖਾਉਣ ਲਈ ਭੇਜੀ । ਇਸ ਨੇ ਅੰਮ੍ਰਿਤਸਰ ਵਿਖੇ ਸਿੰਘਾਂ ਨੂੰ ਘੇਰਾ ਆ ਪਾਇਆ । ਇਨ੍ਹਾਂ ਘੇਰਿਆਂ ਅਤੇ ਹਮਲਿਆਂ ਸਮੇਂ ਘੇਰਾ ਪਾਉਣ ਵਾਲਾ ਜਰਨੈਲ ਆਪਣੀ ਸਹੂਲਤ ਲਈ ਆਲੇ-ਦੁਆਲੇ ਦੇ ਪਿੰਡਾਂ ਦੀ ਲੁਟੇਰਾ ਬਹੀਰ ਨੂੰ ਵੀ ਨਾਲ ਲੈ ਲੈਂਦਾ ਹੁੰਦਾ ਸੀ । ਜਦੋਂ ਅੰਮ੍ਰਿਤਸਰ ਦਾ ਘੇਰਾ ਪਾਇਆ ਗਿਆ ਤਾਂ ਬੇਅੰਤ ਮੁਲਖ਼ਈਆ ਜ਼ਹਾਦ ਦੇ ਝੰਡੇ ਹੇਠ ਇਕੱਠਾ ਹੋ ਕੇ ਆ ਪਿਆ ਸੀ । ਕਈ ਦਿਨ ਘੇਰਾ ਪਿਆ ਰਿਹਾ । ਸਿੰਘ ਗਿਣਤੀ ਪੱਖੋਂ ਥੋੜ੍ਹੇ ਹੋਣ ਕਰਕੇ ਬਾਹਰ ਨਿਕਲ ਕੇ ਨਹੀਂ ਲੜ ਸਕਦੇ ਸਨ ਪਰ ਅੰਦਰ ਕਿਸੇ ਨੂੰ ਵੜਨ ਨਹੀਂ ਦਿੰਦੇ ਸਨ । ਬਾਹਰ ਇਕੱਠੀ ਹੋਈ ਲੁਟੇਰਾ ਬਹੀਰ, ਸਾਹਮਣੇ ਮੱਥੇ ਸਿੰਘਾਂ ਦਾ ਮੁਕਾਬਲਾ ਨਹੀਂ ਕਰ ਸਕਦੀ ਸੀ । ਇਕ ਰਾਤ ਐਸੀ ਕੁਦਰਤ ਦੀ ਹੋਣੀ ਹੋਈ ਕਿ ਮੁਗ਼ਲ ਫੌਜ ਉਪਰ ਅਸਮਾਨੀ ਬਿਜਲੀ ਆ ਗਿਰੀ । ਇਸ ਨਾਲ ਹਰ ਸਹਾਇ ਚੌਧਰੀ ਮਾਰਿਆ ਗਿਆ । ਉਸ ਦੀ ਫੌਜ ਵੀ ਕਾਫੀ ਮਾਰੀ ਗਈ । ਇਹ ਦੇਖ ਕੇ ਉਸ ਦਾ ਇਕ ਤਕੜਾ ਸਹਾਇਕ ਦੇਵਾ ਵੀ ਭੱਜ ਗਿਆ ਸੀ । ਸਿੰਘਾਂ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਿਆ ਤਾਂ ਉਹ ਇਕਦਮ ਅੰਦਰੋਂ ਨਿਕਲ ਕੇ ਇਕੱਠੇ ਹੋਏ ਮੁਲਖਈਏ ਉਪਰ ਧਾਵਾ ਕਰਕੇ ਪੈ ਗਏ ਸਨ । ਇਹ ਦੁਸ਼ਮਣ ਨੂੰ ਇਤਨੀ ਤਕੜੀ ਮਾਰ ਸੀ ਕਿ ਇਸ ਦੀਆਂ ਗੱਲਾਂ ਕਾਫੀ ਲੰਮੇ ਸਮੇਂ ਤੱਕ ਹੁੰਦੀਆਂ ਰਹੀਆਂ ਸਨ । ਸਿੰਘਾ ਨੇ ਇਸ ਜਿੱਤ ਨੂੰ ਇਨ੍ਹਾਂ ਮਜ਼ਾਕੀਆ ਸ਼ਬਦਾਂ ਵਿਚ ਸੰਭਾਲ ਕੇ ਰੱਖਿਆ ਸੀ :

1. ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ*, ਚਰਣ ਗਿਆਰਵਾਂ, ਬੰਦ 38ਵਾਂ

SIKHBOOKCLUB.COM

ਹਰਸਾ ਮਾਰਿਆ ਦੇਵਾ ਨੱਠਾ ਅਸਲਮ ਗਿਆ ਲਾਹੌਰ ।[2]

ਸਾਰੇ ਮਾਲਵੇ ਅਤੇ ਦੁਆਬੇ ਵਿਚ ਸਿੰਘਾਂ ਦੇ ਅਜਿਹੇ ਚਾਰ ਮੁੱਖ ਜੱਥੇ ਖੜ੍ਹੇ ਹੋ ਗਏ ਸਨ ਜਿਹੜੇ ਬੰਦਾ ਸਿੰਘ ਤੱਕ ਜਾਣਾ ਚਾਹੁੰਦੇ ਸਨ । ਇਹ ਚਾਰੇ ਜੱਥੇ ਭਾਵੇਂ ਆਪਸ ਵਿਚ ਇਕੱਠੇ ਨਹੀਂ ਹੋ ਸਕੇ ਸਨ ਪਰ ਇਨ੍ਹਾਂ ਦਾ ਇਕ ਦੂਜੇ ਨੂੰ ਪਤਾ ਸੀ । ਉਹ ਇਸੇ ਕੋਸ਼ਿਸ਼ ਵਿਚ ਸਨ ਕਿ ਕਿਵੇਂ ਨਾ ਕਿਵੇਂ ਉਹ ਇਕੱਠੇ ਹੋ ਜਾਣ । ਇਸ ਗੱਲ ਦਾ ਪਤਾ ਮੁਗ਼ਲ ਅਧਿਕਾਰੀਆਂ ਨੂੰ ਵੀ ਸੀ ਕਿ ਜੇਕਰ ਇਹ ਚਾਰੇ ਜੱਥੇ ਇਕੱਠੇ ਹੋ ਗਏ ਤਾਂ ਇਹ ਜ਼ਬਰਦਸਤ ਤਾਕਤ ਬਣ ਜਾਣਗੇ । ਇਸ ਲਈ ਉਹ ਇਨ੍ਹਾਂ ਦੇ ਪਿੱਛੇ ਲੱਗ ਗਏ ਸਨ । ਸਾਹਮਣੇ ਆਉਣ ਤੋਂ ਭਾਵੇਂ ਮੁਗ਼ਲ ਅਧਿਕਾਰੀ ਝਿਜਕਦੇ ਸਨ ਪਰ ਉਹ ਇਸ ਗੱਲ ਦੀ ਜ਼ਰੂਰ ਨਿਗਾਹ ਰੱਖਦੇ ਸਨ ਕਿ ਜਦੋਂ ਵੀ ਸਿੰਘਾਂ ਦਾ ਕੋਈ ਜੱਥਾ ਅੜਿੱਕੇ ਵਿਚ ਆਵੇ ਉਹ ਤੁਰੰਤ ਹੀ ਉਸ ਨੂੰ ਮਾਰ ਮੁਕਾ ਸਕਣ ।

ਸਿੰਘਾਂ ਦਾ ਇਕ ਜੱਥਾ ਗੁਰਦਾਸਪੁਰ ਅਤੇ ਬਟਾਲਾ ਨਗਰਾਂ ਦੇ ਆਲੇ-ਦੁਆਲੇ ਫਿਰ ਰਿਹਾ ਸੀ । ਇਹ ਜੱਥਾ ਫਿਰਦਾ-ਫਿਰਾਉਂਦਾ ਰਾਵੀ ਦੇ ਕੰਢੇ ਤੇ ਬਣੀ ਭਗਵੰਤ ਰਾਏ ਚੌਧਰੀ ਦੀ ਹਵੇਲੀ ਵਿਚ ਜਾ ਵੜਿਆ । ਹਵੇਲੀ ਖਾਲ਼ੀ ਪਈ ਸੀ । ਉਧਰ ਜ਼ੋਰ ਦਾ ਮੀਂਹ ਪੈ ਰਿਹਾ ਸੀ । ਹਵੇਲੀ ਵਿਚ ਵੜਿਆਂ ਦਾ ਪਤਾ ਕੁਝ ਕੁ ਮੁਗਲ ਅਧਿਕਾਰੀਆਂ ਨੂੰ ਲੱਗ ਗਿਆ । ਉਨ੍ਹਾਂ ਨੇ ਚੋਰੀ-ਛੁਪੇ ਫੌਜ ਇਕੱਠੀ ਕਰਕੇ ਉਸ ਹਵੇਲੀ ਨੂੰ ਜਾ ਘੇਰਿਆ । ਸਿੰਘਾਂ ਨੂੰ ਇਸ ਦਾ ਪਤਾ ਨਹੀਂ ਸੀ । ਲੜਾਈ ਹੋਈ । ਜਿਉਂ ਜਿਉਂ ਲੜਾਈ ਲੰਮੀ ਹੁੰਦੀ ਜਾ ਰਹੀ ਸੀ ਬਾਹਰਲਾ ਘੇਰਾ ਹੋਰ ਮਜ਼ਬੂਤ ਹੁੰਦਾ ਜਾ ਰਿਹਾ ਸੀ । ਸਿੰਘਾਂ ਨੇ ਹਵੇਲੀ ਤੋਂ ਬਾਹਰ ਨਿਕਲਣ ਲਈ ਇਕਾ-ਇਕ ਐਸਾ ਜ਼ੋਰਦਾਰ ਹਮਲਾ ਕੀਤਾ ਕਿ ਘੇਰਾ ਪਾਉਣ ਵਾਲੇ ਲੋਕਾਂ ਵਿਚ ਭਾਜੜਾਂ ਪੈ ਗਈਆਂ । ਇਸ ਗੱਲ ਦੀ ਤਾਂ ਮੁਗਲ ਅਧਿਕਾਰੀਆਂ ਨੇ ਖੁਸ਼ੀ ਮਨਾਈ ਕਿ ਸਿੰਘ ਉਨ੍ਹਾਂ ਨਾਲ ਡੱਟ ਕੇ ਲੜਨ ਦੀ ਬਜਾਏ ਦੌੜ ਗਏ ਸਨ ਪਰ ਇਹ ਨਮੋਸ਼ੀ ਵੀ ਬਹੁਤ ਸੀ ਕਿ ਘਿਰੇ ਹੋਣ ਦੇ ਬਾਵਜੂਦ ਵੀ ਸਿੰਘ ਪਕੜੇ ਕਿਉਂ ਨਹੀਂ ਜਾ ਸਕੇ । ਇਸ ਨਮੋਸ਼ੀ ਦਾ ਗੁੱਸਾ ਕੱਢਣ ਲਈ ਮੁਗਲ ਅਧਿਕਾਰੀ ਰਸਤੇ ਵਿਚਲੇ ਪਿੰਡਾਂ ਦੀ ਜਨਤਾ ਨੂੰ ਲੁੱਟਣ-ਕੁੱਟਣ ਲੱਗ ਪਏ ਸਨ । ਇਹ ਲੁੱਟਣ-ਕੁੱਟਣ ਦੀ ਕਾਰਵਾਈ ਇਤਨੀ ਵਹਿਸ਼ੀਆਨਾ ਸੀ ਕਿ ਇਥੋਂ ਤੱਕ ਕਿ ਅੱਖੀਂ ਦੇਖਣ ਵਾਲਾ ਇਕ ਮੁਸਲਿਮ ਲਿਖਾਰੀ ਮੁਹੰਮਦ ਕਾਸਿਮ ਵੀ ਇਹ ਲਿਖਣ ਲਈ ਮਜ਼ਬੂਰ ਹੋ ਗਿਆ ਸੀ ਕਿ 'ਚੂੰਕਿ ਜਹਾਦੀਆਂ ਦੀ ਜਮਾਤ ਵਿਚੋਂ ਕੁਝ ਕੁ ਹੋਛੇ ਅਤੇ ਮੂਰਖ ਲੋਕਾਂ ਨੇ, ਜਿਨ੍ਹਾਂ ਦੀ ਜਨਮ-ਜਨਮਾਂਤਰਾਂ ਦੀ ਨੀਚਤਾ ਵਿੱਦਿਆ ਦੀ ਵਡੱਪਣ ਨਾਲ ਦੂਰ ਨਹੀਂ ਸੀ ਹੋਈ ਅਤੇ ਜੋ ਝੂਠੇ ਮਜ਼ਹਬੀ ਅਭਿਮਾਨ ਨਾਲ ਪਾਗਲ ਹੋਏ ਹੋਏ ਸਨ, ਸ਼ਹਿਰ ਦੇ ਹਿੰਦੂਆਂ ਨਾਲ ਬੜੀਆਂ ਕਮੀਨੀਆਂ ਅਤੇ ਕੋਝੀਆਂ ਹਰਕਤਾਂ ਕੀਤੀਆਂ ਅਤੇ ਸਰਕਾਰੀ ਹਾਕਮਾਂ ਦੀ ਹੇਠੀ ਕੀਤੀ ਪਰ ਰੱਬ ਦੀ ਸੱਚੀ ਅਦਾਲਤ ਵਿਚੋਂ ਹਰ ਚੰਗੇ ਕੰਮ ਲਈ ਨੇਕੀ ਅਤੇ ਹਰ ਮੰਦੀ ਕਰਤੂਤ ਦੀ ਸਜ਼ਾ ਮਿਲਦੀ ਹੈ । ਉਸ ਕੁਰਾਹੇ ਪਏ ਫਿਰਕੇ ਦੇ ਲੋਕ (ਸਿੱਖ) ਦੂਸਰੀ ਵਾਰ ਫਿਰ ਲਾਹੌਰੋਂ ਕੁਝ ਕੋਹਾਂ ਤੇ ਚਮਿਆਰੀ ਨਗਰ ਦੇ ਲਾਗੇ ਕੋਟਲਾ ਬੇਗਮ ਆ ਜਮ੍ਹਾ ਹੋਏ ਅਤੇ ਆਪਣੇ ਭੈੜੇ ਚਾਲੇ ਫੜ ਲਏ । ਇਹ ਪਤਾ ਲੱਗਣ ਪਰ ਮੁਸਲਮਾਨ ਮੌਲਾਣਿਆਂ ਨੇ ਇਕ ਵਾਰ ਫਿਰ ਜ਼ੇਹਾਦ ਦਾ ਢੋਲ ਬਜਾ ਦਿੱਤਾ ਅਤੇ ਕੀੜੀਆਂ ਤੇ ਟਿੱਡੀ ਦਲ ਦੀ ਤਰ੍ਹਾਂ ਇਕ ਬੜਾ ਭਾਰੀ ਲਸ਼ਕਰ ਇਕੱਠਾ ਹੋ ਕੇ ਸਿੰਘਾਂ ਵਿਰੁੱਧ ਕੋਟਲਾ ਬੇਗਮ ਨੂੰ ਚੜ੍ਹ ਤੁਰਿਆ । ਰਸਤੇ ਵਿਚ ਜਿਹੜੇ ਪਿੰਡ ਆਏ ਬਦਲੇ ਦੀ ਅੱਗ ਨਾਲ ਭੜਕੇ ਹੋਏ ਜਹਾਦੀਆਂ ਨੇ ਲੁੱਟ-ਪੁੱਟ ਕੇ ਬਰਬਾਦ ਕਰ ਦਿੱਤੇ ਅਤੇ ਗਰੀਬ ਲੋਕਾਂ ਉਤੇ ਅੰਨ੍ਹੇਵਾਹ ਜ਼ੁਲਮ ਕੀਤੇ । ਇਨ੍ਹਾਂ ਵਧੀਕੀਆਂ ਅਤੇ ਅਤਿਆਚਾਰਾਂ ਨੂੰ ਦੇਖ ਜ਼ਹਾਦੀ ਲਸ਼ਕਰ ਦੇ ਆਗੂ ਵੀ ਤਰਾਹ ਤਰਾਹ ਕਰ ਉਠੇ । ਭੀਲੋਵਾਲ ਪਿੰਡ ਦੇ ਲਾਗੇ ਦੋ ਤਿੰਨ ਆਦਮੀਆਂ ਨੂੰ ਤਲਵਾਰ ਨਾਲ ਦੋ ਟੁੱਕ ਕਰਕੇ ਮੌਤ ਦੀ ਸਜ਼ਾ ਦੇਣੀ ਪਈ । ਪਰ ਆਮ ਜ਼ਹਾਦੀਆਂ ਉਪਰ ਇਨ੍ਹਾਂ ਮੌਤਾਂ ਦਾ ਕੋਈ ਬਹੁਤਾ ਅਸਰ ਨਾ ਹੋਇਆ । ਉਹ ਉਤਨੀ ਦੇਰ ਤਕ ਲੁੱਟਮਾਰ ਤੋਂ ਬਾਜ਼ ਨਾ ਆਏ ਜਦ ਤਕ ਕਿ ਉਹ ਕੋਟਲਾ ਬੇਗਮ ਦੇ ਕਿਲ੍ਹੇ ਦੀਆਂ ਕੰਧਾਂ ਦੇ ਪਾਸ ਸਿੰਘਾਂ ਦੇ ਸਾਹਮਣੇ ਨਾ ਪਹੁੰਚ ਗਏ ।[3]

ਜੇਕਰ ਇਕ ਮੁਸਲਮਾਨ ਲੇਖਕ ਵੀ ਮੁਗਲ ਹਾਕਮਾਂ ਦੇ ਅਜਿਹੇ ਅਤਿਆਚਾਰਾਂ ਬਾਰੇ ਇਸ ਤਰ੍ਹਾਂ ਲਿਖ ਰਿਹਾ ਹੈ ਤਾਂ ਇਸ ਗੱਲ ਦਾ ਅੰਦਾਜ਼ਾ ਲਗਾਉਣਾ ਗ਼ਲਤ ਨਹੀਂ ਹੋਵੇਗਾ ਕਿ ਇਹ ਅਤਿਆਚਾਰ ਇਸ ਤੋਂ ਕਈ ਗੁਣਾਂ ਵੱਧ ਹੋਣਗੇ । ਇਹ ਅਤਿਆਚਾਰ ਸਿਰਫ ਉਸ ਸਮੇਂ ਹੋਣੋਂ ਹਟੇ ਸਨ ਜਦੋਂ ਸਿੰਘਾਂ ਦਾ ਇਕ ਜੱਥਾ ਇਨ੍ਹਾਂ ਉਤੇ ਆ ਝਪਟਿਆ ਸੀ । ਸਿੰਘ ਜੱਥੇ ਦੇ ਅਚਾਨਕ ਹਮਲੇ ਨਾਲ ਜ਼ਹਾਦੀ ਲੋਕਾਂ ਦੀਆਂ ਸੱਤੇ-ਸੁੱਧਾਂ ਭੁੱਲ ਗਈਆਂ ਸਨ । ਪੂਰੀ ਗਹਿ-ਗੱਚ ਲੜਾਈ ਹੋਈ । ਜ਼ਹਾਦੀ ਲੋਕ ਗਿਣਤੀ ਵਿਚ ਭਾਵੇਂ ਬੇਸ਼ੁਮਾਰ ਸਨ ਪਰ ਸਿੰਘਾਂ ਦੀ ਲੜ-ਮਰਨ ਦੀ ਦਰਿੜ੍ਹਤਾ ਅੱਗੇ ਇਨ੍ਹਾਂ ਲੋਕਾਂ ਦੀ ਏਕਤਾ ਨਹੀਂ ਬਣ ਸਕੀ । ਸਿੰਘ ਗਰੀਬ ਦੀ ਰੱਖਿਆ ਰਕਨ ਦੀ ਭਾਵਨਾ ਨਾਲ ਲੜ ਰਹੇ ਸਨ ਜਦੋਂ ਕਿ ਜ਼ਹਾਦੀ ਲੋਕ ਸਰਕਾਰੀ ਤਾਕਤ ਦੀ ਹੈਂਕੜ ਰੱਖ ਕੇ ਲੜ ਰਹੇ ਸਨ । ਸਿੰਘਾਂ ਲਈ ਡੱਟ ਕੇ ਲੜਨਾ ਅਤੇ ਭੱਜ ਨਿਕਲਣਾ ਇਕ ਸਮਾਨ ਗੱਲ ਸੀ ਪਰ ਜ਼ਹਾਦੀ ਜੇ ਭੱਜਦੇ ਸਨ ਤਾਂ ਉਨ੍ਹਾਂ ਦੀ ਬੇਇੱਜ਼ਤੀ ਸਮਝੀ ਜਾਂਦੀ ਸੀ । ਭਾਵਨਾਵਾਂ ਦਾ ਇਹ ਅੰਤਰ ਲੜਨ-ਸ਼ਕਤੀ ਤੇ ਪਰਭਾਵ ਪਾਉਂਦਾ ਸੀ । ਰਾਤ ਦੇ ਹਨੇਰੇ ਦਾ ਫਾਇਦਾ ਉਠਾ ਕੇ ਜ਼ਹਾਦੀ ਮੁਲਖ਼ਈਆ ਭੱਜ ਗਿਆ ਸੀ ।

---

2. *ਉਕਤ*, ਚਰਣ ਚੌਥਾ, ਬੰਦ 27.
3. ਡਾ. ਗੰਡਾ ਸਿੰਘ ਦੇ ਹਵਾਲੇ ਅਨੁਸਾਰ, *ਪੂਰਵ ਅੰਕਤ*, ਪੰਨਾ 60.

SIKHBOOKCLUB.COM

ਲੜਨ-ਮਰਨ ਲਈ ਨਿਕਲੇ ਸਿੰਘਾਂ ਦਾ ਕੋਈ ਥਾਂ ਟਿਕਾਣਾ ਨਹੀਂ ਹੁੰਦਾ ਸੀ । ਉਹ ਜਿਥੇ ਦਾਅ ਲਗਦਾ ਸੀ ਉਥੇ ਹੀ ਠਹਿਰਦੇ ਜਾਂਦੇ ਸਨ । ਜੇ ਦਾਅ ਨਹੀਂ ਲਗਦਾ ਸੀ ਤਾਂ ਘੁੰਮਦੇ ਹੀ ਰਹਿੰਦੇ ਸਨ । ਜਦੋਂ ਜਹਾਦੀਆਂ ਦਾ ਇਕੱਠ ਭੱਜ ਗਿਆ ਸੀ ਤਾਂ ਸਿੰਘ ਜੱਥਾ ਕੁਝ ਸਮਾਂ ਮਾਰੇ ਗਏ ਲੋਕਾਂ ਦੀ ਸਾਂਭ-ਸੰਭਾਲ ਕਰਕੇ ਉਨ੍ਹਾਂ ਦੇ ਪਿੱਛੇ ਹੀ ਚੱਲ ਪਿਆ ਸੀ । ਰਸਤੇ ਵਿਚ ਲਾਹੌਰ ਤੋਂ ਕੁਝ ਦੂਰੀ ਤੇ ਭੀਲੋਵਾਲ ਪਿੰਡ ਆਉਂਦਾ ਸੀ । ਜ਼ਹਾਦੀ ਲੋਕ ਇਹ ਸਮਝ ਕੇ ਕਿ ਰਾਤ ਨੂੰ ਉਨ੍ਹਾਂ ਦਾ ਪਿੱਛਾ ਕਿਸ ਨੇ ਕਰਨਾ ਹੈ, ਇਸ ਪਿੰਡ ਵਿਚ ਠਹਿਰ ਗਏ ਸਨ । ਇਸ ਪਿੰਡ ਦੇ ਬਾਹਰਵਾਰ ਇਕ ਹਵੇਲੀ ਸੀ । ਸੈਨਿਕ ਅਧਿਕਾਰੀ ਤਾਂ ਹਵੇਲੀ ਵਿਚ ਵੜ ਕੇ ਸੌਂ ਗਏ ਸਨ ਜਦੋਂ ਕਿ ਆਮ ਲੋਕ ਤੇ ਸਿਪਾਹੀ ਹਵੇਲੀ ਦੇ ਬਾਹਰ ਖੁੱਲ੍ਹੇ ਮੈਦਾਨ ਵਿਚ ਹੀ ਲੇਟ ਗਏ ਸਨ । ਸਿੰਘਾਂ ਨੇ ਇਸ ਗੱਲ ਦੀ ਸੂਹ ਲੈ ਲਈ ਸੀ ਕਿ ਜ਼ਹਾਦੀ ਲੋਕ ਕਿੱਥੇ ਜਾ ਕੇ ਛੁਪੇ ਸਨ । ਉਹ ਸਾਰੀ ਰਾਤ ਤਾਂ ਟਿਕੇ ਰਹੇ ਸਨ ਪਰ ਸੁਵੱਖਤੇ ਹੀ ਮੁਰਗਾ ਬੋਲਦੇ ਨਾਲ (ਹਨੇਰੇ ਹਨੇਰੇ) ਹੀ ਸੁੱਤੇ ਪਏ ਜ਼ਹਾਦੀਆਂ ਉਪਰ ਟੁੱਟ ਕੇ ਪੈ ਗਏ । ਸਭ ਲੋਕ ਅਤੇ ਸੈਨਿਕ ਸੁੱਤੇ ਪਏ ਹੀ ਮਾਰ ਸੁੱਟੇ । ਜਦੋਂ ਇਉਂ ਅਚਨਚੇਤ ਹੀ ਮਾਰ ਪੈਣੀ ਸ਼ੁਰੂ ਹੋ ਗਈ ਸੀ ਤਾਂ ਅਧਿਕਾਰੀਆਂ ਨੇ ਹਵੇਲੀ ਦੀਆਂ ਛੱਤਾਂ ਉਪਰ ਚੜ੍ਹ ਕੇ ਇਹ ਹੋਕੇ ਦੇਣੇ ਸ਼ੁਰੂ ਕਰ ਦਿੱਤੇ ਕਿ ਜਹਾਦੀ ਲੋਕ ਪਿੰਡ ਵਿਚ ਜਾ ਵੜਨ । ਪਰ ਸਿੰਘਾਂ ਨੇ ਨਾ ਕਿਸੇ ਨੂੰ ਸੰਭਲਣ ਦਿੱਤਾ ਤੇ ਨਾ ਕਿਸੇ ਨੂੰ ਭੱਜਣ ਦਿੱਤਾ । ਸਿੰਘਾਂ ਨੇ ਆਪਣਾ ਕੰਮ ਮੁਕਾ ਲਿਆ ਸੀ ਅਤੇ ਸ਼ਾਇਦ ਹੀ ਕੋਈ ਅਜਿਹਾ ਬਚਿਆ ਸੀ ਜਿਸ ਨੇ ਤਲਵਾਰ ਦੀ ਧਾਰ ਨਾ ਚੱਖੀ ਹੋਵੇ । ਭੀਲੋਵਾਲ ਦੀ ਮਾਰ ਨੇ ਜਹਾਦੀਆਂ ਦਾ ਲੱਕ ਤੋੜ ਕੇ ਰੱਖ ਦਿੱਤਾ ਸੀ । ਜੋ ਜਿਉਂਦੇ ਬਚੇ ਉਹ ਆਪਣੇ ਘਰਾਂ ਨੂੰ ਤੁਰ ਗਏ ਸਨ ਅਤੇ ਉਨ੍ਹਾਂ ਦੇ ਆਗੂ ਮੂੰਹ ਲੁਕੋਈ ਲਾਹੌਰ ਜਾ ਵੜੇ ਸਨ ।[4] ਭੀਲੋਵਾਲ ਦੀ ਇਸ ਸ਼ਾਨਦਾਰ ਜਿੱਤ ਨਾਲ ਸਾਰੇ ਮਾਝੇ ਅਤੇ ਰਿਆੜਕੀ ਦੇ ਇਲਾਕੇ ਵਿਚ ਸਿੰਘਾਂ ਦਾ ਬੋਲਬਾਲਾ ਹੋ ਗਿਆ ਸੀ । ਟੋਡਰ ਮੱਲ ਦਾ ਪੋਤਰਾ ਅਤੇ ਮੁਤਰਜ਼ਾ ਖਾਨ ਜਿਹੜੇ ਇਸ ਜ਼ਹਾਦ ਦੇ ਮੋਢੀ ਸਨ, ਮਾਰੇ ਗਏ ਸਨ । ਇਨ੍ਹਾਂ ਸਭ ਦਾ ਅਸਲਾ ਅਤੇ ਘੋੜੇ ਸਿੰਘਾਂ ਦੇ ਹੱਥ ਲਗ ਗਏ ਸਨ ।

ਜਲੰਧਰ-ਦੁਆਬੇ ਵਿਚ ਸਿੰਘਾਂ ਦਾ ਉਭਾਰ ਅਤੇ ਰਾਹੋਂ ਦੀ ਲੜਾਈ : ਜਲੰਧਰ-ਦੁਆਬ ਦਾ ਖੇਤਰ, ਜਿਹੜਾ ਕਿ ਸਤਲੁਜ ਤੇ ਬਿਆਸ ਦੇ ਵਿਚਕਾਰਲਾ ਖੇਤਰ ਸੀ, ਸੱਮਸ਼ ਖਾਂ ਪਠਾਣ ਦੇ ਅਧਿਕਾਰ ਵਿਚ ਸੀ । ਇਸ ਦਾ ਕੇਂਦਰ ਸੁਲਤਾਨਪੁਰ ਲੋਧੀ ਸੀ । ਬੰਦਾ ਸਿੰਘ ਬਹਾਦੁਰ ਨੂੰ ਚਾਰੇ ਪਾਸਿਓਂ ਸਿੰਘਾਂ ਦੇ ਉਭਾਰ ਦੀਆਂ ਖ਼ਬਰਾਂ ਮਿਲ ਰਹੀਆਂ ਸਨ । ਜਦੋਂ ਉਸ ਨੂੰ ਮਾਝੇ ਦੇ ਸਿੰਘਾਂ ਦੀ ਸ਼ਾਨਦਾਰ ਸਫਲਤਾ ਬਾਰੇ ਖ਼ਬਰ ਮਿਲੀ ਤਾਂ ਉਸ ਨੇ ਸਰਹਿੰਦ ਦੇ ਸੂਬੇਦਾਰ ਭਾਈ ਬਾਜ ਸਿੰਘ ਨੂੰ ਹੁਕਮ ਦਿੱਤਾ ਕਿ ਉਹ ਸਤਲੁਜ ਤੋਂ ਪਾਰ ਦੁਆਬੇ ਉਪਰ ਚੜ੍ਹਾਈ ਕਰੇ ਤਾਂ ਕਿ ਮਾਝੇ ਦੇ ਸਿੰਘਾਂ ਨੂੰ ਹੋਰ ਹੱਲਾਸ਼ੇਰੀ ਮਿਲ ਜਾਵੇ ਅਤੇ ਦੁਆਬੇ ਵਿਚੋਂ ਦੀ ਲੰਘ ਕੇ ਆਉਣ ਲਈ ਕੋਈ ਮੁਸ਼ਕਲ ਨਾ ਆਵੇ । ਸਿੰਘਾਂ ਦਾ ਇਸ ਸਮੇਂ ਵੈਸੇ ਹੀ ਬਹੁਤ ਰੋਅਬ ਪੈ ਚੁੱਕਿਆ ਸੀ । ਭਾਈ ਬਾਜ ਸਿੰਘ ਨੇ ਚੜ੍ਹਾਈ ਕਰਨ ਦੀ ਤਿਆਰੀ ਕਰਨ ਦੇ ਨਾਲ ਨਾਲ ਦੋ ਸਿੰਘ ਸੱਮਸ਼ ਖਾਨ ਵੱਲ ਸੁਲਤਾਨਪੁਰ ਲੋਧੀ ਨੂੰ ਭੇਜ ਦਿੱਤੇ । ਇਨ੍ਹਾਂ ਦੇ ਹੱਥ ਬੰਦਾ ਸਿੰਘ ਦਾ ਹੁਕਮ ਭੇਜਿਆ ਗਿਆ ਸੀ । ਇਸ ਵਿਚ ਸੱਮਸ਼ ਖਾਨ ਨੂੰ ਹੁਕਮ ਦਿੱਤਾ ਗਿਆ ਸੀ ਕਿ : 'ਸੱਮਸ਼ ਖਾਂ ਨਜ਼ਰਾਨਾ ਲੈ ਕੇ ਅੱਗੋਂ ਆ ਕੇ ਮਿਲੇ ਅਤੇ ਆਪਣੇ ਇਲਾਕੇ ਵਿਚਲੀ ਸਾਰੀ ਵਹਿਕ ਜ਼ਮੀਨ ਹਲ-ਵਾਹਕਾਂ ਦੇ ਹਵਾਲੇ ਕਰ ਦੇਵੇ । ਆਪਣੀ ਸੈਨਾ ਵਿਚ ਸਿੰਘਾਂ ਦੀ ਭਰਤੀ ਕਰੇ ।' ਸਿੰਘਾਂ ਨੇ ਇਹ ਹੁਕਮ ਖਾਨ ਦੇ ਹੱਥ ਜਾ ਫੜਾਇਆ । ਸੱਮਸ਼ ਖਾਨ ਨੇ ਆਪਣੇ ਸਲਾਹਕਾਰਾਂ ਨਾਲ ਸਲਾਹ-ਮਸ਼ਵਰਾ ਕਰਕੇ ਜਵਾਬ ਦਿੱਤਾ ਕਿ ਉਹ ਖ਼ਾਲਸੇ ਦੀ ਸ਼ਰਨ ਵਿਚ ਆਉਣ ਨੂੰ ਤਿਆਰ ਹੈ ਪਰ ਉਸ ਨੂੰ ਕਾਜ਼ੀਆਂ ਅਤੇ ਮੌਲਾਣਿਆਂ ਤੋਂ ਡਰ ਹੈ । ਜੇ ਉਸ ਨੂੰ ਕੁਝ ਸਮਾਂ ਦਿੱਤਾ ਜਾਵੇ ਤਾਂ ਉਹ ਪੂਰੇ ਨਜ਼ਰਾਨੇ ਸਮੇਤ ਅੱਗੋਂ ਆ ਕੇ ਮਿਲਣ ਲਈ ਤਿਆਰ ਹੈ । ਇਹ ਜਵਾਬ ਮਿਲਣ ਨਾਲ ਭਾਈ ਬਾਜ ਸਿੰਘ ਦੀ ਮੁਹਿੰਮ ਕੁਝ ਦਿਨਾਂ ਲਈ ਢਿੱਲੀ ਪੈ ਗਈ ਪਰ ਸੱਮਸ਼ ਖਾਨ ਦੂਸਰੇ ਪਾਸੇ ਕਾਂਗੜੇ ਵਾਲੇ ਫੌਜਦਾਰ ਤੋਂ ਮਦਦ ਮਿਲਣ ਦੀ ਆਸ ਤੇ ਜਹਾਦ ਦੀ ਤਿਆਰੀ ਕਰਨ ਲਗ ਪਿਆ ਸੀ । ਖਾਫ਼ੀ ਖਾਂ ਲਿਖਦਾ ਹੈ ਕਿ ਸੱਮਸ਼ ਖਾਨ ਨੇ ਬਾਕਾਇਦਾ ਫੌਜ ਦੇ ਪੰਜ ਹਜ਼ਾਰ ਘੋੜ-ਸਵਾਰ, ਤੀਹ ਹਜ਼ਾਰ ਪੈਦਲ ਸਿਪਾਹੀ, ਤੋਪਚੀ, ਤੀਰ-ਮਾਰ ਅਤੇ ਹੋਰ ਹਥਿਆਰਬੰਦ ਲੜਾਕੇ ਇਕੱਠੇ ਕਰ ਲਏ ਸਨ । ਇਸ ਤੋਂ ਇਲਾਵਾ ਉਸ ਨੇ ਆਪਣੇ ਇਲਾਕੇ ਦੇ ਕੱਟੜ ਮੁਸਲਮਾਨ ਜ਼ਹਾਦੀ ਵੀ ਇਕੱਠੇ ਕਰ ਲਏ ਸਨ । ਇਸ ਮੁਲਖਈਏ ਵਿਚ ਉਸ ਨੇ ਬਾਹੁਕਮ ਉਹ ਲੋਕ ਵੀ ਇਕੱਠੇ ਹੋਣ ਲਈ ਮਜ਼ਬੂਰ ਕਰ ਦਿੱਤੇ ਸਨ ਜਿਨ੍ਹਾਂ ਵਿਚ ਗਰੀਬ ਲੋਕ ਵੀ ਸਨ । ਇਹ ਗਰੀਬ ਲੋਕ ਹੁਕਮ ਦੇ ਬੱਝੇ ਦੋ-ਚਿੱਤੀ ਨਾਲ ਸਿੰਘਾਂ ਨਾਲ ਲੜਨ ਲਈ ਆਏ ਸਨ । ਇਸ ਤਰ੍ਹਾਂ ਸੱਮਸ਼ ਖਾਨ ਕੋਲ ਇਕ ਲੱਖ ਤੋਂ ਵੱਧ ਬੰਦਾ ਇਕੱਠਾ ਹੋ ਗਿਆ ਸੀ, ਇਤਨਾ ਵੱਡਾ ਮੁਲਖ਼ਈਆ ਲੈ ਕੇ ਸੱਮਸ਼ ਖਾਨ ਮਾਛੀਵਾੜੇ ਵਾਲੇ ਪੱਤਣ ਤੇ ਆ ਪਹੁੰਚਿਆ । ਉਸ ਦਾ ਖ਼ਿਆਲ ਸੀ ਕਿ ਉਹ ਸਿੰਘਾਂ ਨੂੰ ਸਤਲੁਜ ਪਾਰ ਨਹੀਂ ਕਰਨ ਦੇਵੇਗਾ ਪਰ ਕਿਸੇ ਹੋਰ ਪੱਤਣ ਰਾਹੀਂ ਸਿੰਘ ਪਹਿਲਾਂ ਹੀ ਸਤਲੁਜ ਪਾਰ ਕਰ ਚੁੱਕੇ ਸਨ । ਜਦੋਂ ਅੱਗੋਂ ਬੇਅੰਤ ਲਸ਼ਕਰ ਸਿੰਘਾਂ ਨੇ ਆਉਂਦਾ ਦੇਖਿਆ ਤਾਂ ਉਹ ਹੈਰਾਨ ਹੋ ਗਏ ਸਨ । ਉਨ੍ਹਾਂ ਪਾਸ ਸਿਵਾਏ ਲੜਨ ਦੇ ਹੋਰ ਕੋਈ ਚਾਰਾ ਨਹੀਂ ਸੀ । ਭਾਈ ਬਾਜ ਸਿੰਘ ਨੇ ਛੇਤੀ ਛੇਤੀ ਇਕ ਖਾਲੀ ਪਏ ਭੱਠੇ ਦੇ ਆਵੇ ਨੂੰ ਆਪਣਾ ਮੋਰਚਾ ਬਣਾਇਆ ਤੇ ਲੜਾਈ ਸ਼ੁਰੂ ਹੋ ਗਈ । ਬੇਅੰਤ ਮੁਲਖਈਆ, ਸਿੰਘਾਂ ਦੀ ਕੋਈ ਪੇਸ਼ ਨਹੀ. ਸੀ ਜਾਣ ਦਿੰਦਾ । ਜਦੋਂ ਸਿੰਘਾਂ ਨੇ ਦੇਖਿਆ ਕਿ ਭੱਠੇ ਦੇ ਆਵੇ ਵਿਚ ਰਹਿ ਕੇ ਲਗਾਤਾਰ ਟਾਕਰਾ ਨਹੀਂ ਕੀਤਾ ਜਾ ਸਕਦਾ ਤਾਂ ਉਹ ਇਕਦਮ ਜ਼ੋਰ ਦਾ ਹੱਲਾ ਕਰਕੇ ਆਪਣੇ ਦੁਆਲੇ ਪਏ ਘੇਰੇ ਨੂੰ ਤੋੜ ਕੇ ਨਿਕਲ ਗਏ ਅਤੇ ਕੁਝ ਮੀਲਾਂ ਦੀ ਵਿੱਥ ਤੇ ਰਾਹੋਂ ਦੇ ਕਿਲ੍ਹੇ

4. ਡਾ. ਗੰਡਾ ਸਿੰਘ, *ਪੂਰਵ ਅੰਕਤ*, ਪੰਨਾ 61.

SIKHBOOKCLUB.COM

ਵਿਚ ਜਾ ਵੜੇ। ਸੱਮਸ਼ ਖਾਨ ਨੇ ਕਿਲ੍ਹਾ ਘੇਰ ਲਿਆ। ਕਈ ਦਿਨ ਘੇਰਾ ਪਿਆ ਰਿਹਾ। ਕੁਝ ਦਿਨਾਂ ਦੇ ਘੇਰੇ ਬਾਅਦ ਸਿੰਘਾਂ ਨੇ ਇਕ ਚਲਾਕੀ ਕੀਤੀ। ਇਕ ਰਾਤ ਨੂੰ ਆਪਣੇ ਕੁਝ ਘੋੜਿਆਂ ਉਪਰ ਲਾਲਟੈਣਾਂ ਬੰਨ੍ਹ ਕੇ ਕਿਲੇ ਵਿਚੋਂ ਭਜਾ ਦਿੱਤੇ ਅਤੇ ਆਪ ਜੈਕਾਰੇ ਬੁਲਾਉਣ ਲੱਗ ਪਏ ਸਨ। ਜਦੋਂ ਘੋੜੇ ਜੈਕਾਰਿਆਂ ਦੀ ਆਵਾਜ਼ ਨਾਲ ਬਾਹਰ ਭੱਜੇ ਸਨ ਤਾਂ ਸੱਮਸ਼ ਖਾਨ ਨੇ ਸੋਚਿਆ ਕਿ ਸਿੰਘ ਕਿਲ੍ਹਾ ਛੱਡ ਕੇ ਭੱਜ ਨਿਕਲੇ ਹਨ। ਉਹ ਇਕ ਦਮ ਉਧਰ ਨੂੰ ਕਾਫ਼ੀ ਦੂਰ ਨਿਕਲ ਆਇਆ ਸੀ। ਉਹ ਵਾਪਸ ਕਿਲ੍ਹੇ ਵੱਲ ਮੁੜਨ ਦੀ ਬਜਾਏ ਸੁਲਤਾਨਪੁਰ ਲੋਧੀ ਨੂੰ ਹੀ ਚਲਾ ਆਇਆ ਸੀ। ਰਾਹੋਂ ਦਾ ਕਿਲ੍ਹਾ ਸਿੰਘਾਂ ਦੇ ਹੀ ਕਬਜ਼ੇ ਵਿਚ ਰਿਹਾ ਸੀ। ਇਹ ਗੱਲ ਇਕ-ਦੋ ਅਕਤੂਬਰ, 1710 ਦੀ ਹੈ।

ਅਗਲੇ ਕੁਝ ਦਿਨਾਂ ਵਿਚ ਭਾਈ ਬਾਜ ਸਿੰਘ ਨੇ ਆਪਣੀ ਸਥਿਤੀ ਸੰਭਾਲ ਕੇ ਜਲੰਧਰ ਉਪਰ ਜਾ ਕਬਜ਼ਾ ਕੀਤਾ ਅਤੇ ਫਗਵਾੜੇ ਨੂੰ ਵੀ ਜਿੱਤ ਲਿਆ। ਸੱਮਸ਼ ਖਾਨ ਵੀ ਸੁਲਤਾਨਪੁਰ ਜਾ ਕੇ ਆਰਾਮ ਨਾਲ ਨਾ ਬੈਠ ਸਕਿਆ। ਭਾਈ ਬਾਜ ਸਿੰਘ ਵਾਪਸ ਸਰਹਿੰਦ ਆ ਗਿਆ ਅਤੇ ਦੁਆਬੇ ਦੇ ਸਿੰਘ ਆਪਣੇ ਆਪਣੇ ਇਲਾਕੇ ਮੱਲ ਕੇ ਅਤੇ ਕਾਇਮ ਹੋ ਕੇ ਬੈਠ ਗਏ ਸਨ।

ਅਖ਼ਬਾਰ-ਏ-ਦਰਬਾਰ-ਏ-ਮੁਅੱਲਾ ਵਿਚ ਇਸ ਬਾਰੇ ਇਉਂ ਲਿਖਿਆ ਹੈ : 'ਇਹ ਗੱਲ ਬਾਦਸ਼ਾਹ ਦੇ ਧਿਆਨ ਵਿਚ ਲਿਆਂਦੀ ਗਈ ਕਿ ਪੱਚੀ ਹਜ਼ਾਰ ਦੀ ਗਿਣਤੀ ਵਿਚ ਨਾਨਕ-ਪੂਜ ਲਾਹੌਰ ਦੇ ਆਲੇ-ਦੁਆਲੇ ਇਕੱਠੇ ਹੋਏ ਫਿਰਦੇ ਹਨ। ਇਹ ਸੁਣਦਿਆਂ ਹੀ ਦੁਆਬੇ ਦਾ ਫੌਜਦਾਰ ਸੱਮਸ਼ ਖਾਨ ਅਤੇ ਜੰਮੂ ਦਾ ਫੌਜਦਾਰ ਅਲੀ ਖਾਨ ਇਕ ਦੂਜੇ ਨਾਲ ਮਿਲ ਗਏ ਅਤੇ ਸਿੱਖਾਂ ਨਾਲ ਲੜੇ। ਬਹੁਤ ਸਾਰੇ ਸਿੱਖ ਮਾਰੇ ਗਏ ਅਤੇ ਜ਼ਖ਼ਮੀ ਹੋ ਗਏ ਸਨ। ਕਿਉਂਕਿ ਸਿੱਖਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ ਇਸ ਲਈ ਉਕਤ ਦੋਵੇਂ ਫੌਜਦਾਰ ਉਨ੍ਹਾਂ ਨਾਲ ਲੜਦਿਆਂ ਮਾਰੇ ਗਏ ਸਨ। ਇਸ ਤੋਂ ਬਾਅਦ ਫਰਾਸਖਾਨੇ ਦੇ ਮੁਸ਼ੱਰਫ਼ ਨੂੰ ਦੱਸਿਆ ਗਿਆ ਸੀ ਕਿ ਡੇਰੇ ਦਾ ਸਾਰਾ ਸਮਾਨ ਲਾਹੌਰ ਭੇਜ ਦਿਤਾ ਜਾਵੇ।[5]

SIKHBOOKCLUB.COM

5. *The Punjab Past and Present*, p. 55

12. ਬਾਦਸ਼ਾਹ ਬਹਾਦੁਰ ਸ਼ਾਹ ਦੀ ਖ਼ਾਲਸਾ ਰਾਜ ਉੱਪਰ ਚੜ੍ਹਾਈ

ਭਾਵੇਂ ਜਲਾਲ ਖਾਨ ਨੂੰ ਹਰਾਇਆ ਨਹੀਂ ਜਾ ਸਕਿਆ ਸੀ ਪਰ ਬੰਦਾ ਸਿੰਘ ਬਹਾਦੁਰ ਨੇ ਦਿੱਲੀ ਦੇ ਖੰਭ ਜ਼ਰੂਰ ਝਾੜ ਦਿੱਤੇ ਸਨ। ਦਿੱਲੀ ਦੇ ਨੇੜੇ ਦਾ ਸਾਰਾ ਇਲਾਕਾ ਸਿੰਘਾਂ ਨੇ ਦਰੜ ਸੁੱਟਿਆ ਸੀ। ਸਮਕਾਲੀ ਮੁਸਲਿਮ ਲੇਖਕ ਇਰਾਦਤ ਖਾਨ ਲਿਖਦਾ ਹੈ, ''ਦਿੱਲੀ ਵਿਚ ਕੋਈ ਐਸਾ ਸਰਦਾਰ ਨਹੀਂ ਸੀ ਜਿਸ ਵਿਚ ਦਿੱਲੀਓਂ ਸਿੰਘਾਂ ਦੇ ਵਿਰੁੱਧ ਚੜ੍ਹਾਈ ਕਰਨ ਦੀ ਦਲੇਰੀ ਹੁੰਦੀ। ਰਾਜਧਾਨੀ ਦਾ ਵੱਡਾ ਸਰਕਾਰੀ ਹਾਕਮ ਆਸਫ-ਉ-ਦੌਲਾ ਅਸਦ ਖਾਨ ਕਿਉਂਕਿ ਡਰਦਾ ਪਿਆ ਜਾਪਦਾ ਸੀ ਇਸ ਲਈ ਸ਼ਹਿਰ ਦੇ ਵਸਨੀਕ ਦਿਸ ਰਹੇ ਝੱਖੜ ਤੋਂ ਬਚਣ ਲਈ ਆਪਣੇ ਬਾਲ-ਬੱਚੇ ਅਤੇ ਮਾਲ-ਮੱਤੇਹ ਸਮੇਤ ਪੂਰਬ ਵੱਲ ਦੇ ਸੂਬਿਆਂ ਨੂੰ ਭੱਜਣੇ ਸ਼ੁਰੂ ਹੋ ਗਏ ਸਨ। ਜੇ ਕਿਧਰੇ ਕਰਨਾਲ ਦੇ ਪਾਸੇ ਦੇ ਇਕ ਮੁਸਲਮਾਨ ਰਾਜਪੂਤ ਜ਼ਿੰਮੀਦਾਰ ਸਰਦਾਰ ਖਾਨ ਦੀ ਹਿਲ-ਜੁਲ ਨਾ ਹੁੰਦੀ ਤਾਂ ਸਿੰਘਾਂ ਨੂੰ ਦਿੱਲੀ ਉਤੇ ਚੜ੍ਹਾਈ ਕਰਨ ਤੋਂ ਰੋਕਣ ਵਾਲਾ ਕੋਈ ਨਹੀਂ ਸੀ।''

ਬਾਦਸ਼ਾਹ ਬਹਾਦੁਰ ਸ਼ਾਹ ਦੱਖਣ ਵਿਚ ਸੀ। ਪੰਜਾਬ ਵਿਚ ਬੰਦਾ ਸਿੰਘ ਬਹਾਦੁਰ ਦੀਆਂ ਜਿੱਤਾਂ ਦੀਆਂ ਖ਼ਬਰਾਂ ਲਗਾਤਾਰ ਉਸ ਨੂੰ ਮਿਲ ਰਹੀਆਂ ਸਨ। ਪਹਿਲਾਂ ਤਾਂ ਉਸ ਨੇ ਸਿੰਘਾਂ ਦੀ ਬਗਾਵਤ ਨੂੰ ਜ਼ਿਆਦਾ ਗੰਭੀਰਤਾ ਨਾਲ ਨਹੀਂ ਸੀ ਲਿਆ ਪਰ ਜਦੋਂ ਬੰਦਾ ਸਿੰਘ ਨੇ ਸਰਹਿੰਦ ਨੂੰ ਜਿੱਤ ਕੇ ਖਾਲਸਾ ਰਾਜ ਸਥਾਪਤ ਕਰ ਲਿਆ ਸੀ ਤਾਂ ਉਹ ਬਹੁਤ ਡਰ ਗਿਆ ਸੀ। ਬਾਦਸ਼ਾਹ ਖੁਦ ਦੱਖਣ ਤੋਂ ਦਿੱਲੀ ਵੱਲ ਨੂੰ ਆਉਣ ਸਮੇਂ ਰਾਜਪੂਤਾਨੇ ਵਿਚੋਂ ਦੀ ਆਉਣਾ ਚਾਹੁੰਦਾ ਸੀ ਕਿਉਂਕਿ ਰਾਜਪੂਤਾਨੇ ਵਿਚ ਉਹ ਰਾਜਾ ਅਜੀਤ ਸਿੰਘ ਰਾਠੌੜ ਅਤੇ ਰਾਜਾ ਜੈ ਸਿੰਘ ਕਛਵਾਹਾ ਨੂੰ ਸੋਧਣਾ ਚਾਹੁੰਦਾ ਸੀ। ਪਰ ਜਦੋਂ ਸਰਹਿੰਦ ਦੀ ਜਿੱਤ ਦੀਆਂ ਖ਼ਬਰਾਂ ਬਾਦਸ਼ਾਹ ਤਕ ਪਹੁੰਚੀਆਂ ਤਾਂ ਬਾਦਸ਼ਾਹ ਨੇ ਭੈਭੀਤ ਹੋ ਕੇ ਆਪਣਾ, ਰਾਜਪੂਤਾਨੇ ਦੇ ਰਾਜਿਆਂ ਨੂੰ ਸੋਧਣ ਦਾ, ਇਰਾਦਾ ਬਦਲ ਦਿੱਤਾ ਸੀ। ਉਸ ਦਾ ਖਿਆਲ ਸੀ ਕਿ ਉਕਤ ਰਾਜਿਆਂ ਨੂੰ ਜੇਕਰ ਨਾ ਵੀ ਸੋਧਿਆ ਜਾਵੇ ਤਾਂ ਵੀ ਉਹ ਮੁਗ਼ਲ ਹਕੂਮਤ ਲਈ ਕੋਈ ਖ਼ਤਰਾ ਨਹੀਂ ਬਣ ਸਕਦੇ ਸਨ। ਉਹ ਵੱਧ ਤੋਂ ਵੱਧ ਆਪਣੀ ਆਪਣੀ ਰਿਆਸਤ ਦੇ ਅੰਦਰ ਅੰਦਰ ਹੀ ਆਪਹੁਦਰੀਆਂ ਕਰ ਸਕਦੇ ਸਨ, ਰਿਆਸਤਾਂ ਤੋਂ ਬਾਹਰ ਉਹ ਕੁਝ ਵੀ ਨਹੀਂ ਕਰ ਸਕਦੇ ਸਨ। ਪਰ ਪੰਜਾਬ ਵਿਚ ਖਾਲਸੇ ਨੂੰ ਜਿੰਨਾ ਵੀ ਸਮਾਂ ਮਿਲ ਰਿਹਾ ਸੀ ਉਹ ਦਿਨ-ਦੂਣੀ ਤੇ ਰਾਤ-ਚੌਗਣੀ ਦੇ ਅਨੁਸਾਰ ਆਪਣੀ ਤਾਕਤ ਵਧਾ ਰਹੇ ਸਨ। ਸਿੰਘਾਂ ਦੀ ਤਾਕਤ ਮੁਗ਼ਲ ਹਕੂਮਤ ਦੀ ਕੀਮਤ ਤੇ ਵੱਧ ਰਹੀ ਸੀ ਜਦੋਂਕਿ ਰਾਜਪੂਤ ਰਾਜਿਆਂ ਦੀ ਤਾਕਤ ਨਾਲ ਮੁਗ਼ਲ ਹਕੂਮਤ ਨੂੰ ਕੋਈ ਫ਼ਰਕ ਨਹੀਂ ਪੈਂਦਾ ਸੀ। ਇਸ ਲਈ ਬਾਦਸ਼ਾਹ ਨੇ ਰਾਜਪੂਤਾਨੇ ਵਿਚ ਰੁਕਣ ਦੀ ਥਾਂ ਸਿੱਧਾ ਪੰਜਾਬ ਵਿਚ ਆਉਣ ਦਾ ਪਰੋਗਰਾਮ ਬਣਾਇਆ।

ਇਸ ਗੱਲ ਤੇ ਭਾਵੇਂ ਬਾਦਸ਼ਾਹ ਅਤੇ ਉਸ ਦੇ ਵੱਡੇ ਵਜ਼ੀਰ, ਖ਼ਾਨ-ਏ-ਖ਼ਾਨਾ ਮਨੱਈਅਮ ਖ਼ਾਨ ਦੇ ਵਿਚਕਾਰ ਤਕਰਾਰ ਦੀ ਹੱਦ ਤੱਕ ਦੇ ਮਤਭੇਦ ਪੈਦਾ ਹੋ ਗਏ ਸਨ ਕਿ ਬੰਦਾ ਸਿੰਘ ਬਹਾਦੁਰ ਦੇ ਖਿਲਾਫ਼ ਬਾਦਸ਼ਾਹ ਨੂੰ ਖੁਦ ਆਪ ਅੱਗੇ ਹੋ ਕੇ ਮੁਹਿੰਮ ਤੇ ਚੜ੍ਹਨਾ ਚਾਹੀਦਾ ਹੈ ਜਾਂ ਨਹੀਂ। ਵਜ਼ੀਰ ਦੀ ਸਲਾਹ ਸੀ ਕਿ ਖਾਲਸੇ ਦੀ ਬਗਾਵਤ ਨੂੰ ਕੁਚਲਣ ਲਈ ਬਾਦਸ਼ਾਹ ਨੂੰ ਖੁਦ ਨਹੀਂ ਚੜ੍ਹਾਈ ਕਰਨੀ ਚਾਹੀਦੀ ਕਿਉਂਕਿ ਇਸ ਨਾਲ ਬੰਦਾ ਸਿੰਘ ਬਹਾਦੁਰ ਦੀ ਤਾਕਤ ਬਾਰੇ ਮੁਗ਼ਲ ਅਧਿਕਾਰੀਆਂ ਦੇ ਮਨਾਂ ਵਿਚ ਡਰ ਤੇ ਸ਼ੰਕੇ ਵਧਣਗੇ। ਬਾਦਸ਼ਾਹ ਇਸ ਦੇ ਬਿਲਕੁਲ ਉਲਟ ਸੋਚਦਾ ਸੀ। ਉਸ ਦਾ ਮੱਤ ਸੀ ਕਿ ਇਨ੍ਹਾਂ ਕਾਫ਼ਰਾਂ ਦੀ ਬਗਾਵਤ ਨੂੰ ਦਬਾਉਣਾ ਇਸਲਾਮ ਦੀ ਸੇਵਾ ਕਰਨਾ ਹੋਵੇਗਾ ਅਤੇ ਇਸਲਾਮ ਦੀ ਸੇਵਾ ਕਰਨਾ ਉਹ ਆਪਣਾ ਪਰਮ ਧਰਮ ਸਮਝਦਾ ਸੀ।

ਰਾਜਪੂਤਾਨੇ ਵਿਚ ਬਿਨਾਂ ਰੁਕੇ ਹੀ ਬਾਦਸ਼ਾਹ ਬਹਾਦੁਰ ਸ਼ਾਹ ਪੰਜਾਬ ਵੱਲ ਨੂੰ ਵੱਧ ਰਿਹਾ ਸੀ। ਉਸ ਨੇ ਨੇੜਲੇ ਸੂਬਿਆਂ ਦੇ ਸੂਬੇਦਾਰਾਂ ਅਤੇ ਹਿੰਦੂ ਰਿਆਸਤਾਂ ਦੇ ਰਾਜਿਆਂ ਨੂੰ ਹੁਕਮ ਭੇਜ ਦਿੱਤੇ ਸਨ ਕਿ ਉਹ ਜਲਦੀ ਜਲਦੀ ਆਪਣੀ ਆਪਣੀ ਸੈਨਾ ਲੈ ਕੇ ਸ਼ਾਹੀ ਫੌਜ ਨਾਲ ਆ ਕੇ ਮਿਲ ਜਾਣ। ਦਿੱਲੀ ਦੇ ਹਾਕਮ ਨਿਜ਼ਾਮ-ਉਲ-ਮੁਲਕ, ਆਸਫ਼-ਉ-ਦੌਲਾ ਅਸਦ ਖਾਨ ਨੂੰ ਝੱਟਪੱਟ ਫੌਜ ਲੈ ਕੇ ਆਉਣ ਲਈ ਹੁਕਮ ਭੇਜ ਦਿੱਤੇ ਸਨ। ਅਵਧ ਦੇ ਸੂਬੇਦਾਰ-ਖ਼ਾਨ ਦੌਰਾਨ, ਮੁਰਾਦਾਬਾਦ ਦੇ ਫੌਜਦਾਰ-ਮੁਹੰਮਦ ਅਮੀਨ ਚੀਨ ਬਹਾਦੁਰ, ਅਲਾਹਾਬਾਦ ਦੇ ਨਾਜ਼ਿਮ-ਖਾਨ ਜਹਾਨ, ਬਾਰ੍ਹੇ ਦੇ ਸੱਯਦ-ਅਬਦੁਲਾ ਖਾਨ ਨੂੰ ਹੁਕਮ ਭੇਜੇ ਕਿ ਉਹ ਤੁਰੰਤ ਹੀ ਸ਼ਾਹੀ ਫੌਜ ਨਾਲ ਆ ਮਿਲਣ। ਸਰਹੰਦ ਦੇ ਫੌਤ ਹੋਏ ਸੂਬੇਦਾਰ ਵਜ਼ੀਰ ਖਾਨ ਦੀ ਥਾਂ ਜੈਨੁਦੀਨ ਅਹਿਮਦ ਖਾਨ ਨੂੰ ਦੋ ਹਜ਼ਾਰ ਸਵਾਰ ਅਤੇ ਦੋ ਹਜ਼ਾਰ ਸਿਹਬੰਦੀ ਪਿਆਦੇ ਦੇ ਕੇ ਸਰਹਿੰਦ ਦਾ ਸੂਬੇਦਾਰ ਨੀਯਤ ਕਰਕੇ ਭੇਜ ਦਿੱਤਾ ਸੀ।[1] ਫਿਰੋਜ਼ ਖਾਨ ਮੇਵਾਤੀ, ਰੁਸਮਤ ਦਿਲ ਖਾਨ ਦੇ ਭਤੀਜੇ ਸੁਲਤਾਨ ਕੁਲੀ ਖਾਨ ਅਤੇ ਸ਼ਾਕਰ ਖਾਨ ਆਦਿ ਅਧਿਕਾਰੀਆਂ ਦੀ ਕਮਾਂਡ ਹੇਠ ਇਕ ਬੜੀ ਤਕੜੀ ਫੌਜ ਦੇ ਕੇ ਪੇਸ਼ਗੀ ਪਾਰਟੀ ਦੇ ਤੌਰ ਤੇ ਬੰਦਾ ਸਿੰਘ ਬਹਾਦੁਰ ਉਪਰ ਚੜ੍ਹਾਈ ਕਰਨ ਲਈ ਭੇਜਿਆ ਗਿਆ ਸੀ। ਪਟੌਦੀ ਦੇ ਨਵਾਬ ਸੱਯਦ ਸੈਫੂਦੀਨ ਖਾਨ, ਨਿਜ਼ਾਮੁਦੀਨ ਅਲੀ ਖਾਨ, ਸਿਰਾਜੁਦੀਨ ਅਲੀ ਖਾਨ ਅਤੇ ਦਿੱਲੀ ਦੇ ਆਲੇ-ਦੁਆਲੇ ਦੇ ਖੇਤਰ ਦੇ ਜੱਟਾਂ ਦਾ ਚੌਧਰੀ ਚੂੜਾਮਣੀ ਜਾਟ ਵੀ ਆਪਣੀਆਂ ਫੌਜਾਂ ਲੈ ਕੇ ਸ਼ਾਹੀ ਫੌਜ ਨਾਲ ਆ ਮਿਲੇ।

1. *Akhbar-i-Darbar-i-Mualla* (Eng. Tr. by Dr. Bhagat Singh) in *The Panjab Past And Present*, Punjabi University, Patiala, Oct. 1984, pp. 31 and 82.

SIKHBOOKCLUB.COM

ਇਸ ਦੇ ਨਾਲ ਹੀ ਪੰਜਾਬ ਦੀਆਂ ਪਹਾੜੀ ਰਿਆਸਤਾਂ ਦੇ ਰਾਜਪੂਤ ਰਾਜਿਆਂ ਨੂੰ ਅਤੇ ਰਾਜਪੂਤਾਨੇ ਦੇ ਸਮੂਹ ਰਾਜਿਆਂ ਨੂੰ ਆਪਣੀਆਂ ਆਪਣੀਆਂ ਫੌਜਾਂ ਲੈ ਕੇ ਆਉਣ ਦੇ ਹੁਕਮ ਭੇਜ ਦਿੱਤੇ ਗਏ ਸਨ। ਜਿਨ੍ਹਾਂ ਰਾਜਪੂਤ ਰਾਜਿਆਂ ਦੇ ਖਿਲਾਫ਼ ਬਾਦਸ਼ਾਹ ਨੇ ਕਾਰਵਾਈ ਕਰਨੀ ਸੀ ਉਨ੍ਹਾਂ ਨੂੰ ਅੱਛੇ ਵਿਵਹਾਰ ਦਾ ਵਾਇਦਾ ਕਰਕੇ ਖੁਸ਼ ਕਰ ਦਿੱਤਾ ਗਿਆ ਸੀ। ਇਸ ਤਰ੍ਹਾਂ ਚੋਟੀ ਦੇ ਮੁਗਲ ਅਧਿਕਾਰੀਆਂ ਨੂੰ ਤਾਂ ਬਾਦਸ਼ਾਹ ਨੇ ਆਪਣੀ ਸੈਨਾ ਨਾਲ ਰਲਾ ਲਿਆ ਸੀ। ਰਾਜਪੂਤ ਅਤੇ ਪਹਾੜੀ ਰਾਜਿਆਂ ਨੂੰ ਆਪੋ-ਆਪਣੀਆਂ ਸੈਨਾਵਾਂ ਲੈ ਕੇ ਛੇਤੀ ਪੁੱਜਣ ਦੀ ਤਾਕੀਦ ਕਰ ਦਿੱਤੀ ਸੀ ਅਤੇ ਆਮ ਮੁਸਲਿਮ ਜਨਤਾ ਨੂੰ ਇਸਲਾਮ ਦੀ ਰਾਖੀ ਲਈ ਉਠਣ ਦੇ ਹੋਕੇ ਦਿਵਾ ਦਿੱਤੇ ਗਏ ਸਨ। ਇਤਨੀ ਵੱਡੀ ਸ਼ਾਹੀ ਸੈਨਾ, ਜਿਸ ਵਿਚ ਲੱਖਾਂ ਦੀ ਗਿਣਤੀ ਵਿਚ ਤਾਕਤਵਰ ਸਿਪਾਹੀ ਸਨ, ਲੱਖਾਂ ਦੀ ਗਿਣਤੀ ਵਿਚ ਹੀ ਮੁਲਖੱਈਆ ਇਕੱਠਾ ਹੋ ਕੇ ਪੰਜਾਬ ਵੱਲ ਬੰਦਾ ਸਿੰਘ ਬਹਾਦੁਰ ਨੂੰ ਫੜਨ ਲਈ ਤੁਰ ਪਿਆ ਸੀ। ਬਾਦਸ਼ਾਹ ਨੇ ਇਥੇ ਹੀ ਬੱਸ ਨਹੀਂ ਕੀਤੀ, ਉਸ ਨੇ ਦਿੱਲੀ ਵਿਖੇ ਰਹਿ ਰਹੀ ਮਾਤਾ ਸੁੰਦਰੀ ਜੀ ਦੇ ਮੁਤਬੰਨੇ ਪੁੱਤਰ ਅਜੀਤ ਸਿੰਘ ਨੂੰ ਵੀ ਆਪਣੇ ਨਾਲ ਮਿਲਾ ਲਿਆ ਸੀ। ਇਹ ਅਜੀਤ ਸਿੰਘ ਕਹਿਣ ਨੂੰ ਤਾ ਭਾਵੇਂ ਮਾਤਾ ਸੁੰਦਰੀ ਜੀ ਦਾ ਮੁਤਬੰਨਾ ਪੁੱਤਰ ਦਰਸਾਇਆ ਜਾਂਦਾ ਸੀ ਪਰ ਇਸ ਦਾ ਨਾ ਹੀ ਖਾਲਸੇ ਦੇ ਸੰਘਰਸ਼ ਨਾਲ ਕੋਈ ਸਬੰਧ ਸੀ ਅਤੇ ਨਾ ਹੀ ਸਿੱਖ ਧਰਮ ਦੇ ਪਰਚਾਰ ਨਾਲ। ਇਸ ਨੂੰ ਲੋੜ ਪੈਣ ਤੇ ਬਾਦਸ਼ਾਹ ਆਪਣੀ ਹਿਰਾਸਤ ਵਿਚ ਲੈ ਲੈਂਦਾ ਸੀ ਅਤੇ ਇਉਂ ਹਕੂਮਤ ਦੀ ਮਦਦ ਲਈ ਇਸ ਨੂੰ ਵਰਤਿਆ ਜਾਂਦਾ ਸੀ। ਹੋ ਸਕਦਾ ਹੈ ਕਿ ਇਸ ਗੱਲ ਦਾ ਪਤਾ ਮਾਤਾ ਸੁੰਦਰੀ ਜੀ ਨੂੰ ਨਾ ਹੋਵੇ ਜਾਂ ਫਿਰ ਇਹ ਵੀ ਹੋ ਸਕਦਾ ਹੈ ਕਿ ਮਾਤਾ ਜੀ ਵੀ ਘਰੇਲੂ ਨਜ਼ਰਬੰਦੀ ਵਿਚ ਹੀ ਰੱਖੇ ਹੋਏ ਹੋਣ। ਬਾਦਸ਼ਾਹ ਨੇ ਬੰਦਾ ਸਿੰਘ ਬਹਾਦੁਰ ਦੀ ਤਾਕਤ ਨੂੰ ਘਟਾਉਣ ਲਈ ਸਿਰੀ ਦਰਬਾਰ ਸਾਹਿਬ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਦਾ ਪਰਬੰਧ ਭਾਈ ਮਨੀ ਸਿੰਘ ਜੀ ਕੋਲੋਂ ਖੋਹ ਕੇ ਇਸ ਮੁਤਬੰਨੇ ਪੁੱਤਰ ਅਜੀਤ ਸਿੰਘ ਨੂੰ ਦੇ ਦਿੱਤਾ ਸੀ। ਇਹ ਗੱਲ 26 ਸਤੰਬਰ, 1710 ਈ. ਦੀ ਹੈ। ਇਸ ਦੀ ਜਾਣਕਾਰੀ *ਅਖ਼ਬਾਰ-ਏ-ਦਰਬਾਰ* ਮੁਅੱਲਾ ਦੀਆਂ ਖ਼ਬਰਾਂ ਵਿਚ ਦਿੱਤੀ ਹੋਈ ਹੈ। ਇਸ ਖ਼ਬਰ ਅਨੁਸਾਰ ਮੁਤਬੰਨੇ ਪੁੱਤਰ ਅਜੀਤ ਸਿੰਘ ਨੂੰ ਦਿੱਲੀ ਤੋਂ ਲਿਆਉਣ ਲਈ ਰਾਜਾ ਚਤੁਰਸਾਲ ਬੁੰਦੇਲਾ ਦੀ ਡਿਊਟੀ ਲਗਾਈ ਗਈ ਸੀ। ਉਹ ਅਜੀਤ ਸਿੰਘ ਨੂੰ ਲੈ ਕੇ 26 ਸਤੰਬਰ, 1710 ਈ. ਨੂੰ ਬਾਦਸ਼ਾਹ ਪਾਸ ਪਹੁੰਚ ਗਿਆ ਸੀ ਅਤੇ ਬਾਦਸ਼ਾਹ ਨੇ ਇਸ ਨੂੰ ਸਿਰੀ ਦਰਬਾਰ ਸਾਹਿਬ ਦੇ ਪਰਬੰਧ ਦੇ ਨਾਲ ਨਾਲ ਹੋਰ ਕੀਮਤੀ ਖਿੱਲਤਾਂ ਵੀ ਇਨਾਮ ਵਜੋਂ ਦਿੱਤੀਆਂ ਸਨ।[2]

ਸਿੰਘਾਂ ਦੇ ਖਿਲਾਫ਼ ਇਤਨੀ ਤਿਆਰੀ ਦਾ ਆਰੰਭ ਫਿਰੋਜ਼ ਖਾਨ ਮੇਵਾਤੀ ਨੇ ਕੀਤਾ। ਇਸ ਨੇ ਸ਼ਾਹੀ ਫੌਜ ਦੀ ਜ਼ਬਰਦਸਤ ਟੁਕੜੀ ਲੈ ਕੇ ਪਹਿਲਾ ਹਮਲਾ ਕਰਨਾਲ ਅਤੇ ਸੋਨੀਪਤ ਦੇ ਸਿੰਘ ਫੌਜਦਾਰ ਬਾਵਾ ਬਿਨੋਦ ਸਿੰਘ ਅਤੇ ਭਾਈ ਰਾਮ ਸਿੰਘ ਦੀ ਫੌਜ ਉਪਰ ਕੀਤਾ। ਖੇੜਾ ਅਮੀਨ ਦੇ ਲਾਗੇ ਜ਼ਬਰਦਸਤ ਲੜਾਈ ਹੋਈ। ਸ਼ਾਹੀ ਫੌਜ ਦੇ ਸਾਹਮਣੇ ਸਿੰਘਾਂ ਦੀ ਗਿਣਤੀ ਬਹੁਤ ਥੋੜੀ ਸੀ। ਸਿੱਟੇ ਵਜੋਂ ਦੋਵੇਂ ਸਿੱਖ ਜਰਨੈਲ ਸ਼ਾਹੀ ਫੌਜ ਨਾਲ ਲੜਦੇ ਹੋਏ ਪਿੱਛੇ ਨੂੰ ਹਟਦੇ ਆ ਰਹੇ ਸਨ। ਰਾਤ ਦੇ ਹਨੇਰੇ ਵਿਚ ਜਦੋਂ ਲੜਾਈ ਦਾ ਟਿਕ-ਟਿਕਾਅ ਹੋਇਆ ਤਾਂ ਸਿੰਘ ਫੌਜ ਪਿੱਛੇ ਥਾਨੇਸਰ ਵਿਖੇ ਆ ਗਈ ਸੀ। ਥਾਨੇਸਰ ਵਿਖੇ ਇਕ ਹੋਰ ਸਿੰਘ ਜੱਥਾ ਸੀ। ਦੋਹਾਂ ਜੱਥਿਆਂ ਨੇ ਮਿਲ ਕੇ ਆ ਰਹੀ ਸ਼ਾਹੀ ਫੌਜ ਦਾ ਟਾਕਰਾ ਕਰਨ ਦਾ ਫੈਸਲਾ ਕੀਤਾ ਅਤੇ ਲੋਹਗੜ੍ਹ ਵਿਖੇ ਬੰਦਾ ਸਿੰਘ ਬਹਾਦਰ ਨੂੰ ਸੁਨੇਹਾ ਘੱਲ ਦਿੱਤਾ ਕਿ ਉਹ ਲੋਹਗੜ੍ਹ ਦੇ ਕਿਲ੍ਹੇ ਨੂੰ ਮਜ਼ਬੂਤ ਕਰ ਲਵੇ। ਪਿੱਛੇ ਦੁਸ਼ਮਣ ਨੇ ਸੋਨੀਪਤ ਅਤੇ ਕਰਨਾਲ ਵਿਖੇ ਮੁੜ ਤੋਂ ਆਪਣੇ ਠਾਣੇ ਬਿਠਾ ਦਿੱਤੇ ਸਨ।

ਇਸ ਨਾਲ ਫਿਰੋਜ਼ ਖਾਨ ਮੇਵਾਤੀ ਦੀ ਬਾਦਸ਼ਾਹ ਦੀ ਹਜ਼ੂਰੀ ਤੱਕ ਤਕੜੀ ਪਹੁੰਚ ਹੋ ਗਈ ਸੀ। ਸਾਰੇ ਪਾਸੇ ਉਸ ਦੀ ਜਿੱਤ ਦੀ ਚਰਚਾ ਹੁੰਦੀ ਸੀ। ਬਾਦਸ਼ਾਹ ਨੇ ਖੁਸ਼ ਹੋ ਕੇ ਮੇਵਾਤੀ ਨੂੰ ਜੈਨੁਦੀਨ ਅਹਿਮਦ ਖਾਨ ਦੀ ਥਾਂ ਤੇ ਸਰਹੰਦ ਦਾ ਸੂਬੇਦਾਰ ਨਿਯੁਕਤ ਕਰ ਦਿੱਤਾ। ਇਸ ਦੇ ਨਾਲ ਹੀ ਇਕ ਲੱਖ ਰੁਪਏ ਨਕਦ ਇਨਾਮ ਵੀ ਦੇ ਦਿੱਤੇ। ਇਨ੍ਹਾਂ ਗੱਲਾਂ ਨੇ ਮੇਵਾਤੀ ਨੂੰ ਮੁਗਲ ਫੌਜਦਾਰਾਂ ਦਾ ਹੀਰੋ ਬਣਾ ਦਿੱਤਾ ਸੀ। ਉਸ ਪਾਸ ਸਰਹਿੰਦ ਪਹੁੰਚਣ ਲਈ ਭਾਰੀ ਲਸ਼ਕਰ ਜਮ੍ਹਾਂ ਹੋ ਗਿਆ ਸੀ। ਉਸ ਨੇ ਲਗਦੇ ਹੱਥ ਥਾਨੇਸਰ ਉਪਰ ਵੀ ਹਮਲਾ ਕਰ ਦਿੱਤਾ। ਇਥੋਂ ਦੇ ਜੁੜਵੇਂ ਖਾਲਸਾ ਜੱਥਿਆਂ ਨੇ ਵੈਰੀ ਦਾ ਮੁਕਾਬਲਾ ਤਾਂ ਡਟ ਕੇ ਕੀਤਾ ਪਰ ਭਾਰੀ ਲਸ਼ਕਰ ਸਾਹਮਣੇ ਉਨ੍ਹਾਂ ਲਈ ਪਿੱਛੇ ਹਟਣ ਤੋਂ ਸਿਵਾ ਹੋਰ ਕੋਈ ਚਾਰਾ ਨਾ ਰਿਹਾ। ਸਿੰਘ ਥਾਨੇਸਰ ਤੋਂ ਸਢੌਰੇ ਵੱਲ ਨੂੰ ਪਿੱਛੇ ਹਟਦੇ ਆਏ। ਸਢੌਰੇ ਵਿਖੇ ਇਕ ਸਿੱਖ ਸੈਨਿਕ ਟੁਕੜੀ ਉਨ੍ਹਾਂ ਨਾਲ ਹੋਰ ਮਿਲ ਗਈ। ਸਿੰਘ ਇਸ ਸਮੇਂ ਇਕ ਥਾਂ ਤੇ ਇਕੱਠੇ ਹੋਣਾ ਚਾਹੁੰਦੇ ਸਨ ਕਿਉਂਕਿ ਇਕੱਲੇ ਇਕੱਲੇ ਜੱਥੇ ਸ਼ਾਹੀ ਫੌਜ ਦਾ ਟਾਕਰਾ ਨਹੀਂ ਕਰ ਸਕਦੇ ਸਨ। ਬੰਦਾ ਸਿੰਘ ਬਹਾਦਰ ਨੇ ਸਿੰਘਾਂ ਦੇ ਇਕ ਜੱਥੇ ਨੂੰ ਲੋਹਗੜ੍ਹ ਦੇ ਕਿਲ੍ਹੇ ਦੀ ਮਜ਼ਬੂਤੀ ਕਰਨ ਤੇ ਲਾਇਆ ਹੋਇਆ ਸੀ ਅਤੇ ਆਪ ਆਪਣੇ ਸ਼ੇਰਦਿਲ ਸਿੰਘਾਂ ਨੂੰ ਨਾਲ ਲੈ ਕੇ ਬਾਦਸ਼ਾਹ ਦੇ ਲੰਘਣ ਵਾਲੇ ਰਸਤੇ ਉਪਰ ਛੁਪ ਕੇ ਬੈਠ ਗਿਆ ਸੀ। ਬੰਦਾ ਸਿੰਘ ਦਾ ਇਰਾਦਾ ਬਾਦਸ਼ਾਹੀ ਕੈਂਪ ਉਪਰ ਛੁਪ ਕੇ ਹਮਲੇ ਕਰਨ ਦਾ ਸੀ ਤਾਂ ਕਿ ਬਾਦਸ਼ਾਹ ਦੂਜੇ ਮੁਗਲ ਜਰਨੈਲਾਂ ਵੱਲ ਧਿਆਨ ਨਾ ਦੇ ਸਕੇ। ਸਿੱਟੇ ਵਜੋਂ ਜਦੋਂ ਬਾਦਸ਼ਾਹੀ ਸੈਨਾ ਖਾਨ-ਏ-ਖਾਨਾ ਮੁਨੱਈਅਮ ਖਾਨ ਦੀ ਅਗਵਾਈ ਹੇਠ ਤਰਾਵੜੀ ਤੋਂ ਅੱਗੇ ਵਧਣ ਲਈ ਰਵਾਨਾ ਹੋਈ ਤਾਂ ਰਸਤੇ ਵਿਚ ਇਕ ਥਾਂ ਕੰਡੇਦਾਰ ਝਾੜੀਆਂ ਦਾ ਬਹੁਤ ਸੰਘਣਾ ਜੰਗਲ ਸੀ। ਬੰਦਾ ਸਿੰਘ ਆਪਣੀ ਫੌਜ ਨੂੰ ਲੈ ਕੇ ਇਥੇ ਛੁਪਿਆ ਖੜ੍ਹਾ ਸੀ। ਜਿਉਂ ਹੀ

2. *ਉਕਤ*, ਪੰਨਾ 37.

SIKHBOOKCLUB.COM

ਬਾਦਸ਼ਾਹੀ ਫੌਜ ਇਥੋਂ ਦੀ ਲੰਘਣ ਲੱਗੀ ਤਾਂ ਬੰਦਾ ਸਿੰਘ ਆਪਣੇ ਸਿੰਘਾਂ ਨਾਲ ਜੰਗਲੀ ਚੀਤਿਆਂ ਦੀ ਤਰ੍ਹਾਂ ਸ਼ਾਹੀ ਲਸ਼ਕਰ ਤੇ ਝਪਟ ਪਿਆ ਸੀ। ਸ਼ਾਹੀ ਫੌਜ ਦੀ ਜਿਸ ਟੁਕੜੀ ਉਪਰ ਬੰਦਾ ਸਿੰਘ ਨੇ ਹਮਲਾ ਕੀਤਾ ਸੀ ਉਹ ਖਾਨ-ਏ-ਖਾਨਾ ਦੇ ਪੁੱਤਰ ਮੁਹੱਬਤ ਖਾਨ ਦੀ ਕਮਾਂਡ ਹੇਠ ਸੀ। ਜਿੰਨਾ ਚਿਰ ਸਿੰਘ ਹੱਥੋ-ਹੱਥ ਫੌਜ ਦਾ ਆਹੂ ਲਾਹੁੰਦੇ ਰਹੇ ਉਹ ਲਾਹਿਆ। ਫਿਰ ਹਮਲਾ ਕਰਨ ਵਾਲੇ ਸਿੰਘ ਫਰਾਰ ਹੋ ਗਏ ਅਤੇ ਜੰਗਲ ਵਿਚ ਛੁਪਾ ਕੇ ਰੱਖੀਆਂ ਤੋਪਾਂ ਨਾਲ ਅੱਗ ਵਰ੍ਹਾਉਣੀ ਸ਼ੁਰੂ ਕਰ ਦਿੱਤੀ। ਇਸ ਨਾਲ ਮੁਹੱਬਤ ਖਾਨ ਦੀ ਫੌਜ ਦਾ ਬੁਰਾ ਹਾਲ ਹੋ ਗਿਆ ਸੀ। ਸ਼ਾਹੀ ਫੌਜ ਵਿਚ ਭੰਬਲਭੂਸਾ ਪੈਦਾ ਹੋ ਗਿਆ। ਫੌਜੀਆਂ ਨੇ ਭੱਜ ਕੇ ਅਤੇ ਛੁਪ ਕੇ ਆਪਣੀਆਂ ਜਾਨਾਂ ਬਚਾਈਆਂ ਸਨ। ਸ਼ਾਹੀ ਫੌਜ ਦਾ ਨੁਕਸਾਨ ਕਰਕੇ ਬੰਦਾ ਸਿੰਘ ਜੰਗਲ ਦੇ ਰਸਤੇ ਹੀ ਲੋਹਗੜ੍ਹ ਨੂੰ ਰਵਾਨਾ ਹੋ ਗਿਆ ਸੀ। ਪਿੱਛੋਂ ਸ਼ਾਹੀ ਫੌਜ ਨੇ ਆਪਣੀ ਦੁਰਦਸ਼ਾ ਦਾ ਬਦਲਾ ਲੈਣ ਲਈ ਪਿੰਡਾਂ ਵਿਚੋਂ ਲੱਭ-ਲੱਭ ਕੇ ਸਿੱਖਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ ਸੀ। 12 ਅਕਤੂਬਰ, 1710 ਦੀ ਖ਼ਬਰ ਵਿਚ ਇਸ ਬਾਰੇ ਇਉਂ ਦੱਸਿਆ ਗਿਆ ਹੈ : ''ਫਿਰੋਜ਼ ਖਾਨ ਮੇਵਾਤੀ ਦੀ ਫੌਜ ਨਾਲ ਸਬੰਧਤ ਹਰਕਾਰੇ ਨੇ ਬਾਦਸ਼ਾਹ ਨੂੰ ਪੇਸ਼ ਕੀਤੀ ਰਿਪੋਰਟ ਵਿਚ ਦੱਸਿਆ ਹੈ ਕਿ ਉਕਤ ਖਾਨ ਇਸ ਥਾਂ ਤੋਂ ਦੋ ਕੋਹ ਕਰਨਾਲ ਵਲ ਰਵਾਨਾ ਹੋ ਕੇ ਤਰਾਵੜੀ ਪਹੁੰਚਿਆ ਹੈ ਜਿਹੜੀ ਕਿ ਇਥੋਂ ਸੱਤ ਕੋਹ ਦੂਰ ਹੈ ਬਾਗੀ ਸਿੰਘ ਸੂਰ ਦਾ ਠਾਣਾ ਛੱਡ ਗਏ ਹਨ। ਉਕਤ ਖਾਨ ਇਸ ਠਾਣੇ ਨੂੰ ਆਪਣੇ ਕਬਜ਼ੇ ਵਿਚ ਰੱਖਣਾ ਚਾਹੁੰਦਾ ਸੀ।''[3]

ਬਾਦਸ਼ਾਹ ਬਹਾਦੁਰ ਸ਼ਾਹ ਪਹਿਲੋਂ ਹੀ ਬਹੁਤ ਡਰਿਆ ਹੋਇਆ ਸੀ। ਹੁਣ ਉਸ ਨੇ ਆਪਣੀ ਚਾਲ ਹੋਰ ਵੀ ਧੀਮੀ ਕਰ ਲਈ ਸੀ। ਜਿਸ ਰਸਤੇ ਵਿਚੋਂ ਦੀ ਉਸ ਨੇ ਗੁਜ਼ਰਨਾ ਹੁੰਦਾ ਸੀ ਉਸ ਦਾ ਪਹਿਲੋਂ ਹੀ ਸਫਾਇਆ ਕਰਵਾ ਲਿਆ ਜਾਂਦਾ ਸੀ। ਬਾਦਸ਼ਾਹ ਹੁਣ ਉਨ੍ਹਾਂ ਰਸਤਿਆਂ ਰਾਹੀਂ ਪੰਜਾਬ ਵੱਲ ਨੂੰ ਆ ਰਿਹਾ ਸੀ ਜਿਥੋਂ ਦੀ ਫਿਰੋਜ਼ ਖਾਨ ਮੇਵਾਤੀ ਲੰਘਿਆ ਸੀ। ਫਿਰੋਜ਼ ਖਾਨ ਨੇ ਥਾਨੇਸਰ ਅਤੇ ਸਢੌਰੇ ਨੂੰ ਜਿੱਤ ਲਿਆ ਸੀ। ਬਾਦਸ਼ਾਹ ਇਸੇ ਰਸਤਿਉਂ ਹੁੰਦਾ ਹੋਇਆ ਨਵੰਬਰ ਦੇ ਅਖੀਰਲੇ ਦਿਨਾਂ ਵਿਚ ਸਢੌਰੇ ਅਤੇ ਸ਼ਾਹਬਾਦ ਦੇ ਵਿਚਕਾਰਲੇ ਖੇਤਰ ਵਿਚ ਪਹੁੰਚ ਗਿਆ ਸੀ। ਇਥੇ ਪਹੁੰਚ ਕੇ ਉਸ ਨੇ ਫੌਜੀ ਜਰਨੈਲਾਂ ਦੀਆਂ ਫਿਰ ਤੋਂ ਡਿਊਟੀਆ ਲਗਾਈਆਂ। ਸੱਠ ਹਜ਼ਾਰ ਤਾਕਤਵਰ ਸਿਪਾਹੀਆਂ ਦੀ ਫੌਜ ਵਿਸ਼ੇਸ਼ ਤੌਰ ਤੇ ਤਿਆਰ ਕੀਤੀ। ਇਸ ਵਿਚੋਂ ਇਕੱਤੀ ਹਜ਼ਾਰ ਸੈਨਾ ਆਪਣੇ ਵੱਡੇ ਪੁੱਤਰ ਸ਼ਾਹਜ਼ਾਦਾ ਜਹਾਂਦਾਰ ਸ਼ਾਹ ਦੀ ਕਮਾਂਡ ਹੇਠ ਦਿੱਤੀ ਗਈ ਅਤੇ ਗਿਆਰਾਂ-ਗਿਆਰਾਂ ਹਜ਼ਾਰ ਦੂਸਰੇ ਤਿੰਨਾਂ ਸ਼ਹਿਜ਼ਾਦਿਆਂ ਤਹਿਤ ਦਿੱਤੀ ਗਈ ਸੀ। ਹੋਰ ਗਿਆਰਾਂ ਹਜ਼ਾਰ ਫੌਜ ਜਮਦਾਤੁਲ-ਮੁਲਕ ਦੀ ਅਗਵਾਈ ਹੇਠ ਅਤੇ ਸੱਤ ਹਜ਼ਾਰ ਘੋੜਸਵਾਰ ਮੁਹੱਬਤ ਖਾਨ ਦੀ ਅਧੀਨ ਤਿਆਰ ਕੀਤੇ ਗਏ ਸਨ।

ਬੰਦਾ ਸਿੰਘ ਨੇ ਜਿੱਥੇ ਜਿੱਥੇ ਵੀ ਸਿੱਖ ਸੂਬੇਦਾਰ ਕਾਇਮ ਕੀਤੇ ਸਨ ਉਨ੍ਹਾਂ ਸਭ ਨੂੰ ਇਕੱਠਿਆਂ ਕਰਨ ਲਈ ਲੋਹਗੜ੍ਹ ਵਿਖੇ ਇਕੱਠੇ ਹੋਣ ਦੇ ਸੁਨੇਹੇ ਭੇਜ ਦਿੱਤੇ ਸਨ ਤਾਂ ਕਿ ਸ਼ਾਹੀ ਫੌਜ ਦੇ ਹੜ੍ਹ ਦੀ ਤਰ੍ਹਾਂ ਆ ਰਹੇ ਲਸ਼ਕਰ ਦਾ ਮੁਕਾਬਲਾ ਕੀਤਾ ਜਾ ਸਕੇ। ਸ਼ਾਹੀ ਫੌਜ ਦਾ ਇਹ ਲਸ਼ਕਰ ਇਤਨਾ ਵਿਸ਼ਾਲ ਅਤੇ ਅੰਦਾਜ਼ਾ-ਰਹਿਤ ਸੀ ਕਿ ਸ਼ਾਹੀ ਫੌਜ ਦੀ ਮਦਦ ਕਰਨ ਵਾਲੇ ਪੰਜਾਬ ਦੀਆਂ ਪਹਾੜੀ ਰਿਆਸਤਾਂ ਦੇ ਰਾਜੇ ਵੀ ਖੁਦ ਘਬਰਾ ਰਹੇ ਸਨ ਕਿ ਇਹ ਲਸ਼ਕਰ ਕਿਤੇ ਉਨ੍ਹਾਂ ਨੂੰ ਜਾਣ-ਬੁੱਝ ਕੇ ਐਵੇਂ ਹੀ ਨਾ ਦਰੜ ਦੇਵੇ। ਇਨ੍ਹਾਂ ਰਾਜਿਆਂ ਨੂੰ ਸ਼ਾਹੀ ਫੌਜ ਦਾ ਮਦਦਗਾਰ ਹੋਣ ਦੇ ਬਾਵਜੂਦ ਵੀ ਆਪਣੇ ਆਪ ਤੇ ਭਰੋਸਾ ਨਹੀਂ ਸੀ। ਉਨ੍ਹਾਂ ਨੇ ਆਪਣੇ ਪਰਿਵਾਰਾਂ ਅਤੇ ਖ਼ਜ਼ਾਨਿਆਂ ਨੂੰ ਆਪਣੀਆਂ ਰਿਆਸਤਾਂ ਤੋਂ ਦੂਰ ਪਹਾੜੀ ਇਲਾਕਿਆਂ ਵਿਚ ਪਹੁੰਚਾ ਦਿੱਤਾ ਸੀ। ਉਨ੍ਹਾਂ ਨੂੰ ਡਰ ਸੀ ਕਿ ਇਹ ਅਥਾਹ ਲਸ਼ਕਰ ਕਿਤੇ ਆਪ ਮੁਹਾਰਾ ਹੋਇਆ ਉਨ੍ਹਾਂ ਦੇ ਮਹਿਲਾਂ ਨੂੰ ਹੀ ਨਾ ਲੁੱਟ ਲਵੇ।

ਅਜਿਹੇ ਲਸ਼ਕਰ ਦੇ ਸਾਹਮਣੇ ਹਿੰਦੁਸਤਾਨ ਦੇ ਕਿਸੇ ਵੀ ਵੱਡੇ ਤੋਂ ਵੱਡੇ ਸੂਬੇਦਾਰ ਜਾਂ ਜਰਨੈਲ ਦੀ ਹਿੰਮਤ ਨਹੀਂ ਸੀ ਪੈ ਸਕਦੀ ਕਿ ਉਹ ਅੱਗੋਂ ਇਸ ਨੂੰ ਲਲਕਾਰੇ, ਜਦੋਂ ਬਹਾਦੁਰ ਸ਼ਾਹ ਤਖ਼ਤ ਤੇ ਬੈਠਣ ਸਮੇਂ ਆਪਣੇ ਭਰਾ ਕਾਮਬਖ਼ਸ਼ ਦੀ ਬਗਾਵਤ ਦਬਾਉਣ ਲਈ ਦੱਖਣ ਵੱਲ ਨੂੰ ਗਿਆ ਸੀ ਤਾਂ ਵੀ ਉਸ ਪਾਸ ਇਤਨਾ ਵੱਡਾ ਲਸ਼ਕਰ ਨਹੀਂ ਸੀ। ਉਸ ਲਸ਼ਕਰ ਨੂੰ ਵੀ ਉਸ ਦਾ ਭਰਾ ਕਾਮਬਖ਼ਸ਼ ਆਪਣੀ ਮਜਬੂਤ ਫੌਜ ਨਾਲ ਨਹੀਂ ਰੋਕ ਸਕਿਆ ਸੀ।

ਰਾਜਪੂਤ ਰਾਜੇ ਜੈ ਸਿੰਘ ਕਛਵਾਹਾ ਅਤੇ ਅਜੀਤ ਸਿੰਘ ਰਾਠੌੜ ਸਭ ਰਾਜਪੂਤ ਰਾਜਿਆਂ ਵਿਚੋਂ ਬਹੁਤ ਤਕੜੇ ਰਾਜੇ ਸਨ। ਜਦੋਂ ਬਹਾਦੁਰ ਸ਼ਾਹ ਦੱਖਣ ਤੋਂ ਵਾਪਸ ਆਉਣ ਸਮੇਂ ਇਨ੍ਹਾਂ ਨੂੰ ਸੋਧਣ ਲਈ ਰਾਜਪੂਤਾਨੇ ਵੱਲ ਮੁੜਿਆ ਸੀ ਤਾਂ ਵੀ ਬਾਦਸ਼ਾਹ ਪਾਸ ਹਿਤਨਾ ਵੱਡਾ ਲਸ਼ਕਰ ਨਹੀਂ ਸੀ। ਪਰ ਇਹ ਰਾਜੇ ਬਿਨਾਂ ਕੋਈ ਮੁਕਾਬਲਾ ਕੀਤੇ, ਬਾਦਸ਼ਾਹ ਦੀ ਸ਼ਰਨ ਵਿਚ ਆ ਗਏ ਸਨ। ਇਸ ਸਮੇਂ ਇਨ੍ਹਾਂ ਦੀਆਂ ਰਾਜਪੂਤ ਸੈਨਾਵਾਂ ਵੀ ਬਾਦਸ਼ਾਹ ਨਾਲ ਸਨ। ਇਧਰ ਬੰਦਾ ਸਿੰਘ ਬਹਾਦੁਰ ਸੀ ਜਿਸ ਦਾ ਨਾਂ ਕੋਈ ਇਥੇ ਦੋਸਤ ਰਾਜਾ ਸੀ ਅਤੇ ਨਾ ਹੀ ਉਸ ਪਾਸ ਕੋਈ ਵਿਸ਼ਾਲ ਮੁਲਕ ਸੀ। ਪਰ ਉਹ ਇਤਨੇ ਵੱਡੇ ਲਸ਼ਕਰ ਦੀ ਆਮਦ ਸੁਣ ਕੇ ਨਾ ਹੀ ਭੱਜ ਰਿਹਾ ਸੀ ਅਤੇ ਨਾ ਹੀ ਈਨ ਮੰਨਣ ਦੀ ਗੱਲ ਸੋਚ ਰਿਹਾ ਸੀ ਸਗੋਂ ਇਸ ਦਾ ਮੁਕਾਬਲਾ ਕਰਨ ਲਈ ਆਪਣਾ ਇਕੋ-ਇਕ ਕਿਲ੍ਹਾ ਮਜ਼ਬੂਤ ਕਰ ਰਿਹਾ ਸੀ। ਇਸ ਦੇ ਨਾਲ ਹੀ ਉਹ ਛੁਪ-ਛੁਪ ਕੇ ਸ਼ਾਹੀ ਕੈਂਪ ਉਪਰ ਹਮਲੇ ਕਰਕੇ ਬਾਦਸ਼ਾਹ ਦਾ ਗੁੱਸਾ ਹੋਰ ਵਧਾ ਰਿਹਾ ਸੀ। ਕਮਾਲ ਦੀ ਸੋਚ ਸੀ ਅਤੇ ਕਮਾਲ ਦੀ ਦਲੇਰੀ ਸੀ ਬੰਦਾ ਸਿੰਘ ਬਹਾਦੁਰ ਦੀ। ਡਰ ਕੇ ਭੱਜਣ ਦੀ ਬਜਾਏ ਸਗੋਂ ਬਾਦਸ਼ਾਹ ਦਾ ਰਸਤਾ ਰੋਕ ਕੇ ਖੜ੍ਹਦਾ ਸੀ ਅਤੇ ਜਿਉਂ ਹੀ ਬਾਦਸ਼ਾਹੀ ਫੌਜ ਉਸ ਦੀ ਮਾਰ ਹੇਠ ਆਉਂਦੀ ਸੀ ਉਹ

3. *ਉਕਤ*, ਪੰਨਾ 38.

SIKHBOOKCLUB.COM

ਚੀਤੇ ਦੀ ਤਰ੍ਹਾਂ ਝਪਟ ਮਾਰਦਾ ਸੀ। ਝਪਟਾਂ ਮਾਰਦਾ ਹੋਇਆ ਹੀ ਉਹ ਦੌੜ ਜਾਂਦਾ ਸੀ। ਅੰਦਾਜ਼ਾ ਲਗਾਇਆ ਜਾਵੇ ਕਿ ਪੂਰੀਆਂ ਅਮੀਰ ਖੁਰਾਕਾਂ ਨਾਲ ਪਲੇ ਹੋਏ ਸ਼ਾਹੀ ਫੌਜ ਦੇ ਸਿਪਾਹੀ ਅਤੇ ਘੋੜੇ ਉਸ ਦੀਆਂ ਝਪਟਾਂ ਨੂੰ ਰੋਕ ਨਹੀਂ ਸੀ ਸਕੇ। ਇਹ ਸਭ ਕੁਝ ਦੇਖ ਕੇ ਕਈ ਵਾਰ ਤਾਂ ਇਉਂ ਮਹਿਸੂਸ ਹੁੰਦਾ ਹੈ ਕਿ ਬੰਦਾ ਸਿੰਘ ਦੀ ਦਲੇਰੀ ਦਰਸਾਉਣ ਲਈ ਸ਼ੇਰ ਅਤੇ ਚੀਤੇ ਦੀ ਮਿਸਾਲ ਵੀ ਘੱਟ ਢੁੱਕਦੀ ਹੈ। ਸ਼ੇਰ ਦੀ ਵੀ ਹਿੰਮਤ ਨਹੀਂ ਪੈਂਦੀ ਹੁੰਦੀ ਕਿ ਉਹ ਬੰਦੂਕਾਂ ਚਲਾ ਰਹੇ ਸ਼ਿਕਾਰੀਆਂ ਉਪਰ ਟੁੱਟ ਕੇ ਪੈ ਜਾਵੇ। ਸ਼ੇਰ ਵੀ ਦੋ ਘੜੀ ਅਜਿਹੀ ਸਥਿਤੀ ਵਿਚ ਭੱਜਣ ਦੀ ਕੋਸ਼ਿਸ਼ ਕਰੇਗਾ। ਚੀਤਾ ਵੀ ਆਪਣੇ ਤੋਂ ਤਾਕਤਵਰ ਜਾਨਵਰ ਉਪਰ ਹਮਲਾ ਨਹੀਂ ਕਰਦਾ। ਪਰ ਇਧਰ ਬੰਦਾ ਸਿੰਘ ਬਹਾਦੁਰ ਸੀ ਕਿ ਨਾ ਉਹ ਬਾਦਸ਼ਾਹ ਤੋਂ ਡਰ ਰਿਹਾ ਸੀ ਅਤੇ ਨਾ ਹੀ ਬਾਦਸ਼ਾਹ ਦੀ ਅਥਾਹ ਤੇ ਖੂੰਖਾਰ ਫੌਜ ਤੋਂ ਡਰਦਾ ਸੀ। ਪਤਾ ਨਹੀਂ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਨੇ ਉਸ ਵਿਚ ਕਿਸ ਤਰ੍ਹਾਂ ਦੀ ਬਹਾਦੁਰੀ ਭਰੀ ਸੀ। ਉਸ ਨੂੰ ਭਲੀ-ਭਾਂਤ ਪਤਾ ਸੀ ਕਿ ਸ਼ਾਹੀ ਫੌਜ ਦੇ ਮੁਕਾਬਲੇ ਸਿੰਘ ਬਹੁਤ ਥੋੜ੍ਹੇ ਹਨ। ਇਤਨੇ ਥੋੜ੍ਹੇ ਕਿ ਆਟੇ ਵਿਚ ਲੂਣ ਦੀ ਮਿਸਾਲ ਵੀ ਇਸ ਅਨੁਪਾਤ ਨੂੰ ਨਹੀਂ ਦਰਸਾ ਸਕਦੀ। ਇਕੋ-ਇਕ ਲੋਹਗੜ੍ਹ ਦਾ ਕਿਲ੍ਹਾ ਸੀ। ਉਹ ਵੀ ਇਤਿਹਾਸਕ ਕਿਲ੍ਹਿਆਂ ਵਰਗੇ ਕਿਲ੍ਹਿਆਂ ਜੈਸਾ ਨਹੀਂ ਸੀ। ਇਹ ਇਕ ਮਹਿਲਨੁਮਾ ਗੜ੍ਹੀ ਸੀ ਜਿਸ ਨੂੰ ਸਿਰਫ ਬੰਦਾ ਸਿੰਘ ਨੇ ਥੋੜੇ ਜਿਹੇ ਸਮੇਂ ਵਿਚ ਕਿਲ੍ਹੇ ਦਾ ਰੂਪ ਦੇਣਾ ਸ਼ੁਰੂ ਕੀਤਾ ਸੀ, ਤਾਂ ਵੀ ਇਹ ਕੋਈ ਮਜ਼ਬੂਤ ਕਿਲ੍ਹਿਆਂ ਵਰਗਾ ਕਿਲ੍ਹਾ ਨਹੀਂ ਸੀ। ਇਹ ਸਭ ਕੁਝ ਜਾਣਦੇ ਹੋਏ ਵੀ ਬੰਦਾ ਸਿੰਘ, ਬਾਦਸ਼ਾਹ ਨਾਲ ਮੱਥਾ ਲਾਉਣ ਦੀ ਤਿਆਰੀ ਕਰ ਰਿਹਾ ਸੀ। ਬੰਦਾ ਸਿੰਘ ਬਹਾਦੁਰ ਦੀ ਇਸ ਦਲੇਰੀ ਅਤੇ ਦਰਿੜ੍ਹਤਾ ਨੂੰ ਕਿਹੜੀ ਮਿਸਾਲ ਦੇ ਕੇ ਦਰਸਾਇਆ ਜਾਵੇ?

ਵੱਡੇ ਵੱਡੇ ਖਾਨਦਾਨੀ ਰਾਜਪੂਤ ਰਾਜੇ ਆਪਣੀਆਂ ਬੇਇੱਜ਼ਤੀਆਂ ਸਹਿ ਕੇ ਵੀ ਬਾਦਸ਼ਾਹ ਦੀ ਮਦਦ ਕਰ ਰਹੇ ਸਨ। ਸਾਰੇ ਹਿੰਦੂ ਪਹਾੜੀ ਰਾਜੇ ਬਾਦਸ਼ਾਹ ਦੀ ਮਦਦ ਕਰ ਰਹੇ ਸਨ। ਕਿਸੇ ਦੀ ਅਣਖ ਨੇ ਉਬਾਲਾ ਨਹੀਂ ਖਾਧਾ? ਕਿਸੇ ਨੇ ਇਹ ਨਹੀਂ ਸੋਚਿਆ ਕਿ ਉਸ ਗੁਰੂ ਦੇ ਸਿੱਖ ਜ਼ਿੰਦਗੀ ਅਤੇ ਮੌਤ ਨਾਲ ਜੂਝ ਰਹੇ ਨੇ ਜਿਹੜੇ ਗੁਰੂ ਨੇ ਹਿੰਦੂਆਂ ਦੀ ਸ਼ਾਨ ਕਾਇਮ ਰੱਖਣ ਲਈ ਆਪਣਾ ਸੀਸ ਦੇ ਦਿੱਤਾ ਸੀ। ਕਿਸੇ ਰਾਜਪੂਤ ਰਾਜੇ ਨੇ ਨਹੀਂ ਸੋਚਿਆ ਕਿ ਉਨ੍ਹਾਂ ਨੇ ਜਿਸ ਗੁਰੂ ਗੋਬਿੰਦ ਸਿੰਘ ਜੀ ਰਾਹੀਂ ਦੱਖਣ ਨੂੰ ਜਾਣ ਸਮੇਂ ਬਾਦਸ਼ਾਹ ਦੇ ਗੁੱਸੇ ਨੂੰ ਸ਼ਾਂਤ ਕਰਵਾਇਆ ਸੀ ਉਸੇ ਗੁਰੂ ਦੇ ਸਿੰਘਾਂ ਖਿਲਾਫ ਇਸ ਸਮੇਂ ਬਾਦਸ਼ਾਹ ਦੀ ਮਦਦ ਕਰ ਰਹੇ ਸਨ। ਅਜਿਹੀ ਕੋਈ ਮਿਸਾਲ ਨਹੀਂ ਹੈ ਜਿਹੜੀ ਬੰਦਾ ਸਿੰਘ ਬਹਾਦੁਰ ਵਰਗੀ ਦਲੇਰੀ ਅਤੇ ਦਰਿੜ੍ਹਤਾ ਨੂੰ ਦਰਸਾਉਂਦੀ ਹੋਵੇ। ਫਿਰ ਵੀ ਇਸ ਸਮੇਂ ਸਾਰਾ ਹਿੰਦੁਸਤਾਨ ਉਸ ਬੰਦੇ ਨੂੰ ਮਾਰਨ ਲਈ ਤੁਲਿਆ ਹੋਇਆ ਸੀ।

ਕਿਉਂਕਿ ਬੰਦਾ ਸਿੰਘ ਬਹਾਦੁਰ ਨੇ ਆਪਣੇ ਸਾਰੇ ਜਰਨੈਲ ਲੋਹਗੜ੍ਹ ਇਕੱਠੇ ਹੋਣ ਲਈ ਬੁਲਾ ਲਏ ਸਨ ਇਸ ਲਈ ਸਰਹਿੰਦ, ਸਮਾਣਾ ਅਤੇ ਦੁਆਬੇ ਦੇ ਸਿੰਘ ਠਾਣੇ ਲੱਗਭੱਗ ਖਾਲੀ ਹੀ ਹੋ ਗਏ ਸਨ। ਬਾਦਸ਼ਾਹ ਨੇ ਮੁਹੰਮਦ ਅਮੀਨ ਖਾਨ ਚੀਨ ਬਹਾਦੁਰ ਨੂੰ ਤਕੜੀ ਫੌਜ ਦੇ ਕੇ ਸਰਹਿੰਦ ਨੂੰ ਘੇਰਾ ਪਾਉਣ ਲਈ ਭੇਜ ਦਿੱਤਾ ਸੀ। ਭਾਵੇਂ ਫਿਰੋਜ਼ ਖਾਨ ਮੇਵਾਤੀ ਨੂੰ ਪਹਿਲੋਂ ਹੀ ਸਰਹਿੰਦ ਦਾ ਸੂਬੇਦਾਰ ਨਿਯੁਕਤ ਕਰ ਦਿੱਤਾ ਗਿਆ ਸੀ ਪਰ ਉਹ ਅਜੇ ਰਸਤੇ ਵਿਚਲੇ ਸਿੰਘ ਠਾਣਿਆਂ ਨੂੰ ਹੀ ਜਿੱਤਣ ਵਿਚ ਰੁੱਝਿਆ ਹੋਇਆ ਸੀ। ਉਧਰ ਦੁਆਬੇ ਵਿਚ ਜਦੋਂ ਸੱਮਸ਼ ਖਾਨ ਨੂੰ ਪਤਾ ਲੱਗਿਆ ਕਿ ਸਿੰਘ ਸਰਹਿੰਦ ਨੂੰ ਖਾਲੀ ਕਰਕੇ ਚਲੇ ਗਏ ਹਨ ਤਾਂ ਉਸ ਨੇ ਮੁਹੰਮਦ ਅਮੀਨ ਖਾਨ ਚੀਨ ਬਹਾਦੁਰ ਦੇ ਪਹੁੰਚਣ ਤੋਂ ਪਹਿਲੋਂ ਹੀ ਸਰਹਿੰਦ ਤੇ ਆ ਕਬਜ਼ਾ ਕੀਤਾ। ਸੱਮਸ਼ ਖਾਨ ਦੀ ਇਸ ਆਪਹੁਦਰੀ ਕਾਰਵਾਈ ਨੇ ਚੀਨ ਬਹਾਦੁਰ ਨੂੰ ਉਸ ਦਾ ਵਿਰੋਧੀ ਬਣਾ ਦਿੱਤਾ। ਚੀਨ ਬਹਾਦੁਰ ਨੇ ਉਸ ਦੀ ਇਹ ਕਹਿ ਕੇ ਬਾਦਸ਼ਾਹ ਪਾਸ ਸ਼ਿਕਾਇਤ ਕਰ ਦਿੱਤੀ ਕਿ ਉਸ ਨੇ ਸਿੰਘਾਂ ਨਾਲ ਸੌਦੇਬਾਜ਼ੀ ਕਰਕੇ ਸਰਹਿੰਦ ਨੂੰ ਰੋਕ ਲਿਆ ਹੈ। ਇਸ ਨਾਲ ਬਾਦਸ਼ਾਹ ਨਾਰਾਜ਼ ਹੋ ਗਿਆ ਅਤੇ ਸੱਮਸ਼ ਖਾਨ ਨੂੰ ਬਿਸਤ-ਦੁਆਬ ਜਲੰਧਰ ਦੀ ਫੌਜਦਾਰੀ ਤੋਂ ਵੀ ਹਟਾ ਦਿੱਤਾ ਗਿਆ। ਉਸ ਦੀ ਥਾਂ ਈਸਾ ਖਾਂ ਮੰਝ ਨੂੰ ਡੇਢ ਹਜ਼ਾਰ ਜ਼ਾਤ ਅਤੇ ਇਕ ਹਜ਼ਾਰ ਸਵਾਰ ਦੀ ਪਦਵੀ ਦੇ ਕੇ ਜਲੰਧਰ-ਦੁਆਬ ਦਾ ਫੌਜਦਾਰ ਮੁਕੱਰਰ ਕਰ ਦਿੱਤਾ ਸੀ। ਮੁਹੰਮਦ ਅਮੀਨ ਖਾਨ ਚੀਨ ਬਹਾਦੁਰ ਨੇ ਸਰਹਿੰਦ ਪਹੁੰਚ ਕੇ ਪਿੰਡਾਂ ਵਿਚੋਂ ਸਿੱਖਾਂ ਨੂੰ ਇਕੱਠਿਆਂ ਕਰਕੇ ਕਤਲ ਕਰ ਦਿੱਤਾ ਸੀ। ਇਸੇ ਦੀ ਹੀ ਇਕ ਸੈਨਿਕ ਟੁਕੜੀ ਜਦੋਂ ਖਰੜ ਅਤੇ ਬੁੜੈਲ ਦੇ ਪਿੰਡਾਂ ਲਾਗੇ ਸਿੱਖਾਂ ਦੀ ਭਾਲ ਕਰਦੀ ਫਿਰ ਰਹੀ ਸੀ ਉਹ ਅਚਾਨਕ ਹੀ ਬੰਦਾ ਸਿੰਘ ਬਹਾਦੁਰ ਦੇ ਇਧਰ ਆ ਨਿਕਲਣ ਨਾਲ ਉਸ ਦੇ ਕਾਬੂ ਆ ਗਈ। ਇਸ ਸੈਨਿਕ ਟੁਕੜੀ ਨੂੰ ਬੰਦਾ ਸਿੰਘ ਨੇ ਦੇਖਦਿਆਂ ਹੀ ਦੇਖਦਿਆਂ ਅੱਖ ਦੇ ਫੋਰ ਵਿਚ ਸਾਫ਼ ਕਰ ਦਿੱਤਾ ਸੀ।

ਬੰਦਾ ਸਿੰਘ ਬਹਾਦੁਰ ਦੀ ਬਾਦਸ਼ਾਹੀ ਕੈਂਪ ਵਿਚ ਬੜੀ ਧੁੰਮ ਪਈ ਹੋਈ ਸੀ। ਇਹ ਸਾਰੀ ਸ਼ਾਹੀ ਫੌਜ ਕਿਉਂਕਿ ਬਾਹਰੋਂ ਆਈ ਸੀ ਅਤੇ ਇਸ ਨੇ ਬੰਦਾ ਸਿੰਘ ਨੂੰ ਦੇਖਿਆ ਵੀ ਨਹੀਂ ਸੀ ਇਸ ਲਈ ਇਹ ਸ਼ਾਹੀ ਫੌਜ ਬੰਦਾ ਸਿੰਘ ਬਹਾਦੁਰ ਬਾਰੇ ਭਾਂਤ-ਭਾਂਤ ਦੀ ਜਾਣਕਾਰੀ ਲੈ ਰਹੀ ਸੀ। ਜਿਨ੍ਹਾਂ ਫੌਜੀਆਂ ਨੇ ਬੰਦੇ ਨੂੰ ਦੇਖਿਆ ਸੀ ਉਹ ਦੱਸ ਰਹੇ ਸਨ ਕਿ ਬੰਦਾ ਸਿੰਘ ਕੋਈ ਆਮ ਆਦਮੀ ਨਹੀਂ ਸੀ। ਉਹ ਬੰਦੇ ਨੂੰ ਕੋਈ ਗੈਬੀ ਆਦਮੀ ਸਮਝਦੇ ਸਨ। ਕੋਈ ਕਹਿੰਦਾ ਸੀ ਕਿ ਉਹ ਜਾਦੂ-ਟੂਣੇ ਕਰ ਦਿੰਦਾ ਹੈ। ਕੋਈ ਕਹਿੰਦਾ ਸੀ ਕਿ ਉਸ ਦੇ ਪਾਸ ਗੈਬੀ ਤਾਕਤਾਂ ਹਨ ਜਿਹੜੀਆਂ ਉਸ ਨੂੰ ਜ਼ਬਰਦਸਤ ਘੇਰੇ ਵਿਚੋਂ ਵੀ ਕੱਢ ਕੇ ਲੈ ਜਾਂਦੀਆਂ ਹਨ। ਜਿਵੇਂ ਕਿ ਪਿੱਛੇ ਲਿਖਿਆ ਜਾ ਚੁੱਕਿਆ ਹੈ ਕਿ ਜਿਸ ਤਰ੍ਹਾਂ ਬੰਦਾ ਸਿੰਘ ਦੀ ਥੋੜ੍ਹੀ ਜਿਹੀ ਫੌਜ ਨੇ ਬਾਦਸ਼ਾਹ ਦੀ ਬੇਸ਼ੁਮਾਰ ਸੈਨਾ ਨਾਲ ਮੱਥਾ ਲਾਇਆ ਹੋਇਆ ਸੀ ਇਸ ਤਰ੍ਹਾਂ ਦੀ ਦਲੇਰੀ ਅਤੇ ਦਰਿੜ੍ਹਤਾ ਕਿਸੇ ਨੇ ਵੀ ਨਹੀਂ ਦੇਖੀ ਸੀ। ਬਾਦਸ਼ਾਹ ਖੁਦ ਹੈਰਾਨ ਸੀ ਕਿ

SIKHBOOKCLUB.COM

ਬੰਦਾ ਸਿੰਘ ਵਿਚ ਇਸ ਤਰ੍ਹਾਂ ਦੀ ਦਲੇਰੀ ਅਤੇ ਨਿਡਰਤਾ ਕਿਵੇਂ ਭਰੀ ਗਈ ਹੈ? ਇਹ ਸਭ ਕੁਝ ਉਨ੍ਹਾਂ ਨੂੰ ਹੈਰਾਨਕੁਨ ਲੱਗਦਾ ਸੀ, ਜਾਦੂ-ਟੂਣਾ ਲਗਦਾ ਸੀ ਅਤੇ ਕਰਾਮਾਤੀ ਕਾਰਨਾਮੇ ਲਗਦੇ ਸਨ। ਜਿਉਂ-ਜਿਉਂ ਬਾਦਸ਼ਾਹ ਲੋਹਗੜ੍ਹ ਵੱਲ ਵੱਧਦਾ ਸੀ ਉਸ ਦਾ ਦਿਨ-ਪਰੱਤੀ-ਦਿਨ ਡਰ ਵੱਧ ਰਿਹਾ ਸੀ। ਉਹ ਆਪਣੇ ਆਲੇ-ਦੁਆਲੇ ਜ਼ਬਰਦਸਤ ਘੇਰਾ ਪੁਆਈ ਰੱਖਦਾ ਸੀ। ਉਸ ਨੂੰ ਡਰ ਸੀ ਕਿ ਕਿਤੇ ਬੰਦਾ ਸਿੰਘ ਅਚਨਚੇਤ ਹੀ ਉਸ ਦੇ ਸਾਹਮਣੇ ਨਾ ਆ ਖੜ੍ਹੇ। ਉਸ ਨੇ ਇਹ ਵਹਿਮ ਖ਼ਤਮ ਕਰਨ ਲਈ ਆਪਣੀ ਫੌਜ ਵਿਚਲੇ ਸਭ ਆਦਮੀਆਂ ਦੀਆਂ ਦਾੜ੍ਹੀਆਂ ਕਟਵਾਉਣ ਦੇ ਹੁਕਮ ਦੇ ਦਿੱਤੇ ਸਨ। ਉਸ ਨੂੰ ਹਰ ਦਾੜ੍ਹੀ ਵਾਲੇ ਮਨੁੱਖ ਤੋਂ ਬੰਦਾ ਸਿੰਘ ਦਾ ਭੁਲੇਖਾ ਪੈਂਦਾ ਸੀ। ਉਸ ਨੂੰ ਹਰ ਪਗੜੀ ਵਿਚੋਂ ਸਿੰਘ ਹੀ ਨਜ਼ਰ ਆਉਂਦਾ ਸੀ।

24 ਨਵੰਬਰ, 1710 ਈ. ਨੂੰ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਫਿਰੋਜ਼ ਖਾਨ ਮੇਵਾਤੀ ਲੋਹਗੜ੍ਹ ਵੱਲ ਅੱਗੇ ਵਧੇ ਅਤੇ ਕੋਈ ਉੱਚੀ ਜਿਹੀ ਥਾਂ ਦੇਖ ਕੇ ਕਿਲ੍ਹੇ ਵੱਲ ਮਾਰ ਕਰਨ ਲਈ ਸ਼ਾਹੀ ਤੋਪਾਂ ਬੀੜੇ। ਇਸੇ ਤਰ੍ਹਾਂ ਖਾਨ-ਏ-ਖਾਨਾ ਮੁਨੱਈਅਮ ਖਾਨ ਅਤੇ ਉਸ ਦੇ ਪੁੱਤਰ ਮਹਾਬਤ ਖਾਨ ਨੂੰ ਹੁਕਮ ਹੋਇਆ ਕਿ ਉਹ ਬਖ਼ਸ਼ੀ ਅਫ਼ਜ਼ਲ ਖਾਨ ਅਤੇ ਸ਼ਾਹਜ਼ਾਦਾ ਰਫ਼ੀ-ਉ-ਸ਼ਾਨ ਦੀ ਰਾਖਵੀਂ ਫੌਜ ਨੂੰ ਨਾਲ ਲੈ ਕੇ ਲੋਹਗੜ੍ਹ ਦੇ ਨੇੜੇ ਜਾ ਕੇ ਕੈਂਪ ਲਗਾਉਣ।

25 ਨਵੰਬਰ ਨੂੰ ਬਾਦਸ਼ਾਹ ਨੂੰ ਖ਼ਬਰ ਮਿਲੀ ਕਿ ਅਗਾਂਹ ਵਧਦੇ ਸਮੇਂ ਰੁਸਤਮ-ਦਿਲ ਖ਼ਾਨ ਦੀ ਫੌਜ ਉਪਰ ਬੰਦਾ ਸਿੰਘ ਬਹਾਦੁਰ ਆ ਝਪਟਿਆ ਸੀ। ਦਸ-ਬਾਰਾਂ ਕੋਹਾਂ ਤਕ ਉਸ ਨੇ ਮੁਗਲ ਫੌਜ ਦੇ ਚੰਗੇ ਆਹੂ ਲਾਹੇ ਸਨ। ਇਹ ਝਪਟ ਇਤਨੀ ਖੂੰਖਾਰ ਸੀ ਕਿ ਖਾਫ਼ੀ ਖਾਨ ਜੈਸੇ ਸਮਕਾਲੀ ਮੁਸਲਮਾਨ ਲਿਖਾਰੀਆਂ ਨੂੰ ਵੀ ਇਉਂ ਲਿਖਣਾ ਪਿਆ ਸੀ : ''ਇਸ ਨੂੰ ਬਿਆਨ ਕਰ ਸਕਣਾ ਮੇਰੇ ਲਈ ਅਸੰਭਵ ਹੈ। ਫ਼ਕੀਰਾਂ ਵਾਲੇ ਭੇਸ ਵਿਚ ਸਿੰਘਾ ਨੇ ਸ਼ਾਹੀ ਲਸ਼ਕਰ ਨੂੰ ਭੈ-ਭੀਤ ਕਰ ਦਿੱਤਾ ਸੀ। ਬਾਦਸ਼ਾਹੀ ਫੌਜੀਆਂ ਵਿਚ ਮਰਿਆਂ ਹੋਇਆਂ ਦੀ ਤੇ ਜ਼ਖ਼ਮੀਆਂ ਦੀ ਗਿਣਤੀ ਇੰਨੀ ਜ਼ਿਆਦਾ ਸੀ ਕਿ ਕੁਝ ਚਿਰ ਲਈ ਤਾਂ ਇੰਜ ਪਰਤੀਤ ਹੁੰਦਾ ਰਿਹਾ ਸੀ ਜਿਵੇਂ ਕਿ ਲੜਾਈ ਹਾਰੀ ਜਾ ਰਹੀ ਹੋਵੇ। ਫਿਰੋਜ਼ ਖਾਨ ਮੇਵਾਤੀ ਦਾ ਇਕ ਭਤੀਜਾ ਮਾਰਿਆ ਗਿਆ ਅਤੇ ਉਸ ਦਾ ਪੁੱਤਰ ਫੱਟੜ ਹੋ ਗਿਆ। ਆਪਣੀਆਂ ਜਾਨਾਂ ਦੀ ਪਰਵਾਹ ਨਾ ਕਰਦੇ ਹੋਏ ਸਿੱਖ ਸਰਦਾਰ ਤਲਵਾਰਾਂ ਹੱਥ ਲੈ ਅੱਗੇ ਵਧੇ ਅਤੇ ਬਹੁਤ ਸਾਰੇ ਜਹਾਦੀਆਂ ਨੂੰ ਸ਼ਹਾਦਤ ਦੇ ਪਿਆਲੇ ਪਿਆਏ ਅਤੇ ਬਹੁਤ ਸਾਰਿਆਂ ਨੂੰ ਘਾਇਲ ਕਰ ਦਿੱਤਾ। ਜਿਉਂ ਹੀ ਸ਼ਾਹੀ ਫੌਜ ਦੀ ਹੋਰ ਟੁਕੜੀ ਇਸ ਟੁਕੜੀ ਦੀ ਸਹਾਇਤਾ ਤੇ ਪਹੁੰਚੀ ਬੰਦਾ ਸਿੰਘ ਅਤੇ ਉਸ ਦੇ ਸਿੰਘ ਸਾਥੀ ਚੀਤਿਆਂ ਵਾਂਗ ਛਲਾਂਗਾਂ ਲਗਾਉਂਦੇ ਹੋਏ ਦੌੜ ਗਏ ਸਨ।''[4]

ਜਦ ਇਸ ਤਰ੍ਹਾਂ ਬੰਦਾ ਸਿੰਘ ਨੇ ਗੁਰੀਲਾ ਹਮਲਿਆਂ ਰਾਹੀਂ ਸ਼ਾਹੀ ਫੌਜਾਂ ਦੇ ਟਿਕੇ ਰਹਿਣ ਨੂੰ ਅਸੰਭਵ ਬਣਾ ਦਿੱਤਾ ਸੀ ਤਾਂ ਅੱਕ ਕੇ ਬਾਦਸ਼ਾਹ ਨੇ ਕਿਲ੍ਹੇ ਲੋਹਗੜ੍ਹ ਨੂੰ ਐਸਾ ਘੇਰਾ ਪਾਉਣ ਦਾ ਹੁਕਮ ਕਰ ਦਿੱਤਾ ਜਿਸ ਨਾਲ ਸਿੰਘ ਕਿਲ੍ਹੇ ਤੋਂ ਬਾਹਰ ਨਿਕਲ ਕੇ ਦੂਰ ਦੂਰ ਤੱਕ ਨ ਜਾ ਸਕਣ। ਧਿਆਨ ਰਹੇ ਕਿ ਜਦੋਂ ਤੱਕ ਸ਼ਾਹੀ ਕੈਂਪ ਸ਼ਾਹਬਾਦ ਅਤੇ ਸਢੌਰੇ ਦੇ ਲਾਗੇ ਸੀ ਤਾਂ ਬੰਦਾ ਸਿੰਘ ਪਹਾੜਾਂ ਵਾਲੇ ਪਾਸੇ ਤੋਂ ਨਿਕਲ ਕੇ ਦੁਸ਼ਮਣ ਉਪਰ ਰਾਤ ਨੂੰ ਝਪਟ ਪੈਂਦਾ ਸੀ। ਇਨ੍ਹਾਂ ਝਪਟਾਂ ਨੇ ਸ਼ਾਹੀ ਫੌਜ ਦੀ ਗਸ਼ਤ ਨੂੰ ਦੁੱਭਰ ਬਣਾ ਦਿੱਤਾ ਸੀ। ਹੁਣ ਬਾਦਸ਼ਾਹ ਨੇ ਕਿਲ੍ਹੇ ਨੂੰ ਘੇਰਨ ਦੇ ਹੁਕਮ ਕਰ ਦਿੱਤੇ ਸਨ। ਮੁਸੀਬਤ ਇਹ ਸੀ ਕਿ ਕਿਲ੍ਹੇ ਦੀ ਸਥਿਤੀ ਬੜੀ ਗੁੰਝਲਦਾਰ ਸੀ। ਉਸ ਨੂੰ ਚਾਰੇ ਪਾਸਿਆਂ ਤੋਂ ਘੇਰਾ ਨਹੀਂ ਪੈ ਸਕਦਾ ਸੀ। ਸਿੱਟੇ ਵਜੋਂ ਸੱਠ ਹਜ਼ਾਰ ਦੀ ਗਿਣਤੀ ਵਿਚ ਵਿਸ਼ੇਸ਼ ਤੌਰ ਤੇ ਤਿਆਰ ਕੀਤੀ ਗਈ ਸ਼ਾਹੀ ਫੌਜ ਨੇ ਕਿਲ੍ਹੇ ਨੂੰ ਮੈਦਾਨੀ ਇਲਾਕੇ ਵਲੋਂ ਨਦੀ ਵਾਲੇ ਪਾਸੇ ਤੋਂ ਜਾ ਘੇਰਿਆ। ਸਭ ਤੋਂ ਮੂਹਰਲੀ ਟੁਕੜੀ ਦੀ ਕਮਾਂਡ ਵੱਡਾ ਸ਼ਾਹਜ਼ਾਦਾ ਰਫ਼ੀ-ਉ-ਸ਼ਾਨ ਕਰ ਰਿਹਾ ਸੀ। ਫਿਰ ਰਾਜਾ ਉਦਿਤ ਸਿੰਘ ਬੁੰਦੇਲਾ ਬਖ਼ਸ਼ੀ-ਉਲ-ਮੁਮਾਲਿਕ ਦੀ ਅਗਾਊਂ ਟੁਕੜੀ ਲੈ ਕੇ ਪਹੁੰਚ ਗਿਆ ਸੀ। ਕਿਲ੍ਹੇ ਦੇ ਸੱਜੇ ਪਾਸੇ ਜਮਦਾਤੁਲ ਮੁਲਕ, ਖਾਨ-ਏ-ਖਾਨਾ ਮੁਨੱਈਮ ਖਾਨ, ਉਸ ਦੇ ਪੁੱਤਰ ਮੁਹੱਬਤ ਖਾਨ ਅਤੇ ਖਾਨ ਜ਼ਮਾਨ ਸਨ। ਇਨ੍ਹਾਂ ਨਾਲ ਸਥਾਨਕ ਲੋਕ ਵੀ ਬਹੁਤ ਸਨ ਜਿਹੜੇ ਇਨ੍ਹਾਂ ਨੂੰ ਸਹੀ ਰਸਤਿਆਂ ਦੀ ਜਾਣਕਾਰੀ ਦਿੰਦੇ ਸਨ। ਇਕ ਪਾਸੇ ਰਾਜਾ ਚਤਰਸਾਲ ਬੁੰਦੇਲੇ ਅਤੇ ਇਸਲਾਮ ਖਾਨ ਦੀ ਫੌਜ ਸੀ। ਹਮੀਦੁ-ਦੀਨ ਖਾਨ, ਸ਼ਾਹਜ਼ਾਦਾ ਅਜ਼ੀਮੁ ਸ਼ਾਨ ਅਤੇ ਜਹਾਨ ਸ਼ਾਹ ਦੀਆਂ ਫੌਜਾਂ ਮੁਨੱਈਅਮ ਖਾਨ ਦੀ ਹੋਰ ਸਹਾਇਤਾ ਲਈ ਰਾਖਵੀਆਂ ਰੱਖੀਆਂ ਹੋਈਆਂ ਸਨ। ਇਨ੍ਹਾਂ ਫੌਜਾਂ ਤੋਂ ਇਲਾਵਾ ਅਣਗਿਣਤ ਮੁਲਖਈਆ ਵੀ ਇਕੱਠਾ ਹੋ ਕੇ ਆਇਆ ਹੋਇਆ ਸੀ। ਸਥਾਨਕ ਪਿੰਡਾਂ ਦੇ ਲੋਕਾਂ ਨੂੰ ਹੁਕਮ ਸੀ ਕਿ ਕੋਈ ਵੀ ਮਰਦ ਆਪਣੇ ਘਰ ਨਾ ਰਹੇ ਅਤੇ ਸਾਰੇ ਆਪੋ-ਆਪਣੇ ਹਥਿਆਰ ਲੈ ਕੇ ਸ਼ਾਹੀ ਫੌਜ ਦੀ ਸਹਾਇਤਾ ਲਈ ਆ ਜਾਣ। ਔਰਤਾਂ ਨੂੰ ਹੁਕਮ ਸੀ ਕਿ ਸਵੇਰ ਤੋਂ ਲੈ ਕੇ ਸ਼ਾਮ ਤਕ ਉਹ ਰੋਟੀਆਂ ਪਕਾ ਪਕਾ ਕੇ ਸ਼ਾਹੀ ਫੌਜ ਦੇ ਲੰਗਰ ਵਿਚ ਪਹੁੰਚਾਉਣ। ਪਿੰਡਾਂ ਵਿਚਲਾ ਕੋਈ ਵੀ ਆਦਮੀ ਆਪਣੀਆਂ ਗਊਆਂ, ਮੱਝਾਂ ਅਤੇ ਬੱਕਰੀਆਂ ਦਾ ਦੁੱਧ ਆਪ ਨਹੀਂ ਪੀਵੇਗਾ ਸਗੋਂ ਸ਼ਾਹੀ ਫੌਜ ਨੂੰ ਦੇਵੇਗਾ। ਸਿੱਟਾ ਇਹ ਸੀ ਕਿ ਸੈਂਕੜੇ ਮੀਲਾਂ ਦੇ ਖੇਤਰ ਵਿਚ ਜਿੰਨੇ ਵੀ ਪਿੰਡ ਆਉਂਦੇ ਸਨ ਸਭ ਨੂੰ ਸਖ਼ਤ ਹੁਕਮ ਸਨ ਕਿ ਜਿਸ ਤਰ੍ਹਾਂ ਵੀ ਸ਼ਾਹੀ ਫੌਜ ਦੀ ਮਦਦ ਕਰ ਸਕਦੇ ਸਨ ਕਰਨ। ਲੰਗਰ ਦੀਆਂ ਰੋਟੀਆਂ ਪਕਾਉਣ ਲਈ ਮਕਾਨ ਢਾਹ ਢਾਹ ਕੇ ਲੱਕੜਾਂ ਲਈਆਂ ਜਾਂਦੀਆਂ ਸਨ। ਜਿਹੜੇ

4. '*Muntkhab-ul-Lubab*' (Eng.Tr.), Elliot and Dowson, *History of India As Told by its own Historians*, Vol.VIII., Allahabad, 1964, p. 425.

SIKHBOOKCLUB.COM

ਬੰਦੇ ਲੜਾਈ ਵਿਚ ਹਿੱਸਾ ਨਹੀਂ ਲੈ ਸਕਦੇ ਸਨ ਉਨ੍ਹਾਂ ਨੂੰ ਘੋੜਿਆਂ ਵਾਸਤੇ ਘਾਹ ਖੋਤਣ ਲਈ ਅਤੇ ਹੋਰ ਕੱਖ-ਕੰਡਾ ਇਕੱਠਾ ਕਰਨ ਲਈ ਕਿਹਾ ਹੋਇਆ ਸੀ।

ਲੋਹਗੜ੍ਹ ਦਾ ਕਿਲ੍ਹਾ ਭਾਵੇਂ ਇਤਨਾ ਮਜ਼ਬੂਤ ਤਾਂ ਨਹੀਂ ਸੀ ਕਿ ਇਸ ਦੀਆਂ ਫਸੀਲਾਂ ਤੇ ਬੁਰਜ ਤੋਪ ਦੇ ਗੋਲਿਆਂ ਨਾਲ ਨਾ ਉਡਾਏ ਜਾ ਸਕਣ ਪਰ ਇਸ ਦੀ ਭੂਗੋਲਿਕ ਸਥਿਤੀ ਇਸ ਤਰ੍ਹਾਂ ਦੀ ਸੀ ਕਿ ਦੁਸ਼ਮਣ ਛੇਤੀ ਕੀਤਿਆਂ ਕਿਲ੍ਹੇ ਵਿਚ ਦਾਖ਼ਲ ਨਹੀਂ ਹੋ ਸਕਦਾ ਸੀ। ਕਿਲ੍ਹੇ ਵਾਲੀ ਥਾਂ ਉੱਚੀ ਸੀ, ਆਲੇ-ਦੁਆਲੇ ਕਈ ਕਈ ਮੀਲਾਂ ਤਕ ਘਣੇ ਜੰਗਲ ਅਤੇ ਉੱਚੇ ਪਹਾੜ ਸਨ। ਅਸਲ ਵਿਚ ਇਹ ਥਾਂ ਬਾਦਸ਼ਾਹ ਸ਼ਾਹਜਹਾਨ ਨੇ ਆਪਣੀ ਸ਼ਿਕਾਰਗਾਹ ਬਣਾਈ ਹੋਈ ਸੀ। ਇਸ ਕਰਕੇ ਇੱਥੇ ਘਣੇ ਅਤੇ ਹਰੇ-ਭਰੇ ਜੰਗਲ ਸਨ। ਉੱਚੀ ਪਹਾੜੀ ਉਪਰ ਕਿਲ੍ਹਾ ਬਣਿਆ ਹੋਇਆ ਹੋਣ ਕਰਕੇ ਸਥਾਨਕ ਬੋਲੀ ਵਿਚ ਇਸ ਨੂੰ ਦਾਵੜ (ਦੈੜ) ਕਿਹਾ ਜਾਂਦਾ ਸੀ। ਦਾਵੜ (ਦੈੜ) ਦਾ ਭਾਵ ਹੈ ਉੱਚੀ ਥਾਂ। ਮੁਸਲਿਮ ਲਿਖਾਰੀਆਂ ਦੀਆਂ ਲਿਖਤਾਂ ਵਿਚ ਲੋਹਗੜ੍ਹ ਦੇ ਕਿਲ੍ਹੇ ਨੂੰ 'ਦਾਵੜ' ਦਾ ਨਾਂ ਦਿੱਤਾ ਗਿਆ ਹੈ। ਲੋਹਗੜ੍ਹ ਨਾਂ ਸਿੰਘਾਂ ਨੇ ਰੱਖਆ ਸੀ ਜਿਸ ਦਾ ਮਤਲਬ ਸੀ ਕਿ ਇਹ ਕਿਲ੍ਹਾ ਲੋਹੇ ਜੈਸਾ ਮਜ਼ਬੂਤ ਹੈ।

ਇਸ ਥਾਂ ਦੇ ਪਿਛੋਕੜ ਨੂੰ ਜਾਣਦੇ ਹੋਏ ਸਾਨੂੰ ਮੁਗਲ ਰਾਜ ਦੇ ਮੁੱਢਲੇ ਸਮੇਂ ਵਲ ਝਾਤੀ ਮਾਰਨੀ ਹੋਵੇਗੀ। ਇਸ ਥਾਂ ਤੇ ਪਹਿਲਾਂ ਮੁਖਲਿਸਗੜ੍ਹ ਨਾਂ ਦੀ ਇਕ ਹਵੇਲੀਨੁਮਾ ਗੜ੍ਹੀ ਸੀ। ਵਰਤਮਾਨ ਹਰਿਆਣੇ ਦਾ ਮੈਦਾਨੀ ਇਲਾਕਾ ਵੀ ਬਰਸਾਤੀ ਨਦੀਆਂ ਨਾਲਿਆਂ ਵਾਲਾ ਖੇਤਰ ਹੋਣ ਕਰਕੇ ਸੰਘਣੇ ਜੰਗਲ ਵਾਲਾ ਖੇਤਰ ਸੀ। ਦੂਜੇ ਪਾਸੇ ਪਹਾੜੀ ਖੇਤਰ ਵੀ ਜੰਗਲ ਵਾਲਾ ਸੀ। ਪਹਾੜੀਆਂ ਉਪਰ ਤਾਂ ਇਸ ਸਮੇਂ ਵੀ ਸੰਘਣੇ ਦਰੱਖਤ ਅਤੇ ਝਾੜ ਵਗੈਰਾ ਹਨ ਪਰ ਹਰਿਆਣੇ ਦਾ ਮੈਦਾਨੀ ਖੇਤਰ ਜੰਗਲ ਤੋਂ ਰਹਿਤ ਹੈ। ਮੱਧ ਕਾਲ ਵਿਚ ਇਹ ਸੰਘਣੇ ਜੰਗਲਾਂ ਵਾਲਾ ਖੇਤਰ ਸੀ। ਜੰਗਲ ਵਿਚ ਵਗ ਰਹੀਆਂ ਬਰਸਾਤੀ ਨਦੀਆਂ ਨੇ ਇਸ ਨੂੰ ਰਮਣੀਕ ਬਣਾ ਦਿਤਾ ਸੀ। ਸ਼ੇਰ ਸ਼ਾਹ ਸੂਰੀ ਦੇ ਸਮੇ- ਉਸ ਦੇ ਇਕ ਪੁੱਤਰ ਸਲੇਮ ਸ਼ਾਹ ਨੇ ਇਥੇ ਇਕ ਕਿਲ੍ਹਾ ਬਣਵਾਉਣਾ ਸ਼ੁਰੂ ਕੀਤਾ ਸੀ। ਉਸ ਨੇ ਇਸ ਦਾ ਨਾਂ ਪਾਵਾਗੜ੍ਹ ਰੱਖਿਆ ਸੀ। ਪਰ ਕਿਉਂਕਿ ਸ਼ੇਰ ਸ਼ਾਹ ਸੂਰੀ ਦਾ ਰਾਜ ਜ਼ਿਆਦਾ ਦੇਰ ਨਾ ਚਲ ਸਕਿਆ ਇਸ ਕਰਕੇ ਇਥੇ ਬਣਾਇਆ ਗਿਆ ਕਿਲ੍ਹਾ ਵੀ ਛੇਤੀ ਹੀ ਢਹਿ ਢੇਰੀ ਹੋ ਗਿਆ ਸੀ[5] ਜਾਂ ਕਰ ਦਿੱਤਾ ਗਿਆ ਸੀ। ਪਿੱਛੋਂ ਮੁਗਲ ਬਾਦਸ਼ਾਹ ਸ਼ਾਹਜਹਾਨ ਨੇ ਇਸ ਖੇਤਰ ਨੂੰ ਸ਼ਿਕਾਰ ਖੇਡਣ ਵਾਸਤੇ ਸੁਰੱਖਿਅਤ ਰਖਵਾਇਆ ਹੋਇਆ ਸੀ। ਇਸ ਸੁਰੱਖਿਅਤ ਖੇਤਰ ਦਾ ਨਿਗਰਾਨ ਜਾਂ ਫੌਜਦਾਰ ਮੁਖਲਿਸ ਖਾਨ ਨੂੰ ਨਿਯੁਕਤ ਕੀਤਾ ਗਿਆ ਸੀ ਤਾਂ ਕਿ ਕੋਈ ਹੋਰ ਧਿਰ ਇਥੇ ਸ਼ਿਕਾਰ ਆਦਿ ਨਾ ਖੇਡ ਸਕੇ। ਮੁਖਲਿਸ ਖਾਨ ਦੇ ਜਿੰਮੇ ਇਹ ਵੀ ਕੰਮ ਲਗਾਇਆ ਗਿਆ ਸੀ ਕਿ ਉਹ ਇਥੇ ਇਕ ਐਸੀ ਰਿਹਾਇਸ਼ਗਾਹ ਵੀ ਬਣਾ ਲਵੇ ਜਿਥੇ ਬਾਦਸ਼ਾਹ ਇਥੇ ਸ਼ਿਕਾਰ ਖੇਡਣ ਆਉਣ ਸਮੇਂ ਠਹਿਰ ਵੀ ਸਕੇ। ਫਲਸਰੂਪ ਮੁਖਲਿਸ ਖਾਨ ਨੇ ਇਕ ਐਸੀ ਪਹਾੜੀ ਉਪਰ ਇਕ ਐਸੀ ਗੜ੍ਹੀ ਨੁਮਾ ਹਵੇਲੀ ਦੀ ਉਸਾਰੀ ਕਰ ਲਈ ਜਿਥੋਂ ਸਾਰੇ ਇਲਾਕੇ ਉਪਰ ਨਿਗਾਹ ਵੀ ਰੱਖੀ ਜਾ ਸਕਦੀ ਸੀ ਅਤੇ ਇਹ ਸੁਰੱਖਿਆ ਦਾ ਕੰਮ ਵੀ ਕਰਦੀ ਸੀ।[6] ਸੁਜਾਨ ਰਾਏ ਭੰਡਾਰੀ ਇਸ ਬਾਰੇ ਇਉਂ ਲਿਖਦਾ ਹੈ : ''ਮੁਖਲਿਸਪੁਰ, ਸਿਰਮੌਰ ਦੇ ਨੇੜੇ ਇਹ ਦਰਿਆ ਮੈਦਾਨ ਵਿਚ ਉਤਰ ਆਉਂਦਾ ਹੈ। ਇਥੇ ਸ਼ਾਹਜਹਾਨ ਬਾਦਸ਼ਾਹ ਨੇ ਇਕ ਮਹਿਲ ਬਣਵਾਇਆ ਹੈ। ਉੱਚ ਪਦਵੀ ਵਾਲੇ ਅਮੀਰਾਂ ਅਤੇ ਦਰਬਾਰੀ ਕਰਮਚਾਰੀਆਂ ਨੇ ਵੀ ਆਪਣੀਆਂ ਆਪਣੀਆਂ ਪਦਵੀਆਂ ਅਨੁਸਾਰ ਇਮਾਰਤਾਂ ਬਣਵਾਈਆਂ ਹਨ ਜਿਨ੍ਹਾਂ ਨਾਲ ਮੁਖਲਿਸਪੁਰ ਨਾਮ ਦਾ ਕਸਬਾ ਆਬਾਦ ਹੋ ਗਿਆ ਹੈ। ਬਾਦਸ਼ਾਹ ਸਲਾਮਤ ਕਦੀ ਕਦੀ ਇਸ ਖੁਸ਼ੀ ਵਧਾਊ ਸਥਾਨ ਦੀ ਸੈਰ ਵਾਸਤੇ ਇਥੇ ਪਧਾਰ ਕੇ ਚਿੱਤ ਪ੍ਰਸੰਨ ਕਰਦੇ ਹਨ।''[7] ਸ਼ਾਹ ਜਹਾਨ ਇਥੇ ਕਿਤਨੀ ਕੁ ਵਾਰ ਸ਼ਿਕਾਰ ਖੇਡਣ ਆਇਆ ਜਾਂ ਹੋਰ ਮੁਗ਼ਲ ਬਾਦਸ਼ਹ ਇਥੇ ਕਿਤਨੀ ਕੁ ਵਾਰ ਸ਼ਿਕਾਰ ਖੇਡਣ ਆਏ ਇਸ ਗੱਲ ਦਾ ਤਾਂ ਪਤਾ ਨਹੀਂ ਹੈ ਅਤੇ ਨਾ ਹੀ ਇਸ ਗੱਲ ਦਾ ਇਸ ਲੇਖ ਨਾਲ ਕੋਈ ਸਬੰਧ ਹੈ ਪਰ ਇਹ ਥਾਂ ਮੁਖਲਿਸ ਖਾਨ ਦੀ ਆਪਣੀ ਰਿਹਾਇਸ਼ਗਾਹ ਬਣ ਗਈ ਸੀ ਅਤੇ ਇਸ ਥਾਂ ਦਾ ਨਾਂ ਵੀ ਉਸ ਨੇ ਆਪਣੇ ਹੀ ਨਾਂ ਉਪਰ ਮੁਖਲਿਸਗੜ੍ਹ ਰੱਖ ਲਿਆ ਸੀ। ਜਿਹੜਾ ਆਪਣੇ ਆਪ ਵਿਚ ਹੀ ਇਸ ਨੂੰ ਇਕ ਕਿਲ੍ਹੇ ਦੇ ਤੌਰ ਤੇ ਦਰਸਾਉਂਦਾ ਹੈ।

14 ਨਵੰਬਰ, 1709 ਵਿਚ ਜਦੋਂ ਬੰਦਾ ਸਿੰਘ ਬਹਾਦੁਰ ਨੇ ਸਢੌਰਾ ਫਤਿਹ ਕੀਤਾ ਸੀ ਤਾਂ ਉਸ ਨੇ ਦੋ ਕੁ ਦਿਨਾਂ ਬਾਅਦ, ਅਰਥਾਤ 16 ਨਵੰਬਰ ਨੂੰ ਮੁਖਲਿਸਗੜ੍ਹ ਨੂੰ ਵੀ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਮੁਖਲਿਸਗੜ੍ਹ (ਲੋਹਗੜ੍ਹ) ਸਢੌਰੇ ਤੋਂ ਸਿੱਧੇ ਤੌਰ ਤੇ ਉਡਾਰੀ ਮਾਰਿਆਂ ਤਕਰੀਬਨ ਬਾਰਾਂ-ਤੇਰ੍ਹਾਂ ਕੁ ਕਿਲੋਮੀਟਰ ਦੀ ਵਿੱਥ ਤੇ ਹੈ। ਜਾਪਦਾ ਹੈ ਕਿ ਇਹ ਥਾਂ ਸਢੌਰੇ ਦੇ ਹਾਕਮ ਉਸਮਾਨ ਖਾਨ ਦੇ ਅਧੀਨ ਹੀ ਸੀ। ਭਾਵੇਂ ਤਕਨੀਕੀ ਤੌਰ ਤੇ ਇਹ ਥਾਂ ਨਾਹਨ (ਸਿਰਮੌਰ) ਰਿਆਸਤ ਵਿਚ ਸੀ ਪਰ ਕਿਉਂਕਿ ਇਹ ਮੁਗਲ ਬਾਦਸ਼ਾਹ ਦੇ ਹੁਕਮ ਨਾਲ ਸਰਕਾਰੀ ਰੱਖ ਬਣਾਈ ਹੋਈ ਸੀ ਇਸ ਲਈ ਮੁਖਲਿਸਗੜ੍ਹ ਉਪਰ ਨਿਗਰਾਨੀ ਸਢੌਰੇ ਦੇ ਹਾਕਮ ਦੀ ਹੀ ਹੁੰਦੀ ਸੀ। ਸਢੌਰੇ ਦੇ ਫਤਹਿ ਕਰਨ ਨਾਲ ਕੁਦਰਤੀ ਤੌਰ ਤੇ ਇਹ ਥਾਂ ਵੀ ਆਪਣੇ ਆਪ ਬੰਦਾ ਸਿੰਘ ਬਹਾਦੁਰ ਦੇ ਕਬਜ਼ੇ ਵਿਚ ਆ ਗਈ ਸੀ। ਜਦੋਂ ਬੰਦਾ ਸਿੰਘ ਬਹਾਦੁਰ ਇਥੇ ਆਇਆ ਤਾਂ ਉਸ ਦੇ ਮਨ ਵਿਚ ਇਹ ਜਗਾਹ ਸੈਨਿਕ ਦਰਿਸ਼ਟੀਕੋਣ ਤੋਂ

---

5. ਸੋਹਣ ਸਿੰਘ ਸੀਤਲ, *ਬੰਦਾ ਸਿੰਘ ਸ਼ਹੀਦ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1988, ਪੰਨਾ 51.
6. ਦੇਖੋ, ਕਰਮ ਸਿੰਘ ਹਿਸਟੋਰੀਅਨ, *ਜੀਵਨ ਬਿਰਤਾਂਤ : ਬੰਦਾ ਬਹਾਦਰ*, ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ, 1907, ਪੰਨਾ 134.
7. *ਖੁਲਾਸਤੁਤ ਤਵਾਰੀਖ਼* (ਪੰਜਾਬੀ ਤਰਜਮਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ 36.

SIKHBOOKCLUB.COM

ਇਕ ਦਮ ਬੈਠ ਗਈ ਸੀ । ਉਸ ਨੇ ਸਢੌਰੇ ਰਿਹਾਇਸ਼ ਕਰਨ ਦੀ ਬਜਾਏ ਇਥੇ ਹੀ ਰਿਹਾਇਸ਼ ਕਰ ਲਈ । ਸਭ ਤੋਂ ਪਹਿਲਾ ਕੰਮ ਉਸ ਨੇ ਇਸ ਦਾ ਨਾਂ ਬਦਲਣ ਦਾ ਕੀਤਾ । ਮੁਖਲਿਸਗੜ੍ਹ ਤੋਂ ਨਾਂ ਬਦਲ ਕੇ ਲੋਹਗੜ੍ਹ ਨਾਂ ਰੱਖਿਆ ਗਿਆ । ਦੂਸਰੇ ਨੰਬਰ ਤੇ ਇਸ ਨੂੰ ਇਕ ਮਜ਼ਬੂਤ ਕਿਲ੍ਹੇ ਵਿਚ ਬਦਲਿਆ ਗਿਆ । ਆਲੇ ਦੁਆਲੇ ਦੀਆਂ ਸਾਰੀਆਂ ਪਹਾੜੀਆਂ ਉਪਰ ਜਾਂ ਤਾਂ ਛੱਤਾਂ ਵਾਲੇ ਕਿਲ੍ਹੇ ਉਸਾਰੇ ਗਏ ਤੇ ਜਾਂ ਪਹਾੜੀਆਂ ਨੂੰ ਪੱਥਰਾਂ ਦੀਆਂ ਕੰਧਾਂ ਨਾਲ ਵਲ੍ਹਿਆ ਗਿਆ । ਮੁੱਖ ਨਦੀ ਵਿਚ ਵੀ ਅਤੇ ਛੋਟੇ ਨਾਲਿਆਂ ਵਿਚ ਵੀ ਪੱਥਰਾਂ ਦੇ ਬੰਨ੍ਹ ਮਾਰ ਕੇ ਪਾਣੀ ਨੂੰ ਰੋਕਿਆ ਗਿਆ ਅਤੇ ਰਸਤੇ ਬੰਦ ਕੀਤੇ ਗਏ । ਇਸ ਤਰ੍ਹਾਂ ਮੁਖਲਿਸਗੜ੍ਹ ਜਿਸ ਨੂੰ ਹੁਣ ਲੋਹਗੜ੍ਹ ਦਾ ਨਾਂ ਦਿਤਾ ਗਿਆ ਸੀ ਇਕ ਮਜ਼ਬੂਤ ਅਤੇ ਅਜਿੱਤ ਕਿਲ੍ਹਾ ਬਣਾ ਦਿਤਾ ਗਿਆ ਸੀ । ਡੈਂਜ਼ਿਲ ਇਬਿਟਿਸਨ ਅਤੇ ਐਡਵਰਡ ਮੈਕਲਾਗਨ ਵੀ ਇਸ ਦੀ ਪੁਸ਼ਟੀ ਇਉਂ ਲਿਖ ਕੇ ਕਰਦੇ ਹਨ : ''ਬੰਦਾ, ਪਹਾੜਾਂ ਵਿਚ ਵਾਪਸ ਮੁਖਲਿਸਗੜ੍ਹ ਵਿਚ ਵਾਪਸ ਆ ਗਿਆ ਸੀ । ਇਸ ਦਾ ਮੁੜ ਤੋਂ ਨਾਂ ਲੋਹਗੜ੍ਹ ਰੱਖਿਆ ਗਿਆ ਅਤੇ ਇਸ ਵਿਚ ਬਹੁਤ ਖੁਲ੍ਹੀ ਤਾਦਾਦ ਵਿਚ ਜ਼ਖ਼ੀਰੇ ਰੱਖੇ ਗਏ ।'' "He (Banda) retreated to Mukhlishgarh in the hills, renamed it Lohgarh and provided it with immense stores."[8]

ਭਾਵੇਂ ਸਢੌਰੇ ਦੀ ਜਿੱਤ ਦੇ ਬਾਅਦ ਬੰਦਾ ਸਿੰਘ ਬਹਾਦਰ ਨੇ ਲੋਹਗੜ੍ਹ ਨੂੰ ਆਪਣੀ ਰਿਹਾਇਸ਼ ਤਾਂ ਬਣਾ ਲਿਆ ਸੀ ਪਰ ਅਜੇ ਤਕ ਉਸ ਨੇ ਆਪਣੇ ਰਾਜ-ਭਾਗ ਨੂੰ ਕੋਈ ਬਾਕਾਇਦਾ ਇਕ-ਰੂਪ ਨਹੀਂ ਦਿਤਾ ਸੀ । ਜਦੋਂ ਤਕ ਸਰਹਿੰਦ ਨਹੀਂ ਜਿੱਤੀ ਜਾਂਦੀ ਸੀ ਉਦੋਂ ਤਕ ਨਾ ਤਾਂ ਬੰਦਾ ਸਿੰਘ ਚੈਨ ਨਾਲ ਇਕ ਥਾਂ ਤੇ ਬੈਠ ਹੀ ਸਕਦਾ ਸੀ ਅਤੇ ਨਾ ਹੀ ਰਾਜ-ਭਾਗ ਬਾਕਾਇਦਾ ਰੂਪ ਵਿਚ ਸਥਾਪਤ ਹੀ ਕੀਤਾ ਜਾ ਸਕਦਾ ਸੀ । ਰਾਜ-ਭਾਗ ਸਥਾਪਤ ਕਰਨ ਲਈ ਸਰਹਿੰਦ ਦੀ ਜਿੱਤ ਨੇ ਇਕ ਨਿਰਣਈ ਕੰਮ ਕਰਨਾ ਸੀ । ਇਸ ਲਈ ਸਰਹਿੰਦ ਦੀ ਫਤਿਹ ਤਕ ਰਾਜਧਾਨੀ ਬਣਾਉਣ ਵਾਲੀ ਜਾਂ ਰਾਜ-ਸੱਤਾ ਸਥਾਪਤ ਕਰਨ ਵਾਲੀ ਕੋਈ ਗੱਲ ਨਾ ਹੋਈ । ਜਿੱਤੇ ਹੋਏ ਇਲਾਕਿਆਂ ਦਾ ਪਰਬੰਧ ਉਸੇ ਤਰ੍ਹਾਂ ਥੋੜ੍ਹੀ ਮੋਟੀ ਅਦਲਾ-ਬਦਲੀ ਨਾਲ ਚਲਦਾ ਰਿਹਾ ਸੀ । ਜਿਹੜੀ ਵੀ ਥਾਂ ਜਿੱਤੀ ਜਾਂਦੀ ਸੀ ਉਥੇ ਦਾ ਪ੍ਰਬੰਧ ਕਰਨ ਲਈ ਸਿੰਘਾਂ ਵਿਚੋਂ ਕਿਸੇ ਨੂੰ ਅਧਿਕਾਰੀ ਨਿਯੁਕਤ ਕਰ ਦਿਤਾ ਜਾਂਦਾ ਸੀ ਅਤੇ ਇਕ ਪੰਜ ਮੈਂਬਰੀ ਖਾਲਸਾ ਪੰਚਾਇਤ ਬਣਾ ਦਿਤੀ ਜਾਂਦੀ ਸੀ । ਸਮਾਣੇ ਦਾ ਅਧਿਕਾਰੀ ਭਾਈ ਫਤਿਹ ਸਿੰਘ ਨੂੰ ਨਿਯੁਕਤ ਕੀਤਾ ਗਿਆ ਸੀ ਅਤੇ ਸਢੌਰੇ ਉਪਰ ਖੁਦ ਬੰਦਾ ਸਿੰਘ ਹੀ ਲੋਹਗੜ੍ਹ ਤੋਂ ਹੁਕਮ ਚਲਾਉਂਦਾ ਰਿਹਾ ਸੀ । ਲੋਹਗੜ੍ਹ ਰਹਿੰਦਿਆਂ ਹੀ ਸਰਹਿੰਦ ਨੂੰ ਜਿੱਤਣ ਦੀਆਂ ਤਿਆਰੀਆਂ ਕੀਤੀਆਂ ਗਈਆਂ । ਆਖ਼ਰ 10 ਮਈ, 1710 ਨੂੰ ਸਰਹਿੰਦ ਨੂੰ ਫਤਿਹ ਕਰ ਲਿਆ ਗਿਆ । ਜਿਵੇਂ ਕਿ ਉਪਰ ਲਿਖਿਆ ਜਾ ਚੁੱਕਿਆ ਹੈ ਕਿ ਸਰਹਿੰਦ ਦੀ ਫਤਿਹ ਬੰਦਾ ਸਿੰਘ ਦੇ ਰਾਜਸੀ ਜੀਵਨ ਵਿਚ ਇਕ ਨਿਰਣਈ ਜਿੱਤ ਸਾਬਤ ਹੋਈ ਸੀ । ਇਕ ਤਾਂ ਇਸ ਜਿੱਤ ਨਾਲ ਸਾਰਾ ਮਾਲਵਾ ਖੇਤਰ ਸਤਲੁਜ ਅਤੇ ਘੱਗਰ ਦੇ ਵਿਚਕਾਰ, ਸਿੱਧਾ ਹੀ ਬੰਦਾ ਸਿੰਘ ਦੇ ਅਧਿਕਾਰ ਵਿਚ ਆ ਗਿਆ ਸੀ । ਦੂਜਾ ਇਸ ਜਿੱਤ ਨਾਲ ਅਥਾਹ ਧਨ-ਮਾਲ ਬੰਦਾ ਸਿੰਘ ਦੇ ਹੱਥ ਆ ਗਿਆ ਸੀ । ਇਸ ਨਾਲ ਉਸ ਦੀ ਮਾਇਕ ਹਾਲਤ ਤਾਂ ਠੀਕ ਹੋਈ ਹੀ ਹੋਈ ਸੀ ਸਗੋਂ ਸੈਨਿਕ ਤਾਕਤ ਵੀ ਵਧ ਗਈ ਸੀ । ਸਰਹਿੰਦ ਹੇਠਲੇ ਛੋਟੇ ਮੋਟੇ ਫੌਜਦਾਰ ਤੇ ਜਾਗੀਰਦਾਰ ਤਾਂ ਸਿੱਧਿਆਂ ਹੀ ਆਪਣੀਆਂ ਫੌਜਾਂ ਲੈ ਕੇ ਬੰਦਾ ਸਿੰਘ ਨਾਲ ਰਲਣ ਨੂੰ ਤਿਆਰ ਬੈਠੇ ਸਨ । ਇਸ ਲਈ ਹੁਣ ਬੰਦਾ ਸਿੰਘ ਨੇ ਆਪਣੇ ਰਾਜ-ਭਾਗ ਨੂੰ ਇਕ ਬਾਕਾਇਦਾ ਸ਼ਕਲ ਦੇਣੀ ਸ਼ੁਰੂ ਕਰ ਦਿਤੀ ਸੀ । ਭਾਈ ਬਾਜ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਥਾਪਿਆ ਸੀ । ਲੋਹਗੜ੍ਹ ਨੂੰ ਇਸ ਖਾਲਸਾ ਰਾਜ ਦੀ ਬਾਕਾਇਦਾ ਰਾਜਧਾਨੀ ਬਣਾਉਣ ਦਾ ਐਲਾਨ ਕੀਤਾ ਗਿਆ । ਬਾਕਾਇਦਾ ਉਸੇ ਤਰ੍ਹਾਂ ਸਿੱਕੇ ਅਤੇ ਮੋਹਰਾਂ ਚਾਲੂ ਕੀਤੀਆਂ ਗਈਆਂ ਜਿਸ ਤਰ੍ਹਾਂ ਮੁਗਲ ਬਾਦਸ਼ਾਹ ਤਖਤ ਉਪਰ ਬੈਠਣ ਲੱਗਿਆਂ ਕਰਦੇ ਹੁੰਦੇ ਸਨ । ਰਾਜਧਾਨੀ ਦੀ ਉਸਤਤ ਵਿਚ ਜੋ ਸ਼ਬਦਾਵਲੀ ਬੰਦਾ ਸਿੰਘ ਬਹਾਦੁਰ ਨੇ ਆਪਣੀ ਮੋਹਰ ਉਪਰ ਖੁਦਵਾਈ ਸੀ ਉਹ ਇਸ ਤਰ੍ਹਾਂ ਸੀ :

ਜ਼ਰਬ ਬ-ਆਮਾਨ-ਦਹਿਰ, ਮੁੱਸਵਰਤ ਸ਼ਹਿਰ,
ਜ਼ੀਨਤੁ-ਤਖ਼ਤੁ, ਮੁਬਾਰਕ ਬਖ਼ਤ[9]

ਅਰਥਾਤ, ਸਿੱਕਾ ਜਾਰੀ ਕੀਤਾ ਗਿਆ ਸੰਸਾਰ ਦੇ ਸ਼ਾਂਤੀ ਅਸਥਾਨ, ਸ਼ਹਿਰਾਂ ਦੀ ਖੂਬਸੂਰਤ ਮੂਰਤ ਅਤੇ ਧੰਨਵਾਦੀ ਰਾਜਧਾਨੀ ਤੋਂ । ਇਹ ਉਸਤਤ ਲੋਹਗੜ੍ਹ ਦੀ ਸੀ । ਸ਼ਾਂਤੀ ਅਸਥਾਨ ਦਾ ਭਾਵ ਹੈ ਕਿ ਜਿਥੇ ਬੈਠ ਕੇ ਮਨ ਨੂੰ ਤਸੱਲੀ ਮਿਲਦੀ ਹੈ । ਬੰਦਾ ਸਿੰਘ ਨੇ ਲੋਹਗੜ੍ਹ ਨੂੰ ਸਿਰਜਿਆ ਸੀ ਅਤੇ ਇਸ ਨੂੰ ਆਪਣੇ ਰਾਜ ਦੀ ਰਾਜਧਾਨੀ ਬਣਾਇਆ ਸੀ ਇਸ ਕਰਕੇ ਉਸ ਨੂੰ ਇਹ ਸ਼ਾਂਤੀ ਦੇਣ ਵਾਲਾ ਅਸਥਾਨ ਵੀ ਜਾਪਦਾ ਸੀ, ਖੂਬਸੂਰਤ ਸ਼ਹਿਰ ਵੀ ਪਰਤੀਤ ਹੁੰਦਾ ਸੀ ਅਤੇ ਭਾਗਾਂ ਭਰਿਆ ਤਖ਼ਤ ਵੀ ਮਹਿਸੂਸ ਹੁੰਦਾ ਸੀ ।

ਇਸ ਤਰ੍ਹਾਂ ਬੰਦਾ ਸਿੰਘ ਬਹਾਦਰ ਨੇ ਮਈ, 1710 ਤੋਂ ਕਿਲ੍ਹਾ ਲੋਹਗੜ੍ਹ ਨੂੰ ਖਾਲਸਾ ਰਾਜ ਦੀ ਪਹਿਲੀ ਰਾਜਧਾਨੀ ਬਣਾ

---

8. Denzil Ibettson, Edward Maclagan and H.A. Rose, *A Glossorry of the Tribes and Castes of The Punjab and N.W.F. Province,* Language Department Punjab, 1970, p. 699.
9. ਡਾ. ਗੰਡਾ ਸਿੰਘ, *ਬੰਦਾ ਸਿੰਘ ਬਹਾਦੁਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰਨੇ 39-40.

SIKHBOOKCLUB.COM

ਲਿਆ ਸੀ। ਉਹ ਇਥੇ ਹੀ ਰਹਿੰਦਾ ਸੀ ਅਤੇ ਇਥੋਂ ਹੀ ਹੋਰਨਾਂ ਭਾਗਾਂ ਵਿਚ ਜਰੂਰਤ ਅਨੁਸਾਰ ਮੁਹਿੰਮਾਂ ਭੇਜੀਆਂ ਜਾਂਦੀਆਂ ਸਨ। ਡਾ. ਗੰਡਾ ਸਿੰਘ ਲਿਖਦਾ ਹੈ, ''ਸਰਹੰਦ ਦਾ ਖ਼ਜ਼ਾਨਾ, ਸਾਰੀਆਂ ਮੁਹਿੰਮਾਂ ਵਿਚ ਪਰਾਪਤ ਹੋਇਆ ਮਾਲ-ਅਸਬਾਬ, ਜੰਗੀ ਸਮਾਨ ਅਤੇ ਕਬਜ਼ੇ ਹੇਠ ਆਈਂ ਇਲਾਕਿਆਂ ਤੋਂ ਉਗਰਾਹਿਆ ਹੋਇਆ ਮਾਮਲਾ ਸਭ ਇਥੇ ਇਕੱਠੇ ਕੀਤੇ ਗਏ। ਗੱਲ ਕੀ, ਅਸਲੀ ਅਰਥਾਂ ਵਿਚ ਲੋਹਗੜ੍ਹ ਸਿੰਘਾਂ ਦੇ ਨਵੇਂ ਬਣ ਰਹੇ ਰਾਜ ਦੀ ਰਾਜਧਾਨੀ ਬਣ ਗਿਆ। ਸਤਲੁਜੋਂ ਆਰ ਅਤੇ ਪਾਰ ਦੇ ਇਲਾਕਿਆਂ ਤੋਂ ਸਿੰਘ ਚੋਖੀ ਗਿਣਤੀ ਵਿਚ ਇਥੇ ਆ ਇਕੱਤਰ ਹੋਏ ਅਤੇ ਖਾਲਸੇ ਦੇ ਦਲ ਵਿਚ ਸ਼ਾਮਲ ਹੋ ਗਏ।[10] ਸੋਹਣ ਸਿੰਘ ਸੀਤਲ ਵੀ ਇਸੇ ਤਰ੍ਹਾਂ ਲਿਖਦਾ ਹੋਇਆ ਪੁਸ਼ਟੀ ਕਰਦਾ ਹੈ ਕਿ ਪਹਿਲਾਂ ਉਸ ਦਾ ਇਰਾਦਾ ਸਰਹਿੰਦ ਨੂੰ ਸਿੱਖ ਰਾਜ ਦੀ ਰਾਜਧਾਨੀ ਬਨਾਉਣ ਦਾ ਸੀ। ਇਸੇ ਵਾਸਤੇ ਹੀ ਲੁੱਟ ਸਮੇਂ ਸ਼ਹਿਰ ਨੂੰ ਪੂਰੀ ਤਰ੍ਹਾਂ ਬਰਬਾਦ ਨਹੀਂ ਕੀਤਾ ਗਿਆ ਸੀ ਪਰ ਸਰਹਿੰਦ ਦਿੱਲੀ ਤੋਂ ਲਾਹੌਰ ਨੂੰ ਜਾਣ ਵਾਲੀ ਸ਼ਾਹੀ ਸੜਕ ਉਤੇ ਸੀ ਇਸ ਵਾਸਤੇ ਇਥੇ ਸ਼ਾਹੀ ਸੈਨਾ ਦੇ ਹਮਲੇ ਦਾ ਡਰ ਬਹੁਤਾ ਸੀ। ਨਾਲੇ ਇਹ ਇਲਾਕਾ ਪੱਧਰ ਮੈਦਾਨ ਸੀ ਜੋ ਹਮਲਾ ਹੋਰ ਵੀ ਸੌਖਾ ਹੋ ਸਕਦਾ ਸੀ। ਇਸ ਕਾਰਨ ਸਰਹਿੰਦ ਦੀ ਥਾਂ ਬੰਦਾ ਸਿੰਘ ਨੇ ਲੋਹਗੜ੍ਹ ਨੂੰ ਰਾਜਧਾਨੀ ਬਣਾਉਣ ਵਾਸਤੇ ਚੁਣਿਆ। ਇਹੀ ਲੇਖਕ ਅਗੇ ਲਿਖਦਾ ਹੋਇਆ ਦਸਦਾ ਹੈ ਕਿ ਜਦੋਂ ਬੰਦਾ ਇਥੇ ਆਇਆ ਸੀ ਤਾਂ ਕਿਲ੍ਹਾ/ਕੁਝ ਚੰਗੀ ਹਾਲਤ ਵਿਚ ਨਹੀਂ ਸੀ। ਉਸ ਨੇ ਦੁਬਾਰਾ ਕਿਲ੍ਹਾ ਮੁਰੰਮਤ ਕੀਤਾ ਤੇ ਇਸ ਨੂੰ ਸਿੱਖਾਂ ਦੀ ਰਾਜਧਾਨੀ ਬਣਾਇਆ। ਸਰਹਿੰਦ ਆਦਿ ਦੀ ਲੁੱਟ ਦਾ ਸਾਰਾ ਮਾਲ ਇਥੇ ਇਕੱਠਾ ਕੀਤਾ।[11] ਹਰੀ ਰਾਮ ਗੁਪਤਾ ਦੀ ਲਿਖਤ ਤੋਂ ਵੀ ਇਸ ਦੀ ਪੁਸ਼ਟੀ ਇਉਂ ਹੁੰਦੀ ਹੈ। "He (Banda) therefore established his headquarters, in the beginning of February, 1710 at Mukhlispur situated in Lower Shiwalik Hills South of Nahan, about 20 kms from Sadhaura. Its fort stood on a hill top. Two kuhls or water channels flowed at its bade and supplied water to it. This fort was repaired and put in a state of defence. All the money, gold and costly material acquired in these expeditions were deposited there. He struck coins and issued orders under his own seal. The name of Mukhlispur was changed to Lohgarh and it became the capital of the first Sikh State.[12]

ਇਸ ਤਰ੍ਹਾਂ ਇਧਰ ਪੰਜਾਬ ਵਿਚ ਇਕ ਪਾਸੇ ਤਾਂ ਖਾਲਸਾ ਰਾਜ ਆਪਣੇ ਪੈਰ ਪਸਾਰ ਰਿਹਾ ਸੀ। ਦੂਜੇ ਪਾਸੇ ਮੁਗਲ ਬਾਦਸ਼ਾਹ ਬਹਾਦੁਰ ਸ਼ਾਹ ਦੂਰ ਦੱਖਣ-ਪੱਛਮੀ ਹਿੰਦੁਸਤਾਨ ਵਿਚ ਸੀ। ਦਿੱਲੀ ਬਿਲਕੁਲ ਖਾਲੀ ਪਈ ਸੀ। ਇਹ ਵੀ ਇਕ ਕਾਰਨ ਸੀ ਲੋਹਗੜ੍ਹ ਨੂੰ ਆਪਣੀ ਰਾਜਧਾਨੀ ਬਣਾਉਣ ਦਾ। ਜਿਉਂ ਹੀ ਬੰਦਾ ਸਿੰਘ ਬਹਾਦੁਰ ਨੇ ਸਢੌਰੇ ਨੂੰ ਜਿੱਤਿਆ ਅਤੇ ਲੋਹਗੜ੍ਹ ਨੂੰ ਆਪਣੀ ਰਾਜਧਾਨੀ ਬਣਾਇਆ ਤਿਉਂ ਹੀ ਪੰਜਾਬ ਵਿਚੋਂ ਬਾਦਸ਼ਾਹ ਨੂੰ ਖ਼ਬਰਾਂ ਪਹੁੰਚਾਉਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਸਨ। ਖ਼ਬਰਾਂ ਪਹੁੰਚਾਉਣ ਵਿਚ ਮੁੱਖ ਤੌਰ ਤੇ ਸਰਹਿੰਦ ਦਾ ਸੂਬੇਦਾਰ ਵਜ਼ੀਰ ਖਾਂ ਸੀ। ਸਢੌਰੇ ਬਾਅਦ ਸਰਹਿੰਦ ਦੀ ਹੀ ਵਾਰੀ ਆਉਣੀ ਸੀ। ਇਸ ਲਈ ਉਸ ਨੂੰ ਸਭ ਤੋਂ ਵੱਧ ਖ਼ਤਰਾ ਮਹਿਸੂਸ ਹੋ ਰਿਹਾ ਸੀ। ਉਹ ਬਾਦਸ਼ਾਹ ਤੋਂ ਭਾਰੀ ਮਦਦ ਚਾਹੁੰਦਾ ਸੀ। ਉਸ ਨੇ ਜੋ ਖ਼ਬਰਾਂ ਬੰਦਾ ਸਿੰਘ ਦੇ ਉਭਾਰ ਦੀਆਂ ਬਾਦਸ਼ਾਹ ਨੂੰ ਭੇਜੀਆਂ ਸਨ, ਉਹ ਇਸ ਤਰ੍ਹਾਂ ਸਨ : ''ਪਰਤੀਤ ਰਾਓ ਹਰਕਾਰੇ ਨੇ ਬਾਦਸ਼ਾਹ ਦੇ ਧਿਆਨ ਵਿਚ ਇਹ ਗੱਲ ਲਿਆਂਦੀ ਕਿ ਸਰਹਿੰਦ ਅਤੇ ਲਾਹੌਰ ਦੇ ਨੇੜੇ ਇਕ ਵਿਅਕਤੀ ਨੇ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ (ਬੰਦਾ ਸਿੰਘ ਬਹਾਦਰ) ਦੇ ਤੌਰ ਤੇ ਐਲਾਨ ਕਰ ਰੱਖਿਆ ਹੈ ਅਤੇ ਆਪਣੇ ਪਾਸ ਬਹੁਤ ਵੱਡੀ ਗਿਣਤੀ ਵਿਚ ਬੰਦੇ ਇਕੱਠੇ ਕਰ ਲਏ ਹਨ। ਉਸਨੇ ਸਹਾਰਨਪੁਰ ਤੇ ਵੀ ਹਮਲਾ ਕੀਤਾ ਹੈ।[13]

ਇਸ ਖ਼ਬਰ ਦੀ ਰੋਸ਼ਨੀ ਵਿਚ ਬਾਦਸ਼ਾਹ ਨੇ ਪੰਜਾਬ ਅਤੇ ਦਿੱਲੀ ਦੇ ਫੌਜਦਾਰਾਂ ਨੂੰ ਹੁਕਮ ਭੇਜੇ ਸਨ ਕਿ ਉਹ ਸਰਹਿੰਦ ਦੇ ਸੂਬੇਦਾਰ ਦੀ ਹਰ ਤਰ੍ਹਾਂ ਨਾਲ ਮਦਦ ਕਰਨ। ਪਰ ਇਸ ਸਮੇਂ ਦੌਰਾਨ ਹੀ ਬੰਦਾ ਸਿਘ ਬਹਾਦੁਰ ਨੇ 10 ਮਈ, 1710 ਨੂੰ ਸਰਹਿੰਦ ਵੀ ਜਿੱਤ ਲਿਆ ਸੀ ਅਤੇ ਇਸ ਦੇ ਸੂਬੇਦਾਰ ਵਜ਼ੀਰ ਖਾਂ ਨੂੰ ਮਾਰ ਦਿਤਾ ਗਿਆ ਸੀ। ਇਹ ਖ਼ਬਰ ਬਾਦਸ਼ਾਹ ਨੂੰ ਅਜਮੇਰ ਦੇ ਨੇੜੇ ਰਾਜਸਥਾਨ ਵਿਚ 20 ਮਈ ਨੂੰ ਪਹੁੰਚੀ ਸੀ। ਸਰਹਿੰਦ ਦੇ ਉਜਾੜੇ ਨੂੰ ਸੁਣ ਕੇ ਬਾਦਸ਼ਾਹ ਨੇ ਖੁਦ ਪੰਜਾਬ ਵਿਚ ਆਉਣ ਦਾ ਫੈਸਲਾ ਕਰ ਲਿਆ ਸੀ। ਫਲਸਰੂਪ, ਬਾਦਸ਼ਾਹ ਇਕ ਨਵੰਬਰ, 1710 ਨੂੰ ਕਰਨਾਲ ਪਹੁੰਚ ਗਿਆ ਸੀ। ਕਰਨਾਲ ਤੋਂ ਲੈ ਕੇ ਸਢੌਰੇ ਤੀਕ ਰਸਤੇ ਵਿਚਲੀਆ ਜਿੰਨੀਆਂ ਵੀ ਸਿੱਖ ਚੌਕੀਆਂ ਸਨ ਉਹ ਸਭ ਪਿੱਛੇ ਹਟਦੀਆਂ ਹੋਈਆਂ ਲੋਹਗੜ੍ਹ ਵਿਖੇ ਪਹੁੰਚ ਗਈਆਂ ਸਨ। ਬੰਦਾ ਸਿੰਘ ਦਾ ਸਭ ਸਿੱਖ ਜਰਨੈਲਾਂ ਨੂੰ ਆਦੇਸ਼ ਸੀ ਕਿ ਇਕੱਲੇ ਇਕੱਲੇ ਲੜਨ ਨਾਲੋਂ ਸਾਰੇ ਲੋਹਗੜ੍ਹ ਵਿਖੇ ਇਕੱਠੇ ਹੋ ਜਾਣ। ਇਥੇ ਰਹਿ ਕੇ ਬਾਦਸ਼ਾਹੀ ਫੌਜ ਨੂੰ ਗਹਿਗੱਚਵੀਂ ਟੱਕਰ ਦਿਤੀ ਜਾਵੇਗੀ। ਇਸ ਤਰ੍ਹਾਂ ਥਾਨੇਸਰ, ਸਮਾਣਾ, ਸਰਹਿੰਦ ਅਤੇ ਹੋਰ ਥਾਵਾਂ ਦੇ ਸਿੱਖ ਜਰਨੈਲ ਆਪੋ ਆਪਣੀਆਂ ਸੈਨਾਵਾਂ ਲੈ ਕੇ ਕਿਲ੍ਹਾ ਲੋਹਗੜ੍ਹ ਵਿਚ ਬੰਦਾ ਸਿੰਘ ਬਹਾਦੁਰ ਕੋਲ ਪਹੁੰਚ ਗਏ ਸਨ।

10. *ਉਕਤ*, ਪੰਨਾ 39.
11. *ਪੂਰਵ ਅੰਕਤ*, ਪੰਨੇ 51 ਅਤੇ 52.
12. Hari Ram Gupta, *History of The Sikhs*, Vol. II (Evolution of Sikh Confederacies: 1708-1769), New Delhi, 1978, p. 10.
13. *ਅਖ਼ਬਾਰ-ਏ-ਦਰਬਾਰੇ-ਮੁਅੱਲਾ*, ਪੰਨਾ 26.

SIKHBOOKCLUB.COM

ਬਾਦਸ਼ਾਹ ਸਢੌਰੇ ਵਿਖੇ ਸੀ । ਕੁੱਲ ਮਿਲਾ ਕੇ ਇਤਨਾ ਮੁਲਖਈਆ ਇਕੱਠਾ ਹੋਇਆ ਖੜ੍ਹਾ ਸੀ ਕਿ ਸਢੌਰੇ ਤੋਂ ਲੈ ਕੇ ਕਪਾਲ ਮੋਚਨ ਤਕ ਦਾ ਮੈਦਾਨੀ ਇਲਾਕਾ ਮੁਗ਼ਲ ਫੌਜਾਂ ਦੇ ਕੈਂਪਾਂ ਨਾਲ ਭਰਿਆ ਪਿਆ ਸੀ ।[14] According to Khushwant Singh, "The Emperor ordered a General mobilisatin of all his forces in Delhi, Uttar Pradesh and Oudh and called for volunteers for a Jehad against the Sikhs. He also persuaded the Bundela Rajputs to join in the campaign."[15] ਕਿਲ੍ਹਾ ਲੋਹਗੜ੍ਹ ਦਾ ਘੇਰਾ ਬਾਦਸ਼ਾਹ ਲਈ ਜ਼ਿੰਦਗੀ ਅਤੇ ਮੌਤ ਦੇ ਬਰਾਬਰ ਸੀ । ਉਹ ਹਰ ਹਾਲਤ ਵਿਚ ਬੰਦਾ ਸਿੰਘ ਨੂੰ ਫੜਨਾ ਜਾਂ ਮਾਰਨਾ ਚਾਹੁੰਦਾ ਸੀ । ਸਮੁੱਚੇ ਖੇਤਰ ਨੂੰ ਘੇਰਿਆ ਹੋਇਆ ਸੀ । ਇਸ ਖੇਤਰ ਦੇ ਵੱਖ ਵੱਖ ਇਲਾਕਿਆਂ ਵਿਚੋਂ ਬਾਦਸ਼ਾਹ ਨੂੰ ਰੋਜ਼ਾਨਾ ਦੀਆਂ ਰਿਪੋਰਟਾਂ ਮਿਲਦੀਆਂ ਰਹਿੰਦੀਆਂ ਸਨ । ਇੰਹ ਰਿਪੋਰਟਾਂ *ਅਖ਼ਬਾਰ-ਏ-ਦਰਬਾਰ-ਏ-ਮੁਅੱਲਾ* ਵਿਚ ਦਰਜ ਹਨ । ਇਨ੍ਹਾਂ ਰਿਪੋਰਟਾਂ ਵਿਚ ਕਿਲ੍ਹਾ ਲੋਹਗੜ੍ਹ ਨੂੰ ਕਿਲ੍ਹਾ ਦਾਬੜ ਕਿਹਾ ਗਿਆ ਹੈ । ਬੰਦਾ ਸਿੰਘ ਨੂੰ ਬਾਗੀ ਗੁਰੂ ਲਿਖਿਆ ਗਿਆ ਹੈ । ਪਾਠਕਾਂ ਦੀ ਸਹੂਲਤ ਲਈ ਇਨ੍ਹਾਂ ਖ਼ਬਰਾਂ ਨੂੰ ਜਿਉਂ ਦੀਆਂ ਤਿਉਂ ਦਿਤਾ ਜਾ ਰਿਹਾ ਹੈ । ਇਨ੍ਹਾਂ ਖ਼ਬਰਾਂ ਤੋਂ ਪਾਠਕ ਅੰਦਾਜ਼ਾ ਲਗਾ ਸਕਦੇ ਹਨ ਕਿ ਇਹ ਮੁਹਿੰਮ ਬਾਦਸ਼ਾਹ ਲਈ ਕਿੰਨੀ ਗੰਭੀਰ ਸੀ । 14 ਨਵੰਬਰ, 1710 ਨੂੰ ਭਗਵਤੀ ਦਾਸ ਹਰਕਾਰਾ ਨੇ ਬਾਦਸ਼ਾਹ ਨੂੰ ਆਪਣੀ ਰਿਪੋਰਟ ਪੇਸ਼ ਕੀਤੀ ਕਿ ਬਾਗੀ ਗੁਰੂ, ਦਾਬੜ (ਲੋਹਗੜ੍ਹ) ਵਿਚ ਹੈ ਅਤੇ ਸਿੱਖਾਂ ਨੇ ਉਸ ਥਾਂ ਦੁਆਲੇ ਡੂੰਘੀ ਖਾਈ ਪੁੱਟ ਲਈ ਹੈ । ਉਹ ਲੜਨ ਲਈ ਦਰਿੜ੍ਹ ਹੈ । 16 ਨਵੰਬਰ ਨੂੰ ਸ਼ਾਹਜ਼ਾਦਾ ਜਹਾਂਦਾਰ ਸ਼ਾਹ ਨੇ ਬੰਦਾ ਸਿੰਘ ਦੀ ਲੋਹਗੜ੍ਹ (ਦਾਬੜ) ਵਾਲੀ ਰਿਹਾਇਸ਼ ਦਾ ਨਕਸ਼ਾ ਤਿਆਰ ਕਰਵਾਇਆ ਅਤੇ ਬਾਦਸ਼ਾਹ ਨੂੰ ਪੇਸ਼ ਕੀਤਾ । ਬਾਦਸ਼ਾਹ ਨੇ ਇਸ ਨੂੰ ਪੂਰੇ ਗਹੁ ਨਾਲ ਵਾਚਿਆ ਅਤੇ ਦੱਸਿਆ ਕਿ ਉਨ੍ਹਾਂ ਨੂੰ ਸਢੌਰੇ ਤੋਂ ਲੈ ਕੇ ਲੋਹਗੜ੍ਹ ਤਕ ਪਹੁੰਚਣ ਦੇ ਚਾਰ ਪੜਾਅ ਬਣਾ ਲੈਣੇ ਚਾਹੀਦੇ ਹਨ । 18 ਨਵੰਬਰ ਨੂੰ ਬਾਦਸ਼ਾਹ ਨੂੰ ਹਰਕਾਰੇ ਕੋਲੋਂ ਪਤਾ ਲਗਿਆ ਕਿ ਸਢੌਰੇ ਦੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਦੌੜ ਗਏ ਹਨ । ਉਹ ਸਾਰੇ ਖੂਹਾਂ ਵਿਚ ਜ਼ਹਿਰ ਸੁੱਟ ਗਏ ਹਨ । ਇਸ ਲਈ ਬਾਦਸ਼ਾਹ ਨੇ ਹੁਕਮ ਜਾਰੀ ਕੀਤਾ ਕਿ ਕੋਈ ਵੀ ਸੈਨਿਕ ਕਿਸੇ ਖੂਹ ਦਾ ਪਾਣੀ ਨਾ ਪੀਵੇ ।[16] 20 ਨਵੰਬਰ ਨੂੰ ਬਾਦਸ਼ਾਹ ਸਾਹਮਣੇ ਪੇਸ਼ ਕੀਤੀ ਗਈ ਰਿਪੋਰਟ ਵਿਚ ਦੱਸਿਆ ਗਿਆ ਸੀ ਕਿ ਬੰਦਾ ਸਿੰਘ ਦੇ ਦਲ, ਜਿਹੜੇ ਸਢੌਰੇ ਦੇ ਥਾਣੇ ਵਿਚ ਇਕੱਠੇ ਹੋਏ ਸਨ, ਬਾਦਸ਼ਾਹੀ ਫੌਜਾਂ ਦੇ ਆਉਣ ਦੀ ਖ਼ਬਰ ਸੁਣ ਕੇ ਲੋਹਗੜ੍ਹ ਆਪਣੇ ਨੇਤਾ ਵੱਲ ਦੌੜ ਗਏ ਹਨ । 21 ਨਵੰਬਰ ਨੂੰ ਇਕ ਹਰਕਾਰੇ ਨੇ ਬਾਦਸ਼ਾਹ ਨੂੰ ਮੂੰਹ ਜ਼ਬਾਨੀ ਹੀ ਆ ਕੇ ਦੱਸਿਆ ਕਿ ਬੰਦਾ ਸਿੰਘ ਦੇ ਤਿੰਨ ਹਜ਼ਾਰ ਘੋੜ ਸਵਾਰ, ਸਢੌਰੇ ਤੋਂ ਦੋ ਕੋਹ[17] (ਅੱਠ ਕਿਲੋਮੀਟਰ) ਦੂਰ ਪਰਲੇ ਪਾਸੇ ਇਕ ਸਰੋਵਰ ਦੇ ਕੰਢੇ ਤੇ ਛਾਉਣੀ ਪਾਈ ਬੈਠੇ ਹਨ । (ਇਹ ਸਰੋਵਰ ਕਪਾਲ-ਮੋਚਨ ਦਾ ਹੈ, ਇਹ ਸਢੌਰੇ ਤੋਂ ਸਿੱਧਾ ਅੱਠ ਕੁ ਕਿਲੋਮੀਟਰ ਦੀ ਵਿੱਥ ਤੇ ਹੈ ।) ਬੰਦਾ ਸਿੰਘ ਨੇ ਇਨ੍ਹਾਂ ਦੀ ਸਹਾਇਤਾ ਲਈ ਹੋਰ ਤਿੰਨ ਹਜ਼ਾਰ ਘੋੜ ਸਵਾਰ ਲੋਹਗੜ੍ਹ ਤੋਂ ਭੇਜੇ ਹਨ ।[18]

24 ਨਵੰਬਰ ਨੂੰ ਰੁਸਤਮ ਦਿਲ ਖਾਨ ਬਹਾਦੁਰ ਨੂੰ ਵਿਸ਼ੇਸ਼ ਪੱਗੜੀ ਦੇ ਕੇ ਸਨਮਾਨਿਆ ਗਿਆ । ਉਸਨੂੰ ਕਿਹਾ ਗਿਆ ਕਿ ਉਹ ਫਿਰੋਜ਼ ਖਾਨ ਨੂੰ ਕਹੇ ਕਿ ਉਹ ਆਪਣੇ ਤੋਪਖਾਨੇ ਨਾਲ ਅੱਗੇ ਨੂੰ ਵਧੇ ਅਤੇ ਸਿੱਖਾਂ ਦੇ ਕਿਲ੍ਹੇ ਦੀ ਉਚਾਈ ਤੋਂ ਵੱਡੀ ਉਚਾਈ ਵਾਲਾ ਇਕ ਬੁਰਜ ਉਸਾਰਨਾ ਸ਼ੁਰੂ ਕਰਵਾਵੇ ਤਾਂ ਕਿ ਇਥੋਂ ਸਿੱਖਾਂ ਦੇ ਕਿਲ੍ਹੇ ਵਿਚ ਤੀਰ ਅਤੇ ਗੋਲੀਆਂ ਬਰਸਾਈਆਂ ਜਾ ਸਕਣ ।

25 ਨਵੰਬਰ ਨੂੰ ਬਾਦਸ਼ਾਹ ਨੂੰ ਦੱਸਿਆ ਗਿਆ ਸੀ ਕਿ ਫਿਰੋਜ਼ ਖਾਨ ਅਤੇ ਰੁਸਤਮ ਦਿਲ ਖਾਨ ਬਹਾਦੁਰ ਬਾਗੀਆਂ (ਸਿੱਖਾਂ) ਨਾਲ ਪਿਛਲੇ ਬਾਰਾਂ ਘੰਟਿਆਂ ਤੋਂ ਲੜ ਰਹੇ ਹਨ । ਇਸ ਪਿੱਛੋਂ ਹਰਕਾਰੇ ਨੇ ਫਿਰ ਆ ਕੇ ਰਿਪੋਰਟ ਦਿਤੀ ਕਿ ਸ਼ਾਹੀ ਫੌਜਾਂ ਨੇ ਸਿੱਖਾਂ ਦੀਆਂ ਤਿੰਨ ਪਹਾੜੀਆਂ ਤੇ ਕਾਬੂ ਕਰ ਲਿਆ ਹੈ ਪਰ ਸਿੱਖਾਂ ਦੀ ਸਹਾਇਤਾ ਲਈ ਹੋਰ ਫੌਜ ਪਹੁੰਚ ਗਈ ਹੈ ਅਤੇ ਚੌਥੀ ਪਹਾੜੀ ਤੇ ਕਾਬੂ ਕਰਨ ਲਈ ਗਹਿਗੱਚ ਲੜਾਈ ਚੱਲ ਰਹੀ ਹੈ । ਬਹੁਤ ਸਾਰੇ ਸਿੱਖ ਮਾਰੇ ਗਏ ਹਨ । ਸ਼ਾਹੀ ਫੌਜਾਂ ਦੇ ਵੀਹ ਸੈਨਿਕ ਲੜਦੇ ਹੋਏ ਮਾਰੇ ਗਏ ਹਨ । ਲੜਾਈ ਅਜੇ ਚੱਲ ਰਹੀ ਹੈ ।

26 ਨਵੰਬਰ ਨੂੰ ਹਯਾਤ ਖਾਨ, ਜਿਹੜਾ ਰੁਸਤਮ ਦਿਲ ਖਾਨ ਨਾਲ ਗਿਆ ਹੋਇਆ ਸੀ, ਨੇ ਬਾਦਸ਼ਾਹ ਦੇ ਸਾਹਮਣੇ ਪੇਸ਼ ਹੋ ਕੇ ਰਿਪੋਰਟ ਦਿਤੀ ਕਿ ਰੁਸਤਮ ਦਿਲ ਖਾਨ ਬਹਾਦੁਰ ਅਤੇ ਫਿਰੋਜ਼ ਖਾਨ ਦੋਵੇਂ ਹੀ ਆਪਣੀਆਂ ਜਾਨਾਂ ਦੀ ਬਾਜ਼ੀ ਲਾ ਕੇ ਵਾਰ ਵਾਰ ਸਿੱਖਾਂ ਨਾਲ ਲੜਾਈ ਕਰ ਰਹੇ ਹਨ । ਚਾਰ ਸੌ ਦੇ ਕਰੀਬ ਸਿੱਖ ਮਾਰੇ ਗਏ ਹਨ । ਮੁਗ਼ਲ ਅਧਿਕਾਰੀ ਸ਼ਾਹੀ ਸਨਮਾਨਾਂ ਦੀ ਉਮੀਦ ਲਗਾ ਰਹੇ ਹਨ । ਬਾਦਸ਼ਾਹ ਨੇ ਖੁਸ਼ ਹੋ ਕੇ ਰੁਤਸਮ ਦਿਲ ਖਾਨ ਨੂੰ ਇਕ ਢਾਲ ਅਤੇ ਇਕ ਤਲਵਾਰ ਦੀ ਬਖਸ਼ਿਸ਼ ਕੀਤੀ ਅਤੇ ਇਕ ਤਲਵਾਰ ਫਿਰੋਜ਼ ਖਾਨ ਲਈ ਭੇਜ ਦਿਤੀ । ਇਹ ਇਨਾਮ ਸੰਬੰਧਤ ਵਿਅਕਤੀਆਂ ਨੂੰ ਦੇਣ ਲਈ ਹਯਾਤ ਖਾਨ ਨੂੰ ਫੜਾਏ ਗਏ ਸਨ ।[19]

14. ਗੰਡਾ ਸਿੰਘ, *ਪੂਰਵ ਅੰਕਤ*, ਪੰਨਾ 72.
15. Khushwant Singh, *A History of the Sikhs*, Vol. I: 1469-1839, Oxford, 2001, p. 110.
16. *ਅਖ਼ਬਾਰ-ਏ-ਦਰਬਾਰ-ਏ-ਮੁਅੱਲਾ*, ਪੰਨਾ 42.
17. ਪਹਿਲਾਂ ਇਕ ਕੋਹ ਵਿਚ ਚਾਰ ਹਜ਼ਾਰ ਤੋਂ ਲੈ ਕੇ ਸਾਢੇ ਚਾਰ ਹਜ਼ਾਰ ਤਕ ਗਜ ਹੁੰਦੇ ਸਨ । ਇਸ ਹਿਸਾਬ ਨਾਲ ਅੱਜ ਕੱਲ੍ਹ ਇਕ ਕੋਹ ਵਿਚ ਚਾਰ ਕਿਲੋਮੀਟਰ ਬਣਦੇ ਹਨ । ਦੇਖੋ, ਕਾਨ੍ਹ ਸਿੰਘ, *ਮਹਾਨ ਕੋਸ਼*, ਪਟਿਆਲਾ, 1960, ਪੰਨਾ 261.
18. *ਉਕਤ*, ਪੰਨਾ 43.
19. *ਉਕਤ*, ਪੰਨਾ 44.

SIKHBOOKCLUB.COM

27 ਨਵੰਬਰ ਨੂੰ ਬਾਦਸ਼ਾਹ ਨੂੰ ਦੱਸਿਆ ਗਿਆ ਸੀ ਕਿ ਕਿਲਾ ਲੋਹਗੜ੍ਹ ਤੋਂ ਦੋ ਤੋਪ ਦੇ ਗੋਲੇ, ਜਮਦਾਤ-ਉਲ-ਮੁਲਕ ਦੇ ਤੋਪਖਾਨੇ ਦੇ ਦਰੋਗਾ ਕਮਾਲ ਖਾਨ ਦੇ ਮੋਰਚੇ ਵਿਚ ਆ ਕੇ ਡਿਗੇ ਹਨ। ਬਾਦਸ਼ਾਹ ਨੂੰ ਇਹ ਗੋਲੇ ਹਿਦਾਇਤ ਉਲਾ ਖਾਨ ਨੇ ਦਿਖਾਏ। ਇਸ ਪਿੱਛੋਂ ਹਿਦਾਇਤ ਉਲਾ ਖਾਨ ਨੇ ਸਾਰੇ ਮੋਰਚਿਆਂ ਦੀ ਵਿਸਥਾਰ ਸਹਿਜ ਜਾਣਕਾਰੀ ਦਿਤੀ। ਬਾਦਸ਼ਾਹ ਨੂੰ ਦੱਸਿਆ ਗਿਆ ਸੀ ਕਿ ਜੱਟਾਂ ਦਾ ਸ਼ਿਰੋਮਣੀ ਨੇਤਾ (ਜਿਸ ਨੂੰ ਚੂੜਾਮਣੀ ਜੱਟ ਕਿਹਾ ਜਾਂਦਾ ਸੀ।) ਸਿੱਖਾਂ ਦੇ ਮੋਰਚਿਆਂ ਦਾ ਭੇਤ ਲੈਣ ਲਈ ਅੱਗੇ ਗਿਆ ਸੀ ਪਰ ਕੋਈ ਵੀ ਸਿੱਖ ਉਸ ਨੂੰ ਰੋਕਣ ਲਈ ਅੱਗੇ ਨਹੀਂ ਆਇਆ।[20] ਫਿਰ ਵੀ ਮੁਗ਼ਲ ਅਧਿਕਾਰੀਆਂ ਦੇ ਦਿਲਾਂ ਵਿਚ ਬੰਦਾ ਸਿੰਘ ਦਾ ਭੈਅ ਬੈਠਿਆ ਹੋਇਆ ਹੈ। ਹਰ ਕੋਈ, ਕੀ ਵੱਡਾ ਤੇ ਕੀ ਛੋਟਾ ਜੋ ਵੀ ਬਾਦਸ਼ਾਹੀ ਡੇਰੇ ਵਿਚ ਆਉਂਦਾ, ਇਹੋ ਹੀ ਕਹਿੰਦਾ ਕਿ ਬੰਦਾ ਸਿੰਘ ਦੇ ਵੱਸ ਵਿਚ ਕੋਈ ਜਾਦੂ ਦੀਆਂ ਸ਼ਕਤੀਆਂ ਹਨ, ਉਸ ਦੇ ਮੂੰਹ ਵਿਚੋਂ ਅੱਗ ਦੇ ਭਬੂਕੇ ਨਿਕਲਦੇ ਹਨ, ਤਲਵਾਰਾਂ ਅਤੇ ਤੀਰ ਉਸ ਦੇ ਲਾਗੇ ਰਹਿਣ ਵਾਲੇ ਸਾਥੀਆਂ ਨੂੰ ਜ਼ਖ਼ਮੀ ਨਹੀਂ ਕਰ ਸਕਦੇ।[21] ਵਿਲੀਅਮ ਇਰਵਿਨ ਲਿਖਦਾ ਹੈ ਕਿ ਇਹ ਗੱਲ ਆਮ ਲੋਕਾਂ ਦੀ ਜੀਭ ਉਤੇ ਸੀ ਕਿ ਬੰਦਾ ਬਹੁਤ ਜ਼ੋਰਦਾਰ ਜਾਗੂਗਰ ਹੈ ਜੋ ਵੱਛਿਆਂ ਤੋਂ ਵੀ ਗੱਲਾਂ ਕਰਵਾਉਂਦਾ ਹੈ। ਉਹ ਗੋਲੀ ਨੂੰ ਰਸਤੇ ਵਿਚੋਂ ਹੀ ਮੋੜ ਸਕਦਾ ਹੈ ਅਤੇ ਅਜਿਹੇ ਟੂਣੇ ਕਰ ਸਕਦਾ ਹੈ ਕਿ ਉਸ ਦੇ ਸੰਗੀ-ਸਾਥੀਆਂ ਉਤੇ ਤਲਵਾਰ ਅਤੇ ਨੇਜ਼ਾ ਬਹੁਤ ਥੋੜ੍ਹਾ ਅਸਰ ਕਰਦਾ ਹੈ ਜਾਂ ਬਿਲਕੁਲ ਹੀ ਨਹੀਂ ਕਰਦਾ। ਇਲ੍ਹਾਂ ਵਿਹਲੀਆਂ ਗੱਪਾਂ ਨੂੰ ਸੁਣ ਸੁਣ ਕੇ ਬਾਦਸ਼ਾਹ, ਉਸ ਦੇ ਵੱਡੇ ਵੱਡੇ ਅਮੀਰ ਅਤੇ ਫੌਜੀ ਸਿਪਾਹੀ ਘਬਰਾਹਟ ਵਿਚ ਦਿਲ ਛੱਡੀ ਬੈਠੇ ਸਨ। ਦੂਸਰੇ ਪਾਸੇ ਬੰਦਾ ਸਿੰਘ ਵਲੋਂ ਦਿਤੇ ਹੋਏ ਇਸ ਯਕੀਨ ਨਾਲ ਸਿੱਖਾਂ ਦੇ ਹੌਂਸਲੇ ਵਧੇ ਹੋਏ ਸਨ ਕਿ ਜੋ ਭੀ ਇਸ ਜੰਗ ਵਿਚ ਸ਼ਹੀਦ ਹੋਵੇਗਾ ਉਹ ਛੇਤੀ ਹੀ ਉੱਚੀ ਪਦਵੀ ਪਰਾਪਤ ਕਰਕੇ ਮੁੜ ਜਨਮ ਲਵੇਗਾ।[22]

ਤਜ਼ਕਿਰਾਤ-ਏ-ਸਲਾਤੀਨ ਦਾ ਲੇਖਕ ਮੁਹੰਮਦ ਹਾਦੀ ਕਾਮਵਰ ਖਾਨ ਜਿਹੜਾ ਇਸ ਸਮੇਂ ਵੱਡੇ ਸ਼ਾਹਜ਼ਾਦਾ ਰਫੀ-ਉ-ਸ਼ਾਨ ਦੀ ਫੌਜ ਵਿਚ ਸੀ ਅਤੇ ਰੁਸਤਮ ਦਿਲ ਖਾਨ ਦੀ ਫੌਜ ਉਪਰ ਹੋਏ ਹਮਲੇ ਨੂੰ ਆਪਣੇ ਸਾਹਮਣੇ ਦੇਖ ਰਿਹਾ ਸੀ, ਸਿੰਘਾਂ ਦੇ ਇਸ ਹਮਲੇ ਬਾਰੇ ਅੱਖੀਂ ਦੇਖੇ ਵੇਰਵੇ ਇਉਂ ਲਿਖਦਾ ਹੈ, 'ਇਨ੍ਹਾਂ ਮਰਦੂਦ ਸਿੱਖਾਂ ਵਿਚੋਂ ਹਰ ਇਕ ਜੁਆਨ ਛਾਲਾਂ ਮਾਰ ਮਾਰ ਖਾਈ ਵਿਚੋਂ ਨਿੱਕਲਦਾ, ਬਾਦਸ਼ਾਹੀ ਲਸ਼ਕਰੀਆਂ ਨੂੰ ਵੰਗਾਰਦਾ ਅਤੇ ਬੜੀ ਬਹਾਦੁਰੀ ਦੇ ਜ਼ੌਹਰ ਵਿਖਾਲ ਕੇ ਗਾਜ਼ੀਆ ਦੀ ਤਲਵਾਰ ਹੇਠ ਬੇ-ਦਰੇਗ ਜਾਨ ਦੇ ਦਿੰਦਾ। ਇਸ ਵੇਲੇ ਬਾਦਸ਼ਾਹੀ ਅਤੇ ਨਾਮਵਰ ਅਮੀਰਾਂ ਦੀਆਂ ਫੌਜਾਂ ਨੇ ਵੀ ਹਰ ਪਾਸਿਓਂ ਹੱਲਾ ਕਰਕੇ ਰੁਸਤਮ ਅਤੇ ਅਸਫੰਦ-ਯਾਰ ਦੇ ਕਾਰਨਾਮੇ ਮਾਤ ਪਾ ਦਿਤੇ। ਬੜੀ ਭਿਆਨਕ ਲੜਾਈ ਹੋਈ। ਸਿੱਖਾਂ ਦੇ ਦੋ ਸਰਦਾਰ ਅਤੇ ਢਾਈ ਹਜ਼ਾਰ ਬੰਦੇ ਮਾਰੇ ਗਏ। ਵਿਜਈ ਫੌਜ ਵਿਚੋਂ ਫਿਰੋਜ਼ ਖਾਨ ਮੇਵਾਤੀ ਦਾ ਇਕ ਭਤੀਜਾ ਮਾਰਿਆ ਗਿਆ ਅਤੇ ਪੁੱਤਰ ਜ਼ਖ਼ਮੀ ਹੋ ਗਿਆ। ਖਾਫੀ ਖਾਨ ਸਮਕਾਲੀ ਲਿਖਾਰੀ ਹੋਇਆ ਹੈ। ਇਹ ਵੀ ਇਸ ਸਮੇਂ ਬਾਦਸ਼ਾਹੀ ਫੌਜ ਦੇ ਨਾਲ ਸੀ। ਇਸ ਨੇ ਆਪਣੀ ਲਿਖਤ *ਮੁੰਤਖ਼ਾਬ-ਉਲ-ਲੁਬਾਬ* ਵਿਚ ਇਸ ਲੜਾਈ ਦਾ ਇਉਂ ਵਰਨਣਾ ਕੀਤਾ ਹੈ, ''ਜਿਹੜੀ ਇਸ ਸਮੇਂ ਲੜਾਈ ਹੋਈ ਮੇਰੇ ਲਈ ਉਸ ਨੂੰ ਬਿਆਨ ਕਰਨਾ ਅਸੰਭਵ ਹੈ। ਫ਼ਕੀਰਾਂ ਦੇ ਭੇਸ ਵਿਚ ਵਿਚਰਦੇ ਦੁਸ਼ਮਣ (ਸਿੰਘਾਂ) ਨੇ ਸ਼ਾਹੀ ਫੌਜਾਂ ਨੂੰ ਭੈ-ਭੀਤ ਕਰ ਦਿਤਾ ਸੀ ਅਤੇ ਉਨ੍ਹਾਂ (ਮੁਗ਼ਲਾਂ) ਲਈ ਮਾਮਲਾ ਬਹੁਤ ਮੁਸ਼ਕਲ ਵਾਲਾ ਬਣ ਗਿਆ ਸੀ। ਮੁਗ਼ਲ ਸਿਪਾਹੀ ਭਿਆਨਕ ਹਮਲੇ ਕਾਰਨ ਆਪਣੇ ਹਾਥੀਆਂ ਅਤੇ ਘੋੜਿਆਂ ਤੋਂ ਥੱਲੇ ਉਤਰ ਆਏ, ਪੈਦਲ ਹੀ ਲੜਨ ਲਗੇ ਅਤੇ ਉਨ੍ਹਾਂ ਨੇ ਦੁਸ਼ਮਣ ਨੂੰ ਭਜਾ ਦਿਤਾ। ਸ਼ਾਹੀ ਕਮਾਂਡਰ ਇਸ ਹਮਲੇ ਨੂੰ ਰੋਕਣ ਪਿੱਛੋਂ ਵਾਪਸ ਸਢੌਰੇ ਨੂੰ ਹੀ ਇਸ ਖਿਆਲ ਨਾਲ ਆ ਗਏ ਸਨ ਕਿ ਦੁਸ਼ਮਣ ਨੂੰ ਭਜਾਉਣ ਵਾਸਤੇ ਉਥੋਂ ਹੀ ਸੈਨਿਕ ਟੁਕੜੀਆਂ ਭੇਜੀਆਂ ਜਾਣਗੀਆਂ।''[23]

ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਗਿਣਤੀ ਦੇ ਪੱਖੋਂ ਸਿੰਘ ਕਿਸੇ ਵੀ ਤਰੀਕੇ ਨਾਲ ਮੁਗ਼ਲ ਫੌਜਾਂ ਦੇ ਬਰਾਬਰ ਨਹੀਂ ਖੜੋ ਸਕਦੇ ਸਨ। ਸਿੰਘਾਂ ਦੀ ਗਿਣਤੀ ਖਾਫੀ ਖਾਨ ਦੇ ਅਨੁਸਾਰ ਤੀਹ-ਚਾਲੀ ਹਜ਼ਾਰ ਦੇ ਕਰੀਬ ਦੱਸੀ ਗਈ ਹੈ ਜਦੋਂ ਕਿ ਮੁਗ਼ਲ ਫੌਜ ਇਕ ਲੱਖ ਤੋਂ ਵੀ ਉਪਰ ਸੀ। ਸਿੰਘ ਸਿਰਫ ਗੁਰੀਲਾ ਹਮਲੇ ਹੀ ਕਰ ਸਕਦੇ ਸਨ ਤੇ ਜਾਂ ਫਿਰ ਕਿਲ੍ਹੇ ਵਿਚੋਂ ਤੀਰਾਂ, ਨੇਜਿਆਂ ਅਤੇ ਪੱਥਰਾਂ ਦੀ ਮਾਰ ਕਰ ਸਕਦੇ ਸਨ। ਸਿੰਘਾਂ ਪਾਸ ਵੱਧ ਤੋਂ ਵੱਧ ਤੋੜੇਦਾਰ ਬੰਦੂਕਾਂ ਸਨ ਜਿਹੜੀਆਂ ਕਿਲ੍ਹੇ ਦੀ ਜ਼ਿਆਦਾ ਉਚਾਈ ਕਰਕੇ ਮਾਰ ਨਹੀਂ ਕਰ ਸਕਦੀਆਂ ਸਨ। ਇਹ ਸਿਰਫ ਨੇੜੇ ਤੋਂ ਹੀ ਦੁਸ਼ਮਣ ਨੂੰ ਮਾਰ ਸਕਦੀਆਂ ਸਨ। ਜੰਗਲ ਵਿਚੋਂ ਕੁਝ ਮੋਟੇ ਦਰੱਖਤਾਂ ਨੂੰ ਕੱਟ ਕੇ ਦੇਸੀ ਕਿਸਮ ਦੀਆਂ ਕੁਝ ਇੱਕਾ-ਦੁੱਕਾ ਤੋਪਾਂ ਜ਼ਰੂਰ ਬਣਾਈਆਂ ਗਈਆਂ ਸਨ ਪਰ ਇਨ੍ਹਾਂ ਰਾਹੀਂ ਬਹੁਤ ਥੋੜ੍ਹੇ ਗੋਲੇ ਵਰਸਾਏ ਜਾ ਸਕਦੇ ਸਨ। ਜ਼ਿਆਦਾ ਵੱਡਾ ਗੋਲਾ ਦਾਗਣ ਨਾਲ ਜਾਂ ਛੇਤੀ-ਛੇਤੀ ਦਾਗਣ ਨਾਲ ਇਹ ਲੱਕੜ ਦੀਆਂ ਤੋਪਾਂ ਪਾਟ ਜਾਂਦੀਆਂ ਸਨ। ਇਸ ਲਈ ਸਿੰਘ ਕਿਲ੍ਹੇ ਵਿਚੋਂ ਜਾਂ ਤਾਂ ਆਤਮ-ਰੱਖਿਆ ਦੀ ਲੜਾਈ ਲੜ ਰਹੇ ਸਨ ਜਾਂ ਵੇਲੇ-ਕੁਵੇਲੇ ਦੁਸ਼ਮਣ ਉਪਰ ਗੁਰੀਲਾ ਹਮਲੇ ਕਰਦੇ ਸਨ।

---

20. *ਉਕਤ*, ਪੰਨਾ 45.
21. ਗੰਡਾ ਸਿੰਘ, ਪੂਰਵ ਅੰਕਤ, ਪੰਨਾ 70.
22. William Irvine, *Later Mughals*, Vol. I, Calcutta, 1922.
23. *op.cit.*, p. 423.

SIKHBOOKCLUB.COM

ਸਿੰਘਾਂ ਵਲੋਂ ਉਪਰੋਕਤ ਕੀਤਾ ਗਿਆ ਹਮਲਾ ਭਾਵੇਂ ਪਿੱਛੋਂ ਹੋਰ ਮੁਗਲ ਫੌਜ ਦੇ ਆਉਣ ਕਾਰਨ ਪਛਾੜ ਦਿਤਾ ਗਿਆ ਸੀ। ਮੁਗਲ ਫੌਜ ਦੇ ਜ਼ਿਆਦਾ ਗਿਣਤੀ ਵਿਚ ਆ ਜਾਣ ਕਰਕੇ ਸਿੰਘ ਸੈਨਾ ਵਾਪਸ ਕਿਲ੍ਹੇ ਵਿਚ ਆ ਵੜੀ। ਮੁਗਲ ਜਰਨੈਲਾਂ ਨੇ ਇਸ ਨੂੰ ਆਪਣੀ ਜਿੱਤ ਸਮਝਿਆ। ਰੁਸਤਮ ਦਿਲ ਖਾਨ ਨੂੰ ਬਾਦਸ਼ਾਹ ਨੇ ਖੁਸ਼ ਹੋ ਕੇ ਚਾਰ ਹਜ਼ਾਰ ਜਾਤ ਅਤੇ ਤਿੰਨ ਹਜ਼ਾਰ ਸਵਾਰ ਦਾ ਅਹੁਦਾ ਬਖ਼ਸ਼ਿਆ। ਖਾਨ-ਏ-ਖਾਨਾ, ਮੁਨੱਈਅਮ ਖਾਨ ਅਤੇ ਇਸ ਦੇ ਪੁੱਤਰ ਮਹਾਬਤ ਖਾਨ ਨੂੰ ਸ਼ਾਹੀ ਖਾਣੇ ਵਿਚੋਂ ਰਾਤ ਦਾ ਖਾਣਾ ਭੇਜਿਆ ਗਿਆ।

ਸਿੰਘਾਂ ਦੇ ਜੱਥਿਆਂ ਦਾ ਪਿੱਛੇ ਹਟ ਜਾਣਾ ਉਨ੍ਹਾਂ ਦੀ ਹਾਰ ਨਹੀਂ ਸੀ ਸਗੋਂ ਉਨ੍ਹਾਂ ਦਾ ਇਹ ਲੜਾਈ ਕਰਨ ਦਾ ਇਕ ਢੰਗ ਸੀ। ਸੂਰਜ ਛਿਪਣ ਨਾਲ ਹੀ ਸਿੰਘ ਲੋਹਗੜ੍ਹ ਦੀਆਂ ਪਹਾੜੀਆਂ ਵਲ ਨੂੰ ਮੁੜ ਪਏ ਸਨ। ਬਾਦਸ਼ਾਹ ਦੇ ਜਰਨੈਲਾਂ ਨੇ ਇਸ ਨੂੰ ਚੰਗਾ ਮੌਕਾ ਸਮਝਦਿਆਂ ਹੋਇਆਂ ਆਪਣੇ ਮੋਰਚੇ ਹੋਰ ਅੱਗੇ ਨੂੰ ਵਧਾ ਲਏ ਸਨ। ਉਨ੍ਹਾਂ ਨੇ ਇਸ ਸਮੇਂ ਨਦੀ ਦਾ ਉਰਲਾ ਕੰਢਾ ਮੱਲ ਲਿਆ ਸੀ। ਨਦੀ ਹੌਲੀ ਹੌਲੀ ਵੱਗ ਰਹੀ ਸੀ ਪਰ ਪਾਣੀ ਦਾ ਵਹਾਅ ਸਿੰਘਾਂ ਵਾਲੇ ਪਾਸੇ ਤੋਂ ਹੀ ਆ ਰਿਹਾ ਸੀ ਨਹੀਂ ਤਾਂ ਮੁਗਲ ਫੌਜ ਪਾਣੀ ਦੇ ਮੁਹਾਣ ਨੂੰ ਵੀ ਰੋਕ ਕੇ ਕਿਸੇ ਹੋਰ ਪਾਸੇ ਨੂੰ ਮੋੜ ਸਕਦੀ ਹੈ। ਰਾਤ ਨੂੰ ਪਹਾੜੀ ਜੰਗਲਾਂ ਵਿਚੋਂ ਵੱਖ ਵੱਖ ਕਿਸਮ ਦੇ ਜੰਗਲੀ ਜਾਨਵਰਾਂ ਦੀਆਂ ਆਵਾਜ਼ਾਂ ਆਉਂਦੀਆਂ ਸਨ। ਇਨ੍ਹਾਂ ਆਵਾਜ਼ਾਂ ਤੋਂ ਮੁਗਲ ਫੌਜੀ ਡਰਦੇ ਸਨ। ਕਈ ਤਾਂ ਇਹ ਖਿਆਲ ਕਰਦੇ ਸਨ ਕਿ ਸ਼ਾਇਦ ਇਹ ਆਵਾਜ਼ਾਂ ਬੰਦਾ ਸਿੰਘ ਬਹਾਦੁਰ ਮੁਗਲ ਸੈਨਿਕਾਂ ਨੂੰ ਡਰਾਉਣ ਲਈ ਕਢਵਾ ਰਿਹਾ ਹੈ। ਖਾਫੀ ਖਾਨ ਲਿਖਦਾ ਹੈ ਕਿ ਅਚਾਨਕ ਮੀਂਹ ਪੈਣ ਲਗ ਪਿਆ ਸੀ। ਇਹ ਲਗਾਤਾਰ ਚਾਰ-ਪੰਜ ਦਿਨ ਪੈਂਦਾ ਰਿਹਾ ਅਤੇ ਮੌਸਮ ਬਹੁਤ ਹੀ ਜ਼ਿਆਦਾ ਠੰਡਾ ਹੋ ਗਿਆ ਸੀ। ਦੱਖਣੀ ਸੂਬਿਆਂ ਦੀਆਂ ਫੌਜਾਂ, ਜਿਨ੍ਹਾਂ ਨੇ ਨਾ ਕਦੇ ਇਤਨੀ ਠੰਡ ਦੇਖੀ ਸੀ ਅਤੇ ਨਾ ਹੀ ਉਹ ਇਤਨੀ ਠੰਡ ਨੂੰ ਝੱਲਣ ਦੇ ਆਦੀ ਹੀ ਸਨ, ਹਜ਼ਾਰਾਂ ਦੀ ਗਿਣਤੀ ਵਿਚ ਬਿਮਾਰ ਹੋ ਗਏ, ਅਨੇਕਾਂ ਘੋੜੇ ਠੰਡ ਕਾਰਨ ਮਰ ਗਏ ਸਨ। ਇਨ੍ਹਾਂ ਮਰਿਆਂ ਹੋਇਆਂ ਘੋੜਿਆਂ ਵਿਚੋਂ ਅਤੇ ਹੋਰ ਗੰਦ-ਮੰਦ ਵਿਚੋਂ ਬਹੁਤ ਭੈੜੀ ਬਦਬੂ ਆਉਣ ਲੱਗ ਪਈ ਸੀ। ਇਹ ਝੱਲੀ ਨਾ ਸਕਣ ਵਾਲੀ ਸੀ। ਮੁਗਲ ਸੈਨਿਕ ਇਸ ਸਭ ਕੁਝ ਨੂੰ ਬੰਦਾ ਸਿੰਘ ਬਹਾਦੁਰ ਦੇ ਜਾਦੂ ਸਮਝਦੇ ਸਨ।[24]

25 ਤੋਂ 28 ਨਵੰਬਰ ਤਕ ਰੁਸਤਮ ਦਿਲ ਖਾਨ ਨਦੀ ਦੇ ਕੰਢੇ ਤੇ ਹੀ ਖੜ੍ਹਾ ਰਿਹਾ। 29 ਤਾਰੀਖ਼ ਨੂੰ ਬਾਦਸ਼ਾਹ ਵੀ ਆਪਣਾ ਡੇਰਾ ਨਦੀ ਦੇ ਨੇੜੇ ਲੈ ਆਇਆ। ਇਥੋਂ ਲੋਹਗੜ੍ਹ ਦਾ ਕਿਲ੍ਹਾ ਸਾਹਮਣੇ ਇਕ ਪਹਾੜੀ ਦੀ ਟੀਸੀ ਉਤੇ ਦਿਸਦਾ ਸੀ। ਇਸ ਦੇ ਆਲੇ ਦੁਆਲੇ ਖਾਈਆਂ, ਅੜਬੜ ਚੱਟਾਨਾਂ ਅਤੇ ਡੂੰਘੇ ਡੂੰਘੇ ਰਸਤੇ ਸਨ। ਬਾਦਸ਼ਾਹ ਨੇ ਇਹ ਸਾਰਾ ਕੁਝ ਆਪਣੀ ਅੱਖੀਂ ਦੇਖਿਆ ਅਤੇ ਰੁਸਤਮ ਦਿਲ ਖਾਨ ਅਤੇ ਫਿਰੋਜ਼ਖਾਨ ਮੇਵਾਤੀ ਨੂੰ ਸ਼ਾਬਾਸ਼ ਦਿਤੀ। ਇਥੇ ਹੀ ਮਹਾਬਤ ਖਾਨ, ਖਾਨ ਜ਼ਮਾਨ ਅਤੇ ਜਮਦਾਤ-ਉਲ-ਮੁਲਕ (ਵਜ਼ੀਰ ਮੁਨੱਈਅਮ ਖਾਨ) ਆ ਪਹੁੰਚੇ। ਬਾਦਸ਼ਾਹ ਨੇ ਇਨ੍ਹਾਂ ਨੂੰ ਕਿਹਾ ਕਿ ਸਾਰੇ ਇਕੱਠੇ ਹੋ ਕੇ ਜ਼ੋਰਦਾਰ ਹਮਲਾ ਬੋਲੋ ਅਤੇ ਸਿੱਖਾਂ ਨੂੰ ਮਾਰ ਮਾਰ ਕੇ ਜਾਂ ਤਾਂ ਕਿਲੇ ਵਿਚ ਵਾੜ ਦਿਓ ਤੇ ਜਾਂ ਭਜਾ ਦਿਓ। 30 ਨਵੰਬਰ ਨੂੰ ਸ਼ਾਹੀ ਫੌਜਾਂ ਨੇ ਵੱਡੇ ਸ਼ਾਹਜ਼ਾਦਾ ਰਫੀ-ਉ-ਸ਼ਾਨ ਦੀ ਕਮਾਂਡ ਹੇਠਾਂ ਨਦੀ ਨੂੰ ਪਾਰ ਕਰਕੇ ਕਿਲ੍ਹੇ ਉਪਰ ਚੜ੍ਹਾਈ ਕਰਨ ਦੀ ਤਿਆਰੀ ਕੀਤੀ। ਇਸ ਤਿਆਰੀ ਵਜੋਂ ਹਮਲਾ ਕਰਨ ਵਾਲੀ ਫੌਜ ਦੀ ਜਿਸ ਤਰ੍ਹਾਂ ਮੋਰਚਾਬੰਦੀ ਕੀਤੀ ਗਈ ਸੀ ਉਹ ਇਸ ਤਰ੍ਹਾਂ ਸੀ :

ਸਭ ਤੋਂ ਅੱਗੇ ਖੱਬੇ ਪਾਸੇ ਬਾਦਸ਼ਾਹ ਦੀ ਆਪਣੀ ਫੌਜ ਲਗਾਈ ਗਈ ਜਿਸ ਦਾ ਅਗਵਾਈ ਸ਼ਾਹਜ਼ਾਦਾ ਰਫੀ-ਉ-ਸ਼ਾਨ ਕਰ ਰਿਹਾ ਸੀ। ਇਸ ਦੇ ਨਾਲ ਹੀ ਬਖਸ਼ੀ-ਉਲ-ਮੁਮਾਲਿਕ ਦੀ ਫੌਜ ਸੀ ਜਿਸ ਦੀ ਕਮਾਂਡ ਰਾਜਾ ਉਦਿਤ ਸਿੰਘ ਬੁੰਦੇਲਾ ਕਰ ਰਿਹਾ ਸੀ। ਇਸ ਦੇ ਬਿਲਕੁਲ ਬਰਾਬਰ ਸੱਜੇ ਪਾਸੇ ਵਜ਼ੀਰ ਖਾਨ-ਏ-ਖਾਨਾ ਮੁਨੱਈਅਮ ਖਾਨ ਦੀ ਫੌਜ ਸੀ। ਇਸ ਦੀ ਕਮਾਂਡ ਖਾਨ-ਏ -ਖਾਨਾ ਦਾ ਪੁੱਤਰ ਮੁਹਾਬਤ ਖਾਨ ਕਰ ਰਿਹਾ ਸੀ। ਇਨ੍ਹਾਂ ਨਾਲ ਸਥਾਨਕ ਲੋਕ ਰਾਹ ਦੱਸਣ ਵਾਲੇ ਵੀ ਸਨ। ਇਨ੍ਹਾਂ ਦੀ ਸਹਾਇਤਾ ਕਰਨ ਲਈ ਰਾਜਾ ਚਤੁਰ ਸਾਲ ਬੁੰਦੇਲਾ ਅਤੇ ਇਸਲਾਮ ਖਾਨ ਦੀਆਂ ਰਜਮੈਂਟਾਂ ਸਨ। ਇਸ ਸਾਰੀ ਮੁਹਿੰਮ ਦੀ ਸਫਲਤਾ ਅਤੇ ਅਸਫਲਤਾ ਦੀ ਜਿੰਮੇਵਾਰੀ ਖਾਨ-ਏ-ਖਾਨਾ, ਮੁਨੱਈਅਮ ਖਾਨ ਦੀ ਸੀ। ਇਸ ਲਈ ਉਸ ਦੀ ਸਹਾਇਤਾ ਲਈ ਉਨ੍ਹਾਂ ਦੇ ਪਿੱਛੇ ਸ਼ਾਹਜ਼ਾਦਾ ਅਜ਼ੀਮ-ਉ-ਸ਼ਾਨ, ਸ਼ਾਹਜ਼ਾਦਾ ਜਹਾਨ ਸ਼ਾਹ ਅਤੇ ਹਮੀਦ-ਉ-ਦੀਨ ਖਾਨ ਦੀਆਂ ਆਪਣੀਆਂ ਸੈਨਿਕ ਟੁਕੜੀਆਂ ਰੀਜ਼ਰਵ ਸੈਨਾ ਦੇ ਤੌਰ ਤੇ ਰੱਖੀਆਂ ਹੋਈਆਂ ਸਨ।[25]

ਇਸ ਤਰ੍ਹਾਂ ਪੂਰੀ ਮਜ਼ਬੂਤੀ ਨਾਲ ਕਿਲ੍ਹੇ ਨੂੰ ਮੈਦਾਨੀ ਇਲਾਕੇ ਵਲੋਂ ਘੇਰਾ ਪਾ ਕੇ ਰੱਖਿਆ ਗਿਆ ਸੀ। ਬਾਦਸ਼ਾਹ ਦਾ ਹੁਕਮ ਸੀ ਕਿ ਕਿਲ੍ਹੇ ਉਪਰ ਹਮਲਾ ਕਰਨ ਨਾਲੋਂ ਜੇ ਕਿਸੇ ਤਰੀਕੇ ਨਾਲ ਸਿੰਘਾਂ ਨੂੰ ਕਿਲ੍ਹੇ ਵਿਚੋਂ ਬਾਹਰ ਆ ਕੇ ਲੜਨ ਲਈ ਭੁਚਲਾਇਆ ਜਾ ਸਕੇ ਤਾਂ ਜ਼ਿਆਦਾ ਬਿਹਤਰ ਰਹੇਗਾ। ਕਿਉਂਕਿ ਕਿਲ੍ਹੇ ਉਪਰ ਹਮਲਾ ਕਰਨਾ ਜ਼ਿਆਦਾ ਨੁਕਸਾਨ ਕਰਵਾਉਣ ਦੇ ਬਰਾਬਰ ਹੋਣਾ ਸੀ। ਪਰ ਸ਼ਾਹੀ ਸੈਨਾ ਵਲੋਂ ਉਪਰਲੇ ਪੱਧੋਂ ਪੂਰੀ ਢਿੱਲਤਾ ਦਿਖਾਉਣ ਦੇ ਬਾਵਜੂਦ ਵੀ ਸਿੰਘ ਕਿਲ੍ਹੇ ਤੋਂ ਬਾਹਰ ਆ ਕੇ ਨਹੀਂ ਲੜੇ ਕਿਉਂਕਿ ਸ਼ਾਹੀ ਸੈਨਾ ਦੇ ਮੁਕਾਬਲੇ ਉਨ੍ਹਾਂ ਦੀ ਗਿਣਤੀ ਬਹੁਤ ਥੋੜ੍ਹੀ ਸੀ। ਉਹ ਪਹਾੜੀਆਂ ਦੇ ਉਪਰ ਰਹਿ ਕੇ ਹੀ ਅਤੇ ਕਿਲ੍ਹੇ ਦੀਆਂ ਛੱਤਾਂ ਤੋਂ ਤੀਰ, ਪੱਥਰ ਅਤੇ ਨੇਜੇ ਸੁੱਟ ਕੇ ਸ਼ਾਹੀ ਸੈਨਾ ਨੂੰ ਪੂਰਾ ਤੰਗ ਕਰ ਰਹੇ ਸਨ। ਜਦੋਂ ਪੂਰਾ ਇਕ ਦਿਨ,

24. *Ibid.*., p. 423.
25. ਡਾ. ਗੰਡਾ ਸਿੰਘ ਦੇ ਹਵਾਲੇ ਅਨੁਸਾਰ, *ਪੂਰਵ ਅੰਕਤ*, ਪੰਨਾ 72.

SIKHBOOKCLUB.COM

ਢਿੱਲ-ਮੱਠਤਾ ਦਿਖਾਉਣ ਦੇ ਬਾਵਜੂਦ ਵੀ ਸ਼ਾਹੀ ਸੈਨਾ ਦੀ ਸਕੀਮ ਕਾਮਯਾਬ ਨਾ ਹੋਈ ਤਾਂ ਅਖੀਰ ਖਾਨ-ਏ-ਖਾਨਾ ਵਜ਼ੀਰ ਮੁਨੱਈਅਮ ਖਾਨ ਨੇ ਬਾਦਸ਼ਾਹ ਤੋਂ ਇਜ਼ਾਜਤ ਮੰਗੀ ਕਿ ਸਿੰਘਾਂ ਦੇ ਮੋਰਚਿਆਂ ਦੀ ਸਾਰ ਲੈਣ ਲਈ ਫੌਜ ਨੂੰ ਨਦੀ ਪਾਰ ਕਰਕੇ ਕੁਝ ਅੱਗੇ ਜਾਣ ਦੀ ਆਗਿਆ ਦਿਤੀ ਜਾਵੇ । ਬਾਦਸ਼ਾਹ ਨੇ ਇਹ ਆਗਿਆ ਇਸ ਸ਼ਰਤ ਨਾਲ ਦਿਤੀ ਕਿ ਕਿਲ੍ਹੇ ਉਪਰ ਹਮਲਾ ਕਿਸੇ ਵੀ ਸੂਰਤ ਵਿਚ ਬਾਦਸ਼ਾਹ ਦੀ ਇਜ਼ਾਜਤ ਤੋਂ ਬਗੈਰ ਨਹੀਂ ਹੋਵੇਗਾ ।

ਉਪਰੋਕਤ ਆਗਿਆ ਪਰਾਪਤ ਕਰਕੇ ਜਦੋਂ ਖਾਨ-ਏ-ਖਾਨਾਂ ਆਪਣੀ ਫੌਜ ਨਾਲ ਨਦੀ ਨੂੰ ਪਾਰ ਕਰਕੇ ਪਹਾੜੀਆਂ ਦੇ ਪੈਰਾਂ ਤੀਕ ਪਹੁੰਚਿਆ ਤਾਂ ਸਿੰਘਾਂ ਨੇ ਪਹਾੜੀਆਂ ਉਪਰੋਂ ਗੋਲੀਆਂ, ਤੀਰਾਂ ਅਤੇ ਪੱਥਰਾਂ ਦੀ ਐਸੀ ਵਰਖਾ ਕੀਤੀ ਕਿ ਮੁਨੱਈਅਮ ਖਾਨ ਭੰਬਲਭੂਸੇ ਵਿਚ ਪੈ ਗਿਆ । ਨਾ ਹੀ ਤਾਂ ਉਹ ਪਿੱਛੇ ਹਟ ਸਕਦਾ ਸੀ ਅਤੇ ਨਾ ਹੀ ਉਹ ਅੱਗੇ ਵਧ ਕੇ ਲੜਾਈ ਕਰ ਸਕਦਾ ਸੀ ਪਰ ਸਿੰਘਾਂ ਨੇ ਉਸ ਦੀ ਅੱਗੇ ਵਧਣ ਵਾਲੀ ਫੌਜ ਦਾ ਬੁਰਾ ਹਾਲ ਕਰ ਦਿਤਾ ਸੀ । ਖਾਫੀ ਖਾਨ ਲਿਖਦਾ ਹੈ ਕਿ 'ਬਾਦਸ਼ਾਹ ਤਕ ਖ਼ਬਰਾਂ ਪਹੁੰਚਾਈਆਂ ਗਈਆਂ ਸਨ ਕਿ ਸ਼ਾਹੀ ਫੌਜ ਉਪਰ ਦੁਸ਼ਮਣ (ਸਿੰਘਾਂ) ਨੇ ਐਸੇ ਭਿਆਨਕ ਹਮਲੇ ਕੀਤੇ ਹਨ ਜਿਸ ਨਾਲ ਉਨ੍ਹਾਂ ਦੇ ਬੜੇ ਮਸ਼ਹੂਰ ਦੋ ਜਰਨੈਲ ਮਾਰੇ ਗਏ ਸਨ ।'[26] ਮੁਨੱਈਆ ਖਾਨ ਨੇ ਇਸ ਗੱਲੋਂ ਡਰਦਿਆਂ ਕਿ ਜੇ ਉਹ ਇਤਨਾ ਨੁਕਸਾਨ ਕਰਵਾ ਕੇ ਵਾਪਸ ਮੁੜਿਆ ਤਾਂ ਇਕ ਤਾਂ ਇਸ ਨੂੰ ਉਸ ਦੀ ਅਸਫਲਤਾ ਮੰਨਿਆ ਜਾਵੇਗਾ ਤੇ ਦੂਸਰਾ ਬਾਦਸ਼ਾਹ ਨੇ ਅੱਗੇ ਤੋਂ ਉਸ ਨੂੰ ਕਿਸੇ ਕੰਮ ਦੀ ਇਜ਼ਾਜਤ ਨਹੀਂ ਦੇਣੀ । ਇਸ ਲਈ ਉਹ ਵਰ੍ਹ ਰਹੀਆਂ ਗੋਲੀਆਂ ਵਿਚੋਂ ਦੀ ਹੀ ਆਪਣੀ ਫੌਜ ਦਾ ਨੁਕਸਾਨ ਕਰਵਾਉਂਦਾ ਹੋਇਆ ਲੋਹਗੜ੍ਹ ਦੀਆਂ ਪਹਾੜੀਆਂ ਦੇ ਕੁਝ ਦੂਰ ਉਪਰ ਚੜ੍ਹਨ ਵਿਚ ਕਾਮਯਾਬ ਹੋ ਗਿਆ । ਇਸ ਗਹਿਗੱਚ ਲੜਾਈ ਨੂੰ ਬਾਦਸ਼ਾਹ ਅਤੇ ਉਸ ਦੇ ਚਾਰੇ ਸ਼ਾਹਜ਼ਾਦੇ ਆਪਣੇ ਤੰਬੂਆਂ ਵਿਚ ਖੜ੍ਹੇ ਹੈਰਾਨੀ ਅਤੇ ਗੁੱਸੇ ਨਾਲ ਦੇਖ ਰਹੇ ਸਨ । ਗੁੱਸਾ ਇਸ ਕਰਕੇ ਸੀ ਕਿ ਮੁਨੱਈਅਮ ਖਾਨ ਨੇ ਬਾਦਸ਼ਾਹ ਦੀ ਇਜ਼ਾਜਤ ਤੋਂ ਬਿਨਾਂ ਹਮਲਾ ਕੀਤਾ ਹੈ ਅਤੇ ਹੈਰਾਨੀ ਇਸ ਲਈ ਕਿ ਮੁਨੱਈਅਮ ਖਾਨ ਨੁਕਸਾਨ ਦੀ ਪਰਵਾਹ ਨਾ ਕਰਦਾ ਹੋਇਆ ਵੀ ਪਹਾੜੀਆਂ ਉੱਪਰ ਚੜ੍ਹ ਰਿਹਾ ਸੀ । ਇਹ ਸੋਚ ਕੇ ਕਿ ਲੜਾਈ ਵਿਚ ਫਤਿਹ ਦਾ ਸੇਹਰਾ ਇਕੱਲੇ ਮੁਨੱਈਅਮ ਖਾਨ ਦੇ ਸਿਰ ਹੀ ਨਾ ਬੰਨ੍ਹਿਆ ਜਾਵੇ, ਬਾਦਸ਼ਾਹ ਦੇ ਚਾਰੇ ਸ਼ਾਹਜ਼ਾਦੇ ਵੀ ਆਪਣੀ ਆਪਣੀ ਟੁਕੜੀ ਨਾਲ ਮੁਨੱਈਅਮ ਖਾਨ ਦੇ ਪਿੱਛੇ ਹੋ ਤੁਰੇ । ਖੂਬ ਜਮ ਕੇ ਲੜਾਈ ਹੋਈ । ਪਹਾੜੀਆਂ ਦੇ ਸਿਖਰ ਤੇ ਬੈਠੇ ਸਿੰਘਾਂ ਦੀ ਧੂਆਂਧਾਰ ਗੋਲੀ ਅਤੇ ਤੀਰ, ਅਣਗਿਣਤ ਸ਼ਾਹੀ ਫੌਜ ਦੇ ਵਧਦੇ ਕਦਮਾਂ ਨੂੰ ਨਾ ਰੋਕ ਸਕੇ । ਖਾਫੀ ਖਾਨ ਇਸ ਲੜਾਈ ਬਾਰੇ ਲਿਖਦਾ ਹੋਇਆ ਦਸਦਾ ਹੈ ਕਿ 'ਅਨੇਕਾਂ ਝੜੱਪਾਂ ਦੇ ਬਾਅਦ ਦੋਹਾਂ ਪਾਸਿਆਂ ਤੋਂ ਬਹੁਤ ਸਾਰੇ ਬੰਦੇ ਮਾਰੇ ਗਏ ਸਨ । ਕਾਫਰਾਂ ਨੂੰ ਹਰਾ ਦਿਤਾ ਗਿਆ ਸੀ । ਹਾਰੇ ਹੋਏ ਕਾਫਰ ਬੜੀ ਤੇਜ਼ੀ ਨਾਲ ਲੋਹਗੜ੍ਹ ਵਾਲੇ ਕਿਲ੍ਹੇ ਵਿਚ ਚਲੇ ਗਏ ਅਤੇ ਉਥੇ ਉਨ੍ਹਾਂ ਨੇ ਆਪਣੇ ਆਪ ਨੂੰ ਮਜ਼ਬੂਤ ਮੋਰਚਿਆਂ ਵਿਚ ਸੁਰੱਖਿਅਤ ਕਰ ਲਿਆ । ਇਹ ਲੋਹਗੜ੍ਹ ਦਾ ਕਿਲ੍ਹਾ ਬਰਫੀ ਰਾਜੇ ਦੇ ਇਲਾਕੇ ਵਿਚ ਹੈ ।[27] ਅਖ਼ੀਰ ਸੂਰਜ ਛੁਪ ਗਿਆ ਤੇ ਰਾਤ ਪੈਣੀ ਸ਼ੁਰੂ ਹੋ ਗਈ । ਰਾਤ ਨੂੰ ਪਹਾੜੀਆਂ ਦੀਆਂ ਖੰਧਰਾਂ ਵਿਚ ਲੜਾਈ ਔਖੀ ਹੀ ਨਹੀਂ ਸਗੋਂ ਅਸੰਭਵ ਵੀ ਹੁੰਦੀ ਹੈ । ਪਰ ਕਿਉਂਕਿ ਮੁਗ਼ਲ ਫੌਜ ਕਿਲ੍ਹੇ ਵੱਲ ਵੱਧ ਰਹੀ ਸੀ ਇਸ ਲਈ ਲੜਾਈ ਬੰਦ ਨਹੀਂ ਹੋ ਰਹੀ ਸੀ । ਦੋਵੇਂ ਧਿਰਾਂ ਲਈ ਇਹ ਸਮਾਂ ਫੈਸਲਾਕੁਨ ਸੀ । ਸਿੰਘਾਂ ਵਲੋਂ ਰਤਾ ਭਰ ਵੀ ਢਿੱਲ-ਮੱਠ ਮੁਗਲ ਫੌਜ ਦੇ ਹੌਸਲਿਆਂ ਨੂੰ ਅੰਤਾਂ ਦਾ ਵਧਾ ਸਕਦੀ ਸੀ ਅਤੇ ਮੁਗ਼ਲ ਫੌਜ ਦਾ ਰੁਕ ਜਾਣਾ ਸਿੰਘਾਂ ਲਈ ਪੂਰੀ ਤਰ੍ਹਾਂ ਸਹਾਈ ਹੋਣਾ ਸੀ । ਇਸ ਲਈ ਮੁਨੱਈਅਮ ਖਾਨ ਆਪਣੀ ਹੁਕਮ-ਅਦੂਲੀ ਨੂੰ ਸਫਲਤਾ ਦੇ ਪਰਦੇ ਹੇਠ ਛੁਪਾਉਣੀ ਚਾਹੁੰਦਾ ਸੀ । ਇਸ ਲਈ ਉਹ ਵੱਧ ਤੋਂ ਵੱਧ ਅੱਗੇ ਵੱਧਣਾ ਚਾਹੁੰਦਾ ਸੀ । ਦੁਸ਼ਮਣ ਦੀ ਅਣਗਿਣਤ ਫੌਜ ਅੱਗੇ ਬੇਸ਼ੱਕ ਸਿੰਘ, ਉੱਚੀਆਂ ਪਹਾੜੀਆਂ ਤੇ ਬੈਠੇ ਪੂਰੀ ਦਰਿੜ੍ਹਤਾ ਨਾਲ ਲੜ ਰਹੇ ਸਨ ਪਰ ਉਹ ਘੱਟ-ਗਿਣਤੀ ਵਿਚ ਹੋਣ ਕਰਕੇ ਨੀਵੀਆਂ ਪਹਾੜੀਆਂ ਨੂੰ ਛੱਡਦੇ ਹੋਏ ਪਿੱਛੇ ਹੱਟ ਰਹੇ ਸਨ । ਡਾ. ਗੰਡਾ ਸਿੰਘ ਦੇ ਸ਼ਬਦਾਂ ਵਿਚ ''ਇਸ ਵੇਲੇ ਸਿੱਖਾਂ ਵਾਸਤੇ ਮੁਸ਼ਕਲ ਬਣ ਗਈ । ਵੈਰੀ ਦੇ ਟਿੱਡੀ ਦਲ ਦੇ ਹਜ਼ਾਰਾਂ ਹੀ ਬੰਦੇ ਇਕ ਇਕ ਕਰਕੇ ਮੋਰਚਿਆਂ ਉਤੇ ਟੁੱਟ ਕੇ ਪੈ ਗਏ । ਸਿੱਖ ਆਟੇ ਵਿਚ ਲੂਣ ਦੇ ਬਰਾਬਰ ਵੀ ਨਹੀਂ ਸਨ । ਇਕ ਇਕ ਕਰਕੇ ਨੀਵੀਆਂ ਪਹਾੜੀਆਂ ਦੀਆਂ ਬਿੜਕਾਂ ਛੱਡਣੀਆਂ ਪੈ ਗਈਆਂ ਸਨ ਅਤੇ ਲੋਹਗੜ੍ਹ ਦੇ ਕਿਲ੍ਹੇ ਵਿਚਲੇ ਆਖਰੀ ਟਿਕਾਣੇ ਵੱਲ ਨੂੰ ਹਟ ਜਾਣ ਤੋਂ ਬਿਨਾਂ ਹੋਰ ਕੋਈ ਚਾਰਾ ਨਾ ਰਿਹਾ । ਦੋਹੀਂ ਪਾਸੀ ਅਤਿ ਦਾ ਨੁਕਸਾਨ ਹੋਇਆ । ਮੁਗ਼ਲਾਂ ਵਲ ਮਰਨ ਵਾਲਿਆਂ ਵਿਚ ਸੁੱਚਾ ਨੰਦ ਸਰਹੰਦੀ ਦਾ ਪੁੱਤਰ ਵੀ ਸੀ ਜਿਸ ਦੀ ਲੋਥ ਮਰੇ ਪਏ ਮੁਸਲਮਾਨਾਂ ਦੀਆਂ ਲੋਥਾਂ ਨਾਲ ਕੁਝ ਪੱਥਰਾਂ ਹੇਠ ਅੱਧ-ਲੁਕੀ ਪਈ ਸੀ ।[28]

ਕਿਉਂਕਿ ਲੜਾਈ ਲੰਮੀ ਹੋ ਰਹੀ ਸੀ ਇਸ ਲਈ ਬਾਦਸ਼ਾਹ ਦੀ ਚਿੰਤਾ ਵੱਧ ਰਹੀ ਸੀ । ਉਸ ਨੇ ਲੜਾਈ ਬਾਰੇ ਸਹੀ ਰਿਪੋਰਟ ਮੰਗੀ ਕਿ ਇਹ ਆਖਰ ਕਿੰਨਾ ਕੁ ਚਿਰ ਚੱਲੇਗੀ । ਉਸ ਨੇ ਇਹ ਪਤਾ ਕਰਨ ਲਈ ਆਪਣੇ ਸਾਰ-ਏ-ਸਵਾਰੀ ਨੂੰ ਭੇਜਿਆ ਕਿ ਉਹ ਮੋਰਚਿਆਂ ਵਿਚ ਜਾ ਕੇ ਸਹੀ ਰਿਪੋਰਟ ਦੇਵੇ । ਉਸ ਨੇ ਸਾਰੇ ਮੋਰਚੇ ਦੇਖ ਕੇ ਰਿਪੋਰਟ ਦਿਤੀ ਕਿ ਸ਼ਾਹੀ ਫੌਜਾਂ ਅਜੇ ਪਹਿਲਾਂ ਵਾਲੀ ਸਥਿਤੀ ਵਿਚ ਹੀ ਹਨ । ਇਸ ਰਿਪੋਰਟ ਤੋਂ ਬਾਦਸ਼ਾਹ ਖੁਸ਼ ਨਹੀਂ ਸੀ । ਉਸ ਨੇ ਬਖ਼ਸ਼ੀ-ਉਲ-ਮੁਲਕ ਅਤੇ ਜਮਦਾਤ-ਉਲ-ਮੁਲਕ

26. *ਪੂਰਵ ਅੰਕਤ*, ਪੰਨਾ 424.
27. *ਉਕਤ*, ਪੰਨਾ ਉਹੀ ।
28. *ਪੂਰਵ ਅੰਕਤ*, ਪੰਨਾ 73.

SIKHBOOKCLUB.COM

ਨੂੰ ਸਖ਼ਤ ਹੁਕਮ ਭੇਜੇ ਕਿ ਉਹ ਤੁਰੰਤ ਆਪਣੀਆਂ ਫੌਜਾਂ ਲੈ ਕੇ ਜਾਣ ਅਤੇ ਸਿੱਖਾਂ ਨੂੰ ਧੱਕ ਕੇ ਕਿਲ੍ਹੇ ਦੇ ਅੰਦਰ ਵਾੜ ਦੇਣ ਤੇ ਪਿੱਛੋਂ ਕਿਲ੍ਹੇ ਉਪਰ ਹਮਲਾ ਕਰ ਦੇਣ ।

30 ਨਵੰਬਰ ਨੂੰ ਬਾਦਸ਼ਾਹ ਨੇ ਨਵੀਂ ਸਫਬੰਦੀ ਕਰਵਾ ਕੇ ਤਾਜ਼ਾ ਹਮਲਾ ਕਰਨ ਦੇ ਹੁਕਮ ਦਿਤੇ । ਇਸ ਅਨੁਸਾਰ ਜਮਦਾਤ-ਉਲ-ਮੁਲਕ, ਬਖ਼ਸ਼ੀ-ਉਲ-ਮੁਲਕ, ਮਹਾਬਤ ਖਾਨ ਬਹਾਦੁਰ, ਖਾਨ ਜ਼ਮਾਨ ਬਹਾਦੁਰ, ਰਾਜਾ ਚਤੁਰ ਸਾਲ ਬੁੰਦੇਲਾ, ਚੂੜਾਮਣੀ ਜੱਟ, ਕੁਲੀਚ ਮੁਹੰਮਦ ਖਾਨ ਬਹਾਦੁਰ, ਇਸਲਾਮ ਖਾਨ ਬਹਾਦੁਰ ਆਦਿ ਮੁਗਲ ਅਧਿਕਾਰੀ ਅਤੇ ਜਰਨੈਨ ਸਵੇਰੇ ਹੀ ਕਿਲ੍ਹੇ ਉਪਰ ਤਾਬੜ-ਤੋੜ ਹਮਲੇ ਕਰਨ ਲੱਗ ਪਏ ਸਨ । ਪਿੱਛੋਂ ਸ਼ਾਹਜ਼ਾਦਾ ਰਫ਼ੀ-ਉ-ਸ਼ਾਨ ਵੀ ਆਪਣੀਆਂ ਫੌਜਾਂ ਨੇ ਕੇ ਇਨ੍ਹਾਂ ਨਾਲ ਜਾ ਰਲਿਆ ਸੀ । ਦੁਪਹਿਰ ਤਕ ਖੂਬ ਜਮ ਕੇ ਲੜਾਈ ਹੋਈ । ਦੁਪਹਿਰ ਤੋਂ ਕੁਝ ਸਮਾਂ ਪਹਿਲਾਂ ਰੁਸਤਮ ਦਿਲ ਖਾਨ ਬਾਦਸ਼ਾਹ ਨੂੰ ਲੜਾਈ ਦੀ ਰਿਪੋਰਟ ਦੇਣ ਲਈ ਆਇਆ । ਇਸ ਨੂੰ ਬਾਦਸ਼ਾਹ ਨੇ ਫਿਰ ਮੋਰਚਿਆਂ ਵਿਚ ਭੇਜ ਦਿਤਾ ।[29] ਇਸ ਨੇ ਦੱਸਿਆ ਕਿ ਜਮਦਾਤ-ਉਲ-ਮੁਲਕ ਅਤੇ ਉਸ ਦੇ ਪੁੱਤਰ ਸਿੱਖਾਂ ਉਪਰ ਤਾਬੜ-ਤੋੜ ਹਮਲੇ ਕਰ ਰਹੇ ਹਨ । ਉਨ੍ਹਾਂ ਨੇ ਸਿੱਖਾਂ ਦੇ ਤਿੰਨ ਮੋਰਚੇ ਕਾਬੂ ਕਰ ਲਏ ਹਨ, ਤਿੰਨ ਵੱਡੀਆਂ ਤੋਪਾਂ ਪਕੜ ਲਈਆਂ ਹਨ ਅਤੇ ਕੁਝ ਤੋੜੇਦਾਰ ਬੰਦੂਕਾਂ ਵੀ ਖੋਹ ਲਈਆਂ ਹਨ । ਸਿੱਖ ਮੋਰਚੇ ਛੱਡ ਕੇ ਕਿਲ੍ਹੇ ਵਿਚ ਜਾ ਵੜੇ ਹਨ । ਕੁਝ ਸਮਾਂ ਪਿੱਛੋਂ ਮੁਹੰਮਦ ਯਾਰ ਖਾਨ ਅਤੇ ਹੁਸੈਨ ਅਲੀ ਖਾਨ ਬਹਾਦੁਰ ਬਾਦਸ਼ਾਹ ਪਾਸ ਆਏ ਅਤੇ ਦੱਸਿਆ ਕਿ ਜਮਦਾਤ-ਉਲ-ਮੁਲਕ ਅਤੇ ਸ਼ਾਹਜ਼ਾਦਾ ਰਫ਼ੀ-ਉ-ਸ਼ਾਨ ਬਹਾਦੁਰ ਲੜਦੇ ਲੜਦੇ ਲੋਹਗੜ੍ਹ ਕਿਲੇ ਦੇ ਨਜ਼ਦੀਕ ਚਲੇ ਗਏ ਹਨ । ਸਿੱਖ ਸਤਾਰਾਗੜ੍ਹ ਦੇ ਕਿਲ੍ਹੇ ਵਿਚ ਇਕੱਠੇ ਹੋ ਰਹੇ ਹਨ । ਸ਼ਾਹੀ ਫੌਜਾਂ ਨੇ ਕਿਲ੍ਹਿਆਂ ਨੂੰ ਸਾਰੇ ਪਾਸਿਓਂ ਘੇਰ ਲਿਆ ਹੈ । ਗਹਿਗੱਚ ਲੜਾਈ ਚੱਲ ਰਹੀ ਹੈ ।[30] ਮੁਹੰਮਦ ਹਾਦੀ ਕਾਮਵਾਰ ਖਾਨ ਲਿਖਦਾ ਹੈ ਕਿ ਇਸ ਭਿਆਨਕ ਕਤਲ ਦੇ ਡਰਾਉਣੇ ਨਜ਼ਾਰੇ ਨੇ ਕਈ ਰਹਿਮ ਦਿਲਾਂ ਦੇ ਕਾਲਜੇ ਕੰਬਾ ਦਿਤੇ ਅਤੇ ਭਾਵੀ ਦੇ ਛਲਾਵੇ ਭਰੇ ਤਮਾਸ਼ੇ ਨੇ ਕਈ ਦੁਖੀਆਂ ਦੇ ਦਿਮਾਗ ਹਿਲਾ ਦਿਤੇ ।[31]

ਲੋਹਗੜ੍ਹ ਦਾ ਪੂਰਾ ਖੇਤਰ ਬੰਦਾ ਸਿੰਘ ਬਹਾਦੁਰ ਨੇ ਮੋਰਚਾਬੰਦ ਕੀਤਾ ਹੋਇਆ ਸੀ । ਇਥੇ ਲੋਹਗੜ੍ਹ ਤੋਂ ਇਲਾਵਾ ਛੋਟੇ ਛੋਟੇ ਚਾਰ ਕਿਲੇ ਹੋਰ ਸਨ ।[32] ਡਾ. ਗੰਡਾ ਸਿੰਘ ਅਨੁਸਾਰ ਇੱਥੇ ਥਵੰਜਾ ਪੱਕੇ ਮੋਰਚੇ ਬਣਾਏ ਹੋਏ ਸਨ ।[33] ਇਹ ਮੋਰਚੇ ਅਤੇ ਛੋਟੇ ਚਾਰ ਕਿਲ੍ਹੇ, ਲੋਹਗੜ੍ਹ ਲਈ ਬੁੱਲ-ਵਰਕ ਦਾ ਕੰਮ ਕਰਦੇ ਸਨ । ਸਿੰਘ ਇਸ ਸਮੇਂ ਛੋਟੇ ਕਿਲ੍ਹੇ ਛੱਡਦੇ ਹੋਏ ਦੋ ਮੁੱਖ ਕਿਲਿਆਂ ਸਤਾਰਾਗੜ੍ਹ[34] ਅਤੇ ਲੋਹਗੜ੍ਹ ਵਿਚ ਇਕੱਠੇ ਹੋ ਰਹੇ ਸਨ । ਮਿਰਜ਼ਾ ਰੁਕਨਦੀਨ, ਜਿਹੜਾ ਬਾਦਸ਼ਾਹ ਨੇ ਅਗਲੇ ਮੋਰਚਿਆਂ ਦੀ ਸਥਿਤੀ ਦੀ ਜਾਣਕਾਰੀ ਲਈ ਭੇਜਿਆ ਸੀ, ਨੇ ਆ ਕੇ ਬਾਦਸ਼ਾਹ ਨੂੰ ਸੂਚਨਾ ਦਿਤੀ ਕਿ ਲੜਾਈ ਅਜੇ ਪਹਾੜੀਆਂ ਦੇ ਰਸਤਿਆਂ ਵਿਚ ਹੀ ਹੋ ਰਹੀ ਹੈ ਅਤੇ ਰੁਸਤਮਦਿਲ ਖਾਨ ਉਸ ਪਹਾੜੀ ਦੇ ਪੈਰਾਂ ਤਕ ਜਾ ਪੁੱਜਾ ਹੈ ਜਿਸ ਦੇ ਚਿੱਟੇ ਕਿਲ੍ਹੇ ਵਿਚ ਸਿੱਖ ਸਰਦਾਰ ਬੰਦਾ ਸਿੰਘ ਬੈਠਾ ਹੈ । ਮਿਰਜ਼ਾ ਰੁਕਨਦੀਨ ਨੇ ਉਸ ਪਹਾੜੀ ਅਤੇ ਤੰਬੂ ਵਲ ਇਸ਼ਾਰਾ ਕੀਤਾ ਸੀ ਜਿੱਥੋਂ ਇਹ ਖਿਆਲ ਕੀਤਾ ਜਾਦਾ ਸੀ ਕਿ ਉਥੋਂ ਬੰਦਾ ਸਿੰਘ ਬਹਾਦਰ ਆਪਣੇ ਸਿਦਕੀ ਸਿੰਘਾਂ ਨੂੰ ਬਹਾਦਰੀ ਨਾਲ ਲੜਨ ਲਈ ਪਰੇਰ ਰਿਹਾ ਸੀ ।[35] ਰਾਜਾ ਉਦਿਤ ਸਿੰਘ ਬੁੰਦੇਲਾ ਦੀ ਤਾਜ਼ਾ ਦਮ ਫੌਜ ਮੁਨੱਈਅਮ ਖਾਨ ਦੀ ਪਿੱਠ ਪਿੱਛੇ ਜਾ ਖੜ੍ਹੀ ਸੀ ਜਿਸ ਕਰਕੇ ਰਾਤ ਪੈ ਜਾਣ ਦੇ ਬਾਵਜੂਦ ਵੀ ਲੜਾਈ ਚਲ ਰਹੀ ਸੀ । ਰਾਤ ਨੂੰ ਬਾਦਸ਼ਾਹ ਨੂੰ ਸੁਨੇਹਾ ਭੇਜਿਆ ਗਿਆ ਸੀ ਕਿ ਫੌਜਾਂ ਦਾ ਇਸ ਸਮੇਂ ਪਿੱਛੇ ਹਟਣਾ ਅਸੰਭਵ ਹੈ ਇਸ ਲਈ ਤੁਰੰਤ ਹੀ ਦੋ ਊਠਾਂ ਦੇ ਭਾਰ ਨੀਲੀਆਂ ਰੋਸ਼ਨੀਆਂ ਕਰਨ ਵਾਲੀਆਂ ਆਤਿਸ਼ਬਾਜ਼ੀਆਂ ਭੇਜੀਆਂ ਜਾਣ ਤਾਂ ਕਿ ਸਾਰੀ ਰਾਤ ਸਿੱਖਾਂ ਦੀਆਂ ਹਰਕਤਾਂ ਉਪਰ ਨਿਗਾਹ ਰੱਖੀ ਜਾ ਸਕੇ ।[36] ਲੇਕਿਨ ਇਹ ਆਤਿਸ਼ਬਾਜੀਆਂ ਸਮੇਂ ਸਿਰ ਮੁਗਲ ਸੈਨਾ ਪਾਸ ਨਾ ਪੁੱਜ ਸਕੀਆਂ । ਰਾਤ ਪੈ ਜਾਣ ਕਰਕੇ ਲੜਾਈ ਬੰਦ ਹੋ ਗਈ ਸੀ ।

ਇਸ ਲੜਾਈ-ਬੰਦੀ ਨੇ ਸਿੰਘਾਂ ਨੂੰ ਸਾਹ ਲੈਣ ਦਾ ਸਮਾਂ ਦੇ ਦਿਤਾ ਸੀ । ਲੇਕਿਨ ਮੁਨੱਈਅਮ ਖਾਨ ਅਤੇ ਉਸ ਦੇ ਦੂਸਰੇ ਜਰਨੈਲ ਇਤਨੇ ਜੋਸ਼ ਵਿਚ ਆਏ ਹੋਏ ਸਨ ਕਿ ਉਹ ਇਕ ਕਦਮ ਵੀ ਪਿਛਾਂਹ ਨਹੀਂ ਮੁੜਨਾ ਚਾਹੁੰਦੇ ਸਨ । ਉਨ੍ਹਾਂ ਦਾ ਖਿਆਲ ਸੀ ਕਿ ਜੇਕਰ ਇਥੋਂ ਪਿਛਾਂਹ ਹਟ ਕੇ ਖਾਣਾ ਵਗੈਰਾ ਖਾਧਾ ਗਿਆ ਜਾਂ ਲੰਮੇ ਪੈ ਕੇ ਆਰਾਮ ਕੀਤਾ ਗਿਆ ਤਾਂ ਸ਼ਾਇਦ ਕਿਤੇ ਸਿੰਘ ਇਨ੍ਹਾਂ ਥਾਵਾਂ ਤੇ ਅੱਗੇ ਵਧ ਕੇ ਫਿਰ ਤੋਂ ਰਾਤੋ-ਰਾਤ ਪੱਥਰਾਂ ਦੀਆ ਕੰਧਾਂ ਨਾ ਖੜ੍ਹੀਆਂ ਕਰ ਲੈਣ । ਇਸ ਲਈ ਉਸ ਨੇ ਆਪਣੇ ਸਿਪਾਹੀਆਂ

29. *ਅਖ਼ਬਾਰ-ਏ-ਦਰਬਾਰ-ਏ-ਮੁਅੱਲਾ*, ਪੰਨਾ 45.
30. *ਉਕਤ*, ਪੰਨਾ 46.
31. ਡਾ. ਗੰਡਾ ਸਿੰਘ ਦੇ ਹਵਾਲੇ ਅਨੁਸਾਰ, *ਪੂਰਵ ਅੰਕਤ*, ਪੰਨਾ 73.
32. ਦੇਖੋ ਗਯਾਨੀ ਗਯਾਨ ਸਿੰਘ, *ਤਵਾਰੀਖ਼ ਸ਼ਮਸ਼ੇਰ ਖਾਲਸਾ, ਭਾਗ ਦੂਜਾ (ਪੱਥਰ ਛਾਪ ਪਹਿਲੀ), ਸਿਆਲਕੋਟ, 1892.*
33. ਡਾ. ਗੰਡਾ ਸਿੰਘ, *ਉਕਤ*, ਪੰਨਾ 104.
34. ਲੋਹਗੜ੍ਹ ਦੇ ਨਾਲ ਦੇ ਕਿਲੇ ਦਾ ਨਾਂ *ਅਖ਼ਬਾਰ-ਏ-ਦਰਬਾਰ-ਏ-ਮੁਅੱਲਾ* ਵਿਚ ਤਾਰਾਗੜ੍ਹ ਲਿਖਿਆ ਹੈ ਪਰ ਡਾ. ਗੰਡਾ ਸਿੰਘ ਨੇ ਇਸ ਦਾ ਨਾਂ ਸਤਾਰਾਗੜ੍ਹ ਲਿਖਿਆ ਹੈ ।
35. *ਉਕਤ*, ਪੰਨਾ 73.
36. *ਅਖ਼ਬਾਰ-ਏ-ਦਰਬਾਰ-ਏ-ਮੁਅੱਲਾ*, ਪੰਨਾ 46.

SIKHBOOKCLUB.COM

ਨੂੰ ਹੁਕਮ ਦਿਤਾ ਕਿ ਜਿਹੜਾ ਜਿਥੇ ਵੀ ਅਤੇ ਜਿਹੜੀ ਵੀ ਹਾਲਤ ਵਿਚ ਹੈ ਉਹ ਬਾਕੀ ਦੀ ਰਹਿੰਦੀ ਰਾਤ, ਦਿਨ ਚੜ੍ਹਨ ਤੱਕ, ਉਸੇ ਤਰ੍ਹਾਂ ਹੀ ਰਹੇ। ਜੇ ਕਿਸੇ ਪਾਸ ਖਾਣ-ਪੀਣ ਨੂੰ ਕੁਝ ਹੈ ਤਾਂ ਠੀਕ ਹੈ ਨਹੀਂ ਤਾਂ ਉਹ ਆਪਣੇ ਸਾਥੀ ਕੋਲੋਂ ਲੈ ਲਵੇ ਪਰ ਕਿਸੇ ਵੀ ਸੂਰਤ ਵਿਚ ਆਪਣਾ ਮੋਰਚਾ ਛੱਡ ਕੇ ਪਿੱਛੇ ਨਾ ਜਾਵੇ। ਸਿੱਟੇ ਵਜੋਂ ਮੁਗ਼ਲ ਫੌਜ ਜਿਥੇ ਤਕ ਵਧ ਚੁੱਕੀ ਸੀ ਉਹ ਸਾਰੀ ਰਾਤ ਉਥੇ ਹੀ ਬੈਠੀ ਦਿਨ ਚੜ੍ਹਨ ਦੀ ਉਡੀਕ ਕਰਦੀ ਰਹੀ ਤਾਂ ਕਿ ਚਾਨਣ ਹੁੰਦਿਆਂ ਹੀ ਉਹ ਲੋਹਗੜ੍ਹ ਅਤੇ ਸਤਾਰਾਗੜ੍ਹ ਉਤੇ ਹਮਲਾ ਕਰਕੇ ਬੰਦਾ ਸਿੰਘ ਬਹਾਦੁਰ ਨੂੰ ਫੜ ਸਕਣ ਜਾਂ ਮਾਰ ਸਕਣ।

ਖ਼ਾਫੀ ਖਾਨ ਲਿਖਦਾ ਹੈ ਕਿ 'ਸਿੱਖ ਆਪਣੇ ਨੇਤਾ ਦਾ ਹੁਕਮ ਸੱਤ ਕਰਕੇ ਪਰਵਾਨ ਕਰਦੇ ਸਨ। ਉਹ ਬੜੀ ਵਫਾਦਾਰੀ ਅਤੇ ਸ਼ਰਧਾ ਨਾਲ ਕਿਲ੍ਹੇ ਵਿਚੋਂ ਨਿਕਲਦੇ ਸਨ ਅਤੇ ਜੈਕਾਰੇ ਗਜਾਉਂਦੇ ਹੋਏ ਭਾਣਾ ਮੰਨ ਕੇ ਬੜੀ ਦਲੇਰੀ ਨਾਲ ਬਾਦਸ਼ਾਹੀ ਤੋਪਖ਼ਾਨੇ, ਤੀਰਾਂ, ਤਲਵਾਰਾਂ ਅਤੇ ਭੱਲਿਆਂ ਉਤੇ ਇਸ ਤਰ੍ਹਾਂ ਟੁੱਟ ਕੇ ਪੈਂਦੇ ਸਨ ਜਿਵੇਂ ਪਤੰਗੇ ਦੀਵੇ ਉਤੇ ਆਉਂਦੇ ਹਨ। ਉਹ ਬਾਦਸ਼ਾਹੀ ਮੋਰਚਿਆਂ ਉਤੇ ਸਫ਼-ਤੋੜ ਹੱਲੇ ਕਰਦੇ ਤੇ ਮੁਸਲਮਾਨਾਂ ਦੀ ਵੱਡੀ ਗਿਣਤੀ ਨੂੰ ਸਦੀਵੀ ਸ਼ਹਾਦਤ ਪਰਦਾਨ ਕਰਦੇ। ਜੇ ਕਿਤੇ ਦੋ ਤਿੰਨ ਹਜ਼ਾਰ ਦੀ ਫੌਜ ਵਿਚ ਸਿੱਖਾਂ ਵਰਗੇ ਵਫਾਦਾਰ ਅਤੇ ਮਰ ਮਿਟਣ ਵਾਲੇ ਦੋ ਤਿੰਨ ਸੌ ਸਵਾਰ ਵੀ ਹੋਣ ਤਾਂ ਅਜਿਹੀ ਫੌਜ ਮਾਣ ਅਤੇ ਜਿੱਤ ਦੀ ਹੱਕਦਾਰ ਹੋਵੇਗੀ। ਭਾਵੇਂ ਬਹੁਤੇ ਸਿੱਖ ਪੈਦਲ ਹੀ ਲੜਦੇ ਸਨ ਉਨ੍ਹਾਂ ਵਿਚ ਸ਼ਾਇਦ ਹੀ ਕੋਈ ਐਸਾ ਸਿਪਾਹੀ ਹੋਵੇਗਾ ਜਿਹੜਾ ਆਪਣੇ ਨੇਤਾ ਦੀ ਸੁਰੱਖਿਆ ਲਈ ਤਨ-ਮਨ ਨਾਲ ਨਾ ਲੜਦਾ ਹੋਵੇ ਅਤੇ ਬੱਕਰੇ ਵਾਂਗ ਕੁਰਬਾਨ ਨਾ ਹੁੰਦਾ ਹੋਵੇ।'

ਸਿੰਘ, ਦੁਸ਼ਮਣ ਨੂੰ ਰੋਕਣ ਲਈ ਜਾਨਾਂ ਤੋੜ ਕੇ ਲੜੇ ਸਨ। ਜੇ ਮੁਗਲ ਫੌਜ ਸਾਰੀ ਰਾਤ ਆਪਣੇ ਉਨ੍ਹਾਂ ਹੀ ਮੋਰਚਿਆਂ ਵਿਚ ਦੜੀ ਬੈਠੀ ਸੀ ਜਿਥੋਂ ਤਕ ਉਹ ਵਧ ਚੁੱਕੀ ਸੀ, ਤਾਂ ਸਿੰਘ ਵੀ ਉਨ੍ਹਾਂ ਮੋਰਚਿਆਂ ਉਪਰ ਇਉਂ ਬਾਜ-ਨਿਗਾਹਾਂ ਰੱਖੀਂ ਬੈਠੇ ਸਨ ਜਿਵੇਂ ਕਿ ਉਹ ਥੋੜ੍ਹਾ ਜਿਹਾ ਨਜ਼ਰ ਆਉਂਦਿਆਂ ਹੀ ਉਨ੍ਹਾਂ ਉਪਰ ਝਪਟ ਪੈਣਗੇ। ਮੁਗ਼ਲ ਫੌਜੀ ਬੰਦਾ ਸਿੰਘ ਦੇ ਜਾਦੂ ਤੋਂ ਡਰਦੇ ਸਨ। ਸੰਘਣੇ ਜੰਗਲ ਦੀ ਰਾਤ ਬਹੁਤ ਡਰਾਉਣੀ ਹੁੰਦੀ ਹੈ। ਸਿੰਘ ਤਾਂ ਇਨ੍ਹਾਂ ਜੰਗਲਾਂ ਦੇ ਭੇਤੀ ਸਨ ਪਰ ਮੁਗਲ ਸੈਨਿਕ ਨਵੇਂ ਸਨ। ਰਾਤ ਨੂੰ ਟਿਕੇ ਸਿੰਘ ਵੀ ਨਹੀਂ ਸਨ।

ਮੁਨੱਈਅਮ ਖਾਨ ਦਾ ਇਹ ਹਮਲਾ ਭਾਵੇਂ ਬਾਦਸ਼ਾਹ ਦੀ ਆਗਿਆ ਤੋਂ ਬਿਨਾਂ ਕੀਤਾ ਗਿਆ ਸੀ ਪਰ ਇਜ਼ਾਜ਼ਤ ਨਾ ਹੋਣ ਦੇ ਡਰ ਨੇ ਹੀ ਮੁਨੱਈਅਮ ਖਾਨ ਦੇ ਹਮਲੇ ਨੂੰ ਕਾਮਯਾਬ ਬਣਾ ਦਿਤਾ ਸੀ। ਇਸ ਨੇ ਆਪਣੀ ਬੇਇੱਜ਼ਤੀ ਹੋਣ ਦੇ ਡਰੋਂ, ਆਪਣੇ ਨੁਕਸਾਨ ਦੀ ਪਰਵਾਹ ਨਹੀਂ ਕੀਤੀ ਅਤੇ ਆਪਣੇ ਬੰਦੇ ਮਰਵਾਉਂਦਾ ਹੋਇਆ ਵੀ ਕਿਲ੍ਹੇ ਦੀਆਂ ਪਹਾੜੀਆਂ ਉਪਰ ਜਾ ਚੜ੍ਹਿਆ ਸੀ। ਸਿੰਘ ਬੇਸ਼ੱਕ ਜਾਨਾਂ ਤੋੜ ਕੇ ਲੜੇ ਸਨ ਪਰ ਗਿਣਤੀ ਵਿਚ ਥੋੜ੍ਹੇ ਹੋਣ ਕਰਕੇ ਉਹ ਵਿਸ਼ਾਲ ਫੌਜ ਨੂੰ ਰੋਕ ਨਹੀਂ ਸਕੇ। ਜੇ ਸ਼ਾਇਦ ਰਾਤ ਨਾ ਹੁੰਦੀ ਤਾਂ ਸਿੰਘਾਂ ਦਾ ਹੋਰ ਵੀ ਜ਼ਿਆਦਾ ਨੁਕਸਾਨ ਹੁੰਦਾ। ਪਰ ਰਾਤ ਦੇ ਹਨੇਰੇ ਨੇ ਉਨ੍ਹਾਂ ਨੂੰ ਬਚਾ ਲਿਆ। ਕਿਲ੍ਹੇ ਅੰਦਰ ਅੰਨ-ਪਾਣੀ ਅਤੇ ਹੋਰ ਰਸਦ ਦੀ ਤੋਟ ਆਉਣੀ ਕੁਦਰਤੀ ਗੱਲ ਸੀ। ਭਾਵੇਂ ਪਹਿਲਾਂ ਤਿਆਰੀ ਕਰਦੇ ਸਮੇਂ ਸਿੰਘਾਂ ਨੇ ਕਿਲ੍ਹਿਆਂ ਅੰਦਰ ਲੋੜੀਂਦਾ ਅਨਾਜ ਇਕੱਠਾ ਕਰ ਲਿਆ ਸੀ ਪਰ ਘੇਰਾ ਪਏ ਨੂੰ ਤਕਰੀਬਨ ਇਕ ਮਹੀਨਾ ਹੋ ਗਿਆ ਸੀ। ਅਨਾਜ ਦੀ ਤੋਟ ਦੂਰ ਕਰਨ ਲਈ ਦੁਸ਼ਮਣ ਫੌਜ ਦੇ ਕੈਂਪਾਂ ਵਿਚੋਂ ਵੀ ਕੁਝ ਸਮੇਂ ਲਈ ਅਨਾਜ ਖੋਹ ਲਿਆ ਜਾਂਦਾ ਸੀ ਅਤੇ ਸ਼ਾਹੀ ਫੌਜ ਦੇ ਦੁਕਾਨਦਾਰਾਂ ਪਾਸੋਂ ਵੀ ਮਹਿੰਗੇ ਭਾਅ ਅਨਾਜ ਖਰੀਦ ਲਿਆ ਜਾਂਦਾ ਸੀ, ਪਰ ਇਸ ਤਰ੍ਹਾਂ ਲੰਮਾ ਸਮਾਂ ਨਹੀਂ ਨਿਕਲ ਸਕਦਾ ਸੀ। ਖ਼ਾਫੀ ਖਾਨ ਲਿਖਦਾ ਹੈ ਕਿ 'ਲੜਾਈ ਲੰਮਾ ਸਮਾਂ ਚਲਦੀ ਰਹੀ ਸੀ। ਇਸ ਨਾਲ ਭਾਵੇਂ ਬੰਦਿਆਂ ਦੀ ਗਿਣਤੀ ਘਟਦੀ ਵੀ ਗਈ ਸੀ। ਉਨ੍ਹਾਂ (ਸਿੰਘਾਂ) ਦੇ ਕਿਲ੍ਹੇ ਵਿਚ ਅਨਾਜ ਦੀ ਕਮੀ ਆ ਗਈ ਸੀ। ਕਾਫਰ ਇਸ ਭੁੱਖ ਤੋਂ ਤੰਗ ਆਏ ਹੋਏ ਸ਼ਾਹੀ ਫੌਜ ਦੇ ਅਨਾਜ-ਵਪਾਰੀਆਂ ਕੋਲੋਂ ਕੁਝ ਨਾ ਕੁਝ ਖਰੀਦ ਲੈਂਦੇ ਸਨ। ਕਾਫਰ ਪਹਾੜੀਆਂ ਦੇ ਉਪਰੋਂ ਲੰਮੇ ਰੱਸਿਆਂ ਰਾਹੀਂ ਹੇਠਾਂ ਕੱਪੜੇ ਸੁੱਟ ਦਿੰਦੇ ਸਨ ਅਤੇ ਹੇਠੋਂ ਵਪਾਰੀ ਇਨ੍ਹਾਂ ਵਿਚ ਅਨਾਜ ਬੰਨ੍ਹ ਦਿੰਦੇ ਸਨ। ਫਿਰ ਰੱਸਿਆਂ ਨਾਲ ਇਨ੍ਹਾਂ ਗੱਠਾਂ ਜਾਂ ਪੰਡਾਂ ਨੂੰ ਉਪਰ ਖਿੱਚ ਲਿਆ ਜਾਂਦਾ ਸੀ।'[37]

ਆਖ਼ਰ ਇਸੇ ਰਾਤ ਜਦੋਂ ਸਿੰਘਾਂ ਨੇ ਦੇਖਿਆ ਕਿ ਅਗਲੇ ਦਿਨ ਸ਼ਾਹੀ ਫੌਜ ਨੂੰ ਠੱਲ੍ਹ ਪਾਉਣਾ ਸੌਖਾ ਨਹੀਂ ਹੋਵੇਗਾ ਇਸ ਲਈ ਉਨ੍ਹਾਂ ਨੇ ਬੰਦਾ ਸਿੰਘ ਬਹਾਦੁਰ ਪਾਸ ਜਾ ਬੇਨਤੀ ਕੀਤੀ। ਇਸ ਜੱਥੇ ਦਾ ਆਗੂ ਭਾਈ ਗੁਲਾਬ ਸਿੰਘ ਸੀ ਜਿਹੜਾ ਸ਼ਕਲ ਸੂਰਤ ਵਿਚ ਬੰਦਾ ਸਿੰਘ ਬਹਾਦੁਰ ਨਾਲ ਮਿਲਦਾ-ਜੁਲਦਾ ਸੀ।[38] ਇਸ ਨੇ ਬੇਨਤੀ ਕੀਤੀ ਕਿ ਉਹ ਖੁਦ ਬੰਦਾ ਸਿੰਘ ਬਹਾਦਰ ਦਾ ਲਿਬਾਸ ਪਹਿਨ ਕੇ, ਕੁਝ ਸਿੰਘਾਂ ਨਾਲ ਦੁਸ਼ਮਣ ਦੇ ਸਾਹਮਣੇ ਖੜ੍ਹਾ ਰਹੇਗਾ ਅਤੇ ਬੰਦਾ ਸਿੰਘ ਸਭ ਸਿੰਘਾਂ ਨੂੰ ਨਾਲ ਲੈ ਕੇ ਨਿਕਲ ਜਾਵੇਗਾ। ਬੰਦਾ ਸਿੰਘ ਇਸ ਪੇਸ਼ਕਸ਼ ਨੂੰ ਮੰਨਣ ਲਈ ਤਿਆਰ ਨਹੀਂ ਸੀ। ਉਸ ਦੇ ਲਈ ਐਸਾ ਮਰ ਮਿਟਣ

37. ਪੂਰਵ ਅੰਕਤ, ਪੰਨਾ 424.

38. ਭਾਈ ਗੁਲਾਬ ਸਿੰਘ, ਪਹਿਲਾਂ ਭਾਵੇਂ ਬਹਾਦੁਰ ਸ਼ਾਹ ਦੀ ਫੌਜ ਵਿਚ ਹੀ ਸੀ ਅਤੇ ਉਸ ਸਿੱਖ ਰਜਮੈਂਟ ਦਾ ਸਿਪਾਹੀ ਸੀ ਜਿਹੜੀ ਗੁਰੂ ਜੀ ਦੇ ਸਮੇਂ ਤੋਂ ਹੀ ਸ਼ਾਹਜ਼ਾਦਾ ਅਜ਼ੀਮ ਦੇ ਨਾਲ ਕੰਮ ਕਰਦੀ ਸੀ। ਬੰਦਾ ਸਿੰਘ ਵੀ ਇਸੇ ਸਿੱਖ ਰਜਮੈਂਟ ਦਾ ਕਮਾਂਡਰ ਸੀ। ਬੰਦਾ ਸਿੰਘ ਤਾਂ ਨਾਂਦੇੜ ਵਿਖੇ ਬਾਦਸ਼ਾਹ ਨੂੰ ਛੱਡ ਗਿਆ ਸੀ ਪਰ ਭਾਈ ਗੁਲਾਬ ਸਿੰਘ ਅਤੇ ਇਸ ਦੇ ਸਾਥੀ ਕਿਸੇ ਕਾਰਨ ਵਸ ਉਸ ਸਮੇਂ ਛੱਡ ਕੇ ਨਹੀਂ ਜਾ ਸਕੇ ਸਨ। ਪਰ ਪਿੱਛੋਂ ਇਹ ਬਾਦਸ਼ਾਹ ਨੂੰ ਛੱਡ ਕੇ ਆਪਣੇ ਆਗੂ, ਬੰਦਾ ਸਿੰਘ ਨਾਲ ਜਾ ਰਲਿਆ ਸੀ।

SIKHBOOKCLUB.COM

ਵਾਲਾ ਇਕ ਇਕ ਸਿੰਘ ਵੀ ਲੱਖਾਂ ਦੇ ਬਰਾਬਰ ਸੀ। ਉਸ ਨੇ ਭਾਈ ਗੁਲਾਬ ਸਿੰਘ ਦੀ ਪੇਸ਼ਕਸ਼ ਰੱਦ ਕਰ ਦਿਤੀ। ਪਰ ਭਾਈ ਗੁਲਾਬ ਸਿੰਘ ਆਪਣੀ ਜਿੱਦ 'ਤੇ ਕਾਇਮ ਸੀ। ਆਖਰ ਗੱਲ ਤੈਅ ਹੋ ਗਈ ਕਿ ਭਾਈ ਗੁਲਾਬ ਸਿੰਘ ਬੰਦਾ ਸਿੰਘ ਦੇ ਰੂਪ ਵਿਚ ਆਪਣੇ ਕੁਝ ਸਾਥੀਆਂ ਨਾਲ ਦੁਸ਼ਮਣ ਨਾਲ ਲੜਦਾ ਰਹੇਗਾ ਤਾਂ ਕਿ ਦੁਸ਼ਮਣ ਇਸ ਭੁਲੇਖੇ ਵਿਚ ਰਹੇ ਕਿ ਬੰਦਾ ਸਿੰਘ ਉਨ੍ਹਾਂ ਦੇ ਸਾਹਮਣੇ ਖੜ੍ਹਾ ਹੈ, ਜਦੋਂ ਕਿ ਅਸਲੀਅਤ ਵਿਚ ਬੰਦਾ ਸਿੰਘ ਆਪਣੇ ਸਿੰਘਾਂ ਸਮੇਤ ਰਾਤ ਦੇ ਹਨ੍ਹੇਰੇ ਵਿਚ ਕਿਲ੍ਹਾ ਛੱਡ ਕੇ ਚਲਾ ਜਾਵੇਗਾ। ਫਲਸਰੂਪ ਬੰਦਾ ਸਿੰਘ ਦੇ ਰੂਪ ਵਿਚ ਭਾਈ ਗੁਲਾਬ ਸਿੰਘ ਨੇ ਕਿਲ੍ਹੇ ਉੱਪਰੋਂ ਰਾਤ ਦੇ ਹਨੇਰੇ ਵਿਚ ਗੋਲੀਆਂ ਅਤੇ ਦੇਸੀ ਤੋਪਾਂ ਦੇ ਫਾਇਰ ਕਰਨੇ ਜਾਰੀ ਰੱਖੇ, ਜਦੋਂ ਕਿ ਬੰਦਾ ਸਿੰਘ ਬਹਾਦੁਰ ਰਾਤ ਦੇ ਹਨੇਰੇ ਵਿਚ ਪਰਬਤੀ ਨਾਲਿਆਂ ਅਤੇ ਖਾਈਆਂ ਵਿਚੋਂ ਦੀ ਹੁੰਦਾ ਹੋਇਆ ਕਿਲ੍ਹੇ ਤੋਂ ਬਾਹਰ ਨਿਕਲ ਗਿਆ। ਮੋਰਚਿਆਂ ਵਿਚ ਬੈਠੇ ਮੁਗ਼ਲ ਸਿਪਾਹੀ ਡਰ ਨਾਲ ਇਤਨੇ ਘਬਰਾਏ ਹੋਏ ਸਨ ਕਿ ਉਨ੍ਹਾਂ ਨੇ ਮੋਰਚਿਆਂ ਤੋਂ ਸਿਰ ਉਚੇ ਕਰਕੇ ਦੇਖਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਇਕ ਦਸੰਬਰ 1710 ਦਾ ਦਿਨ ਚੜ੍ਹਿਆ, ਮੁਗ਼ਲ ਫੌਜ ਨੇ ਇਕ ਦਮ ਪੂਰੀ ਤਾਕਤ ਨਾਲ ਕਿਲ੍ਹੇ ਉਪਰ ਚੜ੍ਹਾਈ ਕਰ ਦਿਤੀ। ਭਾਈ ਗੁਲਾਬ ਸਿੰਘ ਤੇ ਉਸ ਦੇ ਸਾਥੀਆਂ ਨੇ ਆਪਣੀ ਤਾਕਤ ਮੁਤਾਬਕ ਜਿੰਨਾ ਕੁ ਚਿਰ ਮੁਕਾਬਲਾ ਕਰ ਸਕੇ ਕੀਤਾ, ਪਰ ਜਦੋਂ ਬੇਵੱਸ ਹੋ ਗਏ ਤਾਂ ਫੌਜ ਅੱਗੇ ਸਮਰਪਣ ਕਰ ਦਿਤਾ। ਬੰਦਾ ਸਿੰਘ ਦੀ ਸ਼ਕਲ ਵਿਚ ਉਸ ਦੇ ਹਮਸ਼ਕਲ ਨੂੰ ਪਕੜ ਕੇ ਮੁਨੱਈਅਮ ਖਾਨ ਬੇਹੱਦ ਖੁਸ਼ ਹੋਇਆ। ਖ਼ਾਫੀ ਖਾਨ ਲਿਖਦਾ ਹੈ ਕਿ 'ਸ਼ਾਹੀ ਫੌਜਾਂ ਕਿਲ੍ਹੇ ਵਿਚ ਦਾਖ਼ਲ ਹੋ ਗਈਆਂ। ਹਮਸ਼ਕਲ ਗੁਰੂ (ਬੰਦਾ) ਨੂੰ ਬੈਠਿਆਂ ਦੇਖ ਕੇ ਉਨ੍ਹਾਂ ਨੇ ਉਸ ਨੂੰ ਕੈਦੀ ਬਣਾ ਲਿਆ ਅਤੇ ਖਾਨ-ਏ-ਖਾਨਾ ਦੇ ਪਾਸ ਲੈ ਗਏ। ਇਹ ਸਮਾਂ ਉਨ੍ਹਾਂ ਲਈ ਬਹੁਤ ਹੀ ਖੁਸ਼ੀਆਂ ਵਾਲਾ ਸੀ। ਜਿਹੜੇ ਆਦਮੀ ਇਹ ਸੁਨੇਹਾ ਲੈ ਕੇ ਬਾਦਸ਼ਾਹ ਕੋਲ ਪਹੁੰਚੇ ਸਨ ਉਨ੍ਹਾਂ ਨੂੰ ਤੋਹਫੇ ਬਖ਼ਸ਼ੇ ਗਏ ਸਨ ਅਤੇ ਖਾਨ-ਏ-ਖਾਨਾ ਉਪਰ ਵੀ ਬਹੁਤ ਬਖ਼ਸ਼ਿਸ਼ਾਂ ਕੀਤੀਆਂ ਗਈਆਂ ਸਨ। ਕੈਦੀ ਨੇਤਾ ਨੂੰ ਖਾਨ-ਏ-ਖਾਨਾ ਦੇ ਸਾਹਮਣੇ ਪੇਸ਼ ਕੀਤਾ ਗਿਆ ਅਤੇ ਸਚਾਈ ਸਾਹਮਣੇ ਆ ਗਈ। ਪਤਾ ਲੱਗਿਆ ਕਿ ਬਾਜ਼ ਤਾਂ ਉਡ ਗਿਆ ਹੈ ਪਰ ਉੱਲੂ[39] ਨੂੰ ਗਰਿਫਤਾਰ ਕੀਤਾ ਗਿਆ ਹੈ। ਖਾਨ-ਏ-ਖਾਨਾ ਦੀ ਗਮੀ ਦੀ ਕੋਈ ਹੱਦ ਨਾ ਰਹੀ। ਉਸ ਨੇ ਆਪਣੇ ਅਫ਼ਸਰਾਂ ਨੂੰ ਪੂਰੀ ਝਾੜ ਪਾਈ ਅਤੇ ਸਭ ਨੂੰ ਹੁਕਮ ਦਿਤਾ ਕਿ ਉਹ ਆਪੋ ਆਪਣੇ ਘੋੜੇ ਛੱਡ ਕੇ ਪੈਦਲ ਹੀ ਬਰਫੀ ਰਾਜੇ ਦੀਆਂ ਪਹਾੜੀਆਂ ਵਿਚ ਜਾ ਕੇ ਗੁਰੂ (ਬੰਦਾ) ਦੀ ਤਲਾਸ਼ ਕਰਨ।[40]

ਮੁਨੱਈਅਮ ਖਾਨ ਨੇ ਤਾਂ ਆਪਣੇ ਅਫ਼ਸਰਾਂ ਨੂੰ ਝਾੜ ਪਾਈ ਸੋ ਪਾਈ ਜਦੋਂ ਬਾਦਸ਼ਾਹ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਮੁਨੱਈਅਮ ਖਾਨ ਉਪਰ ਉਸ ਦੇ ਗੁੱਸੇ ਦੀ ਕੋਈ ਹੱਦ ਨਾ ਰਹੀ। ਜਿਹੜਾ, ਪਹਿਲਾਂ ਹੁਕਮ-ਅਦੂਲੀ ਕਰਨ ਦਾ ਗੁੱਸਾ ਜਿੱਤ ਦੀ ਖੁਸ਼ੀ ਵਿਚ ਭੁਲਾਇਆ ਜਾ ਚੁਕਿਆ ਸੀ ਉਹੀ ਗੁੱਸਾ ਹੁਣ ਦੂਣਾ-ਚੌਣਾ ਹੋ ਕੇ ਮੁਨੱਈਅਮ ਖਾਨ ਉਪਰ ਬਰਸ ਪਿਆ ਸੀ। ਜਦੋਂ ਮੁਨੱਈਅਮ ਖਾਨ ਆਪਣੀ ਸਫਾਈ ਪੇਸ਼ ਕਰਨ ਲਈ ਬਾਦਸ਼ਾਹ ਦੇ ਤੰਬੂ ਵਲ ਆ ਰਿਹਾ ਸੀ ਤਾਂ ਬਾਦਸ਼ਾਹ ਨੇ ਪਹਿਲੋਂ ਹੀ ਆਪਣਾ ਇਕ ਅਰਦਲੀ ਭੇਜ ਕੇ ਮੁਨੱਈਅਮ ਖਾਨ ਨੂੰ ਹੁਕਮ ਸੁਣਾ ਦਿਤਾ ਕਿ ਉਹ ਵਾਪਸ ਮੁੜ ਜਾਵੇ ਪਰ ਖਾਨ-ਏ-ਖਾਨਾ ਅਤਿ ਨਿਮੋਝੂਣੀ ਹਾਲਤ ਵਿਚ ਸ਼ਾਹੀ ਤੰਬੂ ਅੰਦਰ ਆ ਹੀ ਗਿਆ ਸੀ। ਉਸ ਨੇ ਜਦੋਂ ਅਤਿ ਅਧੀਨਗੀ ਨਾਲ ਵੇਰਵੇ ਦੱਸਣੇ ਚਾਹੇ ਤਾਂ ਬਾਦਸ਼ਾਹ ਨੇ ਗੁੱਸੇ ਵਿਚ ਕਿਹਾ ਕਿ 'ਇਤਨੇ ਕੁੱਤਿਆਂ ਦੇ ਘੇਰੇ ਵਿਚੋਂ ਗਿੱਦੜ ਕਿਵੇਂ ਬਚ ਕੇ ਨਿਕਲ ਗਿਆ ਹੈ। ਮੈਂ ਨਹੀਂ ਜਾਣਦਾ ਕਿ ਉਹ ਕੁੱਤਾ ਕਿੱਥੇ ਦੌੜ ਗਿਆ ਹੈ? ਨਦੀ ਵਿਚ ਡੁੱਬ ਮਰਿਆ ਹੈ ਜਾਂ ਪਹਾੜ ਦੀ ਕਿਸੇ ਗੁਫ਼ਾ ਵਿਚ ਛੁਪਿਆ ਬੈਠਾ ਹੈ। ਤੈਂ ਉਸ ਨੂੰ ਫੜ ਕੇ ਪੇਸ਼ ਕਰਨ ਦੀ ਜਿੰਮੇਵਾਰੀ ਲਈ ਸੀ ਇਸ ਲਈ ਤੈਨੂੰ ਚਾਹੀਦਾ ਹੈ ਕਿ ਉਸ ਨੂੰ ਪੇਸ਼ ਕਰੇਂ।' ਮੁਨੱਈਅਮ ਖਾਨ ਬਿਨਾਂ ਕੁਝ ਦੱਸ ਸਕਣ ਦੇ ਹੀ ਵਾਪਸ ਚਲਾ ਗਿਆ ਸੀ।

ਅਖ਼ਬਾਰ-ਏ-ਦਰਬਾਰ-ਏ-ਮੁਅੱਲਾ ਦੀਆਂ ਖ਼ਬਰਾਂ ਵਿਚ ਇਸ ਬਾਰੇ ਇਉਂ ਜਾਣਕਾਰੀ ਦਿਤੀ ਗਈ ਹੈ : ''ਇਕ ਦਸੰਬਰ ਦਾ ਦਿਨ ਚੜ੍ਹੇ ਨੂੰ ਅਜੇ ਡੇਢ ਘੰਟਾ ਹੀ ਹੋਇਆ ਸੀ ਜਦੋਂ ਰੁਸਤਮ ਦਿਲ ਖਾਨ ਬਹਾਦੁਰ ਨੇ ਬਾਦਸ਼ਾਹ ਪਾਸ ਆ ਕੇ ਜਾਣਕਾਰੀ ਦਿਤੀ ਕਿ ਦਿਨ ਚੜ੍ਹਨ ਤੋਂ ਇਕ ਘੰਟਾ ਪਹਿਲਾਂ, ਸਿੱਖਾਂ ਦੇ ਕਿਲ੍ਹੇ ਉਪਰ ਬੀੜੀ ਹੋਈ ਇਕ ਵੱਡੀ ਤੋਪ ਫਟ ਗਈ ਸੀ ਅਤੇ ਕਿਲ੍ਹੇ ਵਿਚ ਬਹੁਤ ਥੋੜ੍ਹੇ ਬੰਦੇ ਸਨ। ਹੋਰਾਂ ਬਾਰੇ ਕੁਝ ਪਤਾ ਨਹੀਂ ਲੱਗ ਸਕਿਆ। ਇਹ ਖ਼ਬਰ ਸੁਣ ਕੇ ਬਾਦਸ਼ਾਹ ਨੇ ਜਿੱਤ ਦੇ ਨਗਾਰੇ ਬਜਾਉਣ ਦੇ ਹੁਕਮ ਦਿਤੇ। ਰੁਸਤਮ ਦਿਲ ਖਾਨ ਨੂੰ 'ਗਾਜੀ ਖਾਨ ਰੁਸਤਮ ਬਹਾਦੁਰ ਬਹਾਦੁਰਸ਼ਾਹੀ' ਦਾ ਖ਼ਿਤਾਬ ਦਿਤਾ ਗਿਆ। ਹੋਰਨਾਂ ਅਧਿਕਾਰੀਆਂ ਨੂੰ ਵੀ ਇਨਾਮ ਦਿਤੇ ਗਏ। ਕੁਝ ਸਮੇਂ ਬਾਅਦ ਜਦੋਂ ਬਾਦਸ਼ਾਹ ਨੂੰ ਅਸਲੀਅਤ ਦਾ ਪਤਾ ਲਗਿਆ ਤਾਂ ਉਸ ਨੇ ਗੁੱਸੇ ਵਿਚ ਆ ਕੇ ਸਾਰੇ ਅਧਿਕਾਰੀਆਂ ਨੂੰ ਵਾਪਸ ਆਪਣੇ ਆਪਣੇ ਤੰਬੂਆਂ ਵੱਲ ਚਲੇ ਜਾਣ ਦਾ ਹੁਕਮ ਦਿਤਾ।[41]

ਇਕ ਦਸੰਬਰ ਦੀ ਹੀ ਇਕ ਖ਼ਬਰ ਵਿਚ ਬਾਦਸ਼ਾਹ ਨੂੰ ਇਹ ਵੀ ਦੱਸਿਆ ਗਿਆ ਸੀ ਕਿ ਬੰਦਾ ਸਿੰਘ ਨੇ ਭੱਜਣ ਤੋਂ ਪਹਿਲਾਂ ਨਾਹਨ ਦੇ ਰਾਜੇ ਪਾਸ ਚਾਲੀ ਊਠਾਂ ਉਪਰ ਸੋਨੇ ਦੇ ਸਿੱਕੇ ਅਤੇ ਮੋਹਰਾਂ ਭਿਜਵਾ ਦਿਤੀਆਂ ਸਨ।[42]

39. ਇਹ ਉੱਲੂ ਸ਼ਬਦ ਦੁਸ਼ਮਣ ਨੇ ਬੋਲਿਆ ਹੈ। ਜਿਸ ਬੰਦੇ ਨੂੰ ਉੱਲੂ ਕਿਹਾ ਗਿਆ ਹੈ ਉਸਦੀ ਕੁਰਬਾਨੀ ਦੀ ਤਾਂ ਮਿਸਾਲ ਹੀ ਸਾਰੀ ਦੁਨੀਆਂ ਵਿਚ ਨਹੀਂ ਮਿਲਦੀ। ਆਪਣੇ ਨੇਤਾ ਲਈ ਜਾਨ ਵਾਰਨ ਵਾਲਾ ਵਿਅਕਤੀ ਤਾਂ ਰੱਬ ਤੋਂ ਵੀ ਉੱਚੀ ਸ਼ਾਨ ਦਾ ਮਾਲਕ ਹੁੰਦਾ ਹੈ।

40. *ਉਕਤ*, ਪੰਨਾ ਉਹੀ।

41. *ਅਖ਼ਬਾਰ-ਏ-ਦਰਬਾਰ-ਏ-ਮੁਅੱਲਾ*, ਪੰਨਾ 47.

42. *ਉਕਤ*, ਪੰਨਾ ਉਹੀ।

SIKHBOOKCLUB.COM

ਅਸਲ ਵਿਚ ਗੱਲ ਇਹ ਸੀ ਕਿ ਜਦੋਂ ਮੁਨੱਈਅਮ ਖਾਨ ਬਾਦਸ਼ਾਹ ਦੀ ਆਗਿਆ ਪਰਾਪਤ ਕਰਕੇ ਸਿੰਘਾਂ ਦੇ ਮੋਰਚਿਆਂ ਦੀ ਸੂਹ ਲੈਣ ਲਈ ਨਦੀ ਪਾਰ ਕਰਕੇ ਅੱਗੇ ਵਧਿਆ ਸੀ ਤਾਂ ਉਸ ਦੇ ਕੁਝ ਕੁ ਵਿਰੋਧੀਆਂ ਨੇ ਬਾਦਸ਼ਾਹੀ ਤੰਬੂ ਤੀਕ ਇਹ ਗੱਲ ਜਾਣ ਬੁੱਝ ਕੇ ਉਡਾ ਦਿਤੀ ਸੀ ਕਿ ਬੰਦਾ ਸਿੰਘ ਬਹਾਦੁਰ ਨੂੰ ਮੁਨੱਈਅਮ ਖਾਨ ਨੇ ਆਪਣੇ ਘੇਰੇ ਵਿਚ ਲੈ ਲਿਆ ਹੈ । ਉਸ ਨੂੰ ਫੜਨ ਲਈ ਹੁਣ ਜ਼ਿਆਦਾ ਸਮਾਂ ਨਹੀਂ ਲਗੇਗਾ ਅਤੇ ਉਹ ਛੇਤੀ ਹੀ ਬੰਦਾ ਸਿੰਘ ਨੂੰ ਫੜ ਲਏਗਾ । ਇਹੀ ਖ਼ਬਰਾਂ ਜਦੋਂ ਬਾਦਸ਼ਾਹ ਦੇ ਤੰਬੂ ਵਿਚੋਂ ਮੁਨੱਈਅਮ ਖਾਨ ਪਾਸ ਪਹੁੰਚਦੀਆਂ ਸਨ ਤਾਂ ਉਸ ਦਾ ਵੀ ਹੌਂਸਲਾ ਯਕੀਨ ਵਿਚ ਬਦਲ ਜਾਂਦਾ ਸੀ ਅਤੇ ਵਾਪਸ ਸੁਨੇਹੇ ਭੇਜ ਦਿੰਦਾ ਸੀ ਕਿ ਬੰਦਾ ਉਨ੍ਹਾਂ ਦੇ ਕਾਬੂ ਵਿਚ ਆਉਣ ਵਾਲਾ ਹੀ ਹੈ । ਇਹ ਗੱਲਾਂ ਸੁਨੇਹੇ ਭੇਜਣ ਵਾਲਿਆਂ ਦੀ ਬੋਲੀ ਵਿਚ ਆਪਣੇ ਅਰਥ ਕੁਝ ਦੇ ਕੁਝ ਕੱਢਦੀਆਂ ਰਹੀਆ ਪਰ ਜਦੋਂ ਸੱਚਮੁੱਚ ਹੀ ਬੰਦਾ ਸਿੰਘ ਮੁਗਲ ਫੌਜ ਦੇ ਘੇਰੇ ਵਿਚੋਂ ਨਿਕਲ ਗਿਆ ਸੀ ਤਾਂ ਇਸ ਵਿਚ ਇਕ ਦਮ ਮੁਨੱਈਅਮ ਖਾਨ ਦੀ ਬੇਪਰਵਾਹੀ, ਗਦਾਰੀ ਅਤੇ ਕੁਝ ਹੱਦ ਤਕ ਮਿਲੀ ਭੁਗਤ ਸਾਹਮਣੇ ਆਉਣ ਲੱਗ ਪਈ । ਜੰਗ ਦੇ ਮੈਦਾਨ ਵਿਚ ਜੇਕਰ ਇਕ ਵਾਰ ਵੀ ਗਦਾਰੀ ਦੀ ਝਲਕ ਨਜ਼ਰ ਆਉਣ ਲੱਗ ਜਾਵੇ ਤਾਂ ਇਹ ਚੁੱਪ-ਚੁਪੀਤੀ ਹੀ ਸ਼ੱਕ ਦਾ ਬਹੁਤ ਵੱਡਾ ਰੂਪ ਧਾਰਨ ਕਰ ਲੈਂਦੀ ਹੈ । ਮੁਨੱਈਅਮ ਖਾਨ ਇਕ ਬਹੁਤ ਹੀ ਇਮਾਨਦਾਰ, ਗੰਭੀਰ ਅਤੇ ਵਫ਼ਾਦਾਰ ਅਧਿਕਾਰੀ ਸੀ ਪਰ ਹਾਲਾਤ ਨੇ ਉਸ ਦਾ ਸਭ ਕੁਝ ਰੋਲ ਦਿਤਾ ਸੀ । ਉਹ ਹਾਲਾਤ ਸਾਹਮਣੇ ਬੇ-ਵੱਸ ਹੋਇਆ ਆਪਣੇ ਤੰਬੂ ਵਿਚ ਚਲਾ ਗਿਆ ਸੀ ਜਿਥੇ ਜਾ ਕੇ ਉਹ ਬਿਮਾਰ ਪੈ ਗਿਆ ।

ਕਿਲ੍ਹੇ ਨੂੰ ਫਤਿਹ ਕਰਨ ਤੋਂ ਬਾਅਦ ਜੋ ਮਾਲ ਮੁਗਲ ਫੌਜ ਦੇ ਹੱਥ ਆਇਆ ਉਹ ਸੈਨਿਕ ਦਰਿਸ਼ਟੀਕੋਣ ਤੋਂ ਬਹੁਤ ਥੋੜ੍ਹਾ ਸੀ । ਸਿੰਘ ਜਾਣ ਵੇਲੇ ਜਿੰਨਾ ਕੁ ਮਾਲ-ਅਸਬਾਬ ਚੁੱਕ ਸਕੇ ਸਨ ਉਹ ਨਾਲ ਲੈ ਗਏ ਸਨ ਤੇ ਜਾਂ ਫਿਰ ਬਚਦੇ ਹੋਏ ਨੂੰ ਅੱਗ ਲਾ ਗਏ ਸਨ, ਫਿਰ ਵੀ ਕਿਲ੍ਹੇ ਵਿਚ ਬਾਕੀ ਦੇ ਸਮਾਨ ਦੀ ਬਹੁਤਾਤ ਸੀ । ਮੁਗਲ ਫੌਜ ਨੇ ਕਿਲ੍ਹੇ ਵਿਚ ਪਹੁੰਚ ਕੇ ਜਿਸ ਤਰ੍ਹਾਂ ਲੁੱਟ ਮਚਾਈ ਉਸ ਬਾਰੇ ਕਾਮਵਰ ਖਾਨ ਲਿਖਦਾ ਹੈ ਕਿ, 'ਇਸ ਵੇਲੇ ਸ਼ਾਹੀ ਲਸ਼ਕਰ ਦੇ ਲੁੱਚੇ-ਲਫੰਗੇ ਕਿਲ੍ਹੇ ਅੰਦਰੋਂ ਬਰੂਦ ਦੀ ਅੱਗ ਨਾਲ ਝੁਲਸੇ ਮਾਲ ਦੀਆਂ ਪੰਡਾਂ ਸਿਰਾਂ, ਮੋਰਾਂ ਉਤੇ ਚੁੱਕੀ ਆਉਂਦੇ ਦਿਸੇ । ਉਨ੍ਹਾਂ ਦੀਆਂ ਗੱਲਾਂ ਤੋਂ ਪਤਾ ਲਗਦਾ ਸੀ ਕਿ ਸ਼ਾਹੀ ਫੌਜ ਟੀਸੀ ਤੇ ਟੁੱਟ ਪਈ ਹੈ ਅਤੇ ਕਿਲ੍ਹੇ ਵਿਚ ਕਤਲੋ-ਗਾਰਤ ਮਚਾ ਰਹੀ ਹੈ ।' ਛੇ ਦਸੰਬਰ ਦੀਆਂ ਖ਼ਬਰਾਂ ਵਿਚ ਬਾਦਸ਼ਾਹ ਨੂੰ ਦੱਸਿਆ ਗਿਆ ਸੀ ਕਿ ਕਿਲ੍ਹਾ ਪੂਰੀ ਤਰ੍ਹਾਂ ਪੁੱਟ ਕੇ ਦੇਖਿਆ ਗਿਆ ਹੈ । ਉਥੋਂ ਪੰਜ ਲੱਖ ਰੁਪਏ ਅਤੇ ਤਿੰਨ ਹਜ਼ਾਰ ਚਾਰ ਸੌ ਅਸ਼ਰਫੀਆਂ ਮਿਲੀਆਂ ਹਨ । ਇਹ ਵੀ ਰਿਪੋਰਟ ਦਿਤੀ ਗਈ ਸੀ ਕਿ ਬੰਦਾ ਸਿੰਘ ਨਾਹਨ ਤੋਂ ਤੀਹ ਕੋਹ ਪਰੇ ਦੇ ਪਹਾੜਾਂ ਵੱਲ ਦੌੜ ਗਿਆ ਹੈ ।[43] ਇਸ ਤੋਂ ਇਲਾਵਾ ਤਿੰਨ ਤੋਪਾਂ, ਪੰਜ ਹਾਥੀ, ਸਤਾਰਾਂ ਰਹਿਕਲੇ, ਇਕ ਸਾਇਬਾਣ ਅਤੇ ਕੁਝ ਚਾਂਦੀ ਦੀਆਂ ਚੋਬਾਂ ਸਨ । ਜਿਹੜੇ ਪੰਜ ਹਾਥੀ ਮਿਲੇ ਸਨ ਇਨ੍ਹਾਂ ਵਿਚੋਂ ਇਕ ਨਰ ਅਤੇ ਮਾਦਾ ਹਾਥੀਆਂ ਦੀ ਜੋੜੀ ਬਾਦਸ਼ਾਹ ਨੇ ਖੁਸ਼ ਹੋ ਕੇ ਰੁਸਤਮ ਦਿਲ ਖਾਨ ਨੂੰ ਬਖ਼ਸ਼ ਦਿਤੀ ਸੀ । ਹੋਰਾਂ ਅਧਿਕਾਰੀਆਂ ਨੂੰ ਵੀ ਇਨਾਮ ਬਖ਼ਸ਼ੇ ਗਏ ਸਨ । ਖਾਨ-ਏ-ਖਾਨਾ ਬਾਰੇ ਵੀ ਕੁਝ ਦਿਨਾਂ ਵਿਚ, ਬਾਦਸ਼ਾਹ ਦਾ ਗੁੱਸਾ ਠੰਡਾ ਹੋ ਗਿਆ ਸੀ ਇਸ ਲਈ ਬਾਦਸ਼ਾਹ ਨੇ ਉਸ ਨੂੰ ਤਿੰਨ ਦਸੰਬਰ ਨੂੰ ਭਰੇ ਦਰਬਾਰ ਵਿਚ ਆਉਣ ਦਾ ਹੁਕਮ ਦਿਤਾ । ਉਸ ਨੂੰ ਹੋਰ ਇਨਾਮ ਵੀ ਬਖ਼ਸ਼ੇ ਗਏ ਸਨ । ਜਾਟਾਂ ਦੇ ਨੇਤਾ ਚੂੜਾਮਣੀ ਜਾਟ ਨੂੰ ਇਕ ਹਾਥੀ ਦਿਤਾ ਗਿਆ ਸੀ । ਇਸੇ ਤਰ੍ਹਾਂ ਬਖ਼ਸ਼ੀ-ਉਲ-ਮੁਲਕ, ਅਮੀਰ--ਉਲ-ਉਮਰਾ, ਮਹਾਬਤ ਖਾਨ, ਖਾਨ-ਏਖਾਨਾ ਦਾ ਪੁੱਤਰ, ਹਮੀਦ-ਉ-ਦੀਨ ਖਾਨ ਅਤੇ ਇਸਲਾਮ ਖਾਨ ਨੂੰ ਵੀ ਖਿੱਲਤਾਂ ਬਖ਼ਸ਼ੀਆਂ ਗਈਆਂ । ਹਿੰਦੂ ਰਾਜਿਆਂ, ਜਿਨ੍ਹਾਂ ਨੇ ਸਿੰਘਾਂ ਵਿਰੁੱਧ, ਸ਼ਾਹੀ ਫੌਜ ਦਾ ਸਾਥ ਦਿਤਾ ਸੀ ਉਨ੍ਹਾਂ ਨੂੰ ਵੀ ਬਖ਼ਸ਼ਿਸ਼ਾਂ ਦਿੱਤੀਆਂ ਗਈਆਂ । ਇਨ੍ਹਾਂ ਵਿਚ ਸ਼ਾਮਲ ਸਨ : ਰਾਜਾ ਉਦਿਤ ਸਿੰਘ ਬੁੰਦੇਲਾ ਅਤੇ ਰਾਜਾ ਚਤੁਰ ਸਾਲ ਬੁੰਦੇਲਾ । ਤਿੰਨ ਦਸੰਬਰ ਨੂੰ ਹੀ ਕਮਾਓਂ ਦੇ ਰਾਜਾ ਗਿਆਨ ਚੰਦ, ਸਿਰੀ ਨਗਰ ਗੜ੍ਹਵਾਲ ਦੇ ਰਾਜਾ ਫਤਿਹ ਚੰਦ ਅਤੇ ਨਾਹਨ ਦੇ ਰਾਜਾ ਭੂਪ ਪਰਕਾਸ਼ ਦੇ ਨਾਂ ਹੁਕਮ ਭੇਜੇ ਗਏ ਕਿ ਬੰਦਾ ਸਿੰਘ ਲੋਹਗੜ੍ਹ (ਦਾਬੜ) ਤੋਂ ਭੱਜ ਗਿਆ ਹੈ, ਜੇ ਉਹ ਇਨ੍ਹਾਂ ਰਾਜਿਆਂ ਦੀ ਸੀਮਾਂ ਵਿਚ ਦਾਖ਼ਲ ਹੋਵੇ ਤਾਂ ਉਸ ਨੂੰ ਤੁਰੰਤ ਪਕੜ ਕੇ ਜਾਂ ਮਾਰ ਕੇ ਬਾਦਸ਼ਾਹ ਦੇ ਹਜ਼ੂਰ ਪਹੁੰਚਾਇਆ ਜਾਵੇ ।

ਹਮੀਦੁ-ਦੀਨ ਖਾਨ ਬਹਾਦੁਰ ਦੀ, ਬੰਦਾ ਸਿੰਘ ਬਹਾਦਰ ਦੀ ਤਲਾਸ਼ ਕਰਨ ਲਈ ਵਿਸ਼ੇਸ਼ ਡਿਊਟੀ ਲਗਾਈ ਗਈ ਸੀ । ਲੋਹਗੜ੍ਹ ਦਾ ਕਿਲ੍ਹਾ ਤਕਨੀਕੀ ਤੌਰ ਤੇ ਸਿਰਮੌਰ ਰਿਆਸਤ ਵਿਚ ਪੈਂਦਾ ਸੀ । ਇਥੋਂ ਨਾਹਨ ਸ਼ਹਿਰ, ਜੋ ਸਿਰਮੌਰ ਰਿਆਸਤ ਦੀ ਰਾਜਧਾਨੀ ਸੀ, ਵੀ ਬਹੁਤੀ ਦੂਰ ਨਹੀਂ ਸੀ । ਇਹ ਫਾਸਲਾ ਮਸਾਂ ਮਸਾਂ 20-25 ਕਿਲੋਮੀਟਰ ਦਾ ਹੋਵੇਗਾ । ਇਸ ਲਈ ਬਾਦਸ਼ਾਹ ਅਤੇ ਬਾਕੀ ਦੇ ਮੁਗਲ ਅਧਿਕਾਰੀਆਂ ਨੇ ਬੰਦਾ ਸਿੰਘ ਬਹਾਦੁਰ ਦੇ ਭੱਜ ਜਾਣ ਦੇ ਗੁੱਸੇ ਨੂੰ ਸਿਰਮੌਰ ਰਿਆਸਤ ਦੇ ਰਾਜੇ ਉਪਰ ਕੱਢਿਆ । ਉਹ ਇਹ ਤਾਂ ਸਮਝਦੇ ਨਹੀਂ ਸਨ ਕਿ ਜੇ ਇਤਨੀ ਤਕੜੀ ਮੁਗਲ ਸੈਨਾ ਬੰਦਾ ਸਿੰਘ ਨੂੰ ਭੱਜਣ ਤੋਂ ਰੋਕ ਨਹੀਂ ਸਕੀ ਸੀ ਤਾਂ ਵਿਚਾਰੇ ਸਿਰਮੌਰ ਰਿਆਸਤ ਦੇ ਰਾਜੇ ਦੀ ਮੁੱਠੀ ਭਰ ਪਹਾੜੀ ਲੋਕਾਂ ਦੀ ਫੌਜ ਬੰਦਾ ਸਿੰਘ ਦੇ ਸਾਹਮਣੇ ਕੀ ਕਰ ਸਕਦੀ ਸੀ? ਪਰ ਤਕੜੇ ਨੇ ਆਪਣਾ ਗੁੱਸਾ ਤਾਂ ਕਿਸੇ ਪਾਸੇ ਕੱਢਣਾ ਹੀ ਸੀ ਤੇ ਉਹ ਸਿਰਮੌਰ ਦੇ ਰਾਜੇ ਉਪਰ ਕੱਢ ਲਿਆ ਗਿਆ ਸੀ । ਉਸ ਦੇ ਉਪਰ ਦੋਸ਼ ਲਾਇਆ ਗਿਆ ਕਿ ਬੰਦਾ ਸਿੰਘ ਕਿਉਂਕਿ ਉਸ ਦੀ ਰਿਆਸਤ ਵਿਚ ਰਹਿੰਦਾ ਸੀ ਅਤੇ ਉਸ ਦੀ ਰਿਆਸਤ ਵਿਚੋਂ ਦੀ ਹੀ ਉਹ ਭੱਜ ਕੇ ਗਿਆ ਸੀ ਇਸ ਲਈ ਉਸ ਨੂੰ ਕਿਉਂ ਨਾ ਦੋਸ਼ੀ ਸਮਝਿਆ ਜਾਵੇ? ਰਾਜਾ ਭੂਪ ਪਰਕਾਸ਼ ਨੂੰ ਕੈਦ ਕਰ ਲਿਆ

43. *ਅਖ਼ਬਾਰ-ਏ-ਦਰਬਾਰ-ਏ-ਮੁਅੱਲਾ*, ਪੰਨਾ 49.

SIKHBOOKCLUB.COM

ਗਿਆ ਤਾਂ ਇਸ ਨੂੰ ਉਸ ਭਾਈ ਗੁਲਾਬ ਸਿੰਘ ਨਾਲ ਇਕੋ ਪਿੰਜਰੇ ਵਿਚ ਬੰਦ ਕਰਕੇ ਦਿੱਲੀ ਭੇਜ ਦਿਤਾ ਗਿਆ ਜਿਹੜਾ ਬੰਦਾ ਸਿੰਘ ਦਾ ਰੂਪ ਧਾਰ ਕੇ ਲੋਹਗੜ੍ਹ ਕਿਲ੍ਹੇ ਵਿਚ ਮੁਗ਼ਲ ਸੈਨਾ ਨਾਲ ਲੜਦਾ ਹੋਇਆ ਫੜਿਆ ਗਿਆ ਸੀ ।

ਸਿਰਮੌਰ ਦੀ ਰਿਆਸਤ ਛੋਟੀ ਜਿਹੀ ਅਤੇ ਸੀਮਤ ਸਾਧਨਾਂ ਵਾਲੀ ਹਿੰਦੂ ਰਿਆਸਤ ਸੀ । ਇਸ ਦਾ ਰਾਜਾ ਮੁੱਢ ਤੋਂ ਹੀ ਦਿੱਲੀ, ਮੁਗਲ ਬਾਦਸ਼ਾਹਾਂ ਲਈ ਬਰਫ਼ ਭੇਜਿਆ ਕਰਦਾ ਸੀ ਇਸ ਲਈ ਇਸ ਨੂੰ ਮੁਗ਼ਲ ਅਧਿਕਾਰੀਆਂ ਦੀ ਬੋਲ-ਚਾਲ ਵਿਚ 'ਬਰਫੀ ਰਾਜਾ' ਕਿਹਾ ਜਾਂਦਾ ਸੀ । ਸੁਜਾਨ ਰਾਇ ਭੰਡਾਰੀ ਇਸ ਬਾਰੇ ਇਉਂ ਲਿਖਦਾ ਹੈ : ''ਇਸ ਪਹਾੜੀ ਇਲਾਕੇ ਤੋਂ ਅੱਗੇ ਲੰਘ ਕੇ ਦਰਿਆ ਜਮੁਨਾ ਸਿਰਮੌਰ ਦੇ ਇਲਾਕੇ ਵਿਚ ਦਾਖ਼ਲ ਹੁੰਦਾ ਹੈ । ਇਥੋਂ ਦਾ ਜਿੰਮੀਦਾਰ ਹਿੰਦੁਸਤਾਨ ਦੇ ਤਥਾ ਅਮੀਰਾਂ-ਵਜ਼ੀਰਾਂ ਨੂੰ ਦਰਿਆ ਦੇ ਰਾਹੀਂ ਬਰਫ਼ ਦੀਆਂ ਕਿਸ਼ਤੀਆਂ ਭੇਜਦਾ ਹੈ ਅਤੇ ਇਸ ਤਰ੍ਹਾਂ ਅਧੀਨਗੀ ਦਾ ਪ੍ਰਗਟਾਵਾ ਕਰਕੇ ਬਾਦਸ਼ਾਹੀ ਰੱਖਿਆ ਮਾਣਦਾ ਹੈ । ਆਮ ਲੋਕ ਇਸ ਨੂੰ ਬਰਫੀ ਰਾਜਾ ਆਖਦੇ ਹਨ ।''[44] ਰਾਜਾ ਭੂਪ ਪਰਕਾਸ਼ ਦੇ ਫੜੇ ਜਾਣ ਨਾਲ ਸ਼ਾਹੀ ਮਹਿਲਾਂ ਵਿਚ ਹਾਹਾਕਾਰ ਮੱਚ ਗਈ ਸੀ । ਰਾਜੇ ਦੀ ਮਾਂ ਨੇ ਆਪਣੇ ਦਰਬਾਰ ਦੇ ਕਰੀਬ 30 ਅਧਿਕਾਰੀ ਬਾਦਸ਼ਾਹ ਪਾਸ ਆਪਣੇ ਪੁੱਤਰ ਦੀ ਸਫਾਈ ਦੇਣ ਲਈ ਭੇਜੇ ਸਨ ਪਰ ਇਹ ਤੀਹ ਦੇ ਤੀਹ ਦਰਬਾਰੀ ਸਿੰਘਾਂ ਦੇ ਨਾਲ ਹੀ 13 ਮਾਰਚ, 1711 ਨੂੰ ਕਤਲ ਕਰ ਦਿਤੇ ਗਏ ਸਨ । ਜਦੋਂ ਇਸ ਤਰ੍ਹਾਂ ਉਸ ਦੇ ਪੁੱਤਰ ਦੀ ਸਫਾਈ ਪੇਸ਼ ਨਾ ਹੋ ਸਕੀ ਤਾਂ ਰਾਜੇ ਦੀ ਮਾਂ ਨੇ ਬਾਦਸ਼ਾਹ ਨੂੰ ਖੁਸ਼ ਕਰਨ ਲਈ ਆਪਣੇ ਇਲਾਕੇ ਵਿਚੋਂ ਸਿੱਖਾਂ ਨੂੰ ਫੜ ਕੇ ਭੇਜਣਾ ਸ਼ੁਰੂ ਕਰ ਦਿਤਾ ਸੀ ।

ਸਿਰਮੌਰ ਰਿਆਸਤ ਤੋਂ ਇਲਾਵਾ, ਗੜ੍ਹਵਾਲ ਦੀ ਰਿਆਸਤ ਦੇ ਰਾਜੇ ਉਪਰ ਵੀ ਬਾਦਸ਼ਾਹ ਨੇ ਗੁੱਸਾ ਕੱਢਣ ਦੀ ਕੋਸ਼ਿਸ਼ ਕੀਤੀ ਸੀ ਪਰ ਉਸ ਦੀ ਰਾਜਧਾਨੀ (ਸਿਰੀ ਨਗਰ) ਕਿਉਂਕਿ ਉਥੋਂ ਬਹੁਤ ਦੂਰ ਸੀ ਇਸ ਲਈ ਉਸ ਦਾ ਬਚਾਅ ਹੋ ਗਿਆ ਸੀ । ਦੂਜਾ ਉਸ ਨੇ ਛੇਤੀ ਹੀ ਨਜ਼ਰਾਨੇ ਆਦਿ ਭੇਜ ਕੇ ਆਪਣੀ ਅਧੀਨਗੀ ਨੂੰ ਸਪਸ਼ਟ ਕਰ ਦਿਤਾ ਸੀ । ਮੁਗਲ ਸੈਨਾ ਨੇ ਲੋਹਗੜ੍ਹ ਤੇ ਕਾਬਜ਼ ਹੋਣ ਬਾਅਦ ਇਸ ਨੂੰ ਬੁਰੀ ਤਰ੍ਹਾਂ ਢਹਿ-ਢੇਰੀ ਕਰ ਦਿਤਾ ਸੀ । ਢਹਿ-ਢੇਰੀ ਕਰਨ ਦਾ ਇਕ ਕਾਰਨ ਤਾਂ ਇਹ ਸੀ ਕਿ ਮੁਗਲ ਅਧਿਕਾਰੀਆਂ ਨੂੰ ਉਮੀਦ ਸੀ ਕਿ ਲੋਹਗੜ੍ਹ ਵਿਚੋਂ ਬੇਅੰਤ ਮਾਇਆ ਅਤੇ ਹੀਰੇ-ਜਵਾਹਰਾਤ ਮਿਲਣਗੇ । ਕਿਉਂਕਿ ਉਹ ਸਮਝਦੇ ਸੀ ਕਿ ਸਿੰਘਾਂ ਨੇ ਜੋ ਸਮਾਣਾ, ਸਢੌਰਾ ਅਤੇ ਸਰਹਿੰਦ ਆਦਿ ਸ਼ਹਿਰਾਂ ਨੂੰ ਲੁੱਟਿਆ ਹੈ, ਉਥੋਂ ਬੇਅੰਤ ਧਨ-ਮਾਲ ਪਰਾਪਤ ਕੀਤਾ ਸੀ । ਉਹ ਸਮਝਦੇ ਸੀ ਕਿ ਇਹ ਬੇਅੰਤ ਧਨ-ਮਾਲ, ਆਖਰ ਸਿੰਘਾਂ ਨੇ ਇਥੇ ਲੋਹਗੜ੍ਹ ਵਿਚ ਹੀ ਦੱਬ ਕੇ ਰੱਖਿਆ ਹੋਵੇਗਾ । ਇਸ ਲਈ ਲੋਹਗੜ੍ਹ ਅਤੇ ਬਾਕੀ ਦੇ ਕਿਲ੍ਹਿਆਂ ਨੂੰ ਖੋਦ-ਖੋਦ ਕੇ ਦੇਖਿਆ ਗਿਆ । ਪਰ ਮੁਗਲ ਸੈਨਾ ਦੇ ਹੱਥ ਕੋਈ ਜ਼ਿਆਦਾ ਧਨ-ਮਾਲ ਨਹੀਂ ਲੱਗਿਆ, ਜੋ ਲੱਗਿਆ ਉਹ ਉਮੀਦ ਨਾਲੋਂ ਬਹੁਤ ਥੋੜ੍ਹਾ ਸੀ । ਜਿਵੇਂ ਕਿ ਪਿੱਛੇ ਦੱਸਿਆ ਜਾ ਚੁੱਕਾ ਹੈ, ਸਿਰਫ ਪੰਜ ਲੱਖ ਰੁਪਏ ਅਤੇ ਤਿੰਨ ਹਜ਼ਾਰ ਚਾਰ ਸੌ ਮੋਹਰ ਦੀਆਂ ਮੋਹਰਾਂ ਹੀ ਮਿਲੀਆਂ ਸਨ । ਇਹ ਸ਼ਾਹੀ ਖ਼ਜ਼ਾਨੇ ਵਿਚ ਜਮ੍ਹਾਂ ਕਰਵਾਈਆਂ ਗਈਆਂ ਸਨ ।

ਬੰਦਾ ਸਿੰਘ ਬਹਾਦੁਰ ਦੇ, ਮੁਗਲ ਸੈਨਾ ਦੇ ਇੰਨੇ ਤਕੜੇ ਘੇਰੇ ਵਿਚੋਂ ਭੱਜ ਜਾਣ ਕਰਕੇ, ਮੁਗਲ ਬਾਦਸ਼ਾਹ ਅਤੇ ਉਸ ਦੇ ਸਮੁੱਚੇ ਅਧਿਕਾਰੀ ਬੁਰੀ ਤਰ੍ਹਾਂ ਨਿਰਾਸ਼ ਹੋ ਗਏ ਸਨ । ਬਾਦਸ਼ਾਹ ਦੀ, ਉਸ ਦਾ ਪਿੱਛਾ ਕਰਨ ਵਿਚ, ਭੋਰਾ-ਭਰ ਵੀ ਦਿਲਚਸਪੀ ਨਹੀਂ ਸੀ । ਉਸ ਦਾ ਵਜ਼ੀਰ, ਖਾਨ-ਏ-ਖਾਨਾ ਮੁਨੱਈਅਮ ਖਾਨ ਆਪਣੀ ਸਮੁੱਚੀ ਕਾਰਵਾਈ ਤੋਂ ਇਤਨਾ ਉਦਾਸ ਅਤੇ ਗਮਗੀਨ ਸੀ ਕਿ ਉਹ ਕੁਝ ਕੁ ਤਾਂ ਬਿਮਾਰ ਪਹਿਲਾਂ ਹੀ ਸੀ ਪਰ ਬਾਦਸ਼ਾਹ ਵਲੋਂ ਪਈ ਝਾੜ ਕਾਰਨ ਹੋਰ ਬਿਮਾਰ ਹੋ ਗਿਆ ਸੀ । ਉਹ ਐਸਾ ਮੰਜੇ ਤੇ ਪਿਆ ਕਿ ਆਖਰ ਉਸ ਦਾ ਮਰ ਕੇ ਹੀ ਖਹਿੜਾ ਛੁੱਟਿਆ । ਉਹ 18 ਫਰਵਰੀ, 1711 ਨੂੰ ਮਰ ਗਿਆ ਸੀ ।

ਖਾਫੀ ਖਾਨ ਲਿਖਦਾ ਹੈ ਕਿ 'ਖਾਨ-ਏ-ਖਾਨਾ ਬਿਮਾਰ ਹੋ ਗਿਆ ਸੀ । ਜਦੋਂ ਉਸ ਨੂੰ ਅਸਲੀ ਗੁਰੂ (ਬੰਦਾ ਸਿੰਘ) ਦੇ ਭੱਜ ਜਾਣ ਕਰਕੇ ਝਾੜ ਪਈ ਸੀ ਉਹ ਸ਼ਰਮ ਅਤੇ ਬੇਇੱਜ਼ਤੀ ਨਾਲ ਦੁੱਖੀ ਸੀ । ਉਸ ਨੂੰ ਹੋਰ ਬੀਮਾਰੀਆਂ ਨੇ ਵੀ ਆ ਘੇਰਿਆ ਸੀ । ਇਨ੍ਹਾਂ ਬਿਮਾਰੀਆਂ ਨੂੰ ਨਾ ਕੋਈ ਯੂਨਾਨੀ ਵੈਦ ਤੇ ਨਾ ਕੋਈ ਯੂਰਪੀਅਨ ਡਾਕਟਰ ਹੀ ਠੀਕ ਕਰ ਸਕਿਆ ਸੀ । ਆਖਰ ਉਹ ਮਰ ਗਿਆ ।' ਅਸਲ ਵਿਚ ਵਜ਼ੀਰ ਸਾਹਿਬ ਦਾ ਇਕ ਕੰਨ ਐਸਾ ਦੁਖਣ ਲਗ ਪਿਆ ਸੀ ਅਤੇ ਪੱਕ ਗਿਆ ਸੀ ਕਿ ਇਸ ਦੀ ਲਾਗ ਹੌਲੀ ਹੌਲੀ ਸਾਰੇ ਚੇਹਰੇ ਉਪਰ ਫੈਲ ਗਈ ਸੀ । ਅੱਖ, ਕੰਨ, ਨੱਕ, ਮੂੰਹ ਆਦਿ ਸਭ ਕੁਝ ਪੱਕ ਗਿਆ ਸੀ । ਬਹੁਤ ਇਲਾਜ ਕਰਨ ਦੇ ਬਾਵਜੂਦ ਵੀ ਇਹ ਬਿਮਾਰੀ ਠੀਕ ਨਹੀਂ ਹੋ ਸਕੀ ਸੀ । ਦੂਜੇ ਪਾਸੇ ਬਾਦਸ਼ਾਹ ਦੀ ਆਲਸ ਅਤੇ ਨਿਰਾਸ਼ਾ ਇਸ ਗੱਲ ਵਿਚੋਂ ਹੀ ਝਲਕਦੀ ਹੈ ਕਿ ਉਹ ਬੰਦਾ ਸਿੰਘ ਦੇ ਭੱਜ ਜਾਣ ਤੋਂ ਬਾਅਦ ਮਾਰਚ ਦੇ ਅਖ਼ੀਰ ਤੱਕ, ਭਾਵ ਕਿ ਪੂਰੇ ਚਾਰ ਮਹੀਨਿਆਂ ਤੱਕ ਇਥੇ ਹੀ ਡੇਰੇ ਲਾਈ ਬੈਠਾ ਰਿਹਾ ਸੀ । ਪਿੱਛੋਂ ਵੀ ਜਦੋਂ ਉਸ ਨੇ ਇਥੋਂ ਲਾਹੌਰ ਵਲ ਨੂੰ ਕੂਚ ਕੀਤਾ ਸੀ ਤਾਂ ਵੀ ਉਸ ਦੀ ਰਵਾਨਗੀ ਵਿਚ ਕੋਈ ਤਾਜ਼ਗੀ ਜਾਂ ਉਤਸੁਕਤਾ ਨਹੀਂ ਸੀ ਸਗੋਂ ਉਹ ਬੜੀ ਹੀ ਮੱਠੀ ਤੋਰ ਤੁਰ ਰਿਹਾ ਸੀ । ਉਹ ਸਮਝਦਾ ਸੀ ਕਿ ਹੁਣ ਬੰਦਾ ਸਿੰਘ ਬਹਾਦੁਰ ਦਾ ਪਿੱਛਾ ਕਰਨਾ ਫਜ਼ੂਲ ਹੈ । ਅਸਲ ਵਿਚ ਇਹ ਸਭ ਕੁਝ ਉਸ ਦੀ ਵੱਡੀ ਉਮਰ ਦੀ ਕਮਜ਼ੋਰੀ ਕਰਕੇ ਸੀ ।

SIKHBOOKCLUB.COM

---

44. *ਪੂਰਵ ਅੰਕਤ*, ਪੰਨਾ 36.

SIKHBOOKCLUB.COM



ਕਿਲ੍ਹਾ ਲੋਹਗੜ੍ਹ ਦਾ ਥੇਹ। ਉਥੇ ਇੱਕ ਛੋਟਾ ਨਿਸ਼ਾਨ ਸਾਹਿਬ ਲਹਿਰਾ ਰਿਹਾ ਹੈ।
ਵਿਭਾਗ ਦਾ ਸਟਾਫ ਸਰਵੇਖਣ ਕਰਨ ਗਿਆ ਉਥੇ ਬੈਠਾ ਹੈ।

13. ਬਾਦਸ਼ਾਹ ਬਹਾਦੁਰ ਸ਼ਾਹ ਦਾ ਲੋਹਗੜ੍ਹ ਤੋਂ ਲਾਹੌਰ ਪਹੁੰਚਣਾ

ਬੰਦਾ ਸਿੰਘ ਬਹਾਦੁਰ ਲੋਹਗੜ੍ਹ ਦੇ ਕਿਲ੍ਹੇ ਵਿਚੋਂ ਕੀ ਨਿਕਲਿਆ ਸੀ ਕਿ ਸਮੁੱਚੀ ਮੁਗ਼ਲ ਸੈਨਾ ਹੀ ਦਿਲ ਛੱਡ ਕੇ ਬੈਠ ਗਈ ਸੀ। ਇਹ ਇਕ ਕਰਿਸ਼ਮਾ ਹੀ ਸੀ ਕਿ ਪੂਰੇ ਮੁਗ਼ਲ ਸਾਮਰਾਜ ਦੀ ਤਾਕਤਵਰ ਫੌਜ, ਜਿਸ ਦੀ ਅਗਵਾਈ ਬਾਦਸ਼ਾਹ ਖੁਦ ਕਰ ਰਿਹਾ ਸੀ, ਇਕ ਸਾਧਾਰਨ ਜਿਹੇ ਕਿਲ੍ਹੇ ਨੂੰ ਘੇਰਾ ਪਾਈਂ ਬੈਠੀ ਸੀ ਅਤੇ ਇਤਨੇ ਮਜ਼ਬੂਤ ਘੇਰੇ ਵਿਚੋਂ ਅਤੇ ਮੁਗ਼ਲ ਸੈਨਾ ਦਾ ਪੂਰਾ ਨੁਕਸਾਨ ਕਰਨ ਪਿੱਛੋਂ ਬੰਦਾ ਸਿੰਘ ਆਪਣੇ ਸਿੰਘ ਸਾਥੀਆਂ ਨਾਲ ਪੂਰੀ ਸਫ਼ਲਤਾ ਨਾਲ ਨਿਕਲ ਗਿਆ ਸੀ। ਬਾਦਸ਼ਾਹ ਵੀ ਦਿਲ ਛੱਡ ਚੁੱਕਿਆ ਸੀ। ਇਸ ਤੋਂ ਵੱਡੀ ਸੈਨਾ ਉਸ ਦੀ ਹੋਰ ਨਹੀਂ ਸੀ ਹੋ ਸਕਦੀ। ਬੰਦਾ ਸਿੰਘ ਦੇ ਨਿਕਲ ਜਾਣ ਪਿੱਛੋਂ, ਇਸ ਗੱਲੋਂ ਹੀ ਬਾਦਸ਼ਾਹ ਦੀ ਨਿਰਾਸ਼ਤਾ ਦਾ ਪਤਾ ਲੱਗ ਜਾਂਦਾ ਹੈ ਕਿ ਉਹ ਲਗਾਤਾਰ ਮਾਰਚ ਮਹੀਨੇ ਦੇ ਅਖ਼ੀਰ ਤਕ ਉਥੇ ਹੀ ਬੈਠਾ ਰਿਹਾ ਸੀ। ਬੰਦਾ ਸਿੰਘ 1710 ਦੇ ਦਿਸੰਬਰ ਦੀ ਪਹਿਲੀ ਜਾਂ ਦੂਜੀ ਤਾਰੀਖ਼ ਵਾਲੀ ਰਾਤ ਨੂੰ ਨਿਕਲ ਗਿਆ ਸੀ ਅਤੇ ਬਾਦਸ਼ਾਹ 31 ਮਾਰਚ, 1711 ਈ. ਤੱਕ ਲੋਹਗੜ੍ਹ ਦੇ ਆਲੇ-ਦੁਆਲੇ ਦੇ ਇਲਾਕੇ ਵਿਚ ਹੀ ਫਿਰ ਰਿਹਾ ਸੀ। ਲਗਾਤਾਰ ਚਾਰ ਮਹੀਨਿਆਂ ਦੇ ਕਰੀਬ ਇਤਨੀ ਵੱਡੀ ਸ਼ਾਹੀ ਫੌਜ ਦਾ ਇਥੇ ਹੀ ਡੇਰਾ ਲੱਗਿਆ ਰਹਿਣਾ, ਇਸੇ ਗੱਲ ਦਾ ਪਰਤੀਕ ਹੈ ਕਿ ਹੁਣ ਬੰਦਾ ਸਿੰਘ ਦਾ ਪਿੱਛਾ ਕਰਨ ਵਿਚ ਬਾਦਸ਼ਾਹ ਦੀ ਭੋਰਾ-ਭਰ ਵੀ ਦਿਲਚਸਪੀ ਨਹੀਂ ਸੀ। ਬੰਦਾ ਸਿੰਘ ਦੂਰ ਪਹਾੜਾਂ ਵਿਚ ਨਿਕਲ ਗਿਆ ਸੀ। ਸਿੰਘ ਸਰਦਾਰ ਕੁਝ ਸਮੇਂ ਲਈ ਉਰਾਂ-ਪਰਾਂ ਖਿੰਡ ਗਏ ਸਨ। ਇਕੱਠੀ ਸੈਨਾ ਲਈ ਘਾਹ-ਪਾਣੀ ਅਤੇ ਅਨਾਜ ਦੀ ਸਮੱਸਿਆ ਹੋਣੀ ਸੀ ਅਤੇ ਦੂਸਰਾ ਇਸ ਨੇ ਬਾਦਸ਼ਾਹ ਦੇ ਖੁਫੀਆ ਕਰਮਚਾਰੀਆਂ ਦੀ ਨਜ਼ਰ ਤੋਂ ਨਹੀਂ ਬਚ ਸਕਣਾ ਸੀ। ਜਦ ਤੱਕ ਬਾਦਸ਼ਾਹ ਦੀ ਮੌਜੂਦਗੀ ਪੰਜਾਬ ਵਿਚ ਰਹਿਣੀ ਸੀ ਉਦੋਂ ਤਕ ਹੁਣ ਸਿੱਧੀ ਗਹਿਗੱਚ ਲੜਾਈ ਤੋਂ ਸੰਕੋਚ ਕਰਨਾ ਹੀ ਠੀਕ ਸੀ। ਇਸ ਲਈ ਬੰਦਾ ਸਿੰਘ ਆਪਣੇ ਨਾਲ ਲੋੜ ਅਨੁਸਾਰ ਸਿੱਖ ਸੈਨਾ ਲੈ ਕੇ ਦੂਰ ਪਹਾੜਾਂ ਵਿਚ ਨਿਕਲ ਗਿਆ ਸੀ ਅਤੇ ਬਾਕੀ ਦੇ ਸਿੰਘ ਸਰਦਾਰ ਆਪੋ-ਆਪਣੇ ਜੱਥੇ ਲੈ ਕੇ ਮੌਕੇ ਅਨੁਸਾਰ ਆਪੋ-ਆਪਣੇ ਪਿੰਡਾਂ ਵੱਲ ਚਲੇ ਗਏ ਸਨ।

ਸੰਨ 1711 ਦੀ ਅਪਰੈਲ ਦੇ ਪਹਿਲੇ ਹਫ਼ਤੇ ਤੱਕ ਬਾਦਸ਼ਾਹ ਅਤੇ ਉਸ ਦਾ ਸਾਰਾ ਸ਼ਾਹੀ ਕੈਂਪ ਲੋਹਗੜ੍ਹ ਦੇ ਨੇੜੇ ਹੀ ਰਿਹਾ ਸੀ। ਇਹ ਸਾਰੀ ਥਾਂ ਸ਼ਾਹੀ ਸ਼ਿਕਾਰਗਾਹ ਸੀ। ਅਸਲ ਵਿਚ ਲੋਹਗੜ੍ਹ ਦੇ ਕਿਲ੍ਹੇ ਵਾਲੀ ਥਾਂ ਬਾਦਸ਼ਾਹ ਸ਼ਾਹ ਜਹਾਨ ਦੇ ਸ਼ਿਕਾਰ ਵਾਸਤੇ ਹੀ ਰਾਖਵੀਂ ਰੱਖੀ ਹੋਈ ਸੀ। ਅਪਰੈਲ ਦੀ 10 ਤਾਰੀਖ ਨੂੰ ਬਾਦਸ਼ਾਹ ਬਨੂੜ ਦੇ ਨੇੜੇ ਪਹੁੰਚ ਗਿਆ ਸੀ। 20 ਅਪਰੈਲ ਨੂੰ ਰੋਪੜ ਪਹੁੰਚ ਗਿਆ ਸੀ। ਬਨੂੜ ਤੋਂ ਰੋਪੜ ਮਸਾਂ ਇਕੋ ਦਿਨ ਦਾ ਫਾਸਲਾ ਹੈ ਪਰ ਬਾਦਸ਼ਾਹ ਨੇ ਪੂਰੇ ਦਸ ਦਿਨ ਲਾਏ ਸੀ। ਇਸ ਤੋਂ ਸਾਬਤ ਹੁੰਦਾ ਹੈ ਕਿ ਉਸ ਦੇ ਅੱਗੇ ਵਧਣ ਦਾ ਜਾਂ ਸਿੰਘਾਂ ਦਾ ਪਿੱਛਾ ਕਰਨ ਦਾ ਕੋਈ ਨੀਯਤ ਪਰੋਗਰਾਮ ਨਹੀਂ ਸੀ। ਸੱਤ ਮਈ ਨੂੰ ਸਤਲੁਜ ਪਾਰ ਕਰਕੇ ਬਾਦਸ਼ਾਹ ਦੁਆਬ ਜਲੰਧਰ ਦੇ ਖੇਤਰ ਵਿਚ ਪਹੁੰਚ ਗਿਆ ਸੀ। 14 ਮਈ ਨੂੰ ਉਸ ਨੇ ਖਾਨ ਬਹਾਦੁਰ ਰੁਸਤਮ ਜੰਗ ਨੂੰ ਇਕ ਤਕੜੀ ਫੌਜ ਦੇ ਕੇ ਬੰਦਾ ਸਿੰਘ ਬਹਾਦੁਰ ਦੀ ਭਾਲ ਕਰਨ ਵਾਸਤੇ ਭੇਜਿਆ। ਉਸ ਦੇ ਨਾਲ ਮੁਗ਼ਲ ਬੇਗ ਖਾਨ, ਦੁਰਲੱਭ ਖਾਨ, ਅਬਦੁਸ ਸੱਮਦ ਖਾਨ, ਇਨਾਇਤ ਖਾਨ ਅਤੇ ਮੁਹੰਮਦ ਅਮੀਨ ਖਾਨ ਆਦਿ ਨਿਯੁਕਤ ਕੀਤੇ ਗਏ। ਇਨ੍ਹਾਂ ਸਭ ਦੀ ਬੰਦਾ ਸਿੰਘ ਦਾ ਖੁਰਾ-ਖੋਜ ਨੱਪਣ ਦੀ ਡਿਊਟੀ ਲਗਾ ਕੇ ਬਾਦਸ਼ਾਹ 3 ਮਈ ਨੂੰ ਹੁਸ਼ਿਆਰਪੁਰ ਪਹੁੰਚ ਗਿਆ। ਇਥੇ ਹੀ ਸਿਰੀ ਨਗਰ ਦੇ ਰਾਜਾ ਵਲੋਂ ਬਾਦਸ਼ਾਹ ਦੀ ਖੁਸ਼ੀ ਹਾਸਲ ਕਰਨ ਲਈ ਪੰਝੀ ਸਿੱਖਾਂ ਦੇ ਸਿਰ ਕਤਲ ਕਰਕੇ ਭੇਜੇ ਗਏ ਸਨ। *ਅਖ਼ਬਾਰ-ਏ-ਦਰਬਾਰ-ਏ-ਮੁਅੱਲਾ* ਦੀ 30 ਮਈ, 1711 ਦਿਨ ਬੁੱਧਵਾਰ ਦੀ ਖ਼ਬਰ ਵਿਚ ਦੱਸਿਆ ਗਿਆ ਹੈ ਕਿ ਬਖ਼ਸ਼ੀ-ਉਲ-ਮੁਮਾਲਿਕ ਨੇ ਬਾਦਸ਼ਾਹ ਨੂੰ ਦੱਸਿਆ ਹੈ ਕਿ ਕਮਾਓਂ ਦੇ ਜ਼ਿੰਮੀਦਾਰ ਰਾਜਾ ਜਗਤ ਸਿੰਘ ਨੇ ਆਪਣੀ ਜ਼ਿੰਮੀਦਾਰੀ ਸਿਰੀ ਨਗਰ ਦੇ ਖੇਤਰ ਵਿਚੋਂ ਬੀਹ ਨਾਨਕ-ਨਾਮ ਲੇਵਾ ਸਿੱਖਾਂ ਦੇ ਸਿਰ ਲਾਹ ਕੇ ਭੇਜੇ ਹਨ। ਉਸ ਨੇ ਇਹ ਸਿਰ ਬਾਦਸ਼ਾਹ ਦੇ ਹਜ਼ੂਰ ਭੇਜੇ ਹਨ। ਬਾਦਸ਼ਾਹ ਨੇ ਹੁਕਮ ਦਿਤਾ ਹੈ ਕਿ ਇਹ ਸਿਰ ਸਰਬਰਾਹ ਖ਼ਾਨ ਕੋਤਵਾਲ ਪਾਸ ਭੇਜ ਦਿਤੇ ਜਾਣ ਤਾਂ ਕਿ ਉਹ ਇਨ੍ਹਾਂ ਨੂੰ ਚੁਰਸਤੇ ਵਿਚ ਰੱਖ ਸਕੇ।[1] ਬਾਦਸ਼ਾਹ ਨੇ ਹੁਕਮ ਦਿਤਾ ਕਿ ਇਨ੍ਹਾਂ ਨੂੰ ਚੁਰਸਤੇ ਵਿਚ ਸੁੱਟ ਦੇਵੋ। ਪਹਿਲੀ ਜੂਨ ਨੂੰ ਇਥੇ ਹੀ ਮਾਤਾ ਸੁੰਦਰੀ ਜੀ ਦਾ ਮੁਤਬੰਨਾ ਪੁੱਤਰ ਅਜੀਤ ਸਿੰਘ ਬਾਦਸ਼ਾਹ ਦੇ ਪੇਸ਼ ਹੋਇਆ। ਉਸ ਨੇ ਦੱਸਿਆ ਕਿ ਮੁਸਲਮਾਨ ਸੈਨਿਕ ਉਸ ਨੂੰ ਤੰਗ ਪਰੇਸ਼ਾਨ ਕਰਦੇ ਹਨ। ਬਾਦਸ਼ਾਹ ਨੇ ਹੁਕਮ ਦਿੱਤਾ ਕਿ ਅੱਗੇ ਤੋਂ ਸਰਬਰਾਹ ਖਾਨ ਕੋਤਵਾਲ ਇਸ ਗੱਲ ਦਾ ਖਿਆਲ ਰੱਖੇ ਕਿ ਮੁਸਲਮਾਨ ਸੈਨਿਕ ਉਸ ਨੂੰ ਤੰਗ ਪਰੇਸ਼ਾਨ ਨਾ ਕਰ ਸਕਣ। ਇਸ ਨੇ ਬਾਦਸ਼ਾਹ ਦਾ ਵਫ਼ਾਦਾਰ ਰਹਿਣ ਦਾ ਵਾਇਦਾ ਦੁਹਰਾਇਆ। *ਅਖ਼ਬਾਰ-ਏ-ਦਰਬਾਰ-ਏ-ਮੁਅੱਲਾ* ਦੀ 1 ਜੂਨ, 1711 ਦਿਨ ਸ਼ੁਕਰਵਾਰ ਦੀ ਖ਼ਬਰ ਵਿਚ ਇਸ ਬਾਰੇ ਇਉਂ ਜਾਣਕਾਰੀ ਦਿਤੀ ਗਈ ਹੈ : 'ਸਰਬਰਾਹ ਖਾਨ ਨੇ ਬਾਦਸ਼ਾਹ ਨੂੰ ਦੱਸਿਆ ਹੈ ਕਿ ਅਜੀਤ ਸਿੰਘ, ਮੁਤਬੰਨਾ ਪੁੱਤਰ ਗੁਰੂ ਗੋਬਿੰਦ ਸਿੰਘ, ਬਾਦਸ਼ਾਹ ਨੂੰ ਨਜ਼ਰਾਨਾ ਪੇਸ਼ ਕਰਨ ਲਈ ਆਇਆ ਹੈ। ਉਸ ਨੂੰ ਬਾਦਸ਼ਾਹ ਅੱਗੇ ਪੇਸ਼ ਹੋਣ ਦੀ ਇਜ਼ਾਜਤ ਦਿਤੀ ਗਈ। ਉਹ ਹਮੀਦ-ਉ-ਦੀਨ ਖਾਨ ਬਹਾਦੁਰ ਦੁਆਰਾ

---

1. *The panjab Past and Present,* Punjabi University, Patiala, October, 1984, p. 71.

SIKHBOOKCLUB.COM

ਬਾਦਸ਼ਾਹ ਦੇ ਹਜ਼ੂਰ ਪੇਸ਼ ਹੋਇਆ । ਉਸ ਨੇ ਪੰਜ ਮੋਹਰਾਂ ਨਜ਼ਰਾਨੇ ਵਜੋਂ ਪੇਸ਼ ਕੀਤੀਆਂ । ਬਾਦਸ਼ਾਹ ਨੇ ਉਸ ਨੂੰ ਤੋਹਫ਼ਾ ਦਿਤਾ । ਇਸ ਦੇ ਨਾਲ ਹੀ ਸਰਬਰਾਹ ਖਾਨ ਨੇ ਬੇਨਤੀ ਕੀਤੀ ਕਿ ਅਜੀਤ ਸਿੰਘ ਸ਼ਾਹੀ ਫੌਜ ਦੇ ਸਿਪਾਹੀਆਂ ਹੱਥੋਂ ਤੰਗ-ਪਰੇਸ਼ਾਨ ਕਰਨ ਦੀ ਸ਼ਿਕਾਇਤ ਕਰਦਾ ਹੈ । ਬਾਦਸ਼ਾਹ ਨੇ ਹੁਕਮ ਦਿਤਾ ਕਿ ਉਹ ਸਰਬਰਾਹ ਖਾਨ ਦੀ ਹਿਫ਼ਾਜਤ ਵਿਚ ਆ ਜਾਵੇ । ਇਹ ਖਾਨ ਉਸ ਦੀ ਸੁਰੱਖਿਆ ਯਕੀਨੀ ਬਣਾਵੇਗਾ ।[2]

13 ਜੂਨ ਨੂੰ ਬਾਦਸ਼ਾਹ ਬਿਆਸ ਦਰਿਆ ਨੂੰ ਸਿਰੀ ਹਰਿਗੋਬਿੰਦਪੁਰ ਦੇ ਪੱਤਣ ਤੋਂ ਬੇੜੀਆਂ ਦੇ ਪੁਲ ਰਾਹੀਂ ਪਾਰ ਕਰ ਰਿਹਾ ਸੀ । ਪਾਰ ਕਰਦੇ ਸਮੇਂ ਹੀ ਜ਼ੋਰ ਦਾ ਮੀਂਹ ਉਤਰ ਆਇਆ ਸੀ ਜਿਸ ਨਾਲ ਬੇੜੀਆਂ ਦਾ ਪੁਲ ਟੁੱਟ ਗਿਆ ਸੀ ਅਤੇ ਸ਼ਾਹੀ ਫੌਜ ਦੇ ਅਨੇਕਾਂ ਸਿਪਾਹੀ ਦਰਿਆ ਵਿਚ ਡੁੱਬ ਗਏ ਸਨ । ਅਖ਼ੀਰ ਕਾਹਨੂੰਵਾਨ, ਚਮਿਆਰੀ ਅਤੇ ਪੰਜ ਗਰਾਈਆਂ ਦੇ ਨੇੜਿਓਂ ਦੀ ਹੁੰਦਾ ਹੋਇਆ ਇਹ ਸ਼ਾਹੀ ਲਸ਼ਕਰ ਪਹਿਲੀ ਅਗਸਤ ਨੂੰ ਲਾਹੌਰ ਪਹੁੰਚ ਗਿਆ ਸੀ । ਲਾਹੌਰ ਪਹੁੰਚ ਕੇ ਬਾਦਸ਼ਾਹ ਨੇ ਆਪਣਾ ਡੇਰਾ ਸ਼ਾਹੀ ਕਿਲ੍ਹੇ ਵਿਚ ਨਹੀਂ ਕੀਤਾ ਸਗੋਂ ਦਰਿਆ ਰਾਵੀ ਦੇ ਕੰਢੇ ਤੇ ਵਸੇ ਪਿੰਡ ਆਲੂਵਾਲਾ ਦੇ ਪਾਸ ਕੀਤਾ ਸੀ । ਸ਼ਾਹਜ਼ਾਦਾ ਆਜ਼ੀਮੁਸ਼ਾਨ ਦਾ ਡੇਰਾ ਪਿੰਡ ਅਵਾਨ ਪਾਸ ਕੀਤਾ ਗਿਆ ਸੀ । ਸ਼ਾਹਜ਼ਾਦਾ ਮੁਅੱਜ਼ੁਦੀਨ ਦਾ ਡੇਰਾ ਪਰਵੇਜ਼ਾਬਾਦ ਮੰਡੀ ਦੇ ਨੇੜੇ ਕੀਤਾ ਗਿਆ ਸੀ । ਸ਼ਾਹਜ਼ਾਦਾ ਰਫ਼ੀ-ਉ-ਸ਼ਾਨ ਦਾ ਡੇਰਾ ਦਰਿਆ ਦੇ ਹੀ ਕੰਢੇ ਧਰਮੂ ਦੇ ਬਾਗ ਪਾਸ ਕੀਤਾ ਗਿਆ ਸੀ ਅਤੇ ਮੁਹੰਮਦ ਜ਼ਮਾਨ ਸ਼ਾਹ ਦਾ ਡੇਰਾ ਸ਼ਾਹਮੀਰ ਖੁਸ਼ ਦੇ ਮੈਦਾਨ ਵਿਚ ਕੀਤਾ ਗਿਆ ਸੀ । ਬਾਦਸ਼ਾਹ ਦਾ ਡੇਰਾ ਸਭ ਦੇ ਵਿਚਕਾਰ ਸੀ । ਡੇਰਿਆਂ ਦੇ ਆਲੇ ਦੁਆਲੇ ਗੱਡਿਆਂ ਦੀ ਵਾੜ ਕੀਤੀ ਗਈ ਤਾਂ ਕਿ ਬੰਦਾ ਸਿੰਘ ਬਹਾਦੁਰ ਕਦੇ ਵੀ ਅਚਨਚੇਤ ਡੇਰੇ ਉਪਰ ਨਾ ਆ ਝਪਟੇ । ਗੱਡਿਆਂ ਨੂੰ ਲੰਘਣਾ ਕਿਉਂਕਿ ਘੋੜਿਆਂ ਵਾਸਤੇ ਔਖਾ ਸੀ । ਲਾਹੌਰ ਦੇ ਆਲੇ ਦੁਆਲੇ ਦੇ ਪਿੰਡਾਂ ਵਿਚੋਂ ਸਭ ਗੱਡੇ ਇਕੱਠੇ ਕਰ ਲਏ ਗਏ ਸਨ । ਬਾਦਸ਼ਾਹ ਇਸ ਸਮੇਂ ਤਕ ਵੱਡੀ ਉਮਰ ਦੇ ਤਕਾਜ਼ੇ ਕਾਰਣ ਕੁਝ ਕੁ ਸਿਰਫਿਰਿਆ ਵੀ ਹੋ ਗਿਆ ਸੀ । ਬੰਦਾ ਸਿੰਘ ਦਾ ਸਹਿਮ ਵੀ ਉਸ ਨੂੰ ਡਰਾ ਰਿਹਾ ਸੀ । ਹਰ ਛੋਟੀ ਵੱਡੀ ਬਦਸ਼ਗਨੀ ਤੋਂ ਉਸ ਨੂੰ ਸ਼ੱਕ ਹੋ ਰਿਹਾ ਸੀ । ਬਾਦਸ਼ਾਹੀ ਕੈਂਪ ਦੇ ਨੇੜੇ ਰਾਤ ਨੂੰ ਕੁੱਤਿਆਂ ਦੇ ਭੌਂਕਣ ਦੀਆਂ ਆਵਾਜ਼ਾਂ ਆਉਂਦੀਆਂ ਸਨ । ਇਨ੍ਹਾਂ ਆਵਾਜ਼ਾਂ ਨੂੰ ਸੁਣ ਕੇ ਬਾਦਸ਼ਾਹ ਘਬਰਾ ਜਾਂਦਾ ਸੀ । ਉਸ ਨੇ ਸਾਰੇ ਕੁੱਤਿਆਂ ਨੂੰ ਮਾਰ ਦੇਣ ਦੇ ਹੁਕਮ ਕਰ ਦਿੱਤੇ । ਕਦੇ ਨਾ ਕਦੇ ਗਧੇ ਹੀਂਗਣ ਦੀਆਂ ਆਵਾਜ਼ਾਂ ਵੀ ਆ ਜਾਂਦੀਆਂ ਸਨ । ਉਨ੍ਹਾਂ ਨੂੰ ਵੀ ਮਾਰ ਦੇਣ ਦੇ ਹੁਕਮ ਸੁਣਾ ਦਿੱਤੇ । ਜਦੋਂ ਇਹ ਦੱਸਿਆ ਕਿ ਇਹ ਗਧੇ ਤਾਂ ਉਨ੍ਹਾਂ ਮਾਲ ਢੋਣ ਵਾਲੇ ਲੋਕਾਂ ਦੇ ਹਨ ਜਿਹੜੇ ਬਾਦਸ਼ਾਹੀ ਫੌਜ ਨੂੰ ਘਾਹ-ਪੱਠਾ ਮੁਹੱਈਆ ਕਰਦੇ ਹਨ, ਫਿਰ ਕਿਹਾ ਗਿਆ ਕਿ ਇਨ੍ਹਾਂ ਗਧਿਆਂ ਨੂੰ ਕੈਂਪ ਤੋਂ ਇਤਨੀ ਦੂਰ ਰੱਖਿਆ ਜਾਵੇ ਕਿ ਇਹ ਆਵਾਜ਼ਾਂ ਸੁਣਾਈ ਨਾ ਦੇ ਸਕਣ ।

ਬਾਦਸ਼ਾਹ ਦਾ ਹੁਕਮ ਸੀ ਕਿ ਸਿੱਖਾਂ ਨੂੰ ਦੇਖਦਿਆਂ ਸਾਰ ਹੀ ਗੋਲੀ ਮਾਰ ਦਿੱਤੀ ਜਾਵੇ । 'ਤਾਰੀਖ-ਏ-ਮੁਹੰਮਦ-ਸ਼ਾਹੀ' ਵਿਚ ਇਹ ਜ਼ਿਕਰ ਕੀਤਾ ਗਿਆ ਹੈ ਕਿ ਇਨ੍ਹਾਂ ਦਿਨਾਂ ਵਿਚ ਹੀ ਸਿੱਖਾਂ ਦੇ ਕਤਲੇਆਮ ਦਾ ਸ਼ਾਹੀ ਫੁਰਮਾਨ ਵੀ ਇਥੇ ਪੁੱਜ ਗਿਆ ਸੀ । ਇਸ ਦੀ ਆੜ ਹੇਠ ਪਿੰਡਾਂ ਵਿਚੋਂ ਲੱਭ ਲੱਭ ਕੇ ਸਿੱਖਾਂ ਨੂੰ ਮਾਰ ਦਿਤਾ ਗਿਆ ਸੀ । ਬਾਦਸ਼ਾਹੀ ਕੈਂਪ ਦੇ ਇਕ ਪਾਸੇ ਸੰਨਿਆਸੀ ਸਾਧਾਂ ਦਾ ਡੇਰਾ ਸੀ । ਸੰਨਿਆਸੀ ਸਾਧਣਾਂ ਦੇ ਕੇਸ ਰੱਖੇ ਹੁੰਦੇ ਸੀ । ਇਕ ਦਿਨ ਇਕ ਸੰਨਿਆਸਣ ਭਗਤੀ ਵਿਚ ਲੀਨ ਹੋਈ ਬੈਠੀ ਸੀ । ਉਸ ਦੇ ਸਿਰ ਦੇ ਕੇਸ ਬਹੁਤ ਲੰਮੇ ਸਨ ਅਤੇ ਪਿੱਛੇ ਨੂੰ ਸੁੱਟੇ ਹੋਏ ਸਨ । ਮੁਗ਼ਲ ਫੌਜੀਆਂ ਦੀ ਇਕ ਟੁਕੜੀ ਜਦੋਂ ਇਥੋਂ ਦੀ ਲੰਘ ਰਹੀ ਸੀ ਤਾਂ ਉਨ੍ਹਾਂ ਨੇ ਲੰਮੇ ਵਾਲਾਂ ਵਾਲੀ ਇਸ ਸੰਨਿਆਸਣ ਨੂੰ ਤੱਕਿਆ । ਇਸ ਨੂੰ ਸਿੱਖ ਸਮਝ ਕੇ ਇਸ ਦੇ ਪੇਟ ਵਿਚ ਛੁਰੇ ਮਾਰ ਕੇ ਇਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ । ਇਸ ਨਾਲ ਰੌਲਾ ਪੈ ਗਿਆ । ਹਿੰਦੂ-ਮੁਸਲਿਮ ਫਸਾਦ ਹੋਣ ਦੀ ਨੌਬਤ ਆ ਪਹੁੰਚੀ । ਬਾਦਸ਼ਾਹ ਨੇ ਰਾਜਪੂਤ ਰਾਜਿਆਂ ਨੂੰ ਭੇਜ ਕੇ ਇਹ ਫਸਾਦ ਰੁਕਵਾਏ ਅਤੇ ਅੱਗੇ ਤੋਂ ਐਸੀ ਨੌਬਤ ਨਾ ਆ ਜਾਵੇ, ਇਸ ਤੋਂ ਬਚਣ ਲਈ ਇਹ ਹੁਕਮ ਜਾਰੀ ਕਰ ਦਿੱਤਾ ਗਿਆ ਕਿ ਕੋਈ ਵੀ ਹਿੰਦੂ ਨਾ ਸਿਰ ਦੇ ਕੇਸ ਰੱਖੇ ਅਤੇ ਨਾ ਹੀ ਦਾੜ੍ਹੀ, ਤਾਂ ਕਿ ਕੋਈ ਵੀ ਹਿੰਦੂ, ਸਿੱਖ ਹੋਣ ਦੇ ਭੁਲੇਖੇ ਵਿਚ ਨਾ ਮਾਰਿਆ ਜਾਵੇ । ਇਸ ਹੁਕਮ ਨਾਲ ਹਿੰਦੂਆਂ ਉਪਰ ਇਕ ਨਵੀਂ ਬਿਪਤਾ ਆ ਡਿੱਗੀ । ਮੁਸਲਮਾਨ ਨਾਈ ਆਪ-ਮੁਹਾਰੇ ਹਿੰਦੂਆਂ ਦੇ ਕੇਸ ਤੇ ਦਾੜ੍ਹੀਆਂ ਨੂੰ ਮੁੰਨਣ ਲਈ ਗਲੀਆਂ-ਬਜ਼ਾਰਾਂ ਵਿਚ ਘੁੰਮਣ ਲੱਗ ਪਏ ਸਨ । ਜਿਥੇ ਕਿਤੇ ਵੀ ਕੋਈ ਕੇਸ-ਦਾੜ੍ਹੀ ਵਾਲਾ ਹਿੰਦੂ ਮਿਲਦਾ ਸੀ ਉਥੇ ਹੀ ਰੋਕ ਕੇ ਉਸ ਦੇ ਕੇਸ-ਦਾੜ੍ਹੀ ਮੁੰਨ ਦਿੱਤੇ ਜਾਂਦੇ ਸਨ । ਬਾਲਟੀਆਂ ਵਿਚ ਗੰਦਾ ਪਾਣੀ ਹੁੰਦਾ ਸੀ । ਇਸੇ ਹੀ ਗੰਦੇ ਪਾਣੀ ਨਾਲ ਹਿੰਦੂਆਂ ਦੇ ਮੁੰਨੇ ਹੋਏ ਸਿਰ-ਮੂੰਹ ਧੋ ਦਿੱਤੇ ਜਾਂਦੇ ਸਨ । ਜਿਹੜੇ ਸਰਕਾਰੀ ਨੌਕਰੀ ਵਿਚਲੇ ਉੱਚੇ-ਰੁਤਬਿਆਂ ਵਾਲੇ ਹਿੰਦੂ ਸਨ ਉਹ ਆਪਣੇ ਘਰਾਂ ਵਿਚੋਂ ਹੀ ਆਪਣੇ ਕੇਸ-ਦਾੜ੍ਹੀ ਮੁਨਾ ਕੇ ਤੁਰਦੇ ਸਨ ।

ਦਸਤੂਰ-ਉਲ-ਇਨਸਾ ਅਤੇ ਰੁੱਕਾਤ-ਏ-ਅਮੀਨ-ਉਲ-ਦੌਲਾ ਦੇ ਪੰਜਵੇਂ ਰੁੱਕੇ ਵਿਚ ਦੱਸਿਆ ਗਿਆ ਹੈ ਕਿ : 'ਉਸੇ ਦਿਨ ਜਿਸ ਦਿਨ ਨਾਨਕ-ਪ੍ਰਸਤਾਂ ਨੂੰ ਉਨ੍ਹਾਂ ਦੀਆਂ ਸ਼ਰਾਰਤਾਂ ਦੀ ਸਜ਼ਾ ਮਿਲੀ, ਸ਼ਾਹੀ ਹੁਕਮ ਜਾਰੀ ਹੋਇਆ ਕਿ ਸ਼ਾਹੀ ਲਸ਼ਕਰ ਦੇ ਸਾਰੇ ਹਿੰਦੂਆਂ ਦੀਆਂ ਦਾੜ੍ਹੀਆਂ ਕੱਟ ਦਿੱਤੀਆਂ ਜਾਣ ਅਤੇ ਸਾਰੇ ਸੂਬੇ ਵਿਚ ਹੁਕਮ ਉਜਾਗਰ ਕਰ ਦਿੱਤਾ ਜਾਏ ਕਿ ਬੇਦੀਨ ਲੰਮੀ ਦਾੜ੍ਹੀ ਨਾ ਰੱਖੇ ਅਤੇ ਜੇ ਕੋਈ ਅਜਿਹਾ ਮਿਲ ਜਾਵੇ ਤਾਂ ਉਸ ਦੀ ਦਾੜ੍ਹੀ ਪੁੱਟ ਦਿੱਤੀ ਜਾਏ । ਚੁਨਾਂਚਿ ਸਾਰੇ ਬਾਦਸ਼ਾਹੀ ਦੇਸ਼

2. *Ibid.*, p. 71.

SIKHBOOKCLUB.COM

ਵਿਚ ਇਹ ਗੱਲ ਨਸ਼ਰ ਕਰ ਦਿੱਤੀ ਗਈ। ਬਾਦਸ਼ਾਹੀ ਕੈਂਪ ਵਿਚ ਇਸ ਹੁਕਮ ਨੇ ਇਹ ਰੂਪ ਧਾਰ ਲਿਆ ਕਿ ਫੌਜਾਂ ਦੇ ਦਿਓ-ਕੱਦ ਸਰਦਾਰ ਨਾਈਆਂ ਨੂੰ ਨਾਲ ਲੈ ਕੇ ਗੰਦੇ ਪਾਣੀ ਦੀਆਂ ਚਿਲਮਚੀਆਂ ਸਮੇਤ ਗਲੀਆਂ ਅਤੇ ਬਜ਼ਾਰਾਂ ਵਿਚ ਜਿਸ ਕਿਸੇ ਨੂੰ ਦੇਖਦੇ, ਨਿਰਾਦਰੀ ਨਾਲ ਉਸ ਦੀ ਦਾੜ੍ਹੀ ਮੁੰਨ ਦਿੰਦੇ ਅਤੇ ਉਸ ਦੀ ਪਗੜੀ ਤੇ ਜਾਮਾ ਲਾਹ ਦਿੰਦੇ ਸਨ। ਬਾਦਸ਼ਾਹ ਅਤੇ ਸ਼ਾਹਜ਼ਾਦਿਆਂ ਦੇ ਦਫ਼ਤਰਾਂ ਦੇ ਜਾਣਕਾਰੀ ਮੁਤਸੱਦੀ ਅਤੇ ਦੂਸਰੇ ਹਿੰਦੂ ਆਪਣੀਆਂ ਦਾੜ੍ਹੀਆਂ ਆਪਣੇ ਆਪਣੇ ਘਰੀਂ ਹੀ ਮੁਨਾ ਕੇ ਹਜ਼ੂਰ ਆਉਂਦੇ ਸਨ।

ਲੋਹਗੜ੍ਹ ਵਿਚੋਂ ਨਿਕਲ ਜਾਣ ਤੋਂ ਬਾਅਦ ਬੰਦਾ ਸਿੰਘ ਦੀਆਂ ਕਾਰਵਾਈਆਂ : ਜਿਵੇਂ ਕਿ ਪਹਿਲਾਂ ਵੀ ਲਿਖਿਆ ਜਾ ਚੁੱਕਿਆ ਹੈ ਕਿ ਲੋਹਗੜ੍ਹ ਦੇ ਅਤਿ ਮਜ਼ਬੂਤ ਮੁਗਲ ਫੌਜ ਦੇ ਘੇਰੇ ਵਿਚੋਂ ਬੰਦਾ ਸਿੰਘ ਬਹਾਦੁਰ ਅਤੇ ਉਸ ਦੇ ਸਿੰਘ ਦਲ ਦਾ ਬਚ ਕੇ ਨਿਕਲ ਜਾਣਾ ਮੁਗਲ ਫੌਜ ਲਈ ਭਾਰੀ ਨਮੋਸ਼ੀ ਵਾਲੀ ਗੱਲ ਸੀ। ਮੁਗਲ ਫੌਜ ਦੇ ਵੱਡੇ ਵੱਡੇ ਜਰਨੈਲ ਅਤੇ ਵਜ਼ੀਰ ਸਭ ਆਪਣੇ ਹੱਥ ਮਲਦੇ ਹੀ ਰਹਿ ਗਏ ਸਨ। ਬੰਦਾ ਸਿੰਘ ਬਹਾਦੁਰ ਅਤੇ ਉਸ ਦੇ ਸਿੰਘ ਸਾਥੀ ਕੁਝ ਦੇਰ ਤਾਂ ਖਿੰਡ-ਪੁੰਡ ਕੇ ਪਹਾੜਾਂ ਵਿਚ ਵਿਚਰਦੇ ਰਹੇ। ਜਦੋਂ ਕੁਝ ਦਿਨਾਂ ਦੇ ਆਰਾਮ ਬਾਅਦ ਉਹ ਤਾਜ਼ਾ ਦਮ ਹੋ ਗਏ ਤਾਂ ਸਾਰੇ ਸਿੰਘ ਜੱਥੇ ਬੰਦਾ ਸਿੰਘ ਦੇ ਹੁਕਮ ਮੁਤਾਬਕ ਕੀਰਤਪੁਰ ਸਾਹਿਬ ਵਿਖੇ ਇਕੱਠੇ ਹੋਣੇ ਸ਼ੁਰੂ ਹੋ ਗਏ। ਇਸ ਇਕੱਠੇ ਹੋਏ ਤਾਜ਼ਾਦਮ ਖਾਲਸੇ ਨੇ ਸਭ ਤੋਂ ਪਹਿਲੀ ਮਾਰ ਬਿਲਾਸਪੁਰ ਤੇ ਕੀਤੀ। ਬਿਲਾਸਪੁਰ, ਰਿਆਸਤ ਕਹਿਲੂਰ ਦੀ ਰਾਜਧਾਨੀ ਸੀ ਅਤੇ ਰਿਆਸਤ ਕਹਿਲੂਰ ਹੀ ਗੁਰੂ ਗੋਬਿੰਦ ਸਿੰਘ ਨਾਲ ਲੜਾਈਆਂ ਕਰਨ ਵਾਲੀ ਇਕ ਪਹਾੜੀ ਰਿਆਸਤ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ 1705 ਈ. ਵਿਚ ਆਨੰਦਪੁਰ ਸਾਹਿਬ ਖਾਲੀ ਕੀਤਾ ਸੀ ਤਾਂ ਕਹਿਲੂਰ ਦੀ ਫੌਜ ਨੇ ਹੀ ਆਨੰਦਪੁਰ ਸਾਹਿਬ ਵਿਖੇ ਸਭ ਰਿਹਾਇਸ਼ੀ ਮਕਾਨਾਂ ਨੂੰ, ਸਮੇਤ ਕਿਲ੍ਹਿਆਂ ਦੇ ਢਾਹ ਦਿੱਤਾ ਸੀ। ਆਨੰਦਪੁਰ ਸਾਹਿਬ ਨੂੰ ਢਹਿ-ਢੇਰੀ ਕਰਨ ਦਾ ਜਿੰਮਾ ਸਾਰੇ ਦਾ ਸਾਰਾ ਕਹਿਲੂਰ ਦੀ ਰਿਆਸਤ ਉਪਰ ਹੀ ਸੀ। ਸਰਹਿੰਦ ਦੀ ਫਤਿਹ ਤੋਂ ਬਾਅਦ ਜੇਕਰ ਬਾਦਸ਼ਾਹ ਬਹਾਦੁਰ ਸ਼ਾਹ ਬੰਦਾ ਸਿੰਘ ਦੇ ਵਿਰੁੱਧ ਪੰਜਾਬ ਵਿਚ ਨਾ ਆਉਂਦਾ ਤਾਂ ਬੰਦਾ ਸਿੰਘ ਨੇ ਸਰਹਿੰਦ ਤੋਂ ਬਾਅਦ ਕਹਿਲੂਰ ਰਿਆਸਤ ਉਪਰ ਹੀ ਹਮਲਾ ਕਰਨਾ ਸੀ ਪਰ ਬਾਦਸ਼ਾਹ ਦੇ ਆ ਜਾਣ ਕਰਕੇ ਬੰਦਾ ਸਿੰਘ ਇੱਧਰ ਨਹੀਂ ਆ ਸਕਿਆ।

ਬਾਦਸ਼ਾਹ ਇਸ ਸਮੇਂ ਲਾਹੌਰ ਵਿਖੇ ਕੈਂਪ ਲਾਈ ਬੈਠਾ ਸੀ ਅਤੇ ਬੰਦਾ ਸਿੰਘ ਬਹਾਦੁਰ, ਬਾਦਸ਼ਾਹ ਦੇ ਇਧਰ ਤੁਰਨ ਤੋਂ ਪਹਿਲਾਂ ਨਿੱਕੀਆਂ ਮੋਟੀਆਂ ਪਹਾੜੀ ਰਿਆਸਤਾਂ ਨੂੰ ਜਿੱਤ ਕੇ ਆਪਣੀ ਸੈਨਿਕ ਤਾਕਤ ਨੂੰ ਮਜ਼ਬੂਤ ਕਰਨਾ ਚਾਹੁੰਦਾ ਸੀ। ਬਿਲਾਸਪੁਰ ਨੂੰ ਘੇਰ ਲਿਆ ਗਿਆ। ਪਹਾੜੀ ਫੌਜ ਨੂੰ ਬੜੀ ਆਸਾਨੀ ਨਾਲ ਹੀ ਭਾਂਜ ਦੇ ਦਿੱਤੀ ਗਈ। ਕਹਿਲੂਰ ਦੇ ਰਾਜੇ ਕੋਲੋਂ ਪੂਰਾ ਨਜ਼ਰਾਨਾ ਲਿਆ ਗਿਆ ਅਤੇ ਉਥੇ ਇਕ ਖਾਲਸਾ ਪੰਚਾਇਤ ਨੀਅਤ ਕਰ ਦਿੱਤੀ ਗਈ। ਰਾਜੇ ਨੇ ਇਸ ਖਾਲਸਾ ਪੰਚਾਇਤ ਦੀ ਸਲਾਹ ਨਾਲ ਰਾਜ ਕਰਨਾ ਸੀ।

ਅਖ਼ਬਾਰ-ਏ-ਦਰਬਾਰ-ਏ-ਮੁਅੱਲਾ ਵਿਚ ਕਹਿਲੂਰ ਨਾਲ ਸਬੰਧਤ ਦੋ ਖ਼ਬਰਾਂ ਛਪੀਆਂ ਹਨ। ਇਕ 15 ਅਪਰੈਲ, 1711 ਦੀ ਤੇ ਦੂਜੀ 2 ਜੁਲਾਈ, 1711 ਦੀ। ਦੂਜੀ ਵਿਚ ਦੱਸਿਆ ਗਿਆ ਹੈ ਕਿ ਬਾਦਸ਼ਾਹ ਨੂੰ ਸੂਚਨਾ ਭੇਜੀ ਗਈ ਹੈ ਕਿ ਬਾਗੀ ਬੰਦਾ ਸਿੰਘ ਬਸੀ ਦੇ ਜਿੰਮੀਦਾਰ ਧੀਰਜਪਾਲ ਦੀ ਜਿੰਮੀਦਾਰੀ ਦੇ ਤਅਲੁੱਕੇ ਵਿਚੋਂ ਦੀ ਗੁਜ਼ਰਿਆ ਹੈ ਅਤੇ ਉਹ ਬਿਆਸ ਦਰਿਆ ਪਾਰ ਕਰਕੇ ਕਹਿਲੂਰ ਵੱਲ ਨੂੰ ਗਿਆ ਹੈ। ਪਹਿਲੀ ਖ਼ਬਰ ਵਿਚ ਇਹ ਦੱਸਿਆ ਗਿਆ ਹੈ ਕਿ ਰਹੀਮ ਜਿੰਮੀਦਾਰ 5-ਸਵਾਰ ਅਤੇ 250 ਪੈਦਲ ਸਿਪਾਹੀ ਲੈ ਕੇ ਸਿੱਖਾਂ ਵਲੋਂ ਕਹਿਲੂਰ ਦੇ ਜਿੰਮੀਦਾਰ ਨੂੰ ਮਿਲਿਆ ਹੈ। ਉਸ ਨੇ ਬੰਦਾ ਸਿੰਘ ਵਲੋਂ ਕਹਿਲੂਰ ਦੇ ਜਿੰਮੀਦਾਰ ਨੂੰ ਭੇਜੇ ਹੋਏ ਪੱਤਰ ਅਤੇ ਕੁਝ ਬਸਤਰ ਭੇਟ ਕੀਤੇ। ਉਸ ਨਾਲ ਸਮਝੌਤਾ ਤਹਿ ਹੋਇਆ ਕਿ ਜ਼ਰੂਰਤ ਦੇ ਸਮੇਂ ਕਹਿਲੂਰ ਦੀ ਰਿਆਸਤ ਸਿੱਖਾਂ ਨੂੰ ਸ਼ਰਨ ਦੇਵੇਗੀ ਅਤੇ ਸ਼ਾਹੀ ਫੌਜਾਂ ਦਾ ਰਸਤਾ ਰੋਕੇਗੀ। ਕਹਿਲੂਰ ਦੇ ਰਾਜੇ ਨੇ ਇਹ ਸ਼ਰਤਾਂ ਮੰਨ ਲਈਆਂ ਹਨ। ਉਹ ਆਪਣੇ ਪੈਦਲ ਸਿਪਾਹੀਆਂ ਨੂੰ ਇਕੱਠੇ ਕਰ ਰਿਹਾ ਹੈ।[3]

ਕਹਿਲੂਰ ਦੇ ਰਾਜੇ ਨੂੰ ਆਪਣਾ ਸਾਥੀ ਬਣਾ ਲੈਣ ਬਾਅਦ ਬੰਦਾ ਸਿੰਘ ਨੇ ਸੁਕੇਤ ਦੇ ਰਾਜੇ ਕੋਲੋਂ ਨਜ਼ਰਾਨੇ ਲੈ ਕੇ ਮੰਡੀ ਰਿਆਸਤ ਉਪਰ ਚੜ੍ਹਾਈ ਕੀਤੀ। ਮੰਡੀ ਦਾ ਰਾਜਾ ਪਹਿਲੋਂ ਹੀ ਨਜ਼ਰਾਨੇ ਲੈ ਕੇ ਬੰਦਾ ਸਿੰਘ ਨੂੰ ਆ ਮਿਲਿਆ। ਉਸ ਨੇ ਖਾਲਸੇ ਦਾ ਸਤਿਕਾਰ ਕੀਤਾ ਅਤੇ ਮੰਡੀ ਸ਼ਹਿਰ ਵਿਚ ਖਾਲਸੇ ਦੇ ਠਹਿਰਾਅ ਦਾ ਇੰਤਜ਼ਾਮ ਕੀਤਾ। ਮੰਡੀ ਦੇ ਰਾਜੇ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵੀ ਗੁਰੂ ਜੀ ਦੇ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਸੀ ਸਗੋਂ ਉਹ ਗੁਰੂ ਘਰ ਦਾ ਸ਼ਰਧਾਲੂ ਹੀ ਰਿਹਾ ਸੀ। ਖਾਲਸੇ ਨੇ ਵੀ ਮੰਡੀ ਦੇ ਰਾਜੇ ਦੀ ਰਾਜਨੀਤਕ ਸ਼ਾਨ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਬੰਦਾ ਸਿੰਘ ਦੀ ਬਹਾਦੁਰੀ ਅਤੇ ਉਸ ਦੀ ਸੈਨਿਕ ਸੂਝ-ਬੂਝ ਤੋਂ ਮੰਡੀ ਦਾ ਰਾਜਾ ਬਹੁਤ ਪਰਭਾਵਤ ਹੋਇਆ ਸੀ। ਮੰਡੀ ਤੋਂ ਪਿੱਛੋਂ ਬੰਦਾ ਸਿੰਘ ਨੇ ਖਾਲਸਈ ਲਸ਼ਕਰ ਨਾਲ ਚੰਬੇ ਦੀ ਰਿਆਸਤ ਵਲ ਚੜ੍ਹਾਈ ਕੀਤੀ। ਚੰਬੇ ਦਾ ਰਾਜਾ ਵੀ ਮੰਡੀ ਦੇ ਰਾਜੇ ਵਾਂਗ ਬੜੇ ਸਤਿਕਾਰ ਨਾਲ, ਨਜ਼ਰਾਨੇ ਆਦਿ ਲੈ ਕੇ ਬੰਦਾ ਸਿੰਘ ਨੂੰ ਅੱਗੋਂ ਆ ਮਿਲਿਆ। ਉਸ ਨੇ ਸ਼ਾਹੀ ਮਹਿਲਾਂ ਵਿਚ ਬੰਦਾ ਸਿੰਘ ਦਾ ਉਤਾਰਾ ਕੀਤਾ ਅਤੇ ਖਾਲਸਈ ਲਸ਼ਕਰ ਲਈ ਹਰ ਲੋੜੀਂਦੀ ਵਸਤੂ ਮੁਹੱਈਆ ਕੀਤੀ।

3. *ਪੂਰਵ ਅੰਕਤ*, ਪੰਨੇ 60 ਅਤੇ 76.

SIKHBOOKCLUB.COM

ਬੰਦਾ ਸਿੰਘ ਬਹਾਦੁਰ ਅਜੇ ਤਕ ਕੁਆਰਾ ਹੀ ਸੀ ਅਤੇ ਇਸ ਸਮੇਂ ਸਿਰਫ 41-42 ਸਾਲਾਂ ਦੀ ਉਮਰ ਦਾ ਪੂਰਨ ਨੌਜੁਆਨ ਜਰਨੈਲ ਸੀ। ਇਸ ਕਰਕੇ, ਖਾਲਸੇ ਦੀ ਇੱਛਾ ਸੀ ਕਿ ਉਸ ਦਾ ਜਰਨੈਲ ਸ਼ਾਦੀ ਕਰਵਾਏ ਕਿਉਂਕਿ ਸਿੱਖ ਧਰਮ ਵਿਚ ਗਰਿਹਸਤੀ ਜੀਵਨ ਜਿਉਣ ਵਾਲੇ ਨੂੰ ਹੀ ਤਰਜੀਹ ਦਿੱਤੀ ਗਈ ਹੈ। ਗਰਿਹਸਤੀ ਜੀਵਨ ਤੋਂ ਪਰ੍ਹੇ ਰਹਿਣ ਵਾਲੇ ਵਿਅਕਤੀਆਂ ਲਈ ਸਿੱਖ ਧਰਮ ਵਿਚ ਕੋਈ ਥਾਂ ਨਹੀਂ ਸੀ। ਚੰਬੇ ਦੇ ਰਾਜੇ ਦੀ ਲੜਕੀ ਰਾਜਕੁਮਾਰੀ ਰਤਨਾ ਆਪਣੇ ਹੁਸਨ ਵਿਚ ਮੰਨੀ ਹੋਈ ਸੀ। ਸਾਰੀਆਂ ਪਹਾੜੀ ਰਿਆਸਤਾਂ ਵਿਚ ਉਸ ਦੇ ਹੁਸਨ ਦੀ ਚਰਚਾ ਸੀ। ਮੈਕਾਲਿਫ ਲਿਖਦਾ ਹੈ, 'ਕਾਲੇ, ਵੱਡੇ ਨੈਣਾਂ ਵਾਲੀ ਇਸ ਲੜਕੀ ਦੇ ਅੰਗ ਸੁਡੌਲ ਅਤੇ ਸੁੰਦਰ ਸਨ। ਉਹ ਇੰਨੀ ਖੂਬਸੂਰਤ ਸੀ ਕਿ ਕਈ ਇਤਿਹਾਸਕਾਰਾਂ ਨੇ ਉਸ ਨੂੰ ਸਾਖਿਆਤ ਪਿਆਰ ਦੀ ਦੇਵੀ ਦਾ ਹੀ ਰੂਪ ਮੰਨਿਆ ਹੈ।'[4]

ਚੰਬੇ ਦੇ ਰਾਜੇ ਨੇ ਖਾਲਸੇ ਨਾਲ ਪੱਕੇ ਤੌਰ ਤੇ ਰਾਜ਼ੀਨਾਮਾ ਕਰਨਾ ਚਾਹਿਆ। ਖਾਲਸੇ ਨੂੰ ਵੀ ਉਸ ਦੀ ਸਭ ਤੋਂ ਹੁਸੀਨ ਰਾਜਕੁਮਾਰੀ ਦਾ ਪਤਾ ਸੀ। ਖਾਲਸੇ ਨੇ ਜ਼ੋਰ ਪਾਇਆ ਕਿ ਉਸ ਰਾਜਕੁਮਾਰੀ ਨਾਲ ਬੰਦਾ ਸਿੰਘ ਸ਼ਾਦੀ ਕਰਵਾਵੇ ਕਿਉਂਕਿ ਇਨ੍ਹਾਂ ਸਬੰਧਾਂ ਨੇ ਖਾਲਸੇ ਅਤੇ ਪਹਾੜੀ ਰਾਜੇ ਵਿਚਕਾਰ ਸਬੰਧਾਂ ਨੂੰ ਇਕ ਨਵਾਂ ਮੋੜ ਦੇਣ ਵਾਲੀ ਘਟਨਾ ਬਣਨਾ ਸੀ। ਬੰਦਾ ਸਿੰਘ, ਬਾਦਸ਼ਾਹ ਬਣ ਚੁੱਕਿਆ ਸੀ। ਬਾਦਸ਼ਾਹ ਦਾ ਜਾਂ ਰਾਜੇ ਦਾ ਖ਼ਿਤਾਬ ਭਾਵੇਂ ਬੰਦਾ ਸਿੰਘ ਨੇ ਨਹੀਂ ਅਪਣਾਇਆ ਸੀ ਅਤੇ ਨਾ ਹੀ ਉਹ ਸ਼ਾਹੀ ਰਿਵਾਜ਼ਾਂ ਅਨੁਸਾਰ ਤਖ਼ਤ ਉਪਰ ਹੀ ਬੈਠਾ ਸੀ ਪਰ ਕਿਉਂਕਿ ਉਹ ਇਕ ਜੰਗਜੂ ਯੋਧਾ ਸੀ ਅਤੇ ਉਹ ਜੰਗੀ ਤਾਕਤ ਨਾਲ ਹੀ ਸਭ ਕੁਝ ਪਰਾਪਤ ਕਰ ਰਿਹਾ ਸੀ ਇਸ ਲਈ ਸ਼ਾਹੀ ਮਰਿਯਾਦਾ ਵਾਲੀਆਂ ਰਸਮਾਂ ਉਸ ਨੇ ਨਹੀਂ ਅਪਣਾਈਆਂ ਸਨ। ਬੰਦਾ ਸਿੰਘ ਦੀ ਅਗਵਾਈ ਵਿਚ ਖਾਲਸਾ ਇਕ ਰਾਜਨੀਤਕ ਤਾਕਤ ਬਣਦਾ ਜਾ ਰਿਹਾ ਸੀ। ਸਿੱਕਾ ਇਸ ਦਾ ਜਾਰੀ ਹੋ ਚੁੱਕਿਆ ਸੀ, ਰਾਜਧਾਨੀ ਇਸ ਦੀ ਸਥਾਪਤ ਹੋ ਚੁੱਕੀ ਸੀ ਅਤੇ ਸਭ ਤੋਂ ਵੱਧ ਕੇ ਖਾਲਸੇ ਦਾ ਜਰਨੈਲ ਆਪਣੀਆਂ ਨੀਤੀਆਂ ਨੂੰ ਆਪਣੀ ਜਨਤਾ ਉਪਰ ਲਾਗੂ ਕਰ ਚੁੱਕਿਆ ਸੀ। ਖਾਲਸੇ ਦੇ ਇਸ ਬਹਾਦੁਰ ਜਰਨੈਲ ਦਾ ਵਿਆਹ ਇਕ ਬਹਾਦੁਰ ਰਾਜੇ ਦੀ ਰਾਜਕੁਮਾਰੀ ਨਾਲ ਹੋ ਕੇ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਣੀ ਸੀ।

ਫਲਸਰੂਪ ਚੰਬੇ ਦੇ ਰਾਜੇ ਦੀ ਰਾਜਕੁਮਾਰੀ ਨਾਲ ਬੰਦਾ ਸਿੰਘ ਦੀ ਸ਼ਾਦੀ ਹੋਈ। ਇਸ ਨਾਲ ਖਾਲਸਾ ਦਲ ਅਤੇ ਚੰਬਾ ਰਿਆਸਤ ਇਕ-ਮਿਕ ਹੋ ਗਏ। ਚੰਬਾ ਖਾਲਸੇ ਦੀ ਰਿਆਸਤ ਹੋ ਗਈ ਅਤੇ ਖਾਲਸਾ ਚੰਬੇ ਦੀ ਤਾਕਤ ਬਣ ਗਿਆ ਸੀ।

ਇਸ ਤਰ੍ਹਾਂ ਪਹਾੜੀ ਰਿਆਸਤਾਂ ਨੂੰ ਸੋਧਦਾ ਹੋਇਆ ਅਤੇ ਆਪਣੇ ਮਾਤਹਿਤ ਕਰਦਾ ਹੋਇਆ ਬੰਦਾ ਸਿੰਘ ਜੰਮੂ ਦੇ ਖੇਤਰ ਵਿਚ ਜਾ ਦਾਖ਼ਲ ਹੋਇਆ। ਉਸ ਸਮੇਂ ਜੰਮੂ ਦਾ ਫੌਜਦਾਰ ਬਾਯਜ਼ੀਦ ਖਾਨ ਸੀ। ਇਸ ਨੂੰ ਕੁਤਬੁਦੀਨ ਖਾਨ ਵੀ ਕਿਹਾ ਜਾਂਦਾ ਸੀ। ਉਹ ਰਾਇਪੁਰ ਤੋਂ ਉੱਤਰ-ਪੱਛਮ ਵੱਲ ਨੂੰ ਵੀਹ ਕੁ ਕਿਲੋਮੀਟਰ ਦੀ ਵਿੱਥ ਤੇ ਸੀ। ਉਸ ਵੇਲੇ ਉਸ ਦਾ ਇਕ ਭਤੀਜਾ ਸੱਮਸ਼ ਖਾਨ ਵੀ ਆਪਣੀ ਸੈਨਿਕ ਟੁਕੜੀ ਨਾਲ ਇਥੇ ਟਿਕਿਆ ਹੋਇਆ ਸੀ। ਸੱਮਸ਼ ਖਾਨ ਨੂੰ 1710 ਵਿਚ ਬਿਸਤ ਦੁਆਬ ਜਲੰਧਰ ਦੀ ਫੌਜਦਾਰੀ ਤੋਂ ਹਟਾ ਦਿੱਤਾ ਗਿਆ ਸੀ। ਜਦੋਂ ਬਾਯਜ਼ੀਦ ਖਾਨ ਨੂੰ ਪਤਾ ਲੱਗਿਆ ਕਿ ਬੰਦਾ ਸਿੰਘ ਉਸ ਦੇ ਖੇਤਰ ਵਿਚ ਆ ਦਾਖ਼ਲ ਹੋ ਗਿਆ ਹੈ ਤਾਂ ਉਸ ਨੇ ਸੱਮਸ਼ ਖਾਨ ਦੇ ਬਹਿਨੋਈ ਸ਼ਾਹਦਾਦ ਖਾਨ ਨੂੰ ਡੇਢ ਹਜ਼ਾਰ ਘੋੜਸਵਾਰ ਦੇ ਕੇ ਸਿੰਘਾਂ ਦਾ ਰਾਹ ਰੋਕਣ ਲਈ ਭੇਜ ਦਿੱਤਾ। ਪਿੱਛੋਂ ਖੁਦ ਬਾਯਜ਼ੀਦ ਖਾਨ ਅਤੇ ਸੱਮਸ਼ ਖਾਨ ਵੀ ਆਪਣੀ ਫੌਜ ਲੈ ਕੇ ਉਧਰ ਨੂੰ ਚੱਲ ਪਏ। ਰਸਤੇ ਵਿਚ ਬੰਦਾ ਸਿੰਘ ਦੀ ਫੌਜ ਦਾ ਇਕ ਜੱਥਾ ਸੱਮਸ਼ ਖਾਨ ਦੇ ਸਾਹਮਣੇ ਆ ਨਿਕਲਿਆ। ਸੱਮਸ਼ ਖਾਨ ਨੇ ਉਨ੍ਹਾਂ ਉਪਰ ਹਮਲਾ ਕੀਤਾ। ਉਸ ਜੱਥੇ ਨੇ ਭੱਜ ਕੇ ਬੰਦਾ ਸਿੰਘ ਦੀ ਮੁੱਖ ਸੈਨਾ ਨਾਲ ਰਲਣਾ ਚਾਹਿਆ ਤਾਂ ਕਿ ਇਕੱਠਿਆਂ ਹੋ ਕੇ ਟਾਕਰਾ ਕੀਤਾ ਜਾ ਸਕੇ। ਜਦੋਂ ਇਹ ਜੱਥਾ ਪਿੱਛੇ ਨੂੰ ਭੱਜ ਰਿਹਾ ਸੀ ਤਾਂ ਸੱਮਸ਼ ਖਾਨ ਨੇ ਵੀ ਉਨ੍ਹਾਂ ਦਾ ਪਿੱਛਾ ਕੀਤਾ। ਉਹ ਪਿੱਛਾ ਕਰਦਾ ਹੋਇਆ ਕਾਫੀ ਦੂਰ ਚਲਾ ਗਿਆ ਸੀ। ਇਤਨੇ ਨੂੰ ਬੰਦਾ ਸਿੰਘ ਵੀ ਆਪਣੀ ਫੌਜ ਲੈ ਕੇ ਇਥੇ ਆ ਪਹੁੰਚਿਆ ਸੀ। ਬੰਦੇ ਨੂੰ ਆਉਂਦਾ ਦੇਖ ਕੇ ਪਿੱਛੇ ਨੂੰ ਪਰਤ ਰਿਹਾ ਸਿੰਘ ਜੱਥਾ ਇਕ ਦਮ ਪਿੱਛੇ ਆ ਰਹੇ ਸੱਮਸ਼ ਖਾਨ ਤੇ ਟੁੱਟ ਪਿਆ। ਸੱਮਸ਼ ਖਾਨ ਲਈ ਨਿਕਲਣ ਦਾ ਰਸਤਾ ਕੋਈ ਨਹੀਂ ਸੀ। ਉਸ ਦੀ ਭਾਈ ਬਾਜ ਸਿੰਘ ਨਾਲ ਹੱਥੋ-ਹੱਥ ਲੜਾਈ ਹੋਈ। ਇਕ ਸਮਕਾਲੀ ਮੁਸਲਿਮ ਲਿਖਾਰੀ ਇਸ ਲੜਾਈ ਦਾ ਹਾਲ ਇਉਂ ਲਿਖਦਾ ਹੈ ਕਿ ਸੱਮਸ਼ ਖਾਨ ਨੇ ਆਪਣੇ ਨੇਜ਼ੇ ਨਾਲ ਬਾਜ ਸਿੰਘ ਉਤੇ ਹਮਲਾ ਕੀਤਾ। ਬਾਜ ਸਿੰਘ ਨੇ ਇਕ ਹੱਥ ਨਾਲ ਉਸ ਦਾ ਨੇਜ਼ਾ ਪਕੜ ਕੇ ਦੂਜੇ ਹੱਥ ਨਾਲ ਤਲਵਾਰ ਦਾ ਵਾਰ ਕਰਕੇ ਉਸ ਦੀ ਬਾਂਹ ਕੱਟ ਦਿੱਤੀ। ਜ਼ਖ਼ਮੀ ਹੋਇਆ ਸੱਮਸ਼ ਖਾਨ ਆਖਰੀ ਦਾਅ ਵਜੋਂ ਬਾਜ ਸਿੰਘ ਉਪਰ ਟੁੱਟਿਆ ਪਰ ਬਾਜ ਸਿੰਘ ਨੇ ਫਿਰ ਆਪਣੀ ਤਲਵਾਰ ਨਾਲ ਉਸ ਦੀ ਦੂਸਰੀ ਬਾਂਹ ਵੀ ਜ਼ਖ਼ਮੀ ਕਰ ਦਿੱਤੀ। ਨੇੜੇ ਹੀ ਖੜੇ ਬਾਜ ਸਿੰਘ ਦੇ ਭਰਾ ਪਹਾੜ ਸਿੰਘ ਨੇ ਸੱਮਸ਼ ਖਾਨ ਦਾ ਸਿਰ ਕੱਟ ਕੇ ਜ਼ਮੀਨ ਤੇ ਡੇਗ ਦਿੱਤਾ ਸੀ। ਬਾਯਜ਼ੀਦ ਖਾਨ ਨੇ ਜਦੋਂ ਆਪਣੇ ਭਤੀਜੇ ਨੂੰ ਇਸ ਤਰ੍ਹਾਂ ਮਰਦਾ ਹੋਇਆ ਦੇਖਿਆ ਤਾਂ ਉਸ ਨੇ ਇਕਦਮ ਬਾਜ ਸਿੰਘ ਤੇ ਹਮਲਾ ਕਰ ਦਿੱਤਾ। ਉਸ ਨੇ ਆਪਣੀ ਬੰਦੂਕ ਨਾਲ ਕਈ ਫਾਇਰ ਕੀਤੇ ਪਰ ਸਾਰੇ ਫਾਇਰ ਬਾਜ ਸਿੰਘ ਨੂੰ ਮਾਰ ਨਾ ਸਕੇ। ਉਸ ਨੇ ਗੁੱਸੇ ਵਿਚ ਆਪਣੀ ਬੰਦੂਕ ਹੀ ਤੋੜ ਦਿੱਤੀ। ਨੇੜੇ ਹੀ ਖੜ੍ਹੇ ਫਤਿਹ ਸਿੰਘ ਨੇ ਬਾਯਜ਼ੀਦ ਖਾਨ ਨੂੰ ਆਪਣੇ ਨਾਲ ਉਲਝਾ ਲਿਆ ਅਤੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਜ਼ਖ਼ਮੀ ਹੋਇਆ ਬਾਯਜ਼ੀਦ ਖਾਨ ਹੇਠਾਂ ਡਿਗ ਪਿਆ ਅਤੇ ਤੁਰੰਤ ਹੀ ਬਾਜ ਸਿੰਘ ਨੇ ਉਸ ਦਾ ਸਿਰ ਕੱਟ ਲਿਆ। ਬਾਯਜ਼ੀਦ ਖਾਨ ਦੇ ਮਰਨ

4. Macauliffe, *The Sikh Religion,* Vol V+VI, Satvic Media Ltd., Amritsar, 2000, p. 254.

SIKHBOOKCLUB.COM

ਨਾਲ ਮੁਗ਼ਲ ਫੌਜ ਭੱਜਣ ਲਈ ਰਸਤੇ ਲੱਭਣ ਲੱਗੀ। ਉਹ ਸੱਮਸ਼ ਖਾਨ ਅਤੇ ਬਾਯਜ਼ੀਦ ਖਾਨ ਦੇ ਸਿਰ ਚੁੱਕ ਕੇ ਲਿਜਾਣਾ ਚਾਹੁੰਦੇ ਸਨ। ਸਿੰਘਾਂ ਨੇ ਸਿਰਫ ਸੀਸ ਲੈ ਕੇ ਜਾਣ ਵਾਲੇ ਪਠਾਣਾਂ ਨੂੰ ਜਾਣ ਦਿੱਤਾ ਬਾਕੀ ਸਭ ਨੂੰ ਘੇਰ ਕੇ ਕਤਲ ਕਰ ਦਿੱਤਾ ਸੀ। ਸਾਰਾ ਫੌਜੀ ਸਾਜ਼-ਸਮਾਨ ਸਿੰਘਾਂ ਨੇ ਕਾਬੂ ਕਰ ਲਿਆ ਸੀ। ਉਨ੍ਹਾਂ ਦੇ ਡੇਰੇ ਦੇ ਸਭ ਹਥਿਆਰ ਕਾਬੂ ਕਰ ਲਏ ਸਨ। ਇਹ ਲੜਾਈ 6 ਮਾਰਚ, 1711 ਨੂੰ ਹੋਈ ਸੀ।

ਇਥੇ ਫਤਿਹ ਦੇ ਨਗਾਰੇ ਵਜਾਉਂਦਾ ਹੋਇਆ ਅਤੇ ਮੁਗ਼ਲ ਫੌਜਦਾਰਾਂ ਦੇ ਸਾਜੋ-ਸਾਮਾਨ ਨਾਲ ਲੈਸ ਹੋਇਆ ਬੰਦਾ ਸਿੰਘ ਬਹਾਦੁਰ ਆਪਣੇ ਖਾਲਸਾ ਦਲ ਨਾਲ ਕਲਾਨੌਰ ਆ ਗਰਜਿਆ। ਇਥੇ ਪਹੁੰਚ ਕੇ ਬੰਦਾ ਸਿੰਘ ਨੇ ਆਲੇ-ਦੁਆਲੇ ਦੇ ਪਿੰਡਾਂ ਵਿਚ ਖਾਲਸਾ ਪੰਚਾਇਤਾਂ ਬਣਾ ਕੇ ਭੇਜ ਦਿੱਤੀਆਂ ਅਤੇ ਐਲਾਨ ਕਰ ਦਿੱਤਾ ਕਿ ਹੁਣ ਤੋਂ ਉਹ ਖਾਲਸੇ ਦੀ ਤਾਬਿਆ ਵਿਚ ਆ ਗਏ ਹਨ।

ਸਾਰੇ ਪਾਸੇ ਹਫੜਾ-ਦਫੜੀ ਮੱਚ ਗਈ ਸੀ। ਮੁਗ਼ਲ ਅਧਿਕਾਰੀ ਅਤੇ ਅਫ਼ਸਰ ਲੁਕਦੇ ਫਿਰਦੇ ਸਨ। ਨਾ ਤਾਂ ਉਹ ਖ਼ਾਲਸੇ ਦੀ ਤਾਬਿਆ ਵਿਚ ਰਹਿ ਕੇ ਕੰਮ ਕਰ ਸਕਦੇ ਸਨ ਅਤੇ ਨਾ ਹੀ ਉਹ ਖਾਲਸੇ ਨਾਲ ਲੜਾਈ ਕਰ ਸਕਦੇ ਸਨ। 6 ਮਾਰਚ, 1711 ਨੂੰ ਬਾਦਸ਼ਾਹ ਦੇ ਕੈਂਪ ਵਿਚ ਖ਼ਬਰ ਪੁੱਜੀ ਕਿ ਸਿੰਘ ਲਾਹੌਰ ਤੋਂ ਥੋੜੀ ਦੂਰ ਗੁਰਦਾਸਪੁਰ ਵੱਲ ਇਕੱਠੇ ਹੋ ਰਹੇ ਹਨ। ਇਸ ਲਈ ਰੁਸਤਮ ਜੰਗ ਬਾਦਸ਼ਾਹ ਦੇ ਹੁਕਮ ਦੀ ਉਡੀਕ ਕਰਦਾ ਸੀ ਕਿ ਉਸ ਨੂੰ ਕੀ ਕਰਨਾ ਚਾਹੀਦਾ ਹੈ। ਬਾਦਸ਼ਾਹ ਨੇ ਜਵਾਬੀ ਸੁਨੇਹਾ ਭੇਜਿਆ ਕਿ ਉਹ ਚੌਦਾਂ ਹਜ਼ਾਰ ਘੋੜ-ਸਵਾਰ ਉਸ ਦੀ ਸਹਾਇਤਾ ਲਈ ਭੇਜ ਰਿਹਾ ਹੈ। 13 ਮਾਰਚ ਨੂੰ ਬਟਾਲੇ ਦੇ ਕਾਨੂੰਨ-ਗੋਆਂ ਨੇ ਅਰਜ਼ ਲਿਖ ਕੇ ਭੇਜੀ ਕਿ ਬਟਾਲੇ ਦੇ ਸੱਮਸ਼ ਖਾਨ ਅਤੇ ਬਾਯਜ਼ੀਦ ਖਾਨ ਨੇ ਸਿੰਘਾਂ ਨਾਲ ਲੜਾਈ ਕੀਤੀ ਸੀ ਪਰ ਉਹ ਦੋਨੋਂ ਹੀ ਸਿੰਘਾਂ ਕੋਲੋਂ ਮਾਰੇ ਗਏ ਹਨ। ਇਨ੍ਹਾਂ ਦੇ ਮਾਰੇ ਜਾਣ ਨਾਲ ਬੰਦਾ ਸਿੰਘ ਦੇ ਹੱਥ ਇਨ੍ਹਾਂ ਦਾ ਬੜਾ ਤਕੜਾ ਸਮਾਨ ਆ ਗਿਆ ਸੀ। ਹੁਣ ਬੰਦਾ ਸਿੰਘ, ਲਾਹੌਰ ਦੇ ਲਾਗੇ ਬੈਠੇ ਬਾਦਸ਼ਾਹ ਦੇ ਕੈਂਪ ਉਪਰ ਗੁਰੀਲਾ ਹਮਲਾ ਕਰਨ ਦੀ ਵਿਉਂਤ ਵਿਚ ਹੈ।

ਉਧਰ ਬਾਦਸ਼ਾਹੀ ਕੈਂਪ ਵਿਚ ਬੰਦਾ ਸਿੰਘ ਦੇ ਪਹਾੜਾਂ ਵਿਚ ਵਿਚਰਨ ਦੀਆਂ ਖ਼ਬਰਾਂ ਦੇਰ-ਸਵੇਰ ਨਾਲ ਪਹੁੰਚਦੀਆਂ ਰਹਿੰਦੀਆਂ ਸਨ। ਪਹਿਲੀ ਜਨਵਰੀ, 1711 ਨੂੰ ਬਾਦਸ਼ਾਹ ਨੇ ਸਫ਼-ਸ਼ਿਕਨ ਖਾਨ ਬਹਾਦੁਰ ਅਤੇ ਉਸ ਦੇ ਭਾਣਜੇ ਹਿੰਮਤ ਦਲੇਰ ਖਾਨ ਨੂੰ ਲਾਹੌਰ ਤੋਂ ਸਿੰਘਾਂ ਦਾ ਪਿੱਛਾ ਕਰਨ ਲਈ ਭੇਜਿਆ ਸੀ। 19 ਫਰਵਰੀ ਨੂੰ ਇਕ ਹੋਰ ਸੈਨਿਕ ਟੁਕੜੀ ਹਾਮਦ ਖਾਨ ਦੀ ਅਗਵਾਈ ਵਿਚ ਭੇਜੀ ਗਈ ਸੀ। ਇਨ੍ਹਾਂ ਨੂੰ ਇਹ ਕੰਮ ਸੌਂਪਿਆ ਗਿਆ ਸੀ ਕਿ ਪੰਜਾਬ ਦੀਆਂ ਪਹਾੜੀ ਰਿਆਸਤਾਂ ਨਾਲ ਜੋ ਮੈਦਾਨੀ ਇਲਾਕੇ ਲਗਦੇ ਸਨ, ਉਨ੍ਹਾਂ ਸਾਰਿਆਂ ਵਿਚੋਂ ਸਿੱਖਾਂ ਦਾ ਸਫਾਇਆ ਕਰ ਦਿੱਤਾ ਜਾਵੇ ਅਤੇ ਸਾਰੇ ਆਉਣ ਵਾਲੇ ਰਸਤੇ ਬੰਦ ਕਰਕੇ ਰੱਖ ਦਿੱਤੇ ਜਾਣ। ਜਦੋਂ ਇਸ ਸਭ ਕੁਝ ਦੀ ਪੇਸ਼ਬੰਦੀ ਦੇ ਬਾਵਜੂਦ ਵੀ ਬੰਦਾ ਸਿੰਘ ਆਪਣੇ ਲਸ਼ਕਰ ਨਾਲ ਗੁਰਦਾਸਪੁਰ ਦੇ ਇਲਾਕਿਆਂ ਵਿਚ ਆ ਨਿਕਲਿਆ ਸੀ ਤਾਂ 6 ਮਾਰਚ ਨੂੰ ਰੁਸਤਮ ਜੰਗ ਵਲੋਂ ਬਾਦਸ਼ਾਹ ਦੇ ਹਜ਼ੂਰ ਇਹ ਅਰਜ਼ ਭੇਜੀ ਗਈ ਕਿ ਉਸ ਨੂੰ ਸਿੰਘਾਂ ਦੇ ਲਸ਼ਕਰ ਉਪਰ ਹਮਲਾ ਕਰਨ ਦੀ ਇਜ਼ਾਜਤ ਦਿੱਤੀ ਜਾਵੇ। ਬਾਦਸ਼ਾਹ ਨੇ ਇਸ ਦੇ ਮੋੜਵੇਂ ਜਵਾਬ ਵਿਚ ਹੁਕਮ ਦਿੱਤਾ ਕਿ ਉਸ ਨਾਲ ਚੌਦਾਂ ਹਜ਼ਾਰ ਹੋਰ ਅਸਵਾਰ ਭੇਜਣ ਦਾ ਪਰਬੰਧ ਕਰ ਦਿੱਤਾ ਜਾਵੇ।

ਬਾਦਸ਼ਾਹ ਵਲੋਂ ਭੇਜੀ ਹੋਈ ਕਿਸੇ ਵੀ ਸੈਨਿਕ ਟੁਕੜੀ ਨੇ ਬੰਦਾ ਸਿੰਘ ਦੇ ਨੇੜੇ ਪਹੁੰਚਣ ਦਾ ਹੌਂਸਲਾ ਨਹੀਂ ਕੀਤਾ ਸੀ। ਉਹ ਬੰਦਾ ਸਿੰਘ ਤੋਂ ਇਤਨੀ ਦੂਰ ਰਹਿੰਦੀਆਂ ਸਨ ਜਿਥੇ ਉਨ੍ਹਾਂ ਨੂੰ ਯਕੀਨ ਸੀ ਕਿ ਬੰਦਾ ਸਿੰਘ ਇਥੇ ਤੱਕ ਉਡਾਰੀ ਮਾਰ ਕੇ ਵੀ ਨਹੀਂ ਪਹੁੰਚ ਸਕਦਾ। ਮੁਗ਼ਲ ਸੈਨਾ ਵਿਚ ਇਹ ਗੱਲ ਧੁੰਮੀ ਹੋਈ ਸੀ ਕਿ ਬੰਦਾ ਸਿੰਘ ਜਦੋਂ ਚਾਹੇ ਅਤੇ ਜਿਥੇ ਵੀ ਚਾਹੇ, ਉਡਾਰੀ ਮਾਰ ਕੇ ਉਥੇ ਹੀ ਪਹੁੰਚ ਜਾਂਦਾ ਹੈ। ਬਾਦਸ਼ਾਹ ਵਲੋਂ ਕੁੱਤਿਆਂ ਨੂੰ ਮਾਰੇ ਜਾਣ ਦੀ ਗੱਲ ਪਿੱਛੇ ਵੀ ਇਹੀ ਗੱਲ ਧੁੰਮ ਗਈ ਸੀ ਕਿ ਇਹ ਰਾਤਾਂ ਨੂੰ ਰੋਣ ਵਾਲੇ ਕੁੱਤੇ ਬੰਦਾ ਸਿੰਘ ਵਲੋਂ ਭੇਜੇ ਹੋਏ ਹੀ ਯਮਦੂਤ ਹਨ ਜੋ ਬਾਦਸ਼ਾਹ ਨੂੰ ਡਰਾਉਂਦੇ ਹਨ। ਖੈਰ ਇਹ ਸਭ ਗੱਲਾਂ ਮੁਗ਼ਲ ਸੈਨਾ ਵਿਚ ਬੰਦਾ ਸਿੰਘ ਦੀ ਪਈ ਹੋਈ ਦਹਿਸ਼ਤ ਨੂੰ ਦਰਸਾਉਂਦੀਆਂ ਹਨ।

ਬੰਦਾ ਸਿੰਘ ਗੁਰਦਾਸਪੁਰ ਤੋਂ ਲਾਹੌਰ ਵਲ ਆਉਣ ਦੀ ਬਜਾਏ ਪੰਜਾਬ ਦੇ ਉਪਰਲੇ ਨੀਮ-ਪਹਾੜੀ ਇਲਾਕੇ ਵਿਚ ਹੀ ਰਿਹਾ ਸੀ। ਬਟਾਲੇ ਵਲੋਂ ਉਹ ਕਲਾਨੌਰ ਪਹੁੰਚ ਗਿਆ। ਕਲਾਨੌਰ ਦੇ ਕਿਸੇ ਅਧਿਕਾਰੀ ਨੇ ਉਸ ਦਾ ਮੁਕਾਬਲਾ ਨਹੀਂ ਕੀਤਾ। ਇਸ ਇਲਾਕੇ ਨੂੰ ਬੰਦਾ ਸਿੰਘ ਨੇ ਬਹੁਤ ਪਸੰਦ ਕੀਤਾ। ਉਸ ਨੇ ਇਕ ਐਲਾਨ ਕੀਤਾ ਕਿ 'ਉਸ ਦੀ ਲੜਾਈ ਕਿਸੇ ਵੀ ਧਰਮ ਦੇ ਖਿਲਾਫ਼ ਨਹੀਂ ਹੈ ਅਤੇ ਨਾ ਹੀ ਇਸਲਾਮ ਦੇ ਖਿਲਾਫ਼ ਹੈ। ਉਸ ਨੇ ਹਕੂਮਤ ਦਾ ਜ਼ੁਲਮ ਖ਼ਤਮ ਕਰਕੇ ਸੱਚ ਦਾ ਰਾਜ ਕਾਇਮ ਕਰਨਾ ਹੈ। ਇਸ ਲਈ ਹਰ ਵਿਅਕਤੀ ਨੂੰ ਬਿਨਾਂ ਕਿਸੇ ਧਾਰਮਿਕ ਵਖਰੇਵੇਂ ਦੇ ਉਸ ਦੀ ਮਦਦ ਕਰਨੀ ਚਾਹੀਦੀ ਹੈ।' ਕਿਹਾ ਜਾਂਦਾ ਹੈ ਕਿ ਬੰਦਾ ਸਿੰਘ ਦੇ ਇਨ੍ਹਾਂ ਐਲਾਨਾਂ ਦਾ ਲੋਕਾਂ ਉਪਰ ਬਹੁਤ ਪਰਭਾਵ ਪਿਆ ਸੀ। ਉਸ ਇਲਾਕੇ ਦੇ ਹਜ਼ਾਰਾਂ ਮੁਸਲਮਾਨ ਉਸ ਦੀ ਫੌਜ ਵਿਚ, ਆ ਭਰਤੀ ਹੋਏ ਸਨ। ਉਸ ਵਲੋਂ ਆਪਣੀ ਫੌਜ ਵਿਚਲੇ ਹਰ ਵਿਅਕਤੀ ਲਈ ਖੁੱਲ੍ਹ ਸੀ ਕਿ ਉਹ ਜਿਸ ਤਰ੍ਹਾਂ ਵੀ ਚਾਹੇ ਆਪਣੇ ਧਾਰਮਿਕ ਅਕੀਦੇ ਪੂਰੇ ਕਰ ਸਕਦਾ ਹੈ। ਕਿਹਾ ਜਾਂਦਾ ਹੈ ਕਿ ਜਦੋਂ ਖਾਲਸੇ ਦੀ ਸੈਨਾ ਵਿਚ ਮੁਸਲਮਾਨ ਸਿਪਾਹੀ ਅਤੇ ਹੋਰ ਸਾਧਾਰਣ ਲੋਕ ਚਾਰੇ ਵਕਤਾਂ ਦੀਆ ਨਿਮਾਜ਼ਾਂ ਪੜ੍ਹਦੇ ਸਨ ਤਾਂ ਬੰਦਾ ਸਿੰਘ ਦਾ ਹੁਕਮ ਹੁੰਦਾ ਸੀ ਕਿ ਉਸ ਦੀ ਫੌਜ ਦਾ ਹਰ ਸਿਪਾਹੀ

SIKHBOOKCLUB.COM

ਨਿਮਾਜ਼ ਪੜ੍ਹੇ ਜਾਣ ਵੇਲੇ ਸਤਿਕਾਰ ਨਾਲ ਉਥੇ ਹੀ ਖੜ੍ਹਾ ਹੋ ਜਾਵੇ । ਹੁਕਮ ਦੀ ਪੂਰਤੀ ਕਰਦਿਆਂ ਨਿਮਾਜ਼ ਪੜ੍ਹੀ ਜਾਣ ਵੇਲੇ ਸਿੰਘ ਉਸ ਦੀ ਰੱਖਿਆ ਕਰਦੇ ਸਨ । ਇਸ ਸਾਰੇ ਹਾਲਾਤ ਨੂੰ ਸਮਕਾਲੀ ਖ਼ਬਰਾਂ ਬਿਲਕੁਲ ਸੱਚ ਸਾਬਤ ਕਰਦੀਆਂ ਹਨ । 28 ਅਪ੍ਰੈਲ, 1711 ਨੂੰ ਹਿਦਾਇਤਉਲਾ ਖਾਨ ਦੇ ਰਾਹੀਂ ਭਗਵਤੀ ਦਾਸ ਹਰਕਾਰੇ ਵਲੋਂ ਭੇਜੀਆਂ ਗਈਆਂ ਖ਼ਬਰਾਂ ਵਿਚ ਬਾਦਸ਼ਾਹ ਨੂੰ ਇਸ ਤਰ੍ਹਾਂ ਜਾਣਕਾਰੀ ਭੇਜੀ ਗਈ ਸੀ ।

'ਨਾਨਕ-ਪੂਜ (ਬੰਦਾ ਸਿੰਘ) ਦਾ 19 ਰੱਬੀ-ਉਲ-ਅੱਵਲ (26 ਅਪਰੈਲ) ਤਕ ਡੇਰਾ ਕਲਾਨੌਰ ਦੇ ਕਸਬੇ ਵਿਚ ਸੀ । ਉਸ ਨੇ ਬਚਨ ਦਿੱਤਾ ਅਤੇ ਇਕਰਾਰ ਕੀਤਾ ਹੈ ਕਿ ਮੈਂ ਮੁਸਲਮਾਨਾਂ ਨੂੰ ਕੋਈ ਦੁੱਖ ਨਹੀਂ ਦੇ ਰਿਹਾ । ਚੁਨਾਂਚਿ ਜੋ ਭੀ ਕੋਈ ਮੁਸਲਮਾਨ ਉਸ ਵਲ ਰੁਜੂ ਹੁੰਦਾ ਹੈ, ਉਹ (ਬੰਦਾ ਸਿੰਘ) ਉਸ ਦੀ ਦਿਹਾੜੀ ਅਤੇ ਤਨਖ਼ਾਹ ਨਿਯਤ ਕਰਕੇ ਉਸ ਦਾ ਧਿਆਨ ਰੱਖਦਾ ਹੈ ਅਤੇ ਉਸ ਨੇ ਆਗਿਆ ਦਿੱਤੀ ਹੋਈ ਹੈ ਕਿ ਨਮਾਜ਼ ਅਤੇ ਖ਼ੁਤਬਾ ਜਿਵੇਂ ਚਾਹੁਣ ਪੜ੍ਹਨ । ਚੁਨਾਂਚਿ ਪੰਜ ਹਜ਼ਾਰ ਮੁਸਲਮਾਨ ਉਸ ਦੇ ਸਾਥੀ ਬਣ ਗਏ ਹਨ ਅਤੇ ਸਿੰਘਾਂ ਦੀ ਫੌਜ ਵਿਚ ਬਾਂਗ ਅਤੇ ਨਿਮਾਜ਼ ਵਲੋਂ ਸੁੱਖ ਪਾ ਰਹੇ ਹਨ ।[5]

ਇਹ ਬੰਦਾ ਸਿੰਘ ਬਹਾਦੁਰ ਦੀ ਬਹੁਤ ਵੱਡੀ ਪਰਾਪਤੀ ਸੀ ਕਿ ਉਸ ਨੇ ਇਸਲਾਮ ਦੇ ਨਾਂ ਤੇ ਰਾਜ ਕਰਨ ਵਾਲੀ ਹਕੂਮਤ ਦੇ ਹੁੰਦਿਆਂ ਵੀ ਆਪਣੇ ਇਲਾਕੇ ਦੇ ਮੁਸਲਮਾਨਾਂ ਨੂੰ ਇਹ ਯਕੀਨ ਦਿਵਾ ਰੱਖਿਆ ਸੀ ਕਿ ਇਸਲਾਮ ਮੁਗਲ ਹਕੂਮਤ ਦੀ ਬਜਾਏ ਖਾਲਸੇ ਦੀ ਹਕੂਮਤ ਵਿਚ ਜ਼ਿਆਦਾ ਸੁਰੱਖਿਅਤ ਸੀ ।

ਕਲਾਨੌਰ ਵਿਖੇ ਆਪਣਾ ਕੇਂਦਰੀ ਅਸਥਾਨ ਬਣਾ ਕੇ ਬੰਦਾ ਸਿੰਘ ਨੇ ਰਾਵੀ ਅਤੇ ਬਿਆਸ ਦੇ ਵਿਚਕਾਰਲਾ ਸਾਰਾ ਇਲਾਕਾ ਗਾਹ ਦਿੱਤਾ ਸੀ । ਕਈ ਵਾਰ ਰਾਵੀ ਤੋਂ ਪਾਰ ਜਾ ਕੇ ਵੀ ਮੱਲਾਂ ਮਾਰਦਾ ਸੀ । ਇਕ ਸਰਕਾਰੀ ਨਾਮਾਨਿਗਾਰ ਕੇਸ਼ੋ ਰਾਏ ਨੇ 13 ਮਈ ਦੀ ਇਕ ਖੁਫ਼ੀਆ ਖ਼ਬਰ ਵਿਚ ਦੱਸਿਆ ਸੀ ਕਿ 'ਬੰਦੇ ਨੇ ਰਾਵੀ ਤੋਂ ਪਾਰ ਜਾ ਕੇ ਆਪਣੇ ਠਾਣੇ (ਖਾਲਸਾ ਪੰਚਾਇਤਾਂ) ਕਾਇਮ ਕਰ ਲਏ ਹਨ । ਫੇਰ ਉਧਰ ਆ ਕੇ ਫਸਾਦ ਖੜ੍ਹਾ ਕਰ ਦਿੱਤਾ । ਅਫਗਾਨਾਂ ਨਾਲ ਲੜਾਈ ਕਰਕੇ ਕਈ ਕਤਲ ਕਰ ਦਿੱਤੇ ਅਤੇ ਉਨ੍ਹਾਂ ਦੀ ਖੁਫ਼ੀਆ ਖ਼ਬਰ ਵਿਚ ਕੇਸ਼ੋ ਰਾਏ ਨੇ ਹੀ ਲਿਖਿਆ ਸੀ ਕਿ 'ਬੰਦਾ ਸਿੰਘ ਬਿਆਸਾ ਨਦੀ ਤੋਂ ਸੱਤਾਂ ਕੋਹਾਂ ਦੀ ਵਿੱਥ ਤੇ ਹੈ । ਸੋਲ੍ਹਾਂ ਮਈ ਤਕ ਬੰਦੇ ਦਾ ਡੇਰਾ ਬਟਾਲੇ ਤੋਂ ਦੋ ਕੋਹਾਂ ਉਤੇ ਅਚੱਲ ਪਿੰਡ ਵਿਚ ਸੀ ਅਤੇ ਜੰਮੂ ਵੱਲ ਦੇ ਪਹਾੜਾਂ ਤੋਂ ਰਾਮ ਚੰਦ ਨਾਮੀ ਆਦਿ ਸਿੱਖ ਸੱਤ ਹਜ਼ਾਰ ਘੋੜ-ਚੜ੍ਹਿਆਂ ਅਤੇ ਪਿਆਦਿਆਂ ਸਮੇਤ ਉਸ ਨਾਲ ਆ ਰਲੇ ਹਨ । ਜੋ ਵੀ ਕੋਈ ਹਿੰਦੂ ਅਤੇ ਮੁਸਲਮਾਨ ਨੌਕਰੀ ਲਈ ਆਉਂਦਾ, ਬੰਦਾ ਸਿੰਘ ਉਸ ਨੂੰ ਰੱਖ ਲੈਂਦਾ ਹੈ । ਉਸ ਨੂੰ ਖਾਣਾ ਦਿੰਦਾ ਹੈ ਅਤੇ ਕਹਿੰਦਾ ਹੈ ਕਿ ਲੁੱਟ ਤੈਨੂੰ ਮੁਆਫ਼ ਹੈ । ਉਸ ਦਾ ਫੈਸਲਾ ਹੈ ਕਿ ਜੇ ਬਾਦਸ਼ਾਹੀ ਫੌਜਾਂ ਆਉਣਗੀਆਂ ਤਾਂ ਉਨ੍ਹਾਂ ਦਾ ਟਾਕਰਾ ਕੀਤਾ ਜਾਵੇਗਾ ਅਤੇ ਜੇ ਉਹ ਨਾ ਆਈਆਂ ਤਾਂ ਲੱਖੀ ਜੰਗਲ ਦੇ ਰਸਤੇ ਅਜਮੇਰ ਵੱਲ ਦੀ ਹੁੰਦੇ ਹੋਏ ਦਿੱਲੀ ਨੂੰ ਜਾ ਘੇਰਾਂਗੇ ।[6]

ਬਾਦਸ਼ਾਹ ਪਹਿਲੋਂ ਹੀ ਬਹੁਤ ਘਬਰਾਇਆ ਹੋਇਆ ਸੀ । ਬੰਦਾ ਸਿੰਘ ਦੀਆਂ ਧਾੜਾਂ ਨੂੰ ਸੁਣ ਸੁਣ ਕੇ ਉਹ ਹੋਰ ਘਬਰਾ ਰਿਹਾ ਸੀ । ਦਿਮਾਗ ਤਾਂ ਉਸ ਦਾ ਪਹਿਲੋਂ ਹੀ ਕੁਝ ਕੁਝ ਖਰਾਬ ਹੋ ਗਿਆ ਸੀ । ਇਸ ਸਮੇਂ ਉਹ ਸਭ ਅਧਿਕਾਰੀਆਂ ਨੂੰ ਹਰ ਸਮੇਂ ਆਪਣੇ ਪਾਸ ਰਹਿਣ ਦੇ ਵਾਰ ਵਾਰ ਹੁਕਮ ਦੇ ਰਿਹਾ ਸੀ । ਇਹ ਵੀ ਕਹਿ ਰਿਹਾ ਸੀ ਕਿ ਬੰਦੇ ਨਾਲ ਪਹਿਲੋਂ ਜਾ ਕੇ ਛੇੜਖਾਨੀ ਨਾ ਕੀਤੀ ਜਾਵੇ । ਮੁਗਲ ਅਧਿਕਾਰੀ ਆਪਣੇ ਮਾਲ-ਅਸਬਾਬ ਨਾਲ ਲਾਹੌਰ ਵਿਖੇ ਹੀ ਸ਼ਾਹੀ ਕੈਂਪ ਦੇ ਨੇੜੇ ਡੇਰੇ ਲਾਈਂ ਬੈਠੇ ਸਨ । ਉਹ ਸਿਰਫ ਲਾਹੌਰ ਨੂੰ ਹੀ ਸੁਰੱਖਿਅਤ ਥਾਂ ਸਮਝਦੇ ਸਨ । ਹੋਰ ਨਵਾਬ-ਜਾਗੀਰਦਾਰ ਵੀ ਆਪੋ-ਆਪਣੇ ਟੱਬਰ ਲੈ ਕੇ ਲਾਹੌਰ ਪਹੁੰਚ ਰਹੇ ਸਨ । ਬਟਾਲੇ ਦਾ ਆਲਾ-ਦੁਆਲਾ ਬਿਲਕੁਲ ਖ਼ਾਲੀ ਹੋ ਗਿਆ ਸੀ । ਇਸ ਹਫੜਾ-ਦਫੜੀ ਵਿਚ ਮੁਸਲਮਾਨਾਂ ਵਿਚ ਦੋ ਧੜੇ ਹੋ ਗਏ ਸਨ । ਇਕ ਸੱਯਦ ਮੁਹੰਮਦ ਫਜ਼ਲ ਦੀਨ ਕਾਦਰੀ ਦੀ ਅਗਵਾਈ ਹੇਠ ਸੀ ਅਤੇ ਦੂਸਰਾ ਸ਼ੇਖ ਅਹਿਮਦ ਸੈਖੁਲ-ਹਿੰਦ ਦੀ ਅਗਵਾਈ ਹੇਠ ਸੀ । ਸ਼ੈਖੁਲ ਹਿੰਦ ਸ਼ਹਿਰ ਛੱਡ ਕੇ ਜਾਣ ਦੇ ਵਿਰੁੱਧ ਸੀ । ਉਹ ਚਾਹੁੰਦਾ ਸੀ ਕਿ ਸਿੰਘਾਂ ਦਾ ਡੱਟ ਕੇ ਟਾਕਰਾ ਕੀਤਾ ਜਾਵੇ । ਬੰਦਾ ਸਿੰਘ ਨੇ ਬਟਾਲੇ ਉਪਰ ਹਮਲਾ ਕੀਤਾ । ਸ਼ੈਖ-ਉਲ-ਹਿੰਦ ਨੇ ਆਪਣੇ ਮੁਰੀਦਾਂ ਅਤੇ ਸ਼ਹਿਰੀਆਂ ਨੂੰ ਇਕੱਠਾ ਕੀਤਾ ਅਤੇ ਸਿੰਘਾਂ ਦਾ ਟਾਕਰਾ ਕਰਨ ਲਈ ਹਾਥੀ ਦਰਵਾਜ਼ਿਓਂ ਬਾਹਰ ਆ ਗਿਆ । ਐਸੀ ਗਹਿਗੱਚ ਲੜਾਈ ਹੋਈ ਕਿ ਸ਼ੇਖ-ਉਲ-ਹਿੰਦ ਮਾਰਿਆ ਗਿਆ । ਉਸ ਦੇ ਮੁਰੀਦ ਉਸ ਦੀ ਲਾਸ਼ ਲੈ ਕੇ ਭੱਜ ਗਏ ਸਨ ਅਤੇ ਉਸ ਨੂੰ ਵਜ਼ੀਰਾਬਾਦ ਨਾਮੀ ਪਿੰਡ ਦੇ ਕੋਟਲਾ ਸੈਖ-ਉਲ-ਹਿੰਦ ਵਿਚ ਦਫਨਾਇਆ ਗਿਆ ਸੀ । ਇਹ ਲੜਾਈ 18 ਮਈ, 1711 ਈ. ਨੂੰ ਹੋਈ ਸੀ ਅਤੇ ਸਿੰਘਾਂ ਨੇ ਬਟਾਲੇ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਸੀ । ਇਥੋਂ ਬੰਦਾ ਸਿੰਘ ਲਾਹੌਰ ਉਪਰ ਧਾਵਾ ਕਰਨਾ ਚਾਹੁੰਦਾ ਸੀ ਤਾਂ ਕਿ ਬਾਦਸ਼ਾਹ ਨੂੰ ਉਸ ਦੇ ਆਪਣੇ ਕੈਂਪ ਵਿਚ ਜਾ ਕੇ ਹੀ ਲਲਕਾਰਿਆ ਜਾਵੇ । ਪਰ ਮੁਗਲ ਫੌਜਦਾਰ ਬਹੁਤ ਨੇੜਿਓਂ ਬੰਦਾ ਸਿੰਘ ਦੀਆਂ ਗਤੀਵਿਧੀਆਂ ਤੇ ਨਜ਼ਰਾਂ ਰੱਖ ਰਹੇ ਸਨ ਅਤੇ ਉਨ੍ਹਾਂ ਨੇ ਲਾਹੌਰ ਦੇ ਸਾਰੇ ਰਸਤੇ ਰੋਕ ਰੱਖੇ ਸਨ ਇਸ ਲਈ ਬੰਦਾ ਸਿੰਘ ਲਾਹੌਰ ਵੱਲ ਨਾ ਜਾ ਕੇ ਫਿਰ ਤੋਂ ਜੰਮੂ ਦੀਆਂ ਪਹਾੜੀਆਂ ਵੱਲ ਨੂੰ ਨਿਕਲ ਗਿਆ ਸੀ । ਬੰਦਾ ਸਿੰਘ ਦੇ ਜਾਣ ਪਿੱਛੋਂ ਬਾਦਸ਼ਾਹ ਬਟਾਲੇ ਪਹੁੰਚਿਆ ਜਿਥੇ ਉਸ ਨੇ ਪਹਿਲੋਂ ਹੀ 30 ਮਈ ਨੂੰ ਸਰਫਰਾਜ ਖਾਨ ਨੂੰ ਛਾਉਣੀ ਪਾਉਣ ਲਈ ਭੇਜ ਦਿੱਤਾ ਸੀ ।

5. *ਪੂਰਵ ਅੰਕਤ*, ਪੰਨਾ 63.
6. *ਉਕਤ*, ਪੰਨੇ 65-69.

SIKHBOOKSCLUB.COM

ਬੰਦਾ ਸਿੰਘ ਨੇ ਜੰਮੂ ਵੱਲ ਨੂੰ ਜਾਂਦਿਆਂ ਔਰੰਗਾਬਾਦ ਅਤੇ ਪਸਰੂਰ ਵੀ ਮਾਰ ਲਏ ਸਨ। ਜਿਹੜੇ ਮੁਗ਼ਲ ਜਰਨੈਲ ਲਾਹੌਰ ਦੇ ਰਸਤੇ ਰੋਕੀ ਖੜ੍ਹੇ ਸਨ ਉਹ ਵੀ ਬੰਦਾ ਸਿੰਘ ਦੇ ਪਿੱਛੇ ਪਿੱਛੇ ਤੁਰੇ ਜਾ ਰਹੇ ਸਨ। 31 ਮਈ ਨੂੰ ਸਿੰਘਾਂ ਦੇ ਇਕ ਜੱਥੇ ਦੀ ਇਨ੍ਹਾਂ ਮੁਗ਼ਲ ਜਰਨੈਲਾਂ ਨਾਲ ਗਹਿਗੱਚਵੀਂ ਟੱਕਰ ਹੋਈ। ਮੁਗ਼ਲ ਜਰਨੈਲ ਸਨ : ਮੁਹੰਮਦ ਅਮੀਨ ਖਾਨ, ਰੁਸਤਮ-ਜੰਗ ਅਤੇ ਈਸਾ ਖਾਨ ਮੰਝ ਆਦਿ। ਦੋਹਾਂ ਪਾਸਿਆਂ ਦਾ ਬੜਾ ਤਕੜਾ ਨੁਕਸਾਨ ਹੋਇਆ ਸੀ। ਰਾਤ ਦੇ ਹਨੇਰੇ ਵਿਚ ਸਿੰਘ ਅੱਗੇ ਨਿਕਲ ਗਏ ਸਨ ਅਤੇ ਮੁਗਲ ਜਰਨੈਲ ਆਪਣੇ ਫੱਟੜ ਅਤੇ ਮੁਰਦੇ ਸੰਭਾਲ ਰਹੇ ਸਨ।

ਜਦੋਂ ਬੰਦਾ ਸਿੰਘ ਜੰਮੂ ਦੀਆਂ ਪਹਾੜੀਆਂ ਵਿਚ ਪਹੁੰਚਿਆ ਸੀ ਤਾਂ ਜੰਮੂ ਦੇ ਜਮਵਾਲ ਰਾਜਾ ਧਰੁਵ ਦੇਵ ਨੇ ਉਸ ਦੀ ਸੂਹ ਮੁਗ਼ਲ ਜਰਨੈਲਾਂ ਨੂੰ ਭੇਜ ਦਿੱਤੀ। ਉਹੀ ਸਾਰੇ ਜਰਨੈਲ ਜਿਹੜੇ ਲਾਹੌਰ ਤੋਂ ਹੀ ਪਿੱਛਾ ਕਰਦੇ ਆ ਰਹੇ ਸਨ, ਬੰਦਾ ਸਿੰਘ ਦੇ ਬਿਲਕੁਲ ਨੇੜੇ ਪਹੁੰਚ ਗਏ ਸਨ। ਉਨ੍ਹਾਂ ਨੇ ਬੰਦਾ ਸਿੰਘ ਨੂੰ ਤਿੰਨ ਪਾਸਿਆਂ ਤੋਂ ਘੇਰ ਲਿਆ ਸੀ। ਉਹ ਇਸ ਘੇਰੇ ਨੂੰ ਇਤਨਾ ਮਜ਼ਬੂਤ ਸਮਝ ਰਹੇ ਸਨ ਕਿ ਉਨ੍ਹਾਂ ਨੇ ਹੱਦੋਂ-ਵੱਧ ਆਤਮ-ਵਿਸ਼ਵਾਸ ਦਿਖਾਉਂਦੇ ਹੋਏ ਬਾਦਸ਼ਾਹ ਨੂੰ ਖ਼ਬਰ ਭੇਜ ਦਿੱਤੀ ਸੀ ਕਿ ਬੱਸ ਬੰਦਾ ਸਿੰਘ ਉਨ੍ਹਾਂ ਦੇ ਹੱਥ ਆਉਣ ਹੀ ਵਾਲਾ ਹੈ। ਪਰ ਬੰਦਾ ਸਿੰਘ ਇਸ ਸਭ ਕੁਝ ਤੋਂ ਇਤਨਾ ਜਾਣੂੰ ਸੀ ਕਿ ਉਸ ਨੇ ਚੌਥੇ ਪਾਸੇ ਨੂੰ ਖੁੱਲਾ ਰੱਖਿਆ ਹੋਇਆ ਸੀ। ਉਹ ਇਸ ਵਾਸੇ ਵੱਲ ਦੀ ਨਿਕਲ ਕੇ ਦੂਰ ਜਾ ਵੀ ਸਕਦਾ ਸੀ ਪਰ ਉਹ ਇਕ ਵਾਰ ਆਪਣਾ ਪਿੱਛਾ ਕਰਦੇ ਆ ਰਹੇ ਮੁਗਲ ਜਰਨੈਲਾਂ ਨੂੰ ਆਪਣੇ ਹੱਥ ਵੀ ਦਿਖਾਉਣਾ ਚਾਹੁੰਦਾ ਸੀ। ਇਸ ਦੀ ਪੂਰਤੀ ਲਈ ਉਸ ਨੇ ਰੁਸਤਮ ਦਿਲ ਖਾਨ ਦੀ ਫੌਜ ਉਪਰ ਇਕਦਮ ਹਮਲਾ ਕਰ ਦਿੱਤਾ ਅਤੇ ਉਸ ਦੀ ਫੌਜ ਦੀਆਂ ਲੋਥਾਂ ਵਿਛਾ ਦਿੱਤੀਆਂ। ਰੁਸਤਮ ਦਿਲ ਖਾਨ ਹੱਕਾ-ਬੱਕਾ ਹੋ ਕੇ ਖੜ੍ਹਾ ਦੇਖਦਾ ਹੀ ਰਹਿ ਗਿਆ ਕਿ ਬੰਦਾ ਸਿੰਘ ਇਕ ਚੀਤੇ ਦੀ ਤਰ੍ਹਾਂ ਚੁੰਗੀਆਂ ਭਰਦਾ ਹੋਇਆ ਉਨ੍ਹਾਂ ਦੀ ਮਾਰ ਤੋਂ ਬਹੁਤ ਦੂਰ ਨਿਕਲ ਗਿਆ ਸੀ। ਇਸ ਮਾਰ ਨਾਲ ਰੁਸਤਮ ਦਿਲ ਖਾਨ ਦਾ ਦਿਲ ਟੁੱਟ ਗਿਆ ਸੀ। ਉਸ ਦੀਆਂ ਅੱਖੀਆਂ ਅੱਗੇ ਹਨੇਰਾ ਛਾ ਗਿਆ ਸੀ। ਬਾਦਸ਼ਾਹ ਦੇ ਗੁੱਸੇ ਤੋਂ ਵੀ ਉਹ ਡਰਦਾ ਸੀ। ਇਸ ਲਈ ਉਸ ਨੇ ਆਪਣਾ ਨੁਕਸਾਨ ਪੂਰਾ ਕਰਨ ਲਈ ਪੜੋਲ, ਕਠੂਆ ਆਦਿ ਪਿੰਡਾਂ ਨੂੰ ਲੁੱਟ ਲਿਆ ਸੀ।

ਰੁਸਤਮ ਦਿਲ ਖਾਨ ਨੂੰ ਆਪਣੇ ਸਾਥੀ ਜਰਨੈਲ ਮੁਹੰਮਦ ਅਮੀਨ ਖਾਨ ਤੇ ਵੀ ਬਹੁਤ ਗੁੱਸਾ ਸੀ। ਉਹ ਸਮਝਦਾ ਸੀ ਕਿ ਬੰਦੇ ਵਲੋਂ ਹਮਲਾ ਕਰਨ ਸਮੇਂ ਅਮੀਨ ਖਾਨ ਨੇ ਕੋਈ ਮਦਦ ਨਹੀਂ ਕੀਤੀ ਸੀ। ਅਮੀਨ ਖਾਨ ਨੇ ਰੁਸਤਮ-ਦਿਲ ਖਾਨ ਨੂੰ ਹੋਰ ਠਿੱਠ ਕਰਨ ਲਈ ਬਾਦਸ਼ਾਹ ਪਾਸ ਉਸ ਦੀ ਝੂਠੀ ਰਿਪੋਰਟ ਕਰ ਦਿੱਤੀ। ਮੁਹੰਮਦ ਸਫੀ ਵਾਰਿਦ ਆਪਣੀ ਲਿਖਤ 'ਮਿਰਤਿ-ਵਾਰਿਦਾਤਿ' ਵਿਚ ਲਿਖਦਾ ਹੈ ਕਿ ਮੁਹੰਮਦ ਅਮੀਨ ਖਾਨ ਨੇ ਰੁਸਤਮ-ਜੰਗ ਦੇ ਵਿਰੁੱਧ ਬੇਈਮਾਨੀ ਅਤੇ ਵਿਸਾਹ-ਘਾਤ ਦੀ ਊਜ ਲਗਾਈ ਅਤੇ ਕਿਹਾ ਕਿ ਰੁਸਤਮ-ਜੰਗ ਨੇ ਬੰਦਾ ਸਿੰਘ ਨੂੰ ਬਚ ਨਿਕਲਣ ਵਿਚ ਸਹਾਇਤਾ ਦਿੱਤੀ ਹੈ। ਬਾਦਸ਼ਾਹ ਨੇ ਅਮੀਨ ਖਾਨ ਦੀ ਗੱਲ ਸੱਚੀ ਮੰਨ ਲਈ। ਜਦੋਂ ਰੁਸਤਮ ਦਿਲ ਖਾਨ ਨੇ ਬਾਦਸ਼ਾਹ ਪਾਸੋਂ ਹੋਰ ਸੈਨਿਕ ਮਦਦ ਭੇਜਣ ਦੀ ਬੇਨਤੀ ਕੀਤੀ ਤਾਂ ਬਾਦਸ਼ਾਹ ਨੇ ਭੇਜੀ ਨਹੀਂ। ਆਖਰ ਰੁਸਤਮ ਦਿਲ ਖਾਨ ਖੁਦ ਚੱਲ ਕੇ ਬਾਦਸ਼ਾਹ ਸਾਹਮਣੇ ਹਾਜ਼ਰ ਹੋਣ ਲਈ ਲਾਹੌਰ ਵੱਲ ਨੂੰ ਆ ਰਿਹਾ ਸੀ ਤਾਂ ਬਾਦਸ਼ਾਹ ਨੇ ਅੱਗੋਂ ਹੁਕਮ ਭੇਜ ਦਿੱਤਾ ਕਿ ਉਸ ਨੂੰ ਸ਼ਾਹੀ ਕੈਂਪ ਵਿਚ ਨਾ ਵੜਨ ਦਿੱਤਾ ਜਾਵੇ। ਇਸ ਰੋਕ ਦੇ ਬਾਵਜੂਦ ਵੀ ਜਦੋਂ ਰੁਸਤਮ ਦਿਲ ਖਾਨ ਆਪਣੀ ਲਾਹੌਰ ਵਾਲੀ ਹਵੇਲੀ ਵਿਚ ਆ ਕੇ ਬੈਠਿਆ ਤਾਂ ਉਸ ਦੀ ਖ਼ਬਰ ਬਾਦਸ਼ਾਹ ਨੂੰ ਪਹੁੰਚ ਗਈ। ਬਾਦਸ਼ਾਹ ਨੇ ਉਸ ਨੂੰ ਕੈਦ ਕਰਕੇ ਲਿਆਉਣ ਲਈ ਫੌਜ ਭੇਜ ਦਿੱਤੀ। ਅੱਗੋਂ ਉਹ ਲੜਨ ਨੂੰ ਤਿਆਰ ਹੋ ਗਿਆ। ਆਖ਼ਰ ਉਸ ਨੂੰ ਫੜ ਕੇ ਬਾਦਸ਼ਾਹ ਦੇ ਪੇਸ਼ ਕੀਤਾ ਗਿਆ ਅਤੇ ਬਾਦਸ਼ਾਹ ਨੇ ਉਸ ਦਾ ਘਰ-ਘਾਟ ਜ਼ਬਤ ਕਰ ਲਿਆ ਸੀ। ਇਸ ਤਰ੍ਹਾਂ ਉਸ ਪਾਸੋਂ 11 ਹਾਥੀ, 7 ਘੋੜੇ, 15 ਊਠ, 500 ਸੋਨੇ ਦੀਆਂ ਅਸ਼ਰਫੀਆਂ, ਇਕ ਲੱਖ ਛੱਤੀ ਹਜ਼ਾਰ ਰੁਪਏ, ਹੀਰੇ, ਜਵਾਹਰਾਤ ਅਤੇ 40 ਗੱਡੇ ਤੰਬੂਆਂ ਦੇ ਮਿਲੇ। ਰੁਸਤਮ ਦਿਲ ਖਾਨ ਤਿੰਨ ਮਹੀਨੇ ਕੈਦ ਵਿਚ ਰਿਹਾ। ਆਖਰ ਉਸ ਦੇ ਦੋਸਤਾਂ ਵਲੋਂ ਉਸ ਦੀਆਂ ਚੰਗੀਆਂ ਰਿਪੋਰਟਾਂ ਦੇਣ ਕਾਰਨ ਉਸ ਦੀ ਰਿਹਾਈ ਹੋਈ ਅਤੇ ਸਾਰੇ ਪੁਰਾਣੇ ਅਹੁਦੇ ਬਹਾਲ ਕਰ ਦਿੱਤੇ ਗਏ ਸਨ।

ਇਸ ਤਰ੍ਹਾਂ ਜਦੋਂ ਮੁਗਲ ਜਰਨੈਲ ਆਪਸ ਵਿਚ ਹੀ ਝਗੜਦੇ ਹੋਏ ਇਕ ਦੂਜੇ ਦੀਆਂ ਲੱਤਾਂ ਖਿੱਚ ਰਹੇ ਸਨ ਤਾਂ ਉਨ੍ਹਾਂ ਵਲੋਂ ਬੰਦਾ ਸਿੰਘ ਦਾ ਪਿੱਛਾ ਕਰਨਾ ਢਿੱਲਾ ਪੈਂਦਾ ਗਿਆ। ਜਿਉਂ ਜਿਉਂ ਇਹ ਢਿੱਲ ਵਧਦੀ ਗਈ ਸੀ ਤਾਂ ਬੰਦਾ ਸਿੰਘ ਤਿਉਂ-ਤਿਉਂ ਮੈਦਾਨਾਂ ਵਿਚ ਨਿਕਲਦਾ ਆ ਰਿਹਾ ਸੀ। ਉਸ ਦੀ ਮੁਗਲ ਜਰਨੈਲਾਂ ਉਪਰ ਹਰ ਸਮੇਂ ਨਜ਼ਰ ਰੱਖੀ ਹੋਈ ਸੀ। ਬੰਦਾ ਸਿੰਘ ਦਾ ਇਰਾਦਾ ਲੋਹਗੜ੍ਹ ਪਹੁੰਚਣ ਦਾ ਸੀ ਤਾਂ ਕਿ ਉਸ ਦੀ ਮੁੜ-ਉਸਾਰੀ ਕਰਕੇ ਉਸ ਨੂੰ ਮੁੜ ਤੋਂ ਰਾਜਧਾਨੀ ਦੇ ਤੌਰ ਤੇ ਵਰਤਿਆ ਜਾ ਸਕੇ। ਬਾਦਸ਼ਾਹ ਨੇ ਮੁਹੰਮਦ ਅਮੀਨ ਖਾਨ ਨੂੰ ਬੰਦਾ ਸਿੰਘ ਦੇ ਰਸਤੇ ਰੋਕਣ ਲਈ ਭੇਜਿਆ ਹੋਇਆ ਸੀ। ਬਾਦਸ਼ਾਹ ਨੂੰ ਅਗਸਤ, 1711 ਈ. ਨੂੰ ਇਕ ਖੁਫੀਆ ਖ਼ਬਰ ਮਿਲੀ ਕਿ ਬੰਦਾ ਸਿੰਘ ਕੁਝ ਫੌਜ ਨੂੰ ਕਲਾਨੌਰ ਵਿਖੇ ਹੀ ਛੱਡ ਕੇ ਆਪ ਰੋਪੜ ਵੱਲ ਚਲਾ ਗਿਆ ਹੈ ਜਿਥੋਂ ਕਿ ਉਹ ਲੋਹਗੜ੍ਹ ਵਿਖੇ ਪਹੁੰਚੇਗਾ।[7] 14 ਸਤੰਬਰ, 1711 ਈ. ਦਿਨ ਸ਼ੁਕਰਵਾਰ ਦੀ ਇਕ ਖ਼ਬਰ ਵਿਚ ਦੱਸਿਆ ਗਿਆ ਹੈ ਕਿ ਦੁਆਬਾ ਬਿਸਤ ਜਲੰਧਰ ਤੋਂ ਖ਼ਬਰਾਂ ਮਿਲੀਆਂ ਹਨ ਕਿ ਮਲੋਟ ਪਰਗਨੇ ਦੇ ਕਾਜ਼ੀ ਨੇ ਜੰਮੂ ਦੇ ਉਪ-ਫੌਜਦਾਰ ਨੂੰ ਦੱਸਿਆ ਹੈ ਕਿ ਬੰਦਾ ਸਿੰਘ ਫੌਜ ਨਾਲ ਦਰਿਆ (ਰਾਵੀ) ਪਾਰ ਕਰਕੇ ਇਕ ਦੱਰਰੇ ਰਾਹੀਂ ਗੁਲੇਰ ਰਿਆਸਤ ਵਿਚ

7. *ਪੂਰਵ ਅੰਕਤ*, ਪੰਨਾ 81.

SIKHBOOKCLUB.COM

ਦਾਖਲ ਹੋ ਗਿਆ ਹੈ। ਅਮੋਟੇ ਦੇ ਨੇੜੇ ਬੜੀ ਵੱਡੀ ਗਿਣਤੀ ਵਿਚ ਸਿੱਖ ਫੌਜ ਇਕੱਠੀ ਹੋ ਗਈ ਹੈ। ਇਹ ਖ਼ਬਰਾਂ ਸੁਣ ਕੇ ਹੁਸ਼ਿਆਰਪੁਰ ਅਤੇ ਬਜਵਾੜਾ ਦੇ ਲੋਕ ਅੱਡੋ-ਅੱਡ ਥਾਵਾਂ ਤੇ ਖਿੰਡ ਗਏ ਹਨ। ਦੁਆਬੇ ਦਾ ਫੌਜਦਾਰ ਈਸਾ ਖਾਨ ਅਤੇ ਬਜਵਾੜੇ ਦਾ ਫੌਜਦਾਰ ਅਲੀ ਖਾਨ ਬੜੇ ਚਿਰ ਤੋਂ ਬਾਦਸ਼ਾਹ ਨਾਲ ਰਹਿ ਰਹੇ ਸਨ। ਉਨ੍ਹਾਂ ਦਾ ਆਪਣੇ ਇਲਾਕਿਆਂ ਨਾਲ ਕੋਈ ਸਬੰਧ ਨਹੀਂ ਰਿਹਾ ਸੀ। ਸ਼ੇਖ ਅੱਲਾਯਾਰ ਦਰਵੇਸ਼ ਨੇ ਬਜਵਾੜੇ ਦੇ ਫੌਜਦਾਰ ਨੂੰ ਦੱਸਿਆ ਸੀ ਕਿ ਬਾਗੀ ਸਿੱਖ ਇਸ ਇਲਾਕੇ ਵਿਚ ਦਾਖਲ ਹੋ ਕੇ ਲੁੱਟ-ਮਾਰ ਕਰਨੀ ਚਾਹੁੰਦੇ ਹਨ। ਨਗਾਰੇ ਬਜਾ ਕੇ ਲੋਕਾਂ ਨੂੰ ਦੱਸਿਆ ਗਿਆ ਕਿ ਸਭ ਲੋਕ ਅਜਾਵਲ ਪਿੰਡ ਵਿਚ ਇਕੱਠੇ ਹੋ ਜਾਣ ਕਿਉਂਕਿ ਉਪ-ਫੌਜਦਾਰ ਆਪਣੇ ਕੁਝ ਮਨਸਬਦਾਰਾਂ ਸਮੇਤ ਉਸ ਪਿੰਡ ਵਿਚ, ਬਾਗੀਆਂ ਦਾ ਰਾਹ ਰੋਕਣ ਲਈ ਡੇਰਾ ਲਗਾ ਕੇ ਬੈਠਾ ਹੈ। ਬਾਦਸ਼ਾਹ ਨੇ ਹੁਕਮ ਕਰ ਦਿਤਾ ਹੈ ਕਿ ਬਖ਼ਸ਼ੀ-ਉਲ-ਮੁਲਕ, ਮਹਾਬਤ ਖਾਨ ਬਹਾਦਰ ਜ਼ਫ਼ਰ ਜੰਗ ਤੁਰੰਤ ਮੁਹੰਮਦ ਅਮੀਨ ਖਾਨ ਬਹਾਦੁਰ ਫਿਰੋਜ਼ ਜੰਗ ਨੂੰ ਇਸ ਮਕਸਦ ਲਈ ਲਿਖ ਕੇ ਹੁਕਮ ਭੇਜੇ ਕਿ ਉਹ ਬਾਗੀਆਂ ਨੂੰ ਸਜਾ ਦੇਵੇ।[8]

15 ਸਤੰਬਰ ਦੀ ਖ਼ਬਰ ਵਿਚ ਦੱਸਿਆ ਗਿਆ ਹੈ ਕਿ ਬਾਗੀ ਬੰਦਾ ਸਿੰਘ ਪੰਜ ਹਜ਼ਾਰ ਘੋੜ ਸਵਾਰ ਅਤੇ ਪੈਦਲ ਫੌਜ ਨਾਲ ਕੀਰਤਪੁਰ ਸਾਹਿਬ ਵੱਲ ਨੂੰ ਰਵਾਨਾ ਹੋ ਗਿਆ ਹੈ। ਸਰਹਿੰਦ ਦੇ ਬਰਖਾਸਤ ਹੋ ਚੁੱਕੇ ਫੌਜਦਾਰ ਸੁਲਤਾਨ ਕੁਲੀ ਖਾਨ ਨੇ ਦੋ ਹਜ਼ਾਰ ਘੋੜਸਵਾਰਾਂ ਨਾਲ ਬਾਗੀਆਂ ਦਾ ਰਸਤਾ ਰੋਕਣ ਦੀ ਕੋਸ਼ਿਸ਼ ਕੀਤੀ ਹੈ। ਬਾਦਸ਼ਾਹ ਨੇ ਹੁਕਮ ਦਿਤਾ ਹੈ ਕਿ ਮੁਹੰਮਦ ਅਮੀਨ ਖਾਨ ਬਹਾਦੁਰ ਨੂੰ ਲਿਖ ਕੇ ਭੇਜਿਆ ਜਾਵੇ ਕਿ ਉਹ ਤੁਰੰਤ ਸਿੱਖਾਂ ਦੇ ਖਿਲਾਫ ਚੜ੍ਹਾਈ ਕਰੇ। ਬਾਗੀਆਂ ਨੂੰ ਮਾਰ ਦੇਣਾ ਚਾਹੀਦਾ ਹੈ ਜਾਂ ਜਿਉਂਦਿਆਂ ਨੂੰ ਕੈਦ ਕਰ ਲੈਣਾ ਚਾਹੀਦਾ ਹੈ।

ਬੰਦਾ ਸਿੰਘ ਦੀ ਖਾਲਸਾ ਸੈਨਾ ਵਿਚ ਵਣਜਾਰੇ ਸਿੰਘਾਂ ਦੀ ਕਾਫੀ ਵੱਡੀ ਗਿਣਤੀ ਸੀ। ਮੁਗ਼ਲ ਹਕੂਮਤ ਨੇ ਵਣਜਾਰਿਆਂ ਨੂੰ ਧੜਾਧੜ ਫੜਨਾ ਸ਼ੁਰੂ ਕਰ ਦਿਤਾ ਸੀ। ਮੁਲਤਾਨ ਤੋਂ ਸਰਬਰਾਹ ਖਾਨ ਕੋਤਵਾਲ ਨੇ 40 ਵਣਜਾਰੇ ਫੜ ਕੇ ਕਤਲ ਕਰਵਾ ਦਿੱਤੇ ਸਨ। ਬਾਦਸ਼ਾਹ ਦੇ ਹੁਕਮ ਅਨੁਸਾਰ 16 ਅਕਤੂਬਰ ਨੂੰ ਰਾਜਾ ਅਜੀਤ ਸਿੰਘ ਜੋਧਪੁਰੀਆ ਅਤੇ ਰਾਜਾ ਜੈ ਸਿੰਘ ਅੰਬੇਰ (ਜੈਪੁਰੀਆ) ਬੰਦਾ ਸਿੰਘ ਦਾ ਮੁਕਾਬਲਾ ਕਰਨ ਲਈ ਸਢੌਰੇ ਪੁਜ ਗਏ ਸਨ। ਇਨ੍ਹਾਂ ਜੁੰਮੇ ਇਹ ਕੰਮ ਲਾਇਆ ਗਿਆ ਸੀ ਕਿ ਬੰਦਾ ਸਿੰਘ ਜਦੋਂ ਵੀ ਲੋਹਗੜ੍ਹ ਪਹੁੰਚੇ ਤਾਂ ਇਹ ਤੁਰੰਤ ਉਸ ਤੇ ਹਮਲਾ ਕਰਨ। ਨਾਹਨ ਦਾ ਰਾਜਾ ਭੂਪ ਪਰਕਾਸ਼ ਜੋ ਬੰਦਾ ਸਿੰਘ ਦੇ ਲੋਹਗੜ੍ਹ ਤੋਂ ਬਚ ਕੇ ਨਿਕਲ ਜਾਣ ਤੋਂ ਹੀ ਸਲੀਮਗੜ੍ਹ ਦੇ ਕਿਲ੍ਹੇ ਵਿਚ ਕੈਦ ਕੀਤਾ ਹੋਇਆ ਸੀ, ਉਸ ਨੇ ਜੋਧਪੁਰ ਅਤੇ ਅੰਬੇਰ ਦੇ ਰਾਜਪੂਤ ਰਾਜਿਆਂ ਪਾਸ ਬੇਨਤੀ ਕੀਤੀ ਸੀ ਕਿ ਉਹ ਉਸ ਨੂੰ ਕੈਦ ਵਿਚੋਂ ਛੁਡਵਾਉਣ ਦੀ ਕੋਸ਼ਿਸ਼ ਕਰਨ। ਅੱਗੋਂ ਇਨ੍ਹਾਂ ਨੇ ਜਵਾਬ ਭੇਜਿਆ ਸੀ ਕਿ ਰਾਜਾ ਨਾਹਨ ਨੂੰ ਆਪਣੇ ਅਧਿਕਾਰੀਆਂ ਨੂੰ ਸਖਤ ਹੁਕਮ ਭੇਜਣੇ ਚਾਹੀਦੇ ਹਨ ਕਿ ਉਹ ਬੰਦਾ ਸਿੰਘ ਦੇ ਖਿਲਾਫ ਕੰਮ ਕਰਨ ਅਤੇ ਰਾਜਿਆਂ ਦੀ ਮਦਦ ਕਰਨ। ਇਸ ਤਰ੍ਹਾਂ ਕਰਨ ਨਾਲ ਹੀ ਉਸ ਦੀ ਜੇਲ੍ਹ ਵਿਚੋਂ ਬੰਦ ਖਲਾਸੀ ਹੋ ਸਕਦੀ ਹੈ।

ਬੰਦਾ ਸਿੰਘ ਅਜੇ ਕੀਰਤਪੁਰ ਸਾਹਿਬ ਵਿਖੇ ਹੀ ਰੁਕਿਆ ਹੋਇਆ ਸੀ। ਸ਼ਾਇਦ ਉਸ ਨੂੰ ਇਸ ਗੱਲ ਦੀ ਜਾਣਕਾਰੀ ਮਿਲ ਗਈ ਸੀ ਕਿ ਸਰਹਿੰਦ ਅਤੇ ਸਢੌਰੇ ਵਿਖੇ ਤਕੜੀ ਮੁਗ਼ਲ ਫੌਜ ਤਾਇਨਾਤ ਕੀਤੀ ਖੜ੍ਹੀ ਹੈ। ਉਸ ਨੇ ਆਪਣੀ ਵਿੱਤੀ ਹਾਲਤ ਨੂੰ ਮਜ਼ਬੂਤ ਕਰਨ ਲਈ ਇਕ ਛੋਟੇ ਜਿਹੇ ਜੱਥੇ ਨੂੰ ਕੁੱਲੂ ਵੱਲ ਭੇਜ ਦਿੱਤਾ ਤਾਂ ਕਿ ਉਹ ਉਧਰੋਂ ਵੱਖ ਵੱਖ ਰਜਵਾੜਿਆਂ ਕੋਲੋਂ ਨਜ਼ਰਾਨੇ ਇਕੱਠੇ ਕਰਕੇ ਲੈ ਆਵੇ। ਇਧਰ ਬੰਦਾ ਸਿੰਘ ਨੇ ਵੀ ਕੀਰਤਪੁਰ ਸਾਹਿਬ ਅਤੇ ਰੋਪੜ ਦੇ ਵਿਚਕਾਰਲੇ ਖੇਤਰ ਦੇ ਪਿੰਡਾਂ ਨੂੰ ਉਥਲ-ਪੁਥਲ ਕਰ ਦਿੱਤਾ ਸੀ। ਇਸ ਤਬਾਹੀ ਦੀ ਖ਼ਬਰ ਸੁਣ ਕੇ ਬਾਦਸ਼ਾਹ ਨੇ 6 ਨਵੰਬਰ, ਨੂੰ ਹੋਸ਼ਦਾਰ ਖਾਨ ਫੌਜਦਾਰ ਜਲੰਧਰ ਨੂੰ ਰੋਪੜ ਵੱਲ ਸਿੰਘਾਂ ਦਾ ਟਾਕਰਾ ਕਰਨ ਲਈ ਭੇਜਿਆ। ਉਸ ਨੇ ਆ ਕੇ 14 ਅਤੇ 17 ਨਵੰਬਰ ਦੇ ਦਿਨਾਂ ਵਿਚ ਸਿੰਘਾਂ ਨਾਲ ਛੋਟੀਆਂ-ਵੱਡੀਆਂ ਕਈ ਲੜਾਈਆਂ ਕੀਤੀਆਂ ਪਰ ਉਹ ਸਿੰਘਾਂ ਨੂੰ ਰੋਪੜ ਦੇ ਇਲਾਕੇ ਵਿਚੋਂ ਕੱਢ ਨਹੀਂ ਸਕਿਆ ਸੀ।

30 ਨਵੰਬਰ, 1711 ਈ. ਨੂੰ ਬਾਦਸ਼ਾਹ ਦੇ ਹਜ਼ੂਰ ਇਹ ਖੁਫੀਆ ਜਾਣਕਾਰੀ ਪੇਸ਼ ਕੀਤੀ ਗਈ ਕਿ ਬੰਦਾ ਸਿੰਘ ਬਹਾਦੁਰ ਨੇ ਰਾਜਾ ਅਜੀਤ ਸਿੰਘ ਜੋਧਪੁਰੀਏ ਅਤੇ ਰਾਜਾ ਜੈ ਸਿੰਘ ਜੈਪੁਰੀਏ ਨੂੰ ਇਕ ਚਿੱਠੀ ਲਿਖ ਕੇ ਭੇਜੀ ਹੈ ਜਿਸ ਵਿਚ ਉਨ੍ਹਾਂ ਨੂੰ ਖ਼ਬਰਦਾਰ ਕੀਤਾ ਗਿਆ ਸੀ ਕਿ 'ਉਹ ਖਾਲਸੇ ਦੇ ਦੇਸ਼ ਤੇ ਚੜ੍ਹ ਕੇ ਆਏ ਹਨ। ਛੇਤੀ ਕਰੋ ਤੇ ਵਾਪਸ ਮੁੜ ਜਾਓ ਨਹੀਂ ਤਾਂ ਖ਼ਾਲਸਾ ਵੀ ਉਨ੍ਹਾਂ ਦੀਆਂ ਰਿਆਸਤਾਂ ਤੇ ਚੜ੍ਹਾਈ ਕਰਕੇ ਆਵੇਗਾ।' ਇਹ ਚਿੱਠੀ ਲੈ ਕੇ ਜਦੋਂ ਬੰਦਾ ਸਿੰਘ ਦੇ ਹਰਕਾਰੇ ਸਬੰਧਤ ਰਾਜਿਆਂ ਕੋਲ ਗਏ ਤਾਂ ਉਨ੍ਹਾਂ ਹੰਕਾਰ ਵਿਚ ਆਇਆਂ ਹੋਇਆਂ ਨੇ ਇਨ੍ਹਾਂ ਨੂੰ ਮਰਵਾ ਦਿਤਾ। ਇਕ ਜਵਾਬੀ ਚਿੱਠੀ ਭਿਜਵਾ ਕੇ ਬੰਦਾ ਸਿੰਘ ਨੂੰ ਉਤਰ ਦਿੱਤਾ ਗਿਆ ਸੀ ਕਿ ਉਹ ਬਾਦਸ਼ਾਹ ਦੀ ਸੇਵਾ ਕਰਨ ਲਈ ਆਏ ਹੋਏ ਹਨ ਅਤੇ ਛੇਤੀ ਹੀ ਬੰਦੇ ਨੂੰ ਫੜ ਲੈਣਗੇ। ਉਨ੍ਹਾਂ ਨੇ ਇਹ ਵੀ ਲਿਖਿਆ ਸੀ ਕਿ ਉਹ ਹੁਣ ਅੱਗੇ ਤੋਂ ਕਿਸੇ ਵੀ ਸਿੱਖ ਨੂੰ ਜਿਉਂਦਾ ਨਹੀਂ ਛੱਡਣਗੇ। ਰਾਜਾ ਜੈ ਸਿੰਘ ਨੇ ਆਪਣੇ ਬਖ਼ਸ਼ੀ ਨੂੰ ਕਿਹਾ ਕਿ ਕਿਉਂਕਿ ਰਾਜਾ ਅਜੀਤ ਸਿੰਘ ਨੇ ਇਕ ਹਜ਼ਾਰ ਸਵਾਰ ਪਹਾੜ ਦੀ ਕੰਢੀ ਵਿਚ ਸਿੰਘਾਂ ਵਿਰੁੱਧ ਗਸ਼ਤ ਕਰਨ ਲਈ ਭੇਜਿਆ ਹੈ ਇਸ ਲਈ ਉਨ੍ਹਾਂ ਨੂੰ ਵੀ ਇਤਨੇ ਹੀ ਅਸਵਾਰ ਉਧਰ ਭੇਜਣੇ ਚਾਹੀਦੇ ਹਨ ਨਹੀਂ ਤਾਂ ਜੋਧਪੁਰੀਆ ਰਾਜਾ ਉਨ੍ਹਾਂ ਨਾਲੋਂ ਅੱਗੇ ਨਿਕਲ ਜਾਵੇਗਾ।

8. *ਉਕਤ*, ਪੰਨਾ 83.

SIKHBOOKCLUB.COM

ਇਸ ਗੱਲ ਦੀ ਵੀ ਜਾਣਕਾਰੀ ਮਿਲਦੀ ਹੈ ਕਿ ਬੰਦਾ ਸਿੰਘ ਨੇ ਰਾਜਪੂਤ ਰਾਜਿਆਂ ਨੂੰ ਪਰੇਰਿਆ ਸੀ ਕਿ ਉਹ ਬਾਦਸ਼ਾਹ ਦੇ ਵਿਰੁੱਧ ਉਸ ਦੀ ਮਦਦ ਕਰਨ ਅਤੇ ਦਿੱਲੀ ਤਖ਼ਤ ਉਪਰ ਉਨ੍ਹਾਂ ਨੂੰ ਬਿਠਾ ਦਿੱਤਾ ਜਾਵੇਗਾ ਪਰ ਇਹ ਰਾਜੇ ਬੰਦੇ ਦੀਆਂ ਪੇਸ਼ਕਸ਼ਾਂ ਨਾਲ ਸਹਿਮਤ ਨਹੀਂ ਹੋਏ। 25 ਦਸੰਬਰ ਨੂੰ ਬੰਦਾ ਸਿੰਘ ਨੇ ਮੁਹੰਮਦ ਅਮੀਨ ਖਾਨ ਦੇ ਨਵੇਂ ਕਾਇਮ ਕੀਤੇ ਠਾਣਿਆਂ ਤੇ ਜਾ ਹਮਲੇ ਕੀਤੇ। 28 ਦਸੰਬਰ ਨੂੰ ਮੁਹੰਮਦ ਖਾਨ ਦੇ ਲਸ਼ਕਰ ਉਤੇ ਜਾ ਛਾਪਾ ਮਾਰਿਆ। ਮਾਤਾ ਸੁੰਦਰੀ ਜੀ ਦਾ ਮੁਤਬੰਨਾ ਪੁੱਤਰ ਅਖਵਾਉਣ ਵਾਲਾ ਅਜੀਤ ਸਿੰਘ ਬਾਦਸ਼ਾਹ ਦੀ ਹਜ਼ੂਰੀ ਵਿਚ 30 ਦਸੰਬਰ ਨੂੰ ਪੇਸ਼ ਹੋਇਆ ਅਤੇ 9 ਅਸ਼ਰਫੀਆਂ ਨਜ਼ਰਾਨੇ ਵਜੋਂ ਪੇਸ਼ ਕੀਤੀਆ। ਉਸ ਨੇ ਬੰਦਾ ਸਿੰਘ ਦੇ ਵਿਰੁੱਧ ਬਾਦਸ਼ਾਹ ਦੀ ਜਿੱਤ ਦੀ ਅਰਦਾਸ ਕੀਤੀ। ਬਾਦਸ਼ਾਹ ਨੇ ਖੁਸ਼ ਹੋ ਕੇ ਉਸ ਨੂੰ ਸਾਰੇ ਅੰਮ੍ਰਿਤਸਰ ਸ਼ਹਿਰ ਦੀ ਸਮੁੱਚੀ ਜਾਇਦਾਦ ਬਖਸ਼ ਦਿੱਤੀ। ਜਦੋਂ ਉਹ ਸਿਰੀ ਦਰਬਾਰ ਸਾਹਿਬ ਦਾ ਪਰਬੰਧ ਸੰਭਾਲਣ ਲਈ ਉਥੇ ਪਹੁੰਚਿਆ ਸੀ ਤਾਂ ਸਥਾਨਕ ਸਿੱਖ ਸੰਗਤਾਂ ਨੇ ਉਸ ਦਾ ਬਾਈਕਾਟ ਕੀਤਾ।

ਇਸ ਤਰ੍ਹਾਂ ਇਧਰ ਬੰਦਾ ਸਿੰਘ ਬਹਾਦੁਰ ਨੇ ਆਪਣੇ ਗੁਰੀਲੇ ਹਮਲਿਆਂ ਰਾਹੀਂ ਸ਼ਾਹੀ ਫੌਜ ਦਾ ਕਿਸੇ ਵੀ ਇਕ ਥਾਂ ਤੇ ਟਿਕਣਾ ਦੁੱਭਰ ਕਰ ਰੱਖਿਆ ਸੀ ਅਤੇ ਦੂਜੇ ਪਾਸੇ ਬਾਦਸ਼ਾਹ ਦੀ ਮਾਨਸਿਕ ਪਰੇਸ਼ਾਨੀ ਵੱਧਦੀ ਜਾਂਦੀ ਸੀ। ਜਨਵਰੀ 1712 ਦੇ ਦੂਜੇ ਅੱਧ ਵਿਚ ਉਸ ਦੀ ਹਾਲਤ ਬਹੁਤ ਹੀ ਜ਼ਿਆਦਾ ਖਰਾਬ ਹੋ ਗਈ ਸੀ। 14 ਫਰਵਰੀ ਨੂੰ ਬਾਦਸ਼ਾਹ ਠੀਕ-ਠਾਕ ਸੀ। ਬਾਦਸ਼ਾਹ ਦੇ ਸ਼ਾਹਜ਼ਾਦੇ ਕੋਈ ਨਾ ਕੋਈ ਬਹਾਨਾ ਕਰਕੇ ਬਾਦਸ਼ਾਹ ਦੇ ਪਾਸ ਹੀ ਰਹਿਣਾ ਚਾਹੁੰਦੇ ਸਨ ਤਾਂ ਕਿ ਉਸ ਦੀ ਹਾਲਤ ਦਾ ਉਨ੍ਹਾਂ ਨੂੰ ਹਰ ਸਮੇਂ ਠੀਕ ਪਤਾ ਲਗਦਾ ਰਹੇ। ਉਹ ਬੰਦਾ ਸਿੰਘ ਦਾ ਪਿੱਛਾ ਕਰਨ ਨਾਲੋਂ ਆਪਣੇ ਪਿਤਾ-ਬਾਦਸ਼ਾਹ ਦੇ ਮਰਨ ਦੀਆਂ ਉਡੀਕਾਂ ਜ਼ਿਆਦਾ ਕਰ ਰਹੇ ਸਨ। 15 ਫਰਵਰੀ, 1712 ਨੂੰ ਬਾਦਸ਼ਾਹ ਬੇਹੋਸ਼ੀ ਦੀ ਹਾਲਤ ਵਿਚ ਰਿਹਾ। ਸਾਰੇ ਸ਼ਾਹਜ਼ਾਦਿਆਂ ਅਤੇ ਜਰਨੈਲਾਂ ਵਿਚ ਹਫੜਾ-ਦਫੜੀ ਮੱਚ ਗਈ ਸੀ। ਉਹ ਲਗਾਤਾਰ ਕਈ ਦਿਨ ਬੇਹੋਸ਼ ਰਿਹਾ ਸੀ। ਅਖੀਰ 17-18 ਫਰਵਰੀ ਦੀ ਵਿਚਕਾਰਲੀ ਰਾਤ ਨੂੰ ਬਾਦਸ਼ਾਹ ਮਰ ਗਿਆ ਸੀ।

SIKHBOOKCLUB.COM

14. ਤਖ਼ਤ ਲਈ ਆਪਸੀ ਜੰਗ ਅਤੇ ਫਾਰੁਖ਼ਸ਼ੀਅਰ ਦਾ ਬਾਦਸ਼ਾਹ ਬਣਨਾ

ਬਾਦਸ਼ਾਹ ਬਹਾਦੁਰ ਸ਼ਾਹ 17-18 ਫਰਵਰੀ, 1712 ਦੀ ਵਿਚਕਾਰਲੀ ਰਾਤ ਨੂੰ ਮਰ ਗਿਆ ਸੀ। ਸ਼ਾਹਜ਼ਾਦਿਆਂ ਵਿਚ, ਬਾਦਸ਼ਾਹ ਦੀ ਲੋਥ ਨੂੰ ਦਫ਼ਨਾਉਣ ਤੋਂ ਪਹਿਲਾਂ ਹੀ ਲੜਾਈ ਛਿੜ ਗਈ ਸੀ। ਲਾਹੌਰ ਦੇ ਬਾਹਰ ਚਾਰੇ ਸ਼ਾਹਜ਼ਾਦਿਆਂ ਵਿਚ ਖ਼ੂਬ ਲੜਾਈ ਹੋਈ। ਵੱਡਾ ਸ਼ਾਹਜ਼ਾਦਾ ਅਜ਼ੀਮ ਸ਼ਾਨ ਦਾ ਹਾਥੀ ਤੋਪ ਦਾ ਗੋਲਾ ਵੱਜਣ ਨਾਲ ਇਤਨਾ ਡਰ ਗਿਆ ਕਿ ਉਹ ਬੇਕਾਬੂ ਹੋ ਕੇ ਭੱਜ ਨਿਕਲਿਆ ਸੀ। ਹਾਥੀ ਸ਼ਾਹਜ਼ਾਦੇ ਨੂੰ ਲੈ ਕੇ ਰਾਵੀ ਦਰਿਆ ਵਿਚ ਜਾ ਵੜਿਆ ਅਤੇ ਹਾਥੀ ਦਾ ਪੈਰ ਅੜਕਨ ਕਰਕੇ ਹਾਥੀ ਅਤੇ ਸ਼ਾਹਜ਼ਾਦਾ ਦੋਵੇਂ ਹੀ ਦਰਿਆ ਦੇ ਡੂੰਘੇ ਵਹਿਣ ਵਿਚ ਡੁੱਬ ਗਏ ਸਨ। ਦੂਸਰੇ ਸ਼ਾਹਜ਼ਾਦੇ ਜਹਾਂਦਾਰ ਸ਼ਾਹ ਨੇ ਆਪਣੇ ਦੋ ਛੋਟੇ ਭਰਾਵਾਂ ਜਹਾਨ ਸ਼ਾਹ ਅਤੇ ਰਫ਼ੀ-ਉਸ਼ਾਨ ਨੂੰ ਮਾਰ ਮੁਕਾਇਆ ਅਤੇ ਆਪ 19 ਮਾਰਚ, 1712 ਨੂੰ ਬਾਦਸ਼ਾਹ ਬਣ ਗਿਆ। ਬਹਾਦੁਰ ਸ਼ਾਹ ਦੀ ਲਾਸ਼ ਨੂੰ ਉਸ ਦੇ ਮਰਨ ਦੇ ਢਾਈ ਕੁ ਮਹੀਨਿਆਂ ਬਾਅਦ ਦਿੱਲੀ ਲੈ ਜਾ ਕੇ 5 ਮਈ ਨੂੰ ਬਾਦਸ਼ਾਹ ਔਰੰਗਜ਼ੇਬ ਦੀ ਬਣਾਈ ਹੋਈ ਸੰਗਮਰਮਰ ਦੀ ਮਸੀਤ ਦੇ ਵਿਹੜੇ ਵਿਚ ਦਫ਼ਨਾ ਦਿੱਤਾ ਗਿਆ ਸੀ। ਇਸ ਤਰ੍ਹਾਂ ਬੰਦਾ ਸਿੰਘ ਬਹਾਦੁਰ ਦੇ ਖ਼ਿਲਾਫ਼ ਮੁਗ਼ਲ ਹਕੂਮਤ ਦੇ ਵਿਸ਼ਾਲ ਹਮਲੇ ਦਾ ਪਹਿਲਾ ਦੌਰ ਖ਼ਤਮ ਹੋ ਗਿਆ ਸੀ। ਬਾਦਸ਼ਾਹ ਬਹਾਦੁਰ ਸ਼ਾਹ ਆਪਣੀ ਸਾਰੀ ਮੁਗ਼ਲੀਆ ਸਲਤਨਤ ਦੀ ਫੌਜ ਲੈ ਕੇ ਪੰਜਾਬ ਵਿਚ ਪਹੁੰਚਿਆ ਹੋਇਆ ਸੀ। ਉਹ ਬੰਦਾ ਸਿੰਘ ਨੂੰ ਖ਼ਤਮ ਕਰਨ ਲਈ ਦੇਸ਼ ਦੇ ਬਾਕੀ ਸੂਬਿਆਂ ਦਾ ਖਿਆਲ ਹੀ ਭੁੱਲ ਗਿਆ ਸੀ। ਬੰਦਾ ਸਿੰਘ ਫਿਰ ਵੀ ਸ਼ਾਹੀ ਸੈਨਾ ਨੂੰ ਵਖ਼ਤ ਪਾਈਂ ਫਿਰਦਾ ਸੀ। ਉਸ ਦੇ ਹਮਲਿਆਂ ਦੀ ਤੇਜ਼ੀ, ਉਸ ਦੀ ਰਵਾਨਗੀ ਦੀ ਫੁਰਤੀ ਅਤੇ ਉਸ ਦੀ ਸ਼ੇਰ-ਦਿਲ ਬਹਾਦਰੀ ਨੇ ਸਮੁੱਚੀ ਮੁਗ਼ਲ ਫੌਜ ਅੰਦਰ ਦਹਿਸ਼ਤ ਫੈਲਾ ਰੱਖੀ ਸੀ। ਗੈਰ-ਪੰਜਾਬੀ ਮੁਗ਼ਲ ਫੌਜ ਵਿਚ ਇਹ ਗੱਲ ਧੁੰਮ ਗਈ ਸੀ ਕਿ ਬੰਦਾ ਸਿੰਘ ਕੋਈ ਜਾਦੂਗਰ ਹੈ। ਬਾਦਸ਼ਾਹ ਦੀ ਮੌਤ ਨੇ ਬੰਦਾ ਸਿੰਘ ਦੇ ਜਾਦੂਗਰ ਹੋਣ ਦੀ ਗੱਲ ਨੂੰ ਹੋਰ ਪੱਕਾ ਕਰ ਦਿੱਤਾ ਸੀ।

ਸ਼ਾਹ ਕੋਈ ਸਮਝ-ਬੂਝ ਵਾਲਾ ਬਾਦਸ਼ਾਹ ਨਹੀਂ ਸੀ। ਫਿਰ ਵੀ ਇਸ ਨੇ ਬਾਦਸ਼ਾਹ ਬਣਦਿਆਂ ਹੀ ਬੰਦਾ ਸਿੰਘ ਦੇ ਖਿਲਾਫ਼ ਆਪਣੀ ਲੜਾਈ ਜਾਰੀ ਰੱਖੀ ਸੀ। ਉਸ ਦੇ ਬਾਦਸ਼ਾਹ ਬਣਨ ਤੋਂ ਦਸ ਦਿਨਾਂ ਬਾਅਦ 19 ਮਾਰਚ ਨੂੰ, ਨੌ ਹਜ਼ਾਰ ਘੋੜ ਸਵਾਰ ਫੌਜ ਮੁਹੰਮਦ ਅਮੀਨ ਖਾਨ ਦੀ ਅਗਵਾਈ ਵਿਚ ਬੰਦਾ ਸਿੰਘ ਉਪਰ ਹਮਲਾ ਕਰਨ ਲਈ ਰਵਾਨਾ ਹੋਈ। ਬੰਦਾ ਸਿੰਘ ਬਹਾਦੁਰ, ਬਾਦਸ਼ਾਹ ਬਹਾਦੁਰ ਸ਼ਾਹ ਦੀ ਮੌਤ ਤੋਂ ਬਾਅਦ ਦੇ ਦਿਨਾਂ ਵਿਚ, ਸ਼ਾਹੀ ਕੈਂਪ ਵਿਚ ਮਚੀ ਹਫੜਾ-ਦਫੜੀ ਦਾ ਫਾਇਦਾ ਉਠਾ ਕੇ ਲੋਹਗੜ੍ਹ ਪਹੁੰਚ ਗਿਆ ਸੀ। ਇਥੇ ਪਹੁੰਚ ਕੇ ਉਸ ਨੇ ਲੋਹਗੜ੍ਹ ਦੇ ਕਿਲ੍ਹੇ ਨੂੰ ਮੁੜ ਤੋਂ ਤਾਮੀਰ ਕਰਵਾਇਆ। ਮੁਹੰਮਦ ਅਮੀਨ ਖਾਨ ਨੂੰ ਲੋਹਗੜ੍ਹ ਦੇ ਕਿਲ੍ਹੇ ਉਪਰ ਹੀ ਚੜ੍ਹਾਈ ਕਰਨ ਲਈ ਤੋਰਿਆ ਗਿਆ ਸੀ। ਬਾਦਸ਼ਾਹ ਨੇ ਦਿੱਲੀ ਜਾਂਦਿਆਂ। ਸਰਹਿੰਦ ਦੇ ਅਸਥਾਨ 'ਤੇ ਪਹੁੰਚ ਕੇ ਜੈਨੁਦੀਨ ਅਹਿਮਦ ਖਾਨ ਨੂੰ ਵੀ ਅੱਠ ਹਜ਼ਾਰ ਨਵੀਂ ਸੈਨਾ ਭਰਤੀ ਕਰਕੇ ਲੋਹਗੜ੍ਹ ਤੇ ਹਮਲਾ ਕਰਨ ਲਈ ਭੇਜਿਆ। 29 ਮਈ ਨੂੰ ਜਦੋਂ ਨਵਾਂ ਬਾਦਸ਼ਾਹ ਥਾਨੇਸਰ ਪਹੁੰਚਿਆ ਤਾਂ ਉਥੋਂ ਵੀ ਇਕ ਸੈਨਿਕ ਟੁਕੜੀ ਰਾਏ ਮਾਨ ਖਿਦਮਤੀਏ ਦੀ ਅਗਵਾਈ ਹੇਠ ਲੋਹਗੜ੍ਹ ਵੱਲ ਨੂੰ ਭੇਜੀ ਗਈ ਸੀ। ਗਿਆਰਾਂ ਜੂਨ, 1712 ਨੂੰ ਬਾਦਸ਼ਾਹ ਜਹਾਂਦਾਰ ਸ਼ਾਹ ਦਿੱਲੀ ਪਹੁੰਚ ਗਿਆ ਤੇ ਤਖਤ ਉਪਰ ਬੈਠਾ। ਉਸ ਦੇ ਪਹਿਲੇ ਦਰਬਾਰ ਵਿਚ ਨਾਹਨ ਦੇ ਰਾਜਾ ਭੂਪ ਪਰਕਾਸ਼ ਨੂੰ ਕੈਦ ਵਿਚੋਂ ਕੱਢ ਕੇ ਪੇਸ਼ ਕੀਤਾ ਗਿਆ। ਰਾਜਾ ਭੂਪ ਪਰਕਾਸ਼ ਨੇ ਅਰਜ਼ ਕੀਤੀ ਕਿ ਜੇ ਉਸ ਨੂੰ ਇਸ ਜ਼ਮਾਨਤ ਉਪਰ ਜੇਲ੍ਹ ਵਿਚੋਂ ਰਿਹਾਅ ਕਰ ਦਿੱਤਾ ਜਾਵੇ ਤਾਂ ਉਹ ਬੰਦਾ ਸਿੰਘ ਬਹਾਦੁਰ ਵਿਰੁੱਧ ਤਨਦੇਹੀ ਨਾਲ ਲੜੇਗਾ। ਇਸ ਜ਼ਮਾਨਤ ਪੁਰ ਉਸ ਨੂੰ ਰਿਹਾਅ ਕਰ ਦਿੱਤਾ ਗਿਆ। ਨਾਹਨ ਦੇ ਰਾਜੇ ਨੇ ਨਾਹਨ ਪਹੁੰਚਣ ਸਾਰ ਸਿੱਖਾਂ ਦੇ ਖਿਲਾਫ਼ ਹੁਕਮ ਜਾਰੀ ਕਰ ਦਿੱਤੇ।

ਇਹ ਸਾਰੀਆਂ ਸੈਨਿਕ ਟੁਕੜੀਆਂ ਆਪੋ-ਆਪਣੇ ਸਦਰ-ਮੁਕਾਮਾਂ ਤੋਂ ਰਵਾਨਾ ਤਾਂ ਹੋ ਗਈਆਂ ਸਨ ਪਰ ਲੋਹਗੜ੍ਹ ਦੀ ਜੂਹ ਵਿਚ ਦਾਖ਼ਲ ਹੋਣ ਤੋਂ ਡਰਦੀਆਂ ਸਨ। ਬੰਦਾ ਸਿੰਘ ਇਕ ਚੀਤੇ ਦੀ ਤਰ੍ਹਾਂ ਆਲੇ ਦੁਆਲੇ ਦੇ ਜੰਗਲਾਂ ਵਿਚ ਛੁਪ-ਛੁਪ ਕੇ ਚਲਦਾ-ਫਿਰਦਾ ਰਹਿੰਦਾ ਸੀ। ਜਦੋਂ ਵੀ ਦੁਸ਼ਮਣ ਦੀ ਸੈਨਿਕ ਟੁਕੜੀ ਉਸ ਦੇ ਸਾਹਮਣੇ ਆਉਂਦੀ ਸੀ ਉਹ ਪਲਾਂ ਵਿਚ ਹੀ ਉਸ ਉਪਰ ਝਪਟ ਕੇ ਉਸ ਦੇ ਸੱਥਰ ਵਿਛਾ ਜਾਂਦਾ ਸੀ। ਜਦੋਂ ਤੱਕ ਸੈਨਿਕ ਟੁਕੜੀ ਦੇ ਅਧਿਕਾਰੀ ਤੇ ਸਿਪਾਹੀ ਸੰਭਲਦੇ ਸਨ ਉਦੋਂ ਨੂੰ ਉਹ ਆਪਣਾ ਕੰਮ ਕਰਕੇ ਜਾ ਚੁੱਕਿਆ ਹੁੰਦਾ ਸੀ। ਨਵੇਂ ਬਾਦਸ਼ਾਹ ਦੇ ਅਜੇ ਪੈਰ ਨਹੀਂ ਜਮੇ ਸਨ। ਕੁਝ ਤਾਂ ਬੰਦਾ ਸਿੰਘ ਦੀ ਦਹਿਸ਼ਤ ਨੇ ਮੁਗ਼ਲ ਜਰਨੈਲਾਂ ਨੂੰ ਲੋਹਗੜ੍ਹ ਤੋਂ ਦੂਰ ਰੱਖਿਆ ਅਤੇ ਕੁਝ ਕੁ ਉਹ ਬਾਦਸ਼ਾਹ ਦੀ ਕੱਚੀ ਪੁਜੀਸ਼ਨ ਹੋਣ ਕਰਕੇ ਜੰਗ ਵਿਚ ਕੁੱਦਣ ਤੋਂ ਟਲਦੇ ਸਨ। ਸਿੱਟੇ ਵਜੋਂ ਜੂਨ ਤੋਂ ਲੈ ਕੇ ਸਤੰਬਰ, 1712 ਤਕ ਕੋਈ ਵੀ ਸੈਨਿਕ ਟੁਕੜੀ ਬੰਦਾ ਸਿੰਘ ਬਹਾਦੁਰ ਨਾਲ ਲੋਹਗੜ੍ਹ ਵਿਖੇ ਟੱਕਰ ਨਹੀਂ ਸਕੀ ਸੀ। ਅੱਠ ਸਤੰਬਰ ਨੂੰ ਬਾਦਸ਼ਾਹ ਨੇ ਦਿੱਲੀ ਤੋਂ ਮੁਹੰਮਦ ਅਮੀਨ ਖਾਨ ਅਤੇ ਜੈਨੁਦੀਨ ਅਹਿਮਦ ਖਾਨ ਲਈ ਹੋਰ ਸਹਾਇਕ ਸੈਨਾ ਅਤੇ ਤੋਪਾਂ ਵੀ ਭਿਜਵਾ ਦਿੱਤੀਆਂ ਸਨ।

ਨਵੰਬਰ ਦੇ ਅਖੀਰ ਵਿਚ ਬਾਦਸ਼ਾਹ ਲਈ ਇਕ ਹੋਰ ਖਤਰਾ ਪੈਦਾ ਹੋ ਗਿਆ ਸੀ। ਇਹ ਖਤਰਾ ਉਸ ਦੇ ਆਪਣੇ ਭਤੀਜੇ ਫਾਰੁਖਸ਼ੀਅਰ ਤੋਂ ਸੀ। ਉਹ ਬੰਗਾਲ ਦਾ ਗਵਰਨਰ ਸੀ ਅਤੇ ਵੱਡੇ ਸ਼ਾਹਜ਼ਾਦੇ ਅਜ਼ੀਮੁ ਸ਼ਾਨ ਦਾ ਪੁੱਤਰ ਸੀ ਜਿਸ ਨੂੰ

SIKHBOOKCLUB.COM

ਜਹਾਂਦਰ ਸ਼ਾਹ ਨੇ ਲੜਾਈ ਵਿਚ ਮਾਰ ਦਿੱਤਾ ਸੀ । ਫਰੁਖਸ਼ੀਅਰ ਪੂਰੀ ਸੈਨਿਕ ਤਿਆਰੀ ਨਾਲ ਆਪਣੇ ਚਾਚੇ ਤੋਂ ਆਪਣੇ ਬਾਪ ਦੇ ਕਤਲ ਦਾ ਬਦਲਾ ਲੈਣ ਲਈ ਦਿੱਲੀ ਨੂੰ ਚੱਲ ਪਿਆ ਸੀ । ਉਸ ਦਾ ਅੱਗੋਂ ਰਸਤਾ ਰੋਕਣ ਲਈ ਜਹਾਂਦਾਰ ਸ਼ਾਹ ਆਪਣੀ ਸੈਨਾ ਨਾਲ ਆਗਰੇ ਵੱਲ ਵਧਿਆ । ਇਸ ਮੁਹਿੰਮ ਵਿਚ ਉਸ ਨੇ ਬੰਦਾ ਸਿੰਘ ਬਹਾਦੁਰ ਵੱਲ ਭੇਜੇ ਹੋਏ ਇਕ ਜਰਨੈਲ ਮੁਹੰਮਦ ਅਮੀਨ ਖਾਨ ਨੂੰ ਵੀ ਵਾਪਸ ਬੁਲਾ ਲਿਆ ਸੀ । ਇਸ ਨਾਲ ਲੋਹਗੜ੍ਹ ਦੇ ਦੁਆਲੇ ਮੁਗਲ ਸੈਨਾ ਦਾ ਦਬਾਅ ਕੁਝ ਹੱਦ ਤੱਕ ਘਟ ਗਿਆ ਸੀ । ਸਿੰਘਾਂ ਨੇ ਇਸ ਸਮੇਂ ਨੂੰ ਲੋਹਗੜ੍ਹ ਨੂੰ ਮਜ਼ਬੂਤ ਕਰਨ ਲਈ ਵਰਤਿਆ ।

ਆਗਰੇ ਦੇ ਨੇੜੇ-ਤੇੜੇ ਜਹਾਂਦਾਰ ਸ਼ਾਹ ਅਤੇ ਫਾਰੁਖਸ਼ੀਅਰ ਵਿਚਕਾਰ 31 ਦਸੰਬਰ, 1712 ਨੂੰ ਗਹਿ-ਗੱਚਵੀਂ ਲੜਾਈ ਹੋਈ । ਇਸ ਵਿਚ ਜਹਾਂਦਾਰ ਸ਼ਾਹ ਪਕੜਿਆ ਗਿਆ । ਇਸ ਨੂੰ ਇਕ ਮਹੀਨੇ ਬਾਅਦ ਇਕ ਫਰਵਰੀ, 1713 ਨੂੰ ਅਮੀਰ-ਉਲ-ਉਮਰਾ ਜੁਲਫ਼ ਖਾਨ ਸਮੇਤ ਕਤਲ ਕਰ ਦਿੱਤਾ ਗਿਆ ਸੀ । ਇਸ ਸਮੇਂ ਦੇ ਵਿਚਕਾਰ ਬੰਦਾ ਸਿੰਘ ਵਿਹਲਾ ਨਹੀਂ ਬੈਠਿਆ ਸੀ ਸਗੋਂ ਪਹਿਲਾਂ ਤਾਂ ਉਸ ਨੇ ਉਨ੍ਹਾਂ ਫੌਜਦਾਰਾਂ ਨੂੰ ਲੋਹਗੜ੍ਹ ਦੀ ਜੂਹ ਵਿਚੋਂ ਸੈਂਕੜੇ ਕੋਹਾਂ ਦੂਰ ਭਜਾ ਦਿੱਤਾ ਸੀ ਜਿਹੜੇ ਫਾਰੁਖਸ਼ੀਅਰ ਅਤੇ ਜਹਾਂਦਾਰ ਸ਼ਾਹ ਦੀ ਆਗਰੇ ਦੇ ਨੇੜੇ ਹੋਈ ਲੜਾਈ ਵਿਚ ਸ਼ਾਮਲ ਨਹੀਂ ਹੋਣ ਗਏ ਸਨ ਅਤੇ ਇਥੇ ਲੋਹਗੜ੍ਹ ਦੇ ਆਲੇ-ਦੁਆਲੇ ਬੰਦਾ ਸਿੰਘ ਨੂੰ ਘੇਰੀਂ ਬੈਠੇ ਸਨ । ਇਥੋਂ ਤਕ ਕਿ ਸਰਹਿੰਦ ਦਾ ਫੌਜਦਾਰ ਜੈਨੁਦੀਨ ਅਹਿਮਦ ਖਾਨ ਜਿਹੜਾ ਇਥੇ ਲੋਹਗੜ੍ਹ ਦੇ ਨੇੜੇ ਸੀ ਬੰਦਾ ਸਿੰਘ ਕੋਲੋਂ ਭਾਂਜ ਖਾ ਕੇ ਸਰਹਿੰਦ ਵੀ ਨਹੀਂ ਪਹੁੰਚਿਆ ਸੀ, ਸਗੋਂ ਸਤਲੁਜੋਂ ਪਾਰ ਹੋ ਗਿਆ ਸੀ । ਪਿੱਛੋਂ ਬੰਦਾ ਸਿੰਘ ਨੇ ਲੋਹਗੜ੍ਹ ਦੇ ਕਿਲ੍ਹੇ ਨੂੰ ਅਤੇ ਇਸ ਦੀਆਂ ਸਹਾਇਕ ਗੜ੍ਹੀਆਂ ਨੂੰ ਮਜ਼ਬੂਤ ਕਰ ਲਿਆ ਸੀ ।

ਨਵੇਂ ਬਾਦਸ਼ਾਹ ਫਾਰੁਖਸ਼ੀਅਰ ਨੇ ਵਾਪਸ ਦਿੱਲੀ ਆ ਕੇ ਆਪਣਾ ਪਹਿਲਾ ਧਿਆਨ ਬੰਦਾ ਸਿੰਘ ਬਹਾਦੁਰ ਦੇ ਸੰਘਰਸ਼ ਨੂੰ ਕੁਚਲਣ ਵਲ ਹੀ ਲਗਾਇਆ । ਸਭ ਤੋਂ ਪਹਿਲਾਂ ਲਾਹੌਰ ਦਾ ਸੂਬੇਦਾਰ ਜ਼ਬਰਦਸਤ ਖਾਨ ਬਦਲਿਆ ਗਿਆ । ਉਸ ਦੀ ਥਾਂ ਤੇ ਅਬਦੁੱਸ ਸੱਮਦ ਖਾਨ ਨੂੰ ਨਵਾਂ ਸੂਬੇਦਾਰ ਨਿਯੁਕਤ ਕੀਤਾ ਗਿਆ । ਉਸ ਦੇ ਪੁੱਤਰ ਜ਼ਕਰੀਆ ਖਾਨ ਨੂੰ ਜੰਮੂ ਦਾ ਫੌਜਦਾਰ ਨਿਯੁਕਤ ਕੀਤਾ ਗਿਆ । ਅਬਦੁਸ ਸੱਮਦ ਖਾਨ ਤੁਰਾਨ ਦੇ ਰਹਿਣ ਵਾਲੇ ਖੁਆਜਾ ਅਹਿਰਾਰ ਦੇ ਖਾਨਦਾਨ ਵਿਚੋਂ ਸੀ ਅਤੇ ਇਹਤਮਾਦ-ਉਦ-ਦੌਲਾ ਮੁਹੰਮਦ ਅਮੀਨ ਖਾਨ ਦਾ ਸਾਂਢੂ ਸੀ । ਇਨ੍ਹਾਂ ਦੋਹਾਂ ਦੀਆਂ ਘਰਵਾਲੀਆਂ ਉਸ ਦੇ ਚਾਚੇ ਖਵਾਜਾ ਜ਼ਕਰੀਆ ਖਾਨ ਦੀਆਂ ਧੀਆਂ ਸਨ । ਇਹ ਬਾਦਸ਼ਾਹ ਔਰੰਗਜ਼ੇਬ ਦੇ ਵੇਲੇ ਹਿੰਦੁਸਤਾਨ ਵਿਚ ਆਇਆ ਸੀ ਅਤੇ ਪਹਿਲਾਂ ਚਾਰ ਸਦੀ ਦਾ ਅਹੁਦਾ ਇਸ ਨੂੰ ਦਿੱਤਾ ਗਿਆ ਸੀ ਪਰ ਪਿੱਛੋਂ ਬਾਦਸ਼ਾਹ ਬਹਾਦੁਰ ਸ਼ਾਹ ਵੇਲੇ ਇਹ ਹਫਤ ਸਦੀ ਦਾ ਮਾਲਕ ਬਣ ਗਿਆ ਸੀ । ਬਹਾਦੁਰ ਸ਼ਾਹ ਦੀ ਮੌਤ ਤੋਂ ਪਿੱਛੋਂ ਹੋਈ ਜੰਗ ਵਿਚ ਇਹ ਜੁਲਫਕਾਰ ਖਾਨ ਨਾਲ ਰਲ ਗਿਆ ਅਤੇ ਸ਼ਾਹਜ਼ਾਦਾ ਜਹਾਨ ਸ਼ਾਹ ਨੂੰ ਮਾਰ ਦੇਣ ਕਰਕੇ ਇਸ ਨੇ ਬਾਦਸ਼ਾਹ ਜਹਾਂਦਾਰ ਸ਼ਾਹ ਕੋਲੋਂ ਕਾਫੀ ਇਨਾਮ ਪਰਾਪਤ ਕੀਤੇ ਸਨ । ਪਿੱਛੋਂ ਜਹਾਂਦਾਰ ਸ਼ਾਹ ਅਤੇ ਫਾਰੁਖਸ਼ੀਅਰ ਵਿਚਕਾਰ ਹੋਈ ਜੰਗ ਸਮੇਂ ਇਸ ਨੇ ਫਿਰ ਪਾਸਾ ਪਲਟਿਆ । ਇਹ ਬਾਦਸ਼ਾਹ ਫਾਰੁਖਸ਼ੀਅਰ ਦੀਆਂ ਫੌਜਾਂ ਨਾਲ ਰਲ ਗਿਆ ਸੀ । ਨਵੇਂ ਬਾਦਸ਼ਾਹ ਨੇ ਇਸ ਨੂੰ ਪੰਜ ਹਜ਼ਾਰੀ ਦਾ ਅਹੁਦਾ ਬਖਸ਼ ਦਿੱਤਾ ਸੀ ਅਤੇ ਦਲੇਰ ਜੰਗ ਦਾ ਖ਼ਿਤਾਬ ਦਿੰਦੇ ਹੋਏ ਇਸ ਨੂੰ ਲਾਹੌਰ ਦਾ ਸੂਬੇਦਾਰ ਬਣਾ ਦਿੱਤਾ ਸੀ । ਇਉਂ ਅਬਦੁਸ ਸੱਮਦ ਖਾਨ ਬੜੇ ਮਜ਼ਬੂਤ ਪਿਛੋਕੜ ਨਾਲ ਬਾਦਸ਼ਾਹ ਦਾ ਵਿਸ਼ੇਸ਼ ਅਧਿਕਾਰੀ ਬਣ ਕੇ ਪੰਜਾਬ ਪਹੁੰਚਿਆ ਸੀ । ਬਾਦਸ਼ਾਹ ਨੇ ਪੰਜਾਬ ਦੇ ਆਲੇ-ਦੁਆਲੇ ਦੇ ਹਾਕਮਾਂ ਨੂੰ ਬੜੀ ਸਖ਼ਤਾਈ ਨਾਲ ਇਹ ਆਦੇਸ਼ ਜਾਰੀ ਕਰ ਦਿੱਤੇ ਸਨ ਕਿ ਅਬਦੁਸ ਸੱਮਦ ਖਾਨ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਜਾਵੇ । ਜੈਨੁਦੀਨ ਅਹਿਮਦ ਖਾਨ ਨੂੰ ਹੁਕਮ ਭੇਜ ਦਿੱਤਾ ਸੀ ਕਿ ਉਹ ਇਸ ਦੀ ਮਦਦ ਨਾਲ ਬੰਦਾ ਸਿੰਘ ਬਹਾਦੁਰ ਦੇ ਖਿਲਾਫ ਲੜਾਈ ਸ਼ੁਰੂ ਕਰੇ । ਜਿਵੇਂ ਕਿ ਪਹਿਲਾਂ ਵੀ ਲਿਖਿਆ ਜਾ ਚੁੱਕਿਆ ਹੈ ਕਿ ਜੈਨੁਦੀਨ ਅਹਿਮਦ ਖਾਨ ਬੰਦਾ ਸਿੰਘ ਦੀ ਮਾਰ ਤੋਂ ਡਰਦਾ ਸਰਹੰਦ ਤੋਂ ਵੀ ਦੂਰ ਚਲਾ ਗਿਆ ਸੀ । ਅਬਦੁਸ ਸੱਮਦ ਖਾਨ ਦੇ ਆਉਣ ਨਾਲ ਇਸ ਨੇ ਮੁੜ ਕੇ ਛੱਤ-ਬਨੂੜ ਕੋਲ ਆ ਕੇ ਡੇਰੇ ਲਾ ਲਏ ਸਨ ।

1713 ਦੀ ਅਪਰੈਲ ਦੇ ਪਹਿਲੇ ਹਫਤੇ ਦੀਆਂ ਖੁਫੀਆ ਖ਼ਬਰਾਂ ਵਿਚ ਦੱਸਿਆ ਗਿਆ ਸੀ ਕਿ ਬੰਦਾ ਸਿੰਘ ਲੋਹਗੜ੍ਹ ਦੇ ਕਿਲ੍ਹੇ ਵਿਚ ਪੂਰੀ ਤਰ੍ਹਾਂ ਡਟਿਆ ਬੈਠਾ ਸੀ ਅਤੇ ਸਢੌਰੇ ਦਾ ਕਿਲ੍ਹਾ ਵੀ ਪੂਰੀ ਤਰ੍ਹਾਂ ਸਿੰਘਾਂ ਨੇ ਸੁਰੱਖਿਅਤ ਕਰ ਰੱਖਿਆ ਸੀ ।[1] ਬਾਦਸ਼ਾਹ ਵਲੋਂ ਅਬਦੁੱਸ ਸੱਮਦ ਖਾਨ ਨੂੰ ਹੁਕਮ ਮਿਲਿਆ ਕਿ ਉਹ ਤੁਰੰਤ ਸਢੌਰੇ ਨੂੰ ਘੇਰਾ ਪਾਵੇ । ਅਬਦੁਸ ਸੱਮਦ ਖਾਨ ਨੇ ਪੂਰੀ ਤਰ੍ਹਾਂ ਸੋਚ-ਵਿਚਾਰ ਨਾਲ ਬੰਦਾ ਸਿੰਘ ਬਹਾਦੁਰ ਦੇ ਖਿਲਾਫ ਆਪਣਾ ਸੰਘਰਸ਼ ਸ਼ੁਰੂ ਕਰ ਦਿਤਾ । ਉਸ ਨੇ ਸਿੰਘਾਂ ਦੇ ਸਾਰੇ ਕਿਲ੍ਹਿਆਂ ਤੇ ਇਕੱਠਾ ਹਮਲਾ ਕਰਨ ਦੀ ਥਾਂ ਇਕੱਲੇ ਇਕੱਲੇ ਕਿਲ੍ਹੇ ਨੂੰ ਸਰ ਕਰਨ ਦਾ ਫੈਸਲਾ ਕੀਤਾ । ਪਹਿਲਾਂ ਪੂਰੀ ਸੰਯੁਕਤ ਸੈਨਾ ਨਾਲ ਸਢੌਰੇ ਦੇ ਕਿਲ੍ਹੇ ਤੇ ਹਮਲਾ ਕੀਤਾ ਗਿਆ । ਅਬਦੁੱਸ ਸੱਮਦ ਖਾਨ ਨਾਲ ਜੈਨੁਦੀਨ ਅਹਿਮਦ ਖਾਨ ਅਤੇ ਇਨਾਮ ਖਾਨ ਦੀਆਂ ਫੌਜਾਂ ਵੀ ਸਨ । ਆਲੇ-ਦੁਆਲੇ ਦਾ ਮੁਸਲਿਮ ਮੁਲਖ਼ਈਆ ਵੀ ਇਕੱਠਾ ਕਰ ਲਿਆ ਗਿਆ ਸੀ । ਸਢੌਰੇ ਦੇ ਕਿਲ੍ਹੇ ਅੰਦਰ ਸਿਰਫ ਇਕ ਹਜ਼ਾਰ ਸਿੰਘਾਂ ਦਾ ਜੱਥਾ ਸੀ । ਸਿੰਘਾਂ ਨੂੰ ਪਹਿਲਾਂ ਇਹ ਉਮੀਦ ਸੀ ਕਿ ਦੁਸ਼ਮਣ ਉਪਰ ਮਾਰੂ ਹਮਲੇ ਕੀਤੇ ਜਾ ਸਕਣਗੇ । ਪਰ ਇਸ ਸਮੇਂ ਦੁਸ਼ਮਣ ਦਾ ਲੜਾਈ ਕਰਨ ਦਾ ਢੰਗ ਪਹਿਲਾਂ ਨਾਲੋਂ ਵੱਖਰਾ ਸੀ । ਦੁਸ਼ਮਣ ਨੇ ਹੁਣ ਸਿੱਧਾ ਬੰਦਾ ਸਿੰਘ ਬਹਾਦੁਰ ਨਾਲ

1. *The panjab Past and Present,* Punjabi University, Patiala, October, 1984, p. 102.

SIKHBOOKCLUB.COM

ਟਾਕਰਾ ਕਰਨ ਦੀ ਥਾਂ ਉਸ ਦੀਆਂ ਸਹਾਇਕ ਥਾਵਾਂ ਨੂੰ ਪਹਿਲਾਂ ਖਤਮ ਕਰਨ ਦੇ ਮਨਸੂਬੇ ਬਣਾਏ ਸਨ ਤਾਂ ਕਿ ਬੰਦਾ ਸਿੰਘ ਦੇ ਪਰ ਕੱਟਣ ਪਿੱਛੋਂ ਹੀ ਉਸ ਨਾਲ ਲੜਾਈ ਕੀਤੀ ਜਾਵੇ ।

ਸਢੌਰੇ ਦੇ ਕਿਲ੍ਹੇ ਨੂੰ ਘੇਰਾ ਪਾਇਆ ਗਿਆ । ਕਿਲ੍ਹੇ ਅੰਦਰਲੇ ਥੋੜ੍ਹੇ ਸਿੰਘਾਂ ਨੇ ਹੀ ਦੁਸ਼ਮਣ ਨੂੰ ਕਿਲ੍ਹੇ ਦੇ ਨੇੜੇ ਨਹੀਂ ਲੱਗਣ ਦਿਤਾ । ਬੰਦਾ ਸਿੰਘ ਬਹਾਦੁਰ ਰਾਤ ਨੂੰ ਲੋਹਗੜ੍ਹ ਦੇ ਕਿਲ੍ਹੇ ਵਿਚੋਂ ਹਰ ਰੋਜ਼ ਇਕ ਜੱਥਾ ਭੇਜਦਾ ਸੀ, ਜਿਹੜਾ ਰਾਤ ਨੂੰ ਆਰਾਮ ਕਰ ਰਹੇ ਦੁਸ਼ਮਣ ਉਪਰ ਹਮਲਾ ਕਰਦਾ ਸੀ । ਇਸ ਤਰ੍ਹਾਂ ਦੁਸ਼ਮਣ ਦੀ ਮਿਲਵੀਂ ਤਾਕਤ ਵੀ ਪੂਰੇ ਪੰਜ ਮਹੀਨਿਆਂ ਤਕ ਸਢੌਰੇ ਦੇ ਕਿਲ੍ਹੇ ਨੂੰ ਫਤਿਹ ਨਹੀਂ ਕਰ ਸਕੀ । ਬੰਦਾ ਸਿੰਘ ਨੇ ਸਢੌਰੇ ਵਿਚਲੇ ਸਿੰਘਾਂ ਦਾ ਰਸਦ ਪਾਣੀ ਮੁੱਕਣ ਨਹੀਂ ਦਿੱਤਾ ਅਤੇ ਨਾ ਹੀ ਦੁਸ਼ਮਣ ਨੂੰ ਰਾਤਾਂ ਸਮੇਂ ਚੰਗੀ ਤਰ੍ਹਾਂ ਸੌਣ ਦਿੱਤਾ ਸੀ । ਜਦੋਂ ਰਾਤ ਨੂੰ ਦੁਸ਼ਮਣ ਦੇ ਡੇਰੇ ਵਿਚ ਰੌਲਾ-ਗੌਲਾ ਸੁਣਾਈ ਦਿੰਦਾ ਸੀ ਤਾਂ ਕਿਲ੍ਹੇ ਅੰਦਰਲੇ ਸਿੰਘ ਸਮਝ ਜਾਂਦੇ ਸਨ ਕਿ ਲੋਹਗੜ੍ਹ ਵਿਚੋਂ ਭੇਜੇ ਗਏ ਜੱਥੇ ਨੇ ਦੁਸ਼ਮਣ ਤੇ ਹਮਲਾ ਕਰ ਦਿਤਾ ਹੈ । ਇਸ ਤਰ੍ਹਾਂ ਕਿਲ੍ਹੇ ਵਿਚੋਂ ਵੀ ਕੁਝ ਸਿੰਘ ਨਿਕਲ ਕੇ ਦੁਸ਼ਮਣ ਦੇ ਅਨਾਜ ਵਾਲੇ ਹਿੱਸਿਆਂ ਤੇ ਜਾ ਹਮਲਾ ਕਰ ਦਿੰਦੇ ਸਨ । ਇਸ ਤਰ੍ਹਾਂ ਦੀਆਂ ਮਾਰਾਂ ਨਾਲ ਅਬਦੁੱਸ ਸੱਮਦ ਖਾਨ ਬੜਾ ਹੀ ਠਿੱਠ ਹੋ ਗਿਆ ਸੀ । ਉਸ ਨੇ ਫੈਸਲਾ ਕੀਤਾ ਕਿ ਇਸ ਘੇਰੇ ਨੂੰ ਲੰਮਾ ਨਾ ਕੀਤਾ ਜਾਵੇ ਅਤੇ ਤੁਰੰਤ ਹੀ ਇਕੋ ਵਾਰ ਹਮਲਾ ਕਰਕੇ ਕਿਲ੍ਹੇ ਨੂੰ ਫਤਿਹ ਕਰ ਲਿਆ ਜਾਵੇ । ਇਸ ਮਕਸਦ ਲਈ ਉਸ ਨੇ ਪੂਰੀ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ । ਤਿਆਰੀ ਵਜੋਂ ਲੱਕੜ ਦੀਆਂ ਉਚੀਆਂ ਤੇ ਲੰਮੀਆਂ ਸੱਤ ਸੌ ਪੌੜੀਆਂ ਅਤੇ ਕਿਸ਼ਤੀਆਂ ਤਿਆਰ ਕਰਵਾਉਣੀਆਂ ਸ਼ੁਰੂ ਕਰ ਦਿੱਤੀਆਂ । ਕਿਸ਼ਤੀਆਂ ਨਾਲ ਕਿਲ੍ਹੇ ਦੇ ਆਲੇ-ਦੁਆਲੇ ਦੀ ਖਾਈ ਨੂੰ ਪਾਰ ਕਰਨਾ ਸੀ ਅਤੇ ਪੌੜੀਆਂ ਨਾਲ ਕਿਲ੍ਹੇ ਦੇ ਆਲੇ-ਦੁਆਲਿਓਂ ਕੰਧਾਂ ਰਾਹੀਂ ਉਪਰ ਚੜ੍ਹਨਾ ਸੀ । ਇਸ ਤਿਆਰੀ ਦਾ ਪੂਰਾ ਵੇਰਵਾ 17 ਜੁਲਾਈ, 1713 ਨੂੰ ਬਾਦਸ਼ਾਹ ਫਰੁਖਸ਼ੀਅਰ ਨੂੰ ਭੇਜਿਆ ਗਿਆ ਸੀ ।[2] ਇਸ ਗੱਲ ਦਾ ਪਤਾ ਸਿੰਘਾਂ ਨੂੰ ਵੀ ਲੱਗ ਗਿਆ ਸੀ । ਬੰਦਾ ਸਿੰਘ ਨੇ ਸਢੌਰੇ ਵਿਚਲੇ ਸਿੰਘਾਂ ਨੂੰ ਆਦੇਸ਼ ਦਿੱਤੇ ਕਿ ਉਹ ਕਿਲ੍ਹਾ ਖਾਲੀ ਕਰਕੇ ਲੋਹਗੜ੍ਹ ਵਿਚ ਆ ਜਾਣ । ਉਨ੍ਹਾਂ ਦੇ ਕਿਲ੍ਹੇ ਵਿਚੋਂ ਨਿਕਲਣ ਵਿਚ ਮਦਦ ਕਰਨ ਲਈ ਬੰਦਾ ਸਿੰਘ ਨੇ ਇਕ ਜੱਥਾ ਭੇਜਿਆ । ਇਸ ਜੱਥੇ ਨੇ ਦੁਸ਼ਮਣ ਦਾ ਧਿਆਨ ਬਾਹਰਲੇ ਪਾਸੇ ਲਗਾ ਕੇ ਰੱਖਣਾ ਸੀ । ਇਸ ਤਰ੍ਹਾਂ ਸਢੌਰੇ ਵਿਚਲੇ ਸਿੰਘ 18-19 ਸਤੰਬਰ ਨੂੰ ਪੂਰੀ ਮਿਲਵੀਂ ਤਾਕਤ ਨਾਲ ਦੁਸ਼ਮਣ ਵਲੋਂ ਹਮਲਾ ਕਰਨ ਤੋਂ ਪਹਿਲਾਂ ਹੀ ਕਿਲ੍ਹੇ ਵਿਚੋਂ ਨਿਕਲ ਕੇ ਦੁਸ਼ਮਣ ਦੀ ਫੌਜ ਦੇ ਉਸ ਹਿੱਸੇ ਉਪਰ ਟੁੱਟ ਪਏ ਸਨ ਜਿਥੇ ਸ਼ਾਹੀ ਫੌਜ ਤੋਂ ਇਲਾਵਾ ਸਥਾਨਕ ਜਾਗੀਰਦਾਰਾਂ ਦੀਆਂ ਫੌਜਾਂ ਖੜ੍ਹੀਆਂ ਸਨ । ਇਸ ਤਰ੍ਹਾਂ ਦੀਆਂ ਫੌਜਾਂ ਅਕਸਰ ਖਾਨਾਪੂਰਤੀ ਕਰਨ ਲਈ ਹੀ ਹੁੰਦੀਆਂ ਸਨ । ਬਾਹਰਲੇ ਪਾਸਿਓਂ ਲੋਹਗੜ੍ਹ ਵਿਚੋਂ ਆਇਆ ਹੋਇਆ ਜੱਥਾ ਇਨਾਮ ਖਾਨ ਦੀ ਫੌਜ ਉਪਰ ਟੁੱਟ ਪਿਆ ਸੀ । ਸਿੰਘਾਂ ਦੇ ਇਨ੍ਹਾਂ ਅਚਾਨਕ ਹਮਲਿਆਂ ਨਾਲ ਦੁਸ਼ਮਣ ਦੇ ਡੇਰੇ ਵਿਚ ਹਾਹਾਕਾਰ ਮਚ ਗਈ ਸੀ । ਜਾਗੀਰਦਾਰਾਂ ਦੀ ਫੌਜ ਸਿੰਘਾਂ ਦੇ ਸਾਹਮਣੇ ਟਿੱਕ ਨਹੀਂ ਸਕੀ ਸੀ ਅਤੇ ਇਨਾਮ ਖਾਨ ਨਾਲ ਲੜਨ ਵਾਲਾ ਜੱਥਾ ਹੌਲੀ ਹੌਲੀ ਪਿੱਛੇ ਹੱਟ ਰਿਹਾ ਸੀ । ਸਿੱਟੇ ਦੇ ਤੌਰ ਤੇ ਸਢੌਰੇ ਅਤੇ ਲੋਹਗੜ੍ਹ ਦਾ ਆਪਸੀ ਫਾਸਲਾ ਤਕਰੀਬਨ ਵੀਹ ਕੁ ਕਿਲੋਮੀਟਰ ਦਾ ਸੀ । ਅਬਦੁੱਸ ਸੱਮਦ ਖਾਨ ਇਸ ਸਾਰੀ ਕਰਵਾਈ ਤੋਂ ਡਾਢਾ ਪਰੇਸ਼ਾਨ ਹੋ ਗਿਆ ਸੀ । ਉਹ ਸਢੌਰੇ ਵਿਚਲੇ ਸਿੰਘ ਜੱਥੇ ਨੂੰ ਮਾਰਨ ਜਾਂ ਫੜਨ ਵਿਚ ਅਸਫਲ ਰਿਹਾ ਸੀ । ਉਸ ਨੇ ਗੁੱਸੇ ਵਿਚ ਆ ਕੇ ਸਢੌਰੇ ਵਾਲੇ ਕਿਲ੍ਹੇ ਨੂੰ ਬਿਲਕੁਲ ਢਾਹ ਦਿੱਤਾ ਅਤੇ ਸਢੌਰੇ ਦੇ ਨਗਰ ਨੂੰ ਉਜਾੜ ਦਿੱਤਾ ਸੀ । ਬਾਦਸ਼ਾਹ ਨੂੰ ਇਸਦੀ ਖ਼ਬਰ ਭੇਜੀ ਗਈ ਸੀ । ਸਿੰਘਾਂ ਦਾ ਜੱਥਾ ਸਢੌਰੇ ਦੇ ਕਿਲ੍ਹੇ ਵਿਚੋਂ 17-18 ਸਤੰਬਰ ਨੂੰ ਨਿਕਲਿਆ ਸੀ ਅਤੇ ਅਬਦੁੱਸ ਸੱਮਦ ਖਾਨ ਇਸ ਕਾਰਵਾਈ ਤੋਂ ਇਤਨਾ ਪਰੇਸ਼ਾਨ ਹੋ ਗਿਆ ਸੀ ਕਿ ਅਕਤੂਬਰ ਦਾ ਸਾਰਾ ਮਹੀਨਾ ਲੋਹਗੜ੍ਹ ਉਪਰ ਹਮਲਾ ਕਰਨ ਦਾ ਹੌਂਸਲਾ ਨਹੀਂ ਸੀ ਪਿਆ । 16 ਨਵੰਬਰ ਨੂੰ ਬਾਦਸ਼ਾਹ ਨੂੰ ਭੇਜੀ ਗਈ ਖ਼ਬਰ ਵਿਚ ਦੱਸਿਆ ਗਿਆ ਸੀ ਕਿ ਬੰਦਾ ਸਿੰਘ ਬਹਾਦੁਰ ਲੋਹਗੜ੍ਹ ਦੇ ਕਿਲ੍ਹੇ ਵਿਚ ਪੂਰੀ ਤਰ੍ਹਾਂ ਡਟਿਆ ਬੈਠਾ ਹੈ ਅਤੇ ਆਪਣੇ ਕਿਲ੍ਹੇ ਦੇ ਦੁਆਲੇ ਦੀ ਖਾਈ ਨੂੰ ਹੋਰ ਡੂੰਘਾ ਕਰਵਾ ਰਿਹਾ ਹੈ ਅਤੇ ਸ਼ਾਹੀ ਫੌਜ ਨਾਲ ਡੱਟ ਕੇ ਲੜਾਈ ਕਰਨ ਦਾ ਇਰਾਦਾ ਬਣਾਈ ਬੈਠਾ ਹੈ ।

ਭਾਵੇਂ ਬੰਦਾ ਸਿੰਘ ਬਹਾਦੁਰ ਲੋਹਗੜ੍ਹ ਵਿਚ ਅਬਦੁੱਸ ਸੱਮਦ ਖਾਨ ਦਾ ਟਾਕਰਾ ਕਰਨ ਦੀ ਪੂਰੀ ਤਿਆਰੀ ਕਰ ਰਿਹਾ ਸੀ ਪਰ ਜਾਪਦਾ ਹੈ ਕਿ ਲੋਹਗੜ੍ਹ ਦੀ ਪਕਿਆਈ ਉਤਨੀ ਨਹੀਂ ਹੋ ਸਕੀ ਸੀ ਜਿਤਨੀ ਦੀ ਜ਼ਰੂਰਤ ਸੀ । ਦੂਜਾ ਕਾਰਨ ਇਹ ਵੀ ਜਾਪਦਾ ਹੈ ਕਿ ਇਸ ਵਾਰ ਨਾਹਨ ਦੇ ਰਾਜੇ ਨੇ ਪਹਿਲਾਂ ਵਾਂਗ ਰਾਸ਼ਨ-ਪਾਣੀ ਅਤੇ ਪੱਠਿਆਂ ਬਗੈਰਾ ਦੀ ਸਪਲਾਈ ਨਹੀਂ ਹੋਣ ਦਿਤੀ ਸੀ । ਸਗੋਂ ਉਸ ਨੇ ਕਿਲ੍ਹੇ ਨੂੰ ਆਉਣ ਵਾਲੇ ਸਾਰੇ ਰਸਤੇ ਬੰਦ ਕਰ ਦਿਤੇ ਸਨ । ਇਸ ਲਈ ਬੰਦਾ ਸਿੰਘ ਨੇ ਸ਼ਾਇਦ ਇਹ ਸਮਝ ਲਿਆ ਹੋਵੇ ਕਿ ਕਿਲ੍ਹੇ ਨੂੰ ਛੱਡ ਕੇ ਦੂਰ ਨਿਕਲਿਆ ਜਾਵੇ । ਇਸ ਲਈ ਬੰਦਾ ਸਿੰਘ 15-16 ਨਵੰਬਰ, 1713 ਨੂੰ ਕਿਲ੍ਹਾ ਲੋਹਗੜ੍ਹ ਖਾਲੀ ਕਰ ਗਿਆ ਸੀ । 16 ਨਵੰਬਰ, 1713 ਦਿਨ ਸੋਮਵਾਰ ਦੀ ਖ਼ਬਰ ਵਿਚ ਦੱਸਿਆ ਗਿਆ ਹੈ ਕਿ ਕੇਸ਼ੋ ਦਾਸ ਹਰਕਾਰੇ ਨੇ ਹਰਕਾਰਿਆਂ ਦੇ ਮੁੱਖੀ ਇਮਤਿਆਜ਼ ਖਾਨ ਰਾਹੀਂ ਬਾਦਸ਼ਾਹ ਨੂੰ ਇਹ ਸੂਚਨਾ ਪੇਸ਼ ਕੀਤੀ ਹੈ ਕਿ ਅਬਦੁੱਸ ਸੱਮਦ ਖਾਨ ਨੇ ਕਿਲ੍ਹੇ ਨੂੰ ਘੇਰ ਲਿਆ ਹੈ । ਉਸ ਨੇ ਜੈਨੁਦੀਨ ਅਹਿਮਦ ਖਾਨ, ਇਨਾਮ ਖਾਨ, ਜ਼ਕਰੀਆ ਖਾਨ ਆਦਿ ਮੁਗ਼ਲ ਸਰਦਾਰਾਂ ਨਾਲ ਮਿਲ ਕੇ ਮੋਰਚੇ ਮੱਲ ਲਏ ਹਨ ਅਤੇ ਬਾਗੀਆਂ ਉਪਰ ਹਮਲਾ ਕਰ ਦਿਤਾ ਹੈ । ਬਾਗੀਆਂ ਵਿਚੋਂ ਬਹੁਤਿਆਂ ਨੂੰ ਮਾਰ ਦਿੱਤਾ ਹੈ ਅਤੇ ਜ਼ਖਮੀ

2. *Ibid.*, p. 126.

SIKHBOOKCLUB.COM

ਕਰ ਦਿਤਾ ਹੈ ਅਤੇ ਅੱਲਾ ਦੀ ਮਿਹਰ ਨਾਲ ਕਿਲ੍ਹਾ ਫਤਿਹ ਕਰ ਲਿਆ ਹੈ ਅਤੇ ਕਿਲ੍ਹੇ ਵਿਚਲਾ ਜੰਗੀ-ਅਸਬਾਬ ਜ਼ਬਤ ਕਰ ਲਿਆ ਗਿਆ ਹੈ । ਬਾਗੀ ਮੁਕਾਬਲਾ ਨਹੀਂ ਕਰ ਸਕੇ ਅਤੇ ਉਹ ਪਹਾੜਾਂ ਵਿਚ ਦੌੜ ਗਏ ਹਨ । ਹਾਜੀ ਕਮਲ ਬਖ਼ਸ਼ੀ ਅਬਦੁਲ ਸੱਮਦ ਖਾਨ ਲੜਾਈ ਵਿਚ ਮਾਰਿਆ ਗਿਆ ਹੈ । ਅਬੁ-ਉਲ-ਮਕਰੱਮ, ਜੈਨੁਦੀਨ ਅਹਿਮਦ ਖਾਨ ਦਾ ਭਤੀਜਾ, ਫਤਿਹ ਖਾਨ ਅਤੇ ਸ਼ਾਹੀ ਸੈਨਾ ਦੇ ਹੋਰ ਕਈ ਅਧਿਕਾਰੀ ਜ਼ਖ਼ਮੀ ਹੋ ਗਏ ਹਨ । ਇਹ ਬਹੁਤ ਵੱਡੀ ਫਤਿਹ ਹੈ ।[3]

ਕਮਾਓਂ ਦੇ ਰਾਜੇ ਨੇ ਬਾਦਸ਼ਾਹ ਨੂੰ ਖੁਸ਼ ਕਰਨ ਲਈ 228 ਸਿੰਘਾਂ ਦੇ ਸਿਰ ਕੱਟ ਕੇ ਬਾਦਸ਼ਾਹ ਨੂੰ ਪੇਸ਼ ਕੀਤੇ । ਬਾਦਸ਼ਾਹ ਨੇ ਇਸ ਗੱਲੋਂ ਖੁਸ਼ ਹੋ ਕੇ ਗੜ੍ਹਵਾਲ (ਕਮਾਓਂ) ਦੇ ਰਾਜੇ ਨੂੰ ਇਕ ਵਿਸ਼ੇਸ਼ ਖਿੱਲਤ, ਇਕ ਹਾਥੀ, ਇਕ ਤਲਵਾਰ, ਅਤੇ ਇਕ ਜਿਗਾਹ ਕਲਗੀ ਤੋਹਫੇ ਵਜੋਂ ਪੇਸ਼ ਕੀਤੀ ।[4] ਜਦੋਂ ਰਾਜੇ ਨੂੰ ਇਹ ਤੋਹਫੇ ਮਿਲੇ ਤਾਂ ਉਸ ਨੇ ਫਿਰ ਇਨ੍ਹਾਂ ਦੇ ਜਵਾਬ ਵਿਚ ਦੋ ਵਿਸ਼ੇਸ਼ ਦਸਤਬਾਜ ਅਤੇ ਪੰਜ ਕੁੰਜਕਾਹ ਬਣਵਾਕੇ ਬਾਦਸ਼ਾਹ ਨੂੰ ਭੇਜੇ । ਬਾਦਸ਼ਾਹ ਇਨ੍ਹਾਂ ਤੋਹਫ਼ਿਆਂ ਨੂੰ ਲੈ ਕੇ ਬਹੁਤ ਖੁਸ਼ ਹੋਇਆ ।[5]

ਬੰਦਾ ਸਿੰਘ ਬਹਾਦੁਰ ਨੂੰ ਕਮਜ਼ੋਰ ਕਰਨ ਲਈ ਬਾਦਸ਼ਾਹ ਦੀਆਂ ਕੂਟਨੀਤਕ ਚਾਲਾਂ : 1713 ਤੱਕ ਮੁਗ਼ਲ ਹਕੂਮਤ ਦਾ ਪੂਰਾ ਜ਼ੋਰ ਲਗ ਚੁੱਕਿਆ ਸੀ ਪਰ ਉਹ ਬੰਦਾ ਸਿੰਘ ਬਹਾਦੁਰ ਨੂੰ ਨਾ ਫੜ ਸਕੀ ਸੀ ਅਤੇ ਨਾ ਹੀ ਮਾਰ ਸਕੀ ਸੀ । ਬੰਦਾ ਸਿੰਘ ਨੇ ਪੰਜਾਬ ਵਿਚ ਮੁਗ਼ਲ ਸਰਕਾਰ ਦੇ ਪੈਰਾਂ ਹੇਠ ਅੰਗਿਆਰ ਵਿਛਾ ਰੱਖੇ ਸਨ । ਬਾਦਸ਼ਾਹ ਦੀ ਪੂਰੀ ਸ਼ਾਹੀ ਸੈਨਾ ਪੰਜਾਬ ਵਿਚ ਆ ਕੇ ਜਾ ਚੁੱਕੀ ਸੀ । ਹਿੰਦੁਸਤਾਨ ਭਰ ਦੇ ਚੋਣਵੇਂ ਤੋਂ ਚੋਣਵੇਂ ਜਰਨੈਲ ਬੰਦਾ ਸਿੰਘ ਦਾ ਟਾਕਰਾ ਕਰ ਚੁੱਕੇ ਸਨ ਪਰ ਬੰਦਾ ਸਿੰਘ ਨੇ ਸਭ ਦਾ ਸੈਨਿਕ ਘੁਮੰਡ ਤੋੜ ਦਿੱਤਾ ਸੀ । ਬੰਦਾ ਸਿੰਘ ਬਹਾਦੁਰ ਖੁਦ ਸ਼ਾਹੀ ਸੈਨਾ ਦਾ ਕਮਾਂਡਰ ਰਹਿ ਚੁੱਕਿਆ ਸੀ । ਉਸ ਨੂੰ ਲੜਾਈ ਦੇ ਹਰ ਦਾਅ-ਪੇਚ ਦਾ ਪਤਾ ਸੀ । ਇਸ ਲਈ ਲੜਾਈ ਦੇ ਨੁਕਤਾ-ਨਿਗਾਹ ਤੋਂ ਉਸ ਨੂੰ ਕੋਈ ਵੀ ਮੁਗ਼ਲ ਜਰਨੈਲ ਨੀਵਾਂ ਨਹੀਂ ਦਿਖਾ ਸਕਿਆ ਸੀ । ਪੂਰੀ ਇਕ ਕੌਮ ਉਸ ਦੇ ਪਿੱਛੇ ਸੀ । ਗੱਲ ਇਹ ਨਹੀਂ ਸੀ ਕਿ ਸਿੱਖ ਕੌਮ ਦੀ ਗਿਣਤੀ ਕਿੰਨੀ ਕੁ ਸੀ, ਗੱਲ ਸੀ ਤਾਂ ਪੂਰੀ ਕੌਮ ਦੇ ਵਿਸ਼ਵਾਸ ਦੀ । ਸਿੱਖ ਕੌਮ ਨੂੰ ਵਿਸ਼ਵਾਸ ਸੀ ਬੰਦਾ ਸਿੰਘ ਬਹਾਦੁਰ ਦੀ ਲੀਡਰਸ਼ਿਪ ਵਿਚ । ਇਹ ਬੰਦਾ ਸਿੰਘ ਬਹਾਦੁਰ ਹੀ ਸੀ ਜਿਸ ਨੇ ਸਿੱਖ ਕੌਮ ਦੇ ਜਨਮ ਤੋਂ ਪਿੱਛੋਂ ਉਸ ਨੂੰ ਪਹਿਲੀ ਵਾਰ ਰਾਜ-ਭਾਗ ਦੀ ਮਾਲਕ ਕੌਮ ਬਣਾ ਦਿੱਤਾ ਸੀ । ਦੋ ਬਾਦਸ਼ਾਹ ਉਸ ਦਾ ਮੁਕਾਬਲਾ ਕਰਦੇ ਹੋਏ ਖਤਮ ਹੋ ਗਏ ਸਨ । ਤੀਜਾ ਬਾਦਸ਼ਾਹ ਫਾਰੁਖਸ਼ੀਅਰ ਪੰਜਾਬ ਵਿਚ ਆਉਣਾ ਬਦਸ਼ਗਨੀ ਸਮਝਦਾ ਸੀ । ਇਸ ਲਈ ਉਹ ਆਪ ਤਾਂ ਪੰਜਾਬ ਵਿਚ ਨਹੀਂ ਆਇਆ ਪਰ ਉਸ ਨੇ ਆਪਣਾ ਸਾਰਾ ਵਿਸ਼ਵਾਸ ਅਤੇ ਆਪਣੀ ਸਾਰੀ ਤਾਕਤ ਅਬਦੁੱਸ ਸੱਮਦ ਖਾਨ ਦੀ ਕਮਾਂਡ ਵਿਚ ਸੌਂਪ ਦਿਤੀ ਸੀ । ਬਿਨਾਂ ਸ਼ੱਕ ਅਬਦੁੱਸ ਸੱਮਦ ਖਾਨ ਯੁੱਧਨੀਤੀ ਵਿਚ ਇਕ ਨਿਪੁੰਨ ਜਰਨੈਲ, ਰਾਜਨੀਤਕ ਸੂਝ-ਬੂਝ ਵਿਚ ਭਰੋਸੇਮੰਦ ਅਤੇ ਦਰਿੜ੍ਹਤਾ ਰੱਖਣ ਵਾਲਾ ਨੇਤਾ ਸੀ । ਬੰਦਾ ਸਿੰਘ ਦੀ ਯੋਗਤਾ ਨੇ ਉਸ ਵਰਗੇ ਨਿਪੁੰਨ ਅਤੇ ਦਰਿੜ੍ਹ ਜਰਨੈਲ ਨੂੰ ਵੀ ਮਾਤ ਪਾ ਦਿੱਤੀ ਸੀ ।

ਬਾਦਸ਼ਾਹ ਨੇ ਹੁਣ ਲੜਾਈ ਦੇ ਪੱਖ ਤੋਂ ਪਰੇ ਹੱਟ ਕੇ ਵੀ ਕੁਝ ਐਸੀਆਂ ਅਣ-ਇਖਲਾਕੀ ਚਾਲਾਂ ਚੱਲਣੀਆਂ ਸ਼ੁਰੂ ਕਰ ਦਿੱਤੀਆਂ ਸਨ ਜਿਹੜੀਆਂ ਬਾਦਸ਼ਾਹ ਜੈਸੇ ਸਰਬਉੱਚ ਰੁਤਬੇ ਵਾਲੇ ਨੇਤਾ ਨੂੰ ਸ਼ੋਭਦੀਆਂ ਨਹੀਂ ਸਨ । ਉਸ ਨੇ ਬੰਦਾ ਸਿੰਘ ਦੇ ਖਿਲਾਫ਼ ਸਿੱਖਾਂ ਦੇ ਅੰਦਰੋਂ ਹੀ ਵਿਰੋਧੀ ਪੈਦਾ ਕਰਨੇ ਸ਼ੁਰੂ ਕਰ ਦਿੱਤੇ । ਇਸ ਮਕਸਦ ਲਈ ਉਸ ਨੇ ਕਈ ਮੁਹਾਜ਼ਾਂ ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ । ਇਕ ਮੁਹਾਜ਼ ਸੀ ਬੰਦਾ ਸਿੰਘ ਦੇ ਸਾਥੀ ਸਿੰਘਾਂ ਵਿਚੋਂ ਕਿਸੇ ਐਸੇ ਗੱਦਾਰ ਦੀ ਭਾਲ ਕਰਨੀ ਜੋ ਬੰਦਾ ਸਿੰਘ ਦਾ ਸਾਥ ਛੱਡ ਕੇ ਹਕੂਮਤ ਦੇ ਪੱਖ ਦੀ ਗੱਲ ਕਰੇ । ਦੂਜਾ ਮੁਹਾਜ਼ ਸੀ ਮਾਤਾ ਸੁੰਦਰੀ ਜੀ ਦੇ ਮੁਤਬੰਨੇ ਪੁੱਤਰ ਅਜੀਤ ਸਿੰਘ ਨੂੰ ਬੰਦਾ ਸਿੰਘ ਦੇ ਖਿਲਾਫ਼ ਵਰਤਣ ਦਾ । ਤੀਜਾ ਮੁਹਾਜ਼ ਉਸ ਦੀ ਆਪਣੀ ਸੈਨਾ ਦੀ ਮੁਹਿੰਮ ਸੀ ਜਿਹੜੀ ਪਹਿਲੋਂ ਹੀ ਬੰਦਾ ਸਿੰਘ ਦੇ ਪਿੱਛੇ ਪਈ ਹੋਈ ਸੀ ।

ਪਹਿਲੇ ਮੁਹਾਜ਼ ਤੇ ਕੰਮ ਕਰਦਿਆਂ ਬੰਦਾ ਸਿੰਘ ਬਹਾਦੁਰ ਦੇ ਸੰਬੰਧ ਵਿਚ ਇਹ ਪਰਚਾਰ ਕਰਵਾਇਆ ਗਿਆ ਕਿ ਉਹ ਖੁਦ ਗੁਰੂ ਅਖਵਾਉਂਦਾ ਹੈ । ਇਹ ਵੀ ਪਰਚਾਰ ਕਰਵਾਇਆ ਗਿਆ ਕਿ ਸਿੱਖਾਂ ਦੇ ਗੁਰੂ ਗੋਬਿੰਦ ਸਿੰਘ ਨੇ ਤਾਂ ਮੁਗ਼ਲ ਬਾਦਸ਼ਾਹ ਨੂੰ ਰਾਜ-ਭਾਗ ਬਖ਼ਸ਼ਿਆ ਸੀ ਪਰ ਇਹ ਬੰਦਾ ਗੁਰੂ ਦੇ ਆਸਿਆਂ ਵਿਰੁੱਧ ਚੱਲ ਕੇ ਮੁਗ਼ਲ ਬਾਦਸ਼ਾਹਾਂ ਕੋਲੋਂ ਉਲਟਾ ਰਾਜ-ਭਾਗ ਖੋਹ ਰਿਹਾ ਹੈ । ਸਿੱਖਾਂ ਨੂੰ ਕੀ ਲੋੜ ਹੈ ਰਾਜ-ਭਾਗ ਲੈਣ ਦੀ, ਇਨ੍ਹਾਂ ਨੂੰ ਤਾਂ ਕਦੇ ਕਿਸੇ ਗੁਰੂ ਨੇ ਰਾਜ-ਭਾਗ ਲੈਣ ਲਈ ਆਦੇਸ਼ ਹੀ ਕੋਈ ਨਹੀਂ ਦਿੱਤਾ ਸੀ । ਮੁਗ਼ਲ ਹਕੂਮਤ ਸਿੱਖਾਂ ਨੂੰ ਪੂਰੀ ਆਜ਼ਾਦੀ ਦਿੰਦੀ ਹੈ, ਫਿਰ ਬੰਦਾ ਸਿੰਘ ਕਿਉਂ ਆਪਣੇ ਸੁਆਰਥ ਲਈ ਸਿੱਖਾਂ ਨੂੰ ਅਜਾਈਂ ਮਰਵਾ ਰਿਹਾ ਹੈ? ਇਹ ਗੱਲਾਂ ਸਿੱਖਾਂ ਵਿਚ ਪਰਚਾਰੀਆਂ ਗਈਆਂ ਸਨ ਅਤੇ ਇਨ੍ਹਾਂ ਗੱਲਾਂ ਨੇ ਕਾਫੀ ਅਸਰ ਵੀ ਪਾਇਆ ਸੀ ।

ਮਾਤਾ ਸੁੰਦਰੀ ਜੀ ਵਲੋਂ ਮੁਤਬੰਨਾ ਪੁੱਤਰ ਬਣਾਇਆ ਗਿਆ ਅਜੀਤ ਸਿੰਘ ਨਾਂ ਦਾ ਇਕ ਵਿਅਕਤੀ ਤਾਂ ਰਹਿੰਦਾ ਹੀ ਹਰ ਸਮੇਂ ਸ਼ਾਹੀ ਖੇਮੇ ਵਿਚ ਸੀ । ਸ਼ਾਹੀ ਖੇਮੇ ਵਿਚ ਭਾਵੇਂ ਉਹ ਨਜ਼ਰਬੰਦ ਵੀ ਰੱਖਿਆ ਜਾਂਦਾ ਸੀ ਪਰ ਸਮੇਂ ਸਮੇਂ ਤੇ ਲੋੜ ਪੈਣ ਤੇ

3. *ਉਕਤ*, ਪੰਨਾ 130.
4. *ਉਕਤ*, ਪੰਨਾ ਉਹੀ
5. *ਉਕਤ*, ਪੰਨਾ 131.

SIKHBOOKCLUB.COM

ਉਸ ਨੂੰ ਅੰਮ੍ਰਿਤਸਰ ਸਿਰੀ ਦਰਬਾਰ ਸਾਹਿਬ ਦਾ ਪਰਬੰਧ ਸੰਭਾਲਣ ਲਈ ਵੀ ਭੇਜ ਦਿਤਾ ਜਾਂਦਾ ਸੀ । ਉਸ ਨੂੰ ਸਿਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਪਰਬੰਧ ਸੰਭਾਲਣ ਦਾ ਮਤਲਬ ਹੀ ਇਹੀ ਸੀ ਕਿ ਉਹ ਉਥੇ ਆਉਣ ਵਾਲੀਆਂ ਸਿੱਖ ਸੰਗਤਾਂ ਵਿਚ ਬੰਦਾ ਸਿੰਘ ਦੇ ਵਿਰੁੱਧ ਪਰਚਾਰ ਕਰੇ । ਭਾਵੇਂ ਉਹ ਦੋ ਵਾਰ 1710 ਅਤੇ 1716 ਵਿਚ ਅੰਮ੍ਰਿਤਸਰ ਵਿਖੇ ਇਸ ਮਕਸਦ ਲਈ ਆਇਆ ਸੀ ਪਰ ਉਹ ਇਥੇ ਟਿਕ ਨਹੀਂ ਸਕਿਆ ਸੀ । ਇਸ ਦਾ ਇਕ ਭਾਵ ਇਹ ਵੀ ਲਿਆ ਜਾ ਸਕਦਾ ਹੈ ਕਿ ਸ਼ਾਇਦ ਅੰਮ੍ਰਿਤਸਰ ਦੀਆਂ ਸਿੱਖਾਂ ਸੰਗਤਾਂ ਨੇ ਉਸ ਦਾ ਸਾਥ ਨਾ ਦਿੱਤਾ ਹੋਵੇ ।

ਸਭ ਤੋਂ ਵੱਧ ਗੰਭੀਰ ਕਿਸਮ ਦੀ ਸਾਜ਼ਿਸ਼ ਬਾਵਾ ਬਿਨੋਦ ਸਿੰਘ ਅਤੇ ਬਾਵਾ ਕਾਨ੍ਹ ਸਿੰਘ ਵਲੋਂ ਕੀਤੀ ਗਈ ਸੀ । ਇਨ੍ਹਾਂ ਦੇ ਵਿਰੁੱਧ ਸਭ ਤੋਂ ਵੱਡੀ ਗੱਲ ਤਾਂ ਇਹ ਹੀ ਹੈ ਕਿ ਇਹ ਦੋਵੇਂ ਪਿਉ-ਪੁੱਤਰ ਬੰਦਾ ਸਿੰਘ ਬਹਾਦੁਰ ਨਾਲ ਨਾਂਦੇੜ ਸਾਹਿਬ ਤੋਂ ਭੇਜਣ ਸਮੇਂ ਉਸ ਕੌਂਸਲ ਵਿਚ ਸ਼ਾਮਲ ਸਨ ਜਿਹੜੀ ਪੰਜ ਮੈਂਬਰੀ ਕੌਂਸਲ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦੁਰ ਨਾਲ ਨੀਯਤ ਕੀਤੀ ਸੀ ।[6] ਬੰਦਾ ਸਿੰਘ ਅਤੇ ਉਸ ਦੇ ਅਨੇਕਾਂ ਸਾਥੀ ਦਿੱਲੀ ਵਿਖੇ ਅਤੇ ਦਰਦਨਾਕ ਤਸੀਹੇ ਦੇ ਕੇ ਸ਼ਹੀਦ ਕਰ ਦਿੱਤੇ ਗਏ ਸਨ ਪਰ ਇਹ ਦੋਵੇਂ ਪਿਉ-ਪੁੱਤਰ ਪਿੱਛੋਂ ਕਈ ਸਾਲਾਂ ਤਕ ਲਾਹੌਰ ਵਿਖੇ ਮੁਗ਼ਲ ਸੂਬੇਦਾਰ ਦੀ ਨੌਕਰੀ ਵੀ ਕਰਦੇ ਰਹੇ ਅਤੇ ਸਿਰੀ ਦਰਬਾਰ ਸਾਹਿਬ ਦੇ ਪਰਬੰਧਕ ਵੀ ਰਹੇ ਸਨ । ਇਹ ਦੋਵੇਂ ਗੱਲਾਂ – ਬੰਦਾ ਸਿੰਘ ਦੇ ਸਲਾਹਕਾਰ ਵੀ ਬਣ ਕੇ ਆਉਣ, ਅਤੇ ਬੰਦਾ ਸਿੰਘ ਦੀ ਸ਼ਹਾਦਤ ਬਾਅਦ ਇਨ੍ਹਾਂ ਦਾ ਮੁਗ਼ਲ ਹਕੂਮਤ ਦੀ ਨੌਕਰੀ ਕਰਨਾ – ਇਹ ਇਕੱਠੀਆਂ ਨਹੀਂ ਚੱਲ ਸਕਦੀਆਂ । ਇਹ ਦੋਵੇਂ ਸਿੰਘ ਗੁਰਦਾਸ-ਨੰਗਲ ਦੇ ਘੇਰੇ ਵਿਚ ਨਹੀਂ ਸਨ । ਜੇ ਨਹੀਂ ਸਨ ਤਾਂ ਇਹ ਬਾਹਰ ਕਿਉਂ ਰਹੇ? ਜੇ ਬਾਹਰ ਰਹੇ ਸਨ ਤਾਂ ਇਨ੍ਹਾਂ ਨੇ ਅੰਦਰ ਘਿਰੇ ਹੋਏ ਬੰਦਾ ਸਿੰਘ ਅਤੇ ਸਾਥੀ ਸਿੰਘਾਂ ਦੀ ਮਦਦ ਕਿਉਂ ਨਹੀਂ ਕੀਤੀ? ਜੇ ਇਹ ਗੁਰਦਾਸ-ਨੰਗਲ ਦੇ ਘੇਰੇ ਵਿਚ ਸਨ ਤਾਂ ਇਹ ਬਚ ਕੇ ਬਾਹਰ ਕਿਵੇਂ ਨਿਕਲ ਆਏ, ਜਦੋਂਕਿ ਮੁਗ਼ਲ ਅਧਿਕਾਰੀਆਂ ਨੇ ਤਾਂ ਕਿਲ੍ਹੇ ਵਿਚੋਂ ਬਾਹਰ ਆਉਂਦੀ ਹਰ ਕੁੱਤਾ-ਬਿੱਲੀ ਨੂੰ ਵੀ ਮਾਰ ਮੁਕਾਇਆ ਸੀ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਕਿਤੇ ਬੰਦਾ ਸਿੰਘ ਕਿਸੇ ਜਾਨਵਰ ਦਾ ਰੂਪ ਬਦਲ ਕੇ ਨਾ ਬਾਹਰ ਨਿਕਲ ਜਾਵੇ । ਬਿਨਾਂ ਸ਼ੱਕ, ਇਹ ਸਾਰੀਆਂ ਗੱਲਾਂ ਇਨ੍ਹਾਂ ਦੋਵੇਂ ਪਿਉ-ਪੁੱਤਰਾਂ ਦੇ ਸਿੱਖੀ ਪਰੱਤੀ ਝੁਕਾਅ ਨੂੰ ਸ਼ੱਕੀ ਕਰਦੀਆਂ ਹਨ । ਇਹ ਬੰਦਾ ਸਿੰਘ ਪਰੱਤੀ ਤਾਂ ਗੱਦਾਰੀ ਹੈ ਹੀ ਸੀ ਸਗੋਂ ਇਸ ਤਰ੍ਹਾਂ ਦੇ ਕਿਰਦਾਰ ਨਾਲ ਇਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਵਿਸ਼ਵਾਸ ਨੂੰ ਵੀ ਤੋੜਿਆ ਸੀ ਕਿਉਂਕਿ ਉਨ੍ਹਾਂ ਨੇ ਇਨ੍ਹਾਂ ਤੇ ਵਿਸ਼ਵਾਸ ਕਰਕੇ ਹੀ ਇਨ੍ਹਾਂ ਨੂੰ ਬੰਦਾ ਸਿੰਘ ਬਹਾਦੁਰ ਦੇ ਨਾਲ ਪੰਜ ਪਿਆਰਿਆਂ ਵਿਚ ਸ਼ਾਮਲ ਕਰਕੇ ਤੋਰਿਆ ਸੀ ।

ਅਸਲ ਵਿਚ ਬਾਵਾ ਬਿਨੋਦ ਸਿੰਘ ਅਤੇ ਬਾਵਾ ਕਾਨ੍ਹ ਸਿੰਘ ਮੁਗ਼ਲ ਹਕੂਮਤ ਵਲੋਂ ਖਰੀਦੇ ਗਏ ਸਨ ਅਤੇ ਇਹ ਬੰਦਾ ਸਿੰਘ ਬਹਾਦੁਰ ਦਾ ਸਾਥ ਛੱਡ ਕੇ ਆਪਣਾ ਵੱਖਰਾ ਧੜਾ ਬਣਾ ਬੈਠੇ ਸਨ । ਇਨ੍ਹਾਂ ਵਲੋਂ ਵੱਖਰੇ ਧੜੇ ਦਾ ਨਾਂ ਤੱਤ ਖਾਲਸਾ ਰੱਖਿਆ ਗਿਆ ਸੀ । ਤੱਤ ਖਾਲਸੇ ਦਾ ਭਾਵ ਤਾਂ ਅਸਲੀ ਖਾਲਸੇ ਤੋਂ ਹੈ ਪਰ ਇਹ ਤੱਤ ਖਾਲਸਾ ਬੰਦਾ ਸਿੰਘ ਬਹਾਦੁਰ ਦੇ ਖਿਲਾਫ਼ ਮੁਗ਼ਲ ਹਕੂਮਤ ਦੀ ਮਦਦ ਕਰਦਾ ਸੀ । ਬੰਦਾ ਸਿੰਘ ਬਹਾਦੁਰ ਨੂੰ ਨਿੰਦਣ ਲਈ ਇਹ ਲੋਕ ਬੰਦਾ ਸਿੰਘ ਦੇ ਸਾਥੀਆਂ ਨੂੰ ਬੰਦਈ ਖਾਲਸਾ ਕਹਿੰਦੇ ਸਨ, ਪਰ ਇਤਿਹਾਸ ਗਵਾਹ ਹੈ ਕਿ ਬੰਦਾ ਸਿੰਘ ਤਾਂ ਸਿੱਖ ਧਰਮ ਦੀ ਆਨ-ਸ਼ਾਨ ਲਈ ਆਪਣੇ ਖ਼ੂਨ ਦੀ ਇਕ ਇਕ ਬੂੰਦ ਤੱਕ ਵੀ ਵਹਾ ਗਿਆ ਸੀ ਅਤੇ ਉਸ ਦੇ ਸਾਥੀ ਸਿੰਘਾਂ ਵਿਚੋਂ ਇਕ ਨੇ ਵੀ ਆਪਣੀ ਜਾਨ ਬਚਾਉਣ ਖਾਤਰ ਮੁਗ਼ਲਾਂ ਦੀ ਈਨ ਨਹੀਂ ਮੰਨੀ ਸੀ । ਇਹ ਦੋਵੇਂ ਪਿਉ-ਪੁੱਤਰ (ਤੱਤ ਖਾਲਸੇ) ਨਾ ਸ਼ਹੀਦ ਹੋ ਸਕੇ ਸਨ ਅਤੇ ਨਾ ਹੀ ਸਿੱਖਾਂ ਦੇ ਨੇਤਾ ਬਣ ਸਕੇ ਸਨ । ਹਾਂ ਇਹ ਮੁਗ਼ਲ ਹਕੂਮਤ ਦੀ ਮਦਦ ਨਾਲ ਸਿਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪਰਬੰਧਕ ਜ਼ਰੂਰ ਬਣ ਗਏ ਸਨ । ਬਾਵਾ ਕਾਨ੍ਹ ਸਿੰਘ, ਜ਼ਕਰੀਆ ਖਾਨ ਦੇ ਅਧੀਨ ਪੰਜ ਸੌ ਘੋੜ-ਸੁਆਰਾਂ ਦਾ ਮੁਖੀ ਵੀ ਸੀ ਅਤੇ ਸਿਰੀ ਦਰਬਾਰ ਸਾਹਿਬ ਦਾ ਪਰਬੰਧਕ ਵੀ ਸੀ ।

ਮੁਗ਼ਲ ਹਕੂਮਤ ਦੇ ਇਨ੍ਹਾਂ ਹੱਥ-ਕੰਡਿਆਂ ਨਾਲ ਬੰਦਾ ਸਿੰਘ ਬਹਾਦੁਰ ਦੀ ਤਾਕਤ ਵਿਚ ਕਮੀ ਤਾਂ ਆਈ ਸੀ ਪਰ ਉਹ ਸੂਰਮਾ-ਮਰਦ ਆਪਣੇ ਗੁਰੂ ਦੇ ਆਸ਼ੇ ਨੂੰ ਪਰਤੱਖ ਰੂਪ ਦੇਣ ਲਈ ਹੜ੍ਹ ਵਾਂਗ ਅੱਗੇ ਵਧਦਾ ਰਿਹਾ । ਜਦੋਂ ਤਕ ਉਸ ਵਿਚ ਲੜਨ ਦੀ ਸ਼ਕਤੀ ਰਹੀ ਸੀ ਉਹ ਲੜਦਾ ਰਿਹਾ ਸੀ ਪਰ ਜਦੋਂ ਉਹ ਲੜਨ ਤੋਂ ਅਸਮਰੱਥ ਹੋ ਗਿਆ ਤਾਂ ਉਸ ਨੇ ਆਪਣੇ ਮਾਸ ਦੀਆਂ ਬੋਟੀਆਂ ਬੋਟੀਆਂ ਕਰਵਾ ਕੇ ਵੀ ਆਪਣੇ ਸਿਦਕ ਨੂੰ ਕਾਇਮ ਰੱਖਿਆ ਸੀ ।

SIKHBOOKCLUB.COM

6. *ਸ਼ਹੀਦ ਬਿਲਾਸ ਭਾਈ ਮਨੀ ਸਿੰਘ*, ਕ੍ਰਿਤ ਕਵੀ ਸਰੂਪ ਸਿੰਘ ਕੌਸ਼ਿਸ਼ (ਸੰ. ਗਿਆਨੀ ਗਰਜਾ ਸਿੰਘ), ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ, 1961, ਪੰਨੇ 60-61., ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1990, ਪੰਨੇ 872 ਅਤੇ 894; ਅਤੇ ਗੰਡਾ ਸਿੰਘ, *ਬੰਦਾ ਸਿੰਘ ਬਹਾਦੁਰ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990, ਪੰਨਾ 13.

15. ਗੁਰਦਾਸ ਨੰਗਲ ਦਾ ਘੇਰਾ

ਬੰਦਾ ਸਿੰਘ ਬਹਾਦੁਰ ਆਪਣੇ ਸੂਰਮੇ ਸਿੰਘਾਂ ਨਾਲ ਮੁਗ਼ਲ ਫੌਜ ਦੇ ਘੇਰੇ ਵਿਚੋਂ ਕਿਲ੍ਹਾ ਲੋਹਗੜ੍ਹ ਨੂੰ ਛੱਡ ਕੇ 15 ਨਵੰਬਰ, 1713 ਨੂੰ ਬਾਹਰ ਨਿਕਲ ਗਿਆ ਸੀ। 15 ਨਵੰਬਰ, 1713 ਤੋਂ ਲੈ ਕੇ ਮਾਰਚ, 1715 ਤਕ ਪੰਜਾਬ ਵਿਚ ਕਿਸੇ ਵੀ ਥਾਂ ਤੇ ਮੁਗ਼ਲ ਫੌਜ ਅਤੇ ਬੰਦਾ ਸਿੰਘ ਬਹਾਦੁਰ ਦੇ ਵਿਚਕਾਰ ਕੋਈ ਗਹਿਗੱਚ ਲੜਾਈ ਨਹੀਂ ਹੋਈ। ਬੰਦਾ ਸਿੰਘ ਬਹਾਦੁਰ ਆਪਣੀ ਖਾਲਸਾ ਸੈਨਾ ਨਾਲ ਪੰਜਾਬ ਦੇ ਨੀਮ-ਪਹਾੜੀ ਖੇਤਰ ਵਿਚ ਵਿਚਰਦਾ ਰਿਹਾ ਸੀ। ਪਹਾੜੀ ਰਾਜਪੂਤ ਰਿਆਸਤਾਂ ਬੰਦਾ ਸਿੰਘ ਲਈ ਕੋਈ ਬਹੁਤਾ ਚੈਲਿੰਜ ਨਹੀਂ ਬਣ ਸਕਦੀਆਂ ਸਨ। ਇਸ ਕਰਕੇ ਉਹ ਆਪਣੀ ਖਾਲਸਾ ਫੌਜ ਨੂੰ ਸੰਭਾਲਦਾ ਹੋਇਆ ਇਨ੍ਹਾਂ ਪਹਾੜੀ ਰਾਜਪੂਤ ਰਾਜਿਆਂ ਦੀਆਂ ਰਿਆਸਤਾਂ ਵਿਚ ਫਿਰਦਾ ਰਿਹਾ ਸੀ। ਪਹਾੜਾਂ ਦੇ ਨਾਲ ਲਗਦੇ ਨੀਮ ਪਹਾੜੀ ਜਾਂ ਮੈਦਾਨੀ ਖੇਤਰ - ਆਨੰਦਪੁਰ ਸਾਹਿਬ ਤੋਂ ਲੈ ਕੇ ਪਠਾਨਕੋਟ ਦੇ ਖੇਤਰ ਤਕ ਸਭ ਸਿੰਘਾਂ ਦੇ ਕਬਜ਼ੇ ਵਿਚ ਸਨ। ਆਨੰਦਪੁਰ ਸਾਹਿਬ ਵਿਖੇ ਬੰਦਾ ਸਿੰਘ ਨੇ ਆਪਣੇ ਸਭ ਤੋਂ ਵੱਧ ਵਿਸ਼ਵਾਸਪਾਤਰ ਭਾਈ ਬਾਜ਼ ਸਿੰਘ ਨੂੰ ਤਕੜੀ ਫੌਜ ਦੇ ਕੇ ਬਿਠਾਇਆ ਹੋਇਆ ਸੀ। ਉਸ ਨੇ ਸਰਹਿੰਦ ਵਲੋਂ ਪਹਾੜਾਂ ਨੂੰ ਜਾਣ ਵਾਲੀ ਕਿਸੇ ਵੀ ਮੁਹਿੰਮ ਦਾ ਰਸਤਾ ਰੋਕ ਕੇ ਰੱਖਿਆ ਹੋਇਆ ਸੀ। ਇਸ ਗੱਲ ਦਾ ਪਹਾੜੀ ਰਾਜਿਆਂ ਨੂੰ ਵੀ ਫਾਇਦਾ ਸੀ। ਉਹ ਮੁਗ਼ਲ ਫੌਜ ਦੀ ਲੁੱਟ-ਮਾਰ ਤੋਂ ਸੁਰੱਖਿਅਤ ਸਨ। ਖਾਲਸਾ ਫੌਜ ਘੱਟੋ-ਘੱਟ ਲੁੱਟ-ਮਾਰ ਨਹੀਂ ਕਰਦੀ ਸੀ ਅਤੇ ਇਹ ਹਿੰਦੂਆਂ ਲਈ ਧਰਮ-ਵਿਰੋਧੀ ਵੀ ਨਹੀਂ ਸੀ। ਇਸ ਲਈ ਪਹਾੜੀ ਰਾਜਿਆਂ ਲਈ ਖਾਲਸਾ ਫੌਜ ਨੂੰ ਰਸਦ-ਪਾਣੀ ਅਤੇ ਹੋਰ ਖਰਚਾ ਮੁਹੱਈਆ ਕਰਨਾ ਕੋਈ ਵੱਡੀ ਗੱਲ ਨਹੀਂ ਸੀ।

ਭਾਈ ਬਾਜ ਸਿੰਘ ਦਾ ਆਨੰਦਪੁਰ ਸਾਹਿਬ ਵਿਖੇ ਰਹਿਣਾ, ਸਰਹਿੰਦ ਦੇ ਸੂਬੇਦਾਰ ਲਈ ਸੁਖਾਵਾਂ ਨਹੀਂ ਸੀ। ਇਸ ਲਈ ਉਸ ਨੇ ਕਈ ਵਾਰ ਕੋਸ਼ਿਸ਼ ਕੀਤੀ ਸੀ ਕਿ ਉਸ ਨੂੰ ਆਨੰਦਪੁਰ ਸਾਹਿਬ ਤੋਂ ਖੁਦੇੜ ਦਿੱਤਾ ਜਾਵੇ। ਉਸ ਨੇ ਕੁਝ ਇਕ ਵਾਰ ਆਪਣੀ ਫੌਜ ਵੀ ਭੇਜੀ ਪਰ ਉਹ ਭਾਈ ਬਾਜ ਸਿੰਘ ਨੂੰ ਖੁਦੇੜਨ ਵਿਚ ਸਫਲ ਨਹੀਂ ਹੋ ਸਕਿਆ। ਬਾਦਸ਼ਾਹ ਪਾਸ ਪਹੁੰਚਦੀਆਂ ਖੁਫ਼ੀਆਂ ਖ਼ਬਰਾਂ ਵਿਚ 9 ਜੁਲਾਈ, 1714 ਦੀ ਖ਼ਬਰ ਵਿਚ ਉਪਰੋਕਤ ਕਥਨਾਂ ਦੀ ਪੁਸ਼ਟੀ ਮਾਤਰ ਜਾਣਕਾਰੀ ਮਿਲਦੀ ਹੈ। ਇਸ ਵਿਚ ਦੱਸਿਆ ਗਿਆ ਸੀ ਕਿ 'ਬਾਜ ਸਿੰਘ ਮਾਖੋਵਾਲ (ਆਨੰਦਪੁਰ ਸਾਹਿਬ) ਵਿਖੇ ਟਿਕਿਆ ਹੋਇਆ ਹੈ। ਕਹਿਲੂਰ ਦੇ ਰਾਜੇ ਦੀ ਇੱਛਾ ਵੀ ਇਸ ਨੂੰ ਇਥੇ ਟਿਕਾ ਕੇ ਰੱਖਣ ਵਿਚ ਮਾਲੂਮ ਹੁੰਦੀ ਹੈ। ਸਰਹਿੰਦ ਦੀਆਂ ਫੌਜਾਂ ਇਥੇ ਗਸ਼ਤ ਕਰਦੀਆਂ ਰਹਿੰਦੀਆਂ ਹਨ ਫਿਰ ਉਹ ਮੱਲਾਂ ਮਾਰ ਰਿਹਾ ਹੈ ਅਤੇ ਮੁਗ਼ਲ ਫੌਜ ਦੇ ਡੰਗਰ-ਪਸ਼ੂ ਖੋਹ ਕੇ ਲੈ ਜਾਂਦਾ ਹੈ।'[1] ਫਿਰ ਅਗਸਤ, 1714 ਦੀ ਇਕ ਖ਼ਬਰ ਵਿਚ ਦੱਸਿਆ ਗਿਆ ਹੈ ਕਿ 'ਸੱਤ ਹਜ਼ਾਰ ਸਿੰਘਾਂ ਨੇ ਰੋਪੜ ਉਤੇ ਹਮਲਾ ਕੀਤਾ। ਇਸ ਦਾ ਮੁਕਾਬਲਾ ਸਰਹਿੰਦ ਦੇ ਸੂਬੇਦਾਰ ਜੈਨੁਦੀਨ ਅਹਿਮਦ ਖਾਨ ਦੇ ਭਤੀਜੇ ਅਬਦੁਲ ਮੁਕਾਰਮ ਨੇ ਕੀਤਾ। ਦੋ ਸੌ ਸਿੰਘ ਮਾਰੇ ਗਏ ਹਨ ਬਾਕੀ ਦੇ ਪਿੱਛੇ ਹੀ ਦੌੜ ਗਏ ਹਨ।'[2]

ਇਨ੍ਹਾਂ ਗੱਲਾਂ ਤੋਂ ਇਸ ਕਥਨ ਦੀ ਪੁਸ਼ਟੀ ਹੁੰਦੀ ਹੈ ਕਿ ਭਾਈ ਬਾਜ ਸਿੰਘ ਨੇ ਆਨੰਦਪੁਰ ਸਾਹਿਬ ਵਿਖੇ ਆਪਣਾ ਸੈਨਿਕ ਮੁਕਾਮ ਬਣਾ ਕੇ ਇਕ ਪਾਸੇ ਸਰਹਿੰਦ ਦੇ ਸੂਬੇਦਾਰ ਨੂੰ ਵਕਤ ਪਾ ਕੇ ਰੱਖਿਆ ਹੋਇਆ ਸੀ ਅਤੇ ਦੂਜੇ ਪਾਸੇ ਪਹਾੜਾਂ ਵੱਲ ਜਾਂਦੇ ਮੁੱਖ-ਮਾਰਗ ਨੂੰ ਰੋਕ ਕੇ ਪਹਾੜੀਆਂ ਨੂੰ ਮੁਗ਼ਲ ਫੌਜ ਦੇ ਅਚਾਨਕ ਹਮਲੇ ਤੋਂ ਸੁਰੱਖਿਅਤ ਵੀ ਰੱਖਿਆ ਹੋਇਆ ਸੀ। ਇਸ ਗੱਲ ਦਾ ਤਤਕਾਲੀਨ ਫਾਇਦਾ ਕਹਿਲੂਰ ਦੇ ਰਾਜੇ ਨੂੰ ਸੀ। ਇਸ ਲਈ ਕਹਿਲੂਰ ਦੇ ਰਾਜੇ ਦੀ ਦਿਲਚਸਪੀ ਭਾਈ ਬਾਜ ਸਿੰਘ ਨੂੰ ਆਨੰਦਪੁਰ ਸਾਹਿਬ ਵਿਖੇ ਬਿਠਾਈ ਰੱਖਣ ਵਿਚ ਹੋਣੀ ਕੁਦਰਤੀ ਸੀ।

ਇਸੇ ਤਰ੍ਹਾਂ ਪਹਾੜਾਂ ਨੂੰ ਜਾਣ ਵਾਲਾ ਦੂਜਾ ਮੁੱਖ ਮਾਰਗ ਪਠਾਨਕੋਟ ਵੱਲ ਸੀ। ਬੰਦਾ ਸਿੰਘ ਨੇ ਇਸ ਨੂੰ ਰੋਕ ਕੇ ਰੱਖਣ ਲਈ ਜੱਥੇਦਾਰ ਜਗਤ ਸਿੰਘ ਦੀ ਅਗਵਾਈ ਹੇਠ ਇਕ ਖਾਲਸਾ ਟੁਕੜੀ ਤਾਇਨਾਤ ਕੀਤੀ ਹੋਈ ਸੀ। 17 ਮਾਰਚ, 1714 ਦੀ ਇਕ ਖੁਫ਼ੀਆ ਖ਼ਬਰ ਵਿਚ ਦੱਸਿਆ ਗਿਆ ਹੈ ਕਿ 'ਸਿੰਘ ਕਾਹਨੂਵਾਨ ਪਰਗਣੇ ਦੇ ਇਕ ਉਘੇ ਸਿੰਘ ਸਰਦਾਰ ਜਗਤ ਸਿੰਘ ਦੀ ਜਥੇਦਾਰੀ ਹੇਠ ਆ ਇਕੱਠੇ ਹੋਏ। 17 ਮਾਰਚ ਵਾਲੇ ਦਿਨ ਸਰਦਾਰ ਜਗਤ ਸਿੰਘ ਆਪਣੇ ਭਰਾਵਾਂ, ਨੌਕਰਾਂ ਅਤੇ ਸਿੱਖਾਂ ਦੇ ਜੱਥੇ ਨੂੰ ਨਾਲ ਲੈ ਕੇ ਪਹਿਰ ਦਿਨ ਚੜ੍ਹੇ ਪਿੰਡ ਉਤੇ ਜਾ ਪਿਆ ਅਤੇ ਪਠਾਣਾਂ ਦੀ ਗੜ੍ਹੀ ਵਿਚ ਜਾ ਵੜਿਆ। ਪਠਾਣਾਂ ਨੇ ਅੱਗੋਂ ਟਾਕਰਾ ਕੀਤਾ ਪਰ ਕੋਈ ਪੇਸ਼ ਨਾ ਗਈ। ਮੁਹੰਮਦ ਇਸਹਾਕ (ਇਸ ਗੜ੍ਹੀ ਦਾ ਅਧਿਕਾਰੀ) ਮਾਰਿਆ ਗਿਆ। ਸੱਠ ਹਜ਼ਾਰ ਰੁਪਏ ਦਾ ਮਾਲ-ਅਸਬਾਬ ਜੋ ਗੜ੍ਹੀ ਵਿਚ ਅਤੇ ਇਕ ਹੋਰ ਮੁਗ਼ਲ ਅਧਿਕਾਰੀ ਮੁਹੰਮਦ ਮੀਰ ਦੇ ਘਰ ਰੱਖਿਆ ਹੋਇਆ ਸੀ, ਸਿੰਘਾਂ ਦੇ ਹੱਥ ਲੱਗਿਆ।'

---

1. *ਅਖ਼ਬਾਰ-ਏ-ਦਰਬਾਰ-ਏ-ਮੁਅੱਲਾ*, ਪੂਰਵ ਅੰਕਤ, ਪੰਨਾ 138.
2. *ਉਕਤ*, ਪੰਨਾ 741.

SIKHBOOKCLUB.COM

ਬੰਦਾ ਸਿੰਘ ਬਹਾਦੁਰ ਪਹਾੜਾਂ ਵਿਚੋਂ ਹੀ ਸਿੰਘਾਂ ਦੇ ਜੱਥੇ ਪੰਜਾਬ ਦੇ ਮੈਦਾਨੀ ਇਲਾਕਿਆਂ ਵਿਚ ਭੇਜਦਾ ਰਹਿੰਦਾ ਸੀ ਤਾਂ ਕਿ ਖਾਲਸੇ ਦੇ ਅਧਿਕਾਰ ਵਾਲੇ ਖੇਤਰ ਵਿਚ ਮੁਗ਼ਲ ਸੈਨਾ ਫਿਰ ਤੋਂ ਨਾ ਆ ਜਾਵੇ । ਅਜਿਹਾ ਇਕ ਜੱਥਾ ਕਾਲਕਾ-ਪਿੰਜੌਰ ਦੇ ਖੇਤਰ ਵਿਚ ਆ ਨਿਕਲਿਆ ਸੀ । ਇਹ ਜੱਥਾ ਸਥਾਨਕ ਹਾਕਮਾਂ ਕੋਲੋਂ ਨਜ਼ਰਾਨੇ ਲੈ ਕੇ ਵਾਪਸ ਚਲਾ ਗਿਆ ਸੀ । ਇਨ੍ਹਾਂ ਹਮਲਿਆਂ ਤੋਂ ਸਥਾਨਕ ਮੁਗ਼ਲ ਅਧਿਕਾਰੀ ਇਤਨੇ ਤੰਗ ਹੋ ਗਏ ਸਨ ਕਿ ਉਨ੍ਹਾਂ ਨੇ ਆਪਣੇ ਤੌਰ 'ਤੇ ਹੀ ਸਿੰਘਾਂ ਨਾਲ ਗੁਪਤ ਸਮਝੌਤੇ ਕਰ ਲਏ ਸਨ । ਉਹ ਸਿੰਘਾਂ ਦੀ ਮਦਦ ਵੀ ਕਰਦੇ ਸਨ ਅਤੇ ਮੁਗਲ ਉੱਚ-ਅਧਿਕਾਰੀਆਂ ਨੂੰ ਵੀ ਖੁਸ਼ ਰੱਖਦੇ ਸਨ । 1714 ਦੇ ਅਖੀਰਲੇ ਮਹੀਨਿਆਂ ਵਿਚਲੀਆਂ ਪਹੁੰਚੀਆਂ ਖੁਫ਼ੀਆ ਖ਼ਬਰਾਂ ਵਿਚ ਇਕ ਖ਼ਬਰ ਇਹ ਵੀ ਸੀ ਕਿ ਪਰਗਨਾ ਐਮਨਾਬਾਦ ਦੇ ਫੌਜਦਾਰ ਇਰਾਦਤਮੰਦ ਖਾਨ ਨੇ ਬੰਦਾ ਸਿੰਘ ਦੇ ਚੌਣਵੇਂ ਸਾਥੀ ਸਿੰਘਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਆਪਣੇ ਪਾਸ ਰੱਖਿਆ ਹੋਇਆ ਹੈ । ਇਹ ਵੀ ਦੱਸਿਆ ਗਿਆ ਕਿ ਸਿੰਘਾਂ ਨੇ ਲਾਹੌਰ ਅਤੇ ਸਰਹਿੰਦ ਦੇ ਮਾਰਗ ਰੋਕੇ ਹੋਏ ਹਨ ਅਤੇ ਮੁਗ਼ਲ ਰਾਜ ਹੇਠਲੇ ਪਿੰਡਾਂ ਵਿਚ ਲੁੱਟ-ਮਾਰ ਕਰ ਰਹੇ ਹਨ । ਜੋ ਮਾਲ ਅਤੇ ਡੰਗਰ ਉਨ੍ਹਾਂ ਦੇ ਹੱਥ ਲਗਦੇ ਹਨ ਉਨ੍ਹਾਂ ਵਿਚ ਅੱਧ ਇਰਾਦਤਮੰਦ ਖਾਨ ਨੂੰ ਦਿੰਦੇ ਹਨ ਅਤੇ ਅੱਧ ਆਪ ਰੱਖ ਲੈਂਦੇ ਹਨ ।

ਮੁਗਲ ਅਧਿਕਾਰੀ ਆਪਣਾ ਵਕਤ ਲੰਘਾ ਰਹੇ ਸਨ । ਇਹ ਵਕਤ ਜੇ ਸਿੰਘਾਂ ਨਾਲ ਕਿਸੇ ਕਿਸਮ ਦਾ ਸਮਝੌਤਾ ਕਰਕੇ ਲੰਘ ਸਕਦਾ ਸੀ ਤਾਂ ਉਹ ਸਮਝੌਤਾ ਵੀ ਕਰ ਲੈਂਦੇ ਸਨ ਅਤੇ ਜੇ ਸਮਝੌਤੇ ਤੋਂ ਬਿਨਾਂ ਲੰਘ ਸਕਦਾ ਸੀ ਤਾਂ ਉਸ ਤਰ੍ਹਾਂ ਵੀ ਲੰਘਾ ਲੈਂਦੇ ਸਨ । ਇਰਾਦਤਮੰਦ ਖਾਨ ਦੀ ਮਿਸਾਲ ਸਮੁੱਚੇ ਹਾਲਾਤ ਨੂੰ ਦਰਸਾਉਂਦੀ ਹੈ । ਸਰਹਿੰਦ ਦੇ ਸੂਬੇਦਾਰ ਨੇ ਵੀ ਅਬਦੁੱਸ ਸੱਮਦ ਖਾਨ ਦਾ ਹਾਲ ਦੇਖ ਕੇ ਬੰਦਾ ਸਿੰਘ ਬਹਾਦੁਰ ਦੇ ਨਾਲ ਮੱਥਾ ਲਾਉਣ ਤੋਂ ਘੋਸਲ ਵੱਟ ਰੱਖੀ ਸੀ । ਸਿੱਟੇ ਵਜੋਂ 1714 ਦਾ ਸਾਲ ਬੰਦਾ ਸਿੰਘ ਬਹਾਦੁਰ ਲਈ ਪੂਰੇ ਟਿਕ-ਟਿਕਾਅ ਵਾਲਾ ਸਾਲ ਸੀ । ਬੰਦਾ ਸਿੰਘ ਬਹਾਦੁਰ ਅਤੇ ਉਸ ਦੀ ਖਾਲਸਾ ਸੈਨਾ ਨੇ ਇਹ ਸਾਲ ਪਹਾੜਾਂ ਵਿਚ ਹੀ ਸ਼ਾਤੀ ਨਾਲ ਗੁਜ਼ਾਰਿਆ । ਬੰਦਾ ਸਿੰਘ ਦੀ ਪਹਾੜੀ ਰਿਆਸਤਾਂ ਨਾਲ ਜ਼ਜਬਾਤੀ ਸਾਂਝ ਸੀ ਕਿਉਂਕਿ ਇਹ ਉਸ ਦਾ ਸਹੁਰਾ ਘਰ ਸਨ । ਇਸ ਗੱਲ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਬੰਦਾ ਸਿੰਘ ਦੀ ਸੇਵਾ ਅਤੇ ਮਾਣ-ਸਤਿਕਾਰ ਪੂਰੇ ਇਕ ਬਾਦਸ਼ਾਹ ਵਾਲਾ ਹੋਇਆ ਹੋਣਾ ਹੈ । ਉਸ ਦਾ ਇਹ ਵਸੇਬਾ ਵੀ ਆਪਣੇ ਸਹੁਰੇ ਘਰ ਵਾਲੀ ਰਿਆਸਤ ਚੰਬਾ ਵਿਚ ਹੋਇਆ ਸੀ ।

1715 ਈ. ਦੇ ਸਾਲ ਦੇ ਸ਼ੁਰੂਆਤ ਵਿਚ ਸਿੰਘਾਂ ਦੀਆਂ ਗਤੀਵਿਧੀਆਂ ਪੰਜਾਬ ਦੇ ਇਲਾਕਿਆਂ ਵਿਚ ਇਕਦਮ ਵਧ ਗਈਆਂ ਸਨ । ਬੰਦਾ ਸਿੰਘ ਬਹਾਦੁਰ ਨੇ ਜੰਮੂ ਵਾਲੇ ਪਾਸਿਆਂ ਤੋਂ ਮੈਦਾਨੀ ਇਲਾਕੇ ਵਿਚ ਆ ਕੇ ਕਲਾਨੌਰ ਨੂੰ ਆ ਦਬੋਚਿਆ ਸੀ । ਪਹਿਲਾਂ ਵੀ ਇਕ ਵਾਰ 1710 ਈ. ਵਿਚ ਬੰਦਾ ਸਿੰਘ ਕਲਾਨੌਰ ਨੂੰ ਆਪਣਾ ਅਸਥਾਈ ਸਦਰ-ਮੁਕਾਮ ਬਣਾ ਚੁੱਕਿਆ ਸੀ । ਇਸ ਵੇਲੇ ਵੀ ਉਸ ਨੇ ਕਲਾਨੌਰ ਨੂੰ ਹੀ ਆਪਣਾ ਸਦਰ-ਮੁਕਾਮ ਬਣਾਇਆ । ਕਨ੍ਹੱਈਆ ਲਾਲ ਅਨੁਸਾਰ, 'ਜਦ ਇਕ ਸਾਲ ਦਾ ਸਮਾਂ ਲੰਘ ਗਿਆ ਤਾਂ ਬੰਦਾ ਫੇਰ ਪਹਾੜ ਤੋਂ ਉਤਰਿਆ ਤੇ ਸ਼ਹਿਰ ਕਲਾਨੌਰ ਤੇ ਸੰਤੋਖਗੜ੍ਹ ਨੂੰ ਆਪਣੇ ਕਬਜ਼ੇ ਹੇਠ ਕਰ ਲਿਆ ਤੇ ਸਿੱਖਾਂ ਦੇ ਇਕੱਠ ਲਈ ਥਾਂ ਪਰ ਥਾਂ ਪੱਤਰ ਭੇਜ ਦਿੱਤੇ । ਦੋ ਮਹੀਨਿਆਂ ਵਿਚ ਹੀ ਸਿੱਖਾਂ ਦਾ ਇਕ ਭਾਰੀ ਦਲ ਉਸ ਕੋਲ ਜਮ੍ਹਾਂ ਹੋ ਗਿਆ ਜਿਸ ਦੀ ਗਿਣਤੀ ਪੰਜਾਹ ਹਜ਼ਾਰ ਤੋਂ ਘੱਟ ਨਹੀਂ ਸੀ ।[3] ਇਥੋਂ ਦਾ ਫੌਜਦਾਰ ਸੁਹਰਾਬ ਖਾਨ, ਉਸ ਦੇ ਕਾਨੂੰਗੋ ਸੰਤੋਖ ਰਾਏ ਅਤੇ ਅਨੋਖ ਰਾਏ ਆਦਿ ਨੇ ਕੁਝ ਮੁਕਾਬਲਾ ਕੀਤਾ ਪਰ ਉਹ ਬੰਦਾ ਸਿੰਘ ਦੀ ਤਾਬ ਝੱਲਣ ਦੇ ਸਮਰੱਥ ਨਹੀਂ ਸਨ । ਇਥੋਂ ਵੱਧ ਕੇ ਬੰਦਾ ਸਿੰਘ ਨੇ ਬਟਾਲੇ ਨੂੰ ਜਾ ਘੇਰਿਆ ਅਤੇ ਇਥੋਂ ਦਾ ਫੌਜਦਾਰ ਮੁਹੰਮਦ ਦਾਇਮ ਖਾਨ ਨੇ ਕੁਝ ਸਮੇਂ ਲਈ ਬੰਦਾ ਸਿੰਘ ਦਾ ਟਾਕਰਾ ਕੀਤਾ ਪਰ ਅੰਤ ਨੂੰ ਦੌੜ ਗਿਆ ਸੀ । ਬਟਾਲੇ ਦੇ ਇਰਦ-ਗਿਰਦ ਸਭ ਪਰਗਣਿਆਂ ਤੇ ਖਾਲਸੇ ਦਾ ਕਬਜ਼ਾ ਹੋ ਗਿਆ । ਬੰਦਾ ਸਿੰਘ ਨੇ ਆਪਣੇ ਤੂਫਾਨੀ ਹਮਲਿਆਂ ਨਾਲ ਅਜੇ ਇਹ ਇਲਾਕਾ ਮੱਲਣਾ ਹੀ ਸ਼ੁਰੂ ਕੀਤਾ ਸੀ ਕਿ ਬਾਦਸ਼ਾਹ ਫਾਰੁਖਸ਼ੀਅਰ ਦਾ ਇਕ ਬਹੁਤ ਹੀ ਕਰੋਧ ਭਰਿਆ ਹੁਕਮ ਅਬਦੁੱਸ ਸੱਮਦ ਖਾਨ ਦੇ ਨਾਂ ਲਾਹੌਰ ਪਹੁੰਚਿਆ । ਇਸ ਹੁਕਮ ਵਿਚ ਇਹ ਪੁੱਛਿਆ ਗਿਆ ਸੀ ਕਿ ਬੰਦਾ ਸਿੰਘ ਲਾਹੌਰ ਦੇ ਆਲੇ-ਦੁਆਲੇ ਦੇ ਸਿਰਫ ਪੰਝੀ-ਤੀਹ ਕਿਲੋਮੀਟਰ ਦੀ ਦੂਰੀ ਤੇ ਮੱਲਾਂ ਮਾਰ ਰਿਹਾ ਹੈ ਪਰ ਅਬਦੁੱਸ ਸੱਮਦ ਖਾਨ ਲਾਹੌਰ ਵਿਚ ਕੀ ਕਰ ਰਿਹਾ ਹੈ? ਲਾਹੌਰ ਵਲੋਂ ਜਵਾਬੀ ਚਿੱਠੀ ਵਿਚ ਬਾਦਸ਼ਾਹ ਨੂੰ ਦੱਸਿਆ ਗਿਆ ਸੀ ਕਿ ਅਬਦੁੱਸ ਸੱਮਦ ਖਾਨ ਮਾਲਵੇ ਵੱਲ ਲੱਖੀ ਜੰਗਲ ਵਿਚ ਭੱਟੀਆਂ ਦੀ ਬਗਾਵਤ ਨੂੰ ਦਬਾਉਣ ਲਈ ਗਿਆ ਹੋਇਆ ਹੈ । ਇਹ ਸੁਣ ਕੇ ਬਾਦਸ਼ਾਹ ਨੇ ਇਕ ਇਕ ਹੋਰ ਕਰੋਧ ਭਰੀ ਚਿੱਠੀ ਲਾਹੌਰ ਨੂੰ ਭੇਜੀ । ਇਸ ਵਿਚ ਬਹੁਤ ਤਾੜਨਾ ਭਰਿਆ ਹੁਕਮ ਕੀਤਾ ਗਿਆ ਸੀ ਕਿ ਅਬਦੁੱਸ ਸੱਮਦ ਖਾਨ ਨੂੰ ਕਹਿ ਦਿੱਤਾ ਜਾਵੇ ਕਿ ਉਹ ਤੁਰੰਤ ਲਾਹੌਰ ਪਹੁੰਚ ਕੇ ਬੰਦਾ ਸਿੰਘ ਦੇ ਵੱਧਦੇ ਕਦਮਾਂ ਨੂੰ ਰੋਕੇ । ਇਹ ਸੁਨੇਹਾ ਲੱਖੀ ਜੰਗਲ ਵਿਖੇ ਅਬਦੁੱਸ ਸੱਮਦ ਖਾਨ ਨੂੰ ਪਹੁੰਚਾਇਆ ਗਿਆ । ਉਹ ਹੁਕਮ ਦੀ ਤਾਮੀਲ ਕਰਦਾ ਹੋਇਆ ਪੂਰੀ ਤੇਜ਼ੀ ਨਾਲ ਲਾਹੌਰ ਪਹੁੰਚ ਗਿਆ । ਬਾਦਸ਼ਾਹ ਨੇ ਹੋਰ ਅਧਿਕਾਰੀਆਂ ਦੀ ਅਗਵਾਈ ਵਿਚ ਵਾਧੂ ਸੈਨਾ ਵੀ ਬੰਦਾ ਸਿੰਘ ਦਾ ਟਾਕਰਾ ਕਰਨ ਲਈ ਤੋਰੀ ।

ਇਕ ਇਕ ਸੈਨਿਕ ਟੁਕੜੀ ਇਹਤਿਮਾਦੁ-ਦੌਲਾ ਮੁਹੰਮਦ ਅਮੀਨ ਖਾਨ ਦੇ ਪੁੱਤਰ ਕਮਰੂਦੀਨ ਖਾਨ, ਤੀਸਰੇ ਬਖ਼ਸ਼ੀ ਅਫਰਾਸਿਆਬ ਖਾਨ, ਮੁਜੱਫਰ ਖਾਨ, ਰਾਜਾ ਉਦਿਤ ਸਿੰਘ ਬੁੰਦੇਲੇ, ਪਿਰਥੀ ਚੰਦ ਬੁੰਦੇਲੇ ਅਤੇ ਰਾਜਾ ਗੋਪਾਲ ਸਿੰਘ ਭਦੌੜੀਆਂ ਦੇ ਅਧੀਨ ਭੇਜੀ ਗਈ । ਇਸ ਤੋਂ ਇਲਾਵਾ ਪੰਜਾਬ ਦੇ ਹਰ ਸਥਾਨਕ ਫੌਜਦਾਰ ਨੂੰ ਸਖ਼ਤ ਹਦਾਇਤ ਕੀਤੀ ਗਈ ਸੀ ਕਿ ਉਹ

3. ਕਨ੍ਹੱਈਆ ਲਾਲ, *ਤਾਰੀਖ-ਏ-ਪੰਜਾਬ* (ਪੰਜਾਬੀ ਤਰਜਮਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968, ਪੰਨਾ 58.

SIKHBOOKCLUB.COM

ਆਪੋ-ਆਪਣੀਆਂ ਫੌਜਾਂ ਨਾਲ ਅਬਦੁੱਸ ਸੱਮਦ ਖਾਨ ਦੀ ਸਹਾਇਤਾ ਕਰਨ। ਇਸ ਹੁਕਮ ਦੀ ਤਾਮੀਲ ਕਰਦੇ ਹੋਏ ਗੁਜਰਾਤ (ਰਚਨਾ ਦੁਆਬ) ਦਾ ਫੌਜਦਾਰ ਮਿਰਜ਼ਾ ਅਹਿਮਦ ਖਾਨ, ਐਮਨਾਬਾਦ ਦਾ ਫੌਜਦਾਰ ਇਰਾਦਤਮੰਦ ਖਾਨ, ਔਰੰਗਾਬਾਦ ਅਤੇ ਪਸਰੂਰ ਦਾ ਫੌਜਦਾਰ ਨੂਰ ਮੁਹੰਮਦ ਖਾਨ, ਬਟਾਲੇ ਦਾ ਸ਼ੇਖ ਮੁਹੰਮਦ ਦਾਇਮ, ਹੈਬਤਪੁਰ ਪੱਟੀ ਦਾ ਸੱਯਦ ਹਾਫੀਜ ਅਲੀ ਖਾਨ, ਕਲਾਨੌਰ ਦਾ ਸੁਹਰਾਬ ਖਾਨ, ਕਾਂਗੜੇ ਦਾ ਰਾਜਾ ਹਮੀਰ ਚੰਦ ਕਟੌਚੀਆ, ਰਾਜਾ ਧਰੂਵ ਦੇਵ ਜਸਰੋਟੀਆ ਦਾ ਪੁੱਤਰ ਹਰਦੇਵ ਜਸਰੋਟੀਆ ਆਦਿ ਅਨੇਕਾਂ ਨਵਾਬ, ਫੌਜਦਾਰ ਅਤੇ ਰਾਜਪੂਤ ਰਾਜੇ ਆਪੋ-ਆਪਣੀਆਂ ਫੌਜਾਂ ਨਾਲ ਆ ਮਿਲੇ। ਇਹ ਸਾਰੀ ਵਿਸ਼ਾਲ ਅਤੇ ਸੰਯੁਕਤ ਸੈਨਾ ਲਾਹੌਰ ਦੇ ਸੂਬੇਦਾਰ ਅਬਦੁੱਸ ਸੱਮਦ ਖਾਨ ਦੀ ਕਮਾਂਡ ਹੇਠ ਇਕੱਠੀ ਹੋਈ ਖੜ੍ਹੀ ਸੀ। ਅਬਦੁੱਸ ਸੱਮਦ ਖਾਨ ਨੇ ਬੰਦਾ ਸਿੰਘ ਬਹਾਦੁਰ ਨੂੰ ਇਸੇ (ਕਲਾਨੌਰ-ਗੁਰਦਾਸਪੁਰ) ਹੀ ਇਲਾਕੇ ਵਿਚ ਘੇਰਾ ਪਾਉਣ ਦਾ ਫੈਸਲਾ ਕੀਤਾ ਕਿਉਂਕਿ ਇਕ ਤਾਂ ਇਥੇ ਅਜੇ ਤਕ ਕੋਈ ਲੋਹਗੜ੍ਹ ਵਰਗਾ ਕਿਲ੍ਹਾ ਨਹੀਂ ਸੀ ਜਿਥੇ ਬੈਠ ਕੇ ਬੰਦਾ ਸਿੰਘ ਸਫਲਤਾ ਨਾਲ ਉਨ੍ਹਾਂ ਦਾ ਮੁਕਾਬਲਾ ਕਰ ਸਕਦਾ ਸੀ। ਦੂਜਾ ਇਸ ਇਲਾਕੇ ਦੀ ਮੁਸਲਮਾਨ ਆਬਾਦੀ ਬਹੁਤ ਸੀ ਜਿਹੜੀ ਸਿੰਘਾਂ ਨੂੰ ਅੰਦਰ ਘਿਰਿਆਂ ਨੂੰ ਅਨਾਜ ਵਗੈਰਾ ਦੀ ਰਸਦ ਭੇਜਣੀ ਬੰਦ ਕਰਾਉਣ ਵਿਚ ਸਹਾਇਕ ਹੋ ਸਕਦੀ ਸੀ। ਸਭ ਤੋਂ ਵਧ ਕੇ ਇਹ ਥਾਂ ਲਾਹੌਰ ਦੇ ਨੇੜੇ ਸੀ ਜਿਥੋਂ ਕਿ ਲੋੜ ਪੈਣ ਤੇ ਹਰ ਕਿਸਮ ਦੀ ਸਹਾਇਤਾ ਲਈ ਜਾ ਸਕਦੀ ਸੀ। ਇਹੀ ਗੱਲਾਂ ਲੋਹਗੜ੍ਹ ਦੇ ਖੇਤਰ ਵਿਚ ਇਕ ਦੂਜੀ ਤੋਂ ਬਿਲਕੁਲ ਉਲਟ ਸਨ।

ਉਧਰ ਬੰਦਾ ਸਿੰਘ ਬਹਾਦੁਰ ਲੋਹਗੜ੍ਹ ਵਾਂਗ ਹੀ ਕਲਾਨੌਰ[4] ਵਿਚ ਹੀ ਆਪਣਾ ਸਦਰ-ਮੁਕਾਮ ਸਥਾਪਤ ਕਰਨਾ ਚਾਹੁੰਦਾ ਸੀ। ਇਹ ਕੁਝ ਕਰਨ ਲਈ ਉਸ ਦੇ ਮਨ ਵਿਚ ਇਹ ਵਿਚਾਰ ਕੰਮ ਕਰਦੇ ਸਨ : ਇਕ ਤਾਂ ਇਹ ਇਲਾਕਾ ਬਹੁਤ ਸੁੰਦਰ ਅਤੇ ਰਮਣੀਕ ਸੀ। ਦੂਜਾ ਇਹ ਮੰਡੀ, ਕਹਿਲੂਰ ਅਤੇ ਹੋਰਨਾਂ ਪਹਾੜੀ ਰਿਆਸਤਾਂ ਦੇ ਨੇੜੇ ਸੀ ਜਿਥੋਂ ਕਿ ਉਸ ਨੂੰ ਹਰ ਸਮੇਂ ਮਦਦ ਜਾਰੀ ਰਹਿਣ ਦੀ ਉਮੀਦ ਸੀ। ਨਾਹਨ ਦੀ ਰਿਆਸਤ ਜਿਹੜੀ ਕਿ ਲੋਹਗੜ੍ਹ ਦੇ ਨਜ਼ਦੀਕ ਸੀ ਹੁਣ ਪਹਿਲਾਂ ਵਾਂਗ ਹਮਦਰਦ ਨਹੀਂ ਰਹੀ ਸੀ। ਸਗੋਂ ਸਿੰਘਾਂ ਦੀ ਦੁਸ਼ਮਣ ਬਣ ਗਈ ਸੀ। ਤੀਜਾ ਬੰਦਾ ਸਿੰਘ ਦਾ ਇਹ ਵੀ ਵਿਚਾਰ ਸੀ ਕਿ ਲਾਹੌਰ ਦਾ ਸੂਬੇਦਾਰ ਉਸ ਦੇ ਇਥੇ ਰਹਿੰਦਿਆਂ ਹਰ ਸਮੇਂ ਡਰਦਾ ਰਹੇਗਾ ਅਤੇ ਇਉਂ ਉਹ ਡਿਪਲੋਮੈਟਿਕ ਢੰਗ-ਤਰੀਕਿਆਂ ਨਾਲ ਉਸ ਨਾਲ ਸੌਦੇਬਾਜ਼ੀ ਕਰਦੇ ਰਹਿਣਗੇ। ਹੋ ਸਕਦਾ ਸੀ ਕਿ ਅਬਦੁੱਸ ਸੱਮਦ ਖਾਨ ਵੀ ਇਹੀ ਕੁਝ ਸੋਚਦਾ ਹੋਵੇ ਪਰ ਉਸ ਨੂੰ ਬਾਦਸ਼ਾਹ ਨੇ ਵਕਤ ਪਾਇਆ ਹੋਇਆ ਸੀ।

ਬੰਦਾ ਸਿੰਘ ਬਹਾਦੁਰ ਨੇ ਪਹਾੜਾਂ ਤੋਂ ਉਤਰ ਕੇ ਸਭ ਤੋਂ ਪਹਿਲਾਂ ਕਲਾਨੌਰ ਮਾਰੀ ਸੀ। ਇਥੋਂ ਉਹ ਬਟਾਲੇ ਨੂੰ ਸਰ ਕਰਨ ਲਈ ਵਧਿਆ ਸੀ। ਬਟਾਲੇ ਨੂੰ ਸਰ ਕਰਕੇ ਬੰਦਾ ਸਿੰਘ ਨੇ ਕਲਾਨੌਰ ਅਤੇ ਬਟਾਲੇ ਦੇ ਵਿਚਕਾਰ ਇਕ ਘਣੇ ਜੰਗਲ ਵਿਚ ਵਸੇ ਪਿੰਡ ਕੋਟ ਮਿਰਜ਼ਾ ਜਾਨ ਵਿਚ ਇਕ ਪੱਕੀ ਗੜ੍ਹੀ ਉਸਾਰਨ ਦਾ ਫੈਸਲਾ ਕੀਤਾ ਸੀ ਤਾਂ ਕਿ ਇਥੋਂ ਹਰ ਸਮੇਂ ਲਾਹੌਰ ਉਪਰ ਦਬਾਅ ਪਾ ਕੇ ਰੱਖਿਆ ਜਾ ਸਕੇ। ਇਸ ਦੀ ਕਨਸੋਅ ਬਾਦਸ਼ਾਹ ਪਾਸ ਪੁਜ ਗਈ ਸੀ। ਇਹੀ ਕਾਰਨ ਸੀ ਕਿ ਬਾਦਸ਼ਾਹ ਨੇ ਲਾਹੌਰ ਦੇ ਗਵਰਨਰ ਅਬਦੁੱਸ ਸੱਮਦ ਖਾਨ ਨੂੰ ਪੂਰੀ ਤਾੜਨਾ-ਭਰੀ ਚਿੱਠੀ ਲਿਖ ਕੇ ਉਸ ਨੂੰ ਬੰਦਾ ਸਿੰਘ ਉਪਰ ਤੁਰੰਤ ਹਮਲਾ ਕਰਨ ਦਾ ਆਦੇਸ਼ ਦਿੱਤਾ ਸੀ। ਜਿਵੇਂ ਕਿ ਉਪਰ ਦੱਸਿਆ ਜਾ ਚੁੱਕਿਆ ਹੈ ਕਿ ਗੁਆਂਢੀ ਰਾਜਿਆਂ ਅਤੇ ਨਵਾਬਾਂ ਦੀ ਵਿਸ਼ਾਲ ਸੈਨਾ ਲੈ ਕੇ ਅਬਦੁੱਸ ਸੱਮਦ ਖਾਨ ਨੇ ਬੰਦਾ ਸਿੰਘ ਉਪਰ ਅਚਨਚੇਤ ਹਮਲਾ ਕਰ ਦਿੱਤਾ ਸੀ। ਬੇਸ਼ੱਕ ਸਿੰਘ ਕਿਲ੍ਹੇ ਦੀ ਉਸਾਰੀ ਕਰ ਰਹੇ ਸਨ ਅਤੇ ਇਹ ਉਸਾਰੀ ਅਜੇ ਮੁੱਢਲੇ ਪੜਾਅ ਵਿਚ ਹੀ ਸੀ ਪਰ ਫਿਰ ਵੀ ਬੰਦਾ ਸਿੰਘ ਨੇ ਮੁਗ਼ਲ ਸੈਨਾ ਦਾ ਐਸੀ ਮਜ਼ਬੂਤੀ ਨਾਲ ਮੁਕਾਬਲਾ ਕੀਤਾ ਕਿ ਉਸ ਦੇ ਪੈਰ ਹਿਲਾ ਦਿੱਤੇ ਸਨ। ਖਾਫੀ ਖਾਨ ਦੇ ਅਨੁਸਾਰ, 'ਕਾਫਰ ਇਤਨੀ ਮਜ਼ਬੂਤੀ ਨਾਲ ਲੜੇ ਸਨ ਕਿ ਉਨ੍ਹਾਂ ਨੇ ਇਸਲਾਮੀ ਲਸ਼ਕਰ ਉਤੇ ਲਗਭੱਗ ਕਾਬੂ ਹੀ ਪਾ ਲਿਆ ਸੀ। ਸਿੰਘਾਂ ਨੇ ਮੁੜ-ਮੁੜ ਕੇ ਬਹਾਦੁਰੀ ਵਿਖਾਈ।' ਬਿਲਕੁਲ ਇਸੇ ਤਰ੍ਹਾਂ ਹੀ ਗੁਲਾਮ ਹੁਸੈਨ ਲਿਖਦਾ ਹੈ ਕਿ 'ਬੰਦਾ ਇਸ ਤਰ੍ਹਾਂ ਆਪਣੀ ਜਗ੍ਹਾ ਡਟਿਆ ਰਿਹਾ ਕਿ ਸਭ ਹੈਰਾਨ ਰਹਿ ਗਏ ਅਤੇ ਪਹਿਲੀ ਲੜਾਈ ਵਿਚ ਇਤਨੀ ਬਹਾਦੁਰੀ ਨਾਲ ਲੜਿਆ ਕਿ ਸ਼ਾਹੀ ਜਰਨੈਲਾਂ ਨੂੰ ਪੂਰੀ ਤਰ੍ਹਾਂ ਹਾਰ ਹੋਣ ਵਾਲੀ ਹੋ ਗਈ ਸੀ। ਭਾਵੇਂ ਸ਼ਾਹੀ ਲਸ਼ਕਰ ਨੇ ਬੜੇ ਜ਼ੋਰ ਨਾਲ ਉਸ ਦਾ ਪਿੱਛਾ ਕੀਤਾ ਪਰ ਉਹ ਇਸ ਤਰ੍ਹਾਂ ਠਰ੍ਹੰਮੇ ਨਾਲ ਆਪਣੇ ਆਦਮੀਆਂ ਨੂੰ ਬਚਾਉਂਦਾ ਹੋਇਆ ਅਤੇ ਆਪਣੇ ਪਿੱਛੇ ਪਿਆ ਹੋਇਆਂ ਦਾ ਨੁਕਸਾਨ ਕਰਦਾ ਹੋਇਆ ਪਿੱਛੇ ਹੱਟ ਰਿਹਾ ਸੀ, ਜਿਵੇਂ ਕਿ ਇਕ ਜੰਗਲੀ ਜਾਨਵਰ ਇਕ ਝਾੜ ਤੋਂ ਦੂਸਰੇ ਝਾੜ ਵਲ ਨੂੰ ਹੱਟਦਾ ਹੈ।'

ਸਮਕਾਲੀ ਲਿਖਤ 'ਅਸਰਾਰਿ ਸਮਦੀ' ਵਿਚ ਲਿਖਿਆ ਗਿਆ ਹੈ, 'ਧਿਕਾਰੇ ਹੋਏ ਸਿੰਘਾਂ ਨੇ, ਇਸ ਦੇ ਬਾਵਜੂਦ ਕਿ ਉਨ੍ਹਾਂ ਦੇ ਪੈਰ ਛਾਲਿਆਂ ਨਾਲ ਭਰੇ ਹੋਏ ਸਨ, ਨਾ ਉਨ੍ਹਾਂ ਪਾਸ ਰਾਸ਼ਨ ਸੀ ਤੇ ਨਾ ਘੋੜੇ, ਫਿਰ ਵੀ ਉਹ ਕਿਹੜੀਆਂ ਦਲੇਰੀਆਂ ਸਨ,

4. ਬੰਦਾ ਸਿੰਘ ਬਹਾਦੁਰ ਦੀ ਸਮਕਾਲੀ ਫਾਰਸੀ ਲਿਖਤ ਅਸਰਾਰਿ-ਸਮਦੀ ਵਿਚ ਕਲਾਨੌਰ ਦੀ ਸੁੰਦਰਤਾ ਬਾਰੇ ਇਉਂ ਲਿਖਿਆ ਹੈ, 'ਕਲਾਨੌਰ ਇਕ ਅਜਿਹਾ ਕਸਬਾ ਹੈ ਜੋ ਪ੍ਰਕਾਸ਼ਮਾਨ ਦ੍ਰਿਸ਼, ਪਰਸੰਨਤਾ ਤੇ ਖੁਸ਼ੀ ਵਾਲਿਆਂ ਦੀ ਸੁੰਦਰਤਾ ਦਾ ਪ੍ਰਗਟਾਓ ਹੈ, ਉਸ ਦਾ ਆਲਾ-ਦੁਆਲਾ, ਸਵੇਰ ਦੀ ਸਫੈਦੀ ਦੀ ਤਰ੍ਹਾਂ ਵਿਸ਼ਾਲ ਵਾਯੂਮੰਡਲ ਵਾਲਾ, ਉਸ ਦੀ ਧਰਤੀ ਸਖੁਨ (ਕਥਨ) ਦੀ ਜ਼ਮੀਨ ਦੀ ਤਰ੍ਹਾਂ ਦਿਲ ਨੂੰ ਖਿੜਾਉਣ ਵਾਲੀ ਹੈ। ਸੁੰਦਰਤਾ ਉਸ ਦੇ ਆਲੇ-ਦੁਆਲੇ ਦੀ ਮਿੱਟੀ ਦੀ ਆਸ਼ਕ ਹੈ।
ਨਜ਼ਰਾਂ ਉਥੇ ਦੇ ਜੰਮੇ ਪਲਿਆਂ ਦੀਆਂ ਦਾਸ ਹੋ ਗਈਆਂ।'
ਅਸਰਾਰਿ ਸਮਦੀ (ਪੰਜਾਬੀ ਤਰਜਮਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972, ਪੰਨਾ 3.

SIKHBOOKCLUB.COM

ਜੋ ਉਨ੍ਹਾਂ ਨੇ ਨਾ ਕਰ ਵਿਖਾਈਆਂ ਹੋਣ ਅਤੇ ਉਹ ਕਿਹੜੀਆਂ ਨਿਡਰਤਾਵਾਂ ਸਨ ਜੋ ਉਨ੍ਹਾਂ ਨੇ ਅਮਲ ਵਿਚ ਨਾ ਲਿਆਂਦੀਆਂ ਹੋਣ। ਉਹ ਹਾਥੀਆਂ ਉਤੇ ਸ਼ੇਰਾਂ ਦੀ ਤਰ੍ਹਾਂ ਕੁੱਦ ਕੇ ਚੜ੍ਹਦੇ ਅਤੇ ਹੌਦਿਆਂ ਵਿਚ ਬੈਠਿਆਂ ਨੂੰ ਹੇਠਾਂ ਸੁੱਟ ਦਿੰਦੇ। ਜਿਥੇ ਕੋਤਲ ਘੋੜੇ ਪਹੁੰਚਣ ਵਿਚ ਦੇਰ ਕਰਦੇ ਉਥੇ ਇਹ ਪੈਦਲ ਚੀਤਿਆਂ ਦੀ ਤਰ੍ਹਾਂ ਜਾ ਪੁੱਜਦੇ ਸਨ।'[5]

ਬੇਸ਼ੱਕ ਬੰਦਾ ਸਿੰਘ ਨੇ ਦੁਸ਼ਮਣ ਦੇ ਹਮਲੇ ਦਾ ਬੜਾ ਮੂੰਹ-ਤੋੜ ਜਵਾਬ ਦਿੱਤਾ ਸੀ ਪਰ ਇਤਨੀ ਵਿਸ਼ਾਲ ਮੁਗ਼ਲ ਸੈਨਾ ਦਾ ਮੁਕਾਬਲਾ ਗਹਿਗੱਚ ਲੜਾਈ ਵਿਚ ਨਹੀਂ ਹੋ ਸਕਦਾ ਸੀ। ਬੰਦਾ ਸਿੰਘ ਇਸ ਖਿਆਲ ਨਾਲ ਪਿੱਛੇ ਹਟਿਆ ਸੀ ਕਿ ਸ਼ਾਇਦ ਦੁਸ਼ਮਣ ਉਸ ਉਪਰ ਮੁੜ ਕੇ ਛੇਤੀ ਹਮਲਾ ਨਾ ਕਰੇ ਕਿਉਂਕਿ ਪਹਿਲਾਂ ਇਸੇ ਤਰ੍ਹਾਂ ਹੀ ਹੁੰਦਾ ਰਿਹਾ ਸੀ। ਬੰਦਾ ਸਿੰਘ ਆਪਣੇ ਸਿੰਘਾਂ ਨੂੰ ਲੈ ਕੇ ਗੁਰਦਾਸਪੁਰ ਵਲ ਨੂੰ ਆਇਆ। ਪਰ ਉਸ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਕਿ ਅਬਦੁੱਸ ਸਮੱਦ ਖਾਨ ਵੀ ਉਸੇ ਤਰ੍ਹਾਂ ਆਪਣੀ ਵਿਸ਼ਾਲ ਫੌਜ ਨੂੰ ਲਈ ਉਸ ਦੇ ਪਿੱਛੇ ਹੀ ਆ ਰਿਹਾ ਸੀ। ਸਿੰਘਾਂ ਨੂੰ ਕਿਤੇ ਵੀ ਬੈਠ ਕੇ ਆਰਾਮ ਕਰਨ ਨੂੰ ਸਮਾਂ ਨਹੀਂ ਮਿਲਿਆ ਸੀ। ਦੁਸ਼ਮਣ ਦੇ ਛੇਤੀ ਹੀ ਸਿਰ ਤੇ ਆ ਜਾਣ ਕਰਕੇ ਬੰਦਾ ਸਿੰਘ ਨੇ ਬੜੀ ਤੇਜ਼ੀ ਨਾਲ ਕੂਚ ਕਰਕੇ ਗੁਰਦਾਸਪੁਰ ਤੋਂ ਛੇ-ਸੱਤ ਕਿਲੋਮੀਟਰ ਦੂਰ ਗੁਰਦਾਸ-ਨੰਗਲ ਦੇ ਨੇੜੇ ਇਕ ਤਕੜੇ ਧਨਾਢ ਜ਼ਿਮੀਂਦਾਰ ਦੁਨੀ ਚੰਦ ਦੀ ਗੜ੍ਹੀਨੁਮਾ ਹਵੇਲੀ ਵਿਚ ਜਾ ਡੇਰੇ ਲਾਏ। ਇਹ ਗੜ੍ਹੀ ਚਾਰੇ ਪਾਸਿਓਂ ਕੰਧ ਨਾਲ ਬਗਲੀ ਹੋਈ ਸੀ। ਇਸ ਨੂੰ ਕਿਲ੍ਹਾ ਵੀ ਕਿਹਾ ਜਾ ਸਕਦਾ ਹੈ ਪਰ ਇਹ ਸੁਰੱਖਿਆ ਪੱਖੋਂ ਇਤਨਾ ਮਜ਼ਬੂਤ ਨਹੀਂ ਸੀ ਕਿ ਵਿਸ਼ਾਲ ਮੁਗ਼ਲ ਸੈਨਾ ਦਾ ਡੱਟ ਕੇ ਟਾਕਰਾ ਕੀਤਾ ਜਾ ਸਕੇ। ਇਸ ਦੇ ਆਲੇ-ਦੁਆਲੇ ਪਾਣੀ ਲੰਘਣ ਵਾਸਤੇ ਨੀਵੀਂ ਥਾਂ ਸੀ। ਸਿੰਘਾਂ ਨੇ ਛੇਤੀ ਛੇਤੀ ਇਸ ਨੀਵੇਂ ਥਾਂ ਨੂੰ ਪੁੱਟ ਕੇ ਕੰਧ ਨੂੰ ਵੀ ਹੋਰ ਉੱਚਾ ਕਰ ਲਿਆ ਸੀ ਅਤੇ ਨੀਵੀਂ ਥਾਂ ਤੇ ਖਾਈ ਪੁੱਟ ਕੇ ਹੋਰ ਡੂੰਘੀ ਕਰ ਲਈ ਸੀ। ਥੋੜ੍ਹੀ ਜਿਹੀ ਵਿੱਥ ਤੇ ਕੱਚੀ ਸ਼ਾਹ ਨਹਿਰ ਵਗਦੀ ਸੀ। ਸਿੰਘਾਂ ਨੇ ਇਸ ਨਹਿਰ ਨੂੰ ਤੋੜ ਦਿੱਤਾ ਸੀ। ਇਸ ਦੇ ਟੁੱਟੇ ਹੋਏ ਪਾਣੀ ਨੇ ਗੜ੍ਹੀਨੁਮਾ ਹਵੇਲੀ ਦੁਆਲੇ ਪੁੱਟੀ ਹੋਈ ਖਾਈ ਨੂੰ ਭਰ ਦਿੱਤਾ ਸੀ।[6] ਗੜ੍ਹੀ ਦੇ ਅੰਦਰਲੇ ਪਾਸੇ ਵੀ ਸਿੰਘਾਂ ਨੇ ਖਾਈਆਂ ਪੁੱਟ ਕੇ ਮੋਰਚੇ ਬਣਾ ਲਏ ਸਨ। ਬੰਦਾ ਸਿੰਘ ਉਥੇ ਬੈਠ ਕੇ ਦੁਸ਼ਮਣ ਦਾ ਮੁਕਾਬਲਾ ਕਰਨ ਦੀ ਉਡੀਕ ਕਰਨ ਲੱਗਿਆ। ਕੁਝ ਸਿੰਘਾਂ ਨੂੰ ਸੁਨੇਹੇ ਦੇ ਕੇ ਬਾਹਰਲੀਆਂ ਪੋਸਟਾਂ ਵਲ ਭੇਜਿਆ ਗਿਆ ਤਾਂ ਕਿ ਬਾਹਰਲੀਆਂ ਸਿੱਖ ਰਜਮੈਂਟਾਂ ਉਸ ਦੀ ਮਦਦ ਤੇ ਪਹੁੰਚ ਜਾਣ। ਇਸ ਕਾਹਲ ਵਿਚ ਜਦੋਂ ਕਿ ਸਿੰਘ ਆਪਣੀ ਲੜਨ ਵਾਲੀ ਥਾਂ ਨੂੰ ਹੀ ਪੂਰੀ ਤਰ੍ਹਾਂ ਲੜਾਈ ਦੇ ਯੋਗ ਨਹੀਂ ਬਣਾ ਸਕੇ, ਉਥੇ ਵਾਧੂ ਅਨਾਜ ਦੇ ਜ਼ਖ਼ੀਰੇ ਤੇ ਹਥਿਆਰਾਂ ਦੇ ਅੰਬਾਰ ਕਿਸ ਤਰ੍ਹਾਂ ਲਗਾਏ ਜਾ ਸਕਦੇ ਸਨ?[7]

ਇਹ ਗੱਲ 1715 ਈ. ਦੇ ਮਾਰਚ ਦੇ ਅਖ਼ੀਰਲੇ ਹਫ਼ਤੇ ਦੀ ਸੀ। ਸੱਤ ਅਪਰੈਲ ਨੂੰ ਬਾਦਸ਼ਾਹ ਦਾ ਸਖ਼ਤ ਹੁਕਮ ਪਹੁੰਚਿਆ ਕਿ ਜਦੋਂ ਤਕ ਬੰਦਾ ਸਿੰਘ ਮਾਰਿਆ ਜਾਂ ਫੜਿਆ ਨਾ ਜਾ ਸਕੇ ਉਸ ਦਾ ਪਿੱਛਾ ਨਹੀਂ ਛੱਡਣਾ। ਫਲਸਰੂਪ ਪਿੱਛਾ ਕਰ ਰਹੀ ਸ਼ਾਹੀ ਫੌਜ ਬਿਨਾਂ ਕੁਝ ਆਰਾਮ ਕੀਤੇ ਦੇ ਬੰਦਾ ਸਿੰਘ ਦਾ ਪਿੱਛਾ ਕਰਦੀ ਰਹੀ ਅਤੇ ਗੁਰਦਾਸ-ਨੰਗਲ ਦੇ ਦੁਨੀ ਚੰਦ ਵਾਲੀ ਗੜ੍ਹੀਨੁਮਾ ਹਵੇਲੀ ਅਤੇ ਗੁਰਦਾਸ ਨੰਗਲ ਦੇ ਪਿੰਡ ਨੂੰ, ਜਿਥੇ ਕਿ ਬੰਦਾ ਸਿੰਘ ਆਪਣਾ ਆਰਜ਼ੀ ਪਰਬੰਧ ਕਰ ਰਿਹਾ ਸੀ, ਘੇਰ ਕੇ ਬੈਠ ਗਈ। ਇਹ ਘੇਰਾ ਦਿਨ-ਬ-ਦਿਨ ਮਜ਼ਬੂਤ ਵੀ ਹੁੰਦਾ ਗਿਆ ਅਤੇ ਤੰਗ ਵੀ ਹੁੰਦਾ ਗਿਆ। ਪਿੰਡਾਂ ਦਾ ਮੁਲਖਈਆ ਸਿੰਘਾਂ ਦੇ ਖਿਲਾਫ਼ ਇਕੱਠਾ ਹੋ ਕੇ ਘੇਰਾ ਪਾਈ ਮੁਗ਼ਲ ਫੌਜ ਦੀ ਮਦਦ ਤੇ ਪਹੁੰਚ ਰਿਹਾ ਸੀ। ਬਾਹਰ ਦੀਆਂ ਸਿੱਖ ਰਜਮੈਂਟਾਂ ਨੇ ਬੜੀ ਕੋਸ਼ਿਸ਼ ਕੀਤੀ ਸੀ ਕਿ ਘੇਰੇ ਅੰਦਰ ਘਿਰੇ ਬੈਠੇ ਬੰਦਾ ਸਿੰਘ ਦੀ ਮਦਦ ਲਈ ਪਹੁੰਚ ਜਾਣ ਪਰ ਉਨ੍ਹਾਂ ਦੀ ਕੋਈ ਕੋਸ਼ਿਸ਼ ਸਫ਼ਲ ਨਹੀਂ ਹੋ ਸਕੀ। ਬੰਦਾ ਸਿੰਘ ਨੇ ਇਤਨਾ ਮੁਕਾਬਲਾ ਜ਼ਰੂਰ ਕੀਤਾ ਕਿ ਮੁਗ਼ਲ ਫੌਜ ਉਸ ਦੇ ਆਰਜ਼ੀ ਪਰਬੰਧ ਨੂੰ ਵੀ ਤੋੜ ਨਹੀਂ ਸਕੀ ਸੀ। ਅਖੀਰ ਨੂੰ ਮੁਗ਼ਲ ਜਰਨੈਲਾਂ ਦੀ ਜਦੋਂ ਗੜ੍ਹੀ ਅੰਦਰ ਵੜ੍ਹ ਕੇ ਸਿੰਘਾਂ ਨੂੰ ਫੜਨ ਦੀ ਹਰ ਕੋਸ਼ਿਸ਼ ਨਾਕਾਮ ਹੋ ਗਈ ਤਾਂ ਉਨ੍ਹਾਂ ਨੇ ਸਿਰਫ ਘੇਰਾ ਪਾ ਕੇ ਬੈਠੇ ਰਹਿਣ ਵਿਚ ਹੀ ਸਿਆਣਪ ਸਮਝੀ ਸੀ। ਅੰਦਰ ਸਿੰਘਾਂ ਕੋਲ ਅਨਾਜ ਦਾ ਕੋਈ ਭੰਡਾਰ ਨਹੀਂ ਸੀ। ਉਨ੍ਹਾਂ ਦੇ ਪਰਿਵਾਰ ਅਤੇ ਬੱਚੇ ਵੀ ਇਸ ਘੇਰੇ ਵਿਚ ਘਿਰੇ ਹੋਏ ਸਨ। ਬੰਦਾ ਸਿੰਘ ਦੀ ਆਪਣੀ ਧਰਮ-ਪਤਨੀ ਰਾਜ ਕੁਮਾਰੀ ਰਤਨ ਕੌਰ ਅਤੇ ਇੱਕੋ-ਇੱਕ ਪੁੱਤਰ ਅਜੈ ਸਿੰਘ ਵੀ ਇਸੇ ਘੇਰੇ ਦੇ ਅੰਦਰ ਸਨ। ਸਿੰਘਾਂ ਨੇ ਦੁਸ਼ਮਣ ਦੇ ਅੰਨ ਭੰਡਾਰਾਂ ਤੇ ਹਮਲੇ ਕਰਕੇ ਕੁਝ ਦਿਨ ਲੰਘਾਏ ਪਰ ਇਤਨੀ ਵੱਡੀ ਹਜ਼ਾਰਾਂ ਦੀ ਗਿਣਤੀ ਵਿਚ ਸਿੰਘਾਂ ਦਾ ਅਤੇ ਘੋੜਿਆਂ ਦਾ ਗੁਜ਼ਾਰਾ ਇਸ ਤਰ੍ਹਾਂ ਚੱਲ ਸਕਦਾ ਸੀ?

ਸਮਕਾਲੀ ਮੁਸਲਿਮ ਲੇਖਕ ਮੁਹੰਮਦ ਕਾਸਿਮ, ਜੋ ਕਿ ਉਸ ਘੇਰੇ ਸਮੇਂ ਮੁਗ਼ਲ ਫੌਜ ਦੇ ਨਾਲ ਸੀ, ਆਪਣੀ ਲਿਖਤ *ਇਬਰਤਨਾਮੇ* ਵਿਚ ਲਿਖਦਾ ਹੈ ਕਿ 'ਜਹੱਨਮੀ ਸਿੱਖਾਂ ਦੇ ਬਹਾਦੁਰੀ ਅਤੇ ਦਲੇਰੀ ਦੇ ਕਾਰਨਾਮੇ ਹੈਰਾਨ ਕਰ ਦੇਣ ਵਾਲੇ ਸਨ। ਹਰ

5. *ਉਕਤ*, ਪੰਨਾ 8.
6. ਕੱਨ੍ਹਈਆ ਲਾਲ, *ਪੂਰਵ ਅੰਕਤ*, ਪੰਨਾ 58.
7. ਇਸ ਗੜ੍ਹੀ ਤੋਂ ਅੱਧਾ ਕੁ ਕਿਲੋਮੀਟਰ ਦੀ ਵਿੱਥ 'ਤੇ ਗੁਰਦਾਸ ਨੰਗਲ ਦਾ ਪਿੰਡ ਸੀ। ਬੰਦਾ ਸਿੰਘ ਨੇ ਇਸ ਪਿੰਡ ਨੂੰ ਵੀ ਆਪਣੇ ਕਬਜ਼ੇ ਵਿਚ ਕਰ ਕੇ, ਆਲੇ-ਦੁਆਲੇ ਮੋਰਚੇ ਬਣਾ ਲਏ ਸਨ। ਭਾਵ ਕਿ ਪਿੰਡ ਅਤੇ ਗੜ੍ਹੀ, ਦੋਵੇਂ ਹੀ ਮੁਗ਼ਲ ਫੌਜ ਦੇ ਘੇਰੇ ਵਿਚ ਸਨ। ਪਿੰਡ ਦੀ ਆਬਾਦੀ ਅਤੇ ਡੰਗਰ-ਪਸ਼ੂ ਬਾਹਰ ਕੱਢ ਦਿੱਤੇ ਗਏ ਸਨ।

SIKHBOOKCLUB.COM

ਰੋਜ਼ ਦੋ ਜਾਂ ਤਿੰਨ ਵਾਰ ਕੁਝ ਚਾਲੀ ਜਾਂ ਪੰਜਾਹ ਕਲਮੂੰਹੇਂ ਸਿੰਘਾਂ ਦਾ ਜੱਥਾ ਆਪਣੇ ਘੋੜਿਆਂ ਲਈ ਘਾਹ-ਪੱਠੇ ਲਈ ਬਾਹਰ ਨਿਕਲਦਾ। ਜਦੋਂ ਬਾਦਸ਼ਾਹੀ ਲਸ਼ਕਰ ਦੀਆਂ ਮਿਲਵੀਆਂ ਫੌਜਾਂ ਉਨ੍ਹਾਂ ਨੂੰ ਰੋਕਣ ਜਾਂਦੀਆਂ ਤਾਂ ਉਹ ਜੱਥਾ ਆਪਣੀਆਂ ਤਲਵਾਰਾਂ ਅਤੇ ਰਾਮਜੰਗਿਆਂ ਨਾਲ ਇਨ੍ਹਾਂ ਜਹਾਦੀਆਂ ਦਾ ਐਸਾ ਘਾਣ ਕਰਦਾ ਕਿ ਮੁਗਲ ਜਹਾਦੀ ਪਿਛਾਂਹ ਹੱਟ ਕੇ ਇਹ ਅਰਦਾਸਾਂ ਕਰਦੇ ਕਿ ਹੇ ਰੱਬਾ ਇਸ ਬਲਾਅ ਨੂੰ ਅੰਦਰੋਂ ਬਾਹਰ ਨਿਕਲਣ ਤੇ ਭੱਜਣ ਲਈ ਰਸਤਾ ਦੇ ਦੇ।'

ਇਨ੍ਹਾਂ ਗੁਰੀਲਾ ਹਮਲਿਆਂ ਤੋਂ ਬਚਣ ਲਈ ਮੁਗ਼ਲ ਜਰਨੈਲਾਂ ਨੇ ਐਸੇ ਤਰੀਕੇ ਨਾਲ ਪਿੰਡ ਅਤੇ ਗੜ੍ਹੀ ਦੇ ਦੁਆਲੇ ਆਪਣੇ ਘੇਰੇ ਨੂੰ ਤੰਗ ਅਤੇ ਮਜ਼ਬੂਤ ਕੀਤਾ ਕਿ ਸਿੰਘ ਸੋਖਿਆਂ ਮੁਗਲ ਫੌਜ ਤੇ ਹਮਲੇ ਨਹੀਂ ਕਰ ਸਕਦੇ ਸਨ। ਬਾਦਸ਼ਾਹ ਨੂੰ ਹਰ ਰੋਜ਼ ਦੀ ਖ਼ਬਰ ਪਹੁੰਚਾਈ ਜਾਂਦੀ ਸੀ। ਇਨ੍ਹਾਂ ਰੋਜ਼ਾਨਾ ਦੀਆਂ ਖ਼ਬਰਾਂ ਵਿਚ ਘੇਰੇ ਬਾਰੇ ਦੱਸਿਆ ਜਾਂਦਾ ਸੀ। 20 ਅਪਰੈਲ, 1715 ਈ. ਦੀ ਇਕ ਖ਼ਬਰ ਵਿਚ ਦੱਸਿਆ ਗਿਆ ਸੀ ਕਿ 'ਕਾਫ਼ਰਾਂ ਨੂੰ ਜਹਾਦੀਆਂ ਉਪਰ ਹਮਲੇ ਕਰਨ ਤੋਂ ਰੋਕਣ ਲਈ ਗੜ੍ਹੀ ਦੇ ਆਲੇ-ਦੁਆਲੇ ਗੱਡਿਆਂ ਦੀ ਜੁੜਵੀਂ ਕਤਾਰ ਬਣਾ ਦਿੱਤੀ ਗਈ ਹੈ। ਇਸ ਕਤਾਰ ਵਿਚ ਵੀ ਉਨ੍ਹਾਂ ਥਾਵਾਂ ਤੇ ਮੋਟੇ ਰੱਸੇ ਬੰਨ੍ਹ ਦਿੱਤੇ ਗਏ ਹਨ ਜਿਥੋਂ ਦੀ ਗੱਡੇ ਨੀਵੇਂ ਹੁੰਦੇ ਹਨ। ਇਨ੍ਹਾਂ ਗੱਡਿਆਂ ਦੀ ਓਟ ਵਿਚ ਬਾਹਰਲੇ ਪਾਸੇ ਉਚੇ ਉਚੇ ਤੰਬੂ ਲਾ ਦਿੱਤੇ ਗਏ ਹਨ ਤਾਂ ਕਿ ਇਨ੍ਹਾਂ ਦੇ ਪਿੱਛੇ ਕੁਝ ਵੀ ਦੇਖਿਆ ਨਾ ਜਾ ਸਕੇ। ਗੜ੍ਹੀ ਦੇ ਆਲੇ-ਦੁਆਲੇ ਮਿੱਟੀ ਅਤੇ ਲੱਕੜਾਂ ਦੇ ਉਚੇ ਉਚੇ ਥੜ੍ਹੇ ਉਸਾਰੇ ਗਏ ਹਨ ਜਿਨ੍ਹਾਂ ਉਤੇ ਚੜ੍ਹ ਕੇ ਮੁਗਲ ਸਿਪਾਹੀ ਸਿੰਘਾਂ ਉਪਰ ਬੰਦੂਕਾਂ ਅਤੇ ਛੋਟੀਆਂ ਤੋਪਾਂ ਦੇ ਫਾਇਰ ਕਰਦੇ ਹਨ। ਇਸ ਤਰ੍ਹਾਂ ਅੰਦਰ ਬੈਠੇ ਸੈਂਕੜੇ ਸਿੰਘਾਂ ਅਤੇ ਘੋੜਿਆਂ ਨੂੰ ਮਾਰ ਦਿੱਤਾ ਗਿਆ ਹੈ।'

ਅੰਦਰ ਬੈਠੇ ਸਿੰਘ ਭੁੱਖ ਦੇ ਹੱਥੋਂ ਬੜੇ ਤੰਗ ਸਨ। ਪਰਿਵਾਰ ਅਤੇ ਬੱਚੇ ਉਸ ਦੁੱਖ ਨੂੰ ਹੋਰ ਵਧਾ ਰਹੇ ਸਨ। ਸਿੰਘ ਸਿਪਾਹੀ ਤਾਂ ਤੀਲਾ ਤੀਲਾ ਕਰਕੇ ਆਪਣੀ ਜਾਨ ਦੇ ਸਕਦੇ ਸਨ ਪਰ ਪਰਿਵਾਰ ਅਤੇ ਬੱਚੇ ਇਸ ਤਰ੍ਹਾਂ ਨਹੀਂ ਕਰ ਸਕਦੇ ਸਨ। ਅੰਦਰਲੇ ਸਿੰਘਾਂ ਦੀ ਇਸ ਸਥਿਤੀ ਨੂੰ ਦਰਸਾਉਣ ਵਾਲੀ ਇਕ ਚਿੱਠੀ ਹੈ ਜੋ ਇਸ ਤਰ੍ਹਾਂ ਹੈ :

ਗੁਰੂ ਫਤਹ। । ਮਾਣ ਯੋਗ ਭਾਈ ਜੀਓ ਵੈਰੀ ਨੇ ਜਬਰਦਸਤ ਘੇਰਾ ਘਤਿਓਸੁ। ।
ਅਨਾਜ ਪਾਣੀ ਦੀ ਕੋਈ ਆਮਦ ਨਾਹੀਂ। । ਪਰਿਵਾਰ ਸਖਤ ਮੁਸ਼ਕਲ ਮੇ ਹੈਣ। ।
ਨਿਆਣੇ ਰੋਇ ਜਾਤਿ ਹੈਂ। ਸਿੱਖ ਸੰਗਤਾਂ ਨੋ ਸ਼ਿਤਾਬੀ ਹਥਯਾਰ ਦੇਕਰ ਭੇਜੋ। ।
ਕਿਸੀ ਵਕਤ ਕਾ ਭਰੋਸਾ ਨਾਹੀ। । ਬੁੰਗੇ ਸਾਹਿਬ ਅਰਦਾਸ ਕਰਨ। ।
ਖਾਲਸੇ ਦੀ ਫਤਹ ਹੋਗੁ। । ਆਸਾ ਅੰਤਮ ਸਮੇਂ ਤੀਕ ਜੂਜਣੇ ਦਾ ਨੇਮ ਕੀਤੇਸੁ। ।[8]

ਇਸ ਚਿੱਠੀ ਤੋਂ ਪਤਾ ਲਗਦਾ ਹੈ ਕਿ ਇਕ ਤਾਂ ਬੰਦਾ ਸਿੰਘ ਨੇ ਦੁੱਖ-ਭੁੱਖ ਤੋਂ ਤੰਗ ਹੋਣ ਦੇ ਬਾਵਜੂਦ ਵੀ ਅੰਤਮ ਦਮ ਤਕ ਲੜਨ ਦੀ ਦਰਿੜ੍ਹਤਾ ਨਹੀਂ ਛੱਡੀ ਸੀ। ਦੂਜਾ ਇਹ ਕਿ ਉਹ ਲਗਾਤਾਰ ਸਿਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਭਾਈ ਮਨੀ ਸਿੰਘ ਦੇ ਸੰਪਰਕ ਵਿਚ ਸੀ। ਘੇਰੇ ਅੰਦਰ ਘਿਰੇ ਹੋਏ ਬੱਚਿਆਂ ਦੀ ਬੁਰੀ ਹਾਲਤ ਦਾ ਵੀ ਇਸ ਤੋਂ ਪਤਾ ਲਗਦਾ ਹੈ ਪਰ ਦੁਸ਼ਮਣ ਵਲੋਂ ਇਤਨੀ ਮਜ਼ਬੂਤੀ ਨਾਲ ਘੇਰਾ ਪਾਇਆ ਹੋਇਆ ਸੀ ਕਿ ਇਸ ਨੂੰ ਤੋੜ ਕੇ ਨਿਕਲਣ ਦਾ ਕੋਈ ਰਸਤਾ ਹੀ ਨਹੀਂ ਸੀ, ਉਹ ਵੀ ਸਿੰਘਾਂ ਦੇ ਭੁੱਖ ਤੋਂ ਤੰਗ ਆਏ ਹੋਏ ਹਾਲਾਤਾਂ ਵਿਚ। ਇਹ ਘੇਰਾ ਹਰ ਰੋਜ਼ ਪਕੇਰਾ ਹੁੰਦਾ ਸੀ। ਪਿੰਡਾਂ ਦੇ ਪਿੰਡ ਮੁਗਲ ਸੈਨਾ ਦੀ ਮਦਦ ਤੇ ਆ ਰਹੇ ਸਨ। ਗੁਰਦਾਸ-ਨੰਗਲ ਦੇ ਆਲੇ-ਦੁਆਲੇ ਦੇ ਸੈਂਕੜੇ ਪਿੰਡਾਂ ਵਿਚੋਂ ਸਿੱਖਾਂ ਦਾ ਖੁਰਾ-ਖੋਜ ਮਿਟਾ ਦਿੱਤਾ ਗਿਆ ਸੀ। ਸਿੱਖਾਂ ਦਾ ਦਿਖਣਾ ਹੀ ਉਨ੍ਹਾਂ ਦੀ ਮੌਤ ਦੀ ਨਿਸ਼ਾਨੀ ਹੁੰਦੀ ਸੀ। ਅਜਿਹੀ ਹਾਲਤ ਵਿਚ ਨਾ ਹੀ ਤਾਂ ਬਾਹਰੋਂ ਰਸਦ ਵਗੈਰਾ ਪਹੁੰਚ ਸਕਦੀ ਸੀ ਅਤੇ ਨਾ ਹੀ ਨੌਜੁਆਨ ਇਕੱਠੇ ਹੋ ਕੇ ਆ ਸਕਦੇ ਸਨ। ਸੌ-ਸੌ, ਪੰਜਾਹ-ਪੰਜਾਹ ਦੇ ਜੱਥਿਆਂ ਦੀ ਲੱਖਾਂ ਦੇ ਮੁਲਖਈਏ ਸਾਹਮਣੇ ਕੀ ਵੱਟੀਂ-ਦੀ ਸੀ।

ਬੰਦਾ ਸਿੰਘ ਬਹਾਦੁਰ ਨੇ ਇਸ ਸਭ ਕੁਝ ਨੂੰ ਰੱਬ ਦਾ ਭਾਣਾ ਮੰਨ ਕੇ ਮੰਨਿਆ। ਉਹ ਸਮਝ ਗਿਆ ਸੀ ਕਿ ਹੁਣ ਸ਼ਹੀਦੀਆਂ ਪਾਉਣ ਦਾ ਸਮਾਂ ਆ ਗਿਆ ਹੈ। ਉਸ ਨੂੰ ਅੰਤਮ ਸਮੇਂ ਤਕ ਵੀ ਉਮੀਦ ਸੀ ਕਿ ਸਿੱਖ ਸੰਗਤਾਂ ਇਕੱਠੀਆਂ ਹੋ ਕੇ ਜ਼ਰੂਰ ਆਉਣਗੀਆਂ ਪਰ ਇਹ ਉਮੀਦ ਸੱਚਮੁਚ ਪੂਰੀ ਨਾ ਹੋਈ ਕਿਉਂਕਿ ਹਕੂਮਤ ਨੇ ਐਸੀ ਬੁਰੀ ਤਰ੍ਹਾਂ ਸਿੱਖ ਜਨਤਾ ਨੂੰ ਕੁਚਲ ਦਿਤਾ ਸੀ ਕਿ ਉਹ ਕਿਸੇ ਵੀ ਤਰੀਕੇ ਨਾਲ ਬੰਦਾ ਸਿੰਘ ਦੀ ਮਦਦ ਲਈ ਬਹੁੜ ਨਾ ਸਕੀ। ਹੋ ਸਕਦਾ ਹੈ ਕਿ ਇਸ ਵਿਚ ਉਨ੍ਹਾਂ ਸਿੱਖਾਂ ਦਾ ਵੀ ਕੁਝ ਰੋਲ ਹੋਵੇ ਜਿਹੜੇ ਬੰਦਾ ਸਿੰਘ ਨਾਲ ਗੱਦਾਰੀ ਕਰਕੇ ਹਕੂਮਤ ਨਾਲ ਰਲ ਚੁੱਕੇ ਸਨ। ਅਜਿਹੇ ਸਿੱਖਾਂ ਨੂੰ 'ਤੱਤ ਖਾਲਸਾ' ਕਿਹਾ ਜਾਂਦਾ ਸੀ। ਭਾਵ ਕਿ ਹਕੂਮਤ ਦਾ ਪਰਚਾਰ ਉਨ੍ਹਾਂ ਸਿੱਖਾਂ ਨੂੰ ਹੀ ਅਸਲੀ ਸਿੱਖ ਮੰਨਣ ਲਈ ਕਹਿ ਰਿਹਾ ਸੀ ਜਿਹੜੇ ਬੰਦਾ ਸਿੰਘ ਦਾ ਸਾਥ ਛੱਡ ਕੇ ਹਕੂਮਤ ਨਾਲ ਰਲ ਗਏ ਸਨ। ਇਨ੍ਹਾਂ ਸਿੱਖਾਂ ਦੀ ਅਗਵਾਈ ਮਾਤਾ ਸੁੰਦਰੀ ਜੀ ਦੇ ਪਾਲਤੂ ਪੁੱਤਰ ਅਜੀਤ

8. ਇਹ ਚਿੱਠੀ ਗਯਾਨੀ ਗਯਾਨ ਸਿੰਘ ਦੇ *ਸ੍ਰੀ ਗੁਰੂ ਪੰਥ ਪ੍ਰਕਾਸ਼* (ਪੱਥਰ ਛਾਪ, ਦੂਜੀ), ਅੰਮ੍ਰਿਤਸਰ, 1889 ਦੇ ਬਿਲਕੁਲ ਅਖੀਰ ਵਿਚ ਪੁਸਤਕ ਦੇ ਅਸਤਰ ਉਪਰ ਹੱਥ ਨਾਲ ਲਿਖ ਕੇ ਰੱਖੀ ਹੋਈ ਹੈ। ਇਹ ਕਾਪੀ ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਲਾਇਬਰੇਰੀ ਵਿਚ ਪਈ ਹੈ।

SIKHBOOKCLUB.COM

ਸਿੰਘ, ਬਾਵਾ ਬਿਨੋਦ ਸਿੰਘ ਅਤੇ ਬਾਵਾ ਕਾਨ੍ਹ ਸਿੰਘ ਕਰ ਰਹੇ ਸਨ। ਅਜੀਤ ਸਿੰਘ ਨੂੰ ਅੰਮ੍ਰਿਤਸਰ ਦੀ ਸਮੁੱਚੀ ਜਾਗੀਰ ਸੰਭਾਲੀ ਹੋਈ ਸੀ ਅਤੇ ਬਾਵਾ ਕਾਨ੍ਹ ਸਿੰਘ ਨੂੰ ਲਾਹੌਰ ਦੇ ਸੂਬੇਦਾਰ ਦੇ ਅਧੀਨ ਪੰਜ ਸੌ ਘੋੜ ਅਸਵਾਰਾਂ ਦਾ ਜਰਨੈਲ ਬਣਾਇਆ ਹੋਇਆ ਸੀ। ਇਨ੍ਹਾਂ ਪੰਜ ਸੌ ਘੋੜ ਸਵਾਰਾਂ ਵਿਚ ਵੀ ਮੁਗਲ ਅਧਿਕਾਰੀ ਉਸ ਦੀ ਸਲਾਹ ਲਈ ਨੀਯਤ ਕੀਤੇ ਹੋਏ ਸਨ। ਰਤਨ ਸਿੰਘ ਭੰਗੂ ਇਨ੍ਹਾਂ ਬਾਰੇ ਇਉਂ ਲਿਖਦਾ ਹੈ :

ਸਿੰਘਨ ਪੈਸੇ ਟਕੇ ਲਿਆਏ। । ਤੇ ਲੈ ਸਿੰਘਨ ਔਰ ਠਹਿਰਾਏ। ।
ਅਸਲਮ ਖਾਂ ਕੇ ਲਾਹੌਰ ਨਿਬਾਬ। । ਕਾਹਨ ਸਿੰਘ ਕੇ ਭਏ ਥੇ ਤਾਬ। ।
ਪ੍ਰਿਥਮ ਬੰਦੇ ਤੇ ਲਰ ਭਏ ਨਯਾਰੇ। । ਪੰਜ ਸੌ ਸਿੰਘ ਉਸ ਗਯੋ ਥੇ ਨਾਰੇ। ।
ਉਨ ਤੁਰਕਨ ਸੌ ਲਈ ਬਨਾਇ। ਰਲਯੋ ਆਪ ਸੰਗ ਤੁਰਕਨ ਜਾਇ। ।
ਔਰ ਖਾਲਸੇ ਅੰਮ੍ਰਿਤਸਰ ਬਹਯੋ। । ਤੱਤ ਖਾਲਸੇ ਜੋਊ ਕਹਯੋ। ।
ਕਾਨ੍ਹ ਸਿੰਘ ਕੇ ਲੱਗੇ ਤੁਰਕ ਸਲਾਹਿ। ਢਿਮ ਢਾਣੀ ਉਨ ਲਈ ਬਨਾਇ। ।[9]

ਭਾਵੇਂ ਕੁਝ ਵੀ ਕਾਰਣ ਹੋਵੇ ਬੰਦਾ ਸਿੰਘ ਬਹਾਦੁਰ ਨੂੰ ਬਾਹਰੋਂ ਕੋਈ ਮਦਦ ਨਾ ਪਹੁੰਚ ਸਕੀ। ਉਹ ਇਸ ਗੱਲ ਲਈ ਦਰਿੜ੍ਹ ਸੀ ਕਿ ਜਾਨ ਦੇ ਦੇਣੀ ਹੈ ਪਰ ਹਕੂਮਤ ਅੱਗੇ ਹਥਿਆਰ ਨਹੀਂ ਸੁੱਟਣੇ। ਸਿੱਖ ਜੱਥੇ ਰਾਤ-ਬਰਾਤੇ ਦੁਸ਼ਮਣ ਦੇ ਅੰਨ-ਭੰਡਾਰਾਂ ਵਿਚੋਂ ਅਨਾਜ ਖੋਹਣ ਲਈ ਹਮਲੇ ਕਰਦੇ। ਕੁਝ ਸ਼ਹੀਦ ਹੋ ਜਾਂਦੇ ਅਤੇ ਜਿਹੜੇ ਬਚ ਕੇ ਵਾਪਿਸ ਜਾਂਦੇ ਸਨ ਤਾਂ ਉਹ ਆਪਣੇ ਨਾਲ ਲਿਆਂਦਾ ਹੋਇਆ ਅੰਨ ਸਾਰਿਆਂ ਵਿਚ ਵੰਡ ਕੇ ਖਾ ਲੈਂਦੇ ਸਨ। ਬੱਚਿਆਂ ਅਤੇ ਔਰਤਾਂ ਨੂੰ ਪਹਿਲਾਂ ਦਿੱਤਾ ਜਾਂਦਾ ਸੀ। *ਅਸਰਾਰਿ ਸਮਦੀ* ਵਿਚ ਲਿਖਿਆ ਹੈ, ''ਉਸ ਪਰੇਸ਼ਾਨ ਕੌਮ ਵਿਚੋਂ ਜਿਹੜਾ ਜੱਥਾ ਦਾਣਾ, ਪਾਣੀ ਪਰਾਪਤ ਕਰਨ ਲਈ ਮੌਕਾ ਪਾ ਕੇ ਉਸ ਪਾਸੇ ਦੇ ਪਿੰਡਾਂ ਨੂੰ ਲੁੱਟਣ ਲਈ ਗੜ੍ਹੀ ਵਿਚੋਂ ਬਾਹਰ ਆਉਂਦਾ ਸੀ ਉਨ੍ਹਾਂ ਵਿਚੋਂ ਇਕ ਟੋਲਾ ਤਲਵਾਰ ਦੀ ਧਾਰ ਨਾਲ ਕੰਠ ਦੀ ਤਰੇਹ ਬੁਝਾਉਂਦਾ ਸੀ ਅਤੇ ਕਈ ਵਾਰ ਉਹ ਟੋਲਾ ਆਪਣੇ ਸਿਰ ਦੇ ਮੂਲ ਨੂੰ ਹੀ ਦਾਣੇ ਦੀ ਥਾਂ ਅੰਦਰ ਨਿਗਲ ਜਾਂਦਾ ਸੀ। ਅਨਾਜ ਦਾ ਦਾਣਾ, ਮੋਤੀ ਦੇ ਦਾਣੇ ਤੋਂ ਵੀ ਮਹਿੰਗਾ ਹੋ ਗਿਆ ਸੀ ਅਤੇ ਪਾਣੀ ਦੀ ਬੂੰਦ ਆਦਮੀਆਂ ਦੇ ਚਿਹਰੇ ਦੀ ਰੌਣਕ ਦੀ ਤਰ੍ਹਾਂ ਲੋਪ ਹੋ ਗਈ। ਉਹ ਦਰੱਖਤਾਂ ਦੀ ਛਿੱਲ ਨੂੰ ਪੰਛੀ ਦੇ ਮਾਸ ਜਿਹਾ ਹੀ ਅਮਲ ਸਮਝਦੇ ਸਨ ਅਤੇ ਬ੍ਰਿਛਾਂ ਦੇ ਪੱਤਿਆਂ ਤੇ ਛਿੱਲਾਂ ਨੂੰ ਸੁਆਦੀ ਭੋਜਨ ਨਾਲੋਂ ਚੰਗਾ ਜਾਣਦੇ ਸਨ। ਉਨ੍ਹਾਂ ਦੇ ਚਿਹਰਿਆਂ ਉਤੇ ਰੌਣਕ ਨਾ ਰਹੀ ਸਗੋਂ ਉਹ ਕਣਕਵੰਨੇ ਵੀ ਨਾ ਰਹੇ। ਉਹ ਤਬਾਹੀ ਵਿਚ ਇਸ ਤਰ੍ਹਾਂ ਫਸ ਗਏ ਕਿ ਉਹ ਭੁੱਖ ਦੇ ਮਾਰੇ ਏਕਮ ਦੇ ਚੰਦ ਦੀ ਤਰ੍ਹਾਂ ਕੁੱਬੇ ਹੋ ਗਏ। ਰੁੱਖਾਂ ਦੇ ਪੱਤਿਆਂ ਦਾ ਨਾਂ-ਨਿਸ਼ਾਨ ਤੱਕ ਨਾ ਰਿਹਾ। ਉਹ ਧਰਤੀ ਦੀ ਮਿੱਟੀ ਨੂੰ ਇਉਂ ਚਟਮ ਕਰ ਗਏ ਜਿਵੇਂ ਕਿ ਉਹ ਖੰਡ ਹੋਵੇ।[10]

ਕਨ੍ਹੱਈਆ ਲਾਲ ਲਿਖਦਾ ਹੈ ਕਿ, ''ਜਦੋਂ ਤਕ ਡੇਰੇ ਵਿਚ ਅਨਾਜ ਦੇ ਭੰਡਾਰ ਉਨ੍ਹਾਂ ਕੋਲ ਰਹੇ ਉਹ (ਸਿੰਘ) ਬੜੀ ਸੂਰਮਤਾਈ ਨਾਲ ਡੇਰਿਓਂ ਨਿਕਲ ਨਿਕਲ ਕੇ ਮੁਸਲਮਾਨਾਂ ਉਤੇ ਹੱਲੇ ਬੋਲਦੇ ਰਹੇ ਤੇ ਜਦ ਸਾਰਾ ਅਨਾਜ ਮੁੱਕ ਗਿਆ ਤੇ ਸਿੱਖ ਜਾਨਵਰਾਂ ਨੂੰ ਮਾਰ ਮਾਰ ਖਾਣ ਲੱਗੇ।''[11] ਖਾਫੀ ਖਾਨ ਤੋਂ ਜਾਣਕਾਰੀ ਲੈ ਕੇ ਇਰਵਿਨ ਲਿਖਦਾ ਹੈ, ''ਕਿਉਂਕਿ ਸਿੱਖ ਜਾਤ-ਪਾਤ ਵਿਚ ਬਹੁਤੇ ਪੱਕੇ ਨਹੀਂ ਸਨ ਇਸ ਲਈ ਉਨ੍ਹਾਂ ਨੇ ਬਲਦ ਅਤੇ ਦੂਸਰੇ ਪਸ਼ੂ ਝਟਕਾ ਕੇ ਖਾ ਲਏ ਸਨ। ਉਨ੍ਹਾਂ ਪਾਸ ਅੱਗ ਬਾਲਣ ਲਈ ਲੱਕੜ ਵੀ ਨਹੀਂ ਸੀ। ਇਸ ਲਈ ਉਹ ਕੱਚਾ ਮਾਸ ਹੀ ਖਾ ਜਾਂਦੇ ਸਨ। ਬਹੁਤ ਸਾਰੇ ਪੇਚਸ਼ ਅਤੇ ਕਮਜ਼ੋਰੀ ਨਾਲ ਮਰ ਗਏ। ਜਦੋਂ ਘਾਹ ਵੀ ਮੁੱਕ ਗਿਆ ਤਾਂ ਉਨ੍ਹਾਂ ਨੇ ਦਰੱਖਤਾਂ ਦੇ ਪੱਤੇ ਇਕੱਠੇ ਕਰ ਲਏ। ਜਦ ਇਹ ਵੀ ਖਾਧੇ ਗਏ ਤਾਂ ਉਨ੍ਹਾਂ ਨੇ ਦਰੱਖਤਾਂ ਦੀ ਛਿੱਲ ਅਤੇ ਛੋਟੀਆਂ ਛੋਟੀਆਂ ਟਾਹਣੀਆਂ ਪੀਹ ਕੇ ਆਟੇ ਦੀ ਥਾਂ ਖਾ ਲਈਆਂ ਅਤੇ ਆਪਣੇ ਸਰੀਰ ਨੂੰ ਅਤੇ ਜਾਨ ਨੂੰ ਬਚਾਈ ਰੱਖਣ ਦਾ ਯਤਨ ਕੀਤਾ। ਅੰਤ ਉਨ੍ਹਾਂ ਨੇ ਮਰੇ ਹੋਏ ਡੰਗਰਾਂ ਦੀਆਂ ਹੱਡੀਆਂ ਪੀਹ ਕੇ ਢਿੱਡ ਨੂੰ ਝੁਲਕਾ ਦਿੱਤਾ।''[12] ਅਜਿਹੀ ਬੁਰੀ ਹਾਲਤ ਵਿਚ ਬੰਦਾ ਸਿੰਘ ਅਤੇ ਉਸ ਦੇ ਸਾਥੀ ਅੜੇ ਬੈਠੇ ਸਨ ਕਿ ਜੇਕਰ ਬਾਹਰੋਂ ਸਿੱਖ ਸੰਗਤਾਂ ਦਾ ਜ਼ੋਰ ਪੈ ਗਿਆ ਫਿਰ ਤਾਂ ਉਹ ਦੁਸ਼ਮਣ ਦੇ ਘੇਰੇ ਵਿਚੋਂ ਬਚ ਨਿਕਲਣਗੇ ਨਹੀਂ ਤਾਂ ਇਸੇ ਤਰ੍ਹਾਂ ਹੀ ਆਪਣੇ ਸੁਆਸ ਪੂਰੇ ਕਰ ਲੈਣਗੇ।

ਉਸ ਸਮੇਂ ਦੇ ਅੱਖੀ ਦੇਖਣ ਵਾਲੇ ਹਾਲਾਤ ਨੂੰ ਵਰਨਣ ਕਰਨ ਵਾਲਾ ਮੁਸਲਿਮ ਲੇਖਕ ਮੁਹੰਮਦ ਹਾਦੀ ਕਾਮਵਾਰ ਖਾਨ ਲਿਖਦਾ ਹੈ ਕਿ ''ਜਹੰਨਮੀ ਸਿੱਖ ਆਗੂ ਅਤੇ ਉਸ ਦੇ ਆਦਮੀਆਂ ਨੇ ਉਸ ਸਾਰੀ ਫੌਜੀ ਤਾਕਤ ਦਾ ਟਾਕਰਾ ਕੀਤਾ ਜਿਹੜੀ ਕਿ ਮਹਾਨ ਮੁਗਲ ਹਕੂਮਤ ਅੱਠ ਮਹੀਨੇ ਤਕ ਉਨ੍ਹਾਂ ਦੇ ਵਿਰੁੱਧ ਇਕੱਠੀ ਕਰ ਸਕੀ।''

ਆਖਰ ਭੁੱਖ ਦੇ ਦੁੱਖ ਸਾਹਮਣੇ ਕੋਈ ਕਿੰਨਾ ਕੁ ਚਿਰ ਲੰਘਾਅ ਸਕਦਾ ਹੈ, ਦੁਸ਼ਮਣ ਪਲ-ਪਲ ਵੀ ਨਹੀਂ ਗੁਆ ਰਿਹਾ ਸੀ। ਉਹ ਹਰ ਕਦਮ ਅੱਗੇ ਵਧਦਾ ਆ ਰਿਹਾ ਸੀ। ਮਰ ਰਿਹਾਂ ਨੂੰ ਚੈਨ ਨਾਲ ਮਰਨ ਵੀ ਨਹੀਂ ਦੇ ਰਿਹਾ ਸੀ। ਅਹਾਤੇ ਦੇ ਬਾਹਰ

---

9. *ਪ੍ਰਾਚੀਨ ਪੰਥ ਪ੍ਰਕਾਸ਼*, ਅੰਮ੍ਰਿਤਸਰ, 1962, ਪੰਨਾ 135.
10. *ਪੂਰਵ ਅੰਕਤ*, ਪੰਨਾ
11. *ਪੂਰਵ ਅੰਕਤ*, ਪੰਨਾ 58.
12. Irwine, *Later Mughals*, Vol I, Calcutta, 1922.

SIKHBOOKCLUB.COM

ਬਣਾਏ ਗਏ ਉੱਚੇ ਥੜ੍ਹਿਆਂ ਤੋਂ ਅੰਦਰ ਗੋਲੀਆਂ ਵਰਸਾਈਆਂ ਜਾ ਰਹੀਆਂ ਸਨ। ਜਿਹੜੇ ਸਿੰਘ ਥੋੜ੍ਹਾ ਬਹੁਤਾ ਸਾਹ ਲੈਂਦੇ ਸਨ ਉਨ੍ਹਾਂ ਨੂੰ ਬਾਹਰੋਂ ਗੋਲੀਆਂ ਚਲਾ ਕੇ ਮਾਰ ਦਿੱਤਾ ਜਾਂਦਾ ਸੀ। ਗੜ੍ਹੀ ਦੇ ਅੰਦਰ ਮਰੇ ਹੋਏ ਪਸ਼ੂਆਂ ਦੇ ਕਰੰਗਾਂ ਦੀ, ਮਰੇ ਹੋਏ ਮਨੁੱਖੀ ਸਰੀਰਾਂ ਦੀ ਅਤੇ ਡੰਗਰਾਂ ਦੇ ਮਲ-ਮੂਤਰ ਦੀ ਬਦਬੋ ਫੈਲ ਰਹੀ ਸੀ। ਚੰਗਾ-ਭਲਾ ਬੰਦਾ ਵੀ ਅਜਿਹੀ ਬਦਬੋ ਵਿਚ ਨਹੀਂ ਰਹਿ ਸਕਦਾ ਸੀ। ਦੁਸ਼ਮਣ ਕੰਧਾਂ ਉਪਰ ਚੜ੍ਹ ਆਇਆ। ਕੰਧਾਂ ਢਾਹ ਦਿੱਤੀਆਂ ਗਈਆਂ। ਦਰਵਾਜ਼ੇ ਤੋੜ ਦਿੱਤੇ ਗਏ। ਟਿੱਡੀ ਦਲ ਵਾਂਗ ਨਿਢਾਲ ਪਏ ਸਿੰਘਾਂ ਉਤੇ ਚਾਲੀ-ਚਾਲੀ ਅਤੇ ਪੰਜਾਹ-ਪੰਜਾਹ ਬੰਦੇ ਆ ਪਏ। ਸੱਤ ਦਸੰਬਰ, 1715 ਈ. ਨੂੰ ਬੰਦਾ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਪਕੜ ਲਿਆ ਗਿਆ। ਇਸ ਗੱਲ ਦਾ ਤਾਂ ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੈ ਕਿ ਫੜੇ ਗਏ ਸਿੱਖ ਨੇਤਾ ਅਤੇ ਸਿੱਖ ਸਿਪਾਹੀਆਂ ਦੀ ਕਿੰਨੀ ਬੇਪੱਤੀ ਅਤੇ ਕਿੰਨੀ ਮਾਰਕੁੱਟ ਕੀਤੀ ਗਈ ਹੋਵੇਗੀ। ਰਾਜਨੀਤਕ ਤਾਕਤ ਅਤੇ ਸੁਤੰਤਰਤਾ ਦਾ ਜਿਹੜਾ ਸੂਰਜ, ਸਿੱਖਾਂ ਲਈ, ਬੰਦਾ ਸਿੰਘ ਬਹਾਦੁਰ ਦੇ ਆਉਣ ਨਾਲ ਚੜ੍ਹਿਆ ਸੀ ਉਹੀ ਸੂਰਜ ਇਸ ਸੱਤ ਦਸੰਬਰ, 1715 ਈ. ਨੂੰ ਬੰਦਾ ਸਿੰਘ ਦੀ ਗਰਿਫਤਾਰੀ ਨਾਲ ਛੁੱਪ ਗਿਆ ਸੀ। ਸਿੱਖਾਂ ਲਈ ਇਕ ਬਹੁਤ ਕਾਲੇ ਅਤੇ ਭਿਆਨਕ ਯੁੱਗ ਦੀ ਸ਼ੁਰੂਆਤ ਹੋਣ ਚੱਲੀ ਸੀ।

SIKHBOOKCLUB.COM

16. ਬੰਦਾ ਸਿੰਘ ਬਹਾਦੁਰ ਦੀ ਸ਼ਹਾਦਤ

7 ਦਸੰਬਰ, 1715 ਈ. ਨੂੰ ਬੰਦਾ ਸਿੰਘ ਬਹਾਦੁਰ ਅਤੇ ਉਸ ਦੇ ਜੰਗੀ ਸਾਥੀ ਸਿੰਘ ਗੁਰਦਾਸ ਨੰਗਲ ਦੇ ਘੇਰੇ ਦੌਰਾਨ ਪਕੜੇ ਗਏ ਸਨ। 12 ਦਸੰਬਰ ਨੂੰ ਖੁਸ਼ੀਆਂ ਵਿਚ ਫੁੱਲੇ ਹੋਏ ਨਵਾਬ ਅਬਦੁੱਸ ਸਮੱਦ ਖਾਨ ਨੇ ਬਾਦਸ਼ਾਹ ਪਾਸ ਇਹ ਸਾਰੀ ਖ਼ਬਰ ਦੇ ਕੇ ਇਕ ਵਿਸ਼ੇਸ਼ ਹਰਕਾਰਾ ਭੇਜਿਆ ਸੀ। ਮੌਕਾ ਮੇਲ ਵਜੋਂ ਬਾਦਸ਼ਾਹ ਪਹਿਲੋਂ ਹੀ ਆਪਣੇ ਵਿਰੋਧੀ ਜਹਾਂਦਾਰ ਸ਼ਾਹ ਦੀ ਮੌਤ ਨੂੰ ਜਸ਼ਨਾਂ ਦੇ ਤੌਰ ਤੇ ਮਨਾ ਰਿਹਾ ਸੀ। ਇਨ੍ਹਾਂ ਜਸ਼ਨਾਂ ਵਿਚ ਉਸ ਲਈ ਇਹ ਇਕ ਹੋਰ ਖੁਸ਼ੀਆਂ ਦਾ ਜਸ਼ਨ ਪਰਾਪਤ ਹੋ ਗਿਆ ਸੀ। ਜਿਹੜਾ ਬਾਦਸ਼ਾਹ ਤਖਤ ਉਤੇ ਆਪਣੇ ਪਰਿਵਾਰਕ ਮੈਂਬਰਾਂ ਦਾ ਖੂਨ ਡੋਲ੍ਹ ਕੇ ਹੀ ਬੈਠਾ ਸੀ ਉਸੇ ਬਾਦਸ਼ਾਹ ਨੂੰ ਕੁਦਰਤ ਨੇ ਇੰਨੀਆਂ ਖੁਸ਼ੀਆਂ ਦਿੱਤੀਆਂ ਕਿ ਜਿਨ੍ਹਾਂ ਦਾ ਉਹ ਖੁਦ ਵੀ ਆਸਵੰਦ ਨਹੀਂ ਸੀ। ਦੂਜੇ ਪਾਸੇ ਦਸਾਂ-ਨੌਹਾਂ ਦੀ ਕਿਰਤ ਕਰਨ ਵਾਲੇ ਸਿੰਘਾਂ ਦਾ ਪਹਿਲਾਂ ਭੁੱਖ ਦੇ ਹੱਥੋਂ ਬੁਰਾ ਹਾਲ ਅਤੇ ਫਿਰ ਫੌਜਾਂ ਵਲੋਂ ਕਤਲੇਆਮ ਹੋਇਆ ਸੀ। ਇਸ ਤਰ੍ਹਾਂ ਸਿੰਘ ਜ਼ਿੰਦਗੀ ਦਾ ਸਭ ਤੋਂ ਵੱਧ ਜ਼ਲਾਲਤ ਭਰਿਆ ਸਮਾਂ ਦੇਖ ਰਹੇ ਸਨ। ਇਸ ਨੂੰ ਕੀ ਕਿਹਾ ਜਾਵੇ? ਗਰੀਬਾਂ ਲਈ ਲੜਨ ਵਾਲੇ ਸੂਰਮੇ ਦੀ ਜ਼ਲਾਲਤ, ਅਤੇ ਜ਼ੁਲਮ ਦੀਆਂ ਨੀਹਾਂ ਉਪਰ ਉਸਰੇ ਮਾਲਕਾਂ ਨੂੰ ਖੁਸ਼ੀਆਂ? ਕੁਦਰਤ ਦਾ ਇਹ ਕਿਸ ਤਰ੍ਹਾਂ ਦਾ ਇਨਸਾਫ ਸੀ? ਕੀ ਇਹ ਸਭ ਕੁਝ ਕੁਦਰਤ ਹੀ ਕਰ ਰਹੀ ਸੀ ਜਾਂ ਜਿਸ ਦੀ ਲਾਠੀ ਉਸੇ ਦੀ ਮੱਝ ਵਾਲੀ ਗੱਲ ਸੀ? ਜੇ ਕੁਦਰਤ ਹੀ ਕਰ ਰਹੀ ਸੀ ਤਾਂ ਇਸ ਵਿਚ ਕੁਦਰਤ ਦੇ ਕਿਹੜੇ ਇਨਸਾਫ਼ ਵਾਲੀ ਗੱਲ ਸੀ? ਜੇ ਤਾਕਤ ਦੇ ਸਿਰ ਤੇ ਹੀ ਸਭ ਕੁਝ ਹੋਣਾ ਸੀ ਤਾਂ ਰੱਬ ਦੀ ਹੋਂਦ ਦੀ ਕੀ ਵੁੱਕਤ ਸੀ?

ਬੰਦਾ ਸਿੰਘ ਬਹਾਦੁਰ ਨੂੰ ਲੱਤਾਂ-ਬਾਹਾਂ ਅਤੇ ਗਰਦਨ ਤੋਂ ਸੰਗਲਾਂ ਨਾਲ ਨੂੜ ਕੇ ਅਤੇ ਲੋਹੇ ਦੇ ਪਿੰਜਰੇ ਵਿਚ ਬਿਠਾਇਆ ਗਿਆ ਸੀ। ਲੋਹੇ ਦੇ ਪਿੰਜਰੇ ਦੇ ਬਿਲਕੁਲ ਨਾਲ ਲੱਗਵਾਂ ਹੀ ਇਕ ਬਹੁਤ ਤਾਕਤਵਰ ਮੁਗ਼ਲ ਸਿਪਾਹੀ ਨੰਗਾ ਨੇਜ਼ਾ ਲਈ ਖੜ੍ਹਾਇਆ ਗਿਆ ਸੀ ਤਾਂ ਕਿ ਜੇਕਰ ਬੰਦਾ ਜ਼ਰਾ ਵੀ ਕਿਸੇ ਕਰਾਮਾਤ ਸਦਕਾ ਹਿੱਲਣ-ਜੁੱਲਣ ਦੀ ਕੋਸ਼ਿਸ਼ ਕਰੇ ਤਾਂ ਇਹ ਆਪਣਾ ਨੇਜ਼ਾ ਉਸ ਦੇ ਢਿੱਡ ਵਿਚ ਖੋਭ ਦੇਵੇ। ਮਹੀਨਿਆਂ ਤੋਂ ਭੁੱਖੇ-ਭਾਣੇ ਨੇਤਾ ਨੂੰ ਕੈਦ ਵਿਚ ਵੀ ਕੁਝ ਖਾਣ ਨੂੰ ਨਹੀਂ ਦਿੱਤਾ ਗਿਆ ਸੀ ਤਾਂ ਕਿ ਉਹ ਕੁਝ ਤਕੜਾ ਹੋ ਕੇ ਉਠਣ ਦੇ ਯੋਗ ਨਾ ਹੋ ਜਾਵੇ। ਕਰਾਮਾਤੀ ਕਾਰਨਾਮਿਆਂ ਦਾ ਡਰ ਸਿਰਫ ਮੁਗ਼ਲ ਅਧਿਕਾਰੀਆਂ ਦੇ ਡਰ ਵਿਚੋਂ ਉਪਜਿਆ ਹੋਇਆ ਵਹਿਮ ਸੀ। ਇਸੇ ਇਕ ਵਹਿਮ ਨੇ ਬੰਦਾ ਸਿੰਘ ਦਾ ਕੈਦੀ ਜੀਵਨ ਵੀ ਜ਼ਲਾਲਤ ਭਰਿਆ ਬਣਾ ਦਿੱਤਾ ਸੀ। ਨਾ ਉਸ ਨੂੰ ਹਿੱਲਣ-ਜੁੱਲਣ ਦਿੱਤਾ ਜਾਂਦਾ ਸੀ ਤੇ ਨਾ ਹੀ ਕੁਝ ਖਾਣ-ਪੀਣ ਨੂੰ। ਸਿਰਫ ਉਸ ਦੇ ਸਾਹ ਨੂੰ ਚਲਦਾ ਰੱਖਣ ਲਈ ਲੂਣ ਮਿਲਿਆ ਪਾਣੀ ਦਿੱਤਾ ਜਾਂਦਾ ਸੀ। ਬਾਕੀ ਸਿੰਘਾਂ ਦਾ ਵੀ ਇਹੀ ਹਾਲ ਸੀ। ਸਭ ਨੂੰ ਸੰਗਲਾਂ ਦੇ ਨਾਲ ਨੂੜ ਕੇ ਗੱਡਿਆਂ ਵਿਚ ਲੱਦਿਆ ਗਿਆ ਸੀ। ਬੰਦਾ ਸਿੰਘ ਦਾ ਪਿੰਜਰਾ ਹਾਥੀ ਨਾਲ ਬੰਨ੍ਹਿਆ ਹੋਇਆ ਸੀ ਤਾਂ ਕਿ ਬੰਦਾ ਸਿੰਘ ਪਿੰਜਰਾ ਵੀ ਉਡਾ ਕੇ ਨਾ ਲੈ ਜਾਵੇ। ਲੋਹੜੇ ਦੀ ਸਰਦੀ ਦੇ ਦਿਨ ਸਨ। ਸਿੰਘਾਂ ਉਪਰ ਮੋਟੇ ਕੱਪੜੇ ਦੇਣ ਦੀ ਥਾਂ ਭੇਡਾਂ ਦੀਆਂ ਖੱਲਾਂ ਲੁਹਾ ਕੇ ਦਿੱਤੀਆਂ ਗਈਆਂ ਸਨ। ਸਿਰਾਂ ਨੂੰ ਢੱਕਣ ਲਈ ਲੱਕੜ ਦੀਆਂ ਟੋਪੀਆਂ ਸਨ। ਇਕ ਇਕ ਗੱਡੇ ਵਿਚ ਕਈ ਕਈ ਸਿੰਘ ਬਿਠਾਏ ਹੋਏ ਸਨ ਜਿਹੜੇ ਇਕ-ਦੂਜੇ ਨਾਲ ਬੰਨ੍ਹੇ ਹੋਏ ਸਨ। ਬੰਦਾ ਸਿੰਘ ਦੇ ਗੋਟਾ ਅਤੇ ਜ਼ਰੀ ਲੱਗੀ ਹੋਈ ਲਾਲ ਰੰਗ ਦੀ ਪੁਸ਼ਾਕ ਪਾਈ ਗਈ ਸੀ ਤਾਂ ਕਿ ਉਸ ਨੂੰ ਮਾਰੇ ਜਾਣ ਵਾਲੇ ਬੰਦਿਆਂ ਦੀ ਬਰਾਤ ਦਾ ਲਾੜਾ ਦਰਸਾਇਆ ਜਾ ਸਕੇ। ਇਹ ਸਭ ਕੁਝ ਸਿੰਘਾਂ ਦਾ ਮਖੌਲ ਉਡਵਾਉਣ ਲਈ ਅਤੇ ਉਨ੍ਹਾਂ ਨੂੰ ਲੋਕਾਂ ਦੀਆਂ ਨਿਗਾਹਾਂ ਵਿਚ ਜ਼ਲੀਲ ਕਰਨ ਲਈ ਕੀਤਾ ਗਿਆ ਸੀ। ਇਨ੍ਹਾਂ ਗੱਲਾਂ ਵੱਲ ਦੇਖ ਕੇ ਇਹ ਗੱਲ ਠੀਕ ਜਾਪਦੀ ਹੈ ਕਿ ਬੰਦਾ ਸਿੰਘ ਕਿਉਂ ਫੌਜ ਦੇ ਹੱਥ ਆਉਣ ਤੋਂ ਅੰਤਲੇ ਦਮ ਤਕ ਅੜਿਆ ਰਿਹਾ ਸੀ? ਉਸ ਨੂੰ ਪਤਾ ਸੀ ਮੌਤ ਭੁੱਖਿਆਂ ਮਰ ਕੇ ਵੀ ਆਉਣੀ ਹੈ ਅਤੇ ਮੌਤ ਫੌਜ ਦੇ ਹੱਥ ਆ ਕੇ ਵੀ ਆਉਣੀ ਹੈ। ਫਿਰ ਆਪਣੀ ਮਰਜ਼ੀ ਅਨੁਸਾਰ ਬਿਨਾਂ ਕਿਸੇ ਤਰ੍ਹਾਂ ਜ਼ਲੀਲ ਹੋਣ ਤੋਂ, ਭੁੱਖਿਆਂ ਮਰ ਕੇ ਹੀ ਕਿਉਂ ਨਾ ਮਰਿਆ ਜਾਵੇ। ਬੰਦਾ ਸਿੰਘ ਦੀ ਪਤਨੀ ਅਤੇ ਉਸ ਦਾ ਸਾਢੇ ਕੁ ਤਿੰਨ ਸਾਲਾਂ ਦਾ ਭੁੱਖਾ ਮਰਦਾ ਬੱਚਾ ਉਸ ਦੇ ਨਾਲ ਹੀ ਬੰਨ੍ਹੇ ਹੋਏ ਸਨ। ਕਿਸ ਤਰ੍ਹਾਂ ਬੰਦਾ ਸਿੰਘ ਨੇ ਆਪਣੇ ਬਹੁਤ ਹੀ ਛੋਟੇ ਬੱਚੇ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਭੁੱਖ ਨਾਲ ਵਿਲ੍ਹਕਦੇ ਹੋਏ ਨੂੰ ਦੇਖਿਆ ਹੋਵੇਗਾ। ਉਹ ਰਾਜਮਹਿਲਾਂ ਦੀ ਪਲੀ ਹੋਈ ਰਾਜਕੁਮਾਰੀ, ਬੰਦਾ ਸਿੰਘ ਦੀ ਪਤਨੀ, ਕਿਸ ਤਰ੍ਹਾਂ ਮਰੀਆਂ ਲੋਥਾਂ ਦੀ ਬਦਬੋ ਵਿਚ ਇਤਨੇ ਮਹੀਨੇ ਕੱਟੀ ਹੋਵੇਗੀ? ਇਹ ਸਭ ਅੰਦਾਜ਼ਾ ਲਗਾ ਕੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ।

ਇਸ ਤਰ੍ਹਾਂ ਕੈਦੀ ਸਿੰਘਾਂ ਨਾਲ ਸੱਤ ਸੌ ਗੱਡਾ ਲੱਦ ਕੇ ਇਕ ਜਲੂਸ ਦੀ ਸ਼ਕਲ ਵਿਚ ਗੁਰਦਾਸ-ਨੰਗਲ ਤੋਂ ਲਾਹੌਰ ਲਿਆਂਦਾ ਗਿਆ। ਸਭ ਤੋਂ ਮੂਹਰੇ ਬੰਦਾ ਸਿੰਘ ਵਾਲਾ ਹਾਥੀ ਸੀ। ਸਾਰੇ ਰਸਤੇ ਉਪਰ, ਦੋਵੀਂ ਪਾਸੀਂ ਫੌਜਾਂ ਖੜ੍ਹੀਆਂ ਸਨ ਅਤੇ ਪਿੰਡਾਂ ਵਿਚੋਂ ਲੋਕ ਪਹੁੰਚੇ ਹੋਏ ਸਨ ਪਰ ਮਹਾਨ ਗੁਰੂ ਦੇ ਇਹ ਮਹਾਨ ਸੂਰਮੇ ਸਭ ਕੁਝ ਨੂੰ ਸਹਿੰਦੇ ਹੋਏ ਗੁਰਬਾਣੀ ਦਾ ਪਾਠ ਕਰਦੇ ਹੋਏ ਜਾ ਰਹੇ ਸਨ। ਸਭ ਨੂੰ ਪਤਾ ਸੀ ਕਿ ਉਨ੍ਹਾਂ ਨੂੰ ਦੇਰ ਜਾਂ ਛੇਤੀ ਮਾਰ ਦੇਣਾ ਹੈ। ਹੁਣ ਉਹ ਸਿਰਫ ਆਪਣੀ ਮੌਤ ਦੀ ਉਡੀਕ ਕਰ ਰਹੇ ਸਨ। ਲਾਹੌਰ ਦੇ ਬਾਹਰਵਾਰ ਰਾਵੀ ਦਰਿਆ ਦੇ ਕੰਢੇ ਉਤੇ ਫੌਜ ਦੇ ਭਾਰੀ ਘੇਰੇ ਅੰਦਰ ਕੈਦ ਕੀਤੇ ਹੋਏ ਸਿੰਘਾਂ ਨੂੰ ਉਸੇ ਤਰ੍ਹਾਂ ਰੱਖਿਆ ਗਿਆ ਸੀ।

SIKHBOOKCLUB.COM

ਅਬਦੁੱਸ ਸਮੱਦ ਖਾਨ ਚਾਹੁੰਦਾ ਸੀ ਕਿ ਉਹ ਖੁਦ ਇਨ੍ਹਾਂ ਸਿੰਘਾਂ ਨੂੰ ਦਿੱਲੀ ਲੈ ਕੇ ਜਾਵੇ । ਇਸ ਲਈ ਉਸ ਨੇ ਬਾਦਸ਼ਾਹ ਤੋਂ ਅਗਾਊਂ ਮੰਨਜ਼ੂਰੀ ਮੰਗੀ । ਪਰ ਬਾਦਸ਼ਾਹ ਦਾ ਖਾਸ ਚਹੇਤਾ ਮੁਹੰਮਦ ਅਮੀਨ ਖਾਨ ਚੀਨ ਬਹਾਦੁਰ ਇਹ ਨਹੀਂ ਚਾਹੁੰਦਾ ਸੀ ਕਿ ਅਬਦੁੱਸ ਸਮੱਦ ਖਾਨ ਰਾਜਧਾਨੀ ਦਾ ਹੀਰੋ ਬਣ ਜਾਵੇ ਇਸ ਲਈ ਉਸ ਨੇ ਬਾਦਸ਼ਾਹ ਦੇ ਇਹ ਕਹਿ ਕੇ ਕੰਨ ਭਰੇ ਕਿ ਪੰਜਾਬ ਵਿਚੋਂ ਅਬਦੁੱਸ ਸਮੱਦ ਖਾਨ ਦੇ ਆਉਣ ਨਾਲ ਉਥੇ ਸਿੰਘ ਫਿਰ ਉਠ ਖੜ੍ਹਨਗੇ ਇਸ ਕਰਕੇ ਉਸ ਨੂੰ ਖੁਦ ਦਿੱਲੀ ਨਹੀਂ ਆਉਣਾ ਚਾਹੀਦਾ । ਇਸ ਲਈ ਬਾਦਸ਼ਾਹ ਨੇ ਹੁਕਮ ਭੇਜ ਦਿੱਤਾ ਕਿ ਸੂਬੇਦਾਰ ਆਪ ਨਾ ਆਵੇ ਸਗੋਂ ਆਪਣੇ ਪੁੱਤਰ ਜ਼ਕਰੀਆ ਖਾਨ ਦੀ ਅਗਵਾਈ ਵਿਚ ਕੈਦੀਆਂ ਨੂੰ ਭੇਜੇ । ਫਲਸਰੂਪ ਜ਼ਕਰੀਆ ਖਾਨ ਬਹੁਤ ਵੱਡੀ ਸੈਨਾ ਨਾਲ ਸਿੰਘ ਕੈਦੀਆਂ ਨੂੰ ਲੈ ਕੇ ਫਰਵਰੀ, 1716 ਈ. ਦੇ ਪਹਿਲੇ ਹਫਤੇ ਰਵਾਨਾ ਹੋਇਆ ।

ਕੈਦੀ ਸਿੰਘਾਂ ਨੂੰ ਦਿੱਲੀ ਵੱਲ ਰਵਾਨਾ ਕਰਨ ਸਮੇਂ ਵੀ ਉਸੇ ਤਰ੍ਹਾਂ ਗੱਡਿਆਂ ਵਿਚ ਨੂੜ ਕੇ ਗਧਿਆਂ, ਖੱਚਰਾਂ ਅਤੇ ਊਠਾਂ ਉਪਰ ਬੰਨ੍ਹ ਕੇ ਬਿਠਾਇਆ ਹੋਇਆ ਸੀ । ਉਸੇ ਤਰ੍ਹਾਂ ਸਰੀਰਾਂ ਉਪਰ ਭੇਡਾਂ ਦੀਆਂ ਖੱਲਾਂ, ਸਿਰਾਂ ਉਪਰ ਲੱਕੜ ਦੀਆਂ ਟੋਪੀਆਂ ਅਤੇ ਇਕ ਇਕ ਹੱਥ ਗਰਦਨ ਨਾਲ ਹੀ ਮੋੜ ਕੇ ਬੰਨ੍ਹੇ ਹੋਏ ਸਨ । ਬੰਦਾ ਸਿੰਘ ਬਹਾਦੁਰ, ਉਸ ਦੀ ਧਰਮਪਤਨੀ ਅਤੇ ਬੱਚਾ ਹਾਥੀ ਉਪਰ ਸਨ । ਬੰਦਾ ਸਿੰਘ ਲੋਹੇ ਦੇ ਪਿੰਜਰੇ ਵਿਚ ਅਤੇ ਪਰਿਵਾਰ ਹੌਦਿਆਂ ਵਿਚ ਹੱਥ-ਪੈਰ ਬੰਨ੍ਹ ਕੇ ਬਿਠਾਇਆ ਹੋਇਆ ਸੀ । ਖਾਣ-ਪੀਣ ਨੂੰ ਸਿਰਫ ਉਸ ਵੇਲੇ ਹੀ ਦਿੱਤਾ ਜਾਂਦਾ ਸੀ ਜਦੋਂ ਉਹ ਭੁੱਖ ਤੋਂ ਤੰਗ ਹੋਏ ਬੇਹੋਸ਼ ਹੋ ਜਾਂਦੇ ਸਨ ਅਤੇ ਉਹ ਵੀ ਉਤਨਾ ਕੁ ਦਿੱਤਾ ਜਾਂਦਾ ਸੀ ਜਿਸ ਨਾਲ ਸੁਆਸ ਚਲਦੇ ਰਹਿ ਸਕਣ । ਬੰਦੇ ਸਮੇਤ ਸਾਰੇ ਸਿੰਘ ਭੁੱਖ ਦੀ ਕਮਜ਼ੋਰੀ ਨਾਲ ਨਿਢਾਲ ਹੋਏ ਪਏ ਸਨ । ਬੰਦਾ ਸਿੰਘ ਨੂੰ ਲਾਲ-ਭੜਕੀਲੇ ਕੱਪੜਿਆਂ ਵਿਚ ਪੂਰਾ ਸ਼ਿੰਗਾਰ ਕੇ ਬਿਠਾਇਆ ਹੋਇਆ ਸੀ ਤਾਂ ਕਿ ਲੋਕਾਂ ਵਿਚ ਉਸ ਦਾ ਸਭ ਤੋਂ ਵੱਧ ਮਖੌਲ ਉਡਾਇਆ ਜਾ ਸਕੇ । ਕਨਿੰਘਮ ਇਸ ਬਾਰੇ ਲਿਖਦਾ ਹੈ ਕਿ 'ਬੰਦਾ ਸਿੰਘ ਅਤੇ ਦੂਸਰਿਆਂ ਨੂੰ ਬੜੀ ਦੁਰਗਤ ਨਾਲ, ਜੋ ਜਾਹਲ ਅਤੇ ਅਧ-ਜੰਗਲੀ ਜੇਤੂ ਹੀ ਕਰ ਸਕਦੇ ਹਨ, ਦਿੱਲੀ ਨੂੰ ਤੋਰਿਆ ਗਿਆ । ਬੰਦਾ ਸਿੰਘ ਦੀ ਤਰ੍ਹਾਂ ਸਾਰਿਆਂ ਨੂੰ ਹੱਥਾਂ, ਪੈਰਾਂ, ਲੱਕ ਅਤੇ ਗਰਦਨਾਂ ਤੋਂ ਸੰਗਲਾਂ ਨਾਲ ਬੰਨ੍ਹਿਆ ਹੋਇਆ ਸੀ ਅਤੇ ਦੋ ਦੋ ਜਾਂ ਤਿੰਨ ਤਿੰਨ ਦੀ ਗਿਣਤੀ ਵਿਚ ਗੱਡਿਆਂ ਵਿਚ ਲੱਦਿਆ ਹੋਇਆ ਸੀ । ਸੁਰਹਿੰਦ ਵਿਚ ਉਨ੍ਹਾਂ ਨੂੰ ਬਜ਼ਾਰਾਂ ਵਿਚੋਂ ਦੀ ਲੰਘਾਇਆ ਗਿਆ ਜਿਥੇ ਕਿ ਲੋਕ ਉਨ੍ਹਾਂ ਨੂੰ ਮਖੌਲ ਕਰਦੇ ਅਤੇ ਗਾਲ੍ਹਾਂ ਕੱਢਦੇ ਸਨ । ਸਿੰਘਾਂ ਨੇ ਇਹ ਸਭ ਕੁਝ ਗੁਰਬਾਣੀ ਦੇ ਸ਼ਬਦ ਪੜ੍ਹਦੇ ਹੋਏ ਬੜੇ ਧੀਰਜ ਨਾਲ ਸਹਿਣ ਕੀਤਾ ।'[1]

27 ਫਰਵਰੀ, 1715 ਈ. ਨੂੰ ਇਹ ਸਾਰਾ ਜਲੂਸ ਫੌਜ ਦੇ ਸਖ਼ਤ ਪਹਿਰੇ ਹੇਠ ਦਿੱਲੀ ਦੀ ਜੂਹ ਵਿਚ ਜਾ ਦਾਖ਼ਲ ਹੋਇਆ । ਬਾਦਸ਼ਾਹ ਨੂੰ ਖ਼ਬਰ ਭੇਜੀ ਗਈ । ਬਾਦਸ਼ਾਹ ਨੇ ਇਕ ਤਕੜੀ ਸੈਨਿਕ ਟੁਕੜੀ ਇਹਤਮਾਦ-ਉਲ-ਦੌਲਾ ਮੁਹੰਮਦ ਅਮੀਨ ਖਾਨ ਦੀ ਅਗਵਾਈ ਹੇਠ ਇਨ੍ਹਾਂ ਕੈਦੀ ਸਿੰਘਾਂ ਨੂੰ ਤਕੜੇ ਪਹਿਰੇ ਹੇਠ ਲਿਆਉਣ ਲਈ ਭੇਜੀ । ਫੌਜ ਦਾ ਸਖ਼ਤ ਪਹਿਰਾ ਤਾਂ ਧੁਰੋਂ ਹੀ ਸੀ ਕਿਉਂਕਿ ਹਕੂਮਤ ਨੂੰ ਡਰ ਸੀ ਕਿ ਕਿਤੇ ਕੋਈ ਛੁਪਿਆ ਹੋਇਆ ਸਿੰਘ ਜੱਥਾ ਅਚਾਨਕ ਹਮਲਾ ਕਰਕੇ ਇਨ੍ਹਾਂ ਕੈਦੀ ਸਿੰਘਾਂ ਨੂੰ ਨਾ ਛੁਡਵਾ ਲਵੇ । ਦਿੱਲੀ ਦੇ ਬਜ਼ਾਰਾਂ ਵਿਚੋਂ ਦੀ ਲਿਆਉਣ ਸਮੇਂ ਹੋਰ ਫੌਜ ਇਸ ਕਰਕੇ ਲਾਈ ਗਈ ਸੀ ਕਿ ਕਿਤੇ ਸ਼ਹਿਰ ਦੇ ਮੁਸਲਮਾਨ, ਸਿੰਘਾਂ ਨੂੰ ਰਸਤੇ ਵਿਚ ਹੀ ਨਾ ਮਾਰ ਦੇਣ । ਗਲੀਆਂ ਦੇ ਦੋਵੇਂ ਪਾਸੇ, ਘਰਾਂ ਦੀਆਂ ਛੱਤਾਂ ਉਪਰ ਅਤੇ ਹਰ ਚੌਂਕ ਵਿਚ ਮੁਸਲਮਾਨਾਂ ਦਾ ਹਜੂਮ ਕੈਦੀ ਸਿੰਘਾਂ ਨੂੰ ਦੇਖਣ ਲਈ ਖੜ੍ਹਾ ਸੀ । ਤਮਾਸ਼ਬੀਨ ਅਤੇ ਸ਼ਰਾਰਤੀ ਕਿਸਮ ਦੇ ਲੋਕ ਇਨ੍ਹਾਂ ਕੈਦੀ ਸਿੰਘਾਂ ਨੂੰ ਮਖੌਲ ਕਰਦੇ ਸਨ ਅਤੇ ਗਾਲ੍ਹਾਂ ਕੱਢਦੇ ਸਨ । ਸਮਝਦਾਰ ਲੋਕ ਜਾਂਦੇ-ਜਾਂਦੇ ਸਿੰਘਾਂ ਨਾਲ ਕੁਝ ਬੋਲ ਸਾਂਝੇ ਵੀ ਕਰ ਲੈਂਦੇ ਸਨ । ਗੰਭੀਰ ਕਿਸਮ ਦੇ ਲੋਕ ਸਿੰਘਾਂ ਦੇ ਕੋਲ ਜਾ ਕੇ ਵੀ ਉਨ੍ਹਾਂ ਦੀ ਇਸ ਬੁਰੀ ਕਿਸਮਤ ਬਾਰੇ ਗੱਲ ਕਰਕੇ ਇਕ ਕਿਸਮ ਦੀ ਹਮਦਰਦੀ ਵੀ ਪਰਗਟ ਕਰ ਦਿੰਦੇ ਸਨ । ਅਜਿਹੇ ਬੁਰੇ ਸਮੇਂ ਲੱਖਾਂ-ਹਜ਼ਾਰਾਂ ਵਿਚੋਂ ਇਕ ਬੰਦੇ ਦੇ ਮੂੰਹੋਂ ਵੀ ਨਿਕਲਿਆ ਹਮਦਰਦੀ ਦਾ ਇਕ ਛੋਟਾ ਜਿਹਾ ਸ਼ਬਦ ਵੀ ਬੇਅੰਤ ਸਕੂਨ ਦਿੰਦਾ ਹੈ । ਮੁਹੰਮਦ ਹਾਰਸੀ, ਇਕ ਮੁਸਲਿਮ ਲਿਖਾਰੀ ਇਸ ਜਲੂਸ ਵਿਚ ਖੁਦ ਹਾਜ਼ਰ ਸੀ । ਉਸ ਦੀ ਲਿਖਤ, *ਇਬਰਤਨਾਮਾ* ਹੈ । ਉਹ ਦਿੱਲੀ ਦੀ ਲੂਣ-ਮੰਡੀ ਤੋਂ ਲੈ ਕੇ ਲਾਲ ਕਿਲ੍ਹੇ ਤੱਕ ਜਲੂਸ ਦੇ ਨਾਲ ਗਿਆ ਸੀ । ਜੋ ਕੁਝ ਉਸ ਨੇ ਦੇਖਿਆ ਉਸ ਨੇ ਇਉਂ ਵਰਨਣ ਕੀਤਾ ਹੈ : 'ਮੈਂ ਇਸ ਦਿਨ ਇਹ ਤਮਾਸ਼ਾ ਦੇਖਣ ਲਈ ਨਮਕ-ਮੰਡੀ ਤੱਕ ਗਿਆ ਸੀ ਅਤੇ ਉਥੋਂ ਕਿਲ੍ਹਾ ਮੁਬਾਰਕ ਤਕ ਜਲੂਸ ਦੇ ਨਾਲ ਨਾਲ ਸਾਂ । ਸ਼ਹਿਰ ਦਾ ਸ਼ਾਇਦ ਹੀ ਕੋਈ ਐਸਾ ਬੰਦਾ ਹੋਵੇ ਜੋ ਤਮਾਸ਼ਾ ਤੱਕਣ ਅਤੇ ਇਨ੍ਹਾਂ ਲਾਹਨਤੀਆਂ ਦਾ ਖ਼ਾਤਮਾ ਦੇਖਣ ਲਈ ਬਾਹਰ ਨਾ ਆਇਆ ਹੋਵੇ । ਬਜ਼ਾਰਾਂ ਅਤੇ ਗਲੀਆਂ ਵਿਚ ਅਜਿਹੀ ਭੀੜ ਕਦੀ ਘੱਟ ਹੀ ਦੇਖੀ ਗਈ ਸੀ । ਮੁਸਲਮਾਨ ਖੁਸ਼ੀ ਵਿਚ ਫੁੱਲੇ ਨਹੀਂ ਸਮਾ ਰਹੇ ਸਨ ਪਰ ਉਹ ਮੰਦਭਾਗੇ ਸਿੱਖ ਜੋ ਇਸ ਅੰਤਮ ਦਸ਼ਾ ਨੂੰ ਪੁੱਜੇ ਹੋਏ ਸਨ, ਬੜੇ ਪਰਸੰਨ ਸਨ ਅਤੇ ਆਪਣੀ ਕਿਸਮਤ ਉਤੇ ਰਾਜੀ ਸਨ । ਉਨ੍ਹਾਂ ਦੇ ਚਿਹਰਿਆਂ ਉਤੇ ਉਦਾਸੀ ਜਾਂ ਅਧੀਨਤਾ ਦਾ ਕੋਈ ਮਾਮੂਲੀ ਨਿਸ਼ਾਨ ਜਾਂ ਪਰਭਾਵ ਨਹੀਂ ਸੀ ਦਿਸ ਰਿਹਾ । ਸਗੋਂ ਉਹ ਬਹੁਤ ਸਾਰੇ ਊਠਾਂ ਉਤੇ ਸ਼ਬਦ ਪੜ੍ਹਨ ਵਿਚ ਮਗਨ ਸਨ ਅਤੇ ਬਜ਼ਾਰਾਂ ਜਾਂ ਗਲੀਆਂ ਵਿਚੋਂ ਉਨ੍ਹਾਂ ਨੂੰ ਜਦੋਂ ਕੋਈ ਕਹਿੰਦਾ ਕਿ ਹੁਣ ਤੁਹਾਨੂੰ ਕਤਲ ਕਰ ਦਿੱਤਾ ਜਾਵੇਗਾ, ਇਸ ਦੇ ਜਵਾਬ ਵਿਚ ਸਿੰਘ ਬੜੇ ਜੋਸ਼ ਵਿਚ ਕਹਿੰਦੇ ਸਨ : ''ਕਰ ਦਿਓ ਕਤਲ । ਅਸੀਂ ਕਦੋਂ ਕਤਲ ਹੋਣ ਤੋਂ ਡਰੇ ਹਾਂ । ਜੇ ਮਰਨ ਤੋਂ ਡਰਦੇ ਹੁੰਦੇ

1. Cunningham, *A History of the Sikhs*, New Delhi, 1985, p. 79.

SIKHBOOKCLUB.COM

ਤਾਂ ਤੁਹਾਡੇ ਨਾਲ ਜੰਗ ਹੀ ਕਿਉਂ ਕਰਦੇ? ਸਾਨੂੰ ਤਾਂ ਕੇਵਲ ਭੁੱਖ ਅਤੇ ਖਾਣੇ-ਦਾਣੇ ਦੇ ਘਾਟੇ ਨੇ ਹੀ ਤੁਹਾਡੇ ਹੱਥ ਫਸਾ ਦਿੱਤਾ ਹੈ ਨਹੀਂ ਤਾਂ ਤੁਹਾਨੂੰ ਸਾਡੇ ਜੰਗੀ ਕਾਰਨਾਮਿਆਂ ਬਾਰੇ ਪਤਾ ਹੀ ਹੈ।''[2]

ਇਕ ਹੋਰ ਮੁਸਲਿਮ ਲਿਖਾਰੀ ਸੱਯਦ ਮੁਹੰਮਦ ਵੀ ਉਸੇ ਜਲੂਸ ਨੂੰ ਦੇਖ ਰਿਹਾ ਸੀ। ਜੋ ਕੁਝ ਇਸਨੇ ਸਿੰਘਾਂ ਨਾਲ ਸਾਂਝਾ ਕੀਤਾ ਉਸ ਨੂੰ ਇਸ ਨੇ ਆਪਣੀ ਲਿਖਤ, *ਤਬਸਿਰੁਤ-ਨਾਜ਼ਿਰੀਨੀ* ਵਿਚ ਇਉਂ ਲਿਖਿਆ ਹੈ : 'ਉਸ ਵੇਲੇ ਮੈਂ ਉਨ੍ਹਾਂ ਵਿਚੋਂ ਇਕ ਨੂੰ ਇਸ਼ਾਰਾ ਕਰਕੇ ਕਿਹਾ ਕਿ ਉਹ ਅਜਿਹੀ ਬੁਰੀ ਹਾਲਤ ਵਿਚ ਵੀ ਇਹ ਘੁਮੰਡ ਅਤੇ ਨਖਰਾ ਕਿਸ ਦੇ ਆਧਾਰ ਤੇ ਦਿਖਾ ਰਹੇ ਹਨ? ਉਸ (ਸਿੰਘ) ਨੇ ਆਪਣਾ ਖੁੱਲ੍ਹਾ ਹੋਇਆ ਇਕੋ ਇਕ ਹੱਥ ਬਿਨਾਂ ਬੋਲੇ ਹੀ ਆਪਣੇ ਮੱਥੇ ਉਤੇ ਰੱਖਿਆ ਅਤੇ ਆਪਣੀ ਕਿਸਮਤ ਅਤੇ ਨਸੀਬ ਵਲ ਇਸ਼ਾਰਾ ਕੀਤਾ। ਉਸ ਵੇਲੇ ਉਸ ਦੇ ਅੰਦਰਲੇ ਭਾਵ ਦੱਸਣ ਦਾ ਇਹ ਢੰਗ ਮੈਨੂੰ ਬੜਾ ਹੀ ਚੰਗਾ ਲੱਗਿਆ।[3]

ਸਿੰਘਾਂ ਨੂੰ ਪਤਾ ਸੀ ਕਿ ਦੁਸ਼ਮਣ ਦੀ ਕੈਦ ਵਿਚ ਉਨ੍ਹਾਂ ਨਾਲ ਕਿਸੇ ਨੇ ਹਮਦਰਦੀ ਨਹੀਂ ਜਤਾਉਣੀ। ਉਨ੍ਹਾਂ ਦੀ ਇਸ ਬਿਪਤਾ ਦੇ ਸਮੇਂ ਸਿਰਫ ਗੁਰਬਾਣੀ ਹੀ ਇਕੋ ਇਕ ਟੇਕ ਸੀ ਜਾਂ ਫਿਰ ਉਹ ਹੌਂਸਲਾ ਅਤੇ ਪਰਸੰਨਤਾ ਸੀ ਜਿਹੜਾ ਉਹ ਮਰਨ ਲਈ ਜਾਂਦੇ ਸਮੇਂ ਲੋਕਾਂ ਨੂੰ ਦਿਖਾ ਸਕਦੇ ਸਨ। ਮਰਨਾ ਤਾਂ ਹੈ ਹੀ ਸੀ। ਇਸ ਨੂੰ ਭਾਵੇਂ ਰੋ ਰੋ ਕੇ ਝੱਲਿਆ ਜਾਵੇ ਤੇ ਭਾਵੇਂ ਹੱਸ ਹੱਸ ਕੇ। ਰੋ ਰੋ ਕੇ ਝੱਲਣ ਨਾਲ ਡਰਪੋਕਤਾ ਦਾ ਮਖੌਲ ਉਡਦਾ ਹੈ ਪਰ ਹੱਸ ਹੱਸ ਕੇ ਝੱਲਣ ਨਾਲ ਬਹਾਦੁਰ ਅਤੇ ਨਿਡਰਤਾ ਦੀ ਧਾਂਕ ਪੈਂਦੀ ਹੈ। ਦੁਸ਼ਮਣ ਦੀ ਕੈਦ ਵਿਚ, ਜਿਥੇ ਕਿ ਹੋਰ ਕੁਝ ਵੀ ਨਹੀਂ ਦਿਖਾਇਆ ਜਾ ਸਕਦਾ ਸੀ ਉਥੇ ਸਿਰਫ ਬਹਾਦੁਰੀ ਅਤੇ ਨਿਡਰਤਾ ਦਿਖਾ ਕੇ ਹੀ ਹਕੂਮਤ ਦੇ ਮੂੰਹ ਤੇ ਚਪੇੜ ਮਾਰੀ ਜਾ ਸਕਦੀ ਸੀ। ਬੰਦਾ ਸਿੰਘ ਬਹਾਦੁਰ ਅਤੇ ਉਸ ਨੇ ਜਾਨਬਾਜ਼ ਸਾਥੀਆਂ ਨੇ ਆਪਣੀ ਬਹਾਦੁਰੀ ਅਤੇ ਨਿਡਰਤਾ ਦਿਖਾ ਕੇ ਹਕੂਮਤ ਦੇ ਮੂੰਹ ਉਤੇ ਹੀ ਚਪੇੜ ਹੀ ਨਹੀਂ ਮਾਰੀ ਸੀ ਨਾਲ ਹੀ ਇਹ ਚਪੇੜ ਉਨ੍ਹਾਂ ਅਖਾਉਤੀ ਤੱਤ ਖਾਲਸਿਆਂ ਦੇ ਮੂੰਹਾਂ ਤੇ ਵੀ ਮਾਰੀ ਸੀ ਜਿਹੜੇ ਬੰਦਾ ਸਿੰਘ ਨੂੰ ਧੋਖਾ ਦੇ ਕੇ ਹਕੂਮਤ ਨਾਲ ਮਿਲ ਗਏ ਸਨ। ਸਿੰਘਾਂ ਦਾ ਅਤੇ ਬੰਦਾ ਸਿੰਘ ਦਾ ਉਤਨਾ ਅਨਾਦਰ ਕੀਤਾ ਗਿਆ ਜਿੰਨਾ ਕਿ ਦੁਸ਼ਮਣ ਕਰ ਸਕਦਾ ਸੀ ਪਰ ਗੁਰੂ ਦੇ ਨਾਂ ਤੋਂ ਦੀ ਮਰ-ਮਿਟਣ ਵਾਲੇ ਸੂਰਮਿਆਂ ਨੇ ਆਪਣੀ ਕਿਸਮਤ ਵਿਚ ਲਿਖੇ ਇਨ੍ਹਾਂ ਤਸੀਹਿਆਂ ਤੋਂ ਡਰ ਕੇ ਜ਼ਰਾ ਵੀ ਦਿਲ ਨਹੀਂ ਛੱਡਿਆ। ਉਹ ਆਪਣੇ ਨਾਲ ਬੀਤਣ ਵਾਲੀ ਹਰ ਘਟਨਾ ਨੂੰ ਸਹਿਣ ਕਰਨ ਲਈ ਤਿਆਰ ਸਨ। ਉਹ ਹੱਕ, ਸੱਚ ਅਤੇ ਇਨਸਾਫ ਲਈ ਲੜੇ ਸਨ। ਜਦੋਂ ਤਕ ਸਰੀਰ ਵਿਚ ਤਾਕਤ ਸੀ ਉਹ ਲੜਦੇ ਰਹੇ ਸਨ। ਜਦੋਂ ਇਹ ਤਾਕਤ ਮੁੱਕ ਗਈ ਸੀ, ਉਹ ਡਿਗ ਪਏ ਸਨ, ਪਰ ਝੁਕੇ ਨਹੀਂ ਅਤੇ ਨਾ ਹੀ ਦੁਸ਼ਮਣ ਦੀ ਈਨ ਮੰਨੀ ਸੀ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਜੋ ਤਸੀਹੇ ਅਤੇ ਅਨਾਦਰ ਇਸ ਸਮੇਂ ਦੇਖ ਰਹੇ ਸਨ ਉਹ ਉਸ ਰਸਤੇ ਉਪਰ ਚੱਲਣ ਵਾਲੇ ਸੂਰਮਿਆਂ ਲਈ ਅਟੱਲ ਸਨ ਜਿਸ ਰਸਤੇ ਉਪਰ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਤੋਰਿਆ ਸੀ। ਮੁਹੰਮਦ ਹਾਦੀ ਕਾਮਵਰ ਖਾਨ ਲਿਖਦਾ ਹੈ ਕਿ 'ਕੈਦੀ ਸਿੰਘ ਬਿਨਾਂ ਕਿਸੇ ਉਦਾਸੀ ਜਾਂ ਸ਼ਰਮਿੰਦਗੀ ਦੇ, ਸ਼ਾਂਤ-ਚਿੱਤ ਅਤੇ ਪਰਸੰਨ-ਮੁੱਖ ਜਾ ਰਹੇ ਸਨ ਅਤੇ ਸ਼ਹੀਦਾਂ ਦੀ ਮੌਤ ਮਰਨ ਲਈ ਇੱਛਾਵਾਨ ਦਿਸਦੇ ਸਨ।'

ਜਲੂਸ ਦੇ ਬਾਦਸ਼ਾਹੀ ਕਿਲ੍ਹੇ ਪਾਸ ਪੁੱਜਣ ਪਰ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਬੰਦਾ ਸਿੰਘ, ਬਾਜ ਸਿੰਘ, ਫਤਿਹ ਸਿੰਘ ਆਦਿ ਮੁਖੀ ਨੇਤਾਵਾਂ ਨੂੰ ਇਬਰਾਹੀਮ ਖਾਨ ਮੀਰ-ਆਤਸ਼ ਦੇ ਹਵਾਲੇ ਕਰਕੇ ਤਿਰਪੋਲੀਏ ਵਿਚ ਬੰਦ ਕਰ ਦਿੱਤਾ ਜਾਵੇ। ਬੰਦਾ ਸਿੰਘ ਦੀ ਧਰਮਪਤਨੀ ਅਤੇ ਉਸ ਦਾ ਚਾਰ ਕੁ ਸਾਲਾਂ ਦੇ ਪੁੱਤਰ ਅਜੈ ਸਿੰਘ ਨੂੰ ਸ਼ਾਹੀ ਜ਼ਨਾਨਖਾਨੇ ਵਿਚ ਪਹੁੰਚਾ ਦਿੱਤਾ ਜਾਵੇ। ਬਾਕੀ ਦੇ ਸੱਤ ਸੌ ਦੇ ਕਰੀਬ ਸਿੰਘਾਂ ਨੂੰ ਸਰਬਰਾਹ ਖਾਨ ਕੋਤਵਾਲ ਦੇ ਸਪੁਰਦ ਕਰ ਦਿੱਤਾ ਜਾਵੇ। ਇਨ੍ਹਾਂ ਬਾਰੇ ਹੁਕਮ ਦਿੱਤਾ ਗਿਆ ਸੀ ਕਿ ਇਨ੍ਹਾਂ ਨੂੰ ਸੌ ਸੌ ਦੀ ਗਿਣਤੀ ਵਿਚ ਰੋਜ਼ ਕਤਲ ਕਰਕੇ ਖਤਮ ਕਰ ਦਿੱਤਾ ਜਾਵੇ।

ਅਖ਼ਬਾਰ-ਏ-ਦਰਬਾਰ-ਏ-ਮੁਅੱਲਾ ਦੀ 6 ਜੂਨ, 1716 ਦਿਨ ਸ਼ਨਿਚਰਵਾਰ ਦੀ ਇਕ ਖਬਰ ਵਿਚ ਮੌਤ ਦੇ ਇਸ ਹੁਕਮ ਬਾਰੇ ਇਉਂ ਜਾਣਕਾਰੀ ਦਿਤੀ ਗਈ ਹੈ : 'ਬਾਦਸ਼ਾਹ ਨੇ ਹੁਕਮ ਜਾਰੀ ਕੀਤਾ ਹੈ ਕਿ ਇਬਰਾਹਿਮ-ਉਦ-ਦੀਨ ਮੀਰ-ਏ-ਆਤਿਸ਼ ਅਤੇ ਸਰਬਰਾਹ ਖਾਨ ਕੋਤਵਾਲ, ਬਾਗੀ ਬੰਦੇ ਨੂੰ ਤਿਰਪੋਲੀਆ ਦੇ ਕਿਲ੍ਹੇ ਵਿਚੋਂ ਕੱਢ ਕੇ, ਬਾਦਸ਼ਾਹ ਬਹਾਦੁਰ ਸ਼ਾਹ ਦੇ ਮਕਬਰੇ ਦੇ ਸਾਹਮਣੇ ਵਾਲੇ ਖਵਾਜ਼ਾ ਕੁਤਬ-ਉ-ਦੀਨ ਦੇ ਮਕਬਰੇ ਵਿਚ ਲੈ ਜਾਣ। ਉਸ ਦੀਆਂ ਅੱਖੀਆਂ ਕੱਢ ਦਿਤੀਆਂ ਜਾਣ ਅਤੇ ਜੀਭ ਕੱਟ ਦਿੱਤੀ ਜਾਵੇ। ਉਸ ਦੀ ਚਮੜੀ ਅਤੇ ਹੱਡੀਆਂ ਨੂੰ ਮਾਸ ਤੋਂ ਵੱਖ ਕਰ ਦਿਤਾ ਜਾਵੇ। ਉਸ ਦੇ ਪੁੱਤਰ ਨੂੰ ਵੀ ਮਾਰ ਦਿੱਤਾ ਜਾਵੇ।[4]

ਪੰਜ ਮਾਰਚ, 1716 ਈ. ਨੂੰ ਕਤਲਾਂ ਦਾ ਇਹ ਸਿਲਸਿਲਾ ਸ਼ੁਰੂ ਹੋ ਗਿਆ ਸੀ। ਤਿਰਪੋਲੀਆ ਦਰਵਾਜ਼ੇ ਵੱਲ ਕੋਤਵਾਲੀ ਦਾ ਜੋ ਚਬੂਤਰਾ ਸੀ ਉਥੇ ਪਹਿਲੇ ਦਿਨ ਇਕ ਸੌ ਸਿੰਘਾਂ ਨੂੰ ਕੱਢ ਕੇ ਲਿਆਂਦਾ ਗਿਆ। ਇਨ੍ਹਾਂ ਨੂੰ ਇਕ ਲਾਈਨ ਵਿਚ ਬਿਠਾਇਆ ਗਿਆ। ਹੱਥ ਅਤੇ ਪੈਰ ਰੱਸਿਆਂ ਨਾਲ ਬੰਨ੍ਹੇ ਹੋਏ ਸਨ। ਕਈ ਕਈ ਜੱਲਾਦ ਨੰਗੀਆਂ ਅਤੇ ਤਿੱਖੀਆਂ ਤਲਵਾਰਾਂ ਫੜਾ ਕੇ ਤਿਆਰ ਰੱਖੇ ਗਏ ਸਨ ਤਾਂ ਕਿ ਜੇ ਇਕ ਜਲਾਦ ਥੱਕ ਜਾਵੇ ਤਾਂ ਦੂਸਰਾ ਕੰਮ ਸ਼ੁਰੂ ਕਰ ਦੇਵੇ। ਹਰ ਸਿੰਘ ਨੂੰ ਉਥੇ ਖੜ੍ਹੇ ਕਾਜ਼ੀ ਵਲੋਂ ਬਚਣ ਲਈ ਅਖੀਰਲੀ ਇਕ ਪੇਸ਼ਕਸ਼ ਕੀਤੀ ਜਾਂਦੀ ਸੀ। ਜੇਕਰ ਕੋਈ ਇਸ ਪੇਸ਼ਕਸ਼ ਨੂੰ ਮੰਨਣ ਲਈ ਤਿਆਰ

---

2. ਡਾ. ਗੰਡਾ ਸਿੰਘ ਦੇ ਹਵਾਲੇ ਅਨੁਸਾਰ, *ਬੰਦਾ ਸਿੰਘ ਬਹਾਦੁਰ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990, ਪੰਨਾ 136.
3. *ਉਕਤ*, ਪੰਨਾ 137.
4. *The Panjab Past and Present*, October, 1984, p. 165.

SIKHBOOKCLUB.COM

ਹੁੰਦਾ ਤਾਂ ਉਸ ਦੀ ਜਾਨ ਬਖ਼ਸ਼ੀ ਕਰ ਦਿੱਤੀ ਜਾਣੀ ਸੀ। ਕਰ ਦਿੱਤੀ ਜਾਣੀ ਸੀ ਜਾਂ ਨਹੀਂ, ਇਸ ਦਾ ਤਾਂ ਪਤਾ ਨਹੀਂ ਪਰ ਪੇਸ਼ਕਸ਼ ਨੂੰ ਕਰਨ ਦਾ ਭਾਵ ਇਹੋ ਸੀ। ਕਿਉਂਕਿ ਕੋਈ ਵੀ ਸਿੰਘ ਇਸ ਪੇਸ਼ਕਸ਼ ਨੂੰ ਮੰਨਣ ਲਈ ਤਿਆਰ ਨਹੀਂ ਹੋਇਆ ਇਸ ਕਰਕੇ ਇਸ ਬਾਰੇ ਕਹਿਣਾ ਮੁਸ਼ਕਲ ਹੈ ਕਿ ਜੇਕਰ ਕੋਈ ਸਿੰਘ ਉਸ ਪੇਸ਼ਕਸ਼ ਨੂੰ ਮੰਨ ਵੀ ਲੈਂਦਾ ਤਾਂ ਕੀ ਵਾਕਿਆ ਹੀ ਉਸ ਦੀ ਜਾਨ ਬਖਸ਼ ਦਿੱਤੀ ਜਾਣੀ ਸੀ ?

ਪੇਸ਼ਕਸ਼ ਇਹ ਸੀ ਕਿ ਉਹ ਇਸਲਾਮ ਨੂੰ ਧਾਰਨ ਕਰ ਲੈਣ। ਮੁਗਲ ਹਕੂਮਤ ਦਾ ਦੁਖੀ ਸਿੱਖਾਂ ਲਈ ਇਹ ਹੀ ਇਕ ਹਮਦਰਦੀ ਭਰਿਆ ਸੁਝਾਅ ਸੀ ਕਿ ਜੇਕਰ ਸਿੰਘ ਇਸਲਾਮ ਧਾਰਨ ਕਰ ਲੈਣ ਤਾਂ ਉਨ੍ਹਾਂ ਨੂੰ ਛੱਡਿਆ ਜਾ ਸਕਦਾ ਹੈ। ਪਰ ਸ਼ਾਬਾਸ਼ ਉਨ੍ਹਾਂ ਸੂਰਮੇ ਸਿੰਘਾਂ ਦੇ, ਜਿਨ੍ਹਾਂ ਨੇ ਇਕ ਵਾਰ ਵੀ ਇਹ ਨਹੀਂ ਸੋਚਿਆ ਕਿ ਉਹ ਇਸਲਾਮ ਧਾਰਨ ਕਰਕੇ ਆਪਣੀ ਜਾਨ ਬਚਾ ਲੈਣ। ਬਿਲਕੁਲ ਉਸ ਮੌਕੇ ਤੇ ਦੇਖ ਰਹੇ ਦੋ ਯੂਰਪੀਅਨ ਯਾਤਰੀ ਜੌਨ ਸਰਮਨ ਅਤੇ ਐਡਵਰਡ ਸਟੀਫਨਸਨ ਆਪਣੇ ਅੱਖੀਂ ਦੇਖੀ ਹਾਲਤ ਨੂੰ ਬਿਆਨ ਕਰਦੇ ਹੋਏ ਲਿਖਦੇ ਹਨ ਕਿ 'ਅਖ਼ੀਰ ਦਮ ਤਕ ਇਹ ਪਤਾ ਨਹੀਂ ਲੱਗਿਆ ਕਿ ਕਿਸੇ ਇਕ ਨੇ ਵੀ ਆਪਣਾ ਇਹ ਨਵਾਂ ਧਾਰਨ ਕੀਤਾ (ਸਿੱਖ) ਧਰਮ ਤਿਆਗਿਆ ਹੋਵੇ। ਸਗੋਂ ਉਹ ਬੜੀ ਤੀਬਰਤਾ ਨਾਲ ਜਲਾਦ ਨੂੰ ਕਹਿੰਦੇ ਸਨ ਕਿ ਹੇ ਸਾਡੇ ਮੁਕਤੀਦਾਤਾ ਸਾਨੂੰ ਇਸ ਜੂਨ ਤੋਂ ਛੇਤੀ ਮੁਕਤੀ ਦੇਹ।[5] ਇਰਵਿਨ ਲਿਖਦਾ ਹੈ ਕਿ ਕੀ ਹਿੰਦੁਸਤਾਨ ਅਤੇ ਕੀ ਯੂਰਪੀਅਨ ਸਾਰੇ ਹੀ ਦਰਸ਼ਕ ਉਸ ਹੈਰਾਨ ਕਰ ਦੇਣ ਵਾਲੇ ਧੀਰਜ ਅਤੇ ਦਰਿੜ੍ਹਤਾ ਦੀ ਪਰਸ਼ੰਸਾ ਕਰਨ ਵਿਚ ਸਹਿਮਤ ਹਨ ਜਿਸ ਨਾਲ ਕਿ ਇਨ੍ਹਾਂ ਲੋਕਾਂ ਨੇ ਆਪਣੀ ਕਿਸਮਤ ਨੂੰ ਪਰਵਾਨ ਕੀਤਾ। ਦੇਖਣ ਵਾਲਿਆਂ ਲਈ ਇਨ੍ਹਾਂ ਦਾ ਆਪਣੇ ਆਗੂ ਲਈ ਪਰੇਮ ਅਤੇ ਭਗਤੀ ਬੜੇ ਅਸਚਰਜ-ਜਨਕ ਸਨ। ਉਨ੍ਹਾਂ ਨੂੰ ਮੌਤ ਦਾ ਕੋਈ ਭੈ ਨਹੀਂ ਸੀ ਅਤੇ ਜਲਾਦ ਨੂੰ ਉਹ ਮੁਕਤੀ ਦਾਤਾ ਕਹਿ ਕੇ ਬੁਲਾਉਂਦੇ ਸਨ।[6] ਮੁਨਸ਼ੀ ਗੁਲਾਮ ਹੁਸੈਨ, *ਸੀਅਰੁਲ ਮੁਤਾਖ਼ਰੀਨ* ਵਿਚ ਲਿਖਦਾ ਹੈ ਕਿ 'ਸਭ ਤੋਂ ਵਿਸ਼ੇਸ਼ ਅਨੋਖੀ ਗੱਲ ਇਹ ਹੈ ਕਿ ਇਹ ਲੋਕ ਕੇਵਲ ਕਤਲ ਹੋਣ ਵੇਲੇ ਹੀ ਦਰਿੜ੍ਹਤਾ ਨਹੀਂ ਸਨ ਦਿਖਾਉਂਦੇ ਸਗੋਂ ਕਤਲ ਹੋਣ ਲਈ ਪਹਿਲ ਕਰਨ ਵਾਸਤੇ ਆਪਸ ਵਿਚ ਝਗੜਦੇ ਵੀ ਸਨ ਅਤੇ ਜਲਾਦਾਂ ਨੂੰ ਬੇਨਤੀਆਂ ਕਰਦੇ ਅਤੇ ਵਾਸਤੇ ਪਾਉਂਦੇ ਸਨ।'[7]

ਇਸ ਤਰ੍ਹਾਂ ਦਾ ਨਜ਼ਾਰਾ ਸੀ ਜਿਹੜਾ ਬਾਹਰਲੇ ਯਾਤਰੀਆਂ ਅਤੇ ਸਥਾਨਕ ਲੋਕਾਂ ਨੇ ਸਿੰਘਾਂ ਦੀਆਂ ਸ਼ਹਾਦਤਾਂ ਦਾ ਦੇਖਿਆ ਸੀ। ਸਿੰਘਾਂ ਨੂੰ ਹੱਥ-ਪੈਰ ਬੰਨ੍ਹਿਆ ਹੋਇਆਂ ਨੂੰ ਹੀ ਮੂੰਧੇ-ਮੂੰਹ ਕਰਕੇ ਇਕ ਥੜ੍ਹੇ ਉਪਰ ਲਿਟਾਇਆ ਜਾਂਦਾ ਸੀ। ਸਾਰਾ ਧੜ ਤਾਂ ਥੜ੍ਹੇ ਉਪਰ ਹੁੰਦਾ ਸੀ ਪਰ ਗਰਦਨ ਥੜ੍ਹੇ ਤੋਂ ਅੱਗੇ ਖਾਲੀ ਥਾਂ ਤੇ ਲਮਕਦੀ ਸੀ। ਗਰਦਨ ਦੇ ਉਪਰਲੇ ਪਾਸਿਓਂ ਜਲਾਦ ਦਾ ਵਾਰ ਹੁੰਦਾ ਸੀ। ਪਹਿਲਾਂ ਤਲਵਾਰ ਨੂੰ ਸਿੰਘਾਂ ਦੀ ਗਰਦਨ ਉਪਰ ਮਾਸ ਵਿਚ ਖੁਭੋ ਕੇ ਉਨਾ ਚਿਰ ਚੀਰ ਪਾਇਆ ਜਾਂਦਾ ਸੀ ਜਿੰਨਾਂ ਚਿਰ ਉਹ ਜੱਲਾਦ ਕਲਮਾਂ ਨਹੀਂ ਪੜ੍ਹ ਲੈਂਦਾ ਸੀ। ਕਲਮਾਂ ਪੜ੍ਹ ਲੈਣ ਤੇ ਇਕ ਜ਼ੋਰਦਾਰ ਵਾਰ ਰਾਹੀਂ ਸਿਰ ਨੂੰ ਧੜ ਨਾਲੋਂ ਅਲੱਗ ਕਰ ਦਿੱਤਾ ਜਾਂਦਾ ਸੀ। ਅਲੱਗ ਹੋਏ ਸਿਰਾਂ ਨੂੰ ਤਾਂ ਬਾਂਸਾਂ ਉਪਰ ਟੰਗ ਕੇ ਸ਼ਹਿਰ ਦੇ ਚੌਂਕਾਂ ਉਪਰ ਗੱਡ ਦਿੱਤਾ ਜਾਂਦਾ ਸੀ ਪਰ ਧੜਾਂ ਨੂੰ ਭੰਗੀਆਂ ਦੇ ਹਵਾਲੇ ਕਰਕੇ ਬਾਹਰ ਕਰੰਗਾਬਾੜੀਆਂ ਵਿਚ ਜਾਨਵਰਾਂ ਦੇ ਖਾਣ ਲਈ ਸੁੱਟ ਦਿੱਤਾ ਜਾਂਦਾ ਸੀ। ਅੱਗ ਵਿਚ ਫੂਕ ਕੇ ਸੰਸਕਾਰ ਕਰਨਾ ਤਾਂ ਇਸਲਾਮ ਦੇ ਅਸੂਲਾਂ ਵਿਚ ਨਹੀਂ ਸੀ। *ਇਬਰਤਨਾਮੇ* ਵਿਚ ਮਿਰਜ਼ਾ ਮੁਹੰਮਦ ਹਾਰਸ਼ੀ ਲਿਖਦਾ ਹੈ ਕਿ 'ਮੈਂ ਕਤਲ ਸ਼ੁਰੂ ਹੋਣ ਦੇ ਦੂਸਰੇ ਦਿਨ 6 ਮਾਰਚ ਨੂੰ ਕਤਲ ਦਾ ਤਮਾਸ਼ਾ ਦੇਖਣ ਲਈ ਮੌਕੇ ਉਤੇ ਗਿਆ ਪਰ ਮੈਂ ਉਸ ਵੇਲੇ ਉਥੇ ਪੁੱਜਿਆ ਸੀ ਜਦੋਂ ਕਿ ਕਤਲਾਂ ਦਾ ਉਸ ਦਿਨ ਦਾ ਸਿਲਸਿਲਾ ਮੁੱਕ ਗਿਆ ਸੀ। ਧੜ ਅਜੇ ਤਕ ਉਥੇ ਸੂਰਜ ਦੀ ਅੱਗ ਵਰਗੀ ਧੁੱਪ ਵਿਚ ਲਹੂ ਅਤੇ ਧੂੜ ਵਿਚ ਪਏ ਹੋਏ ਸਨ।[8]

ਸਿੰਘ ਜਿਸ ਤਰ੍ਹਾਂ ਹੱਸ ਹੱਸ ਕੇ ਸ਼ਹਾਦਤਾਂ ਦੇ ਰਹੇ ਸਨ ਸਿਰਫ ਇਹੋ ਹੀ ਅਚੰਭੇ ਭਰੀ ਗੱਲ ਨਹੀਂ ਸੀ। ਇਨ੍ਹਾਂ ਸ਼ਹਾਦਤਾਂ ਵਿਚੋਂ ਹੋਰ ਵੀ ਬੜੀਆਂ ਅਚੰਭੇ ਵਾਲੀਆਂ ਘਟਨਾਵਾਂ ਵਾਪਰ ਰਹੀਆਂ ਸਨ। ਐਸੀਆਂ ਅਚੰਭੇ ਭਰੀਆਂ, ਜਿਨ੍ਹਾਂ ਬਾਰੇ ਸੁਣ ਕੇ ਵੀ ਵਿਸ਼ਵਾਸ ਨਹੀਂ ਕੀਤਾ ਜਾਂਦਾ। ਮੁਸਲਿਮ ਲਿਖਾਰੀ ਜਿਹੜੇ ਕਿ ਸਿੱਖਾਂ ਨੂੰ ਬਿਨਾਂ ਕੋਈ ਭੈੜਾ ਸ਼ਬਦ ਵਰਤੇ ਸੰਬੋਧਨ ਹੀ ਨਹੀਂ ਸੀ ਕਰਦੇ, ਜੇਕਰ ਉਹ ਲਿਖਾਰੀ ਹੀ ਸਿੱਖਾਂ ਦੀਆਂ ਅਦੁੱਤੀ ਕਹਾਣੀਆਂ ਨੂੰ ਲਿਖਣ ਲਈ ਮਜ਼ਬੂਰ ਹੋ ਜਾਣ ਤਾਂ ਇਸ ਤੋਂ ਸਮਝਣਾ ਚਾਹੀਦਾ ਹੈ ਕਿ ਜੋ ਕੁਝ ਉਨ੍ਹਾਂ ਨੇ ਸਿੱਖਾਂ ਦੀ ਬਹਾਦੁਰੀ ਬਾਰੇ ਲਿਖਿਆ ਹੈ ਉਸ ਨੂੰ ਆਪਾਂ ਜੇ ਦੁੱਗਣਾ-ਤਿਗੁਣਾ ਵੀ ਵਧਾ ਲਈਏ ਤਾਂ ਵੀ ਕੋਈ ਅਤਕਥਨੀ ਨਹੀਂ ਹੋਵੇਗੀ। ਖਾਫ਼ੀ ਖਾਂ ਨੇ ਆਪਣੀ ਲਿਖਤ *ਮੁੰਤਖ਼ਾਬੁਲ-ਉਲ-ਲੁਬਾਬ* ਵਿਚ ਇਕ ਨੌਜੁਆਨ ਸਿੱਖ ਮੁੰਡੇ ਦਾ ਅੱਖੀਂ ਦੇਖਿਆ ਬਿਰਤਾਂਤ ਲਿਖਿਆ ਹੈ। ਇਹ ਬਿਰਤਾਂਤ ਇਸ ਤਰ੍ਹਾਂ ਹੈ :

5. T.T. Wheeler, *Early Records of British India,* London, 1812, p. 180; C.R. Wilson, *The Early Annals of The English in Bengal.* Vol. II, Calcutta, 1900, pp. 96-98; and Ganda Singh (ed), *Early European Accounts of The Sikhs,* Calcutta, 1962, p. 52, Vol. I.
6. Irwine, *Later Mughals,* Vol. I., Calcutta, 1922.
7. ਡਾ. ਗੰਡਾ ਸਿੰਘ ਦੇ ਹਵਾਲੇ ਅਨੁਸਾਰ, *ਪੂਰਵ ਅੰਕਤ*, ਪੰਨਾ 138.
8. *ਉਕਤ*, ਪੰਨਾ 139.

SIKHBOOKCLUB.COM

'ਜਦੋਂ ਸਿੰਘਾਂ ਨੂੰ ਸੌ ਸੌ ਕਰਕੇ ਹਰ ਰੋਜ਼ ਮਾਰਿਆ ਜਾਂਦਾ ਸੀ ਤਾਂ ਇਕ ਦਿਨ ਅਜਿਹੇ ਨੌਜੁਆਨ ਤੇ ਆ ਕੇ ਗੱਲ ਕੁਝ ਨਵਾਂ ਮੋੜ ਕੱਟ ਗਈ ਸੀ ਜਿਸ ਦੀ ਮਾਂ ਕਿਸੇ ਨਾ ਕਿਸੇ ਤਰੀਕੇ ਨਾਲ ਆਪਣੇ ਪੁੱਤਰ ਦੀ ਰਿਹਾਈ ਦੇ ਹੁਕਮ ਲੈ ਆਈ ਸੀ। ਉਸ ਦੀ ਮਾਂ ਦੇ ਕਹਿਣ ਅਨੁਸਾਰ, ਸ਼ਾਹੀ ਫੌਜ ਨੇ ਉਸ ਦੇ ਪੁੱਤਰ ਨੂੰ ਐਵੇਂ ਹੀ ਗਰਿਫ਼ਤਾਰ ਕਰਕੇ ਸਿੰਘਾਂ ਨਾਲ ਸ਼ਾਮਲ ਕਰ ਲਿਆ ਸੀ। ਉਸ ਦਾ ਤਾਜ਼ਾ-ਤਾਜ਼ਾ ਵਿਆਹ ਹੋਇਆ ਸੀ। ਬੁੱਢੀ ਮਾਂ ਨੇ ਕਿਸੇ ਤਰ੍ਹਾਂ ਬਾਦਸ਼ਾਹ ਤਕ ਪਹੁੰਚ ਕਰ ਲਈ ਅਤੇ ਬਾਦਸ਼ਾਹ ਨੇ ਇਹ ਪੱਕਾ ਕਰਕੇ ਕਿ ਇਸ ਬੁੱਢੀ ਦਾ ਪੁੱਤਰ ਸਿੱਖ ਨਹੀਂ ਹੈ, ਉਸ ਦੀ ਰਿਹਾਈ ਦਾ ਹੁਕਮ ਕਰ ਦਿੱਤਾ। ਬੁੱਢੀ ਮਾਂ ਰਿਹਾਈ ਦੇ ਹੁਕਮ ਲੈ ਕੇ ਕੋਤਵਾਲੀ ਦੇ ਉਸ ਥਾਂ ਪਹੁੰਚੀ ਜਿਥੇ ਕਿ ਕਤਲ ਕੀਤੇ ਜਾਣ ਵਾਲੇ ਸਿੰਘਾਂ ਵਿਚ ਉਸ ਦਾ ਨੌਜੁਆਨ ਪੁੱਤਰ ਵੀ ਖੜ੍ਹਾ ਸੀ। ਹੁਕਮ ਦਰੋਗੇ ਨੂੰ ਦਿਖਾਏ ਗਏ। ਦਰੋਗੇ ਨੇ ਤੁਰੰਤ ਉਸ ਨੌਜੁਆਨ ਨੂੰ ਖੁਸ਼ ਹੋ ਕੇ ਕਿਹਾ ਸੀ ਕਿ ਸ਼ਾਇਦ ਉਹ ਆਪਣੀ ਰਿਹਾਈ ਸੁਣ ਕੇ ਖੁਸ਼ ਹੋਵੇਗਾ। ਉਹ ਉਲਟਾ ਹੈਰਾਨ ਹੋਇਆ। ਉਸ ਨੇ ਪੁੱਛਿਆ ਕਿ ਕਤਲ ਕਰਦੇ ਕਰਦੇ ਉਸ ਨੂੰ ਕਿਉਂ ਛੱਡ ਦਿੱਤਾ ਗਿਆ ਹੈ? ਦਰੋਗੇ ਨੇ ਦੱਸਿਆ ਕਿ ਕਤਲ ਸਿੰਘਾਂ ਨੂੰ ਕੀਤਾ ਜਾ ਰਿਹਾ ਹੈ। ਤੇਰੀ ਮਾਂ ਨੇ ਦੱਸਿਆ ਹੈ ਕਿ ਤੂੰ ਸਿੰਘ ਨਹੀਂ ਹੈ। ਇਸ ਲਈ ਸਾਡੀ ਤੇਰੇ ਨਾਲ ਕੋਈ ਦੁਸ਼ਮਣੀ ਨਹੀਂ ਹੈ। ਉਸ ਮੁੰਡੇ ਨੇ ਬੜੇ ਗੁੱਸੇ ਅਤੇ ਜੋਸ਼ ਵਿਚ ਕਿਹਾ ਕਿ ਮੇਰੀ ਮਾਂ ਝੂਠ ਬੋਲ ਰਹੀ ਹੈ। ਮੈਂ ਗੁਰੂ ਦਾ ਸਿੰਘ ਹਾਂ ਅਤੇ ਬੰਦਾ ਸਿੰਘ ਮੇਰਾ ਨੇਤਾ ਹੈ। ਮੈਨੂੰ ਛੇਤੀ ਛੇਤੀ ਮੇਰੇ ਭਾਈਆਂ ਪਾਸ ਭੇਜੋ। ਮੁੰਡੇ ਦੀਆਂ ਇਹ ਗੱਲਾਂ ਸੁਣ ਕੇ ਦਰੋਗੇ ਸਮੇਤ ਸਾਰੇ ਹੀ ਅਧਿਕਾਰੀ ਹੈਰਾਨ ਹੋ ਗਏ। ਉਸ ਦੀ ਮਾਂ ਭੁੱਬਾਂ ਮਾਰ ਰਹੀ ਸੀ ਪਰ ਨੌਜੁਆਨ ਨੇ ਇਕ ਨਾ ਸੁਣੀ। ਉਸ ਨੇ ਕਿਹਾ ਕਿ ਮਾਂ ਮੈਂ ਹੁਣ ਵੀ ਮਰ ਰਿਹਾ ਹਾਂ ਅਤੇ ਬਾਹਰ ਨਿਕਲ ਕੇ ਵੀ ਮੈਂ ਮਰਿਆਂ ਵਰਗਾ ਹੀ ਹੋਵਾਂਗਾ। ਚੰਗਾ ਇਹੀ ਹੈ ਕਿ ਮੈਂ ਆਪਣੇ ਉਨ੍ਹਾਂ ਸਾਥੀਆਂ ਨਾਲ ਹੀ ਮਾਣ ਭਰੀ ਮੌਤ ਮਰ ਜਾਵਾਂ ਜਿਨ੍ਹਾਂ ਨਾਲ ਰਲ ਕੇ ਮੈਂ ਲੜਦਾ ਰਿਹਾ ਹਾਂ। ਇਹ ਕਹਿ ਕੇ ਉਸ ਨੇ ਫਤਿਹ ਬੁਲਾਈ ਅਤੇ ਅੰਤਰਧਿਆਨ ਹੋ ਕੇ ਆਪਣਾ ਸਿਰ ਲਾਹੇ ਜਾਣ ਦੀ ਉਡੀਕ ਕਰਨ ਲੱਗਿਆ। ਜਲਾਦ ਨੇ ਦਰੋਗੇ ਦਾ ਇਸ਼ਾਰਾ ਪਾ ਕੇ ਉਸ ਦਾ ਸਿਰ ਆਪਣੇ ਢੰਗ ਅਨੁਸਾਰ ਕਤਲ ਕਰ ਦਿੱਤਾ।'[9]

ਇਸ ਤਰ੍ਹਾਂ ਸੌ ਸੌ ਕਰਕੇ ਸੱਤ ਸੌ ਤੋਂ ਵੱਧ ਗਿਣਤੀ ਵਿਚਲੇ ਸਿੰਘਾਂ ਨੂੰ ਸੱਤ-ਅੱਠ ਦਿਨਾਂ ਵਿਚ ਕਤਲ ਕਰ ਦਿੱਤਾ ਗਿਆ। ਜਿਵੇਂ ਕਿ ਪਹਿਲਾਂ ਲਿਖਿਆ ਜਾ ਚੁੱਕਿਆ ਹੈ ਕਿ ਬੰਦਾ ਸਿੰਘ ਅਤੇ ਉਸ ਦੇ ਮੁਖੀ ਸਾਥੀਆਂ ਨੂੰ ਬਾਕੀ ਸਿੰਘਾਂ ਨਾਲੋਂ ਅਲੱਗ ਕੈਦ ਵਿਚ ਰੱਖਿਆ ਗਿਆ ਸੀ। ਉਸ ਦੇ ਮੁਖੀ ਸਾਥੀਆਂ ਦੀ ਗਿਣਤੀ ਸਤਾਰਾਂ ਸੀ। ਉਨ੍ਹਾਂ ਨੂੰ ਜੂਨ, 1716 ਤੱਕ ਜਿਉਂਦੇ ਰੱਖਿਆ ਗਿਆ ਸੀ। ਅੱਧੀ ਮਾਰਚ ਤੋਂ ਲੈ ਕੇ ਜੂਨ ਦੇ ਅਖੀਰ ਤੱਕ ਉਨ੍ਹਾਂ ਨੂੰ ਨਾ ਮਾਰੇ ਜਾਣ ਦਾ ਕਾਰਨ ਇਹੀ ਸੀ ਕਿ ਉਨ੍ਹਾਂ ਨੂੰ ਤਸੀਹੇ ਦਿਤੇ ਜਾ ਰਹੇ ਸਨ। ਇਹ ਤਸੀਹੇ ਦੇ ਕੇ ਉਨ੍ਹਾਂ ਤੋਂ ਇਕ ਤਾਂ ਉਨ੍ਹਾਂ ਦੇ ਅਜਿਹੇ ਸਾਥੀਆਂ ਦੀਆਂ ਛੁਪਣਗਾਹਾਂ ਬਾਰੇ ਪੁੱਛਿਆ ਜਾਂਦਾ ਸੀ ਜਿਹੜੇ ਅਜੇ ਹਕੂਮਤ ਦੇ ਹੱਥ ਨਹੀਂ ਆਏ ਸਨ। ਦੂਜਾ, ਉਨ੍ਹਾਂ ਖ਼ਜ਼ਾਨਿਆਂ ਬਾਰੇ ਪੁੱਛਿਆ ਜਾਂਦਾ ਸੀ ਜਿਹੜੇ ਵੱਡੇ ਵੱਡੇ ਸ਼ਹਿਰਾਂ ਦੀ ਜਿੱਤ ਵੇਲੇ ਦੁਸ਼ਮਣ ਵਲੋਂ ਨਜ਼ਰਾਨਿਆਂ ਦੇ ਤੌਰ ਤੇ ਹਾਸਲ ਕੀਤੇ ਸਨ। ਪਰ ਨਾ ਬੰਦਾ ਸਿੰਘ ਅਤੇ ਨਾ ਹੀ ਉਸ ਦਾ ਕੋਈ ਸਾਥੀ ਭਾਂਤ-ਭਾਂਤ ਦੇ ਤਸੀਹੇ ਸਹਿ ਕੇ ਵੀ ਟੱਸ ਤੋਂ ਮੱਸ ਹੋਇਆ। ਜੌਨ ਸਰਮਨ ਅਤੇ ਐਡਵਰਡ ਸਟੀਫਨਸਨ ਨੇ ਆਪਣੀ ਚਿੱਠੀ ਵਿਚ ਇਸ ਬਾਰੇ ਲਿਖਿਆ ਹੈ, 'ਉਸ ਦੀ (ਬੰਦਾ ਸਿੰਘ) ਅਤੇ ਉਸ ਦੇ ਬਹੁਤ ਸਾਰੇ ਸਾਥੀਆਂ ਦੀ ਜ਼ਿੰਦਗੀ ਇਸ ਵੇਲੇ ਇਸ ਲਈ ਵਧਾ ਦਿੱਤੀ ਗਈ ਹੈ ਕਿ ਉਸ ਦੇ ਖ਼ਜ਼ਾਨੇ ਅਤੇ ਉਸ ਦੇ ਸਹਾਇਕਾਂ ਦਾ ਪਤਾ ਲਗਾਇਆ ਜਾ ਸਕੇ। ਇਸ ਤੋਂ ਬਾਅਦ ਉਸ ਨੂੰ ਵੀ ਕਤਲ ਕਰ ਦਿੱਤਾ ਜਾਵੇਗਾ।'[10]

ਅਖੀਰ ਜਦੋਂ ਭਾਂਤ-ਭਾਂਤ ਦੇ ਤਸੀਹੇ ਦੇ ਕੇ ਵੀ ਸਰਕਾਰੀ ਅਧਿਕਾਰੀ ਬੰਦਾ ਸਿੰਘ ਬਹਾਦੁਰ ਅਤੇ ਉਸ ਦੇ ਸਾਥੀਆਂ ਕੋਲੋਂ ਕੁਝ ਵੀ ਪਤਾ ਨਾ ਲਗਾ ਸਕੇ ਤਾਂ ਬਾਦਸ਼ਾਹ ਨੇ ਇਨ੍ਹਾਂ ਅੱਧਮਰੇ ਹੋਏ ਸਿੰਘਾਂ ਨੂੰ ਮਾਰ ਦਿੱਤੇ ਜਾਣ ਦਾ ਹੁਕਮ ਕਰ ਦਿੱਤਾ। ਧਿਆਨ ਰਹੇ ਕਿ ਮਾਰ ਦਿੱਤੇ ਜਾਣ ਦਾ ਹੁਕਮ ਉਸ ਸਮੇਂ ਦਿੱਤਾ ਗਿਆ ਸੀ ਜਦੋਂ ਇਨ੍ਹਾਂ ਨੂੰ ਹੋਰ ਤਸੀਹੇ ਨਹੀਂ ਦਿੱਤੇ ਜਾ ਸਕਦੇ ਸਨ। ਜਿੰਨਾਂ ਚਿਰ ਤਸੀਹੇ ਦਿੱਤੇ ਜਾ ਸਕਦੇ ਸੀ, ਤਸੀਹੇ ਦਿੱਤੇ ਗਏ ਸਨ ਪਰ ਜਦੋਂ ਤਸੀਹਿਆਂ ਦੀ ਹੀ ਹੱਦ ਮੁੱਕ ਗਈ ਤਾਂ ਹੋਰ ਤਸੀਹੇ ਕਿਵੇਂ ਦਿੱਤੇ ਜਾ ਸਕਦੇ ਸਨ।

9 ਜੂਨ, 1716 ਈ. ਨੂੰ ਸੂਰਜ ਚੜ੍ਹਦੇ ਹੀ ਬੰਦਾ ਸਿੰਘ ਅਤੇ ਉਸ ਦੇ 17 ਸਾਥੀਆਂ ਨੂੰ ਕੈਦ ਵਿਚੋਂ ਕੱਢ ਕੇ ਅੰਤਮ ਜਲੂਸ ਕੱਢਿਆ ਗਿਆ। ਬੰਦਾ ਸਿੰਘ ਦੇ ਲਾਲ ਪੱਗੜੀ ਅਤੇ ਤਿੱਲੇਦਾਰ ਭੜਕੀਲੇ ਰੰਗ ਦੀ ਪੁਸ਼ਾਕ ਪਾਈ ਗਈ ਸੀ। ਇਹ ਭੜਕੀਲਾ ਰੰਗ ਸਿਰਫ ਉਸ ਦਾ ਮਖੌਲ ਉਡਾਉਣ ਲਈ ਸੀ ਤਾਂ ਕਿ ਲੋਕ ਉਸ ਦੀ ਦੂਰੋਂ ਹੀ ਪਛਾਣ ਕਰ ਸਕਣ। ਲਾਲ ਰੰਗ ਉਸ ਨੂੰ ਸਿਰਫ ਲਾੜਾ ਬਣਾਉਣ ਲਈ ਪਹਿਨਾਇਆ ਗਿਆ ਸੀ। ਲੋਕਾਂ ਲਈ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਸੀ ਕਿ ਦੇਖੋ ਬੰਦਾ ਵਿਆਹ ਕਰਵਾਉਣ ਜਾ ਰਿਹਾ ਹੈ। ਬੰਦਾ ਸਿੰਘ ਦੇ ਨਾਲ ਉਸੇ ਹਾਥੀ ਉਪਰ ਉਸ ਦਾ ਨੰਨ੍ਹਾ ਪੁੱਤਰ ਅਤੇ ਰਾਜਕੁਮਾਰੀ ਪਤਨੀ ਬਿਠਾਏ ਹੋਏ ਸਨ। ਸਾਰੇ ਸਿੰਘ ਉਸ ਦੇ ਪਿੱਛੇ ਪਿੱਛੇ ਗੱਧਿਆਂ ਜਾਂ ਖੱਚਰਾਂ ਉਪਰ ਸੰਗਲਾਂ ਨਾਲ ਨੂੜ ਕੇ ਬਿਠਾਏ ਹੋਏ ਸਨ। ਬਜ਼ਾਰ

9. Khafi Khan, 'Muntakhab-ul-Lubab' in Elliot and Dowson, *History of India As Told by its own Historians*, Vol. VII, Allahahad, 1964, p. 458. See Also; *Macauliffe, The Sikh Religion*, Vol. V-VI, Satvic Media Ltd. Amrtisar.

10. ਦੇਖੋ ਇਸੇ ਲੇਖ ਦਾ ਫੁੱਟ ਨੋਟ ਨੰਬਰ 4.

SIKHBOOKCLUB.COM

ਵਿਚੋਂ ਦੀ ਕੱਢ ਕੇ ਸਭ ਨੂੰ ਕੁਤਬਮੀਨਾਰ ਦੇ ਲਾਗੇ ਖੁਆਜ਼ਾ ਕੁਤਬਦੀਨ ਬਖ਼ਤਿਆਰ ਕਾਕੀ ਦੇ ਰੋਜ਼ੇ ਦੇ ਪਾਸ ਪਹੁੰਚਾਇਆ ਗਿਆ। ਉਥੇ ਹੀ ਬਾਦਸ਼ਾਹ ਬਹਾਦੁਰ ਸ਼ਾਹ ਦੀ ਕਬਰ ਸੀ। ਬੰਦਾ ਸਿੰਘ ਦੇ ਹਾਥੀ ਨੂੰ ਇਥੇ ਬਿਠਾਇਆ ਗਿਆ। ਉਸ ਨੂੰ ਕੁਝ ਸਿਪਾਹੀਆਂ ਨੇ ਫੜ ਕੇ ਹਾਥੀ ਦੇ ਹੌਦੇ ਵਿਚੋਂ ਉਤਾਰਿਆ। ਬੰਦਾ ਸਿੰਘ ਦੀ ਇਹ ਹਾਲਤ ਸੀ ਕਿ ਨਾ ਉਹ ਆਪਣੇ ਤੌਰ ਤੇ ਉਠ-ਬੈਠ ਸਕਦਾ ਸੀ ਅਤੇ ਨਾ ਹੀ ਤੁਰ-ਫਿਰ ਸਕਦਾ ਸੀ। ਉਸ ਨੂੰ ਤੁਰਨ ਲਈ ਸੋਟੀ ਫੜਾਈ ਗਈ ਸੀ। ਸਿਪਾਹੀਆਂ ਨੇ ਉਸ ਨੂੰ ਮੋਢਿਆਂ ਤੋਂ ਫੜ ਕੇ ਬਾਦਸ਼ਾਹ ਬਹਾਦੁਰ ਸ਼ਾਹ ਦੀ ਕਬਰ ਦੇ ਦੁਆਲੇ ਕਈ ਵਾਰ ਘੁਮਾਇਆ। ਕਬਰ ਦੇ ਦੁਆਲੇ ਘੁਮਾਉਣ ਦਾ ਮਤਲਬ ਸੀ ਕਿ ਬੰਦਾ ਸਿੰਘ ਪਹਿਲਾਂ ਉਸ ਬਾਦਸ਼ਾਹ ਦੀ ਕਬਰ ਨੂੰ ਸਿਜਦਾ ਕਰਦਾ ਹੈ ਜਿਹੜਾ ਉਸ ਨਾਲ ਲੜਦਾ ਹੋਇਆ ਮਰ ਗਿਆ ਸੀ। ਬੰਦਾ ਸਿੰਘ ਨਿਰਬਲ ਸੀ ਅਤੇ ਬੇਬੱਸ ਸੀ। ਜਿਵੇਂ ਮੁਗਲ ਅਧਿਕਾਰੀ ਇਕ ਬੰਦੀ ਕੋਲੋਂ ਕਰਵਾਉਣਾ ਚਾਹੁੰਦੇ ਸਨ, ਬੰਦੇ ਤੋਂ ਉਸੇ ਤਰ੍ਹਾਂ ਕਰਵਾਇਆ ਗਿਆ। ਕਬਰ ਦੁਆਲੇ ਕਈ ਗੇੜੇ ਕਢਵਾ ਕੇ ਬੰਦਾ ਸਿੰਘ ਨੂੰ ਬਿਠਾਇਆ ਗਿਆ। ਕਾਜ਼ੀ ਨੇ ਉਸ ਦੇ ਕੋਲ ਜਾ ਕੇ ਫਤਵਾ ਸੁਣਾਇਆ ਕਿ ਜੇਕਰ ਉਹ ਇਸਲਾਮ ਧਾਰਨ ਕਰਨ ਨੂੰ ਤਿਆਰ ਹੈ ਤਾਂ ਉਸ ਨੂੰ ਬੜੇ ਮਾਣ-ਸਤਿਕਾਰ ਨਾਲ ਛੱਡ ਦਿੱਤਾ ਜਾਵੇਗਾ ਨਹੀਂ ਤਾਂ ਉਹ ਮਰਨ ਲਈ ਤਿਆਰ ਹੋ ਜਾਵੇ। ਇਹੀ ਫਤਵਾ ਉਸ ਦੇ ਬਾਕੀ ਸਿੰਘ ਸਾਥੀਆਂ ਨੂੰ ਸੁਣਾਇਆ ਗਿਆ ਪਰ ਸਭ ਨੇ ਸਮੇਤ ਬੰਦਾ ਸਿੰਘ ਦੇ, ਇਸਲਾਮ ਧਾਰਨ ਕਰਨ ਤੋਂ ਇਕਦਮ ਇਨਕਾਰ ਕਰ ਦਿੱਤਾ। ਸਭ ਆਪਣੇ ਮਰਨ ਦੀ ਉਡੀਕ ਕਰਨ ਲੱਗੇ। *ਤਾਰੀਖ਼-ਏ-ਮੁਜ਼ਫਰੀ* ਵਿਚ ਲਿਖਿਆ ਗਿਆ ਹੈ ਕਿ 'ਗੁਰੂ ਗੋਬਿੰਦ ਸਿੰਘ ਦੇ ਚੁਣੇ ਹੋਏ ਸਿੱਖ ਨੇ ਥੋੜ੍ਹੇ ਜਿਹੇ ਦਿਨਾਂ ਦੀ ਜ਼ਿੰਦਗੀ ਲਈ ਆਪਣਾ ਧਰਮ ਤਿਆਗਣ ਦੀ ਥਾਂ ਇਕ ਸਿਦਕੀ ਸਿੱਖ ਦੀ ਤਰ੍ਹਾਂ ਆਪਣੀ ਜਾਨ ਕੁਰਬਾਨ ਕਰਨਾ ਪਰਵਾਨ ਕਰ ਲਿਆ।'[11]

ਇਸ ਤਰ੍ਹਾਂ ਦਾ ਇਨਕਾਰ ਸੁਣ ਕੇ ਕਾਜ਼ੀ ਨੇ ਸਭ ਨੂੰ ਤਸੀਹੇ ਦੇ ਕੇ ਕਤਲ ਕਰ ਦੇਣ ਦਾ ਹੁਕਮ ਕਰ ਦਿੱਤਾ। ਬੰਦਾ ਸਿੰਘ ਦੇ ਸਾਥੀ ਸਿੰਘਾਂ ਨੂੰ ਜਦੋਂ ਕਤਲ ਕਰਨ ਲਈ ਅੱਗੇ ਕੀਤਾ ਜਾਂਦਾ ਸੀ ਤਾਂ ਭਾਈ ਬਾਜ ਸਿੰਘ ਦੀ ਵਾਰੀ ਆਉਣ ਤੇ ਉਥੇ ਮੌਜੂਦ ਸਭ ਤੋਂ ਵੱਡੇ ਅਧਿਕਾਰੀ ਨੇ ਭਾਈ ਬਾਜ ਸਿੰਘ ਨੂੰ ਸੰਬੋਧਨ ਕਰਦਿਆਂ ਕਿਹਾ 'ਤੇਰੀ ਤਾਂ ਬੜੀ ਬਹਾਦੁਰੀ ਸੁਣੀਦੀ ਸੀ ਕੀ, ਗੱਲ ਇਸ ਤਰ੍ਹਾਂ ਦੀ ਦਸ਼ਾ ਤੇਰੀ ਕਿਉਂ ਹੋ ਗਈ? ਕੀ ਹੁਣ ਵੀ ਕੁਝ ਕਰ ਸਕਣ ਜੋਗਾ ਹੈ?' ਭਾਈ ਬਾਜ ਸਿੰਘ ਨੇ ਜਵਾਬ ਦਿੱਤਾ ਕਿ 'ਮੈਨੂੰ ਬੇੜੀਆਂ ਵਿਚ ਬੰਨ੍ਹਿਆ ਪਿਆ ਹੈ। ਮੇਰੀ ਬਹਾਦੁਰੀ ਦੇਖਣੀ ਹੈ ਤਾਂ ਜ਼ਰਾ ਕੁ ਬੇੜੀਆਂ ਖੋਹਲ ਦਿਓ।' ਉਸ ਅਧਿਕਾਰੀ ਦੇ ਕਹਿਣ ਤੇ ਉਸ ਦੀਆਂ ਬੇੜੀਆਂ ਖੋਹਲ ਦਿਤੀਆਂ ਗਈਆਂ। ਬੇੜੀਆਂ ਖੋਹਲ ਕੇ ਅਜੇ ਉਸ ਦੀਆਂ ਲੱਤਾਂ-ਬਾਹਾਂ ਵਿਚੋਂ ਕੱਢੀਆਂ ਹੀ ਸਨ ਕਿ ਉਹ ਅਧਮੋਈ ਜਿਹੀ ਹਾਲਤ ਵਿਚ ਹੋਣ ਦੇ ਬਾਵਜੂਦ ਵੀ ਆਪਣੇ ਕੋਲ ਖੜ੍ਹੇ ਅਧਿਕਾਰੀਆਂ ਉਪਰ ਬਾਜਾਂ ਵਾਂਗੂ ਝਪਟ ਪਿਆ। ਜੇਕਰ ਸਿਪਾਹੀ ਛੇਤੀ ਕੀਤੇ ਬਾਜ ਸਿੰਘ ਨੂੰ ਕਾਬੂ ਨਾ ਕਰਦੇ ਤਾਂ ਉਸ ਨੇ ਕਈ ਅਧਿਕਾਰੀਆਂ ਨੂੰ ਮਾਰ ਸੁੱਟਣਾ ਸੀ। ਉਸ ਨੂੰ ਝੱਟ-ਪੱਟ ਕਾਬੂ ਕਰਕੇ ਉਸ ਦੀਆਂ ਬਾਹਾਂ ਕੱਟ ਦਿੱਤੀਆਂ ਗਈਆਂ ਸਨ। ਫਿਰ ਕਿਸੇ ਵੀ ਸਿੰਘ ਨੂੰ ਕਿਸੇ ਅਧਿਕਾਰੀ ਨੇ ਇਸ ਤਰ੍ਹਾਂ ਦੀ ਟਕੋਰ ਨਹੀਂ ਕੀਤੀ। ਬਾਜ ਸਿੰਘ ਤੋਂ ਬਾਅਦ ਸਭ ਨੂੰ ਹੀ ਸੰਗਲਾਂ ਵਿਚ ਜਕੜਿਆਂ ਪਿਆਂ ਨੂੰ ਹੀ ਕਤਲ ਕਰ ਦਿੱਤਾ ਗਿਆ ਸੀ। ਕਿਸੇ ਵੀ ਸਿੰਘ ਨੇ ਕਤਲ ਹੋਣ ਦੇ ਡਰੋਂ ਆਪਣਾ ਸਿਦਕ ਨਹੀਂ ਹਾਰਿਆ।

ਇਨ੍ਹਾਂ ਸਿੰਘਾਂ ਵਿਚ ਇਕ ਸਿੰਘ ਬਾਵਾ ਕਾਨ੍ਹ ਸਿੰਘ ਸੀ ਜੋ ਬਾਵਾ ਬਿਨੋਦ ਸਿੰਘ ਦਾ ਪੁੱਤਰ ਸੀ। ਭਾਵੇਂ ਬਾਵਾ ਬਿਨੋਦ ਸਿੰਘ ਅਤੇ ਬਾਵਾ ਕਾਨ੍ਹ ਸਿੰਘ ਦੋਵੇਂ ਹੀ ਆਪਣੇ ਚੇਲਿਆਂ ਨਾਲ ਕਾਫੀ ਦੇਰ ਪਹਿਲੋਂ ਹੀ ਬੰਦਾ ਸਿੰਘ ਨਾਲ ਗੱਦਾਰੀ ਕਰਕੇ ਲਾਹੌਰ ਦੇ ਗਵਰਨਰ ਨਾਲ ਜਾ ਮਿਲਿਆ ਸੀ ਅਤੇ ਉਸ ਨੂੰ ਗਵਰਨਰ ਦੀ ਅਧੀਨਗੀ ਵਿਚ ਹੀ ਪੰਜ ਸੌ ਘੋੜਸਵਾਰਾਂ ਦਾ ਮਨਸਬਦਾਰ ਬਣਾ ਦਿੱਤਾ ਗਿਆ ਸੀ ਜਿਵੇਂ ਕਿ ਰਤਨ ਸਿੰਘ ਭੰਗੂ ਨੇ ਆਪਣੇ *ਪ੍ਰਾਚੀਨ ਪੰਥ ਪ੍ਰਕਾਸ਼*[12] ਵਿੱਚ ਲਿਖਿਆ ਹੈ ਪਰ ਗੁਰਦਾਸ-ਨੰਗਲ ਵਿਚੋਂ ਬੰਦਾ ਸਿੰਘ ਬਹਾਦੁਰ ਨੂੰ ਗਰਿਫਤਾਰ ਕਰਨ ਨਾਲ ਅਬਦੁੱਸ ਸਮੱਦ ਖਾਨ ਕਾਫੀ ਹੰਕਾਰ ਵਿਚ ਆ ਗਿਆ ਸੀ। ਉਸ ਨੇ ਲਗਦੇ ਹੱਥ ਜਿਹੜਾ ਵੀ ਸਿੱਖ ਸਾਹਮਣੇ ਆਉਂਦਾ ਸੀ ਉਸੇ ਨੂੰ ਫੜ ਕੇ ਬੰਦਾ ਸਿੰਘ ਦੀ ਬੰਦੀ ਬਣਾਈ ਫੌਜ ਵਿਚ ਸ਼ਾਮਲ ਕਰ ਲੈਂਦਾ ਸੀ। ਇਸੇ ਹੀ ਹੰਕਾਰ ਭਰੀ ਕਾਰਵਾਈ ਵਿਚ ਉਸ ਨੇ ਲਾਹੌਰ ਪਹੁੰਚਦਿਆਂ ਹੀ ਆਪਣੇ ਅਧੀਨ ਕੰਮ ਕਰਦੇ ਬਾਵਾ ਕਾਨ੍ਹ ਸਿੰਘ ਨੂੰ ਵੀ ਗਰਿਫਤਾਰ ਕਰ ਲਿਆ ਸੀ ਪਰ ਦਿੱਲੀ ਵਿਖੇ ਇਸ ਨੂੰ ਬਾਕੀ ਸਿੰਘਾਂ ਨਾਲੋਂ ਅਲੱਗ ਕੈਦ ਵਿਚ ਰੱਖਿਆ ਗਿਆ ਸੀ। ਇਸ ਦਾ ਕਾਰਨ ਸਿਰਫ਼ ਇਹ ਹੀ ਸੀ ਕਿ ਬਾਕੀ ਦੇ ਸਿੰਘ ਇਸ ਨੂੰ ਗੱਦਾਰ ਸਮਝਦੇ ਸਨ। ਹਕੂਮਤ ਡਰਦੀ ਸੀ ਕਿ ਜੇਕਰ ਬਾਵਾ ਕਾਨ੍ਹ ਸਿੰਘ ਨੂੰ ਉਨ੍ਹਾਂ ਨਾਲ ਹੀ ਰਲਾ ਕੇ ਬੰਦ ਕੀਤਾ ਗਿਆ ਤਾਂ ਉਹ ਇਸ ਨੂੰ ਮਾਰ ਨਾ ਦੇਣ।

ਇਸ ਦਾ ਪਿਤਾ ਬਾਵਾ ਬਿਨੋਦ ਸਿੰਘ ਇਸ ਦੀ ਗਰਿਫਤਾਰੀ ਤੋਂ ਬੜਾ ਪਰੇਸ਼ਾਨ ਸੀ। ਇਸ ਨੇ ਆਪਣੇ ਪੁੱਤਰ ਨੂੰ ਛੁਡਵਾਉਣ ਦੀ ਬੜੀ ਕੋਸ਼ਿਸ਼ ਕੀਤੀ। ਸਰੂਪ ਦਾਸ ਭੱਲਾ ਇਸੇ ਖਾਨਦਾਨ ਵਿਚੋਂ ਹੀ ਗੁਰਮੁੱਖੀ ਦਾ ਲੇਖਕ ਹੋਇਆ ਹੈ। ਉਸ ਨੇ

11. ਡਾ. ਗੰਡਾ ਸਿੰਘ ਦੇ ਹਵਾਲੇ ਅਨੁਸਾਰ, *ਪੂਰਵ ਅੰਕਤ*, ਪੰਨਾ 141.

12. ਕਾਨ੍ਹ ਸਿੰਘ ਕੀ ਬੰਦਯੋਂ ਜੁਦਾਈ।। ਲਈ ਤੁਰਕਨ ਸਯੋਂ ਬਾਤ ਬਨਾਈ।।
ਰੁਪਯੇ ਪੰਜ ਸੈ ਨਿਤ ਲੈਣ ਠਹਿਰਾਯੋ।। ਅਸਵਾਰ ਪੰਜ ਸੈ ਸਾਥ ਰਖਾਯੋ।।
ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼*, ਸ਼ਰੋਮਣੀ ਕਮੇਟੀ, ਅੰਮ੍ਰਿਤਸਰ, 1981, ਪੰਨਾ 227.

SIKHBOOKCLUB.COM

ਆਪਣੀ ਲਿਖਤ *ਮਹਿਮਾ ਪ੍ਰਕਾਸ਼*[13] ਵਿਚ ਲਿਖਿਆ ਹੈ ਕਿ ਬਾਵਾ ਕਾਨ੍ਹ ਸਿੰਘ ਨੂੰ ਛੁਡਵਾਉਣ ਲਈ ਬੜੀ ਕੋਸ਼ਿਸ਼ ਕੀਤੀ ਗਈ। ਅਖੀਰ ਜੇਲ ਦਰੋਗੇ ਨਾਲ ਇਹ ਸੌਦੇਬਾਜੀ ਕੀਤੀ ਗਈ ਕਿ ਬਾਵਾ ਕਾਨ੍ਹ ਸਿੰਘ ਦੀ ਥਾਂ ਤੇ ਕਿਸੇ ਹੋਰ ਬੰਦੇ ਨੂੰ ਉਸੇ ਤਰ੍ਹਾਂ ਦੇ ਕੱਪੜੇ ਪਹਿਨਾ ਕੇ ਬਿਠਾ ਦਿੱਤਾ ਜਾਵੇ ਅਤੇ ਬਾਵਾ ਕਾਨ੍ਹ ਸਿੰਘ ਨੂੰ ਬਾਹਰ ਨਿਕਾਲ ਦਿੱਤਾ ਜਾਵੇ। ਇਸ ਮਕਸਦ ਲਈ ਕਿਸੇ ਗਰੀਬ ਸਿੱਖ ਦੀ ਭਾਲ ਕੀਤੀ ਗਈ। ਉਸ ਨੂੰ ਪੈਸੇ ਦੇ ਕੇ ਅਤੇ ਛੇਤੀ ਛੁਡਵਾ ਲੈਣ ਦਾ ਲਾਰਾ ਲਾ ਕੇ ਬਾਵਾ ਕਾਨ੍ਹ ਸਿੰਘ ਦੀ ਥਾਂ ਤੇ ਬਿਠਾਇਆ ਗਿਆ। ਬਾਵਾ ਕਾਨ੍ਹ ਸਿੰਘ ਨੂੰ ਬਾਹਰ ਕੱਢ ਲਿਆ ਗਿਆ। ਇਸ ਤਰ੍ਹਾਂ ਬਾਵਾ ਕਾਨ੍ਹ ਸਿੰਘ ਦੀ ਰੱਖਿਆ ਕੀਤੀ ਗਈ। ਇਹ ਬਾਵਾ ਕਾਨ੍ਹ ਸਿੰਘ ਬੰਦਾ ਸਿੰਘ ਬਹਾਦੁਰ ਨਾਲ ਗੱਦਾਰੀ ਕਰਨ ਵਾਲੇ ਤੱਤ ਖਾਲਸਾ ਦਾ ਨੇਤਾ ਸੀ।

ਇਹ ਕਹਾਣੀ ਕਿਉਂਕਿ ਬਾਵਾ ਕਾਨ੍ਹ ਸਿੰਘ ਦੀ ਆਪਣੀ ਵੰਸ਼ ਵਿਚੋਂ ਹੋਏ ਲੇਖਕ ਨੇ ਦਿੱਤੀ ਹੈ। ਇਸ ਕਰਕੇ ਇਸ ਨੂੰ ਗਲਤ ਨਹੀਂ ਕਿਹਾ ਜਾ ਸਕਦਾ। ਸਰੂਪ ਦਾਸ ਭੱਲਾ ਨੂੰ ਆਖ਼ਕਾਰ ਆਪਣੇ ਹੀ ਵੱਡੇ-ਵਡੇਰੇ ਨਾਲ ਅਜਿਹੀ ਕਹਾਣੀ ਝੂਠੇ ਤੌਰ ਤੇ ਜੋੜ ਕੇ ਲਿਖਣ ਦਾ ਕੀ ਫਾਇਦਾ ਹੋਣਾ ਸੀ? ਇਸ ਤਰ੍ਹਾਂ ਇਸ ਨੂੰ ਠੀਕ ਮੰਨਿਆ ਜਾਣਾ ਚਾਹੀਦਾ ਹੈ। ਕਿਉਂਕਿ ਇਹ ਕਹਾਣੀ ਠੀਕ ਹੈ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਕਿੱਥੇ ਤਾਂ ਬੰਦਾ ਸਿੰਘ ਅਤੇ ਉਸ ਦੇ ਸਾਥੀ ਸਿੰਘ, ਜਿਹੜੇ ਧਰਮ ਉਤੋਂ ਦੀ ਆਪਣੀਆਂ ਜਾਨਾਂ ਕੁਰਬਾਨ ਕਰ ਗਏ ਸਨ ਅਤੇ ਕਿੱਥੇ ਉਹ ਤੱਤ ਖਾਲਸਿਆਂ ਦਾ ਨੇਤਾ, ਜਿਹੜਾ ਆਪਣੀ ਜ਼ਿੰਦਗੀ ਬਚਾਉਣ ਲਈ ਕਿਸੇ ਗਰੀਬ ਸਿੱਖ ਨੂੰ ਝੂਠੇ ਲਾਰੇ-ਲੱਪਿਆਂ ਨਾਲ ਮੌਤ ਦੇ ਮੂੰਹ ਵਿਚ ਪਾ ਕੇ ਆਪਣੀ ਜਾਨ ਬਚਾਅ ਆਇਆ ਸੀ। ਦੋਹਾਂ ਵਿਚ ਕਿੰਨਾਂ ਫ਼ਰਕ ਹੈ।

ਅਖ਼ੀਰ ਤੇ ਆਈ ਬੰਦਾ ਸਿੰਘ ਬਹਾਦੁਰ ਦੀ ਦਰਦਨਾਕ ਮੌਤ ਦੀ ਵਾਰੀ। ਇਹ ਗੱਲ ਤਾਂ ਤਹਿ ਹੋ ਗਈ ਸੀ ਕਿ ਹੁਣ ਬੰਦਾ ਸਿੰਘ ਨੂੰ ਕਤਲ ਕਰ ਦੇਣਾ ਹੀ ਠੀਕ ਹੈ। ਸਭ ਤੋਂ ਪਹਿਲਾਂ ਉਸ ਦੀ ਗੋਦ ਵਿਚ ਉਸ ਦੇ ਚਾਰ ਸਾਲਾਂ ਦੇ ਬਹੁਤ ਹੀ ਖੂਬਸੂਰਤ ਅਤੇ ਚੰਚਲ ਸੁਭਾ ਵਾਲੇ ਬੱਚੇ ਨੂੰ ਬਿਠਾਇਆ ਗਿਆ। ਬੰਦਾ ਸਿੰਘ ਨੂੰ ਕਿਹਾ ਕਿ ਉਸ ਦੇ ਬੱਚੇ ਨੂੰ ਪਹਿਲਾਂ ਮਾਰਨਾ ਹੈ। ਚੰਗਾ ਇਹ ਹੀ ਹੋਵੇਗਾ ਕਿ ਜਲਾਦ ਦੇ ਹੱਥੋਂ ਮਾਰੇ ਜਾਣ ਦੀ ਥਾਂ ਬੰਦਾ ਸਿੰਘ ਆਪਣੇ ਪੁੱਤਰ ਨੂੰ ਆਪ ਹੀ ਮਾਰ ਦੇਵੇ। ਬੰਦਾ ਸਿੰਘ ਨੇ ਕਿਹਾ ਕਿ ਉਹ ਉਸ ਨੂੰ ਇਸ ਤਰ੍ਹਾਂ ਆਪਣੇ ਧਰਮ ਤੋਂ ਭੁਲਾ ਨਹੀਂ ਸਕਦੇ। ਜੇ ਬੱਚੇ ਨੂੰ ਮਾਰਨਾ ਹੀ ਹੈ ਤਾਂ ਉਹ ਖੁਦ ਹੀ ਮਾਰਨ ਤਾਂ ਕਿ ਲੋਕਾਂ ਨੂੰ ਪਤਾ ਲੱਗੇ ਕਿ ਇਸਲਾਮ ਵੀ ਭੋਲੇ-ਭਾਲੇ ਬੱਚੇ ਨੂੰ ਮਾਰਨ ਦੀ ਇਜ਼ਾਜ਼ਤ ਦਿੰਦਾ ਹੈ। ਜਲਾਦ ਨੇ ਕਾਜ਼ੀ ਦਾ ਇਸ਼ਾਰਾ ਮਿਲਦਿਆਂ ਹੀ ਬੱਚੇ ਨੂੰ ਇਸਲਾਮੀ ਢੰਗ ਨਾਲ ਜ਼ਿਬਾਹ ਕਰ ਦਿੱਤਾ। ਇਸਲਾਮੀ ਢੰਗ ਸੀ ਬੱਚੇ ਨੂੰ ਕਲਮਾਂ ਪੜ੍ਹਦੇ ਹੋਏ ਮਾਰਨਾ। ਬੱਚੇ ਦਾ ਤੜਫਦਾ ਹੋਇਆ ਦਿਲ ਬਾਹਰ ਕੱਢਿਆ ਗਿਆ। ਇਸ ਨੂੰ ਬੰਦਾ ਸਿੰਘ ਦੇ ਮੂੰਹ ਵਿਚ ਥੁੰਨਿਆ ਗਿਆ। ਪਰ ਬੰਦਾ ਸਿੰਘ ਰੱਬ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੋਇਆ ਅਡੋਲ ਰਿਹਾ ਅਤੇ ਅੱਖਾਂ ਬੰਦ ਕਰਕੇ ਆਪਣੀ ਗੋਦ ਵਿਚ ਆਪਣੇ ਪਿਆਰੇ ਬੱਚੇ ਦੇ ਤੜਫਦੇ ਅੰਗਾਂ ਨੂੰ ਸ਼ਾਂਤ ਹੋਣ ਦੀ ਉਡੀਕ ਕਰਦਾ ਰਿਹਾ।

ਬੰਦਾ ਸਿੰਘ ਦੇ ਇਸ ਹੌਠ ਨੂੰ ਦੇਖ ਕੇ ਉਥੋਂ ਦੇ ਅਧਿਕਾਰੀ ਵੀ ਹੈਰਾਨ ਹੁੰਦੇ ਸਨ ਅਤੇ ਕਤਲ ਕਰਨ ਵਾਲਾ ਜਲਾਦ ਵੀ। ਉਹ ਬੰਦਾ ਸਿੰਘ ਨੂੰ ਵਾਰ ਵਾਰ ਇਸ ਗੱਲ ਬਾਰੇ ਪੁੱਛਦੇ ਸਨ ਕਿ 'ਜਿਤਨਾ ਹੌਠ ਉਹ ਸਰਕਾਰ ਸਾਹਮਣੇ ਦਿਖਾ ਰਿਹਾ ਹੈ ਅਤੇ ਜਿਸ ਤਰੀਕੇ ਨਾਲ ਹਰ ਕਿਸਮ ਦੇ ਤਸੀਹੇ ਝੱਲ ਰਿਹਾ ਹੈ ਇਹ ਇਕ ਬਹੁਤ ਹੀ ਉੱਚੇ, ਸੱਚੇ ਅਤੇ ਵਿਦਵਾਨ ਪੁਰਸ਼ ਦੀ ਨਿਸ਼ਾਨੀ ਹੈ। ਜੇਕਰ ਉਹ ਇਤਨਾ ਹੀ ਉੱਚਾ-ਸੱਚਾ ਅਤੇ ਵਿਦਵਾਨ ਪੁਰਸ਼ ਸੀ ਤਾਂ ਉਸ ਨੇ ਇਹ ਸਭ ਕੁਝ ਜਾਣਦਿਆਂ ਹੋਇਆਂ ਵੀ ਤਾਕਤਵਰ ਹਕੂਮਤ ਨਾਲ ਮੱਥਾ ਕਿਉਂ ਲਾਇਆ ਸੀ ਕਿ ਆਖਰ ਇਕ ਦਿਨ ਉਸ ਨੇ ਪਕੜਿਆ ਜਾਣਾ ਹੈ ਅਤੇ ਤਸੀਹੇ ਦੇ ਕੇ ਮਾਰਿਆ ਜਾਣਾ ਹੈ?' ਇਹ ਗੱਲ ਮੁਹੰਮਦ ਅਮੀਨ ਖਾਨ ਨੇ ਪੁੱਛੀ ਸੀ। ਮੁਹੰਮਦ ਅਮੀਨ ਖਾਨ, ਬੰਦਾ ਸਿੰਘ ਬਹਾਦੁਰ ਨੂੰ ਪਕੜਨ ਲਈ ਪਹਿਲਾਂ ਬਾਦਸ਼ਾਹ ਬਹਾਦੁਰ ਸ਼ਾਹ ਨੇ ਭੇਜਿਆ ਸੀ। ਫਿਰ ਪਿੱਛੋਂ ਜਦੋਂ ਬੰਦਾ ਸਿੰਘ ਪਕੜਿਆ ਗਿਆ ਸੀ ਮੁਹੰਮਦ ਅਮੀਨ ਖਾਨ ਦੀ ਡਿਊਟੀ ਬਾਦਸ਼ਾਹ ਫਾਰੁਖਸ਼ੀਅਰ ਨੇ ਲਗਾਈ ਸੀ ਕਿ ਉਹ ਕੈਦੀ ਬੰਦਾ ਸਿੰਘ ਨੂੰ ਦਿੱਲੀ ਦੀਆਂ ਹੱਦਾਂ ਤੋਂ ਆਪਣੀ ਹਿਰਾਸਤ ਵਿਚ ਲੈ ਕੇ ਆਵੇ। ਭਾਵ ਕਿ ਮੁਹੰਮਦ ਅਮੀਨ ਖਾਨ ਬਾਦਸ਼ਾਹ ਦਾ ਸਿਰਕੱਢ ਵਜ਼ੀਰ ਸੀ ਅਤੇ ਬੰਦਾ ਸਿੰਘ ਦਾ ਸਾਰਾ ਕੈਦੀ ਜੀਵਨ ਅੰਤ ਤਕ ਇਸੇ ਦੀ ਹਿਰਾਸਤ ਵਿਚ ਗੁਜ਼ਰਿਆ ਸੀ। ਬੰਦਾ ਸਿੰਘ ਨੇ ਇਸ ਨੂੰ ਜਵਾਬ ਦਿੱਤਾ ''ਜਦੋਂ ਧਰਤੀ ਉਪਰ ਜ਼ੁਲਮ ਆਪਣੀਆਂ ਹੱਦਾਂ ਤੋਂ ਟੱਪ ਜਾਦਾ ਹੈ ਤਾਂ ਅਕਾਲ ਪੁਰਖ ਕਿਸੇ ਨਾ ਕਿਸੇ ਵਿਅਕਤੀ ਨੂੰ ਉਸ ਜ਼ੁਲਮ ਦਾ ਨਾਸ਼ ਕਰਨ ਲਈ ਭੇਜਦਾ ਹੈ। ਮੈਨੂੰ ਵੀ ਮੇਰੇ ਗੁਰੂ ਗੋਬਿੰਦ ਸਿੰਘ ਨੇ ਤੁਹਾਡੇ ਜ਼ੁਲਮਾਂ ਦਾ ਨਾਸ਼ ਕਰਨ ਲਈ ਭੇਜਿਆ ਸੀ। ਜਿਥੋਂ ਤਕ ਮੇਰੀ ਤਾਕਤ ਸੀ ਮੈਂ ਜ਼ੁਲਮ ਦਾ ਮੁਕਾਬਲਾ ਕੀਤਾ ਅਤੇ ਉਸ ਨੂੰ ਖਤਮ ਵੀ ਕੀਤਾ ਪਰ ਜ਼ੁਲਮ ਦੇ ਖਿਲਾਫ ਲੜਨ ਵਾਲੇ ਘੱਟ ਹੁੰਦੇ ਹਨ। ਇਸ ਲਈ ਇਸੇ ਘਾਟ ਕਾਰਨ ਮੈਂ ਪਕੜਿਆ ਗਿਆ ਹਾਂ। ਮੈਨੂੰ ਮੌਤ ਦਾ ਡਰ ਨਹੀਂ ਹੈ। ਜਿਹੜਾ ਜ਼ੁਲਮ ਖਿਲਾਫ ਲੜਦਾ ਹੈ ਉਹ ਮੌਤ ਦਾ ਭੈਅ ਰੱਖ ਕੇ ਨਹੀਂ ਲੜਦਾ।''[14] ਕੇਸਰ ਸਿੰਘ ਛਿੱਬਰ ਅੰਤਮ ਸਮੇਂ ਬਾਦਸ਼ਾਹ ਫਾਰੁਖਸ਼ੀਅਰ ਦੀ ਬੰਦਾ ਸਿੰਘ ਬਹਾਦੁਰ ਨਾਲ ਗੱਲਬਾਤ ਹੋਈ ਦਸਦਾ ਹੈ। ਉਸ ਅਨੁਸਾਰ ਜਦੋਂ ਬਾਦਸ਼ਾਹ ਨੇ ਪੁੱਛਿਆ ਕਿ 'ਜਿਹੜਾ ਉਹ (ਬੰਦਾ) ਕੋਈ ਦੁੱਖ-ਤਕਲੀਫ ਨਹੀਂ ਮੰਨ ਰਿਹਾ, ਕੀ

13. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼*, ਭਾਗ ਦੂਜਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971, ਪੰਨੇ 883-84.
14. Khafi Khan, *op.cit.*, p. 459.

SIKHBOOKCLUB.COM

ਇਹ ਉਸ ਦੀ ਕੋਈ ਕਰਾਮਾਤ ਹੈ?' ਬੰਦਾ ਸਿੰਘ ਨੇ ਉਤਰ ਦਿੱਤਾ ਕਿ 'ਇਹ ਕੋਈ ਕਰਾਮਾਤ ਨਹੀਂ ਹੈ। ਮੈਂ ਉਹੀ ਕੁਝ ਭੁਗਤ ਰਿਹਾ ਹਾਂ ਜੋ ਕੁਝ ਮੈਂ ਕੀਤਾ ਹੈ। ਇਸ ਰਸਤੇ ਉਪਰ ਚੱਲਣ ਵਾਲਿਆਂ ਦੀ ਮੌਤ ਇਸੇ ਤਰ੍ਹਾਂ ਹੀ ਆਉਂਦੀ ਹੈ। ਮੈਨੂੰ ਇਸ ਦਾ ਪਤਾ ਸੀ। ਤੂੰ ਵੀ ਉਸੇ ਤਰ੍ਹਾਂ ਹੀ ਭੁਗਤੇਂਗਾ ਜਿਸ ਤਰ੍ਹਾਂ ਦਾ ਤੂੰ ਕੰਮ ਕਰੇਂਗਾ।'[15] ਅਜਿਹੀਆਂ ਗੱਲਾਂ ਸੁਣ ਕੇ ਭਾਵੇਂ ਬਾਦਸ਼ਾਹ ਅਤੇ ਹੋਰ ਜਰਨੈਲਾਂ ਦਾ ਇਰਾਦਾ ਬੰਦਾ ਸਿੰਘ ਬਹਾਦੁਰ ਪਰਤੀ ਬਦਲ ਗਿਆ ਸੀ ਪਰ ਕੋਲ ਖੜ੍ਹੇ ਕਾਜ਼ੀ ਨੇ ਫਤਵਾ ਦਿੱਤਾ ਕਿ ਮਾਸੂਮ ਮੁਸਲਮਾਨਾਂ ਦੇ ਡੋਲ੍ਹੇ ਗਏ ਖ਼ੂਨ ਦਾ ਬਦਲਾ, ਇਸ ਕਾਫ਼ਰ ਨੂੰ ਵੱਧ ਤੋਂ ਵੱਧ ਤੜਫਾ ਕੇ ਮਾਰਨ ਨਾਲ ਹੀ ਲਿਆ ਜਾ ਸਕਦਾ ਹੈ। ਇਸ ਤੋਂ ਬਾਅਦ ਬੰਦਾ ਸਿੰਘ ਦੇ ਦੋਵੇਂ ਪੈਰ ਵੱਢੇ ਗਏ। ਫਿਰ ਦੋਵੇਂ ਹੱਥ ਕੱਟ ਦਿੱਤੇ ਗਏ। ਬਾਅਦ ਵਿਚ ਤੜਫਦੇ ਹੋਏ ਸਰੀਰ ਵਿਚੋਂ ਅੱਖਾਂ ਵੀ ਕੱਢ ਦਿੱਤੀਆਂ ਗਈਆਂ। ਜਦੋਂ ਤਕ ਬੰਦਾ ਸਿੰਘ ਦਾ ਸਰੀਰ ਤੜਫਣੋਂ ਨਹੀਂ ਹਟਿਆ, ਉਦੋਂ ਤਕ ਉਸ ਦੇ ਸਰੀਰ ਵਿਚੋਂ ਮਾਸ ਦੀਆਂ ਬੋਟੀਆਂ ਨੂੰ ਜਮੂਰਾਂ ਨਾਲ ਤੋੜਿਆ ਗਿਆ। ਤੱਤੇ ਕੀਤੇ ਹੋਏ ਸਰੀਏ ਉਸ ਦੇ ਪੇਟ ਵਿਚੋਂ ਦੀ ਲੰਘਾਏ ਗਏ। ਅਖੀਰ ਜਦੋਂ ਬੰਦਾ ਸਿੰਘ ਬਹਾਦੁਰ ਦੇ ਸਰੀਰ ਨੂੰ ਹੋਰ ਤਸੀਹੇ ਦਿੱਤੇ ਹੀ ਨਹੀਂ ਜਾ ਸਕਦੇ ਸਨ ਤਾਂ ਉਸ ਨੂੰ ਸ਼ਹੀਦ ਕਰਨ ਦਾ ਹੁਕਮ ਦੇ ਦਿਤਾ ਗਿਆ। ਕਾਜ਼ੀ ਸਮਝਾ ਰਿਹਾ ਸੀ ਕਿ ਬੰਦਾ ਸਿੰਘ ਨੇ ਬੇਗੁਨਾਹ ਮੁਸਲਮਾਨਾਂ ਦਾ ਕਤਲ ਕੀਤਾ ਹੈ। ਇਨ੍ਹਾਂ ਕਤਲਾਂ ਦਾ ਬਦਲਾ ਇਸੇ ਤਰ੍ਹਾਂ ਹੀ ਲਿਆ ਜਾ ਸਕਦਾ ਹੈ। ਪਰ ਉਸ ਕਾਜ਼ੀ ਨੂੰ ਇਸ ਗੱਲ ਦਾ ਭੋਰਾ-ਭਰ ਵੀ ਅਹਿਸਾਸ ਨਹੀਂ ਸੀ ਕਿ ਜਿਸ ਚਾਰ ਸਾਲ ਦੇ ਬੱਚੇ ਨੂੰ ਜ਼ਿਬਾਹ ਕੀਤਾ ਗਿਆ ਸੀ ਉਸ ਨੇ ਕੀ ਪਾਪ ਕੀਤਾ ਸੀ? ਉਸ ਤੋਂ ਕਿਹੜੇ ਮੁਸਲਮਾਨ ਦੀ ਮੌਤ ਦਾ ਬਦਲਾ ਲਿਆ ਗਿਆ ਸੀ? ਅਖੀਰ ਤੜਫਦੇ ਹੋਏ ਬੰਦਾ ਸਿੰਘ ਦਾ ਪੰਜ-ਭੌਤਿਕ ਸਰੀਰ ਠੰਡਾ ਹੋ ਗਿਆ ਅਤੇ ਮਹਾਨ ਨੇਤਾ ਆਪਣੀ ਸ਼ਹਾਦਤ ਦੇ ਕੇ ਸਿੱਖ ਇਤਿਹਾਸ ਦੇ ਪੰਨਿਆਂ ਵਿਚ ਆਪਣਾ ਨਾਂ ਰੋਸ਼ਨ ਕਰ ਗਿਆ। *ਅਖ਼ਬਾਰ-ਏ-ਦਰਬਾਰ-ਏ-ਮੁਅੱਲਾ* ਦੀ 10 ਜੂਨ, 1710 ਈ. ਦਿਨ ਐਤਵਾਰ ਦੀ ਖ਼ਬਰ ਵਿਚ ਬੰਦਾ ਸਿੰਘ ਨੂੰ ਸ਼ਹੀਦ ਕੀਤੇ ਜਾਣ ਬਾਰੇ ਇਉਂ ਦੱਸਿਆ ਗਿਆ ਹੈ : ''ਬਾਦਸ਼ਾਹ ਨੂੰ ਜਾਣਕਾਰੀ ਪੇਸ਼ ਕੀਤੀ ਗਈ ਕਿ ਉਸ ਦੇ ਹੁਕਮ ਅਨੁਸਾਰ ਇਬਰਾਹਿਮ-ਉਦ-ਦੀਨ ਖ਼ਾਨ ਮੀਰ-ਏ-ਆਤਿਸ਼ ਅਤੇ ਸਰਬਰਾਹ ਖਾਨ ਕੋਤਵਾਲ, ਬੰਦਾ ਸਿੰਘ ਨੂੰ, ਉਸਦੇ ਪੁੱਤਰ ਸਮੇਤ ਅਤੇ ਅਠਾਰਾਂ ਹੋਰ ਸਾਥੀਆਂ ਸਮੇਤ, ਖਵਾਜ਼ਾ ਕੁਤਬ-ਉਦ-ਦੀਨ ਦੇ ਮਕਬਰੇ ਵੱਲ, ਜਿਹੜਾ ਕਿ ਖੋਜਾ ਫਾਤੂ ਦੇ ਤਲਾਅ ਦੇ ਨੇੜੇ ਹੈ, ਲੈ ਗਏ ਸਨ। ਪਹਿਲਾਂ ਬਾਗੀ ਬੰਦੇ ਦੇ ਪੁੱਤਰ ਨੂੰ ਉਸ ਦੀਆਂ ਅੱਖਾਂ ਦੇ ਸਾਹਮਣੇ ਮਾਰ ਦਿਤਾ ਗਿਆ ਸੀ। ਇਸ ਪਿੱਛੋਂ ਬਾਗੀ ਨੂੰ ਬੇਹੱਦ ਤਸੀਹੇ ਦੇ ਕੇ ਮਾਰ ਦਿਤਾ ਗਿਆ ਹੈ। ਉਸ ਦੇ ਸਰੀਰ ਦੇ ਸਾਰੇ ਅੰਗ ਜੁਦਾ-ਜੁਦਾ ਕਰ ਦਿਤੇ ਗਏ ਹਨ। ਉਸ ਦੇ ਸਾਥੀਆਂ ਨੂੰ ਮਾਰ ਦਿਤਾ ਗਿਆ ਹੈ।''[16] ਖਾਫ਼ੀ ਖਾਨ ਲਿਖਦਾ ਹੈ ਕਿ ''ਆਖ਼ਰਕਾਰ ਬੰਦੇ ਦੇ ਸਾਥੀਆਂ ਨੂੰ ਮਾਰ ਦਿਤਾ ਗਿਆ ਸੀ। ਹੁਕਮ ਦਿਤਾ ਗਿਆ ਸੀ ਕਿ ਜਿਹੜੇ ਹੋਰਨਾਂ ਦੇ ਪੁੱਤਰ ਉਸ ਨੇ ਮਾਰੇ ਹਨ ਉਨ੍ਹਾਂ ਦੇ ਬਦਲ ਵਜੋਂ ਉਸ ਦੇ ਆਪਣੇ ਪੁੱਤਰ ਨੂੰ ਉਸ ਦੀਆਂ ਅੱਖਾਂ ਦੇ ਸਾਹਮਣੇ ਮਾਰਿਆ ਜਾਵੇ। ਇਸ ਤੋਂ ਵੱਧ ਕੇ ਉਸ ਦਾ ਪੁੱਤਰ ਉਸ ਦੇ ਆਪਣੇ ਹੱਥਾ ਦੁਆਰਾ ਮਾਰਿਆ ਜਾਣਾ ਚਾਹੀਦਾ ਹੈ। ਇਸ ਤੋਂ ਬਾਅਦ ਉਸ ਨੂੰ ਆਪ ਵੀ ਮਾਰ ਦਿਤਾ ਗਿਆ ਸੀ।''[17] ਕਨਿੰਘਮ ਅਨੁਸਾਰ, 'ਲਾਲ-ਗਰਮ ਸਲਾਖਾਂ ਨਾਲ ਉਸ ਦੇ ਮਾਸ ਨੂੰ ਉਚੇੜਿਆ ਗਿਆ ਅਤੇ ਅਜਿਹੇ ਤਸੀਹੇ ਸਹਿੰਦਿਆਂ ਉਹ ਮਰ ਗਿਆ।' (His own flesh was then torn with red-hot pincers and amid these torments he expired.)[18]

ਬੰਦਾ ਸਿੰਘ ਬਹਾਦੁਰ ਦੀ ਇਹ ਬੇਮਿਸਾਲ ਸ਼ਹਾਦਤ ਸੀ। ਕੇਸਰ ਸਿੰਘ ਛਿੱਬਰ ਦੇ ਇਹ ਸ਼ਬਦ ਇਸ ਸ਼ਹਾਦਤ ਬਾਰੇ ਬੜੀ ਹੀ ਅਹਿਮੀਅਤ ਰੱਖਦੇ ਹਨ ਕਿ ਬੰਦਾ ਸਿੰਘ ਨੇ ਆਪਣਾ ਸੀਸ ਦੇ ਕੇ ਧਰਮ ਰੱਖ ਲਿਆ ਸੀ।

ਬੰਦੇ ਸਾਹਿਬ ਸੀਸ ਦਿਤਾ ਧਰਮ ਰਖਿ ਲੀਤੋਈ ॥
ਲਾਖ ਸਿਖ ਤੁਰਕਾਂ ਹੈਨ ਮਾਰੇ ॥
ਸਿਖਾਂ ਗੁਰੂ ਕਿਆਂ ਸਿਰ ਦਿਤੇ ਪਰ ਸਿਦਕ ਨਾ ਹਾਰੇ ॥

ਇਸ ਤਰ੍ਹਾਂ 7 ਦਸੰਬਰ, 1715 ਤੋਂ ਲੈ ਕੇ 9 ਜੂਨ? 1716 ਤਕ ਛੇ ਮਹੀਨਿਆਂ ਤੇ ਦੋ ਦਿਨਾਂ ਦਾ ਸਮਾਂ, ਬੰਦਾ ਸਿੰਘ ਬਹਾਦੁਰ, ਉਸ ਦਾ ਪੱਤਰ ਅਤੇ ਪਤਨੀ ਤਸੀਹਿਆਂ ਵਾਲੀ ਸਖ਼ਤ ਕੈਦ ਵਿਚ ਰਹੇ ਸਨ। ਉਸ ਦੀ ਪਤਨੀ ਰਾਜ ਕੁਮਾਰੀ ਰਤਨ ਕੌਰ ਨੂੰ ਬਾਦਸ਼ਾਹ ਨੇ ਆਪਣੀ ਮਾਂ ਦੇ ਮਹਿਲ ਵਿਚ ਭਿਜਵਾ ਦਿਤਾ ਸੀ। ਮਹਿਲਾਂ ਵਿਚ ਜਾ ਕੇ ਰਾਜ ਕੁਮਾਰੀ ਨੇ ਨਾ ਕੁਝ ਖਾਧਾ ਨਾ ਪੀਤਾ ਸੀ। ਜਦੋਂ ਹੀ ਉਸ ਨੂੰ ਬਾਦਸ਼ਾਹ ਦੀ ਮਾਂ ਅਤੇ ਹੋਰ ਸਾਥੀਆਂ ਦੀਆਂ ਨਿਗਾਹਾਂ ਤੋਂ ਮੌਕਾ ਮਿਲਿਆ ਉਹ ਮਹਿਲਾਂ ਵਿਚਲੇ ਖੂਹ ਵਿਚ ਛਾਲ ਮਾਰ ਕੇ ਆਪਣੀ ਜਾਨ ਦੇ ਗਈ ਸੀ। ਬਾਦਸ਼ਾਹ ਦੀ ਮਾਂ ਇਸ ਘਟਨਾ ਤੋਂ ਬਾਅਦ ਉਸ ਮਹਿਲ ਵਿਚ ਨਹੀਂ ਰਹੀ ਸੀ।

---

15. ਬੰਸਾਵਲੀ ਨਾਮਾ, ਚਰਨ ਗਿਆਰ੍ਹਵਾਂ, ਬੰਦ ਸੱਠਵਾਂ।
16. *ਪੂਰਵ ਅੰਕਤ*, ਪੰਨਾ 166.
17. ਖਾਫ਼ੀ ਖਾਨ, *ਪੂਰਵ ਅੰਕਤ*, ਪੰਨਾ 458.
18. *ਪੂਰਵ ਅੰਕਤ*, ਪੰਨਾ 79.

SIKHBOOKCLUB.COM

17. ਬੰਦਾ ਸਿੰਘ ਬਹਾਦੁਰ : ਮੁੱਲਅੰਕਣ

ਬੰਦਾ ਸਿੰਘ ਬਹਾਦੁਰ, ਸਿੱਖ ਇਤਿਹਾਸ ਦੀ ਇਕ ਜ਼ਬਰਦਸਤ ਬੁਝਾਰਤ ਬਣਿਆ ਹੋਇਆ ਹੈ। ਰਵਾਇਤੀ ਲਿਖਤਾਂ ਦੇ ਮੁਤਾਬਕ ਉਹ ਪੁਣਛ-ਰਾਜੌਰੀ ਦੇ ਰਾਜਪੂਤ ਘਰਾਣੇ ਦਾ ਜੰਮਪਲ ਸੀ। ਸ਼ਿਕਾਰ ਖੇਡਦਾ ਹੋਇਆ ਇਕ ਗਰਭਵਤੀ ਹਿਰਨੀ ਨੂੰ ਮਾਰਨ ਕਰਕੇ ਉਸ ਦਾ ਮਨ ਸੰਸਾਰਕ ਜੀਵਨ ਤੋਂ ਇਤਨਾ ਉਪਰਾਮ ਹੋ ਗਿਆ ਸੀ ਕਿ ਉਹ ਸਭ ਕੁਝ ਛੱਡ-ਛੁਡਾ ਕੇ ਸਾਧ ਬਣ ਗਿਆ। ਸਾਧ ਬਣ ਕੇ ਬੜੀਆਂ ਰਿੱਧੀਆਂ-ਸਿੱਧੀਆਂ ਦਾ ਮਾਲਕ ਬਣ ਗਿਆ। ਇਸ ਨਾਲ ਉਹ ਇਤਨਾ ਹੰਕਾਰੀ ਹੋ ਗਿਆ ਕਿ ਹਰ ਪੀਰ ਫਕੀਰ ਨੂੰ ਟਿੱਚ ਸਮਝਣ ਲੱਗ ਪਿਆ। ਉਸ ਦਾ ਇਹ ਹੰਕਾਰ ਤੋੜਨ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਬਿਨਾਂ ਕਿਸੇ ਹੋਰ ਪਰੋਗਰਾਮ ਤੋਂ ਇਤਨੀ ਦੂਰ ਨਾਂਦੇੜ ਪਹੁੰਚੇ। ਉਥੇ ਜਾ ਕੇ ਉਸ ਦਾ ਐਸਾ ਹੰਕਾਰ ਤੋੜਿਆ ਕਿ ਪੰਥ ਖਾਲਸੇ ਦਾ ਸਭ ਕੁਝ ਹੀ ਉਸ ਨੂੰ ਸੰਭਾਲ ਦਿੱਤਾ। ਫਿਰ ਉਸ ਨੇ ਪੰਜਾਬ ਵਿਚ ਪਹੁੰਚ ਕੇ ਦੇਖਦਿਆਂ-ਦੇਖਦਿਆਂ ਹੀ ਮੁਗਲ ਹਕੂਮਤ ਨੂੰ ਉੱਲਟਾ ਕੇ ਰੱਖ ਦਿੱਤਾ। ਦੂਜੀ ਵਾਰ ਫਿਰ ਉਹ ਹੰਕਾਰੀ ਹੋ ਗਿਆ ਅਤੇ ਖਾਲਸੇ ਨਾਲ ਵਿਗਾੜ ਲਈ। ਆਪਣੇ ਆਪ ਨੂੰ ਗੁਰੂ ਅਖਵਾਉਣ ਲੱਗ ਪਿਆ। ਅਖੀਰ ਨੂੰ ਉਹ ਫੜਿਆ ਗਿਆ ਪਰ ਸ਼ਹਾਦਤ ਦੇਣ ਸਮੇਂ ਉਸ ਨੇ ਸ਼ਹਾਦਤਾਂ ਦੇ ਸਭ ਹੱਦ-ਬੰਨੇ ਤੋੜ ਦਿੱਤੇ। ਨਾ ਪੁੱਤ ਦਾ ਮੋਹ ਕੀਤਾ, ਨਾ ਤਸੀਹਿਆਂ ਤੋਂ ਡਰਿਆ ਅਤੇ ਨਾ ਮੌਤ ਤੋਂ। ਇਹ ਸਭ ਕੁਝ ਸੰਖੇਪ ਜਿਹਾ ਹੈ ਜੋ ਬੰਦਾ ਸਿੰਘ ਨਾਲ ਜੁੜਿਆ ਹੋਇਆ ਹੈ। ਇਸ ਤੋਂ ਇਲਾਵਾ, ਬਿਨਾਂ ਸਿਰ-ਪੈਰ ਦੇ, ਹੋਰ ਵੀ ਅਨੇਕਾਂ ਆਧਾਰ-ਰਹਿਤ ਗੱਲਾਂ ਬੰਦਾ ਸਿੰਘ ਨਾਲ ਜੁੜੀਆਂ ਹੋਈਆਂ ਹਨ। ਜਿਵੇਂ ਕਿ ਗੁਰੂ ਜੀ ਨੇ ਉਸ ਨੂੰ ਵਿਆਹ ਕਰਵਾਉਣ ਤੋਂ ਰੋਕਿਆ ਹੋਇਆ ਸੀ ਆਦਿ! ਆਦਿ!!

ਜਿਥੋਂ ਤੱਕ ਇਤਿਹਾਸ ਦਾ ਅਤੇ ਗੁਰਬਾਣੀ ਦੇ ਸਿਧਾਂਤਾਂ ਦਾ ਸੰਬੰਧ ਹੈ ਉਨ੍ਹਾਂ ਅਨੁਸਾਰ ਉਪਰੋਕਤ ਸਾਰੀਆਂ ਗੱਲਾਂ, ਸਿਵਾਏ ਸ਼ਹਾਦਤ ਅਤੇ ਰਾਜ ਸਥਾਪਤ ਕਰਨ ਤੋਂ, ਬਾਕੀ ਸਭ ਆਪਾ-ਵਿਰੋਧੀ, ਗੈਰ-ਇਤਿਹਾਸਕ ਅਤੇ ਗੈਰ-ਸਿੱਖ ਸਭਿਆਚਾਰ ਦੀਆਂ ਹਨ। ਇਹ ਸਵਾਲ ਕੁਦਰਤੀ ਤੌਰ ਤੇ ਖੜ੍ਹੇ ਹੁੰਦੇ ਹਨ ਕਿ ਜੇ ਉਹ ਇਕ ਗਰਭਵਤੀ ਹਿਰਨੀ ਨੂੰ ਮਾਰਨ ਨਾਲ ਹੀ ਇਤਨਾ ਉਪਰਾਮ ਹੋ ਗਿਆ ਸੀ ਕਿ ਉਹ ਸਾਧ ਬਣ ਗਿਆ, ਫਿਰ ਸਾਧ ਬਣ ਕੇ ਹੰਕਾਰੀ ਸਾਧ ਬਣਨ ਸਮੇਂ ਇਸ ਘਟਨਾ ਦਾ ਪਰਭਾਵ ਕਿੱਧਰ ਚਲਾ ਗਿਆ ਸੀ? ਕਿਸੇ ਸਾਧ ਕੋਲ ਰਿੱਧੀਆਂ-ਸਿੱਧੀਆਂ ਤੋਂ ਭਾਵ ਜੇ ਕਰਾਮਾਤਾਂ ਤੋਂ ਹੈ ਫਿਰ ਤਾਂ ਇਹ ਕੋਰੀ ਮਿਥਿਹਾਸਕ ਗੱਲ ਹੈ ਪਰ ਜੇਕਰ ਰਿੱਧੀਆਂ-ਸਿੱਧੀਆਂ ਤੋਂ ਭਾਵ ਕਥਨੀ ਅਤੇ ਕਰਨੀ ਦੇ ਪੂਰੇ ਸਾਧ ਤੋਂ ਹੈ ਫਿਰ ਉਸ ਦੇ ਹੰਕਾਰੀ ਹੋਣ ਦੀ ਗੱਲ ਗਲਤ ਹੈ। ਰਿੱਧੀਆਂ-ਸਿੱਧੀਆਂ ਵੀ ਹੋਣ ਅਤੇ ਸਾਧ ਹੰਕਾਰੀ ਵੀ ਹੋਵੇ, ਸਿਧਾਂਤਕ ਤੇ ਵਿਵਹਾਰਕ ਤੌਰ ਤੇ ਇਹ ਹੋ ਨਹੀਂ ਸਕਦਾ।

ਅਗਲਾ ਸਵਾਲ ਹੈ ਕਿ ਉਸ ਸਾਧ ਦੇ ਹੰਕਾਰੀ ਹੋਣ ਦੀ ਐਸੀ ਕਿਹੜੀ ਸਮੱਸਿਆ ਸੀ ਜਿਸ ਨੂੰ ਤੋੜਨ ਲਈ ਗੁਰੂ ਗੋਬਿੰਦ ਸਿੰਘ ਜੀ ਨੂੰ ਬਿਨਾਂ ਕਿਸੇ ਮਨੋਰਥ ਤੋਂ ਸੈਂਕੜੇ ਮੀਲ ਦੂਰ ਨਾਂਦੇੜ ਜਾਣਾ ਪਿਆ? ਉਸ ਦੇ ਹੰਕਾਰ ਨਾਲ ਸਿੱਖ ਧਰਮ ਦਾ ਕਿਹੜਾ ਨੁਕਸਾਨ ਹੋ ਰਿਹਾ ਸੀ? ਇਕ ਪਾਸੇ ਤਾਂ ਗੁਰੂ ਜੀ ਆਗਰੇ ਤੋਂ ਹੀ ਆਨੰਦਪੁਰ ਸਾਹਿਬ ਨੂੰ ਮੁੜਨ ਲਈ ਤਿਆਰ ਸਨ ਪਰ ਹੈਦਰਾਬਾਦ ਜਾਂ ਬੁਰਹਾਨਪੁਰ ਤੋਂ ਬਾਦਸ਼ਾਹ ਨਾਲੋਂ ਨਿਖੇੜ ਕੇ ਸੈਂਕੜੇ ਮੀਲ ਦੂਰ ਹੰਕਾਰੀ ਸਾਧ ਦਾ ਹੰਕਾਰ ਦੂਰ ਕਰਨ ਲਈ ਚਲੇ ਜਾਂਦੇ ਹਨ। ਗੁਰੂ ਸਾਹਿਬ ਦੇ ਸਾਹਮਣੇ ਤਾਂ ਇਤਨੀਆਂ ਗੰਭੀਰ ਕਿਸਮ ਦੀਆਂ ਸਮੱਸਿਆਵਾਂ ਸਨ ਕਿ ਉਨ੍ਹਾਂ ਵਿਚੋਂ ਉਹ ਚਾਹੁਣ ਦੇ ਬਾਵਜੂਦ ਵੀ ਨਿਕਲ ਨਹੀਂ ਸੀ ਸਕਦੇ। ਸਾਰਾ ਪੰਜਾਬ ਛੱਡਿਆ ਹੋਇਆ ਸੀ ਅਤੇ ਸਾਰਾ ਪੰਥ ਖਾਲਸਾ ਪਿੱਛੇ ਛੱਡਿਆ ਹੋਇਆ ਸੀ। ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਚੁੱਕੇ ਸਨ। ਸਾਰਾ ਮਾਹੌਲ ਹੀ ਗਮਗੀਨ ਅਤੇ ਗੰਭੀਰ ਸੀ। ਅਜਿਹੇ ਮਾਹੌਲ ਵਿਚ ਸਾਡੇ ਲੇਖਕ ਗੁਰੂ ਜੀ ਨੂੰ ਹੰਕਾਰੀ ਸਾਧ ਦਾ ਹੰਕਾਰ ਤੋੜਨ ਲਈ ਇਸ ਤਰ੍ਹਾਂ ਤੁਰਦਾ-ਫਿਰਦਾ ਦਿਖਾ ਰਹੇ ਹਨ ਜਿਵੇਂ ਕਿ ਉਨ੍ਹਾਂ ਸਾਹਮਣੇ ਹੋਰ ਕੋਈ ਕੰਮ ਹੈ ਹੀ ਨਹੀਂ ਸੀ। ਫਿਰ ਜਦੋਂ ਗੁਰੂ ਜੀ ਸਾਧ ਦੇ ਡੇਰੇ ਵਿਚ ਪਹੁੰਚੇ ਤਾ ਸਾਧ ਦੀ ਗੈਰ-ਹਾਜ਼ਰੀ ਵਿਚ ਨਾਲੇ ਤਾਂ ਉਸ ਦੇ ਬੱਕਰੇ-ਬੱਕਰੀਆ ਮਾਰ ਕੇ ਮੀਟ ਬਣਾਉਣਾ ਰੱਖ ਦਿੱਤਾ ਤੇ ਨਾਲੇ ਘੋੜਿਆਂ ਨਾਲ ਉਸ ਦਾ ਬਾਗ ਉਜਾੜ ਦਿੱਤਾ। ਸਾਰੇ ਲੇਖਕਾਂ ਨੇ ਇਹ ਗੱਲ ਇਤਨੇ ਮਾਣ ਨਾਲ ਲਿਖੀ ਹੈ ਜਿਵੇਂ ਕਿ ਸਿੱਖ ਧਰਮ ਵਿਚ ਮਾਸ ਖਾਣਾ ਅਤੇ ਕਿਸੇ ਦਾ ਬਾਗ ਉਜਾੜ ਦੇਣਾ ਬੜੀ ਪਵਿੱਤਰ ਚੀਜ਼ ਮੰਨੀ ਗਈ ਹੋਵੇ। ਇਹ ਕਿਧਰ ਦੀ ਦਿਆਨਤਦਾਰੀ ਸੀ ਕਿ ਕਿਸੇ ਦੇ ਡੇਰੇ ਵਿਚ ਜਾ ਕੇ ਐਸੇ ਕੰਮ ਕਰੋ ਜਿਸ ਦੀ ਕੋਈ ਵੀ ਸਭਿਆਚਾਰ ਜਾਂ ਸ਼ਿਸ਼ਟਾਚਾਰ ਇਜ਼ਾਜ਼ਤ ਨਹੀਂ ਦਿੰਦਾ। ਸਿੱਖ ਧਰਮ ਭਾਵੇਂ ਮਾਸ ਖਾਣ ਦੀ ਬੰਦਸ਼ ਨਹੀਂ ਲਗਾਉਂਦਾ ਪਰ ਇਹ ਵੀ ਠੀਕ ਹੈ ਕਿ ਇਹ ਧਰਮ ਮਾਸ ਖਾਣ ਦੀ ਵਕਾਲਤ ਵੀ ਨਹੀਂ ਕਰਦਾ।

ਸਭ ਤੋਂ ਅਹਿਮ ਗੱਲ ਇਹ ਸੀ ਕਿ ਇਕੋ ਦਿਨ ਵਿਚ ਇਕ ਹੰਕਾਰੀ ਸਾਧ ਨੂੰ ਸਿੱਖੀ ਵਿਚ ਲਿਆ ਕੇ ਸਾਰੇ ਖਾਲਸਾ ਪੰਥ ਦਾ ਨੇਤਾ ਥਾਪ ਦਿੱਤਾ। ਨਾ ਉਸ ਨੂੰ ਪਰਖਿਆ, ਨਾ ਉਸ ਨੂੰ ਸਿੱਖ ਧਰਮ ਦੇ ਵਾਤਾਵਰਣ ਵਿਚ ਵਿਚਰਣ ਦਾ ਖੁੱਲ੍ਹਾ ਸਮਾਂ ਦਿੱਤਾ, ਨਾ ਉਸ ਨੇ ਗੁਰਬਾਣੀ ਦਾ ਅਧਿਐਨ ਕੀਤਾ, ਬੱਸ ਖਾਲਸੇ ਦਾ ਨੇਤਾ ਥਾਪ ਦਿੱਤਾ। ਸ਼ਰਤਾਂ ਲਾ ਦਿੱਤੀਆਂ ਕਿ ਵਿਆਹ ਨਾ ਕਰਵਾਈਂ ਅਤੇ ਆਪਣੇ ਆਪ ਨੂੰ ਗੁਰੂ ਨਾ ਅਖਵਾਈਂ। ਸਿੱਖ ਧਰਮ ਵਿਚ ਕੀ ਵਿਆਹ ਕਰਵਾਉਣਾ ਮਨ੍ਹਾਂ ਹੈ? ਇਨ੍ਹਾਂ ਹੀ ਲੇਖਕਾਂ ਮੁਤਾਬਕ

SIKHBOOKCLUB.COM

ਕਈ ਗੁਰੂ ਸਹਿਬਾਨ ਦੇ ਇਕ ਤੋਂ ਵੱਧ ਵਿਆਹ ਹੋਏ ਸਨ। ਖੁਦ ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨ ਵਿਆਹ ਹੋਏ ਦੱਸੇ ਜਾਂਦੇ ਹਨ ਪਰ ਸਾਡੇ ਲੇਖਕ ਉਸੇ ਗੁਰੂ ਸਾਹਿਬ ਤੋਂ ਬੰਦਾ ਸਿੰਘ ਉਪਰ ਵਿਆਹ ਨਾ ਕਰਵਾਉਣ ਦੀ ਬੰਦਸ਼ ਲਗਵਾ ਰਹੇ ਹਨ? ਇਹ ਦੂਹਰੇ ਮਾਪ-ਦੰਡ ਕਿਉਂ? ਵੈਸੇ ਸ਼ਰਤਾਂ ਨਾਲ ਤਾਂ ਕੋਈ ਵੀ ਕੰਮ ਨਹੀਂ ਹੁੰਦਾ। ਹਾਂ ਇਕ ਮਰਯਾਦਾ ਜ਼ਰੂਰ ਹੁੰਦੀ ਹੈ। ਉਹ ਮਰਯਾਦਾ ਹਰ ਇਕ ਵਾਸਤੇ ਹੁੰਦੀ ਹੈ। ਸਿੱਖ ਧਰਮ ਦੀ ਵੀ ਇਕ ਮਰਯਾਦਾ ਹੈ ਜਿਸ ਦੀ ਸਭ ਨੂੰ ਪਾਲਣਾ ਕਰਨੀ ਪੈਂਦੀ ਹੈ। ਇਕੱਲੇ ਨੇਤਾ ਨੂੰ ਜਾਂ ਇਕੱਲੇ ਸਿੱਖ ਨੂੰ ਨਹੀਂ। ਪਰ ਇਹ ਮਰਯਾਦਾ ਨਾ ਹੀ ਤਾਂ ਵਿਆਹ ਕਰਵਾਉਣ ਤੋਂ ਰੋਕਦੀ ਹੈ ਅਤੇ ਨਾ ਹੀ ਸਿੱਖ ਨੂੰ ਗੁਰੂ ਅਖਵਾਉਣ ਵਾਸਤੇ ਉਕਸਾਉਂਦੀ ਹੈ। ਫਿਰ ਬੰਦਾ ਸਿੰਘ ਬਹਾਦੁਰ ਉਪਰ ਸ਼ਰਤਾਂ ਕਿਉਂ ਠੋਸੀਆਂ ਗਈਆਂ ਸਨ?

ਬੰਦਾ ਸਿੰਘ ਬਹਾਦੁਰ ਬਾਰੇ ਹੀ ਇਕ ਕੁਫਰ ਹੋਰ ਇਹ ਤੋਲਿਆ ਗਿਆ ਹੈ ਕਿ ਗੁਰੂ ਜੀ ਨੇ ਉਸ ਨੂੰ ਅੰਮ੍ਰਿਤ ਨਹੀਂ ਛਕਾਇਆ ਸੀ। ਇਹ ਜਾਣ-ਬੁੱਝ ਕੇ ਨਹੀਂ ਛਕਾਇਆ ਗਿਆ ਸੀ। ਕਾਰਣ ਇਹ ਦੱਸਿਆ ਜਾ ਰਿਹਾ ਹੈ ਕਿ ਗੁਰੂ ਜੀ ਡਰਦੇ ਸਨ ਕਿ ਅੰਮ੍ਰਿਤ ਛਕਣ ਨਾਲ ਬੰਦਾ ਕਿਤੇ ਬਹੁਤ ਮਸ਼ਹੂਰ ਨਾ ਹੋ ਜਾਵੇ, ਤਾਂ ਕਿ ਉਹ ਗੁਰੂ ਨਾ ਬਣ ਜਾਵੇ। ਭਾਵ ਕਿ ਐਸੀਆਂ ਅਧਾਰਹੀਣ, ਤਰਕਹੀਣ ਅਤੇ ਸਿਧਾਂਤਹੀਣ ਗੱਲਾਂ ਸਾਡੇ ਲੇਖਕਾਂ ਨੇ ਬੰਦਾ ਸਿੰਘ ਨਾਲ ਜੋੜ ਦਿੱਤੀਆਂ ਹਨ ਜਿਨ੍ਹਾਂ ਨੂੰ ਸੁਣ ਕੇ ਜਾਂ ਪੜ੍ਹ ਕੇ ਇਨ੍ਹਾਂ ਪਰੱਤੀ ਆਪ ਮੁਹਾਰੇ ਹੀ ਨਫ਼ਰਤ ਹੋਣੀ ਸ਼ੁਰੂ ਹੋ ਜਾਂਦੀ ਹੈ। ਪੰਜਾਬੀ ਦੇ ਇਕ ਮਹਾਨ ਕਾਮਰੇਡ ਵਿਦਵਾਨ ਸੰਤ ਸਿੰਘ ਸੇਖੋਂ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਬੰਦਾ ਸਿੰਘ ਬਹਾਦੁਰ ਹੋਰ ਕੋਈ ਨਹੀਂ ਸੀ ਉਹ ਤਾਂ ਗੁਰੂ ਗੋਬਿੰਦ ਸਿੰਘ ਹੀ ਸਨ ਜਿਹੜੇ ਭੇਸ ਬਦਲਾ ਕੇ ਬੰਦੇ ਦੇ ਨਾਂ ਹੇਠ ਪੰਜਾਬ ਵਿਚ ਆਏ ਸਨ।[1]

ਇਹ ਸਭ ਗੱਲਾਂ ਆਪਾ-ਵਿਰੋਧੀ ਹਨ, ਗੈਰ-ਇਤਿਹਾਸਕ ਹਨ ਅਤੇ ਮਨਘੜਤ ਹਨ। ਇਨ੍ਹਾਂ ਪਿੱਛੇ ਕਈ ਕਿਸਮ ਦੀ ਸਾਜ਼ਿਸ ਹੋ ਸਕਦੀ ਹੈ। ਇਕ ਤਾਂ ਇਹ ਕਿ ਮੁਗਲ ਹਕੂਮਤ ਨੇ ਬੰਦਾ ਸਿੰਘ ਦੇ ਖਿਲਾਫ ਬੜਾ ਗਲਤ ਪਰਚਾਰ ਕਰਵਾਇਆ ਸੀ ਤਾਂ ਕਿ ਉਹ ਸਿੱਖਾਂ ਵਿਚ ਹਰਮਨ ਪਿਆਰਾ ਨੇਤਾ ਨਾ ਬਣ ਸਕੇ। ਬੰਦਾ ਸਿੰਘ ਦੀ ਤਾਕਤ ਨੂੰ ਕਮਜ਼ੋਰ ਕਰਨ ਲਈ ਇਹ ਜ਼ਰੂਰੀ ਸੀ। ਫੈਲਾਈ ਹੋਈ ਇਹ ਗਲਤਫਹਿਮੀ ਉਪਰੋਕਤ ਕਿਸਮ ਦੀਆਂ ਤਰਕਹੀਣ ਗੱਲਾਂ ਫੈਲਾਉਣ ਵਿਚ ਬਹੁਤ ਸਹਾਈ ਹੋਈ ਹੈ। ਦੂਜਾ, ਸਿੱਖ ਲਿਖਤਾਂ ਵਿਚ ਬੰਦਾ ਸਿੰਘ ਬਾਰੇ ਕੋਈ ਸੰਤੋਸ਼ਜਨਕ ਵੇਰਵਾ ਨਹੀਂ ਹੈ। ਇਸ ਦਾ ਕਾਰਨ ਕੁਝ ਵੀ ਹੋ ਸਕਦਾ ਹੈ। ਲੇਖਕਾਂ ਦੀ ਅਗਿਆਨਤਾ, ਹਕੂਮਤ ਦਾ ਡਰ ਜਾਂ ਲੇਖਕਾਂ ਦੀ ਸੰਪਰਦਾਇਕ ਸੋਚ। ਤੀਜਾ ਇਹ ਕਿ ਬੰਦਾ ਸਿੰਘ ਦੇ ਕਾਰਨਾਮੇ ਐਸੇ ਹੈਰਾਨਕੁਨ ਸਨ ਕਿ ਆਮ ਬੰਦੇ ਲਈ ਉਹ ਨਿਰੀ ਕਰਾਮਾਤ ਹੋ ਨਿੱਬੜੇ ਸਨ। ਇਸ ਵਿਚੋਂ ਹੀ ਕਰਾਮਾਤੀ ਕਥਾਵਾਂ ਬੰਦੇ ਨਾਲ ਜੁੜ ਗਈਆਂ। ਜੇ ਉਹ ਸਾਧ ਬਣਿਆ ਤਾਂ ਵੀ ਕਰਾਮਾਤੀ ਸਾਧ, ਜੇ ਉਹ ਜਰਨੈਲ ਬਣਿਆ ਤਾਂ ਵੀ ਇਕ ਕਰਾਮਾਤੀ ਜਰਨੈਲ ਅਤੇ ਜਦੋਂ ਉਸ ਨੇ ਸ਼ਹਾਦਤ ਦਿੱਤੀ ਤਾਂ ਵੀ ਨਿਰੀ ਕਰਾਮਾਤੀ ਧਾਰਨਾ ਹੀ ਸਾਹਮਣੇ ਆਉਂਦੀ ਹੈ।

ਬੰਦਾ ਸਿੰਘ ਬਾਰੇ ਲਿਖਣ ਵਾਲੇ ਸਿੱਖ ਲੇਖਕਾਂ ਵਿਚ ਕਈ ਕਿਸਮ ਦੀਆਂ ਸੰਪਰਦਾਈ ਰੁਚੀਆਂ ਵਾਲੇ ਲੇਖਕ ਹੋਏ ਹਨ। ਸਰੂਪ ਦਾਸ ਭੱਲਾ ਉਨ੍ਹਾਂ ਨੇਤਾਵਾਂ ਦੀ ਵੰਸ਼ ਵਿਚੋਂ ਸੀ ਜਿਹੜੇ ਬੰਦਾ ਸਿੰਘ ਬਹਾਦੁਰ ਨਾਲੋਂ ਅਲੱਗ ਹੋ ਗਏ ਸਨ। ਇਹ ਵਖਰੇਵਾਂ ਗੁਰਦਾਸ-ਨੰਗਲ ਦੇ ਘੇਰੇ ਤੋਂ ਪਹਿਲਾਂ ਦਾ ਵੀ ਹੋ ਸਕਦਾ ਹੈ ਤੇ ਬਾਅਦ ਦਾ ਵੀ। ਇਹ ਨੇਤਾ ਸਨ ਬਾਵਾ ਬਿਨੋਦ ਸਿੰਘ ਅਤੇ ਬਾਵਾ ਕਾਨ੍ਹ ਸਿੰਘ। ਸਰੂਪ ਦਾਸ ਭੱਲਾ, ਜਿਸ ਨੇ 1776 ਈ. ਵਿਚ ਆਪਣੀ ਲਿਖਤ *ਮਹਿਮਾ ਪ੍ਰਕਾਸ਼* ਲਿਖੀ, ਇਸ ਵਿਚ ਜਿਸ ਤਰੀਕੇ ਨਾਲ ਉਸ ਨੇ ਬਾਵਾ ਬਿਨੋਦ ਸਿੰਘ ਅਤੇ ਬਾਵਾ ਕਾਨ੍ਹ ਸਿੰਘ ਦੀ ਜੋ ਕਥਾ ਦਿਤੀ ਹੈ, ਉਹ ਉਸ ਦੇ ਪੱਖਪਾਤੀ ਰਵੱਈਏ ਨੂੰ ਦਰਸਾਉਂਦੀ ਹੈ। ਦੂਜੀ ਲਿਖਤ ਕੋਇਰ ਸਿੰਘ ਦੀ *ਗੁਰਬਿਲਾਸ ਪਾਤਸ਼ਾਹੀ ਦਸਵੀਂ* ਹੈ। ਇਹ 1843 ਈ. ਦੀ ਲਿਖਤ ਹੈ। ਕੋਇਰ ਸਿੰਘ ਖੁਦ ਬੈਰਾਗੀ ਸੰਤ ਸੀ। ਉਸ ਨੇ ਬੰਦਾ ਸਿੰਘ ਬਾਰੇ ਭਾਵੇਂ ਲਿਖਿਆ ਤਾਂ ਬਹੁਤ ਥੋੜ੍ਹਾ ਹੈ ਪਰ ਉਸ ਵਿਚ ਹੀ ਉਸ ਨੇ ਬੰਦਾ ਸਿੰਘ ਦੀ ਸਾਰੀ ਮਹੱਤਤਾ ਖ਼ਤਮ ਕਰ ਦਿਤੀ ਹੈ। ਕੋਇਰ ਸਿੰਘ ਕਿਉਂਕਿ ਖੁਦ ਬੈਰਾਗੀ ਸੰਤ ਸੀ ਇਸ ਲਈ ਉਹ ਬੰਦਾ ਸਿੰਘ ਵਲੋਂ ਵਿਆਹ ਕਰਵਾਉਣ ਦੀ ਰਸਮ ਨੂੰ ਸਿੱਖ ਧਰਮ ਦੇ ਵਿਰੁੱਧ ਸਮਝਦਾ ਸੀ। ਬੈਰਾਗੀ ਸੰਤ ਗਰਿਹਸਤੀ ਜੀਵਨ ਨਹੀਂ ਅਪਣਾਉਂਦੇ ਸਗੋਂ ਉਮਰ ਭਰ ਗਰਿਹਸਤੀ ਜੀਵਨ ਤੋਂ ਦੂਰ ਰਹਿਣ ਦੀ ਸਿੱਖਿਆ ਦਿੰਦੇ ਹਨ। ਬੰਦਾ ਸਿੰਘ ਉਪਰ ਵਿਆਹ ਕਰਵਾਉਣ ਦੀ ਸ਼ਰਤ ਲਗਾਉਣਾ ਤਾਂ ਇਸ ਤਰ੍ਹਾਂ ਦੇ ਲੇਖਕਾਂ ਦੀ ਫੈਲਾਈ ਹੋਈ ਦੁਰਭਾਵਨਾ ਭਰੀ ਸੋਚ ਹੈ।

ਬੰਦਾ ਸਿੰਘ ਬਾਰੇ ਸਭ ਤੋਂ ਵੱਧ ਗੰਦਗੀ ਭਰਿਆ ਪਰਚਾਰ ਕੀਤਾ ਹੈ ਰਤਨ ਸਿੰਘ ਭੰਗੂ ਨੇ। ਇਹ ਵੀ 1840ਵਿਆਂ ਦਾ ਲੇਖਕ ਹੈ। ਇਸ ਨੇ *ਪ੍ਰਾਚੀਨ ਪੰਥ ਪ੍ਰਕਾਸ਼* ਵਿਚ ਜੋ ਕੁਝ ਵੀ ਲਿਖਿਆ ਹੈ ਉਹ ਸਭ ਕੁਝ ਅੰਗਰੇਜ਼ਾਂ ਦੇ ਕਹਿਣ ਤੇ ਅਤੇ ਅੰਗਰੇਜ਼ ਅਧਿਕਾਰੀਆਂ ਦੀ ਸਰਪਰਸਤੀ ਹੇਠ ਰਹਿ ਕੇ ਲਿਖਿਆ ਹੈ। ਇਸ ਲਈ ਇਸ ਨੇ ਇਕ ਪਾਸੇ ਤਾਂ ਬੰਦਾ ਸਿੰਘ ਬਹਾਦੁਰ ਦੀ ਆਚਰਣ-ਸ਼ਿਕਨੀ ਕੀਤੀ ਹੈ ਅਤੇ ਦੂਜੇ ਪਾਸੇ ਇਸ ਨੇ ਮਹਾਰਾਜਾ ਰਣਜੀਤ ਸਿੰਘ ਦੀ ਮਹੱਤਤਾ ਨੂੰ ਖ਼ਤਮ ਕੀਤਾ ਹੈ। ਅੰਗਰੇਜ਼ਾਂ ਦੀ ਮਨਸ਼ਾ ਤਾਂ ਸਮਝ ਵਿਚ ਆਉਂਦੀ ਹੈ। ਉਹ ਸਿੱਖਾਂ ਵਿਚ ਸਿੱਖਾਂ ਦੇ ਰਾਜਨੀਤਕ ਨੇਤਾਵਾਂ ਨੂੰ ਹੀਰੋ ਵਾਂਗ ਉਭਰਨ ਨਹੀਂ ਦੇਣਾ ਚਾਹੁੰਦੇ ਸਨ। ਇਸ ਨਾਲ ਸਿੱਖਾਂ ਵਿਚ ਰਾਜਨੀਤਕ ਢਹਿੰਦੀ ਕਲਾ ਜਾਂ ਰਾਜਨੀਤੀ ਪਰੱਤੀ ਘਟੀਆ ਸੋਚ ਹੀ ਉਭਰਨੀ ਸੀ। ਵੈਸੇ ਵੀ ਰਤਨ ਸਿੰਘ ਭੰਗੂ ਦੇ ਵੱਡੇ-ਵਡੇਰੇ ਉਸ 'ਤੱਤ ਖਾਲਸੇ' ਵਿਚ ਸ਼ਾਮਲ ਸਨ ਜਿਹੜੇ ਬੰਦਾ ਸਿੰਘ ਦਾ ਸਾਥ

1. ਸੰਤ ਸਿੰਘ ਸੇਖੋਂ, *ਬੰਦਾ ਬਹਾਦੁਰ*, (ਡਰਾਮਾ), ਲਾਹੌਰ ਬੁੱਕ ਸ਼ਾਪ, ਲੁਧਿਆਣਾ, 1985.

SIKHBOOKCLUB.COM

ਛੱਡ ਕੇ ਹਕੂਮਤ ਨਾਲ ਜਾ ਮਿਲੇ ਸਨ। ਕੁਦਰਤੀ ਗੱਲ ਸੀ ਕਿ ਭੰਗੂ ਨੇ ਆਪਣੀ ਲਿਖਤ ਵਿਚ ਆਪਣੇ ਵੱਡੇ-ਵਡੇਰਿਆਂ ਦਾ ਹੀ ਪੱਖ ਪੂਰਨਾ ਸੀ। ਜਿੰਨੇ ਵੀ ਬੰਦਾ ਸਿੰਘ ਬਾਰੇ ਭੁਲੇਖੇ ਪਾਏ ਹੋਏ ਹਨ ਇਹ ਸਭ ਰਤਨ ਸਿੰਘ ਭੰਗੂ ਦੀ ਦੇਣ ਹੈ। ਬਦਕਿਸਮਤੀ ਨਾਲ ਸਿੱਖ ਇਤਿਹਾਸਕਾਰਾਂ ਵਿਚ ਰਤਨ ਸਿੰਘ ਭੰਗੂ ਦੀ ਲਿਖਤ ਹੀ ਸਭ ਤੋਂ ਵੱਧ ਪਰਮਾਣਿਕ ਮੰਨੀ ਗਈ ਹੈ। ਇਸ ਪਿੱਛੇ ਮੁੱਖ ਹੱਥ ਭਾਈ ਵੀਰ ਸਿੰਘ ਦਾ ਸੀ। ਭਾਈ ਵੀਰ ਸਿੰਘ ਨੇ ਰਤਨ ਸਿੰਘ ਭੰਗੂ ਦੀ ਲਿਖਤ ਦਾ ਮੂੰਹ-ਮੁਹਾਂਦਰਾ ਹੀ ਬਦਲ ਦਿੱਤਾ ਹੈ। ਉਸ ਨੇ ਬੰਦਾ ਸਿੰਘ ਬਹਾਦੁਰ ਵਾਲਾ ਹਿੱਸਾ ਕੱਟਿਆ-ਵੱਢਿਆ ਨਹੀਂ। ਵੈਸੇ ਇਹ ਵੀ ਹੋ ਸਕਦਾ ਹੈ ਕਿ ਇਸ ਹਿੱਸੇ ਵਿਚ ਵੀ ਭਾਈ ਵੀਰ ਸਿੰਘ ਨੇ ਕੱਟ-ਵੱਢ ਕੀਤੀ ਹੋਵੇ ਅਤੇ ਉਸ ਵਲੋਂ ਕੱਟ-ਵੱਢ ਕਰਨ ਦੇ ਬਾਵਜੂਦ ਵੀ ਇਹ ਸਭ ਕੁਝ ਰਹਿ ਗਿਆ ਹੋਵੇ। ਵੈਸੇ ਰਤਨ ਸਿੰਘ ਭੰਗੂ ਦੀ ਮੌਲਿਕ ਲਿਖਤ ਪੜ੍ਹ ਕੇ ਦੇਖਾ ਜਾਵੇ ਤਾਂ ਉਹ ਕਿਸੇ ਸਿੱਖ ਲੇਖਕ ਦੀ ਲਿਖਤ ਲਗਦੀ ਹੀ ਨਹੀਂ। ਉਸ ਲਿਖਤ ਵਿਚ ਸਿੱਖ ਨੇਤਾਵਾਂ ਬਾਰੇ ਐਸਾ ਕੁਫ਼ਰ ਤੋਲਿਆ ਗਿਆ ਹੈ ਜਿਸ ਨੂੰ ਕੋਈ ਸਿੱਖ ਲੇਖਕ ਨਾ ਹੀ ਪੜ੍ਹ ਸਕਦਾ ਹੈ ਅਤੇ ਨਾ ਹੀ ਲਿਖ ਸਕਦਾ ਹੈ। ਪਤਾ ਨਹੀਂ ਭਾਈ ਵੀਰ ਸਿੰਘ ਨੇ ਕੀ ਦੇਖ ਕੇ ਇਸ ਲਿਖਤ *ਪ੍ਰਾਚੀਨ ਪੰਥ ਪ੍ਰਕਾਸ਼* ਨੂੰ ਸੰਪਾਦਿਤ ਕੀਤਾ ਹੈ। ਇਸ ਨੂੰ ਭਾਈ ਸਾਹਿਬ ਦਾ ਚੰਗਾ ਕੰਮ ਕਹੀਏ ਜਾਂ ਮਾੜਾ। ਉਸ ਨੇ ਇਕ ਐਸੀ ਲਿਖਤ ਨੂੰ ਸਿੱਖਾਂ ਵਿਚ ਪਰਚੱਲਤ ਕਰ ਦਿੱਤਾ ਹੈ ਜਿਸ ਨੇ ਸਿੱਖ ਇਤਿਹਾਸ ਦੀਆਂ ਜੜ੍ਹਾਂ ਕੱਟੀਆਂ ਹਨ।

ਇਕ ਹੋਰ ਮਾੜੀ ਗੱਲ ਇਹ ਹੋਈ ਕਿ ਗਯਾਨੀ ਗਯਾਨ ਸਿੰਘ ਨੇ ਇੰਨ-ਬਿੰਨ ਉਹੀ ਗੱਲਾਂ ਬੰਦਾ ਸਿੰਘ ਬਹਾਦੁਰ ਬਾਰੇ ਲਿਖ ਦਿੱਤੀਆਂ ਹਨ ਜੋ ਰਤਨ ਸਿੰਘ ਭੰਗੂ ਨੇ *ਪ੍ਰਾਚੀਨ ਪੰਥ ਪ੍ਰਕਾਸ਼* ਵਿਚ ਲਿਖੀਆਂ ਸਨ। ਵੈਸੇ ਗਯਾਨੀ ਗਯਾਨ ਸਿੰਘ ਦੇ ਲਿਖਣ ਦਾ ਮਨੋਰਥ ਰਤਨ ਸਿੰਘ ਭੰਗੂ ਵਲੋਂ ਪਾਏ ਭੁਲੇਖਿਆਂ ਨੂੰ ਦੂਰ ਕਰਨ ਦਾ ਸੀ ਪਰ ਜਾਣੇ ਜਾਂ ਅਣਜਾਣੇ ਉਹ ਬੰਦਾ ਸਿੰਘ ਬਹਾਦੁਰ ਬਾਰੇ ਉਨ੍ਹਾਂ ਹੀ ਭੁਲੇਖਿਆਂ ਨੂੰ ਪੱਕਾ ਕਰ ਗਿਆ ਜੋ ਭੰਗੂ ਨੇ ਪਾਏ ਸਨ। ਗਯਾਨ ਸਿੰਘ ਲੋਂਗੋਵਾਲ ਦਾ ਦੁਲੱਟ ਜੱਟ ਸੀ ਪਰ ਉਹ ਨਿਰਮਲਾ ਸਾਧੂ ਸੀ। ਨਿਰਮਲਿਆਂ, ਬੈਰਾਗੀਆਂ ਅਤੇ ਉਦਾਸੀਆਂ ਦਾ ਗਰਿਹਸਤੀ ਜੀਵਨ ਬਾਰੇ ਇਕੋ ਹੀ ਨਜ਼ਰੀਆ ਹੈ। ਇਨ੍ਹਾਂ ਦੀਆਂ ਲਿਖਤਾਂ ਪੜ੍ਹ ਕੇ ਦੇਖੀਆਂ ਜਾਣ ਤਾਂ ਪਤਾ ਲਗਦਾ ਹੈ ਕਿ ਇਨ੍ਹਾਂ ਨੇ ਉਸ ਸਿੱਖ ਨੇਤਾ ਦੀ ਤਾਂ ਤਾਰੀਫ਼ ਕੀਤੀ ਹੈ ਜਿਸ ਨੇ ਵਿਆਹ ਨਹੀਂ ਕਰਵਾਇਆ ਪਰ ਉਸ ਨੇਤਾ ਨੂੰ ਛੁਟਿਆਇਆ ਹੈ ਜਿਹੜਾ ਗਰਿਹਸਤੀ ਜੀਵਨ ਜੀਅ ਰਿਹਾ ਸੀ। ਅਜਿਹੇ ਸੰਪਰਦਾਈ ਲੇਖਕਾਂ ਦੀਆਂ ਲਿਖਤਾਂ, ਸਿੱਖ ਨੇਤਾਵਾਂ ਬਾਰੇ ਭੁਲੇਖੇ ਪਾਉਣ ਵਿਚ ਮੁੱਖ ਜ਼ਿੰਮੇਵਾਰ ਹਨ।

ਉਪਰੋਕਤ ਸਾਰੇ ਲੇਖਕਾਂ ਵਲੋਂ ਬੰਦਾ ਸਿੰਘ ਬਾਰੇ ਗਲਤ ਪਰਚਾਰ ਕਰਨ ਵਿਚ ਜੋ ਕਸਰਾਂ-ਮਸਰਾਂ ਰਹਿ ਗਈਆਂ ਸਨ ਉਹ ਸਾਡੇ ਆਧੁਨਿਕ ਅਖਾਉਤੀ ਹਿਸਟੋਰੀਅਨ, ਕਰਮ ਸਿੰਘ ਨੇ ਪੂਰੀਆਂ ਕਰ ਦਿੱਤੀਆਂ ਹਨ। ਇਸ ਨੇ 24-25 ਸਾਲ ਦੀ ਉਮਰ ਵਿਚ ਲਿਖਣਾ ਸ਼ੁਰੂ ਕਰ ਦਿੱਤਾ ਸੀ। ਇਸ ਦੀ ਕੁਲ ਉਮਰ 30-31 ਸਾਲਾਂ ਦੀ ਹੀ ਸੀ। ਇਸ ਨੂੰ ਸਿੱਖ ਇਤਿਹਾਸ ਦੀ ਖੋਜ ਕਰਨ ਦਾ ਐਸਾ ਝੱਲ ਉਠਿਆ ਕਿ ਜਿੰਨੀਆਂ ਵੀ ਸਥਾਪਤ ਹੋਈਆਂ ਸਿੱਖ ਪਰੰਪਰਾਵਾਂ ਸਨ ਇਸ ਨੇ ਸਭ ਨੂੰ ਨਿੰਦਣਾ ਸ਼ੁਰੂ ਕਰ ਦਿਤਾ। ਪਹਿਲਾ ਗੁਰੂ ਨਾਨਕ ਦੇਵ ਜੀ ਦੇ ਜਨਮ ਦੀ ਬਹੁਤ ਹੀ ਪੱਕੀ ਪਰੰਪਰਾ ਕੱਤਕ ਦੀ ਪੂਰਨਮਾਸ਼ੀ ਨੂੰ ਰੱਦ ਕਰ ਦਿੱਤਾ। ਇਸ ਬਾਰੇ ਕਿਤਾਬ, *'ਕੱਤਕ ਕਿ ਵਿਸਾਖ'* ਲਿਖ ਮਾਰੀ। ਫਿਰ ਦੂਜੀ ਪਰੰਪਰਾ ਭਾਈ ਬਾਲੇ ਵਾਲੀ ਰੱਦ ਕਰ ਦਿਤੀ ਅਤੇ ਲਿਖ ਦਿਤਾ ਕਿ ਭਾਈ ਬਾਲਾ ਤਾਂ ਹੋਇਆ ਹੀ ਨਹੀਂ ਸੀ। ਤੀਜੀ ਖੋਜ ਕੀਤੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਡਰਦਿਆਂ ਨੇ ਹੀ ਬੰਦੇ ਨੂੰ ਅੰਮ੍ਰਿਤ ਨਹੀਂ ਛਕਾਇਆ ਸੀ। ਅਜਿਹੀਆਂ ਗੱਲਾਂ ਕਰਕੇ ਕਰਮ ਸਿੰਘ ਹਿਸਟੋਰੀਅਨ ਨਾਂ ਦੇ ਲੇਖਕ ਨੇ ਸਿੱਖ ਪਰੰਪਰਾਵਾਂ ਦਾ ਤਾਂ ਘਾਣ ਕੀਤਾ ਹੀ ਸੀ ਸਗੋਂ ਉਸ ਨੇ ਬੰਦਾ ਸਿੰਘ ਬਹਾਦੁਰ ਜੈਸੇ ਮਹਾਨ, ਸੂਰਬੀਰ, ਇਨਕਲਾਬੀ ਅਤੇ ਕੁਰਬਾਨੀ ਦੇ ਪੁਤਲੇ ਸਿੱਖ ਨੇਤਾ ਦੀ ਸਾਰੀ ਮਹੱਤਤਾ ਹੀ ਖ਼ਤਮ ਕਰ ਦਿੱਤੀ। ਅੰਮ੍ਰਿਤ ਛਕਣਾ ਹਰ ਸਿੱਖ ਦੀ ਬੁਨਿਆਦ ਹੈ। ਜਿਸ ਨੇ ਅੰਮ੍ਰਿਤ ਨਹੀਂ ਛਕਿਆ ਉਸ ਲਈ ਸਿੱਖੀ ਦੀ ਬੁਨਿਆਦ ਹੀ ਸਥਾਪਤ ਨਹੀਂ ਹੁੰਦੀ। ਜੇ ਬੰਦਾ ਸਿੰਘ ਵਿਚੋਂ ਸਿੱਖੀ ਵੀ ਕੱਢ ਦੇਈਏ ਅਤੇ ਨੇਤਾਗਿਰੀ ਵੀ, ਤਾਂ ਪਿੱਛੇ ਰਹਿ ਹੀ ਕੀ ਜਾਂਦਾ ਹੈ? ਬੰਦਾ ਸਿੰਘ ਦਾ ਤਾਂ ਸਾਰਾ ਜੀਵਨ ਸੰਗਰਾਮ ਹੀ ਸਿੱਖ ਜਗਤ ਨੂੰ ਪਰੇਰਨਾ ਦੇਣ ਵਾਲਾ ਹੈ ਪਰ ਜੇਕਰ ਉਸ ਨੇ ਅੰਮ੍ਰਿਤ ਛਕ ਕੇ ਸਿੱਖ ਧਰਮ ਧਾਰਨ ਹੀ ਨਹੀਂ ਸੀ ਕੀਤਾ ਫਿਰ ਉਸ ਦਾ ਸਿੱਖ ਧਰਮ ਅਤੇ ਸਿੱਖ ਜਗਤ ਨਾਲ ਸਬੰਧ ਹੀ ਕੀ ਰਹਿ ਜਾਂਦਾ ਹੈ? ਕਰਮ ਸਿੰਘ ਹਿਸਟੋਰੀਅਨ ਦੀ ਸਾਰੀ ਖੋਜ ਹੀ ਬੰਦਾ ਸਿੰਘ ਦੇ ਕਿਰਦਾਰ ਨੂੰ ਖ਼ਤਮ ਕਰਨ ਵਾਲੀ ਹੈ। ਉਹ ਸਾਰੀ ਲਿਖਤ ਵਿਚ ਕਿਤੇ ਵੀ ਬੰਦਾ ਸਿੰਘ ਨਾਲ 'ਸਿੰਘ' ਨਹੀਂ ਲਾਉਂਦਾ। ਉਸ ਨੇ ਬੰਦਾ ਸਿੰਘ ਦੀ ਸੂਰਮਗਤੀ ਅਤੇ ਚਮਤਕਾਰੀ ਯੁੱਧ-ਨੀਤੀ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਹੈ ਕਿ 'ਬੰਦਾ ਆਪਣੀ ਫੌਜ ਕਰਕੇ ਨਹੀਂ ਜਿੱਤਦਾ ਸੀ ਸਗੋਂ ਮੁਗਲ ਸੈਨਾਪਤੀਆਂ ਦੀ ਮਿਲੀ-ਭੁਗਤ ਕਰਕੇ ਜਿੱਤਦਾ ਸੀ।' ਫਿਰ ਉਹ ਲਿਖਦਾ ਹੈ ਕਿ 'ਬੰਦੇ ਪਾਸ ਕਦੇ ਵੀ ਐਨੀ ਫੌਜ ਨਹੀਂ ਹੋਈ ਜਿਸ ਨਾਲ ਉਹ ਪੰਜ-ਸੱਤ ਫੌਜਦਾਰਾਂ ਦਾ ਵੀ ਮੁਕਾਬਲਾ ਕਰ ਸਕਣ ਦੇ ਸਮਰੱਥ ਹੋ ਜਾਂਦਾ।' ਅਜਿਹੀਆਂ ਗੱਲਾਂ ਲਿਖਦੇ ਸਮੇਂ ਕਰਮ ਸਿੰਘ ਹਿਸਟੋਰੀਅਨ ਨੂੰ ਇਹ ਗੱਲ ਯਾਦ ਹੀ ਨਹੀਂ ਰਹਿੰਦੀ ਕਿ ਜਦੋਂ 1710 ਈ. ਵਿਚ ਬਾਦਸ਼ਾਹ ਬਹਾਦੁਰ ਸ਼ਾਹ ਨੇ ਬੰਦਾ ਸਿੰਘ ਨੂੰ ਮੁਗਲ ਸਲਤਨਤ ਦੀ ਸਮੁੱਚੀ ਫੌਜ ਨਾਲ ਲਿਆ ਕੇ ਲੋਹਗੜ੍ਹ ਵਿਚ ਘੇਰਾ ਪਾਇਆ ਸੀ ਤਾਂ ਇਥੇ ਸਿਰਫ ਪੰਜ-ਸੱਤ ਫੌਜਦਾਰ ਹੀ ਨਹੀਂ ਸਨ ਸਗੋਂ ਬਾਦਸ਼ਾਹ ਦੀ ਸਾਰੀ ਸ਼ਾਹੀ ਫੌਜ ਦੇ ਸੈਨਾਪਤੀ ਸਨ। ਦਰਜਨਾਂ ਦੀ ਗਿਣਤੀ ਵਿਚ ਪਹਾੜੀ ਰਾਜੇ ਸਨ। ਬਾਦਸ਼ਾਹ ਦੇ ਚਾਰਾਂ ਸਾਹਿਬਜ਼ਾਦਿਆਂ ਦੀ ਫੌਜ ਇਥੇ ਸੀ। ਉਤਰੀ ਭਾਰਤ ਦੇ ਸਭ ਵੱਡੇ ਛੋਟੇ ਨਵਾਬ ਆਪਣੀਆਂ ਫੌਜਾਂ ਲੈ ਕੇ ਪਹੁੰਚੇ ਹੋਏ ਸਨ।

SIKHBOOKCLUB.COM

ਇਸ ਸਮੁੱਚੀ ਫੌਜ ਵਿਚ ਬਾਦਸ਼ਾਹ ਦੀ ਆਪਣੀ ਸਿੱਧੀ ਅਗਵਾਈ ਵਾਲੀ ਸੱਠ ਹਜ਼ਾਰ ਤਕੜੇ ਨੌਜੁਆਨ ਸਿਪਾਹੀਆਂ ਦੀ ਫੌਜ ਸੀ। ਬੰਦਾ ਸਿੰਘ ਇਤਨੀ ਵੱਡੀ ਫੌਜ ਤੋਂ ਡਰ ਕੇ ਭੱਜਿਆ ਨਹੀਂ ਸੀ ਸਗੋਂ ਲੋਹਗੜ੍ਹ ਦੇ ਕਿਲੇ ਵਿਚ ਮੁਗ਼ਲ ਫੌਜ ਦੇ ਦੰਦ ਖੱਟੇ ਕਰਨ ਲਈ ਕਈ ਮਹੀਨਿਆਂ ਤਕ ਡਟਿਆ ਬੈਠਾ ਰਿਹਾ ਸੀ। ਅਖੀਰ ਜਦੋਂ ਕਿਲ੍ਹੇ ਵਿਚੋਂ ਅਨਾਜ ਵਗੈਰਾ ਮੁੱਕ ਗਿਆ ਸੀ ਤਾਂ ਬੰਦਾ ਸਿੰਘ ਆਪਣੇ ਸੂਰਬੀਰ ਸਿੰਘਾਂ ਨਾਲ ਮੁਗ਼ਲ ਫੌਜ ਨੂੰ ਇਉਂ ਚੀਰਦਾ ਹੋਇਆ ਨਿਕਲ ਗਿਆ ਸੀ ਜਿਵੇਂ ਕੋਈ ਜਾਦੂਗਰ ਉਡਾਰੀ ਮਾਰ ਕੇ ਨਿਕਲ ਜਾਂਦਾ ਹੈ। ਬਾਦਸ਼ਾਹ ਇਸ ਹਾਰ ਤੋਂ ਬਹੁਤ ਹੀ ਨਿੰਮੋਝੂਣਾ ਹੋਇਆ ਸੀ। ਉਸ ਦਾ ਪਰਧਾਨ ਮੰਤਰੀ ਮੁਨੱਈਅਮ ਖਾਨ ਆਪਣੀ ਇਸ ਹਾਰ ਨੂੰ ਭੁੱਲ ਨਾ ਸਕਿਆ ਅਤੇ ਉਹ ਮਹੀਨੇ ਕੁ ਬਾਅਦ ਅਤੇ ਨਿਰਾਸ਼ ਹਾਲਤ ਵਿਚ ਮਰ ਗਿਆ ਸੀ। ਪਰ ਕਰਮ ਸਿੰਘ ਹਿਸਟੋਰੀਅਨ ਲਿਖਦਾ ਹੈ ਕਿ ਬੰਦਾ ਮੁਗ਼ਲ ਅਧਿਕਾਰੀਆਂ ਦੀ ਮਿਲੀ-ਭੁਗਤ ਨਾਲ ਨਿਕਲ ਗਿਆ ਸੀ।

ਇਸ ਸਮੇਂ ਹੀ ਲੋਹਗੜ੍ਹ ਦੇ ਕਿਲ੍ਹੇ ਵਿਚ ਇਕ ਬੇਮਿਸਾਲ ਘਟਨਾ ਵਾਪਰੀ ਸੀ। ਉਹ ਗੱਲ ਸੀ ਇਕ ਗੁਲਾਬ ਸਿੰਘ ਨਾਂ ਦੇ ਸਿੰਘ ਵਲੋਂ ਆਪਣੀ ਕੁਰਬਾਨੀ ਦੇ ਕੇ ਸਾਰੇ ਸਿੰਘਾਂ ਅਤੇ ਬੰਦਾ ਸਿੰਘ ਦੀ ਜਾਨ ਬਚਾਉਣ ਦੀ। ਗੁਲਾਬ ਸਿੰਘ ਦੀ ਸ਼ਕਲ-ਸੂਰਤ ਬੰਦਾ ਸਿੰਘ ਨਾਲ ਮਿਲਦੀ-ਜੁਲਦੀ ਸੀ। ਇਹ ਸਿੰਘਾਂ ਨਾਲ ਸਲਾਹ ਕਰ ਕੇ ਆਪ ਬੰਦਾ ਸਿੰਘ ਵਾਲਾ ਲਿਬਾਸ ਪਹਿਨ ਕੇ ਬਿਲਕੁਲ ਉਸ ਦੀ ਤਰ੍ਹਾਂ ਦੁਸ਼ਮਣਾਂ ਦੀਆਂ ਨਜ਼ਰਾਂ ਸਾਹਮਣੇ ਤੁਰਨ-ਫਿਰਨ ਲੱਗ ਪਿਆ। ਇਸ ਨੇ ਕਿਹਾ ਕਿ ਬੰਦਾ ਸਿੰਘ ਭੇਸ ਬਦਲ ਕੇ ਆਪਣੇ ਸਾਰੇ ਸਿੰਘਾਂ ਨੂੰ ਬਾਹਰ ਕੱਢ ਕੇ ਲੈ ਜਾਵੇ, ਉਹ (ਗੁਲਾਬ ਸਿੰਘ) ਉਸ ਦੀ ਜਗਾਹ ਪੰਜ ਸੱਤ ਸਿੰਘਾਂ ਸਮੇਤ ਦੁਸ਼ਮਣ ਨੂੰ ਇਸ ਤਰ੍ਹਾਂ ਦਾ ਭੁਲੇਖਾ ਪਾ ਕੇ ਰੱਖੇਗਾ ਜਿਵੇਂ ਕਿ ਬੰਦਾ ਸਿੰਘ ਅੰਦਰ ਹੀ ਉਨ੍ਹਾਂ ਨਾਲ ਲੜ ਰਿਹਾ ਹੋਵੇ। ਇਹ ਬੜੀ ਹੀ ਬੇਮਿਸਾਲ ਘਟਨਾ ਸੀ। ਇਤਿਹਾਸ ਵਿਚ ਐਸੀਆਂ ਮਿਸਾਲਾਂ ਬਹੁਤ ਹੀ ਘੱਟ ਮਿਲਦੀਆਂ ਹਨ। ਐਸੇ ਕੁਰਬਾਨੀ ਦੇ ਪੁਤਲੇ ਸਿੰਘ ਦਾ ਵਰਨਣ ਕਰਨ ਲਈ ਵੀ ਸਾਨੂੰ ਅਜਿਹੇ ਸ਼ਬਦਾਂ ਦੀ ਤਲਾਸ਼ ਕਰਨੀ ਪੈਂਦੀ ਹੈ ਜਿਹੜੇ ਕੁੱਜੇ ਵਿਚ ਸਮੁੰਦਰ ਸਮਾਉਣ ਦੀ ਤਰ੍ਹਾਂ ਥੋੜ੍ਹੇ ਸ਼ਬਦਾਂ ਵਿਚ ਬਹੁਤ ਕੁਝ ਬਿਆਨ ਕਰ ਜਾਣ। ਹੁਣ ਦੇਖੋ, ਕਰਮ ਸਿੰਘ ਹਿਸਟੋਰੀਅਨ ਨੇ ਇਸ ਨੂੰ ਕਿਵੇਂ ਬਿਆਨ ਕੀਤਾ ਹੈ, ''ਇਹ ਗੁਲਾਬੂ ਬਹਾਦੁਰ ਸ਼ਾਹ ਦੇ ਦਰਬਾਰ ਵਿਚ ਤਮਾਕੂ ਵੇਚਿਆ ਕਰਦਾ ਸੀ। ਜਦ ਲੋਹਗੜ੍ਹ ਦੀ ਲੜਾਈ ਹੋਈ ਇਹ ਬੰਦੇ ਵੱਲ ਚਲਿਆ ਗਿਆ। ਜੰਦ ਬੰਦਾ ਭੱਜਾ ਤਾਂ ਇਸ ਨੇ ਉਸ ਦੀ ਪੁਸ਼ਾਕ ਪਹਿਨ ਕੇ ਸ਼ਾਹੀ ਫੌਜ ਨੂੰ ਧੋਖਾ ਦਿੱਤਾ।' ਵੈਸੇ ਤਾਂ ਕੁਰਬਾਨੀ ਦੇ ਪੁਤਲੇ ਸਿੰਘ ਨੂੰ ਜੇ ਕੋਈ ਅੱਧੇ ਨਾਂ ਨਾਲ ਅਤੇ ਉਹ ਵੀ ਨਾਂ ਬਿਗਾੜ ਕੇ ਸੰਬੋਧਨ ਕਰਦਾ ਹੈ ਤਾਂ ਇਸ ਨਾਲ ਹੀ ਸਿੰਘ ਦਾ ਅਪਮਾਨ ਹੋ ਜਾਂਦਾ ਹੈ ਪਰ ਜਦੋਂ ਕਿਸੇ ਸਿੰਘ ਬਾਰੇ ਇਹ ਲਿਖ ਦਿਤਾ ਜਾਵੇ ਕਿ ਪਹਿਲਾਂ ਉਹ ਤਮਾਕੂ ਵੇਚਦਾ ਹੁੰਦਾ ਸੀ ਇਸ ਨਾਲ ਤਾਂ ਉਸ ਦਾ ਸਾਰਾ ਸਿੱਖੀ ਕਿਰਦਾਰ ਹੀ ਖ਼ਤਮ ਹੋ ਜਾਂਦਾ ਹੈ। ਦੇਖੋ ਕਰਮ ਸਿੰਘ ਹਿਸਟੋਰੀਅਨ ਨੇ ਕਿਵੇਂ ਇਕ ਲਾਸਾਨੀ ਸ਼ਹਾਦਤ ਦੇਣ ਵਾਲੇ ਸਿੰਘ ਦਾ ਸਿੱਖੀ ਆਚਰਣ ਖ਼ਤਮ ਕੀਤਾ ਹੈ। ਇਸ ਤੋਂ ਪਤਾ ਲਗ ਜਾਂਦਾ ਹੈ ਕਿ ਕਰਮ ਸਿੰਘ ਹਿਸਟੋਰੀਅਨ ਕਿਸ ਨਜ਼ਰੀਏ ਤੋਂ ਸਿੱਖ ਇਤਿਹਾਸ ਨੂੰ ਲਿਖ ਰਿਹਾ ਸੀ।

ਕਰਮ ਸਿੰਘ ਹਿਸਟੋਰੀਅਨ ਦੀ ਹੀ ਇਕ ਹੋਰ ਘਿਨਾਉਣੀ ਗੱਲ, ਜੋ ਉਸ ਨੇ ਬੰਦਾ ਸਿੰਘ ਦੀ ਧਰਮ-ਪਤਨੀ ਬਾਰੇ ਲਿਖੀ ਹੈ। ਇਸ ਨੇ ਲਿਖਿਆ ਹੈ ਕਿ ਬੰਦਾ ਸਿੰਘ, ਉਸ ਦੇ ਪੁੱਤਰ ਅਤੇ ਉਸ ਦੀ ਪਤਨੀ ਨੂੰ ਇਕੱਠਿਆਂ ਬਿਠਾ ਕੇ ਜਦੋਂ ਸ਼ਹੀਦ ਕੀਤਾ ਜਾ ਰਿਹਾ ਸੀ ਤਾਂ ਬੰਦਾ ਸਿੰਘ ਨੂੰ ਅਤੇ ਉਸ ਦੇ ਪੁੱਤਰ ਨੂੰ ਸ਼ਹੀਦ ਕਰਨ ਤੋਂ ਬਾਅਦ ਜਦੋਂ ਉਸ ਦੀ ਪਤਨੀ ਨੂੰ ਕਿਹਾ ਗਿਆ ਕਿ ਉਹ ਜਾਂ ਤਾਂ ਮੁਸਲਮਾਨ ਬਣ ਜਾਵੇ ਤੇ ਜਾਂ ਮਰਨ ਲਈ ਤਿਆਰ ਹੋ ਜਾਵੇ। ਇਸ ਤੇ ਉਸ ਨੇ ਮੁਸਲਮਾਨ ਬਣਨਾ ਸਵੀਕਾਰ ਕਰ ਲਿਆ ਅਤੇ ਉਸ ਨੂੰ ਦੱਖਣੀ ਬੇਗਮ ਦੇ ਹਵਾਲੇ ਕਰਕੇ ਮੱਕੇ ਹੱਜ ਕਰਨ ਲਈ ਭੇਜ ਦਿੱਤਾ। ਇਥੇ ਵੀ ਕਰਮ ਸਿੰਘ ਨੇ ਬੰਦਾ ਸਿੰਘ ਦੀ ਸ਼ਹਾਦਤ ਦੀ ਮਹੱਤਤਾ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ ਹੈ। ਇਕ ਮਾਂ ਦੇ ਸਾਹਮਣੇ ਉਸ ਦੇ ਪਤੀ ਨੂੰ ਅਤੇ ਉਸ ਦੇ ਮਾਸੂਮ ਪੁੱਤਰ ਨੂੰ ਤੜਫਾ ਤੜਫਾ ਕੇ ਸ਼ਹੀਦ ਕਰ ਦਿੱਤਾ ਗਿਆ ਹੋਵੇ ਤੇ ਜਦੋਂ ਮਾਂ ਦੀ ਵਾਰੀ ਆਵੇ ਤਾਂ ਉਹ ਡਰਦੀ ਧਰਮ ਬਦਲ ਜਾਵੇ, ਇਹ ਹੋ ਹੀ ਨਹੀਂ ਸਕਦਾ। ਜੇ ਮਾਂ ਨੇ ਧਰਮ ਬਦਲਣਾ ਹੋਊ ਤਾਂ ਆਪਣੇ ਪੁੱਤਰ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਹੀ ਧਰਮ ਬਦਲਣ ਲਈ ਤਿਆਰ ਹੋ ਜੂ ਤਾਂ ਕਿ ਉਸ ਦੇ ਪੁੱਤਰ ਦੀ ਜਾਨ ਬਖ਼ਸ਼ੀ ਹੋ ਸਕੇ। ਵੈਸੇ ਤਾਂ ਬੰਦਾ ਸਿੰਘ ਦੀ ਧਰਮ ਪਤਨੀ ਬਾਰੇ ਉਸ ਸਮੇਂ ਦੀ ਕੋਈ ਵੀ ਜਾਣਕਾਰੀ ਨਹੀਂ ਮਿਲਦੀ ਕਿ ਉਸ ਨਾਲ ਕੀ ਵਾਪਰਿਆ ਸੀ। ਪਰ ਬਹੁਤ ਹੀ ਹਲਕੀਆਂ ਕਨਸੋਆਂ ਇਹ ਜਾਣਕਾਰੀ ਮੁਹੱਈਆ ਕਰਦੀਆਂ ਹਨ ਕਿ ਉਸ ਨੂੰ ਬਾਦਸ਼ਾਹ ਦੀ ਮਾਂ ਦੇ ਮਹਿਲ ਵਿਚ ਭੇਜ ਦਿੱਤਾ ਗਿਆ ਸੀ। ਬਾਦਸ਼ਾਹ ਦੀ ਮਾਂ ਦੇ ਮਹਿਲ ਦੇ ਇਕ ਖੂਹ ਵਿਚ ਉਹ ਚੋਰੀ-ਛਿਪੇ ਛਾਲ ਮਾਰ ਕੇ ਡੁੱਬ ਗਈ ਸੀ।

ਬੰਦਾ ਸਿੰਘ ਦੀ ਧਰਮ-ਪਤਨੀ ਚੰਬੇ ਰਿਆਸਤ ਦੇ ਰਾਜਾ ਦੀ ਅਤੀ ਸੁੰਦਰ ਰਾਜਕੁਮਾਰੀ ਸੀ। ਉਸ ਦੇ ਹੁਸਨ ਦੀ ਚਰਚਾ ਸਾਰੀਆਂ ਪਹਾੜੀ ਰਿਆਸਤਾਂ ਵਿਚ ਫੈਲੀ ਹੋਈ ਸੀ। ਜਦੋਂ ਬੰਦਾ ਸਿੰਘ ਪਹਾੜੀ ਰਿਆਸਤਾਂ ਨੂੰ ਆਪਣੇ ਅਧੀਨ ਕਰਦਾ ਫਿਰ ਰਿਹਾ ਸੀ ਤਾਂ ਇਸ ਰਾਜਕੁਮਾਰੀ ਦੀ ਚਰਚਾ ਸਿੰਘਾਂ ਵਿਚ ਵੀ ਫੈਲ ਗਈ ਸੀ। ਸਿੰਘਾਂ ਨੇ ਮਤਾ ਪਕਾਇਆ ਸੀ ਅਤੇ ਜ਼ੋਰ ਪਾਇਆ ਸੀ ਕਿ ਚੰਬੇ ਦੀ ਰਾਜਕੁਮਾਰੀ ਦੀ ਸ਼ਾਦੀ ਉਨ੍ਹਾਂ ਦੇ ਨੇਤਾ ਬੰਦਾ ਸਿੰਘ ਬਹਾਦੁਰ ਨਾਲ ਕੀਤੀ ਜਾਵੇ ਜਿਹੜਾ ਕਿ ਉਸ ਸਮੇਂ ਇਕ ਬਾਦਸ਼ਾਹ ਦੀ ਤਰ੍ਹਾਂ ਪੂਰਨ ਪਰਭੂਸੱਤਾਸ਼ਾਲੀ ਹਾਕਮ ਸੀ। ਜਦੋਂ ਬੰਦਾ ਸਿੰਘ ਬਹਾਦੁਰ ਸਿੰਘਾਂ ਸਮੇਤ ਦਿੱਲੀ ਵਿਜ ਪਕੜ ਕੇ ਲਿਜਾਇਆ ਗਿਆ ਸੀ ਤਾਂ ਇਸ ਰਾਜਕੁਮਾਰੀ ਦੀ ਸੁੰਦਰਤਾ ਦੀ ਚਰਚਾ ਸ਼ਾਹੀ ਮਹਿਲਾਂ ਵਿਚ ਵੀ ਪਹੁੰਚ ਗਈ ਸੀ। ਬਾਦਸ਼ਾਹ ਨੇ ਭਾਵੇਂ ਕੁਝ

SIKHBOOKCLUB.COM

ਵੀ ਸਮਝਿਆ ਹੋਵੇ ਉਸ ਨੇ ਇਸ ਰਾਜ ਕੁਮਾਰੀ ਨੂੰ ਨਾ ਮਾਰੇ ਜਾਣ ਦਾ ਹੁਕਮ ਦੇ ਦਿਤਾ ਸੀ ਅਤੇ ਰਾਜਕੁਮਾਰੀ ਨੂੰ ਬਾਦਸ਼ਾਹ ਦੀ ਮਾਂ ਦੇ ਮਹਿਲ ਵਿਚ ਭੇਜ ਦਿਤਾ ਗਿਆ ਸੀ । ਇਕ ਕੈਦੀ ਬੰਦੇ ਦੀ, ਜੇਲ੍ਹ ਵਿਚ ਆਪਣੀ ਮਰਜ਼ੀ ਵੀ ਕੀ ਹੁੰਦੀ ਹੈ? ਕੈਦ ਦੌਰਾਨ, ਕੈਦੀ ਬੰਦੇ ਨਾਲ ਕੁਝ ਵੀ ਕੀਤਾ ਜਾ ਸਕਦਾ ਹੈ । ਬੇਪੱਤ ਕੀਤਾ ਜਾ ਸਕਦਾ ਹੈ, ਤੜਫਾਇਆ ਜਾ ਸਕਦਾ ਹੈ, ਮਾਸ ਨੋਚਿਆ ਜਾ ਸਕਦਾ ਹੈ, ਪੁੱਠਾ ਲਮਕਾਇਆ ਜਾ ਸਕਦਾ ਹੈ । ਗੱਲ ਤਾਂ ਕੈਦੀ ਬੰਦੇ ਦੀ ਆਪਣੀ ਇੱਛਾ ਦੀ ਹੁੰਦੀ ਹੈ । ਜੇ ਸਭ ਕੁਝ ਉਸ ਦੀ ਇੱਛਾ ਦੇ ਵਿਰੁੱਧ ਕੀਤਾ ਜਾਂਦਾ ਹੈ ਤਾਂ ਉਪਰੋਕਤ ਬੇਪੱਤੀ ਅਤੇ ਨਿਰਾਦਰੀ ਦੀ ਕੋਈ ਮਹੱਤਤਾ ਨਹੀਂ ਹੁੰਦੀ । ਬੰਦਾ ਸਿੰਘ ਦੀ ਧਰਮ-ਪਤਨੀ ਕੀ ਕਰ ਸਕਦੀ ਸੀ । ਜਦੋਂ ਇਕ ਮਾਂ ਆਪਣੀਆਂ ਅੱਖਾਂ ਸਾਹਮਣੇ ਆਪਣੇ ਪੁੱਤਰ ਨੂੰ ਤੜਫਦਾ ਹੋਇਆ ਮਰਦਾ ਵੇਖ ਕੇ ਦੇਖਦੀ ਰਹਿੰਦੀ ਹੈ ਤਾਂ ਇਸ ਤੋਂ ਵੱਡੀ ਮਜ਼ਬੂਰੀ ਹੋਰ ਕੋਈ ਨਹੀਂ ਹੋ ਸਕਦੀ । ਬਾਦਸ਼ਾਹ ਨੇ ਹੁਕਮ ਕਰ ਦਿੱਤਾ ਕਿ ਬੰਦਾ ਸਿੰਘ ਦੀ ਧਰਮ-ਪਤਨੀ ਨੂੰ ਨਾ ਮਾਰਿਆ ਜਾਵੇ । ਇਸ ਵਿਚ ਵੀ ਰਾਜਕੁਮਾਰੀ ਬੇਵੱਸ ਸੀ ਪਰ ਜਦੋਂ ਉਸ ਨੂੰ ਸਮਾਂ ਮਿਲਿਆ ਤਾਂ ਉਹ ਬਿਨਾਂ ਕਿਸੇ ਦੇਰੀ ਦੇ ਖੂਹ ਵਿਚ ਛਾਲ ਮਾਰ ਕੇ ਡੁੱਬ ਗਈ । ਬਾਦਸ਼ਾਹੀ ਮਹਿਲਾਂ ਵਿਚਲੇ ਖੂਹ, ਉਹ ਵੀ ਦਿੱਲੀ ਵਿਚ ਲੱਗੇ ਹੋਏ, ਬਹੁਤ ਡੂੰਘੇ ਹੁੰਦੇ ਸਨ । ਇਤਨੇ ਡੂੰਘੇ ਕਿ ਉਪਰੋਂ ਤੱਕਿਆਂ ਸੌਖ ਨਾਲ ਹੇਠਲਾ ਪਾਣੀ ਨਹੀਂ ਦਿੱਸਦਾ ਹੁੰਦਾ । ਅਜਿਹੇ ਖੂਹ ਵਿਚ ਬਿਨਾਂ ਕਿਸੇ ਭੇਤ ਤੋਂ ਛਾਲ ਮਾਰ ਕੇ ਡੁੱਬ ਜਾਣਾ ਹੀ ਇਹ ਦਰਸਾਉਂਦਾ ਹੈ ਕਿ ਰਾਜਕੁਮਾਰੀ ਕਿਸ ਹੱਦ ਤੱਕ ਜਾ ਕੇ ਆਪਣੀ ਜਾਨ ਦੇਣ ਨੂੰ ਤਿਆਰ ਸੀ । ਕਿਹਾ ਜਾਂਦਾ ਹੈ ਕਿ ਬਾਦਸ਼ਾਹ ਦੀ ਮਾਂ ਇਸ ਘਟਨਾ ਤੋਂ ਪਿੱਛੋਂ ਉਸ ਮਹਿਲ ਵਿਚ ਨਹੀਂ ਰਹੀ ਸੀ । ਕਰਮ ਸਿੰਘ ਨੇ ਆਪਣੀ ਲਿਖਤ ਰਾਹੀਂ ਇਸ ਸਾਰੀ ਮਹੱਤਤਾ ਨੂੰ ਖਤਮ ਕਰ ਦਿੱਤਾ ਹੈ । ਇਸ ਮਹੱਤਤਾ ਨੂੰ ਖਤਮ ਕਰਕੇ ਪਤਾ ਨਹੀਂ ਕਿਹੜੀ ਸਿੱਖੀ ਦੀ ਸੇਵਾ ਕੀਤੀ ਜਾ ਰਹੀ ਸੀ?

ਇਹ ਕੁਝ ਚੋਣਵੀਆਂ ਮਿਸਾਲਾਂ ਹਨ ਜੋ ਕਰਮ ਸਿੰਘ ਹਿਸਟੋਰੀਅਨ ਦੀ ਲਿਖਤ ਵਿਚੋਂ ਲਈਆਂ ਗਈਆਂ ਹਨ । ਐਸੀਆਂ ਅਨੇਕਾਂ ਉਦਾਹਰਣਾਂ ਹਨ ਜਿਨ੍ਹਾਂ ਨਾਲ ਬੰਦਾ ਸਿੰਘ ਦੇ ਸਿੱਖੀ ਕਿਰਦਾਰ ਨੂੰ ਜ਼ਬਰਦਸਤ ਸੱਟ ਮਾਰੀ ਗਈ ਹੈ । ਇਨ੍ਹਾਂ ਗੱਲਾਂ ਨੂੰ ਮੱਦੇ-ਨਜ਼ਰ ਰੱਖ ਕੇ ਕਰਮ ਸਿੰਘ ਹਿਸਟੋਰੀਅਨ ਬਾਰੇ ਹੋਰ ਤਾਂ ਕੁਝ ਨਹੀਂ ਕਿਹਾ ਜਾ ਸਕਦਾ, ਹਾਂ ਉਸ ਨੂੰ ਫਿੱਟ-ਲਾਹਣਤ ਜ਼ਰੂਰ ਪਾਈ ਜਾ ਸਕਦੀ ਹੈ ।

ਉਪਰੋਕਤ ਕਿਸਮ ਦੀਆਂ ਗੱਲਾਂ ਵਿਚ ਕੋਈ ਇਤਿਹਾਸਕ ਸੱਚਾਈ ਨਹੀਂ ਹੈ । ਇਤਿਹਾਸਕ ਸੱਚਾਈ, ਕਿਤੇ ਹੋਰ ਹੈ । ਬੰਦਾ ਸਿੰਘ ਬਹਾਦੁਰ ਨਾ ਹੀ ਭੁਾਂ ਹੰਕਾਰੀ ਸਾਧੂ ਸੀ ਅਤੇ ਨਾ ਹੀ ਗੁਰੂ ਜੀ ਨੇ ਉਸ ਦੇ ਡੇਰੇ ਵਿਚ ਜਾ ਕੇ ਬੱਕਰੇ ਝਟਕਾਏ ਸਨ । ਬੰਦਾ ਸਿੰਘ ਸਾਧ ਹੈ ਹੀ ਨਹੀਂ ਸੀ । ਇਸ ਤਰ੍ਹਾਂ ਸਾਧਗਿਰੀ ਨਾਲ ਜੁੜੀਆਂ ਹੋਰ ਗੱਲਾਂ ਆਪਣੇ ਆਪ ਹੀ ਖਤਮ ਹੋ ਜਾਂਦੀਆਂ ਹਨ । ਬੰਦਾ ਸਿੰਘ ਬਹਾਦੁਰ, ਬਾਦਸ਼ਾਹ ਬਹਾਦੁਰ ਸ਼ਾਹ ਦੀ ਸ਼ਾਹੀ ਫੌਜ ਵਿਚ ਉਸ ਸਿੱਖ ਰਜਮੈਂਟ ਦਾ ਕਮਾਂਡਰ ਸੀ ਜਿਹੜੀ ਬੜੇ ਚਿਰ ਤੋਂ ਗੁਰੂ ਜੀ ਦੀ ਆਗਿਆ ਨਾਲ ਸਿੱਖਾਂ ਨੂੰ ਭਰਤੀ ਕਰਕੇ ਕਾਇਮ ਕੀਤੀ ਗਈ ਸੀ । ਗੁਰੂ ਗੋਬਿੰਦ ਸਿੰਘ ਜੀ ਦਾ ਇਕ ਹੁਕਮਨਾਮਾ ਸ਼ਾਹਜ਼ਾਦਾ ਅਜ਼ੀਮ ਦੀ ਸੰਗਤ ਦੇ ਨਾਂ ਮਿਲਦਾ ਹੈ । ਇਸ ਸੰਗਤ ਤੋਂ ਗੁਰੂ ਸਾਹਿਬ ਉਸ ਹੁਕਮਨਾਮੇ ਰਾਹੀਂ ਸੌ ਤੋਲੇ ਸੋਨੇ ਦੀ ਮੰਗ ਕਰਦੇ ਹਨ । ਸ਼ਾਹਜ਼ਾਦਾ ਅਜ਼ੀਮ ਤੋਂ ਭਾਵ ਹੈ ਵੱਡਾ ਸ਼ਾਹਜ਼ਾਦਾ । ਵੱਡਾ ਸ਼ਾਹਜ਼ਾਦਾ ਬਹਾਦੁਰ ਸ਼ਾਹ ਸੀ । ਬਹਾਦੁਰ ਸ਼ਾਹ ਨਾਂ ਤਾਂ ਉਸ ਦਾ ਬਾਦਸ਼ਾਹ ਬਣਨ ਤੋਂ ਬਾਅਦ ਰੱਖਿਆ ਗਿਆ ਸੀ । ਇਹ ਸੈਨਿਕ ਟੁਕੜੀ ਹਰ ਸਮੇਂ ਬਾਦਸ਼ਾਹ ਦੇ ਨਾਲ ਹੀ ਰਹਿੰਦੀ ਸੀ । ਜਦੋਂ ਬਹਾਦੁਰ ਸ਼ਾਹ, ਆਪਣੇ ਪਿਤਾ ਔਰੰਗਜ਼ੇਬ ਦੇ ਮਰਨ ਦੇ ਬਾਅਦ ਕਾਬੁਲ ਤੋਂ ਪੰਜਾਬ ਵਿਚੋਂ ਦੀ ਦਿੱਲੀ ਪਹੁੰਚਿਆ ਸੀ ਤਾਂ ਲਾਹੌਰ ਦੇ ਉਸ ਸਮੇਂ ਦੇ ਸੂਬੇਦਾਰ ਮੁਨੱਈਅਮ ਖਾਨ ਨੇ ਬਾਦਸ਼ਾਹ ਦੇ ਲਾਹੌਰ ਪਹੁੰਚਣ ਤੋਂ ਪਹਿਲਾਂ ਹੀ ਬਹੁਤ ਤਕੜੀ ਫੌਜ ਹੋਰ ਭਰਤੀ ਕਰ ਲਈ ਸੀ । ਇਸ ਨਵੀਂ ਭਰਤੀ ਕੀਤੀ ਗਈ ਫੌਜ ਵਿਚ ਸਿੱਖਾਂ ਦਾ ਬਹੁਤ ਵੱਡਾ ਯੋਗਦਾਨ ਸੀ । ਬੰਦਾ ਸਿੰਘ ਬਹਾਦੁਰ ਇਸ ਸਿੱਖ ਸੈਨਾ ਦਾ ਸੈਨਾਪਤੀ ਸੀ । ਜੈਜਉ ਦੀ ਲੜਾਈ ਵਿਚ ਹਿੱਸਾ ਲੈਣ ਵਾਲੇ ਗੁਰੂ ਜੀ ਨਹੀਂ ਸਨ ਸਗੋਂ ਬੰਦਾ ਸਿੰਘ ਬਹਾਦੁਰ ਸੀ । ਬੰਦਾ ਸਿੰਘ ਦਾ ਸਾਰਾ ਚਿਹਰਾ-ਮੁਹਰਾ, ਕੱਦ-ਕਾਠ ਅਤੇ ਵਿਚਰਨ ਦਾ ਤਰੀਕਾ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਦਾ-ਜੁਲਦਾ ਸੀ । ਬੰਦਾ ਸਿੰਘ ਗੁਰੂ ਜੀ ਨਾਲੋਂ ਪੰਜ-ਛੇ ਸਾਲ ਹੀ ਛੋਟਾ ਸੀ । ਗੈਰ-ਜਾਣਕਾਰ ਵਿਅਕਤੀ ਨੂੰ ਗੁਰੂ ਜੀ ਅਤੇ ਬੰਦਾ ਸਿੰਘ ਵਿਚਕਾਰ ਕੋਈ ਫਰਕ ਨਜ਼ਰ ਨਹੀਂ ਸੀ ਆਉਂਦਾ । ਜਦੋਂ ਬੰਦਾ ਸਿੰਘ ਪੰਜਾਬ ਵਿਚ ਪਹੁੰਚ ਕੇ ਲੜਾਈਆਂ ਕਰਦਾ ਸੀ ਤਾਂ ਬਾਦਸ਼ਾਹ ਦੇ ਸੂਹੀਏ ਆਪਣੀਆਂ ਖ਼ਬਰਾਂ ਵਿਚ ਬੰਦਾ ਸਿੰਘ ਨੂੰ ਸਿੱਖਾਂ ਦਾ ਗੁਰੂ ਹੀ ਲਿਖਦੇ ਸਨ ।

ਜਦੋਂ ਬੁਰਹਾਨਪੁਰ ਤੋਂ ਬਾਦਸ਼ਾਹ ਤਾਂ ਅੱਗੇ ਦੱਖਣ ਵਲ ਚਲਾ ਗਿਆ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਵੱਲ ਆ ਗਏ ਸਨ । ਨਾਂਦੇੜ ਪਹਿਲਾਂ ਤੋਂ ਹੀ ਦੱਖਣ ਦੀਆਂ ਸਿੱਖ ਸੰਗਤਾਂ ਦਾ ਕੇਂਦਰ ਚਲਿਆ ਆ ਰਿਹਾ ਸੀ । ਜਿਵੇਂ ਨਾਨਕਮਤਾ ਵਿਖੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸਾਧੂਆਂ ਦੇ ਰੂਪ ਵਿਚ ਸਿੱਖ ਪਰਚਾਰਕ ਰਹਿੰਦੇ ਆ ਰਹੇ ਸਨ ਉਸੇ ਤਰ੍ਹਾਂ ਨਾਂਦੇੜ ਵਿਖੇ ਵੀ ਸਾਧੂਆਂ ਦੇ ਰੂਪ ਵਿਚ ਸਿੱਖ ਪਰਚਾਰਕ ਰਹਿੰਦੇ ਆ ਰਹੇ ਸਨ । ਜਦੋਂ ਬਾਦਸ਼ਾਹ ਆਗਰੇ ਤੋਂ ਰਾਜਪੂਤਾਨੇ ਵੱਲ ਰਵਾਨਾ ਹੋਇਆ ਸੀ ਤਾਂ ਉਸ ਨੇ ਗੁਰੂ ਜੀ ਨੂੰ ਇਸੇ ਕਰਕੇ ਹੀ ਬਾਦਸ਼ਾਹੀ ਕੈਂਪ ਦੇ ਨਾਲ-ਨਾਲ ਰਹਿੰਦਿਆਂ ਉਧਰ ਆਉਣ ਲਈ ਬੇਨਤੀ ਕੀਤੀ ਸੀ ਤਾਂ ਕਿ ਬਾਦਸ਼ਾਹ ਦੀ ਸ਼ਾਹੀ ਫੌਜ ਵਿਚਲੀ ਸਿੱਖ ਫੌਜ ਨੂੰ ਗੁਰੂ ਜੀ ਦੇ ਨਾਲ-ਨਾਲ ਰਹਿਣ ਕਰਕੇ ਹੱਲਾ-ਸ਼ੇਰੀ ਅਤੇ ਪਰੇਰਨਾ ਮਿਲਦੀ

SIKHBOOKCLUB.COM

ਰਹੇ। ਗੁਰੂ ਜੀ ਨਾਂਦੇੜ ਪਹੁੰਚ ਗਏ ਸਨ। ਦੱਖਣ ਦੀਆਂ ਸਿੱਖ ਸੰਗਤਾਂ ਦਾ ਉਥੇ ਆਉਣ-ਜਾਣ ਹੋ ਗਿਆ ਸੀ। ਸਿੱਖ ਸੈਨਾ ਬਾਦਸ਼ਾਹ ਦੇ ਨਾਲ ਸੀ। ਜਦੋਂ ਗੁਰੂ ਜੀ ਨੂੰ ਛੁਰਾ ਮਾਰੇ ਜਾਣ ਕਰਕੇ ਗੰਭੀਰ ਰੂਪ ਵਿਚ ਜਖਮੀ ਕਰ ਦਿੱਤਾ ਗਿਆ ਸੀ ਤਾਂ ਇਸ ਦੀ ਖ਼ਬਰ ਤੁਰੰਤ ਬਾਦਸ਼ਾਹ ਨੂੰ ਭੇਜੀ ਗਈ ਸੀ। ਬਾਦਸ਼ਾਹ ਨੇ ਆਪਣੇ ਉਚ ਕੋਟੀ ਦੇ ਡਾਕਟਰਾਂ ਨੂੰ ਗੁਰੂ ਜੀ ਪਾਸ ਭੇਜਿਆ। ਇਨ੍ਹਾਂ ਡਾਕਟਰਾਂ ਨੇ ਗੁਰੂ ਜੀ ਦੀ ਮਲ੍ਹਮ-ਪੱਟੀ ਵੀ ਕੀਤੀ ਸੀ ਅਤੇ ਉਨ੍ਹਾਂ ਨੂੰ ਤੋਰਿਆ-ਫੇਰਿਆ ਵੀ ਸੀ ਤਾਂ ਕਿ ਇਹ ਪਤਾ ਲੱਗ ਸਕੇ ਕਿ ਪੇਟ ਦੇ ਸਾਰੇ ਅੰਗ ਆਪਣਾ ਆਪਣਾ ਕੰਮ ਕਰਦੇ ਹਨ ਜਾਂ ਨਹੀਂ। ਇਹ ਸਾਰੇ ਟੈਸਟ ਠੀਕ ਨਿਕਲੇ ਸਨ ਅਤੇ ਡਾਕਟਰਾਂ ਨੇ ਗੁਰੂ ਜੀ ਨੂੰ ਖਤਰੇ ਤੋਂ ਬਾਹਰ ਐਲਾਨ ਕਰ ਦਿਤਾ ਸੀ।

ਗੁਰੂ ਜੀ ਦੇ ਜ਼ਖ਼ਮੀ ਹੋਣ ਦੀ ਗੱਲ ਸੁਣ ਕੇ ਬਾਦਸ਼ਾਹ ਦੇ ਕੈਂਪ ਵਿਚਲੀ ਸਿੱਖ ਸੈਨਾ ਵੀ ਨਾਂਦੇੜ ਪਹੁੰਚ ਗਈ ਸੀ। ਸੈਨਾ ਦਾ ਕਮਾਡਰ ਬੰਦਾ ਸਿੰਘ ਸੀ। ਅੰਤਮ ਸਮਾਂ ਨੇੜੇ ਸਮਝ ਕੇ ਗੁਰੂ ਜੀ ਨੇ ਇਸ ਕਮਾਂਡਰ ਨੂੰ 'ਬਹਾਦਰ' ਦਾ ਖ਼ਿਤਾਬ ਦੇ ਕੇ ਸਮੁੱਚੇ ਖਾਲਸੇ ਦਾ ਜੰਗੀ-ਜਰਨੈਲ ਥਾਪ ਦਿੱਤਾ ਸੀ। ਇਸ ਤੋਂ ਬਾਅਦ ਨਾ ਹੀ ਬੰਦਾ ਸਿੰਘ ਬਹਾਦੁਰ ਵਾਪਸ ਸ਼ਾਹੀ ਫੌਜ ਵਿਚ ਗਿਆ ਸੀ ਅਤੇ ਨਾ ਹੀ ਉਸ ਦਾ ਕੋਈ ਸਿੱਖ ਸਿਪਾਹੀ। ਇਸ ਸਿੱਖ ਰਜਮੈਂਟ ਦੀ ਨਫ਼ਰੀ ਘੱਟ-ਵੱਧ ਹੋ ਸਕਦੀ ਹੈ। ਇਹ ਹਜ਼ਾਰਾਂ ਵਿਚ ਵੀ ਹੋ ਸਕਦੀ ਹੈ ਅਤੇ ਸੈਂਕੜਿਆਂ ਵਿਚ ਵੀ। ਗੁਰੂ ਜੀ ਜੋਤੀ-ਜੋਤ ਸਮਾਅ ਗਏ ਸਨ। ਗੁਰੂ ਜੀ ਦੇ ਜੋਤੀ-ਜੋਤ ਸਮਾਅ ਜਾਣ ਪਿੱਛੋਂ ਬੰਦਾ ਸਿੰਘ ਬਹਾਦੁਰ ਨੇ ਗੁਰੂ ਜੀ ਦੇ ਅੰਤਮ ਸਸਕਾਰ ਨਾਲ ਸੰਬੰਧਤ ਰਸਮਾਂ ਪੂਰੀਆਂ ਕਰਕੇ ਕੁਝ ਸਿੰਘਾਂ ਨੂੰ ਗੁਰੂ ਜੀ ਦੇ ਅੰਗੀਠੇ ਦੀ ਦੇਖਭਾਲ ਲਈ ਉਥੇ ਛੱਡ ਕੇ ਆਪਣੀ ਸੈਨਿਕ ਟੁਕੜੀ ਅਤੇ ਗੁਰੂ ਜੀ ਦੇ ਹਜੂਰੀ ਖਾਲਸੇ ਨਾਲ ਪੰਜਾਬ ਵਲ ਨੂੰ ਚਾਲੇ ਪਾ ਦਿੱਤੇ ਸਨ। ਪੰਜਾਬ ਵੱਲ ਨੂੰ ਚਾਲੇ ਪਾਉਣ ਤੋਂ ਪਹਿਲਾਂ ਹੀ ਬੰਦਾ ਸਿੰਘ ਨੇ ਪੰਜਾਬ ਦੇ ਸਿੰਘਾਂ ਨੂੰ ਚਿੱਠੀਆਂ ਪਾ ਦਿੱਤੀਆਂ ਸਨ। ਤਾਕੀਦ ਕੀਤੀ ਗਈ ਸੀ ਕਿ 'ਹਥਿਆਰਬੰਦ ਹੋ ਕੇ ਜਿਤਨਾ ਛੇਤੀ ਹੋ ਸਕੇ ਅੱਗੋਂ ਆ ਮਿਲੋ।' ਇਸ ਗੱਲ ਦਾ ਸਬੂਤ ਇਸ ਗੱਲ ਤੋਂ ਵੀ ਮਿਲਦਾ ਹੈ ਕਿ ਜਦੋਂ ਬੰਦਾ ਸਿੰਘ ਬਹਾਦੁਰ ਸਿਹਰ-ਖੰਡੇ ਕੋਲ ਪਹੁੰਚਿਆ ਸੀ ਉਸ ਨੂੰ ਇਕ ਬੜੀ ਭਾਰੀ ਕੁਮਕ ਅੱਗੋਂ ਆ ਮਿਲੀ ਸੀ। ਹੁਣ ਸਮੱਸਿਆ ਇਤਨੀ ਵੱਡੀ ਕੁਮਕ ਨੂੰ ਲੰਗਰ-ਪਾਣੀ ਮੁਹੱਈਆ ਕਰਨ ਦੀ ਆ ਗਈ ਸੀ। ਅਚਾਨਕ ਹੀ ਇਕ ਵਣਜਾਰਿਆਂ ਦਾ ਜੱਥਾ ਕੋਲੋਂ ਦੀ ਲੰਘਦਾ ਜਾ ਰਿਹਾ ਸੀ। ਇਹ ਵਣਜਾਰੇ ਅਸਲ ਵਿਚ ਸਿੱਖ ਸਨ ਪਰ ਭੇਸ ਪਠਾਣੀ ਵਪਾਰੀਆਂ ਦਾ ਬਣਾਇਆ ਹੋਇਆ ਸੀ। ਕੇਸਰ ਸਿੰਘ ਛਿੱਬਰ ਦਸਦਾ ਹੈ ਕਿ ਕੁਝ ਕੁ ਤਕਰਾਰ ਦੇ ਬਾਅਦ ਦੋਹਾਂ ਧਿਰਾਂ ਨੂੰ ਹੀ ਭਰੋਸਾ ਹੋ ਗਿਆ ਸੀ ਕਿ ਉਹ ਸਾਰੇ ਹੀ ਗੁਰੂ ਨਾਨਕ ਨਾਮਲੇਵਾ ਸਨ। ਵਣਜਾਰਿਆਂ ਨੇ ਆਪਣਾ ਸਭ ਕੁਝ ਬੰਦਾ ਸਿੰਘ ਨੂੰ ਅਰਪਣ ਕਰ ਦਿੱਤਾ। ਉਹ ਆਪਣੇ ਘਰਾਂ ਨੂੰ ਵਾਪਸ ਆਏ, ਆਪਣਾ ਮਾਲ-ਮੱਤਾ ਵੇਚਿਆ, ਪਰਿਵਾਰਾਂ ਨੂੰ ਸੁਰੱਖਿਅਤ ਥਾਵਾਂ ਤੇ ਛੱਡਿਆ ਅਤੇ ਆਪ ਹਥਿਆਰ-ਘੋੜੇ ਖਰੀਦ ਕੇ ਬੰਦਾ ਸਿੰਘ ਨਾਲ ਜਾ ਰਲੇ।

ਬੰਦਾ ਸਿੰਘ ਰਾਜਪੂਤਾਨੇ ਅਤੇ ਭਰਤਪੁਰ ਦੇ ਇਲਾਕੇ ਵਿਚੋਂ ਦੀ ਗੁਜ਼ਰ ਕੇ ਜਦੋਂ ਹਰਿਆਣੇ ਦੇ ਪੰਜਾਬ ਨੇੜਲੇ ਇਲਾਕੇ ਵਿਚ ਪਹੁੰਚਿਆ ਸੀ ਤਾਂ ਉਸ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਉਜਾਗਰ ਕਰ ਦਿੱਤਾ ਸੀ। ਸਿਹਰ-ਖੰਡਾ ਉਸ ਦਾ ਪਹਿਲਾ ਪੜਾਅ ਸੀ ਜਿਥੋਂ ਉਸ ਨੇ ਆਪਣੀਆ ਕਾਰਵਾਈਆਂ ਸ਼ੁਰੂ ਕਰਨੀਆਂ ਸਨ। ਮੁਗ਼ਲ ਹਕੂਮਤ ਦੀ ਰਾਜਧਾਨੀ ਕਹਿਣ ਨੂੰ ਭਾਵੇਂ ਦਿੱਲੀ ਹੀ ਸੀ ਪਰ ਬੜੇ ਲੰਮੇ ਸਮੇਂ ਤੋਂ, ਔਰੰਗਜ਼ੇਬ ਦੇ ਸਮੇਂ ਤੋਂ ਹੀ, ਰਾਜਧਾਨੀ ਦੀ ਸਾਰੀ ਕਾਰਵਾਈ ਦੱਖਣ ਵਿਚ ਬਦਲ ਚੁੱਕੀ ਸੀ। ਬਹਾਦੁਰ ਸ਼ਾਹ ਵੀ ਬਾਦਸ਼ਾਹ ਬਣਨਸਾਰ ਰਾਜਪੂਤਾਨੇ ਵੱਲ ਅਤੇ ਫਿਰ ਦੱਖਣ ਵੱਲ ਚਲਾ ਗਿਆ ਸੀ। ਇਸ ਕਰਕੇ ਦਿੱਲੀ ਵੀ ਸਰਹਿੰਦ ਅਤੇ ਲਾਹੌਰ ਦੀਆਂ ਫੌਜਦਾਰੀਆਂ ਵਾਂਗ ਹੀ ਬਣ ਗਈ ਸੀ। ਫ਼ਰਕ ਸਿਰਫ ਇਹ ਸੀ ਕਿ ਲਾਹੌਰ ਵਾਂਗ ਦਿੱਲੀ ਦਾ ਆਲ਼ਾ-ਦੁਆਲ਼ਾ ਮੁਸਲਿਮ ਆਬਾਦੀ ਵਾਲਾ ਨਹੀਂ ਸੀ ਸਗੋਂ ਜਾਟ ਕਬੀਲਿਆਂ ਦੀ ਆਬਾਦੀ ਵਾਲਾ ਸੀ। ਦਿੱਲੀ ਦੇ ਫੌਜਦਾਰ ਦੀ ਮੁੱਖ ਜ਼ਿੰਮੇਵਾਰੀ ਬਾਦਸ਼ਾਹ ਨੂੰ ਦੱਖਣ ਵੱਲ ਜ਼ਰੂਰੀ ਸਮਾਨ ਭੇਜਣ ਤੱਕ ਹੀ ਸੀਮਤ ਸੀ। ਇਸ ਕਰਕੇ ਬਾਕੀ ਦੀਆਂ ਸੈਨਿਕ ਕਾਰਵਾਈਆਂ ਵਿਚ ਉਸ ਦੀ ਕੋਈ ਵਿਸ਼ੇਸ਼ ਦਿਲਚਸਪੀ ਨਹੀਂ ਸੀ।

ਬੰਦਾ ਸਿੰਘ ਦੀ ਸੈਨਿਕ ਸੂਝ-ਬੂਝ ਨੇ ਮੁਗ਼ਲ ਹਕੂਮਤ ਦਾ ਉੱਤਰੀ ਭਾਰਤ ਵਿਚ ਇਹੀ ਇਲਾਕਾ ਸਭ ਤੋਂ ਵੱਧ ਕਮਜ਼ੋਰ ਖੇਤਰ ਸਮਝਿਆ ਜਾਂਦਾ ਸੀ। ਇਸ ਕਰਕੇ ਉਸ ਨੇ ਆਪਣਾ ਹਥਿਆਰਬੰਦ ਵਿਦਰੋਹ ਇਸੇ ਇਲਾਕੇ ਵਿਚੋਂ ਹੀ ਸ਼ੁਰੂ ਕੀਤਾ ਸੀ। ਇਥੋਂ ਹੀ ਉਸ ਦੀ ਸੈਨਿਕ ਸੂਝ-ਬੂਝ ਦਾ ਪਤਾ ਲਗਦਾ ਹੈ। ਇਹ ਕਿਸੇ ਸਾਧ ਦਾ ਕੰਮ ਨਹੀਂ ਸੀ ਨਾ ਹੀ ਸਿੱਖ ਧਰਮ ਵਿਚ ਕਿਸੇ ਨਵੇਂ ਪਰਵੇਸ਼ ਕਰਨ ਵਾਲੇ ਬੰਦੇ ਦਾ ਸੀ। ਇਹ ਉਸ ਬੰਦੇ ਦਾ ਕੰਮ ਸੀ ਜਿਸ ਨੂੰ ਮੁਗ਼ਲ ਹਕੂਮਤ ਦੇ ਸਮੇਂ ਦੀ ਰਾਜਨੀਤਕ ਹਾਲਤ ਦਾ, ਭੂਗੋਲਿਕ ਖੇਤਰ ਦਾ ਅਤੇ ਫੌਜਦਾਰਾਂ ਦੀਆਂ ਰੁਚੀਆਂ ਦਾ ਪੂਰਾ ਪੂਰਾ ਗਿਆਨ ਸੀ। ਇਹ, ਸਾਲਾਂ ਬੱਧੀਂ, ਬਲਕਿ ਦਹਾਕਿਆਂ ਬੱਧੀਂ ਦੱਖਣ ਵਿਚ ਬੈਠੇ, ਅਠਖੇਲੀਆਂ ਕਰਦੇ ਅਤੇ ਸਿੱਖੀ ਤੋਂ ਦੂਰ ਰਹਿਣ ਵਾਲੇ ਕਿਸੇ ਬੈਰਾਗੀ ਜਾਂ ਹੰਕਾਰੀ ਸਾਧ ਦਾ ਕੰਮ ਨਹੀਂ ਸੀ। ਹਥਿਆਰ ਚੁੱਕਣਾ, ਉਹ ਵੀ ਸਮੇਂ ਦੀ ਜ਼ਬਰਦਸਤ ਤਾਕਤ ਦੇ ਖਿਲਾਫ਼, ਸਿਰਫ ਜਨਤਾ ਦੇ ਹਰਮਨ ਪਿਆਰੇ ਨੇਤਾ ਦਾ ਹੀ ਕੰਮ ਹੁੰਦਾ ਹੈ। ਜੇ ਬੰਦਾ ਸਿੰਘ ਦੇ ਪਿਛੋਕੜ ਨੂੰ ਸਾਧਗਿਰੀ ਵਾਲਾ ਮੰਨ ਲਿਆ ਜਾਵੇ ਤਾਂ ਉਸ ਦਾ ਪੰਜਾਬ ਨਾਲ ਅਤੇ ਸਿੱਖ ਸਮਾਜ ਨਾਲ ਕੋਈ ਵੀ ਸੰਬੰਧ ਨਹੀਂ ਬਣਦਾ। ਪਰ ਜਿਸ ਤਰੀਕੇ ਨਾਲ ਬੰਦਾ ਸਿੰਘ ਨੇ ਪੰਜਾਬ ਵਿਚ ਪਹੁੰਚ ਕੇ ਸਿੱਖ ਸਮਾਜ ਨੂੰ ਆਪਣੀ ਅਗਵਾਈ ਹੇਠ ਇਕੱਠਾ ਕੀਤਾ ਅਤੇ ਪੌੜੀਆਂ ਦੇ ਡੰਡੇ ਚੜ੍ਹਨ ਵਾਂਗ ਕਿਵੇਂ ਇਕ ਇਕ ਕਰਕੇ ਪੰਜਾਬ ਵਿਚਲੀ ਮੁਗਲ ਹਕੂਮਤ ਨੂੰ

SIKHBOOKCLUB.COM

ਢਹਿ-ਢੇਰੀ ਕਰ ਦਿੱਤਾ ਸੀ, ਕੀ ਉਸ ਤੋਂ ਸਪੱਸ਼ਟ ਨਹੀਂ ਹੁੰਦਾ ਕਿ ਬੰਦਾ ਸਿੰਘ ਜਿਥੇ ਸਿੱਖ ਸਮਾਜ ਵਿਚ ਹਰਮਨ ਪਿਆਰਾ ਸੀ ਉਥੇ ਉਹ ਪੰਜਾਬ ਦੀ ਭੂਗੋਲਿਕ ਹਾਲਤ ਤੋਂ ਵੀ ਪੂਰੀ ਤਰ੍ਹਾਂ ਵਾਕਫ਼ ਸੀ। ਇਹ ਸਭ ਕੁਝ ਉਸ ਵਿਅਕਤੀ ਦਾ ਕੰਮ ਹੀ ਹੋ ਸਕਦਾ ਸੀ ਜਿਸ ਨੂੰ ਗੁਰੂ ਜੀ ਦਾ ਜੰਗੀ ਖਾਲਸਾ ਵੀ ਬਹੁਤ ਲੰਮੇ ਸਮੇਂ ਤੋਂ ਜਾਣਦਾ ਸੀ ਅਤੇ ਜਿਹੜਾ ਖੁਦ ਵੀ ਸਿੱਖ ਧਰਮ ਦੇ ਫਲਸਫੇ, ਸਾਹਿਤ ਅਤੇ ਇਤਿਹਾਸ ਤੋਂ ਪੂਰੀ ਤਰ੍ਹਾਂ ਵਾਕਫ਼ ਸੀ। ਜਿਸ ਤਰੀਕੇ ਨਾਲ ਸਾਡੇ ਲੇਖਕਾਂ ਨੇ ਗੁਰੂ ਜੀ ਅਤੇ ਬੰਦੇ ਦਾ ਮਿਲਾਪ ਹੋਇਆ ਦਿਖਾਇਆ ਹੈ ਉਹ ਐਸਾ ਨਾਟਕੀ ਜਿਹਾ ਘਟਨਾ-ਕਰਮ ਬਣ ਜਾਂਦਾ ਹੈ ਜਿਸ ਨੂੰ ਸਟੇਜ ਤੇ ਖੇਡਿਆ ਜਾਣ ਵਾਲਾ ਡਰਾਮਾ ਜਾਂ ਬੱਚਿਆਂ ਸਮਾਨ ਕੋਈ ਖੇਡ ਹੀ ਕਿਹਾ ਜਾ ਸਕਦਾ ਹੈ। ਸਿੱਖ ਸਮਾਜ ਜਾਂ ਖਾਲਸਾ ਪੰਥ ਕੋਈ ਖਿਡੌਣਾ ਥੋੜ੍ਹਾ ਸੀ ਜਿਸ ਨੂੰ ਜਦੋਂ ਜੀਅ ਕੀਤਾ ਕਿਸੇ ਦੇ ਹਵਾਲੇ ਕਰ ਦਿੱਤਾ। ਇਹ ਤਕਰੀਬਨ ਢਾਈ ਸੌ ਸਾਲਾਂ ਤੋਂ ਸਥਾਪਤ ਕੀਤਾ ਹੋਇਆ ਐਸਾ ਸਮਾਜ, ਫਸਲਫਾ ਅਤੇ ਸਭਿਆਚਾਰ ਸੀ ਜਿਸ ਨੇ ਦੱਖਣ-ਪੂਰਬੀ ਏਸ਼ੀਆ ਦੀ ਧਰਤੀ ਉਤੇ ਬੇਮਿਸਾਲ ਇਨਕਲਾਬ ਲੈ ਆਂਦਾ ਸੀ। ਇਸ ਇਨਕਲਾਬ ਨੇ ਸਦੀਆਂ ਤੋਂ ਲਿਤਾੜੀਂਦੇ ਆ ਰਹੇ ਗਰੀਬ ਲੋਕਾਂ ਨੂੰ ਤਖਤਾਂ ਅਤੇ ਸਰਦਾਰੀਆਂ ਦਾ ਮਾਲਕ ਬਣਾ ਕੇ, ਚਲਦੇ ਦਰਿਆਵਾਂ ਦੇ ਵਹਿਣ ਮੋੜ ਦਿੱਤੇ ਸਨ ਅਤੇ ਸਮੇਂ ਦੇ ਚੱਕਰ ਨੂੰ ਪੁੱਠਾ ਘੁੰਮਾ ਦਿੱਤਾ ਸੀ।

ਬੰਦਾ ਸਿੰਘ ਗੁਰੂ ਗੋਬਿੰਦ ਸਿੰਘ ਜੀ ਦਾ ਪਰਖਿਆ ਹੋਇਆ ਅਤੇ ਵਿਸ਼ਵਾਸਯੋਗ ਸ਼ਰਧਾਲੂ ਸੀ। ਹੋ ਸਕਦਾ ਹੈ ਕਿ ਉਸ ਦਾ ਅਸਲ ਨਾਂ ਕੁਝ ਹੋਰ ਹੋਵੇ ਪਰ ਬਹਾਦਰ ਸ਼ਾਹ ਦੀ ਫੌਜ ਵਿਚ ਉਸ ਨੂੰ ਗੁਰੂ ਦਾ ਬੰਦਾ ਹੀ ਸਮਝਿਆ ਜਾਂਦਾ ਸੀ। ਕਿਹਾ ਜਾਂਦਾ ਹੈ ਕਿ ਬੰਦਾ ਸਿੰਘ ਨੇ ਵੀ ਆਪਣੇ ਆਪ ਨੂੰ ਗੁਰੂ ਦਾ ਬੰਦਾ ਅਖਵਾ ਕੇ ਹੀ ਖੁਸ਼ੀ ਮਹਿਸੂਸ ਕੀਤੀ ਸੀ। ਖਾਲਸੇ ਦੀ ਅਗਵਾਈ ਸੌਂਪਣ ਵੇਲੇ ਜਦੋਂ ਗੁਰੂ ਜੀ ਨੇ ਬੰਦਾ ਸਿੰਘ ਨੂੰ ਖਾਲਸੇ ਦਾ ਜੰਗੀ ਜਰਨੈਲ ਨਿਯੁਕਤ ਕੀਤਾ ਤਾਂ ਆਪਣੇ ਵੱਲੋਂ 'ਬਹਾਦੁਰ' ਦਾ ਖ਼ਿਤਾਬ ਬਖਸ਼ਿਆ। ਗੁਰੂ ਜੀ ਉਸ ਦੀ ਬਹਾਦਰੀ ਵੀ ਦੇਖ ਚੁੱਕੇ ਸਨ ਅਤੇ ਸ਼ਰਧਾ ਭਾਵਨਾ ਵੀ। ਬੰਦਾ ਸਿੰਘ, ਬਹਾਦੁਰ ਸ਼ਾਹ ਦੇ ਚੋਣਵੇਂ ਜਰਨੈਲਾਂ ਵਿਚੋਂ ਸਿਰਕੱਢ ਜਰਨੈਲ ਸੀ। ਜਦੋਂ 1698 ਈ ਵਿਚ ਬਹਾਦੁਰ ਸ਼ਾਹ ਸ਼ਾਹਜ਼ਾਦੇ ਦੇ ਰੂਪ ਵਿਚ ਪੰਜਾਬ ਵਿਚੋਂ ਦੀ ਗੁਜ਼ਰ ਕੇ ਕਾਬੁਲ ਨੂੰ ਜਾ ਰਿਹਾ ਸੀ ਤਾਂ ਬੰਦਾ ਸਿੰਘ ਦੀ ਆਪਣੀ ਸਿੱਖ ਰਜਮੈਂਟ ਵੀ ਸ਼ਾਹਜ਼ਾਦੇ ਦੇ ਨਾਲ ਸੀ। ਜਿਹੜੇ ਅਹਿਦੀਆਂ ਨੇ ਆ ਕੇ ਪਹਾੜੀ ਰਾਜਿਆਂ ਦੀ ਅਤੇ ਗੁਰੂ ਜੀ ਦੇ ਦੁਸ਼ਮਣਾਂ ਦੀ ਤਾਂ ਜਹੀ-ਤਹੀ ਫੇਰ ਦਿਤੀ ਸੀ ਪਰ ਗੁਰੂ ਜੀ ਦੇ ਸਿੰਘਾਂ ਦਾ ਵਾਲ ਵੀ ਵਿੰਗਾ ਨਹੀਂ ਹੋਣ ਦਿਤਾ ਸੀ।[2] ਉਸ ਸਮੇਂ ਇਹ ਸਾਰੀ ਕਾਰਵਾਈ ਬੰਦਾ ਸਿੰਘ ਦੀ ਸਿੱਖ ਸੈਨਿਕ ਟੁਕੜੀ ਦੀ ਹਾਜ਼ਰੀ ਕਰਕੇ ਹੀ ਸੀ। ਗੁਰੂ ਜੀ ਦਾ ਵੀ ਹਰ ਸਮੇਂ ਇਸ ਸੈਨਿਕ ਟੁਕੜੀ ਨਾਲ ਸਬੰਧ ਬਣਾ ਕੇ ਰੱਖਿਆ ਹੋਇਆ ਸੀ ਜਿਵੇਂ ਕਿ ਗੁਰੂ ਜੀ ਦਾ ਇਕ ਹੁਕਮਨਾਮਾ ਇਸ ਗੱਲ ਦੀ ਸ਼ਾਹਦੀ ਭਰਦਾ ਹੈ।[3] ਬੰਦਾ ਸਿੰਘ ਦਾ ਗੁਰੂ ਤੇ ਭਰੋਸਾ ਸੀ ਅਤੇ ਗੁਰੂ ਜੀ ਦਾ ਬੰਦਾ ਸਿੰਘ ਉਪਰ। ਇਤਿਹਾਸ ਨੇ ਇਹ ਗੱਲ ਸਾਬਤ ਵੀ ਕਰ ਦਿਖਾਈ ਹੈ ਕਿ ਬੰਦਾ ਸਿੰਘ ਨੇ ਕਿਸ ਤਰ੍ਹਾਂ ਤਸੀਹੇ ਸਹਿ ਕੇ ਅਤੇ ਆਪਣਾ ਆਪ ਵਾਰ ਕੇ ਵੀ ਆਪਣੇ ਗੁਰੂ ਪਰੱਤੀ ਆਪਣਾ ਸਿਦਕ ਨਿਭਾਇਆ ਸੀ।

ਬੰਦਾ ਸਿੰਘ ਦੇ ਸਾਹਮਣੇ ਗੁਰੂ ਦਾ ਮਿਸ਼ਨ ਸੀ। ਭਾਵੇਂ ਉਹ ਬਹਾਦੁਰ ਸ਼ਾਹ ਦੀ ਫੌਜ ਵਿਚ ਸੀ ਅਤੇ ਭਾਵੇਂ ਪੰਜਾਬ ਵਿਚ ਹਕੂਮਤ ਸਥਾਪਤ ਕਰ ਲੈਣ ਸਮੇਂ, ਉਸ ਦੇ ਸਾਹਮਣੇ ਹਮੇਸ਼ਾਂ ਗੁਰੂ ਦਾ ਮਿਸ਼ਨ ਰਹਿੰਦਾ ਸੀ। ਉਸ ਨੇ ਹਮਲੇ ਕਰਨ ਲਈ ਉਹ ਥਾਵਾਂ ਚੁਣੀਆਂ ਸਨ ਜਿਥੋਂ ਜਿਥੋਂ ਦੇ ਹਾਕਮਾਂ ਨੇ ਗੁਰੂ ਜੀ ਨਾਲ ਵਧੀਕੀਆਂ ਕੀਤੀਆਂ ਸਨ। ਜਦੋਂ ਬੰਦਾ ਸਿੰਘ ਨੇ ਲੜਾਈ ਦੇ ਮੈਦਾਨ ਵਿਚ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਨੂੰ ਦੇਖ ਲਿਆ ਸੀ ਤਾਂ ਉਹ ਆਪਣੇ ਆਪ ਨੂੰ ਰੋਕ ਨਹੀਂ ਸਕਿਆ ਸੀ। ਉਹ ਸ਼ੇਰ ਵਾਂਗ ਗਰਜਦਾ ਹੋਇਆ ਵਜ਼ੀਰ ਖਾਂ ਉਪਰ ਝਪਟ ਪਿਆ ਸੀ। ਸ਼ਹਾਦਤ ਦੇਣ ਸਮੇਂ ਵੀ ਉਸ ਨੇ ਆਪਣੇ ਸਨਮੁਖ ਗੁਰੂ ਜੀ ਦੇ ਮਿਸ਼ਨ ਨੂੰ ਹੀ ਕਾਇਮ ਰੱਖਿਆ ਸੀ। ਸਿੱਖ ਇਤਿਹਾਸ ਦਾ ਇਕ ਅੰਗਰੇਜ਼ ਲਿਖਾਰੀ ਐਮ.ਗਰੇਗਰ ਲਿਖਦਾ ਹੈ : ''ਬੰਦਾ ਸਿੰਘ ਆਪਣੀ ਧੁਨ ਦਾ ਬੜਾ ਪੱਕਾ ਸੀ ਅਤੇ ਜ਼ਾਲਮਾਂ ਦੀ ਸੁਧਾਈ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਾਂ ਦੀ ਪਾਲਣਾ ਕਰਨ ਵਿਚ ਇਤਨਾ ਦਰਿੜ੍ਹ ਸੀ ਕਿ ਉਹ ਸਾਰੇ ਪੰਜਾਬ ਅਤੇ ਪੰਜਾਬ ਦੇ ਇਧਰਲੇ ਜ਼ਿਲ੍ਹਿਆਂ ਵਿਚ ਇਕ ਭਿਅੰਕਰ ਹਊਆ ਬਣ ਗਿਆ ਸੀ।'' ਉਹ ਸਿੱਖ ਧਰਮ ਵਿਚ ਪੂਰਾ ਪੂਰਾ ਵਿਸ਼ਵਾਸ ਰੱਖਣ ਵਾਲਾ ਨੇਤਾ ਸੀ। ਉਸ ਦੀ ਬੋਲਚਾਲ ਵਿਚ, ਉਸ ਦੇ ਵਰਤਾਓ ਵਿਚ ਅਤੇ ਉਸ ਦੇ ਰਹਿਣ-ਸਹਿਣ ਵਿਚ ਸਿੱਖ ਸਭਿਆਚਾਰ ਹੀ ਸਮਾਇਆ ਹੋਇਆ ਸੀ। ਉਹ ਹਰ ਗੱਲ ਨੂੰ ਸਿੱਖ ਲਹਿਜੇ ਵਿਚ ਹੀ ਕਰਦਾ ਸੀ। ਉਹ ਹਰ ਇਕ ਮਿਲਣ ਵਾਲੇ ਵਿਅਕਤੀ ਨੂੰ ਅਤੇ ਆਪਣੇ ਹਰ ਸਾਥੀ ਨੂੰ 'ਸਿੰਘ ਸਾਹਿਬ' ਦੇ ਸ਼ਬਦਾਂ ਨਾਲ ਬੁਲਾਉਂਦਾ ਸੀ। 'ਸਿੰਘ ਸਾਹਿਬ' ਇਕ ਐਸੀ ਉਪਾਧੀ ਹੈ ਜਿਹੜੀ ਅੱਜ ਸਰਬ-ਉੱਚ ਸਿੱਖ ਸਖ਼ਸ਼ੀਅਤਾਂ ਲਈ ਵਰਤੀ ਜਾਂਦੀ ਹੈ ਜਿਵੇਂ ਤਖ਼ਤ ਸਾਹਿਬਾਨ ਦੇ ਜੱਥੇਦਾਰਾਂ ਲਈ ਅਤੇ ਸਿਰੀ ਦਰਬਾਰ ਸਾਹਿਬ ਦੇ ਹੈੱਡ-ਗਰੰਥੀ ਲਈ। ਪਰ ਬੰਦਾ ਸਿੰਘ ਇਸ ਉਪਾਧੀ ਨੂੰ ਆਪਣੇ

2. ਤਬ ਅਉਰੰਗ ਜੀਅ ਮਾਂਝ ਰਿਸਾਵੇ।। ਏਕ ਅਹਿਦੀਆ ਈਹਾਂ ਪਠਾਏ।।
ਹਮ ਤੇ ਭਾਜ ਬੇਮੁਖ ਜੇ ਗਏ।। ਤਿਨ ਕੇ ਧਾਮ ਜਿਰਾਵਤ ਭਏ।।....
ਉਤ ਔਰੰਗ ਜੀਯ ਅਧਿਕ ਰਿਸਾਯੋ।। ਚਾਰ ਅਹਿਦੀਅਨ ਅਉਰ ਪਠਾਯੋ।।
ਜੇ ਬੇਮੁਖ ਤਾ ਤੇ ਬਚਿ ਆਏ।। ਤਿਨ ਕੇ ਗ੍ਰਿਹ ਪੁਨਿ ਇਨੇ ਗਿਰਾਏ।।
ਇਸ ਦੇ ਵਿਸਥਾਰ ਲਈ ਦੇਖੋ, ਬਚਿੱਤ੍ਰ ਨਾਟਕ ਅਧਿਆਇ ਤੇਰਵਾਂ ਅਤੇ ਚੌਧਵਾਂ।

3. ਇਹ ਹੁਕਮਨਾਮਾ ਪਿੱਛੇ ਦਿੱਤਾ ਜਾ ਚੁੱਕਿਆ ਹੈ।

SIKHBOOKCLUB.COM

ਹਰ ਸਾਥੀ ਸਿੰਘ ਨੂੰ ਬੁਲਾਉਣ ਸਮੇਂ ਵਰਤਦਾ ਸੀ। ਇਸ ਦਾ ਭਾਵ ਹੈ ਕਿ ਉਹ ਆਪਣੇ ਹਰ ਸਾਥੀ ਨੂੰ ਆਪਣੇ ਤੋਂ ਵੱਡਾ ਸਿੱਖ ਸਮਝਦਾ ਸੀ।

ਬੰਦਾ ਸਿੰਘ ਇਕ ਉੱਚ-ਕੋਟੀ ਦਾ ਯੁੱਧਨੀਤਕ ਅਤੇ ਬਹਾਦੁਰ ਜਰਨੈਲ ਸੀ। ਉਸ ਦੀ ਸ਼ੁਰੂਆਤ ਹੀ ਇਸ ਗੱਲ ਨੂੰ ਸਾਬਤ ਕਰਦੀ ਹੈ ਕਿ ਉਸ ਨੂੰ ਸਾਰੇ ਉੱਤਰੀ ਭਾਰਤ ਦੀ ਭੂਗੋਲਿਕ ਸਥਿਤੀ ਦਾ ਗਿਆਨ ਸੀ। ਉਹ ਨਾਂਦੇੜ ਤੋਂ ਸਿੱਧਾ ਉਸ ਇਲਾਕੇ ਵਿਚ ਪਹੁੰਚਿਆ ਸੀ ਜਿਹੜਾ ਸੈਨਿਕ ਪੱਖੋਂ ਮੁਗ਼ਲ ਹਕੂਮਤ ਦਾ ਸਭ ਤੋਂ ਕਮਜ਼ੋਰ ਇਲਾਕਾ ਸੀ। ਉਹ ਮਾਲਵੇ ਦੇ ਜੱਟ ਕਬੀਲਿਆਂ ਵਿਚ ਵੀ ਸਭ ਤੋਂ ਪਹਿਲਾਂ ਪਹੁੰਚ ਸਕਦਾ ਸੀ ਜਿਥੋਂ ਕਿ ਉਸ ਨੂੰ ਬੜੀ ਤਕੜੀ ਸਿੱਖ ਫੌਜ ਮਿਲ ਸਕਦੀ ਸੀ ਪਰ ਇਧਰ ਉਸ ਨੂੰ ਲੁੱਟ-ਮਾਰ ਕਰਨ ਵਾਲੀ ਕੋਈ ਐਸੀ ਥਾਂ ਨਹੀਂ ਸੀ ਮਿਲਣੀ ਜਿਥੋਂ ਉਹ ਖਜ਼ਾਨੇ ਅਤੇ ਹਥਿਆਰ ਪਰਾਪਤ ਕਰ ਸਕਦਾ। ਇਸ ਮਕਸਦ ਲਈ ਉਸ ਨੇ ਸਰਹਿੰਦ ਅਤੇ ਦਿੱਲੀ ਦੇ ਵਿਚਕਾਰਲਾ ਇਲਾਕਾ ਚੁਣਿਆ ਜਿਥੇ ਮੁਗ਼ਲ ਨਵਾਬ ਅਤੇ ਫੌਜਦਾਰ ਤਾਂ ਸਨ ਪਰ ਇਨ੍ਹਾਂ ਵਿਚ ਨਾ ਦਿੱਲੀ ਦੇ ਅਧਿਕਾਰੀਆਂ ਦੀ ਰੁਚੀ ਸੀ ਅਤੇ ਨਾ ਹੀ ਸਰਹਿੰਦ ਦੇ ਸੂਬੇਦਾਰ ਦੀ। ਬਾਦਸ਼ਾਹ ਇਧਰ ਹੈ ਹੀ ਨਹੀਂ ਸੀ। ਉਸ ਨੇ ਦੇਖਦਿਆਂ ਹੀ ਦੇਖਦਿਆਂ ਸਮਾਣਾ, ਸਢੌਰਾ, ਕਪੂਰੀ ਅਤੇ ਘੁੜਾਮ ਨੂੰ ਮਾਰ ਲਿਆ ਸੀ ਪਰ ਇਨ੍ਹਾਂ ਦੀ ਮਦਦ ਤੇ ਨਾ ਸਰਹਿੰਦ ਤੋਂ ਕੋਈ ਕੁਮਕ ਪਹੁੰਚੀ ਸੀ ਅਤੇ ਨਾ ਹੀ ਦਿੱਲੀ ਤੋਂ। ਇਸ ਤੋਂ ਸਾਬਤ ਹੁੰਦਾ ਹੈ ਕਿ ਉਸ ਦਾ ਅੰਦਾਜ਼ਾ ਬਿਲਕੁਲ ਠੀਕ ਸੀ। ਇਨ੍ਹਾਂ ਥਾਵਾਂ ਤੋਂ ਉਸ ਨੂੰ ਬੇਅੰਤ ਧਨ ਵੀ ਪਰਾਪਤ ਹੋਇਆ ਅਤੇ ਹਥਿਆਰ-ਘੋੜੇ ਵੀ। ਇਸ ਨਾਲ ਉਸ ਨੇ ਆਪਣੀ ਮਾਇਕ ਸਥਿਤੀ ਨੂੰ ਮਜ਼ਬੂਤ ਕੀਤਾ ਸੀ।

ਬੰਦਾ ਸਿੰਘ ਬਹਾਦੁਰ ਸਿੱਧਾ ਹੀ ਸਰਹਿੰਦ ਉਪਰ ਹਮਲਾ ਕਰਨ ਨਹੀਂ ਆਇਆ। ਨਾ ਹੀ ਉਹ ਸਿੱਧਾ ਦਿੱਲੀ ਉਪਰ ਹਮਲਾ ਕਰਨ ਗਿਆ ਸੀ। ਸਿੱਧਾ ਹਮਲਾ ਉਸ ਨੇ ਲਾਹੌਰ ਉਪਰ ਵੀ ਨਹੀਂ ਕੀਤਾ। ਲਾਹੌਰ ਅਤੇ ਦਿੱਲੀ ਦੇ ਹਾਕਮਾਂ ਨਾਲ ਉਲਝਣ ਦੀ ਉਸ ਨੂੰ ਲੋੜ ਨਹੀਂ ਸੀ। ਉਸ ਨੇ ਉਥੇ ਹੀ ਹਮਲੇ ਕੀਤੇ ਜਿਥੇ ਜ਼ਰੂਰੀ ਸਨ। ਸਰਹਿੰਦ ਪਹੁੰਚਣ ਤੋਂ ਪਹਿਲਾਂ ਉਸ ਨੇ ਸਰਹਿੰਦ ਸੂਬੇ ਦੇ ਖੰਭਾਂ ਨੂੰ ਝਾੜ ਦਿਤਾ ਸੀ। ਸਮਾਣਾ, ਘੁੜਾਮ, ਸਢੌਰਾ ਅਤੇ ਚਨੂੰਡ ਆਦਿ ਸੈਨਿਕ ਚੌਕੀਆਂ ਸਰਹਿੰਦ ਲਈ ਬੁਲਵੱਰਕ ਦਾ ਕੰਮ ਕਰਦੀਆਂ ਸਨ। ਬੰਦਾ ਸਿੰਘ ਨੇ ਸਭ ਤੋਂ ਪਹਿਲਾਂ ਸਰਹਿੰਦ ਦੇ ਸੂਬੇ ਦਾ ਬੁੱਲਵਰਕ ਤੋੜਿਆ। ਸਰਹਿੰਦ ਨੂੰ ਬਿਲਕੁਲ ਲੰਜਾ ਕਰਕੇ ਹੀ ਉਸ ਉਪਰ ਹਮਲਾ ਕੀਤਾ। ਇਹ ਸਾਰੀਆਂ ਕਾਰਵਾਈਆਂ ਸਾਬਤ ਕਰਦੀਆਂ ਹਨ ਕਿ ਬੰਦਾ ਕਿਵੇਂ ਸਭ ਕੁਝ ਨੂੰ ਧਿਆਨ ਵਿਚ ਰੱਖ ਕੇ ਆਪਣੀਆਂ ਸੈਨਿਕ ਗਤੀਵਿਧੀਆਂ ਚਲਾਉਂਦਾ ਸੀ। ਸਰਹਿੰਦ ਉਪਰ ਹਮਲਾ ਕੀਤਾ ਗਿਆ ਅਤੇ ਇਕੋ ਦਿਨ ਦੀ ਲੜਾਈ ਵਿਚ ਹੀ ਸਰਹਿੰਦ ਦੀਆਂ ਫੌਜਾਂ ਨੂੰ ਦਰੜ ਦਿੱਤਾ ਗਿਆ ਸੀ।

ਸਰਹਿੰਦ ਉਸ ਸਮੇਂ ਆਪਣੇ ਆਪ ਵਿਚ ਹੀ ਇਕ ਬੇਮਿਸਾਲ ਸ਼ਹਿਰ ਸੀ। ਸਦੀਆਂ ਤੋਂ ਹੀ ਇਸ ਦੀ ਅਮੀਰੀ ਵਿਚ ਵਾਧਾ ਹੁੰਦਾ ਚਲਿਆ ਆ ਰਿਹਾ ਸੀ। ਇਸ ਕਰਕੇ ਇਥੇ ਬੜੇ ਹੀ ਸੁੰਦਰ ਬਾਗ-ਬਗੀਚੇ, ਮਹਿਲ, ਮਜ਼ਬੂਤ ਕਿਲ੍ਹੇ ਅਤੇ ਆਲੀਸ਼ਾਨ ਹਵੇਲੀਆਂ ਸਥਾਪਤ ਹੋ ਚੁੱਕੀਆਂ ਸਨ। ਬਾਦਸ਼ਾਹ ਜਹਾਂਗੀਰ ਨੂੰ ਇਹ ਥਾਂ ਇਤਨੀ ਪਸੰਦ ਸੀ ਕਿ ਉਸ ਨੇ ਇਥੇ ਆਪਣੇ ਠਹਿਰਾਅ ਲਈ ਆਮ-ਖਾਸ ਬਾਗ਼ੀ ਵਾਲੀ ਥਾਂ ਤੇ ਇਕ ਅਤੀ ਸੁੰਦਰ ਵਾਤਾਵਰਣ ਅਨੁਕੂਲ ਮਹਿਲ ਉਸਰਵਾਏ ਸਨ। ਇਹ ਸਭ ਕੁਝ ਸਰਹਿੰਦ ਦੀ ਫਤਿਹ ਦੇ ਬਾਅਦ ਬੰਦਾ ਸਿੰਘ ਬਹਾਦੁਰ ਦੇ ਕਦਮਾਂ ਦੀ ਆਵਾਜ਼ ਨੂੰ ਉਡੀਕ ਰਹੇ ਸਨ। ਪਰ ਸਰਹਿੰਦ ਸਿੰਘਾਂ ਲਈ ਰਾਜ ਕਰਨ ਦੀ ਪਰੇਰਨਾ ਨਹੀਂ ਦਿੰਦੀ ਸੀ ਸਗੋਂ ਉਨ੍ਹਾਂ ਦੇ ਪਿਆਰੇ ਗੁਰੂ ਦੇ ਅਤੀ ਪਿਆਰੇ ਸਾਹਿਬਜ਼ਾਦਿਆਂ ਦੀ ਤਸੀਹਿਆਂ ਭਰੀ ਸ਼ਹਾਦਤ ਦੀ ਯਾਦ ਦਿਲਾਉਂਦੀ ਸੀ। ਇਸ ਦੁੱਖ-ਭਰੀ ਯਾਦ ਸਾਹਮਣੇ ਬੰਦਾ ਸਿੰਘ ਨੂੰ ਨਾ ਹੀ ਸਰਹਿੰਦ ਦੇ ਬਾਗ-ਬਗੀਚਿਆਂ ਦੀ ਸੁੰਦਰਤਾ ਦਿਸੀ ਅਤੇ ਨਾ ਹੀ ਅਤੀ ਸੁੰਦਰ ਹਵੇਲੀਆਂ ਦਾ ਵਸੇਬਾ। ਇਥੇ ਰਹਿ ਕੇ ਰਾਜ ਕਰਨ ਦਾ ਖਿਆਲ ਤਾਂ ਸਿੰਘਾਂ ਦੇ ਮਨਾਂ ਵਿਚ ਉੱਕਾ ਹੀ ਨਹੀਂ ਸੀ। ਫਲਸਰੂਪ ਦੇਖਦਿਆਂ ਹੀ ਦੇਖਦਿਆਂ ਸਿੰਘਾਂ ਨੇ ਬਾਗ-ਬਗੀਚਿਆਂ ਵਿਚ ਹਲ ਚਲਾ ਦਿਤੇ, ਹਵੇਲੀਆਂ ਨੂੰ ਢਹਿ-ਢੇਰੀ ਕਰ ਦਿੱਤਾ, ਕਿਲ੍ਹੇ ਅਤੇ ਮਹਿਲਾਂ ਨੂੰ ਅੱਗਾਂ ਲਾ ਕੇ ਸਾੜ ਦਿੱਤਾ ਗਿਆ। ਸਿੰਘਾਂ ਦਾ ਗੁੱਸਾ ਇਸ ਤਬਾਹੀ ਨਾਲ ਵੀ ਪੂਰਾ ਨਹੀਂ ਸੀ ਉਤਰਿਆ। ਸਿੰਘਾਂ ਨੇ ਇਹ ਵੀ ਅਰਦਾਸ ਕੀਤੀ ਸੀ ਕਿ ਸਰਹਿੰਦ ਵਿਖੇ ਇਸ ਦੀ ਇੱਕ ਵੀ ਇੱਟ ਨਹੀਂ ਰਹਿਣ ਦੇਣੀ। ਇਸ ਲਈ ਜਿਹੜੇ ਪੱਛਮ ਵੱਲ ਨੂੰ ਜਾਣ ਵਾਲੇ ਸਨ ਉਹ ਇਸ ਦੀਆ ਇੱਟਾਂ ਚੁੱਕ ਕੇ ਸਤਲੁਜ ਵਿਚ ਜਾ ਡੇਗਦੇ ਸਨ ਅਤੇ ਜਿਹੜੇ ਪੂਰਬ ਵੱਲ ਨੂੰ ਜਾਣ ਵਾਲੇ ਸਨ ਉਹ ਇਸ ਦੀਆਂ ਇੱਟਾਂ ਚੁੱਕ ਕੇ ਘੱਗਰ ਵਿਚ ਜਾ ਡੇਗਦੇ ਸਨ। ਬੰਦਾ ਸਿੰਘ ਦੇ ਸਾਹਮਣੇ ਸਿਰਫ ਆਪਣੇ ਗੁਰੂ ਦਾ ਮਿਸ਼ਨ ਸੀ। ਜਿਹੜੀ ਥਾਂ ਦੇ ਹਾਕਮ ਨੇ ਵੀ ਉਸ ਦੇ ਗੁਰੂ ਨਾਲ ਵਧੀਕੀ ਕੀਤੀ ਸੀ ਬੰਦਾ ਸਿੰਘ ਨੇ ਉਸ ਥਾਂ ਨੂੰ ਸਹੀ ਸਲਾਮਤ ਨਹੀਂ ਰਹਿਣ ਦਿੱਤਾ। ਜੇ ਬੰਦਾ ਸਿੰਘ ਚਾਹੁੰਦਾ ਤਾਂ ਉਹ ਸਰਹਿੰਦ ਦੇ ਖੂਬਸੂਰਤ ਸ਼ਹਿਰ ਨੂੰ ਆਪਣੇ ਰਾਜ ਦਾ ਕੇਂਦਰ ਬਣਾ ਕੇ ਵਰਤ ਸਕਦਾ ਸੀ। ਪਰ ਜਾਪਦਾ ਹੈ ਕਿ ਉਹ ਆਪਣੇ ਗੁਰੂ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਲੀ ਥਾਂ ਤੇ ਆਪਣੇ ਮਹਿਲ ਨਹੀਂ ਉਸਾਰਨਾ ਚਾਹੁੰਦਾ ਸੀ।

ਕਈ ਸਿੱਖ ਇਤਿਹਾਸਕਾਰ ਸਰਹਿੰਦ ਦੇ ਉਜਾੜੇ ਨੂੰ ਬੰਦਾ ਸਿੰਘ ਬਹਾਦੁਰ ਦੇ ਸਿਰੋਂ ਇਸ ਬਹਾਨੇ ਨਾਲ ਲਾਹੁਣ ਦੀ ਕੋਸ਼ਿਸ਼ ਕਰਦੇ ਹਨ ਕਿ ਇਹ ਤਾਂ ਉਸ ਟੋਲੇ ਦਾ ਕਾਰਨਾਮਾ ਸੀ ਜਿਹੜਾ ਲੁਟੇਰਿਆਂ ਦਾ ਸੀ, ਇਹ ਬੰਦਾ ਸਿੰਘ ਦੀ ਕਾਰਵਾਈ ਨਹੀਂ ਸੀ। ਇਉਂ ਇਹ ਇਤਿਹਾਸਕਾਰ ਸਿਰਫ ਲੁਟੇਰਿਆਂ ਹੱਥੋਂ ਹੀ ਸਰਹਿੰਦ ਨੂੰ ਲੁੱਟਿਆ ਗਿਆ ਦਸਦੇ ਹਨ। ਇਥੇ ਇਹ ਗੱਲ ਯਾਦ ਰਹਿਣੀ ਚਾਹੀਦੀ ਹੈ ਕਿ ਇਹ ਖਾਲਾ ਜੀ ਦਾ ਵਾੜਾ ਨਹੀਂ ਹੁੰਦਾ ਕਿ ਜਦੋਂ ਚਾਹੁਣ ਲੁਟੇਰੇ, ਲੁੱਟ ਦੇ ਲਾਲਚ ਨਾਲ

SIKHBOOKCLUB.COM

ਬੰਦਾ ਸਿੰਘ ਦੇ ਖਾਲਸਾ ਦਲ ਨਾਲ ਆ ਰਲਣ ਅਤੇ ਜਦੋਂ ਚਾਹੁਣ ਲੜਾਈ ਤੋਂ ਡਰਦੇ, ਪਹਿਲੋਂ ਹੀ ਭੱਜ ਜਾਣ। ਇਸ ਦਾ ਮਤਲਬ ਤਾਂ ਇਹ ਹੋਇਆ ਕਿ ਬੰਦਾ ਸਿੰਘ ਸਿਰਫ ਲੁਟੇਰਿਆਂ ਦੇ ਸਹਾਰੇ ਹੀ ਤੁਰ-ਫਿਰ ਰਿਹਾ ਸੀ। ਜਿਹੜਾ ਜਰਨੈਲ ਹਕੂਮਤ ਦੇ ਤਾਕਤਵਾਰ ਸੂਬੇਦਾਰਾਂ ਉਪਰ ਫਤਿਹ ਪਰਾਪਤ ਕਰ ਸਕਦਾ ਸੀ ਕੀ ਉਹ ਲੁਟੇਰਿਆਂ ਨੂੰ ਕਾਬੂ ਵਿਚ ਨਹੀਂ ਰੱਖ ਸਕਦਾ ਸੀ? ਜੇ ਲੁਟੇਰੇ ਹੀ ਕਾਬੂ ਵਿਚ ਨਹੀਂ ਆਉਂਦੇ ਸਨ ਤਾਂ ਫਿਰ ਬਾਕੀ ਹੋਰ ਕਿਹੜੀ ਗੱਲ ਸੀ ਕਾਬੂ ਕਰਨ ਵਾਲੀ। ਤਬਾਹੀ ਸਿਰਫ ਲੁਟੇਰਿਆਂ ਹੱਥੋਂ ਹੀ ਕੀਤੇ ਜਾਣ ਦੀਆਂ ਸਾਖੀਆਂ ਘੜ ਕੇ ਸਗੋਂ ਅਜਿਹੇ ਇਤਿਹਾਸਕਾਰ ਬੰਦਾ ਸਿੰਘ ਬਹਾਦੁਰ ਦੀ ਲੀਡਰਸ਼ਿਪ ਦੀ ਮਹੱਤਤਾ ਘਟਾ ਰਹੇ ਹਨ।

ਸਰਹਿੰਦ ਦਾ ਉਜਾੜਾ, ਸਿੰਘ ਕਿਉਂ ਨਹੀਂ ਕਰ ਸਕਦੇ ਸਨ? ਕੀ ਸਿੰਘਾਂ ਸਾਹਮਣੇ ਹੀਂ ਮਾਨਵੀ ਅਧਿਕਾਰਾਂ ਦੀ ਗੱਲ ਆਉਂਦੀ ਸੀ? ਮਾਨਵ ਅਧਿਕਾਰਾਂ ਦੀ ਜ਼ਿੰਮੇਵਾਰੀ ਹਕੂਮਤ ਦੇ ਸਿਰ ਹੁੰਦੀ ਹੈ। ਪਰ ਇਥੇ ਤਾਂ ਦੋ ਮਾਸੂਮ ਬੱਚਿਆਂ ਨੂੰ, ਜਿਨ੍ਹਾਂ ਨੇ ਕੋਈ ਕਤਲ ਨਹੀਂ ਕੀਤਾ ਸੀ, ਮਾਰ ਕੇ ਹਕੂਮਤ ਨੇ ਇਹ ਦਰਸਾ ਦਿੱਤਾ ਸੀ ਕਿ ਘੱਟ ਗਿਣਤੀਆ ਦੇ ਬੱਚੇ ਵੀ ਕਤਲ ਕੀਤੇ ਜਾ ਸਕਦੇ ਹਨ। ਕੀ ਮਾਸੂਮ ਬੱਚਿਆਂ ਨੂੰ ਬਿਨਾਂ ਵਜ੍ਹਾ ਮਾਰ ਦੇਣ ਦੀ ਗੱਲ ਮਾਨਵ–ਅਧਿਕਾਰਾਂ ਵਿਚ ਨਹੀਂ ਆਉਂਦੀ? ਕੀ ਜਦੋਂ ਹਕੂਮਤ ਵਲੋਂ ਹੀ ਆਪਣੀ ਪਰਜਾ (ਸਿੰਘ) ਦੇ ਸਿਰਾਂ ਨੂੰ ਕੱਟ ਕੇ ਅਤੇ ਬਾਂਸਾਂ ਉਤੇ ਟੰਗ ਕੇ ਚੁਰੱਸਤਿਆਂ ਵਿੱਚ ਗੱਡਿਆ ਜਾਂਦਾ ਸੀ ਕਿ ਇਹ ਗੱਲ ਮਾਨਵੀ–ਅਧਿਕਾਰਾਂ ਵਿਚ ਨਹੀਂ ਆਉਂਦੀ ਸੀ ? ਹਕੂਮਤ ਸਿੰਘਾਂ ਦੇ ਖਿਲਾਫ਼ ਹਰ ਉਹ ਕਾਰਵਾਈ ਕਰਦੀ ਸੀ ਜਿਸ ਨੂੰ ਕੋਈ ਕਾਨੂੰਨ ਇਜ਼ਾਜਤ ਨਹੀਂ ਦਿੰਦਾ ਸੀ, ਫਿਰ ਜਦੋਂ ਸਿੰਘਾਂ ਦਾ ਮੌਕਾ ਲੱਗਿਆ ਤਾਂ ਉਹ ਕਿਉਂ ਨਹੀਂ ਆਪਣੇ ਨਾਲ ਹੋਏ ਧੱਕਿਆਂ ਅਤੇ ਜੁਲਮਾਂ ਦਾ ਬਦਲਾ ਲੈ ਸਕਦੇ ਸੀ? ਸਰਹਿੰਦ ਦੇ ਉਪਰ ਹਮਲਾ ਕਰਨ ਦਾ ਸਿੰਘਾਂ ਸਾਹਮਣੇ ਹੋਰ ਕਾਰਨ ਕਿਹੜਾ ਸੀ? ਸਰਹਿੰਦ ਦੇ ਸੂਬੇਦਾਰ ਬਾਰੇ ਸਿੰਘਾਂ ਦੇ ਮਨਾਂ ਵਿਚ ਇਤਨੀ ਨਫ਼ਰਤ ਸੀ ਕਿ ਉਹ ਇਸ ਨਫ਼ਰਤ ਨੂੰ ਸਰਹਿੰਦ ਸ਼ਹਿਰ ਨਾਲ ਵੀ ਜੋੜਨ ਲੱਗ ਪਏ ਸਨ। ਇਸ ਹਾਕਮ ਪਰੱਤੀ ਨਫ਼ਰਤ ਨੂੰ ਜੇ ਉਸ ਦੇ ਕੇਂਦਰੀ ਸ਼ਹਿਰ ਨਾਲ ਵੀ ਜੋੜ ਲਿਆ ਗਿਆ ਸੀ ਤਾਂ ਇਸ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਸਿੰਘਾਂ ਦੇ ਮਨਾਂ ਵਿਚ ਸਰਹਿੰਦ ਨਾਲ ਕਿਤਨੀ ਕੁ ਨਫ਼ਰਤ ਹੋਵੇਗੀ? ਸਿੰਘ ਸਰਹਿੰਦ ਨੂੰ ''ਗੁਰੂ-ਮਾਰੀ ਸਰਹਿੰਦ'' ਸਮਝਦੇ ਸਨ। ਇਸ ਦਾ ਭਾਵ ਹੈ ਕਿ ਸਰਹਿੰਦ ਸ਼ਹਿਰ ਗੁਰੂ ਵਲੋਂ ਸਰਾਪਿਆ ਹੋਇਆ ਸੀ। ਇਹੀ ਕਾਰਨ ਸੀ ਕਿ ਕੋਈ ਵੀ ਸਿੱਖ ਨੇਤਾ ਸਰਹਿੰਦ ਸ਼ਹਿਰ ਨੂੰ ਆਪਣੇ ਕਬਜ਼ੇ ਵਿਚ ਨਹੀਂ ਕਰਨੀ ਚਾਹੁੰਦਾ ਸੀ। ਇਹ ਗੱਲ ਇਕੱਲੇ ਬੰਦਾ ਸਿੰਘ ਬਹਾਦੁਰ ਨਾਲ ਹੀ ਸਬੰਧਤ ਨਹੀਂ ਸੀ ਕਿ ਉਸ ਨੇ ਸਰਹਿੰਦ ਵਿਖੇ ਆਪਣੀ ਰਾਜਧਾਨੀ ਕਿਉਂ ਨਹੀਂ ਸਥਾਪਿਤ ਕੀਤੀ। ਇਹ ਗੱਲ ਬੰਦਾ ਸਿੰਘ ਦੇ ਪਿੱਛੋਂ ਵੀ ਸਿੱਖ ਨੇਤਾਵਾਂ ਨਾਲ ਜੁੜੀ ਹੋਈ ਹੈ। 1764 ਈ. ਵਿਚ ਜਦੋਂ ਦਲ ਖਾਲਸੇ ਨੇ ਲਾਹੌਰ ਸਮੇਤ ਸਾਰੇ ਕੇਂਦਰੀ ਅਤੇ ਪੂਰਬੀ ਪੰਜਾਬ ਨੂੰ ਜਿੱਤ ਲਿਆ ਸੀ ਤਦ ਵੀ ਇਲਾਕਿਆਂ ਦੀ ਵੰਡ ਕਰਨ ਸਮੇਂ ਕੋਈ ਵੀ ਮਿਸਲਦਾਰ ਸਰਹਿੰਦ ਨੂੰ ਲੈਣ ਲਈ ਤਿਆਰ ਨਹੀਂ ਸੀ। ਅਖੀਰ ਤੇ ਦਲ ਖਾਲਸਾ ਨੇ ਗੁਰਮਤਾ ਪਾਸ ਕਰਕੇ ਬਾਹੁਕਮ ਸਰਹਿੰਦ ਸ਼ਹਿਰ ਨੂੰ ਭਾਈ ਬੁੱਢਾ ਸਿੰਘ ਦੇ ਹਵਾਲੇ ਕੀਤਾ ਸੀ। ਭਾਈ ਬੁੱਢਾ ਸਿੰਘ ਨੇ ਕੁਝ ਸਮੇਂ ਲਈ ਸਰਹਿੰਦ ਨੂੰ ਆਪਣੇ ਪਾਸ ਰੱਖ ਕੇ ਬਾਬਾ ਆਲਾ ਸਿੰਘ ਨੂੰ ਮਾਮੂਲੀ ਜਿਹੀ ਰਕਮ ਬਦਲੇ ਵੇਚ ਦਿਤਾ ਸੀ। ਇਹ ਕੁਝ ਲਿਖਣ ਦਾ ਭਾਵ ਇਹੀ ਹੈ ਕਿ ਸਰਹਿੰਦ ਬਾਰੇ ਸਿੰਘਾਂ ਦੇ ਮਨ ਵਿਚ ਨਫ਼ਰਤ ਕੁੱਟ ਕੁੱਟ ਕੇ ਭਰੀ ਹੋਈ ਸੀ। ਇਸ ਲਈ ਜਿਉਂ ਹੀ ਸਿੰਘ ਦਲ ਸਰਹਿੰਦ ਸ਼ਹਿਰ ਵਿਚ ਦਾਖ਼ਲ ਹੋਇਆ, ਤੋਪਾਂ ਦੇ ਗੋਲਿਆਂ ਨਾਲ ਇਸ ਦੇ ਕਿਲ੍ਹੇ, ਮਹਿਲ, ਹਵੇਲੀਆਂ ਆਦਿ ਢਹਿ-ਢੇਰੀ ਕਰ ਦਿੱਤੀਆਂ ਗਈਆਂ ਸਨ। ਸਿੰਘਾਂ ਨੇ ਸਿਰਫ ਇਮਾਰਤਾਂ ਨੂੰ ਢਹਿ-ਢੇਰੀ ਕਰਕੇ ਹੀ ਦਮ ਨਹੀਂ ਲਿਆ ਸਗੋਂ ਉਨ੍ਹਾਂ ਨੇ ਇਥੇ ਆਪਣੇ ਹਲ ਵਾਹੇ ਸਨ। ਸਿੰਘਾਂ ਸਾਹਮਣੇ ਆਪਣੇ ਗੁਰੂ ਦੀ ਕੀਤੀ ਗਈ ਭਵਿੱਖਬਾਣੀ ਨੂੰ ਸੱਚਾ ਕਰ ਦਿਖਾਉਣ ਦੀ ਭਾਵਨਾ ਸੀ। ਜਦੋਂ ਉਹ ਸਮਝਦੇ ਸਨ ਕਿ ਸਰਹਿੰਦ ਤਾਂ ਗੁਰੂ ਦਾ ਸਰਾਪਿਆ ਹੋਇਆ ਸ਼ਹਿਰ ਹੈ ਤਾਂ ਇਸ ਦਾ ਭਾਵ ਉਨ੍ਹਾਂ ਦੇ ਮਨਾਂ ਵਿਚ ਇਹੋ ਹੀ ਸੀ ਕਿ ਇਕ ਦਿਨ, ਗੁਰੂ ਦੇ ਸਰਾਪ ਅਨੁਸਾਰ ਇਹ ਸ਼ਹਿਰ ਉਜੜ ਜਾਵੇਗਾ। ਇਸ ਉਜਾੜੇ ਨੂੰ ਉਹ ਆਪਣੀਆਂ ਅੱਖਾਂ ਦੇ ਸਾਹਮਣੇ ਦੇਖਣਾ ਚਾਹੁੰਦੇ ਸਨ।

ਬੰਦਾ ਸਿੰਘ ਬਹਾਦੁਰ ਸਿਰਫ ਇਕੋ ਗੱਲ ਕਰ ਸਕਿਆ ਸੀ ਕਿ ਉਸ ਨੇ ਸਰਹਿੰਦ ਦੀਆਂ ਮਸਜਿਦਾਂ ਅਤੇ ਮਕਬਰਿਆਂ ਨੂੰ ਨਹੀਂ ਢਾਹੁਣ ਦਿੱਤਾ। ਇਹ ਮਕਬਰੇ ਅਤੇ ਮਸਜਿਦਾਂ ਅੱਜ ਵੀ ਉਸੇ ਹਾਲਤ ਵਿਚ ਕਾਇਮ ਖੜ੍ਹੀਆਂ ਹਨ। ਬੰਦਾ ਸਿੰਘ ਬਹਾਦੁਰ ਨੇ ਕੋਈ ਕਬਰ ਵੀ ਨਹੀਂ ਪੁੱਟਣ ਦਿੱਤੀ। ਇਸ ਦੇ ਉਲਟ ਸਗੋਂ ਲੜਾਈ ਵਿਚ ਮਾਰੇ ਗਏ ਮੁਗਲ ਸਿਪਾਹੀਆਂ ਦਾ ਸਸਕਾਰ ਵੀ ਉਸ ਨੇ ਮੁਸਲਮਾਨਾਂ ਰਾਹੀਂ ਕਰਵਾਇਆ। ਕਿਸੇ ਵੀ ਮੁਗਲ ਸਿਪਾਹੀ ਨੂੰ ਫੂਕਿਆ ਨਹੀਂ ਗਿਆ। ਯੁੱਧ ਦੇ ਮੈਦਾਨ ਵਿਚ ਬੰਦਾ ਸਿੰਘ ਬਹਾਦੁਰ ਅਤੀ ਸਫ਼ਲ ਜਰਨੈਲ ਸੀ। ਉਹ ਹਮਲਾ ਕਰਨ ਵਿਚ ਹਮੇਸ਼ਾਂ ਪਹਿਲ ਕਰਦਾ ਸੀ। ਉਸ ਦਾ ਹਮਲਾ ਜੰਗਲੀ ਚੀਤੇ ਜੈਸੀ ਤੇਜ਼ੀ ਨਾਲ ਹੁੰਦਾ ਸੀ। ਹਮਲਾ ਕਰਨ ਦੀ ਤੇਜ਼ੀ ਅਤੇ ਪਹਿਲ ਨਾਲ ਹੀ ਉਹ ਦੁਸ਼ਮਣ ਦੀ ਸੁਰਤ ਬੌਂਦਲਾ ਦਿੰਦਾ ਸੀ। ਜਦੋਂ ਨੂੰ ਦੁਸ਼ਮਣ ਸੰਭਲਦਾ ਸੀ ਉਸ ਸਮੇਂ ਤੱਕ ਬੰਦਾ ਸਿੰਘ ਦੁਸ਼ਮਣ ਦਾ ਬਹੁਤ ਨੁਕਸਾਨ ਕਰ ਚੁੱਕਿਆ ਹੁੰਦਾ ਸੀ। ਬੰਦਾ ਸਿੰਘ ਦੀ ਝਪਟ ਹੀ ਇਕ ਜਾਦੂ ਭਰੀ ਹੁੰਦੀ ਸੀ। ਉਹ ਕਦੇ ਵੀ ਸਿੱਧਿਆਂ ਰਾਹਾਂ ਤੋਂ ਦੀ ਨਹੀਂ ਗੁਜਰਦਾ ਸੀ। ਉਹ ਹਮੇਸ਼ਾਂ ਜੰਗਲੀ ਚੀਤੇ ਦੀ ਤਰ੍ਹਾਂ ਜੰਗਲਾਂ ਵਿਚੋਂ ਦੀ ਆਪਣੇ ਆਪ ਨੂੰ ਛੁਪਾ ਕੇ ਚਲਦਾ ਸੀ। ਪਰ ਜਦੋਂ ਵੀ ਦੁਸ਼ਮਣ ਉਸ ਦੀ ਮਾਰ ਹੇਠ ਆਉਂਦਾ ਤਾਂ ਉਹ ਚੀਤੇ ਦੀ ਤਰ੍ਹਾਂ ਝਪਟ ਕੇ ਉਸ ਨੂੰ ਜਾ ਦਬੋਚਦਾ ਸੀ। ਉਹ ਦੁਸ਼ਮਣ ਦੀ ਤਾਕਤ ਤੋਂ ਕਦੇ ਵੀ ਨਹੀਂ ਡਰਦਾ ਸੀ। ਅਸਲ ਵਿਚ ਉਹ

SIKHBOOKCLUB.COM

ਕਦੇ ਵੀ ਦੁਸ਼ਮਣ ਨੂੰ ਦੇਖ ਕੇ ਨਹੀਂ ਭੱਜਿਆ ਸਗੋਂ ਦੁਸ਼ਮਣ ਨੂੰ ਆਪਣੇ ਕੋਲ ਆਉਣ ਦਿੰਦਾ ਸੀ । ਜਿਉਂ ਹੀ ਦੁਸ਼ਮਣ ਉਸ ਦੇ ਨੇੜੇ ਪਹੁੰਚਦਾ ਸੀ ਤਾਂ ਝੱਟ ਹੀ ਬੰਦਾ ਸਿੰਘ ਉਸ ਤੇ ਜਾ ਝਪਟਦਾ ਸੀ । ਤੇਜ਼ੀ ਨਾਲ ਕਈ ਝਪਟਾਂ ਕਰਕੇ ਉਹ ਜੰਗਲਾਂ ਵਿਚ ਦੌੜ ਕੇ ਜਾ ਵੜਦਾ ਸੀ । ਉਸ ਦੀਆਂ ਬਿਜਲਈ ਝਪਟਾਂ ਤੋਂ ਕਈ ਮੁਗ਼ਲ ਅਧਿਕਾਰੀ ਅੱਕੇ ਪਏ ਸਨ । ਜਦੋਂ ਬਾਦਸ਼ਾਹ ਬਹਾਦੁਰ ਸ਼ਾਹ ਨੇ ਪੂਰੀ ਸ਼ਾਹੀ ਫੌਜ ਨਾਲ, ਜਿਸ ਵਿਚ ਕਈ ਲੱਖ ਦੀ ਤਾਦਾਦ ਵਿਚ ਪੇਸ਼ਾਵਰ ਫੌਜੀ ਅਤੇ ਮੁਲਖਈਆ ਸ਼ਾਮਲ ਸੀ, ਨਾਲ ਬੰਦਾ ਸਿੰਘ ਬਹਾਦਰ ਨੂੰ ਪਕੜਨ ਜਾਂ ਮਾਰਨ ਲਈ ਹਮਲਾ ਕੀਤਾ ਸੀ, ਇਹ ਮੌਕਾ ਬੰਦਾ ਸਿੰਘ ਦੇ ਜੀਵਨ ਵਿਚ ਬਹੁਤ ਹੀ ਮਹੱਤਵਪੂਰਨ ਸੀ । ਬਹਾਦੁਰ ਸ਼ਾਹ ਨੇ ਇਕਦਮ ਲੋਹਗੜ੍ਹ ਦੇ ਕਿਲ੍ਹੇ ਨੂੰ ਘੇਰਾ ਨਹੀਂ ਪਾਇਆ ਸੀ । ਉਸ ਨੇ ਹੌਲੀ ਹੌਲੀ ਲੋਹਗੜ੍ਹ ਦੇ ਆਲੇ-ਦੁਆਲੇ ਦੀਆਂ ਖਾਲਸਾ ਚੌਕੀਆਂ ਨੂੰ ਜਿੱਤਿਆ ਸੀ । ਖਾਲਸਾ ਇਕ ਚੌਕੀ ਤੋਂ ਹਾਰਦਾ ਸੀ ਤਾਂ ਉਹ ਪਿਛਲੀ ਚੌਕੀ ਵਿਚ ਆ ਠਾਹਰ ਲੈਂਦਾ ਸੀ । ਇਸ ਤਰ੍ਹਾਂ ਸੋਨੀਪਤ ਤੋਂ ਲੈ ਕੇ ਲੋਹਗੜ੍ਹ ਤਕ ਪਹੁੰਚਣ ਲਈ ਤਕਰੀਬਨ ਇਕ ਮਹੀਨੇ ਦਾ ਸਮਾਂ ਲੱਗ ਗਿਆ ਸੀ । ਬੰਦਾ ਸਿੰਘ ਨੂੰ ਸਪੱਸ਼ਟ ਪਤਾ ਸੀ ਕਿ ਸ਼ਾਹੀ ਫੌਜ ਉਸ ਦੀ ਆਪਣੀ ਫੌਜ ਨਾਲੋਂ ਕਈ ਗੁਣਾਂ ਜ਼ਿਆਦਾ ਹੈ । ਇਹ ਦੇਖ ਕੇ ਉਹ ਦੌੜ ਕੇ ਦੂਰ ਪਹਾੜਾਂ ਵਿਚ ਵੀ ਨਿਕਲ ਸਕਦਾ ਸੀ । ਅਸਲ ਵਿਚ ਬਾਦਸ਼ਾਹ ਵੀ ਚਾਹੁੰਦਾ ਸੀ ਕਿ ਬੰਦਾ ਸਿੰਘ ਉਸ ਦਾ ਮੁਕਾਬਲਾ ਕਰਨ ਨਾਲੋਂ ਪਹਿਲਾਂ ਹੀ ਦੌੜ ਜਾਵੇ ਤਾਂ ਜ਼ਿਆਦਾ ਚੰਗਾ ਹੈ ਪਰ ਬੰਦਾ ਸਿੰਘ ਦੌੜਿਆ ਨਹੀਂ ਸੀ । ਉਹ ਸ਼ਾਹੀ ਫੌਜ ਦੀ ਉਡੀਕ ਕਰਦਾ ਰਿਹਾ । ਉਹ ਲੋਹਗੜ੍ਹ ਨੂੰ ਮਜ਼ਬੂਤ ਕਰਦਾ ਰਿਹਾ । ਉਸ ਨੇ ਲੋਹਗੜ੍ਹ ਦੀ ਐਸੀ ਕਿਲ੍ਹਾਬੰਦੀ ਕਰ ਲਈ ਸੀ ਕਿ ਦੁਸ਼ਮਣ ਛੇੜੀ ਕੀਤਿਆਂ ਉਸ ਵਿਚ ਦਾਖ਼ਲ ਨਹੀਂ ਸੀ ਹੋ ਸਕਦਾ । ਪਹਾੜੀਆਂ ਉਪਰ ਉਸਰਿਆ ਕਿਲ੍ਹਾ, ਨਦੀ-ਨਾਲਿਆਂ ਨਾਲ ਵਲ੍ਹਿਆ ਹੋਇਆ ਸੀ । ਇਨ੍ਹਾਂ ਨਾਲਿਆਂ ਰਾਹੀਂ ਹੀ ਸਿੰਘ ਜੱਥੇ ਅੰਦਰ-ਬਾਹਰ ਆ ਜਾ ਸਕਦੇ ਸਨ । ਜਦੋਂ ਲੋਹਗੜ੍ਹ ਨੂੰ ਘੇਰਾ ਪਾਇਆ ਗਿਆ ਤਾਂ ਕਿਲ੍ਹੇ ਉਪਰ ਪਹਿਲਾਂ ਸ਼ਾਹੀ ਫੌਜ ਵਲੋਂ ਹਮਲਾ ਨਹੀਂ ਕੀਤਾ ਗਿਆ ਸੀ ਸਗੋਂ ਸ਼ਾਹੀ ਫੌਜ ਆਪਣਾ ਬਚਾਓ ਕਰਕੇ ਮੋਰਚਿਆਂ ਤੇ ਬੈਠੀ ਹੋਈ ਸੀ । ਇਹ ਬੰਦਾ ਸਿੰਘ ਸੀ ਜਿਹੜਾ ਹਰ ਰੋਜ਼ ਅਤੇ ਹਰ ਰਾਤ ਨੂੰ ਨਿੱਕਲ ਕੇ ਦੁਸ਼ਮਣ ਉਤੇ ਹਮਲੇ ਕਰਦਾ ਸੀ । ਉਸ ਨੇ ਹਮਲੇ ਕਰ ਕਰ ਕੇ ਦੁਸ਼ਮਣ ਦਾ ਨੱਕ ਵਿਚ ਦਮ ਕਰ ਦਿੱਤਾ ਸੀ । ਬਾਦਸ਼ਾਹ ਨੇ ਅੱਕ ਕੇ ਹੁਕਮ ਦੇ ਰੱਖਿਆ ਸੀ ਕਿ ਕੋਈ ਵੀ ਜਰਨੈਲ ਬਿਨਾਂ ਸ਼ਾਹੀ ਹੁਕਮ ਤੋਂ ਕਿਲ੍ਹੇ ਉਪਰ ਹਮਲਾ ਨਹੀਂ ਕਰੇਗਾ । ਪਰ ਬੰਦਾ ਸਿੰਘ ਨੇ ਹਮਲੇ ਕਰ ਕਰ ਕੇ ਸਾਰੇ ਮੁਗ਼ਲ ਜਰਨੈਲਾਂ ਨੂੰ ਐਸਾ ਠਿੱਠ ਕੀਤਾ ਹੋਇਆ ਸੀ ਕਿ ਆਖਰ ਪਰਧਾਨ ਵਜ਼ੀਰ ਮੁਨੱਈਅਮ ਖਾਨ ਨੂੰ ਬਾਦਸ਼ਾਹ ਦੇ ਹੁਕਮ ਤੋਂ ਬਿਨਾਂ ਹੀ ਕਿਲ੍ਹੇ ਉਪਰ ਹਮਲਾ ਕਰਨਾ ਪਿਆ । ਇਹ ਲੜਾਈ ਬੰਦਾ ਸਿੰਘ ਦੇ ਸੈਨਿਕ ਜੀਵਨ ਦੀ ਸਭ ਤੋਂ ਵੱਧ ਸਫਲ ਗੁਰੀਲਾ ਲੜਾਈ ਸੀ । ਜਦੋਂ ਦੇਖਿਆ ਕਿ ਹੁਣ ਵਿਸ਼ਾਲ ਮੁਗਲ ਫੌਜ ਦਾ ਟਾਕਰਾ ਨਹੀਂ ਹੋ ਸਕਦਾ ਤਾਂ ਬੰਦਾ ਸਿੰਘ ਦੁਸ਼ਮਣ ਦੀਆਂ ਸਫ਼ਾਂ ਨੂੰ ਚੀਰਦਾ ਹੋਇਆ ਨਿੱਕਲ ਗਿਆ ਸੀ । ਬੰਦਾ ਸਿੰਘ ਦਾ ਭੱਜੇ ਜਾਂਦੇ ਦਾ ਵੀ ਉਤਨਾ ਹੀ ਹਊਆ ਸੀ ਜਿੰਨਾ ਉਸ ਦਾ ਸਾਹਮਣੇ ਹੋ ਕੇ ਲੜਨ ਵੇਲੇ ਹੁੰਦਾ ਸੀ । ਉਹ ਗੁਰੀਲਾ ਹਮਲਿਆਂ ਵਿਚ ਵੀ ਮਾਹਰ ਸੀ ਅਤੇ ਹੱਥੋ-ਹੱਥ ਦੀ ਗਹਿਗੱਚ ਲੜਾਈ ਦਾ ਵੀ ਮਾਹਰ ਸੀ । ਸਰਹਿੰਦ ਦੀ ਗਹਿਗੱਚ ਲੜਾਈ ਹੀ ਸੀ ਜਿਸ ਵਿਚ ਬੰਦਾ ਸਿੰਘ ਨੇ ਮੁਗਲ ਫੌਜ ਨੂੰ ਬੁਰੀ ਤਰ੍ਹਾਂ ਖੁਦੇੜ ਦਿੱਤਾ ਸੀ ।

ਸਰਹਿੰਦ ਦੀ ਫਤਿਹ ਤੋਂ ਬਾਅਦ ਬੰਦਾ ਸਿੰਘ ਜੇ ਪੂਰਬ ਵੱਲ ਧਾਈ ਕਰਕੇ ਪਿਆ ਤਾਂ ਜਮੁਨਾ ਪਾਰ ਜਾ ਕੇ ਵੀ ਮੁਗਲ ਨਵਾਬਾਂ ਨੂੰ ਜਾ ਦਬੋਚਿਆ । ਜੇ ਉੱਤਰ-ਪੱਛਮ ਵਲ ਧਾਈ ਕਰਕੇ ਗਿਆ ਤਾਂ ਪਹਾੜੀ ਰਿਆਸਤਾਂ ਸਮੇਤ ਚੰਬੇ ਅਤੇ ਜੰਮੂ ਤੱਕ ਚਲਾ ਗਿਆ । ਇਕ-ਅੱਧੀ ਰਿਆਸਤ ਤਾਂ ਉਸ ਸਾਹਮਣੇ ਕੱਖਾਂ-ਕਾਨਿਆਂ ਵਾਂਗ ਵਹਿ ਜਾਂਦੀ ਸੀ । ਕਿਸੇ ਪਹਾੜੀ ਰਿਆਸਤ ਨੇ ਉਸ ਦੇ ਸਾਹਮਣੇ ਖੜੋਣ ਦੀ ਹਿੰਮਤ ਹੀ ਨਹੀਂ ਕੀਤੀ ਸੀ । ਮੁਗ਼ਲ ਨਵਾਬ ਵੀ ਜੇ ਕੋਈ ਖੜੋਂਦਾ ਸੀ ਤਾਂ ਆਖਰ ਹਾਰ ਦਾ ਮੂੰਹ ਹੀ ਦੇਖਦਾ ਸੀ । ਬੰਦਾ ਸਿੰਘ ਇਕ ਤੂਫਾਨ ਸੀ । ਜਿਧਰ ਵੀ ਜਾਂਦਾ ਸੀ ਤੂਫਾਨ ਦੀ ਤਰ੍ਹਾਂ ਹੀ ਜਾਂਦਾ ਸੀ । ਉੱਤਰੀ ਭਾਰਤ ਦੇ ਰਾਜਿਆਂ ਅਤੇ ਨਵਾਬਾਂ ਵਿਚੋਂ ਕੋਈ ਹੀ ਖੁਸ਼ਕਿਸਮਤ ਰਾਜਾ-ਨਵਾਬ ਬਚਿਆ ਹੋਵੇਗਾ ਜਿਸ ਨੂੰ ਬੰਦਾ ਸਿੰਘ ਨੇ ਦਰੜਿਆ ਨਾ ਹੋਵੇ ਨਹੀਂ, ਤਾਂ ਸਭ ਦਾ ਮਾਣ ਮਿੱਟੀ ਵਿਚ ਮਿਲਾ ਦਿੱਤਾ ਗਿਆ ਸੀ । ਮੈਕਾਲਿਫ ਲਿਖਦਾ ਹੈ ਕਿ, ''ਉੱਤਰ ਵਿਚ ਲਾਹੌਰ ਤੋਂ ਲੈ ਕੇ ਦੱਖਣ ਵਿਚ ਦਿੱਲੀ ਤੀਕ ਸਾਰਾ ਇਲਾਕਾ ਬੰਦਾ ਸਿੰਘ ਬਹਾਦੁਰ ਦੀ ਈਨ ਮੰਨਦਾ ਸੀ ।'' ਜੰਗੀ ਜੀਵਨ ਵਿਚ ਉਹ ਕਦੀ ਵੀ ਅਵੇਸਲਾ ਨਹੀਂ ਹੋਇਆ ਸੀ । ਇਉਂ ਜਾਪਦਾ ਹੈ ਜਿਵੇਂ ਕਿ ਬੰਦਾ ਸਿੰਘ ਘੋੜੇ ਦੀ ਕਾਠੀ ਉਪਰ ਹੀ ਸੌਂਦਾ ਹੋਵੇ ਤੇ ਘੋੜੇ ਦੀ ਕਾਠੀ ਉਪਰ ਹੀ ਖਾਣਾ ਖਾਂਦਾ ਹੋਵੇ । ਉਸ ਦਾ ਜਿਸਮ ਸਿਰ ਤੋਂ ਲੈ ਕੇ ਪੈਰਾਂ ਤੀਕ ਸਟੀਲ ਦੀ ਸੰਜੋਅ ਵਿਚ ਕਸਿਆ ਰਹਿੰਦਾ ਸੀ । ਉਸ ਦਾ ਜੰਗ ਵਿਚ ਇਤਨਾ ਹਊਆ ਸੀ ਕਿ ਕੋਈ ਵੀ ਮੁਗਲ ਜਰਨੈਲ ਜਾਂ ਸਿਪਾਹੀ ਉਸ ਨਾਲ ਸਾਹਮਣੇ ਆ ਕੇ ਤਲਵਾਰਬਾਜ਼ੀ ਨਹੀਂ ਕਰਦਾ ਸੀ । ਕਈ ਵਾਰ ਤਾਂ ਸਿੰਘ ਜੱਥੇ ਬੰਦਾ ਸਿੰਘ ਦਾ ਕੇਵਲ ਨਾਂ ਵਰਤ ਕੇ ਹੀ ਇਕੱਲੇ ਜਾ ਪੈਂਦੇ ਸਨ । ਦੁਸ਼ਮਣ ਸਮਝਦਾ ਸੀ ਕਿ ਸ਼ਾਇਦ ਬੰਦਾ ਸਿੰਘ ਦੀ ਅਗਵਾਈ ਹੇਠ ਧਾਵਾ ਬੋਲਿਆ ਗਿਆ ਹੈ । ਇਹੀ ਕਾਰਨ ਸੀ ਕਿ ਮੁਗਲ ਸੈਨਾ ਵਿਚ ਉਸ ਦਾ ਇਹ ਹਊਆ ਇਕ ਜਾਦੂ ਦੀ ਗੱਲ ਬਣ ਗਿਆ ਸੀ । ਦੁਸ਼ਮਣ ਨੂੰ ਦਬੋਚਣ ਵਿਚ ਉਸ ਦੀ ਬਿਜਲੀ ਜੈਸੀ ਤੇਜ਼ੀ ਅਤੇ ਦੁਸ਼ਮਣ ਦੇ ਘੇਰੇ ਵਿਚੋਂ ਸਫ਼ਲਤਾ ਪੂਰਬਕ ਨਿੱਕਲ ਜਾਣਾ ਉਸ ਦੀ ਜਾਦੂਗਰੀ ਕਰਾਮਾਤ ਬਣ ਗਿਆ ਸੀ । ਦੁਸ਼ਮਣ ਸਮਝਦਾ ਸੀ ਕਿ ਇਸ ਤਰ੍ਹਾਂ ਹਮਲੇ ਅਤੇ ਉਡਾਰੀਆਂ ਇਕ ਮਨੁੱਖ ਨਹੀਂ ਮਾਰ ਸਕਦਾ, ਇਹ ਕਾਰਾ ਸਿਰਫ ਇਕ ਜਾਦੂਗਰ ਦਾ ਹੀ ਹੋ ਸਕਦਾ ਹੈ । ਇਹ ਕਰਾਮਾਤੀ ਹਊਆ ਅਤੇ ਜਾਦੂਗਰੀ ਪਰਭਾਵ ਇਤਨਾ ਜ਼ਿਆਦਾ ਸੀ ਕਿ ਜਦੋਂ ਗੁਰਦਾਸ-ਨੰਗਲ ਦੇ ਅਹਾਤੇ ਵਿਚ ਬੰਦਾ ਸਿੰਘ ਭੁੱਖ ਨਾਲ ਬੇਹੋਸ਼ ਹੋਇਆ

SIKHBOOKCLUB.COM

ਡਿੱਗਿਆ ਪਿਆ ਸੀ ਤਾਂ ਵੀ ਦੁਸ਼ਮਣ ਛੇਤੀ ਕਰਕੇ ਉਸ ਦੇ ਨੇੜੇ ਨਹੀਂ ਗਿਆ । ਸਮਕਾਲੀ ਲਿਖਾਰੀ ਜਿਹੜੇ ਗੁਰਦਾਸ-ਨੰਗਲ ਦੀ ਅੰਤਮ ਲੜਾਈ ਨੂੰ ਦੇਖ ਰਹੇ ਸਨ ਉਹ ਲਿਖਦੇ ਹਨ ਕਿ ਬੰਦਾ ਸਿੰਘ ਵਾਲੀ ਗੜ੍ਹੀ (ਅਹਾਤੇ) ਵਿਚੋਂ ਜੋ ਵੀ ਕੋਈ ਕੁੱਤਾ-ਬਿੱਲੀ ਬਾਹਰ ਆਉਂਦਾ ਸੀ ਉਨ੍ਹਾਂ ਸਭ ਨੂੰ ਮਾਰ ਦਿੱਤਾ ਜਾਂਦਾ ਸੀ । ਮੁਗ਼ਲ ਅਧਿਕਾਰੀ ਸਮਝਦੇ ਸਨ ਕਿ ਕੋਈ ਕੁੱਤਾ-ਬਿੱਲੀ ਦਾ ਰੂਪ ਧਾਰ ਕੇ ਹੀ ਬੰਦਾ ਸਿੰਘ ਉਨ੍ਹਾਂ ਦੇ ਘੇਰੇ ਵਿਚੋਂ ਨਾ ਨਿਕਲ ਜਾਵੇ । ਵੈਸੇ ਮਹੀਨਿਆਂ ਬੱਧੀ ਘੇਰੇ ਵਿਚ ਜਿਥੇ ਕਿ ਕੋਈ ਪੰਛੀ ਵੀ ਫੜਕ ਨਹੀਂ ਸਕਦਾ ਸੀ ਉਥੇ ਕੁੱਤੇ ਬਿੱਲੀ ਦਾ ਆਉਣਾ ਉੱਕਾ ਹੀ ਅਸੰਭਵ ਹੈ ਪਰ ਸਮਕਾਲੀ ਲੇਖਕਾਂ ਦੀ ਇਹ ਗੱਲ ਬੰਦਾ ਸਿੰਘ ਦੇ ਜਾਦੂਗਰੀ ਪਰਭਾਵ ਨੂੰ ਦਰਸਾਉਂਦੀ ਹੈ । ਗੁਰਦਾਸ-ਨੰਗਲ ਦੀ ਗੜ੍ਹੀ ਵਿਚ ਬੰਦਾ ਸਿੰਘ ਨੂੰ ਅਚਨਚੇਤ ਘੇਰਾ ਪੈ ਗਿਆ ਸੀ ਨਹੀਂ ਤਾਂ ਉਸ ਜੈਸਾ ਜੰਗਬਾਜ਼ ਨੇਤਾ ਕਦੋਂ ਘਿਰਨ ਵਾਲਾ ਸੀ । ਕੁਦਰਤ ਵੀ ਐਸੇ ਮੌਕੇ ਪੈਦਾ ਕਰ ਦਿੰਦੀ ਹੈ ਜਦੋਂ ਵੱਡੇ ਵੱਡੇ ਜਰਨੈਲ ਛੋਟੀਆਂ ਛੋਟੀਆਂ ਝੜੱਪਾਂ ਵਿਚ ਹੀ ਮਾਰੇ ਜਾਂਦੇ ਹਨ । ਬੰਦਾ ਸਿੰਘ ਦਾ ਦਿੱਲੀ ਦੀ ਕੈਦ ਵਿਚ ਅੰਤਮ ਸਮੇਂ ਦਾ ਬਿਆਨ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਉਹ ਭੁੱਖ ਦੇ ਹੱਥੋਂ ਤੰਗ ਹੋਇਆ ਫੜਿਆ ਪਿਆ ਸੀ ਨਹੀਂ ਤਾਂ ਕਿਹੜਾ ਮਾਈ ਦਾ ਲਾਲ ਸੀ ਜੋ ਉਸ ਨੂੰ ਫੜ ਸਕਦਾ । ਬੰਦਾ ਸਿੰਘ ਐਸੇ ਗੁਰੂ ਦਾ ਸਿੱਖ ਸੀ ਜਿਸ ਨੇ ਚਿੜੀਆਂ ਤੋਂ ਬਾਜਾਂ ਨੂੰ ਤੁੜਵਾਉਣ ਦੀ ਗੱਲ ਕੀਤੀ ਸੀ । ਬੰਦਾ ਸਿੰਘ ਨੇ ਆਪਣੇ ਗੁਰੂ ਦੇ ਇਸ ਸਿਧਾਂਤਕ ਫਲਸਫੇ ਨੂੰ ਉਸ ਸਮੇਂ ਅਸਲੀ ਰੂਪ ਵਿਚ ਸੱਚ ਕਰ ਦਿਖਾਇਆ ਜਦੋਂ ਉਸ ਨੇ ਚੂਹੜੇ -ਚਮਿਆਰਾਂ, ਲੁਬਾਣਿਆਂ ਅਤੇ ਵਣਜਾਰਿਆਂ ਕੋਲੋਂ ਵੀ ਵੱਡੀਆਂ ਵੱਡੀਆਂ ਮੁਗ਼ਲ ਫੌਜਾਂ ਦਾ ਮਾਣ ਤੁੜਵਾ ਦਿੱਤਾ ਸੀ ।

ਬੰਦਾ ਸਿੰਘ ਸਿੱਖ ਇਤਿਹਾਸ ਦਾ ਪਹਿਲਾ ਐਸਾ ਨੇਤਾ ਹੈ ਜਿਸ ਨੇ ਪੰਜਾਬ ਦੀ ਧਰਤੀ ਤੇ ਖਾਲਸਾ ਰਾਜ ਸਥਾਪਤ ਕੀਤਾ ਸੀ । ਇਸ ਤਰ੍ਹਾਂ ਉਸ ਦੀ ਪਰਾਪਤੀ ਬੇਮਿਸਾਲ ਹੈ । ਮੁਗ਼ਲ ਹਕੂਮਤ ਵਰਗੀ ਸ਼ਕਤੀਸ਼ਾਲੀ ਧਿਰ ਨੂੰ ਹਰਾਉਣਾ ਕੋਈ ਸਾਧਾਰਣ ਕੰਮ ਨਹੀਂ ਸੀ । ਮੁੱਠੀ ਭਰ ਸੈਨਿਕ ਸਿੰਘਾਂ ਨਾਲ ਨਾਂਦੇੜ ਤੋਂ ਤੁਰਿਆ ਬੰਦਾ ਸਿੰਘ ਬਹਾਦੁਰ ਪੰਜਾਬ ਵਿਚ ਪਹੁੰਚ ਕੇ ਹਜ਼ਾਰਾਂ ਫੌਜਾਂ ਦਾ ਮਾਲਕ ਬਣ ਗਿਆ ਸੀ । ਉਸ ਨੇ ਇਕ ਇਕ ਕਰਕੇ ਸਾਰੀਆਂ ਮੁਗ਼ਲ ਚੌਕੀਆਂ ਨੂੰ ਜਿੱਤ ਲਿਆ ਸੀ । ਵੈਸੇ ਤਾਂ ਉਹ ਸਮਾਣਾ, ਸਢੌਰਾ, ਕਪੂਰੀ ਆਦਿ ਇਲਾਕਿਆਂ ਨੂੰ ਜਿੱਤ ਕੇ ਹੀ ਇਕ ਕਿਸਮ ਦਾ ਹਾਕਮ ਬਣ ਗਿਆ ਸੀ ਕਿਉਂਕਿ ਹਰ ਪਿੰਡ ਜਾਂ ਕਸਬੇ ਨੂੰ ਜਿੱਤਣ ਤੋਂ ਬਾਅਦ ਉਥੇ ਪੰਜ-ਮੈਂਬਰੀ ਖਾਲਸਾ ਪੰਚਾਇਤ ਕਾਇਮ ਕਰ ਦਿੰਦਾ ਸੀ । ਸਢੌਰੇ ਦੇ ਨੇੜੇ ਹੀ ਉਸ ਨੇ ਮੁਖਲਿਸਗੜ੍ਹ ਦੇ ਨਾਂ ਨਾਲ ਬਣੇ ਹੋਏ ਮੁਗ਼ਲ ਬਾਦਸ਼ਾਹ ਦੇ ਕਿਲ੍ਹਾਨੁਮਾ ਮਹਿਲ ਨੂੰ ਮੁਗ਼ਲ ਅਧਿਕਾਰੀਆਂ ਕੋਲੋਂ ਖੋਹ ਕੇ ਆਪਣਾ ਹੈਡ-ਕੁਆਟਰ ਬਣਾ ਲਿਆ ਸੀ ।

ਅਸਲ ਵਿਚ ਕਿਲ੍ਹਾ ਲੋਹਗੜ੍ਹ ਦੇ ਹੇਠਲੀ ਥਾਂ ਪਹਾੜੀਆਂ ਦੀ ਉਤਰਾਈ ਵਾਲੀ ਥਾਂ ਸੀ ਅਤੇ ਹਰੇ-ਭਰੇ ਜੰਗਲ ਨਾਲ ਆਬਾਦ ਸੀ । ਸਾਰਾ ਖੇਤਰ ਹਰੀ-ਭਰੀ ਘਾਹ ਵਾਲਾ ਅਤੇ ਨਦੀ-ਨਾਲਿਆਂ ਵਾਲਾ ਸੀ । ਇਹ ਸ਼ਿਕਾਰ ਖੇਡਣ ਲਈ ਬੜੀ ਮਨਭਾਉਂਦੀ ਥਾਂ ਸੀ ਅਤੇ ਮੁਗ਼ਲ ਬਾਦਸ਼ਾਹਾਂ ਨੇ ਇਸ ਨੂੰ ਆਪਣੇ ਲਈ ਰਾਖਵੀਂ ਰੱਖਿਆ ਹੋਇਆ ਸੀ । ਬੰਦਾ ਸਿੰਘ ਨੇ ਇਸ ਨੂੰ ਇਕ ਕਿਲ੍ਹੇ ਦੀ ਸ਼ਕਲ ਦੇ ਦਿੱਤੀ ਸੀ । ਬਿਲਕੁਲ ਆਬਾਦੀਆਂ ਤੋਂ ਨਿਰਲੇਪ ਅਤੇ ਕੁਦਰਤੀ ਤੌਰ ਤੇ ਹਰੇ ਘਾਹ ਨਾਲ ਭਰਪੂਰ ਇਹ ਥਾਂ ਸੈਨਿਕ ਘੋੜਿਆਂ ਅਤੇ ਹੋਰਨਾਂ ਪਸ਼ੂਆਂ ਲਈ ਘਾਹ-ਪੱਠਾ ਮੁਹੱਈਆ ਕਰਨ ਦਾ ਬਹੁਤ ਹੀ ਵਧੀਆ ਸਥਾਨ ਸੀ । ਬੰਦਾ ਸਿੰਘ ਨੇ ਇਥੇ ਆਪਣਾ ਰਾਜਸੀ ਕੇਂਦਰ ਬਣਾਇਆ । ਸਰਹਿੰਦ ਨੂੰ ਜਿੱਤ ਲੈਣ ਬਾਅਦ ਤਾਂ ਬਕਾਇਦਾ ਖਾਲਸਾ ਸਰਕਾਰ ਦਾ ਐਲਾਨ ਕਰ ਦਿੱਤਾ ਗਿਆ ਸੀ । ਬੰਦਾ ਸਿੰਘ ਸਰਕਾਰ-ਏ-ਖਾਲਸਾ ਦਾ ਸਰਬ-ਉੱਚ ਕਮਾਂਡਰ ਸੀ । ਇਸ ਨੂੰ ਭਾਵੇਂ ਬਾਦਸ਼ਾਹ ਕਹਿ ਲਿਆ ਜਾਵੇ ਤੇ ਭਾਵੇਂ ਮੁੱਖ ਜੱਥੇਦਾਰ ।

ਬੰਦਾ ਸਿੰਘ ਬਹਾਦੁਰ ਨੇ ਸਿੱਖ ਇਤਿਹਾਸ ਵਿਚ ਪਹਿਲੀ ਵਾਰ ਰਾਜ ਸਥਾਪਤ ਕੀਤਾ ਸੀ । ਇਹ ਆਪਣੇ ਆਪ ਵਿਚ ਇਕ ਕਰਿਸ਼ਮਾ ਸੀ । ਪੰਜਾਬ ਵਿਚ ਇਸ ਸਮੇਂ ਨਾ ਹੀ ਤਾਂ ਮੁਗ਼ਲ ਹਕੂਮਤ ਕਮਜ਼ੋਰ ਸੀ ਅਤੇ ਨਾ ਹੀ ਸਿੱਖਾਂ ਨੂੰ ਕਿਸੇ ਹੋਰ ਪਾਸਿਓਂ ਕੋਈ ਮਦਦ ਹੀ ਮਿਲੀ ਸੀ । ਸਰਹਿੰਦ ਦਾ ਸੂਬੇਦਾਰ ਪੂਰੀ ਤਰ੍ਹਾਂ ਤਾਕਤਵਰ ਹਾਕਮ ਸੀ । ਲਾਹੌਰ ਦਾ ਸੂਬੇਦਾਰ ਵੀ ਬਹੁਤ ਮਜ਼ਬੂਤ ਸੀ । ਸਭ ਤੋਂ ਵੱਧ ਕੇ ਇਹ ਕਿ ਦਿੱਲੀ ਵਿਚ ਅਜੇ ਮੁਗ਼ਲ ਸਾਮਰਾਜ ਦਾ ਪਤਨ ਸ਼ੁਰੂ ਨਹੀਂ ਸੀ ਹੋਇਆ । ਬਹਾਦੁਰ ਸ਼ਾਹ ਦੇ ਰੂਪ ਵਿਚ ਬਾਦਸ਼ਾਹ ਅਜੇ ਵੀ ਬਹੁਤ ਤਾਕਤਵਰ ਸੀ । ਪੰਜਾਬ ਦੇ ਗੁਆਂਢ ਵਿਚ ਵੀ ਕੋਈ ਬਦਅਮਨੀ ਵਾਲੀ ਹਾਲਤ ਨਹੀਂ ਸੀ । ਇਨ੍ਹਾਂ ਸਭ ਗੱਲਾਂ ਨੂੰ ਦੇਖ ਕੇ ਇਸ ਗੱਲ ਦਾ ਬਿਲਕੁਲ ਹੀ ਕੋਈ ਅੰਦਾਜ਼ਾ ਨਹੀਂ ਲਗਾ ਸਕਦਾ ਕਿ ਅਜਿਹੇ ਮਜ਼ਬੂਤ ਹਾਲਾਤ ਵਿਚ ਵੀ ਸਿੱਖਾਂ ਜੈਸਾ ਕੋਈ ਘੱਟ-ਗਿਣਤੀ ਵਾਲਾ ਫਿਰਕਾ ਆਪਣਾ ਰਾਜ ਸਥਾਪਤ ਕਰ ਸਕਦਾ ਸੀ? ਪਰ ਇਹ ਗੱਲ ਹੋਈ ਸੀ ਅਤੇ ਪੂਰੀ ਸ਼ਾਨ ਨਾਲ ਹੋਈ ਸੀ । ਇਸ ਦੇ ਉਲਟ ਸਿੱਖਾਂ ਨੇ ਮੁਗ਼ਲ ਹਕੂਮਤ ਨੂੰ ਗਹਿਗੱਚ ਲੜਾਈਆਂ ਵਿਚ ਵੀ ਹਰਾਇਆ ਸੀ । ਗਹਿਗੱਚ ਲੜਾਈ ਵਿਚ ਦੁਸ਼ਮਣ ਨੂੰ ਹਰਾਉਣ ਦਾ ਮਤਲਬ ਇਹ ਹੁੰਦਾ ਹੈ ਕਿ ਦੋਵੇਂ ਧਿਰਾਂ ਸੈਨਿਕ ਸ਼ਕਤੀ ਵਿਚ ਬਰਾਬਰ ਦੀਆ ਹਨ । ਜੇਕਰ ਸਿੱਖਾਂ ਨੇ ਮੁਗ਼ਲ ਫੌਜਾਂ ਨੂੰ ਗਹਿਗੱਚ ਲੜਾਈ ਵਿਚ ਹਰਾਇਆ ਸੀ ਤਾਂ ਇਸ ਦਾ ਸਪਸ਼ਟ ਭਾਵ ਇਹੀ ਸੀ ਕਿ ਸਿੱਖ ਸੈਨਾ ਸਰਹਿੰਦ ਅਤੇ ਉਸ ਦੀਆਂ ਗੁਆਂਢੀ ਰਿਆਸਤਾਂ ਦੀਆਂ ਮਿਲਵੀਆਂ ਸੈਨਾਵਾਂ ਤੋਂ ਵੀ ਤਕੜੀ ਸੀ । ਇਸ ਗੱਲ ਦਾ ਸਿਹਰਾ ਬੰਦਾ ਸਿੰਘ ਬਹਾਦੁਰ ਦੇ ਸਿਰ ਬੱਝਦਾ ਹੈ ਕਿ ਉਸ ਨੇ ਅਕਤੂਬਰ, 1708 ਈ. ਵਿਚ ਨੰਦੇੜ ਸਾਹਿਬ ਤੋਂ ਤੁਰ ਕੇ ਮਈ, 1710 ਈ. ਤਕ ਦੇ ਲਗਭੱਗ ਢਾਈ ਕੁ ਸਾਲਾਂ ਦੇ ਸਮੇਂ ਵਿਚ ਐਸੀ ਜ਼ਬਰਦਸਤ ਸਿੱਖ ਸੈਨਾ

SIKHBOOKCLUB.COM

ਖੜ੍ਹੀ ਕਰ ਲਈ ਸੀ ਜਿਸ ਨੇ ਇਕੋ ਦਿਨ ਦੀ ਲੜਾਈ ਵਿਚ ਹੀ ਸਰਹਿੰਦ ਦੀਆਂ ਮਿਲਵੀਆਂ ਫੌਜਾਂ ਨੂੰ ਭਾਂਜ ਦੇ ਦਿੱਤੀ ਸੀ। ਇਸ ਗੱਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਬੰਦਾ ਸਿੰਘ ਬਹਾਦੁਰ ਦੀ ਸ਼ਖਸ਼ੀਅਤ ਕਿੰਨੀ ਦਿਲ ਖਿੱਚਵੀਂ ਹੋਵੇਗੀ। ਉਸ ਦੇ ਬੋਲਾਂ ਵਿਚ ਕਿਤਨਾ ਜੋਸ਼ ਹੁੰਦਾ ਹੋਵੇਗਾ ਅਤੇ ਉਹ ਫੌਜੀ ਟਰੇਨਿੰਗ ਵਿਚ ਕਿਤਨਾ ਮਾਹਰ ਹੋਵੇਗਾ। ਉਸ ਨੇ ਸਾਧਾਰਣ ਹਲਵਾਹਕਾਂ ਨੂੰ, ਵਪਾਰ ਕਰਨ ਵਾਲੇ ਵਣਜਾਰਿਆਂ ਅਤੇ ਲੁਬਾਣਿਆਂ ਨੂੰ, ਸਦੀਆ ਤੋਂ ਦਰੜੀਂਦੇ ਆ ਰਹੇ ਸ਼ੂਦਰ ਲੋਕਾਂ ਨੂੰ ਤਲਵਾਰ ਫੜਾ ਕੇ ਅਤੇ ਘੋੜੇ ਦਾ ਅਸਵਾਰ ਬਣਾ ਕੇ ਐਸਾ ਯੋਧਾ ਬਣਾ ਦਿੱਤਾ ਸੀ ਜਿਨ੍ਹਾਂ ਨੇ ਪੇਸ਼ਾਵਰ ਜਰਨੈਲਾਂ ਅਤੇ ਹਾਕਮਾਂ ਦੇ ਤਾਜ ਮਿੱਟੀ ਵਿਚ ਰੋਲ ਦਿੱਤੇ ਸਨ। ਡਾ. ਗੰਡਾ ਸਿੰਘ ਅਨੁਸਾਰ, ''ਦੀਨ ਅਤੇ ਦੁਖੀ ਲੋਕਾਂ ਦੀ ਰੱਖਿਆ ਕਰਨ ਵਿਚ ਉਸ ਨੂੰ ਉਨ੍ਹਾਂ ਲੋਕਾਂ ਦੀਆਂ ਅਸ਼ੀਸ਼ਾਂ ਪਰਾਪਤ ਹੋਈਆਂ ਜਿਨ੍ਹਾਂ ਦੀ ਪੁਕਾਰ ਸਦੀਆਂ ਤੋਂ ਕੋਈ ਨਹੀਂ ਸੀ ਸੁਣਦਾ। ਉਸ ਨੇ ਆਪਣੇ ਰਾਜ-ਪਰਬੰਧ ਵਿਚ ਨੀਵਿਆਂ ਤੋਂ ਨੀਵੇਂ ਲੋਕਾਂ ਨੂੰ ਉੱਚੀਆਂ ਪੱਦਵੀਆਂ ਤਕ ਪਹੁੰਚਾ ਦਿੱਤਾ। ਅਛੂਤਾਂ ਅਤੇ ਨੀਚਾਂ, ਚੂਹੜੇ ਅਤੇ ਚਮਿਆਰਾਂ ਨੂੰ ਉਸ ਨੇ ਹਾਕਮ ਬਣਾ ਦਿੱਤਾ।''

ਵਿਲੀਅਮ ਇਰਵਿਨ ਲਿਖਦਾ ਹੈ ਕਿ ਬੰਦਾ ਸਿੰਘ ਬਹਾਦੁਰ ਦੀ ਸੈਨਾ ਵਿਚ ਜਿਹੜੇ ਚੂੜੇ-ਚਮਿਆਰ ਜਾਤੀਆਂ ਦੇ ਨੀਚਾਂ ਤੋਂ ਨੀਚ ਲੋਕ ਵੀ ਭਰਤੀ ਹੋਏ ਸਨ ਉਹ ਵੀ ਆਪਣੇ ਆਪਣੇ ਘਰਾਂ ਨੂੰ ਹਾਕਮ ਬਣ ਕੇ ਮੁੜੇ ਸਨ। ਵੱਡੇ ਵੱਡੇ ਧਨਾਢ ਲੋਕ ਵੀ ਉਨ੍ਹਾਂ ਦਾ ਸੁਆਗਤ ਕਰਦੇ ਸਨ ਅਤੇ ਹੱਥ ਜੋੜ ਕੇ ਉਨ੍ਹਾਂ ਦੀ ਹਜ਼ੂਰੀ ਵਿਚ ਖੜ੍ਹਦੇ ਸਨ। ਬੰਦਾ ਸਿੰਘ ਨੇ ਉਨ੍ਹਾਂ ਨੂੰ ਅਜਿਹਾ ਲੜਾਕੂ ਬਣਾ ਦਿੱਤਾ ਸੀ ਕਿ ਪੇਸ਼ਾਵਰ ਤੌਰ ਤੇ ਜੰਗਬਾਜ਼ ਅਖਵਾਉਣ ਵਾਲੇ ਯੋਧੇ ਵੀ ਉਨ੍ਹਾਂ ਨਾਲ ਉਲਝਣ ਦਾ ਖਤਰਾ ਨਹੀਂ ਲੈਂਦੇ ਸਨ। ਇਹ ਬੰਦਾ ਸਿੰਘ ਦੀ ਬਹੁਤ ਵੱਡੀ ਪਰਾਪਤੀ ਸੀ।

ਰਾਜ ਸਥਾਪਤ ਕਰਦਿਆਂ ਹੀ ਬੰਦਾ ਸਿੰਘ ਨੇ ਭੂਮੀ ਸੁਧਾਰ ਲਾਗੂ ਕੀਤੇ। ਹਲਵਾਹਕਾਂ ਨੂੰ ਹੀ ਜ਼ਮੀਨ ਦਾ ਮਾਲਕ ਐਲਾਨਿਆ ਗਿਆ। ਇਹ ਐਸਾ ਕਦਮ ਸੀ ਜਿਸ ਨੇ ਪੰਜਾਬ ਵਿਚ ਹਮੇਸ਼ਾਂ ਲਈ ਇਹ ਧੱਕਾ ਕਰ ਦਿਤਾ ਸੀ ਕਿ ਜ਼ਮੀਨ ਦਾ ਅਸਲ ਮਾਲਕ ਉਹ ਹੀ ਹੈ ਜਿਹੜਾ ਉਸ ਨੂੰ ਵਾਹੁੰਦਾ ਹੈ। ਦੇਖਣ ਨੂੰ ਅਤੇ ਕਹਿਣ ਨੂੰ ਇਹ ਕਦਮ ਭਾਵੇਂ ਇਕ ਸਾਧਾਰਨ ਜਿਹਾ ਲਗਦਾ ਹੈ ਪਰ ਇਸ ਨੇ ਹਲਵਾਹਕ ਕਿਸਾਨਾਂ ਦੀ ਤਕਦੀਰ ਬਦਲ ਕੇ ਰੱਖ ਦਿੱਤੀ ਸੀ ਅਤੇ ਜ਼ਮੀਨੀ ਉਤਪਾਦਨ ਵਿਚ ਕਰਾਂਤੀਕਾਰੀ ਤਰੱਕੀ ਦਾ ਰਸਤਾ ਖੋਲ੍ਹ ਦਿੱਤਾ ਸੀ। ਇਉਂ ਲਗਦਾ ਹੈ ਜਿਵੇਂ ਬੰਦਾ ਸਿੰਘ ਬਹਾਦੁਰ ਦੇ ਦਿਲ ਵਿਚ ਚਿਰਾਂ ਤੋਂ ਅਜਿਹੇ ਵਿਚਾਰ ਪਨਪਦੇ ਹੋਣ। ਜਦੋਂ ਉਸ ਨੂੰ ਮੌਕਾ ਮਿਲਿਆ ਤਾਂ ਝੱਟ ਉਸ ਨੇ ਆਪਣੇ ਵਿਚਾਰਾਂ ਨੂੰ ਅਮਲੀ ਰੂਪ ਦੇ ਦਿੱਤਾ ਸੀ।

ਬੰਦਾ ਸਿੰਘ ਨੇ ਸਿੱਖ ਰਾਜ ਦਾ ਸਿੱਕਾ ਅਤੇ ਮੋਹਰਾਂ ਆਪਣੇ ਨਾਂ ਹੇਠ ਜਾਰੀ ਨਹੀਂ ਕੀਤੀਆਂ ਸਨ ਸਗੋਂ ਆਪਣੇ ਗੁਰੂ ਸਾਹਿਬਾਨ ਦੇ ਨਾਂ ਹੇਠ ਜਾਰੀ ਕੀਤੀਆਂ। ਇਸ ਤਰ੍ਹਾਂ ਉਸ ਨੇ ਆਉਣ ਵਾਲੇ ਸਿੱਖ ਹਾਕਮਾਂ ਲਈ ਨਵੀਆਂ ਪਿਰਤਾਂ ਪਾ ਦਿੱਤੀਆਂ ਸਨ। ਉਸ ਦੇ ਸਿੱਕਿਆਂ ਅਤੇ ਮੋਹਰਾਂ ਉਤੇ ਉਕਰੀ ਹੋਈ ਇਬਾਰਤ ਅਨੁਸਾਰ ਉਸ ਦੀ ਫਤਿਹ, ਗੁਰੂ ਗੋਬਿੰਦ ਸਿੰਘ ਜੀ ਦੀ ਫਤਿਹ ਸੀ। ਉਸ ਦਾ ਜਾਰੀ ਕੀਤਾ ਸਿੱਕਾ ਗੁਰੂ ਨਾਨਕ ਦੇਵ ਜੀ ਦੀ ਮਿਹਰ ਸਦਕਾ ਸੀ। ਉਹ ਜਿਹੜੀ ਤੇਗ ਵਾਹੁੰਦਾ ਸੀ ਉਹ ਗੁਰੂ ਨਾਨਕ ਦੀ ਬਖਸ਼ੀ ਹੋਈ ਤੇਗ ਸੀ। ਉਸ ਦੀ ਰਾਜਧਾਨੀ ਅਰਥਾਤ ਲੋਹਗੜ੍ਹ ਦਾ ਕਿਲ੍ਹਾ ਉਸ ਦੇ ਆਪਣੇ ਸ਼ਬਦਾਂ ਅਨੁਸਾਰ ਭਾਗਾਂ ਭਰਿਆ, ਸ਼ਾਂਤੀ ਦੇਣ ਵਾਲਾ ਅਤੇ ਖੂਬਸੂਰਤ ਸ਼ਹਿਰ ਦਾ ਮਾਡਲ ਸੀ। ਜੋ ਵਡਿਆਈ ਉਸ ਦੇ ਰਾਜ ਦੀ ਫੈਲਦੀ ਸੀ ਉਹ ਗੁਰੂ ਨਾਨਕ ਦੀ ਵਡਿਆਈ ਸਮਝੀ ਜਾਂਦੀ ਸੀ। ਜੰਗ ਦੇ ਮੈਦਾਨ ਵਿਚ ਤੇਗ ਦੀ ਫਤਿਹ, ਲੰਗਰ ਦੇ ਖੇਤਰ ਵਿਚ ਖਾਣ-ਪੀਣ ਦੀ ਅਤੁੱਟ ਮਿਕਦਾਰ, ਇਹ ਸਭ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਜੀ ਦੀ ਬਖ਼ਸ਼ਿਸ਼ ਮੰਨੀ ਗਈ ਸੀ। ਪਾਈ ਹੋਈ ਪਿਰਤ ਉਪਰ ਚੱਲਣਾ ਇਕ ਮਜ਼ਬੂਰੀ ਹੁੰਦਾ ਹੈ ਪਰ ਪਿਰਤ ਕਾਇਮ ਕਰਨਾ ਇਕ ਇਨਕਲਾਬੀ ਕੰਮ ਹੁੰਦਾ ਹੈ। ਬੰਦਾ ਸਿੰਘ ਬਹਾਦੁਰ ਨੇ ਨਵੀਆਂ ਪਿਰਤਾਂ ਕਾਇਮ ਕੀਤੀਆਂ ਸਨ; ਨਵੇਂ ਦਿਸਹੱਦੇ ਕਾਇਮ ਕੀਤੇ ਸਨ ਅਤੇ ਨਵੇਂ ਮਾਰਗ ਚਾਲੂ ਕੀਤੇ ਸਨ। ਆਉਣ ਵਾਲੇ ਸਿੱਖ ਸਰਦਾਰ, ਹਾਕਮ ਅਤੇ ਮਹਾਰਾਜੇ ਇਨ੍ਹਾਂ ਪਿਰਤਾਂ, ਦਿਸਹੱਦਿਆਂ ਅਤੇ ਮਾਰਗਾਂ ਨੂੰ ਅਪਣਾਉਣ ਵਾਲੇ ਸਨ। ਇਸ ਲਈ ਜੋ ਵਡਿਆਈ, ਇਨ੍ਹਾਂ ਸਰਦਾਰਾਂ, ਹਾਕਮਾਂ ਅਤੇ ਮਹਾਰਾਜਿਆਂ ਦੀ ਸਿੱਖ ਪਿਰਤਾਂ ਨੂੰ ਅਪਣਾਉਣ ਕਾਰਨ ਹੁੰਦੀ ਹੈ ਉਸ ਦੇ ਪਿੱਛੇ ਬੰਦਾ ਸਿੰਘ ਬਹਾਦੁਰ ਦਾ ਹੀ ਯੋਗਦਾਨ ਹੈ।

ਪੋਰਸ ਤੋਂ ਬਾਅਦ ਬੰਦਾ ਸਿੰਘ ਬਹਾਦੁਰ ਹੀ ਪਹਿਲਾ ਐਸਾ ਨੇਤਾ ਸੀ ਜਿਸ ਨੇ ਪੰਜਾਬ ਨੂੰ ਸੁਤੰਤਰ ਬਾਦਸ਼ਾਹੀ ਦੇ ਤੌਰ ਤੇ ਸਥਾਪਤ ਕੀਤਾ ਸੀ। ਸਿੱਖਾਂ ਲਈ ਉਹ ਰਾਜ ਦਾ ਮਾਡਲ ਸੀ, ਰਾਜ ਸਥਾਪਤ ਕਰਨ ਵਾਲਾ ਝੰਡਾ-ਬਰਦਾਰ ਸੀ, ਅਤੇ ਇਸ ਗੱਲ ਦੀ ਇਕ ਅਤੀ ਉੱਤਮ ਮਿਸਾਲ ਸੀ ਕਿ ਰਾਜ-ਭਾਗ ਸਥਾਪਤ ਕਰ ਲੈਣ ਬਾਅਦ ਵੀ ਬੰਦ ਬੰਦ ਕਟਵਾ ਕੇ ਸ਼ਹਾਦਤ ਦਿੱਤੀ ਜਾ ਸਕਦੀ ਹੈ। ਇਤਿਹਾਸ ਵਿਚ ਇਹ ਮਿਸਾਲਾਂ ਆਮ ਮਿਲਦੀਆਂ ਹਨ ਜਦੋਂਕਿ ਕੋਈ ਨੇਤਾ ਰਾਜ-ਭਾਗ ਪਰਾਪਤ ਕਰਨ ਬਾਅਦ ਭੋਗ-ਬਿਲਾਸੀ ਹੋ ਜਾਂਦਾ ਹੈ, ਹੱਡ-ਭੰਨਵੀਂ ਮਿਹਨਤ ਤੋਂ ਵਿਰਵਾ ਹੋ ਕੇ ਅਮੀਰੀ ਰੁਚੀਆਂ ਦਾ ਧਾਰਨੀ ਬਣ ਜਾਂਦਾ ਹੈ ਅਤੇ ਸੰਘਰਸ਼ ਸਮੇਂ ਦੀਆ ਪਰੰਪਰਾਵਾਂ ਨੂੰ ਤਿਆਗ ਬੈਠਦਾ ਹੈ। ਇਹ ਗੱਲ ਬੰਦਾ ਸਿੰਘ ਬਹਾਦੁਰ ਨੇ ਝੂਠ ਕਰ ਦਿਖਾਈ ਸੀ। ਉਸ ਨੇ ਵਿਸ਼ਾਲ ਜਿੱਤਾਂ ਪਰਾਪਤ ਕਰਕੇ ਰਾਜ-ਭਾਗ ਵੀ ਸਥਾਪਤ ਕੀਤਾ ਸੀ ਅਤੇ ਅਤੀ ਸੁੰਦਰ ਰਾਜਕੁਮਾਰੀ ਨਾਲ ਸ਼ਾਦੀ ਵੀ ਕੀਤੀ ਸੀ। ਇਹ ਸਭ ਕੁਝ ਇਕ ਭੋਗ-ਬਿਲਾਸੀ ਜੀਵਨ ਲਈ ਬਹੁਤ ਹੀ ਵਧੀਆ ਪਰਾਪਤੀਆਂ ਸਨ। ਪਰ ਬੰਦਾ ਸਿੰਘ

SIKHBOOKCLUB.COM

ਬਹਾਦੁਰ ਨੇ, ਜਦੋਂ ਸ਼ਹਾਦਤ ਦਾ ਸਮਾਂ ਆਇਆ, ਇਸ ਸਭ ਕੁਝ ਨੂੰ ਇਉਂ ਤਿਆਗ ਦਿੱਤਾ ਸੀ ਜਿਵੇਂ ਉਸ ਦਾ ਇਨ੍ਹਾਂ ਨਾਲ ਕੋਈ ਲਗਾਓ ਹੀ ਨਹੀਂ ਹੁੰਦਾ ਸੀ। ਉਹ ਧਰਮ ਤਿਆਗ ਕੇ ਜਾਂ ਮੁਗ਼ਲ ਹਕੂਮਤ ਦੀ ਈਨ ਮੰਨ ਕੇ ਆਪਣਾ ਰਾਜ-ਭਾਗ ਬਚਾਅ ਵੀ ਸਕਦਾ ਸੀ। ਘੱਟੋ-ਘੱਟੋ ਆਪਣੇ ਪੁੱਤਰ ਅਤੇ ਆਪਣੀ ਪਤਨੀ ਦੀ ਜਿੰਦ ਬਚਾ ਸਕਦਾ ਸੀ ਪਰ ਉਸ ਨੇ ਇਹ ਰਸਤਾ ਨਹੀਂ ਅਪਣਾਇਆ। ਉਸ ਨੇ ਸ਼ਹਾਦਤ ਦਾ ਰਸਤਾ ਚੁਣਿਆ, ਆਪਣੇ ਗੁਰੂ ਦੀ ਸ਼ਾਨ ਰੱਖਣ ਦੀ ਦਰਿੜ੍ਹਤਾ ਧਾਰਨ ਕੀਤੀ ਅਤੇ ਆਪਣੀ ਕੌਮ ਦੇ ਇਤਿਹਾਸ ਵਿਚ ਸ਼ਹਾਦਤ ਦੇ ਸੁਨਹਿਰੀ ਪੰਨਿਆਂ ਨੂੰ ਜੋੜਨ ਦੀ ਮਿਸਾਲ ਕਾਇਮ ਰੱਖੀ। ਇਹ ਬੰਦਾ ਸਿੰਘ ਬਹਾਦੁਰ ਦੀ ਸਭ ਤੋਂ ਮਹਾਨ ਪਰਾਪਤੀ ਸੀ।

ਆਪਣੇ ਅਸੂਲਾਂ ਦਾ ਅਤੇ ਸਿਧਾਂਤਾਂ ਦਾ ਇਤਨਾ ਕੱਟੜ ਧਾਰਨੀ ਹੋਣ ਦੇ ਬਾਵਜੂਦ ਵੀ ਬੰਦਾ ਸਿੰਘ ਬਹਾਦੁਰ ਇਸਲਾਮ ਦਾ ਦੁਸ਼ਮਣ ਨਹੀਂ ਸੀ। ਉਸ ਨੇ ਲੜਾਈ ਹਕੂਮਤ ਦੇ ਵਿਰੁੱਧ ਛੇੜੀ ਸੀ, ਇਸਲਾਮ ਦੇ ਵਿਰੁੱਧ ਨਹੀਂ। ਉਸ ਨੇ ਲੜਾਈ ਜੁਲਮ ਦੇ ਵਿਰੁੱਧ ਛੇੜੀ ਸੀ, ਜਾਤੀ ਜਾਂ ਜਮਾਤੀ ਵੈਰ ਕੱਢਣ ਲਈ ਨਹੀਂ। ਬੇਸ਼ੱਕ ਉਸ ਦੀ ਨਿੱਤ ਦੀ ਬੋਲਚਾਲ ਵਿਚ ਖਾਲਸਈ ਸਭਿਆਚਾਰ ਅਤੇ ਮਰਯਾਦਾ ਭਾਰੂ ਸੀ ਪਰ ਇਸ ਦੇ ਬਾਵਜੂਦ ਵੀ ਮੁਸਲਮਾਨ ਲੋਕ ਉਸ ਦੀ ਫੌਜ ਵਿਚ ਕੰਮ ਕਰਨ ਲਈ ਬਿਨਾਂ ਕਿਸੇ ਸੰਕੋਚ ਦੇ ਖਿੱਚੇ ਆਉਂਦੇ ਸਨ। ਉਸ ਨੇ ਕੁਝ ਮੁਸਲਮਾਨ ਸਿਪਾਹੀ ਵੀ ਆਪਣੀ ਫੌਜ ਵਿਚ ਭਰਤੀ ਕਰ ਰੱਖੇ ਸਨ। ਬਾਦਸ਼ਾਹ ਨੂੰ ਭੇਜੀ ਗਈ 28 ਅਪਰੈਲ, 1711 ਈ. ਦੀ ਇਕ ਖੁਫ਼ੀਆ ਖ਼ਬਰ ਵਿਚ ਦੱਸਿਆ ਗਿਆ ਹੈ ਕਿ ਜਦੋਂ ਬੰਦਾ ਸਿੰਘ ਕਲਾਨੌਰ (ਗੁਰਦਾਸਪੁਰ) ਦੇ ਇਲਾਕੇ ਵਿੱਚ ਸੀ ਤਾਂ ਉਸ ਨੇ ਮੁਸਲਮਾਨਾਂ ਨੂੰ ਯਕੀਨ ਦੁਆਇਆ ਸੀ ਕਿ ਉਨ੍ਹਾਂ ਨੂੰ ਕੋਈ ਦੁੱਖ-ਤਕਲੀਫ਼ ਨਹੀਂ ਦਿੱਤੀ ਜਾਵੇਗੀ, ਉਨ੍ਹਾਂ ਦੀ ਨਿੱਤ ਦੀ ਦਿਹਾੜੀ ਅਤੇ ਤਨਖ਼ਾਹ ਦਾ ਪੂਰਾ ਧਿਆਨ ਰੱਖਿਆ ਜਾਵੇਗਾ ਅਤੇ ਉਹ ਜਿਵੇਂ ਚਾਹੁਣ ਆਪਣੀ ਨਮਾਜ਼ ਅਦਾ ਕਰ ਸਕਦੇ ਹਨ ਅਤੇ ਖੁਤਬਾ ਪੜ੍ਹ ਸਕਦੇ ਹਨ। ਉਸ ਦੀ ਫੌਜ ਵਿਚ ਪੰਜ ਹਜ਼ਾਰ ਮੁਸਲਮਾਨ ਸਨ ਅਤੇ ਇਹ ਸਭ ਸਿੰਘਾਂ ਦੇ ਦਰਮਿਆਨ ਨਮਾਜ਼ਾਂ ਅਤੇ ਖੁਤਬੇ ਪੜ੍ਹਦੇ ਸਨ।

ਇਹ ਠੀਕ ਹੈ ਕਿ ਸਰਕਾਰ ਦੇ ਅਧਿਕਾਰੀਆਂ ਨੇ ਅਨੇਕਾਂ ਵਾਰ ਉਸ ਦੇ ਖਿਲਾਫ਼ ਜਹਾਦ ਦੇ ਰੂਪ ਵਿਚ ਮੁਸਲਮਾਨਾਂ ਨੂੰ ਖੜ੍ਹੇ ਹੋਣ ਦਾ ਸੱਦਾ ਦਿੱਤਾ ਸੀ ਅਤੇ ਅਣਗਿਣਤ ਮੁਸਲਿਮ ਮੁਲਖਈਆਂ ਸਿੱਖ ਦੇ ਖਿਲਾਫ਼ ਖੜ੍ਹਾ ਵੀ ਹੋਇਆ ਸੀ। ਇਹ ਸਰਕਾਰੀ ਚਾਲਾਂ ਹੁੰਦੀਆਂ ਹਨ। ਸਰਕਾਰ ਜੇ ਆਪਣੇ ਖਿਲਾਫ਼ ਬਗਾਵਤ ਕਰ ਰਹੀ ਧਿਰ ਦੀ ਹਰ ਕਾਰਵਾਈ ਅਤੇ ਹਰ ਗਤੀਵਿਧੀ ਬਿਗਾੜ ਕੇ ਪੇਸ਼ ਨਾ ਕਰੇ ਫਿਰ ਤਾਂ ਉਹ ਹਾਰੀ ਹੀ ਪਈ ਹੁੰਦੀ ਹੈ। ਬੰਦਾ ਸਿੰਘ ਬਹਾਦੁਰ ਦੇ ਖਿਲਾਫ਼ ਵੀ ਮੁਗ਼ਲ ਹਕੂਮਤ ਨੇ ਉਸ ਸਮੇਂ ਜਹਾਦ ਦਾ ਝੰਡਾ ਖੜ੍ਹਾ ਕੀਤਾ ਸੀ ਜਦੋਂ ਉਹ ਪੰਜਾਬ ਵਿਚ ਹਰ ਥਾਂ ਤੇ ਹਾਰ ਰਹੀ ਸੀ। ਹਕੂਮਤ ਵਲੋਂ ਧਰਮ ਦਾ ਸਹਾਰਾ ਲੈ ਕੇ ਲੜਾਈ ਲੜਨਾ ਉਸ ਦਾ ਆਖਰੀ ਹਥਿਆਰ ਹੁੰਦਾ ਹੈ।

ਲੜਾਈ ਵਿਚ ਮਰਦੇ ਤਾਂ ਲੋਕ ਹੀ ਹੁੰਦੇ ਹਨ। ਜਿਹੜੇ ਲੋਕ ਹਕੂਮਤ ਦੇ ਕੋਝੇ ਪਰਚਾਰ ਦੇ ਸ਼ਿਕਾਰ ਹੋ ਕੇ ਜਹਾਦ ਦੇ ਰੂਪ ਵਿਚ ਖੜ੍ਹੇ ਹੋ ਕੇ, ਸਿੰਘਾਂ ਨਾਲ ਲੜਦੇ ਸਨ, ਸਿੰਘਾਂ ਦੀ ਜਿੱਤ ਹੋਣ ਦੀ ਸੂਰਤ ਵਿਚ ਉਨ੍ਹਾਂ ਨੇ ਸਿੰਘਾ ਦੇ ਹੱਥੋਂ ਮਰਨਾ ਵੀ ਸੀ। ਜਿਨ੍ਹਾਂ ਅਧਿਕਾਰੀਆਂ ਨੇ ਜੀ ਭਰ ਕੇ ਗਰੀਬ ਲੋਕਾਂ ਨਾਲ ਅਤੇ ਸਿੱਖਾਂ ਨਾਲ ਵਧੀਕੀਆਂ ਕੀਤੀਆਂ ਸਨ, ਸਮਾਂ ਮਿਲਣ ਤੇ ਸਿੱਖਾਂ ਨੇ ਅਜਿਹੇ ਅਧਿਕਾਰੀਆਂ ਤੋਂ ਬਦਲੇ ਵੀ ਲੈਣੇ ਸਨ। ਇਨ੍ਹਾਂ ਬਦਲਿਆਂ ਵਿਚ ਲੁੱਟਮਾਰ ਦਾ ਹੋਣਾ ਅਤੇ ਅੱਗਾਂ ਦਾ ਲੱਗਣਾ ਆਮ ਗੱਲ ਹੈ। ਇਹ ਗੱਲਾਂ ਬੰਦਾ ਸਿੰਘ ਬਹਾਦੁਰ ਦੇ ਸੰਘਰਸ਼ ਦੌਰਾਨ ਹੋਈਆਂ ਵੀ ਪਰ ਇਨ੍ਹਾਂ ਦਾ ਮਤਲਬ ਇਹ ਨਹੀਂ ਸੀ ਕਿ ਬੰਦਾ ਸਿੰਘ ਮੁਸਲਮਾਨਾਂ ਦਾ ਹਤਿਆਰਾ ਸੀ ਜਾਂ ਉਨ੍ਹਾਂ ਦੇ ਖੂਨ ਦਾ ਪਿਆਸਾ ਸੀ। ਬੰਦਾ ਸਿੰਘ ਨੇ ਨਾ ਕਦੇ ਮੁਸਲਮਾਨਾ ਦੇ ਸਿਰ ਲਾਹ ਕੇ ਮਿਨਾਰ ਚਿਣਵਾਏ ਸਨ ਅਤੇ ਨਾ ਕਿਸੇ ਅਧਿਕਾਰੀ ਦੇ ਬੱਚੇ ਫੜ੍ਹ ਕੇ ਜਿਬਾਹ ਕੀਤੇ ਸਨ। ਇਸ ਦੇ ਉਲਟ ਮੁਗ਼ਲ ਹਕੂਮਤ ਆਪਣੀ ਹਰ ਕਾਰਵਾਈ ਸਮੇਂ ਇਹ ਸਭ ਕੁਝ ਕਰਦੀ ਸੀ। ਧਰਮ ਦੇ ਨਾਂ ਹੇਠ ਲੋਕਾਂ ਨੂੰ ਲੁੱਟਣਾ-ਮਾਰਨਾ ਮੁਗ਼ਲ ਹਕੂਮਤ ਦਾ ਰੋਜ਼ਾਨਾ ਦਾ ਕੰਮ ਸੀ। ਬੰਦਾ ਸਿੰਘ ਬਹਾਦੁਰ ਨੇ ਸਗੋਂ ਇਸ ਦੇ ਉਲਟ ਆਪਣੇ ਪਾਸ ਆਏ ਹਰ ਮੁਸਲਮਾਨ ਨੂੰ ਉਸ ਦੇ ਧਾਰਮਿਕ ਅਕੀਦੇ ਪੂਰੇ ਕਰਨ ਲਈ ਪੂਰੀ ਪੂਰੀ ਸੁਰੱਖਿਆ ਦਿੱਤੀ ਸੀ। ਇਹ ਬੰਦਾ ਸਿੰਘ ਬਹਾਦੁਰ ਦੀ ਫਿਰਾਖ਼ਦਿਲੀ ਸੀ ਅਤੇ ਸਰਬ-ਸਾਂਝਾ ਨੇਤਾ ਹੋਣ ਦੀ ਨਿਸ਼ਾਨੀ ਸੀ। ਦੁੱਖ ਦੀ ਗੱਲ ਤਾਂ ਇਹ ਹੈ ਕਿ ਨਾ ਸਮਕਾਲੀ ਮੁਸਲਿਮ ਲਿਖਾਰੀਆਂ ਨੇ ਬੰਦਾ ਸਿੰਘ ਬਾਰੇ ਲਿਖਣ ਲੱਗਿਆਂ ਆਪਣੀ ਕਲਮ ਨੂੰ ਨਿਰਪੱਖ ਰੱਖਿਆ ਹੈ ਅਤੇ ਨਾ ਹੀ ਪਿੱਛੋਂ ਦੇ ਮੁਸਲਿਮ ਲਿਖਾਰੀਆਂ ਨੇ। ਉਨ੍ਹਾਂ ਨੇ ਆਪਣੀ ਹਕੂਮਤ ਦੇ ਪੱਖ ਨੂੰ ਹੀ ਪੂਰਿਆ ਹੈ।

ਇਕ ਗੱਲ, ਜਿਹੜੀ ਕਿ ਬੰਦਾ ਸਿੰਘ ਬਹਾਦੁਰ ਬਾਰੇ ਲਿਖਣ ਲਈ, ਨਾ ਚਾਹੁੰਦੇ ਹੋਣ ਦੇ ਬਾਵਜੂਦ ਵੀ ਲਿਖਣੀ ਪੈ ਰਹੀ ਹੈ ਉਹ ਇਹ ਹੈ ਕਿ ਰਿਆਸੀ ਰਾਜੌਰੀ ਦੇ ਡੇਰੇਦਾਰਾਂ ਦੇ ਅਨੁਸਾਰ ਇਹ ਗੱਲ ਪਰਚੱਲਤ ਕਰ ਦਿਤੀ ਗਈ ਹੈ ਕਿ ਬੰਦਾ ਸਿੰਘ ਦੀ ਸੰਤਾਨ ਹੁਣ ਤਕ ਚੱਲਦੀ ਆ ਰਹੀ ਹੈ। ਇਸ ਮੱਤ ਅਨੁਸਾਰ ਉਥੇ ਹੁਣ ਵਾਲਾ ਉਤਰਅਧਿਕਾਰੀ ਆਪਣੇ ਆਪ ਨੂੰ ਬੰਦਾ ਸਿੰਘ ਦੀ ਅੱਠਵੀਂ ਜਾਂ ਨੌਵੀਂ ਪੀੜ੍ਹੀ ਦਸਦਾ ਹਨ। ਆਪਣਾ ਸੰਬੰਧ ਬੰਦਾ ਸਿੰਘ ਨਾਲ ਦਰਸਾਉਣ ਲਈ ਉਹ ਬੰਦਾ ਸਿੰਘ ਦਾ ਦੂਜਾ ਵਿਆਹ ਹੋਇਆ ਦਸਦੇ ਹੈ। ਉਨ੍ਹਾਂ ਅਨੁਸਾਰ ਬੰਦਾ ਸਿੰਘ ਬਹਾਦੁਰ ਨੂੰ ਸ਼ਹੀਦ ਨਹੀਂ ਕੀਤਾ ਗਿਆ ਸੀ, ਸਗੋਂ ਉਹ ਪਿਛੋਂ ਕਈ ਸਾਲ ਜਿਉਂਦਾ ਰਿਹਾ ਸੀ। ਇਸ ਸਮੇਂ ਉਸ ਨੇ ਇਕ ਹੋਰ ਵਿਆਹ ਕਰ ਲਿਆ ਸੀ। ਇਹ ਦੂਜਾ ਵਿਆਹ ਇਕ ਕਿਸਮ ਦਾ ਗੁਪਤ ਹੀ

SIKHBOOKCLUB.COM

ਸੀ। ਉਹ ਇਸ ਵਿਆਹ ਤੋਂ ਇਕ ਪੁੱਤਰ ਰਣਜੀਤ ਸਿੰਘ ਹੋਇਆ ਵੀ ਦੱਸਦੇ ਹਨ। ਇਉਂ ਉਸ ਡੇਰੇ ਦੇ ਗੱਦੀ-ਨਸ਼ੀਨ ਆਪਣੇ ਆਪ ਨੂੰ ਬੰਦਾ ਸਿੰਘ ਦੀ ਸੰਤਾਨ ਦੱਸਦੇ ਹਨ। ਇਹ ਗੱਲ ਉੱਕਾ ਹੀ ਆਧਾਰਹੀਣ ਅਤੇ ਗਲਤ ਹੈ। ਕਿਸੇ ਵੀ ਭਰੋਸੇਯੋਗ ਲਿਖਤ ਵਿਚ ਬੰਦਾ ਸਿੰਘ ਦਾ ਦੂਜਾ ਵਿਆਹ ਹੋਇਆ ਨਹੀਂ ਦੱਸਿਆ ਗਿਆ। ਸਿਰਫ ਉਨ੍ਹਾਂ ਲਿਖਤਾਂ ਵਿਚ ਹੀ ਇਹ ਗੱਲਾਂ ਲਿਖੀਆਂ ਹੋਈਆਂ ਹਨ ਜਿਹੜੀਆਂ ਬੰਦਾ ਸਿੰਘ ਨੂੰ ਗੁਰੂ ਤੋਂ ਬੇਮੁੱਖ ਹੋਇਆ ਦੱਸਦੀਆਂ ਹਨ। ਬੰਦਾ ਸਿੰਘ ਬਹਾਦੁਰ ਦਾ ਇਕੋ-ਇਕ ਵਿਆਹ ਸੀ। ਇਹ ਸੀ ਚੰਬੇ ਦੀ ਰਾਜਕੁਮਾਰੀ ਨਾਲ। ਇਸ ਵਿਆਹ ਵਿਚੋਂ ਇਕੋ-ਇਕ ਪੁੱਤਰ ਅਜੈ ਸਿੰਘ ਸੀ। ਇਸ ਨੂੰ ਬੰਦਾ ਸਿੰਘ ਬਹਾਦੁਰ ਦੇ ਨਾਲ ਹੀ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਲਈ ਇਸ ਮਹਾਨ ਨੇਤਾ ਦੇ ਪਿੱਛੇ ਕੋਈ ਵੀ ਸੰਤਾਨ ਨਹੀਂ ਸੀ। ਸਿਰਫ ਉਸ ਦੀਆਂ ਬੇਮਿਸਾਲ ਪਰਾਪਤੀਆਂ ਹੀ ਉਸ ਦੀ ਯਾਦ ਸਨ। ਜੰਮੂ-ਰਿਆਸੀ ਵਾਲੇ ਡੇਰੇਦਾਰਾਂ ਨੇ ਇਸ ਮਹਾਨ ਸਿੱਖ ਨੇਤਾ ਨੂੰ ਸਿਰਫ ਸੱਟ ਹੀ ਮਾਰੀ ਹੈ ਅਤੇ ਆਪਣੇ ਇਸ ਮੱਤ ਨਾਲ ਉਹ, ਉਸ ਮਹਾਨ ਨੇਤਾ ਦੀਆ ਪਰਾਪਤੀਆਂ ਅਤੇ ਸ਼ਹਾਦਤ ਨੂੰ ਹੀ ਛੁਟਿਆ ਰਹੇ ਹਨ।

ਅਖੀਰ ਤੇ ਸਿੱਟੇ ਦੇ ਰੂਪ ਵਿਚ ਬੰਦਾ ਸਿੰਘ ਬਹਾਦੁਰ ਬਾਰੇ ਇਹ ਗੱਲ ਬੜੇ ਯਕੀਨ ਅਤੇ ਵਿਸ਼ਵਾਸ ਦੇ ਨਾਲ ਲਿਖੀ ਜਾ ਸਕਦੀ ਹੈ ਕਿ ਬੰਦਾ ਸਿੰਘ ਬਹਾਦੁਰ ਸਿੱਖ ਫਲਸਫੇ ਨੂੰ ਅਮਲੀ ਰੂਪ ਦੇਣ ਵਾਲਾ ਨੇਤਾ ਸੀ। ਗੁਰੂ ਨਾਨਕ ਦੇਵ ਜੀ ਨੇ ਜੋ ਫਲਸਫੇ ਕਾਇਮ ਕੀਤੇ ਸਨ, ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜ ਕੇ ਉਸ ਫਲਸਫੇ ਅਤੇ ਸਿਧਾਂਤ ਨੂੰ ਪਰਚਾਰਨ ਲਈ ਇਕ ਸਪੱਸ਼ਟ ਅਤੇ ਸਿੱਧਾ ਮਾਰਗ ਉਲੀਕ ਦਿੱਤਾ ਸੀ। ਬੰਦਾ ਸਿੰਘ ਬਹਾਦੁਰ ਨੇ ਇਸ ਮਾਰਗ ਤੇ ਚਲਦਿਆਂ ਉਨ੍ਹਾਂ ਟੀਚਿਆਂ ਨੂੰ ਛੂਹ ਲਿਆ ਸੀ ਜਿਨ੍ਹਾਂ ਤੇ ਪਹੁੰਚਣ ਲਈ ਗੁਰੂ ਨਾਨਕ ਸਾਹਿਬ ਨੇ ਆਪਣਾ ਮਿਸ਼ਨ ਸ਼ੁਰੂ ਕੀਤਾ ਸੀ। ਜੋ ਬੀਜ ਗੁਰੂ ਨਾਨਕ ਸਾਹਿਬ ਨੇ ਤਿਆਰ ਕੀਤਾ ਸੀ ਉਸ ਨੂੰ ਬੀਜਿਆ ਗੁਰੂ ਗੋਬਿੰਦ ਸਿੰਘ ਨੇ ਸੀ ਅਤੇ ਇਸ ਦੀ ਰਖਵਾਲੀ ਬੰਦਾ ਸਿੰਘ ਬਹਾਦੁਰ ਨੇ ਕੀਤੀ ਸੀ। ਗੁਰੂ ਗੋਬਿੰਦ ਸਿੰਘ ਇਕ ਸਪਿਰਟ ਸੀ, ਬੰਦਾ ਸਿੰਘ ਇਕ ਸਰੀਰ। ਜਦੋਂ ਗੁਰੂ ਜੀ ਦੀ ਸਪਿਰਟ ਉਸ ਦੇ ਸਰੀਰ ਵਿਚ ਦਾਖਲ ਹੋ ਗਈ ਤਾਂ ਇਹ ਤੂਫਾਨ ਦਾ ਰੂਪ ਧਾਰਨ ਕਰ ਗਈ ਸੀ। ਬੰਦਾ ਸਿੰਘ ਦੀਆਂ ਸਮੁੱਚੀਆ ਕਾਰਵਾਈਆਂ ਦਰਸਾਉਂਦੀਆਂ ਹਨ ਕਿ ਨਾ ਉਸ ਨੂੰ ਲਾਲਚ ਡੁਲਾ ਸਕਦਾ ਸੀ ਅਤੇ ਨਾ ਹੀ ਉਸ ਦੇ ਸਰੀਰ ਨੂੰ ਕੋਈ ਚੀਸ ਹੀ ਮਹਿਸੂਸ ਹੁੰਦੀ ਸੀ। ਉਹ ਆਪਣੇ ਤੜਫਦੇ ਪੁੱਤਰ ਨੂੰ ਵੀ ਆਪਣੀ ਗੋਦ ਵਿਚ ਰੱਖ ਕੇ ਸਹਿ ਸਕਦਾ ਸੀ ਅਤੇ ਆਪਣੇ ਸਰੀਰ ਵਿਚੋਂ ਬੋਟੀ ਬੋਟੀ ਕਰਕੇ ਆਪਣਾ ਮਾਸ ਵੀ ਕੱਢਵਾ ਸਕਦਾ ਸੀ। ਇਸ ਸਭ ਕੁਝ ਨੂੰ ਬਿਆਨ ਕਰਨ ਲਈ ਅਜੇ ਤਕ ਕਿਸੇ ਭਾਸ਼ਾ ਵਿਚ ਸ਼ਬਦ ਨਹੀਂ ਬਣੇ। ਇਸ ਬਾਰੇ ਸਿਰਫ ਰੱਬ ਕੋਲੋਂ ਹੀ ਪੁੱਛਿਆ ਜਾ ਸਕਦਾ ਹੈ ਕਿ ਹੇ ਰੱਬਾ, ਤੂੰ ਹੀ ਦੱਸ ਕਿ ਬੰਦਾ ਸਿੰਘ ਕੀ ਸੀ? ਕੀ ਉਹ ਸਾਡੇ ਵਰਗਾ ਹੀ ਇਕ ਮਨੁੱਖ ਮਾਤਰ ਸੀ ਜਾਂ ਅਰਸੋਂ ਉਤਰੀ ਹੋਈ ਕੋਈ ਅਗੰਮੀ ਸ਼ਕਤੀ ਸੀ। ਸਮਝ ਨਹੀਂ ਆਉਂਦੀ ਕਿ ਇਕ ਮਨੁੱਖ ਮਾਤਰ ਇਤਨੇ ਦੁੱਖਾਂ-ਤਸੀਹਿਆਂ ਤੋਂ ਉਪਰ ਕਿਵੇਂ ਹੋ ਸਕਦਾ ਹੈ? ਬੰਦਾ ਸਿੰਘ ਬਹਾਦੁਰ ਆਪਣੀ ਮਿਸਾਲ ਆਪ ਸੀ।

SIKHBOOKCLUB.COM

ਪੁਸਤਕ ਸੂਚੀ

(ਪੰਜਾਬੀ)

ਅਹਿਮਦ ਸ਼ਾਹ ਬਟਾਲਵੀ, *ਤਾਰੀਖ਼-ਏ-ਪੰਜਾਬ* (ਰਚਨ ਕਾਲ 1824 ਈ., ਅਨੁਵਾਦਕ ਗੁਰਬਖਸ਼ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.

ਅਮਰ ਸਿੰਘ ਗਿਆਨੀ, *ਸਿੱਖ ਇਤਿਹਾਸ* (1968), ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 1998.

ਈਸ਼ਰ ਸਿੰਘ ਨਾਰਾ, ਗਿਆਨੀ, *ਸਫਰਨਾਮਾ ਤੇ ਜਫਰਨਾਮਾ* (ਗੁਰੂ ਗੋਬਿੰਦ ਸਿੰਘ ਸਾਹਿਬ ਜੀ), ਪ੍ਰਕਾਸ਼ਕ ਲੇਖਕ ਖੁਦ, 11/3287, ਦੇਹਲੀ ਗੇਟ, ਦਿੱਲੀ-6, 1971.

ਸਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ* (ਸੰ. ਪਿਆਰਾ ਸਿੰਘ ਪਦਮ), ਕਲਮ ਮੰਦਰ, ਪਟਿਆਲਾ, 1986.

ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼*, ਭਾਗ ਦੂਜਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971.

ਸ਼ਰਧਾ ਰਾਮ ਫਿਲੌਰੀ, *ਸਿੱਖਾਂ ਦੇ ਰਾਜ ਦੀ ਵਿਥਿਆ*, ਲਾਹੌਰ, 1905.

ਸ਼ਿਵ ਬ੍ਰਤ ਲਾਲ, *ਪੰਜਾਬੀ ਸੂਰਮਾ* (ਉਰਦੂ), ਜਿਲਦ ਦੂਜੀ, ਭਾਰਤ ਲਿਟਰੇਚਰ ਕੰ. ਲਿ., ਲਾਹੌਰ, 1919.

ਸੁਖਦਿਆਲ ਸਿੰਘ, *ਬੰਦਾ ਸਿੰਘ ਬਹਾਦੁਰ ਨਾਲ ਸਬੰਧਤ ਲਿਖਤਾਂ ਦਾ ਆਲੋਚਨਾਤਮਕ ਵਿਵੇਚਨ*, ਗੁਰੂ ਨਾਨਕ ਦੇਵ ਮਿਸ਼ਨ, ਸਿਰੀਜ਼, ਪਟਿਆਲਾ, 1994.

ਸੁਖਦਿਆਲ ਸਿੰਘ, *ਪਹਿਲੇ ਖਾਲਸਾ ਰਾਜ ਦੀ ਰਾਜਧਾਨੀ-ਕਿਲ੍ਹਾ ਲੋਹਗੜ੍ਹ*, ਪਟਿਆਲਾ, 2003.

ਸੁਖਦਿਆਲ ਸਿੰਘ, *ਚੱਪੜ-ਚਿੜੀ ਦੀ ਲੜਾਈ*, ਪਟਿਆਲਾ, 2003.

ਸੁਜਾਨ ਰਾਏ ਭੰਡਾਰੀ, *ਖੁਲਾਸਤੁਤ ਤਵਾਰੀਖ਼* (1696-97), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

ਸੁੰਦਰ ਸਿੰਘ ਗਿਆਨੀ, *ਬਾਬਾ ਗੁਰਬਖਸ਼ ਸਿੰਘ ਬੰਦਾ ਬਹਾਦੁਰ*, ਸਿੱਖ ਰਿਲੀਜਸ ਬੁੱਕ ਸੁਸਾਇਟੀ, ਲਾਹੌਰ, ਖਾਲਸਾ ਸੰਮਤ 460.

ਸੋਹਣ ਸਿੰਘ ਸੀਤਲ, *ਬੰਦਾ ਸਿੰਘ ਸ਼ਹੀਦ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1946, 1988 ਅਤੇ 1996.

ਸੰਘੋਲ, (ਸਰਵੇ ਪੁਸਤਕ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1980.

ਸੰਤ ਸਿੰਘ ਸੇਖੋਂ, *ਬੰਦਾ ਬਹਾਦਰ*, (ਨਾਟਕ), ਲਾਹੌਰ ਬੁੱਕ ਸ਼ਾਪ, ਲੁਧਿਆਣਾ, 1985.

ਸੰਤੋਖ ਸਿੰਘ ਭਾਈ, *ਸ੍ਰੀ ਗੁਰ ਪ੍ਰਤਾਪਿ ਸੂਰਜ ਉਦੈ ਗ੍ਰੰਥ* (ਸੰ. ਭਾਈ ਵੀਰ ਸਿੰਘ), *ਖਾਲਸਾ ਸਮਾਚਾਰ*, ਅੰਮ੍ਰਿਤਸਰ, 1926-34.

ਹਰਚੰਦ ਸਿੰਘ ਸਰਹਿੰਦੀ, 'ਸਿੱਖ ਰਾਜ ਦਾ ਬਾਨੀ : ਬਾਬਾ ਬੰਦਾ ਸਿੰਘ ਬਹਾਦੁਰ', *ਖਾਲਸਾ ਸਮਾਚਾਰ*, 103 (47), 17 ਅਕਤੂਬਰ, 2002, ਪੰਨੇ 3-4 ਅਤੇ 8.

————, 'ਬੰਦਾ ਸਿੰਘ ਬਹਾਦੁਰ', *ਸਿੱਖ ਫੁਲਵਾੜੀ*, ਅਕਤੂਬਰ, 2001, ਪੰਨੇ 22-25.

ਕਨ੍ਹੱਈਆ ਲਾਲ, ਰਾਏ ਬਹਾਦੁਰ ਲਾਲਾ, *ਤਾਰੀਖ਼-ਏ-ਪੰਜਾਬ*, ਵਿਕਟੋਰੀਆ ਪਰੈਸ, ਲਾਹੌਰ, 1881 (ਉਰਦੂ).

ਕਨ੍ਹੱਈਆ ਲਾਲ, *ਤਾਰੀਖ਼-ਏ-ਪੰਜਾਬ* (ਪੰਜਾਬੀ ਤਰਜਮਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.

ਕਪੂਰ ਸਿੰਘ, ਸਿਰਦਾਰ, *ਸਾਚੀ ਸਾਖੀ*, ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, 1993, 1996.

ਕਰਤਾਰ ਸਿੰਘ ਗਿਆਨੀ, *ਨਿਰਭੈ ਯੋਧਾ* (ਬੰਦਾ ਸਿੰਘ ਬਹਾਦੁਰ), ਅੰਮ੍ਰਿਤਸਰ, 1930.

ਕਰਮ ਸਿੰਘ ਹਿਸਟੋਰੀਅਨ, *ਬੰਦਾ ਕੌਣ ਥਾ*, ਅਕਾਲੀ ਅਜੈਂਸੀ, ਅੰਮ੍ਰਿਤਸਰ, 1907 (ਉਰਦੂ).

ਕਰਮ ਸਿੰਘ ਹਿਸਟੋਰੀਅਨ, *ਜੀਵਨ ਬ੍ਰਿਤਾਂਤ ਬਾਬਾ ਬੰਦਾ ਬਹਾਦੁਰ*, ਅਰਥਾਤ *ਬੰਦਾ ਬਹਾਦੁਰ ਕੌਣ ਥਾ?* ਅੰਮ੍ਰਿਤਸਰ, 1907.

ਕਾਨ੍ਹ ਸਿੰਘ ਨਾਭਾ, ਭਾਈ, *ਗੁਰ ਸ਼ਬਦ ਰਤਨਾਕਰ, ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1960. ਅਤੇ 1990

ਕੇਸਰ ਸਿੰਘ ਛਿੱਬਰ, 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ', (ਸੰ. ਡਾ. ਰਤਨ ਸਿੰਘ ਜੱਗੀ) ਵਿਚ *ਪਰਖ*, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972.

ਕੋਇਰ ਸਿੰਘ, *ਗਰਬਿਲਾਸ, ਪਾਤਸ਼ਾਹੀ 10*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.

ਕੌਰ ਸਿੰਘ, ਅਕਾਲੀ-ਨਿਹੰਗ, *ਹਜੂਰੀ ਸਾਖੀ ਤਖ਼ਤ ਸੱਚ ਖੰਡ ਸ੍ਰੀ ਅਬਚਲ ਨਗਰ ਹਜੂਰ ਸਾਹਿਬ ਜੀ ਦੇ ਜਿੰਮੇਵਾਰ ਕਾਰਕੁਨ ਆਦਿ ਚੱਕਾਰ*, ਕਸ਼ਮੀਰ, 1934.

ਗਯਾਨ ਸਿੰਘ ਗਯਾਨੀ, *ਸ੍ਰੀ ਗੁਰੂ ਪੰਥ ਪ੍ਰਕਾਸ਼* (ਪੱਥਰ ਛਾਪ ਦੂਜੀ), ਅੰਮ੍ਰਿਤਸਰ, 1889 ਈ.

SIKHBOOKCLUB.COM

————————, *ਤਵਾਰੀਖ ਗੁਰੂ ਖਾਲਸਾ* (ਪੱਥਰ ਛਾਪ ਪਹਿਲੀ), ਸਿਆਲਕੋਟ, 1891 ਈ.
————————, *ਤਵਾਰੀਖ ਸਮਸ਼ੇਰ ਖਾਲਸਾ* (ਪੱਥਰ ਛਾਪ, ਪਹਿਲੀ), ਸਿਆਲਕੋਟ, 1891 ਈ.
ਗਰਜਾ ਸਿੰਘ, ਗਿਆਨੀ, (ਸੰ.), *ਸ਼ਹੀਦ ਬਿਲਾਸ ਭਾਈ ਮਨੀ ਸਿੰਘ*, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1961.
ਗਰੇਵਾਲ, ਜੇ.ਐਸ., *ਖਾਲਸਾ : ਇਤਿਹਾਸ ਅਤੇ ਵਿਚਾਰਧਾਰਾ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2002.
ਗੁਰਚਰਨ ਸਿੰਘ, ਵਿਦਿਆ ਸਾਗਰ ਸੂਰੀ, *ਪੀਰ ਬੁੱਧੂ ਸ਼ਾਹ*, ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ, 1966.
ਗੁਰਬਖਸ਼ ਸਿੰਘ, *ਬੰਦਾ ਬਹਾਦੁਰ*, ਸਿੱਖ ਰਿਲੀਜਸ ਬੁੱਕ ਸੁਸਾਇਟੀ, ਲਾਹੌਰ, 1912.
ਗੋਵਿੰਦ ਸਿੰਘ, ਨਿਰਮਲ ਉਦਾਸੀ, *ਇਤਿਹਾਸ ਗੁਰੂ ਖਾਲਸਾ*, (1925 ਈ.) ਸੰਪਾਦਕ ਪ੍ਰਿਥੀਪਾਲ ਸਿੰਘ ਕਪੂਰ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1991, 2000.
ਗੰਡਾ ਸਿੰਘ, *ਬੰਦਾ ਬਹਾਦੁਰ, ਤਜ਼ਕਿਰਾ-ਏ-ਬਾਬਾ ਬੰਦਾ ਸਿੰਘ ਸ਼ਹੀਦ* (ਅੰਗਰੇਜ਼ੀ ਦੀ ਲਿਖਤ ਤੋਂ ਉਰਦੂ ਵਿਚ ਕੀਤਾ ਗਿਆ ਤਰਜਮਾ), ਸਿੱਖ ਯੂਥ ਲੀਗ, ਅੰਮ੍ਰਿਤਸਰ, 1934.
ਗੰਡਾ ਸਿੰਘ, *ਗੁਰੂ ਗੋਬਿੰਦ ਸਿੰਘ ਕਾ ਦੱਖਣ ਕਾ ਸਫ਼ਰ*, ਅੰਮ੍ਰਿਤਸਰ, 1937 (ਉਰਦੂ).
ਗੰਡਾ ਸਿੰਘ, 'ਬੰਦਾ ਸਿੰਘ ਬਹਾਦੁਰ ਕੇ ਮੁਤੱਲਕ ਚੰਦ ਏਕ ਅਹਿਮ ਬਾਤੇਂ' (ਉਰਦੂ), ਸ਼ੇਰੇ ਪੰਜਾਬ, ਲਾਹੌਰ, ਜਨਵਰੀ 30, 1944.
ਗੰਡਾ ਸਿੰਘ, '*ਬੰਦਾ ਬਹਾਦੁਰ ਦਾ ਅਸਲੀ ਨਾਮ ਬੰਦਾ ਸਿੰਘ ਸੀ ਗੁਰਬਖਸ਼ ਸਿੰਘ ਨਹੀਂ*' ਪਰਭਾਤ (ਰੋਜ਼ਾਨਾ), ਅੰਮ੍ਰਿਤਸਰ, 1936 ਅਤੇ *ਅਕਾਲੀ ਪੱਤ੍ਰਕਾ*, ਜੁਲਾਈ 12, 1936.
ਗੰਡਾ ਸਿੰਘ, *ਸਿੱਖ ਇਤਿਹਾਸ ਬਾਰੇ*, ਲਾਹੌਰ, 1942.
ਗੰਡਾ ਸਿੰਘ, *ਸਿੱਖ ਇਤਿਹਾਸ ਵੱਲ*, ਪੰਜ ਦਰਿਆ, ਲਾਹੌਰ, 1946.
ਗੰਡਾ ਸਿੰਘ, *ਬੰਦਾ ਸਿੰਘ ਬਹਾਦੁਰ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990.
ਜੋਗਿੰਦਰ ਸਿੰਘ, 'ਲੋਕ ਪੱਖੀ ਸਿੱਖ ਰਾਜ ਦੀ ਨੀਂਹ ਰੱਖਣ ਵਾਲਾ ਅਤੇ ਖਾਲਸਾਈ ਸਿੱਕਾ ਜਾਰੀ ਕਰਨ ਵਾਲਾ', *ਸਪੋਕਸਮੈਨ*, 9(10), ਅਕਤੂਬਰ, 2002, ਪੰਨੇ 31-34.
ਜੋਗਿੰਦਰ ਸਿੰਘ, 'ਸੁਦੇਸ਼ੀ ਲੋਕ ਰਾਜ ਦੀ ਨੀਂਹ ਰੱਖੀ ਬਾਬਾ ਬੰਦਾ ਸਿੰਘ ਬਹਾਦੁਰ ਨੇ' *ਸੱਚਖੰਡ ਪੱਤਰ*, 29(2), ਨਵੰਬਰ, 2002, ਪੰਨੇ 12-17.
ਤੇਜਾ ਸਿੰਘ ਗੰਡਾ ਸਿੰਘ, *ਸਿੱਖ ਇਤਿਹਾਸ : 1469-1765*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.
ਦੌਲਤ ਰਾਏ, *ਸ਼ਹੀਦ-ਉਲ-ਖਾਲਸਾ ਬੰਦਾ ਬਹਾਦੁਰ* (ਉਰਦੂ), ਜ.ਸ. ਸੰਤ ਸਿੰਘ ਐਂਡ ਸੰਨਜ਼, ਲਾਹੌਰ (ਮਿਤੀ ਨਹੀਂ)
ਨਾਹਰ ਸਿੰਘ ਗਿਆਨੀ, 'ਸ੍ਰੀ ਹਜ਼ੂਰ ਸਾਹਿਬ ਨਾਂਦੇੜ', *ਅਸਲੀ ਕੌਮੀ ਦਰਦ*, ਲਾਹੌਰ, ਅਕਤੂਬਰ, 1928.
————————, 'ਸਰਹਿੰਦ', *ਅਸਲੀ ਕੌਮੀ ਦਰਦ*, ਲਾਹੌਰ, ਅਗਸਤ 29, ਸਤੰਬਰ, 10, ਦਿਸੰਬਰ 31, 1928.
ਨਿਹਾਲ ਗੁਰਮੁਖ ਸਿੰਘ ਬਾਵਾ, *ਖੁਰਸ਼ੀਦ ਖਾਲਸਾ* (ਉਰਦੂ), ਲਾਹੌਰ ਅਤੇ ਜਲੰਧਰ, 1892.
ਪਿਆਰਾ ਸਿੰਘ ਪਦਮ (ਸੰ.), *ਪ੍ਰਾਚੀਨ ਸੌ ਸਾਖੀ* (ਗੁਰ ਰਤਨਮਾਲ), ਕਲਮ ਮੰਦਰ, ਪਟਿਆਲਾ, 1983.
ਮੱਲ ਸਿੰਘ, 'ਬਾਬਾ ਬੰਦਾ ਸਿੰਘ ਬਹਾਦੁਰ ਬਨਾਮ ਬੰਦਾ ਬੈਰਾਗੀ', *ਗੁਰਮਤਿ ਪ੍ਰਕਾਸ਼*, 46(9), ਦਸੰਬਰ, 2002, ਪੰਨੇ 39-43.
ਮਾਖ਼ਜ਼ਿ-ਤਵਾਰੀਖ਼-ਏ-ਸਿੱਖਾਂ (ਸੰ. ਗੰਡਾ ਸਿੰਘ), ਖਾਲਸਾ ਕਾਲਜ, ਅੰਮ੍ਰਿਤਸਰ, 1949.
ਮਜੂਮਦਾਰ, ਆਰ.ਸੀ., ਐਚ.ਸੀ. ਚੌਧਰੀ ਕੇ.ਕੇ. ਚੌਧਰੀ ਅਤੇ ਕੇ.ਕੇ. ਦੱਤ, *ਭਾਰਤ ਦਾ ਬ੍ਰਿਹਤ ਇਤਿਹਾਸ*, ਭਾਗ ਦੂਜਾ, (ਪੰਜਾਬੀ ਤਰਜਮਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.
ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼*, (ਸੰਪਾਦਿਤ ਭਾਈ ਵੀਰ ਸਿੰਘ), ਖਾਲਸਾ ਸਮਾਚਾਰ, ਅੰਮ੍ਰਿਤਸਰ, 1962 ਅਤੇ ਸੰਪਾਦਿਤ ਡਾ. ਜੀਤ ਸਿੰਘ ਸੀਤਲ, ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1981.
ਰਾਏ ਕਾਲੀ ਰਾਏ ਸਾਹਿਬ ਤੇ ਮੁਨਸ਼ੀ ਤੁਲਸੀ ਰਾਮ, *ਪੰਜਾਬ ਦੀ ਸੈਰ*, (1849 ਈ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.
ਰਾਧਾ ਕਿਸ਼ਨ, *ਗੌਸਾ-ਏ-ਪੰਜਾਬ*, ਪੰਜਾਬੀ ਪਰੈਸ, ਲਾਹੌਰ, 1861 (ਉਰਦੂ)
ਰਾਮ ਕਿਸ਼ਨ, ਹਕੀਮ, *ਜਨਮ ਸਾਖੀ ਗੁਰੂ ਗੋਬਿੰਦ ਸਿੰਘ ਜੀ ਕੀ* (ਉਰਦੂ), ਪ੍ਰਕਾਸ਼ ਸਟੀਮ ਪ੍ਰੈਸ, ਲਾਹੌਰ, 1919.
ਵਾਸਦੇਵ ਸਿੰਘ, 'ਸ਼ਹੀਦ ਬੰਦਾ ਸਿੰਘ ਬਹਾਦੁਰ', *ਸਿੱਖ ਵਿਰਸਾ*, 7(83), ਨਵੰਬਰ 2002, ਪੰਨੇ 25-26.

SIKHBOOKCLUB.COM

(English)

'Akhbar-i-Darbar-i-Mualla', (English translation by Dr. Bhagat Singh) in *The Panjab Past and Present,* Punjabi University, Patiala, October, 1984.

Attar Singh, *Sakhi Book* (an English translation of Sakhi Pothi, a description of the travels of Guru Tegh Bahadur and Guru Gobind Singh in Malwa alone in the later half of 19th century), Benares, 1893.

Baba Banda Singh Bahadur, Dharam Parchar Committee, Amritsar, 1996.

Banerjee, Indubhusan, *The Evolution of the Khalsa,* Volume II, Calcutta, 1947.

Bingley, A.H., *The Sikhs* (Handbook for Indian Army), Calcutta, 1918.

Cunningham Alexander, *Ancient Geography of India,* Calcutta, 1924.

Cunnigham, J.D., *A History of the Sikhs,* New Delhi, 1985.

Daljit Singh Kharak Singh (eds.), *Sikhism: Its Philosophy And History,* Institute of Sikh Studies, Chandigarh, 1997.

Deol, G.S., *Banda Bahadur,* Jullunder, 1976.

Elliot and Dowson, *History of India As told by its own Historians* (English transaltion of Persian writings), Vol. II, III and VIII, Allahabad, 1964.

Elphinstone, M., *History of India,* London, 1894.

Fauja Singh (ed.), *Historians And Historiography of the Sikhs,* New Delhi, 1978.

Fauja Singh (ed.) *Sirhind Through The Ages,* Punjabi University, Patiala, 1984.

Ganda Singh, 'Banda Singh Bahadur, A Baptised Sikh', *The Sikh Review,* Calcutta, April, 1961.

Ganda Singh, 'Banda Singh Bahadur - The First Liberator of the Punjab', *The Spokesman,* Delhi, November 13, 1970, pp 21-22.

Ganda Singh, *Tezkirah-i-Baba Banda Singh Shahid* (Urdu Translation of Ganda Singh's English work by Professor Mohan Singh), Sikh Youth League, Amritsar, June, 1934.

Ganda Singh, *A Short life-sketch of Banda Singh, the Martyr popularly known as Banda Bahadur,* Khalsa College, Amritsar, 1934.

Ganda Singh, *Baba Banda Bahadur : His Life and Achievements and the Place of his Execution,* Sarhind Historical Society, Sarhind, 1976.

Ganda Singh, *Life of Banda Singh Bahadur,* Khalsa College, Amrtisar, 1935.

Ganda Singh (ed.) *Early Eruopean Accounts of the Sikhs,* Calcutta, 1962.

Ganda Singh, 'Guru Gobind Singh - Last phase' *in The Tenth Master Commemoration Volume,* Guru Gobind Singh Foundation, Chandigarh, 1967.

Gopal Singh Dardi, *A History of the Sikh People; 1469-1978,* World Sikh University Press, New Delhi, 1979.

Gordon, John, J.H., *The Sikhs* (London, 1904), Language Department, Patiala, 1970.

Grewal, J.S., *The New Cambridge History of India : The Sikhs of the Punjab,* Cambridge University, Press, Cambridge, 1990./

Grewal, J.S. and Bal, S.S., *Guru Gobind Singh : A Biographical Study,* Panjab University, Chandigarh, 1967.

Gulam Hussain, Munshi, 'Siyar-ul-Mutakherin' (English Translation) by Briggs John, *The Siyar-ul-Mutakherin,* Allahabad, 1924.

Himadari Banerjee, *The Other Sikhs : A View from Eastern India,* Vol. I, Manohar Lal, New Delhi, 2003.

Hutchison and Vogel, *History of the Punjab Hill States,* Lahore, 1933.

Ibbetson, Sir Denzil (and others), *A glossary of the Tribs and Castes of the Punjab and NWEP,* Lahore, 1919.

SIKHBOOKCLUB.COM

Irwin, William, *Later Mughals,* Vol. I, Calcutta, 1922.
Kartar Singh, *Life of Guru Gobind Singh,* Lahore Book Shop, Ludhiana, 1951.
Keen, H.G., *The Fall of The Mughal Empire,* London, 1887.
Khazan Singh, *History and Philosophy of Sikh Religion,* Lahore, 1914.
Khilnani, N.M., *Rise of The Sikh Power in Punjab,* Independent Publishing Co., Delhi, 1990.
Khushwant Singh, *A History of The Sikhs,* Vol. I, Oxford India Paperbacks, Oxford, 1999.
Lakshman Singh, Bhagat, *A Short Sketch of the Life and work of Guru Gobind Singh,* Lahore, 1909.
Latif, Syad Muhammad, *History of the Panjab,* Calcutta, 1891.
Macauliffe, *The Sikh Religion,* Vol. V+VI, Satvic Media Ltd., Amritsar, 2000.
Malcolm, *Sketch of the Sikhs* (1812), Reprinted by Vinay Publication, Chandigarh, 1981.
Manmohan Singh, *History of Mandi State,* Lahore, 1930.
M'Gregor, W.L., *The History of The Sikhs,* Vol.I (First London 1846), R.S. Publishing House, Allahabad, 1979 (reprint).
McLeod, W.H., *Sikhs and Sikhism,* Oxford University, Press, 1999.
Muzaffar Alam, *The Crisis of Empire in Mughal North India,* Oxford India Paperbacks, 2002.
Nahar Singh, *Studies in the History of the Sikhs : The Struggle for Breath, 1710-53,* The Modern Press, Lahore, 1935.
Narang, G.C., *Transformation of Sikhism,* Lahore, 1912.
Owen Cole, W. and Piara Singh Sambhi, *The Sikhs: Their Religious Beliefs and Practices,* Vikas Publishing House, New Delhi, 1975.
Patiala And Its Historical Surroundings, A Souvenir of 29th Indian History Congress, Punjabi University, Patiala, 1967.
Patwant Singh, *The Sikhs,* Harper Collins Publishers India, New Delhi, 1999.
Payne, C.H., *A Short History of The Sikhs,* London (n.d.)
R.N. Singh (ed.) *Encyclopaedia of Sikh Heritage: Conception and Transformation of Sikh Politics,* Vol. II, Common Wealth Publishers, New Delhi, 2002.
Rose, H.A. (ed.), *A Glossary of The Castes and Tribes of the Panjab,* 3 Vol., Lahore, 1919..
Ross David, *The Land of The Five Rivers,* London, 1893.
Scott, G.B., *Religion and Short History of the Sikhs,* London, 1930.
Sinha, N.K., *Rise of The Sikh Power;* Calcutta, 1936.
Sohan Singh Seetal, *Banda The Brave,* Lahore, 1915.
Steinbech, Lt. Col., *The Punjab being a Brief Account of The Country of The Sikhs,* London, 1846.
Sukhdial Singh, *Historical Analysis of Giani Gian Singh's Writings,* UICS (P) Ltd., Jalandhar, 1996.
Teja Singh Ganda Singh, *A Short History of The Sikhs : 1469-1765,* Punjabi University, Patiala, 1999.
Wheelar, T.T., *Early Records of British India,* London, 1812.
Wilson, C.R., *The Early Annals of The British in Bengal,* Vol. II, Calcutta, 1900.
Williams, C.R., *The Sikhs in the Upper Doab,* Calcutta Review, 1875.
Wolsely Haig, Sir, *The Cambridge History of India,* S. Chand and Co., Delhi, 1957.

SIKHBOOKCLUB.COM

ਪੁਸਤਕ ਵਿਚ ਆਏ ਨਾਵਾਂ ਅਤੇ ਥਾਵਾਂ ਦੀ ਸੂਚੀ

ਨਾਮ	ਪੰਨਾ
ਉਸਮਾਨ ਖਾਨ	29, 30, 69
ਉਜਬੇਕ	36
ਉਦਿੱਤ ਸਿੰਘ ਬੁੰਦੇਲਾ	68, 74, 76, 79, 96
ਅਸਫੰਦ ਯਾਰ	73
ਅਸਲਮ ਖਾਨ	60, 61
ਅਹਿਮਦ ਸ਼ਾਹ ਬਟਾਲਵੀ	2, 14, 15
ਅਕਬਰ	36, 37, 38
ਅਕਾਲੀ ਕੌਰ ਸਿੰਘ	18
ਅਜੀਤ ਸਿੰਘ ਜੋਧਪੁਰੀਆ	88
ਅਜੀਤ ਸਿੰਘ ਰਾਠੌੜ (ਰਾਜਾ)	64, 66
ਅਜੀਤ ਸਿੰਘ (ਸਾਹਿਬਜ਼ਾਦਾ)	9, 65, 81, 82, 89, 93, 99, 100
ਅਜੈ ਸਿੰਘ	98, 104, 122
ਅਨੂਪ ਕੌਰ	52
ਅਬਦੁਸ ਸਮੱਦ ਖਾਨ	81, 91, 92, 93, 96, 97, 98, 102, 103, 107
ਅਬਦੁਲ ਹਮੀਦ ਲਾਹੌਰੀ	38
ਅਬਦੁਲ ਮੁਕਾਰਮ	92, 95
ਅਬਦੁੱਲਾ ਖਾਨ	64
ਅਬਦੁੱਲਾ ਵਾਸਿਫ	24, 27
ਅਬੂ ਮੁਹੰਮਦ ਖਾਨ	57
ਅਜ਼ੀਮ-ਉ-ਸ਼ਾਨ	68, 74, 77, 82, 90, 114
ਅਨੋਖ ਰਾਏ	96
ਅਮਰਦਾਸ ਜੀ (ਗੁਰੂ)	1, 13
ਅਮਰ ਸਿੰਘ (ਮਹਾਰਾਜਾ)	28
ਅਮਰ ਸਿੰਘ	57, 58
ਅਮੀਰ-ਉਲ-ਉਮਰਾ	79, 91
ਅਰਜਨ ਦੇਵ ਜੀ (ਗੁਰੂ)	38, 40
ਅਰਧਸੀਰ ਬਾਬਾਜਿਨ	32
ਅਲਤਮਸ਼	33
ਅਲਪਤਿਜਿਨ	32
ਅਲ ਬੈਰੂਨੀ	32
ਅਲੀ ਕੁਲੀ ਖਾਨ	25, 34, 88
ਅਲੀ ਮੁਹੰਮਦ ਖਾਨ	56, 63
ਅਲੈਗਜੈਂਡਰ ਰੌਗਰਜ	37
ਅੰਗਦ ਦੇਵ ਜੀ (ਗੁਰੂ)	1
ਆਸਫ਼-ਉ-ਦੌਲਾ ਅਸਦ ਖਾਨ	64
ਆਜ਼ੀਮ (ਮੁਅੱਜ਼ਮ)	17
ਆਮੀਨ	39

SIKHBOOKCLUB.COM

ਆਰ.ਸੀ. ਮਜੂਮਦਾਰ	33, 34, 36
ਆਲਾ ਸਿੰਘ (ਬਾਬਾ)	28, 32, 48
ਆਲੀ ਸਿੰਘ ਤੇ ਮਾਲੀ ਸਿੰਘ	20, 41, 45, 50, 54
ਐਸ.ਆਰ. ਸ਼ਰਮਾ	40
ਐਚ.ਏ. ਰੋਜ਼	70
ਐਡਵਰਡ ਸਟੀਫਨਸਨ	14, 15, 105, 106
ਐਡਵਰਡ ਮੈਕਲਾਗਨ	70
ਐਨੇਟੇ ਸੁਸਾਨ ਨਾਥ	50
ਐਮ. ਗਰੈਗਰ	14, 16, 116
ਔਰੰਗਜ਼ੇਬ	17, 40, 42, 90, 91, 114, 115
ਇਸਲਾਮ ਖਾਨ	68, 74, 76, 79
ਇਹਤਮਾਦੁ-ਉਦ-ਦੌਲਾ ਮੁਹੰਮਦ ਅਮੀਨ ਖਾਨ	91, 96, 103
ਇਨਾਮ ਖਾਨ	91, 92
ਇਮਤਿਆਜ਼ ਖਾਨ (ਹਰਕਾਰਿਆਂ ਦਾ ਮੁੱਖੀ)	92
ਇਨਾਇਤ ਖਾਨ	81
ਇਬਰਾਹੀਮ ਖਾਨ ਮੀਰ-ਆਤਸ਼	104, 109
ਇਰਾਦਤ ਖਾਨ	7, 64
ਇਰਾਦਤਮੰਦ ਖਾਨ	96, 97
ਈਸਾ ਖਾਂ ਮੰਝ	67, 87, 88
ਈਸ਼ਵਰੀ ਪਰਸ਼ਾਦ	35, 36
ਈਲੀਅਟ ਐਂਡ ਡਾਊਸਨ	24, 27, 30, 36, 40, 47, 53, 68, 106
ਸਤੀ ਦਾਸ	17
ਸਫ-ਸ਼ਿਕਨ ਖਾਨ ਬਹਾਦੁਰ	85
ਸਮਸ਼ੇਰ ਸਿੰਘ ਅਸ਼ੋਕ	11
ਸਰਦਾਰ ਖਾਨ	58, 64
ਸਰੂਪ ਦਾਸ ਭੱਲਾ	10, 11,, 13, 17, 46, 107, 108, 111
ਸਰਫਰਾਜ ਖਾਨ	86
ਸਰਬਰਾਹ ਖਾਨ (ਕੋਤਵਾਲ)	20, 81, 82, 88, 104, 109
ਸ਼ਰਧਾ ਰਾਮ ਫਿਲੌਰੀ	14
ਸਲਾਮ ਰਾਏ	37
ਸਲੇਮ ਸ਼ਾਹ	69
ਸ਼ਾਹ ਅਬਦੁਲ ਹਮੀਦ	29
ਸ਼ਾਹ ਅਬਦੁਲ ਵਹਾਬ	29
ਸਾਹਿਬ ਕੌਰ	2
ਸ਼ਾਹ ਜਹਾਨ (ਬਾਦਸ਼ਾਹ)	38, 39, 40, 56, 69, 81
ਸ਼ਾਹਦਾਦ ਖਾਨ	84
ਸ਼ਾਕਰ ਖਾਨ	64
ਸ਼ਾਮ ਸਿੰਘ	45
ਸਾਸ਼ਲ ਬੇਗ	24
ਸ਼ਿਕਾਰ ਖਾਨ	57
ਸਿਕੰਦਰ ਸੂਰ	35

SIKHBOOKCLUB.COM

ਸਿਕੰਦਰ ਲੋਧੀ 34
ਸਿਰਾਜੁਦੀਨ ਅਲੀ ਖਾਨ 64
ਸਿਰੀ ਚੰਦ (ਬਾਬਾ) 10
ਸ਼ਿਵ ਜੀ ਮਹਾਰਾਜ 27
ਸੀ.ਐਚ. ਪੈਨ 14, 16
ਸੁਹਰਾਬ ਖਾਨ 96, 97
ਸੁੱਚਾ ਨੰਦ 41, 47, 50
ਸੁੱਚਾ ਨੰਦ ਸਰਹੰਦੀ 75
ਸੁਜਾਨ ਰਾਏ ਭੰਡਾਰੀ 69, 80
ਸੁੱਡਲ ਸਿੰਘ 45
ਸੁੰਦਰੀ ਜੀ 5, 9, 12, 13, 65, 81, 89, 93, 99
ਸੁਬਕਤਿਜਿਨ 32
ਸੁਲਤਾਨ ਹਾਫਿਜ਼ ਰੱਖਣਾ 36
ਸੁਲਤਾਨ ਅਲਾਉਦੀਨ ਖਿਲਜੀ 24
ਸੁਲਤਾਨ ਕੁਲੀ ਖਾਨ 64
ਸੁਲਤਾਨ ਖਿਜ਼ਰ ਖਾਨ 29
ਸੁਲਤਾਨ ਗਿਆਸੂਦੀਨ ਬਲਬਨ 24, 33
ਸੂਦ 37
ਸੂਦਾਸ 27
ਸੂਰਜਮੁਖੀ 32
ਸ਼ੇਖ ਅਹਿਮਦ ਸੈਖੁਲ ਹਿੰਦ 86
ਸ਼ੇਖ ਅਹਿਮਦ ਸਰਹਿੰਦੀ 38, 40, 50
ਸ਼ੇਖ ਅੱਲਾਯਾਰ ਦਰਵੇਸ਼ 88
ਸ਼ੇਖ ਸੁਲਤਾਨ 38
ਸ਼ੇਖ ਮੁਹੰਮਦ ਅਫ਼ਜਲ 57
ਸ਼ੇਰ ਮੁਹੰਮਦ ਖਾਨ 43, 52
ਸ਼ੇਖ ਨਿਜ਼ਾਮੁਦੀਨ 29
ਸ਼ੇਰ ਸ਼ਾਹ ਸੂਰੀ 27, 34, 35, 69
ਸ਼ੇਰ ਖਾਨ 24
ਸੈਫੂਦੀਨ ਖਾਨ 64
ਸੈਰੰਦਾ 32
ਸੋਹਣ ਸਿੰਘ ਸੀਤਲ 13, 69, 71
ਸੰਤ ਸਿੰਘ ਸੇਖੋਂ 111
ਸੰਤੋਖ ਸਿੰਘ (ਭਾਈ) 12
ਸੰਤੋਖ ਰਾਏ 96
ਸੱਜਣ ਠੱਗ 1
ਸੱਮਸ਼ ਖਾਨ 62, 63, 67, 84, 85
ਸੱਯਦ ਅਮਾਨ ਉੱਲਾ 28
ਸੱਯਦ ਹਾਫੀਜ਼ ਅਲੀ ਖਾਨ 97
ਸੱਯਦ ਮੁਹੰਮਦ 104
ਸੱਯਦ ਮੁਹੰਮਦ ਫਜ਼ਲਦੀਨ ਕਾਦਰੀ 86

SIKHBOOKCLUB.COM

ਹਸਨ ਨਿਆਜ਼ੀ	27
ਹਮਾਯੂੰ	34, 35, 36
ਹਮੀਦ ਖਾਂ	56
ਹਮੀਦੁ-ਦੀਨ ਖਾਨ	68, 74, 79, 81
ਹਮੀਰ ਚੰਦ ਕਟੋਚੀਆ (ਰਾਜਾ)	97
ਹਰ ਸਹਾਇ (ਚੌਧਰੀ)	60, 61
ਹਰਦਿਆਲ ਸਿੰਘ	30
ਹਰਦੇਵ ਜਸਰੋਟੀਆ	97
ਹਰਮਿੰਦਰ ਸਿੰਘ ਕੋਹਲੀ	15
ਹਰੀ ਰਾਮ ਗੁਪਤਾ	4, 13, 14, 71
ਹਯਾਤ ਖਾਨ	72
ਹਾਜੀ ਕਮਲ ਬਖਸ਼ੀ ਅਬਦੁੱਲ ਸਮੱਦ ਖਾਨ	93
ਹਾਮਦ ਖਾਨ	85
ਹਿਊਨਸਾਂਗ	32
ਹਿਦਾਇਤ ਉਲਾ ਖਾਨ	73, 86
ਹਿਦਾਇਤ ਕੇਸ	55, 58
ਹਿੰਮਤ ਦਲੇਰ ਖਾਨ	85
ਹੀਰਾ ਚੰਦ	20
ਹੁਸੈਨ ਅਲੀ ਖਾਨ	76
ਹੇਮੂੰ	36
ਹੋਸ਼ਦਾਰ ਖਾਨ (ਫੌਜ਼ਦਾਰ)	88
ਕਨ੍ਹੱਈਆ ਲਾਲ	15, 96, 98, 100
ਕਨਿਸ਼ਕ	32
ਕਨਿੰਘਮ	16, 32, 103, 109
ਕਪੂਰ ਸਿੰਘ	38
ਕਮਰੂਦੀਨ ਖਾਨ	96
ਕਮਾਲ ਖਾਨ	73
ਕਰਮ ਸਿੰਘ ਹਿਸਟੋਰੀਅਨ	2, 4, 7, 13, 14, 25, 26, 29, 44, 48, 69, 112, 113, 114
ਕਰਮ ਸਿੰਘ (ਭਾਈ)	20, 45
ਕਰੋੜੀ ਮੀਰ ਅਲੀ ਅਕਬਰ	39
ਕਾਨ੍ਹ ਸਿੰਘ ਨਾਭਾ	24, 28, 41, 72
ਕਾਮਬਖਸ਼	18, 66
ਕੁਤਬ-ਦੀਨ-ਐਬਕ	27
ਕੁਤੁਬੁਦੀਨ ਖਾਨ	84
ਕੁਲੀਚ ਮੁਹੰਮਦ ਖਾਨ ਬਹਾਦੁਰ	76
ਕਿਸ਼ਨ ਦਾਸ	52
ਕਿਸ਼ੋਰ ਸਿੰਘ	58
ਕੇਸਰ ਸਿੰਘ ਛਿੱਬਰ	2, 8, 9, 10, 13, 17, 19, 20, 49, 50, 51, 60, 108, 109, 115
ਕੇਸ਼ੋ ਦਾਸ ਹਰਕਾਰਾ	92
ਕੇਸ਼ੋ ਰਾਏ	86
ਕੋਇਰ ਸਿੰਘ	11, 12, 13, 18, 111

SIKHBOOKCLUB.COM

ਖ਼ਜ਼ਾਨ ਸਿੰਘ 10
ਖਵਾਜਾ ਕੁਤਬ-ਉ-ਦੀਨ 104, 106, 109
ਖਵਾਜਾ ਬਾਕੀ ਬਿੱਲਾ 38
ਖਵਾਸ਼ ਖਾਨ 35
ਖਵਾਜਾ ਵੈਸੀ 37
ਖ਼ਾਫੀ ਖਾਨ 7, 20, 30, 40, 46, 47, 48, 53, 62, 68, 73, 74, 75, 77, 78, 80, 97, 100, 105, 106, 108, 109
ਖਾਨ ਬਹਾਦੁਰ ਰੁਸਤਮ ਜੰਗ 81, 85
ਖਾਨ ਦੌਰਾਨ 64
ਖਾਨ ਜਹਾਨ 64
ਖਾਨ ਜਮਾਨ 68, 74, 76
ਖਾਨ ਮੁਹੰਮਦ 30
ਖੁਆਜਾ ਅਹਿਰਾਰ 91
ਖੁਸਰੋ 37
ਖੁਸ਼ਹਾਲ ਚੰਦ 7
ਖੁਸ਼ਵੰਤ ਸਿੰਘ 71, 72
ਖਿਜ਼ਰ ਖਾਨ 43
ਖ਼ੈਰ-ਉਲ-ਨਿਸ਼ਾ 51
ਗਣੇਸ਼ ਦਾਸ ਬਡੇਹਰਾ 49
ਗਯਾਨ ਸਿੰਘ (ਗਿਆਨੀ) 4, 8, 9, 12, 13, 18, 76, 99, 112
ਗਯਾਨ ਸਿੰਘ 41
ਗਰਜਾ ਸਿੰਘ (ਗਿਆਨੀ) 94
ਗਿਆਨ ਚੰਦ 79
ਗੁਜਰੀ ਜੀ 40, 41, 50
ਗੁੱਜ਼ਰ 56, 58
ਗੁਰਦੇਵ ਸਿੰਘ ਦਿਓਲ 2, 13
ਗੁਰਬਖਸ਼ ਸਿੰਘ 7, 15, 37, 39, 58
ਗੁਲਬਦਨ ਬੇਗਮ 35
ਗੁਲਾਬ ਸਿੰਘ 77, 78, 80, 112
ਗੁਲਾਮ ਮੁਹੰਮਦ ਬਾਨੀੜਾ 58
ਗੋਪਾਲ ਸਿੰਘ ਭਦੌੜੀਆ 96
ਗੋਬਿੰਦ ਸਿੰਘ ਜੀ (ਗੁਰੂ) 2, 3, 6, 7, 11, 17, 18, 19, 20, 21, 23, 24, 29, 38, 40, 41, 42, 43, 45, 46, 49, 52, 54, 55, 67, 71, 81, 83, 93, 94, 104, 107, 108, 110, 111, 112, 114, 116, 121, 123
ਗੋਬਿੰਦ ਦਾਸ ਲਾਂਬਾ 10
ਗੰਡਾ ਸਿੰਘ 2, 3, 4, 7, 8, 12, 13, 14, 15, 17, 18, 25, 29, 44, 46, 48,50, 53, 55, 61, 62, 70, 71, 73, 74, 75, 76, 94, 104, 105, 107, 120
ਚਾਂਦ ਰਾਇ 33
ਚੂੜਾਮਣੀ ਜਾਟ 64, 73, 76, 79
ਚੌਧਰੀ ਰਾਮ 20

SIKHBOOKCLUB.COM

ਚੰਦਰਵੰਸ਼ੀ 32
ਜਹਾਂਗੀਰ 37, 38, 40, 117
ਜਹਾਂਦਾਰ ਸ਼ਾਹ 66, 72, 90, 91, 102
ਜਹਾਨ ਸ਼ਾਹ 68, 74, 90, 91
ਜ਼ਕਰੀਆ ਖਾਨ 91, 92, 94, 103
ਜਗਤ ਸਿੰਘ (ਰਾਜਾ) 81
ਜਗਤ ਸਿੰਘ (ਜਥੇਦਾਰ) 95
ਜਨਕ ਸਿੰਘ 7
ਜ਼ਬਰਦਸਤ ਖਾਨ 91
ਜਮਦਾਤੁਲ ਮੁਲਕ 66, 68, 72, 75, 76
ਜਮਵਾਲ ਰਾਜਾ ਧਰੁਵ ਦੇਵ 87
ਜ਼ਲਾਲ ਖਾਨ 57, 58, 59, 64
ਜਲਾਲ-ਉ-ਦੀਨ 23
ਜਾਹਨ ਸਰਮਨ 14, 15, 105, 106
ਜਾਨ ਮੁਹੰਮਦ 58
ਜੀਤ ਸਿੰਘ ਸੀਤਲ 15
ਜ਼ੁਲਫਕਾਰ ਖਾਨ 91
ਜੇਮਜ ਬਰਾਊਨ 14, 15
ਜੈ ਸਿੰਘ ਅੰਬੇਰ (ਜੈਪੁਰੀਆ) 88
ਜੈ ਸਿੰਘ ਕਛਵਾਹਾ 64, 66
ਜੈਨੂਦੀਨ ਅਹਿਮਦ ਖਾਨ 51, 64, 65, 90, 91, 92, 93, 95
ਜੋਰਾ ਸਿੰਘ 44, 45
ਜੋਰਾਵਰ ਸਿੰਘ (ਸਾਹਿਬਜ਼ਾਦਾ) 24, 42
ਟੋਡਰ ਮੱਲ 39, 40, 62
ਡਬਲਿਯੂ ਐਚ. ਮੋਰਲੈਂਡ 33
ਡੈਜਿਲ ਇਬਿਟਸਨ 70
ਢਿੱਲੋਂ 20
ਤਰਸਾਮ ਬਹਾਦੁਰ 25, 34
ਤਾਜਦੀਨ ਸੰਚਾਰੀ 33
ਤਾਰਾ ਆਜ਼ਮ 7, 18
ਤਿਰਲੋਚਨ ਪਾਲ 33
ਤਿਲੋਕਾ 20
ਤੁਰਕ 32
ਤੇਗ ਬਹਾਦੁਰ ਜੀ (ਗੁਰੂ) 23, 24, 26, 38, 40
ਤੇਜਾ ਸਿੰਘ 18
ਤੈਮੂਰ 24, 34
ਦਰਸ਼ਨ ਸਿੰਘ 40
ਦਯਾ ਸਿੰਘ 18, 20
ਦੱਖਣੀ ਬੇਗਮ 113
ਦਾਰਾ 40
ਦੀਨਦਾਰ ਸਿੰਘ 51

SIKHBOOKCLUB.COM

ਦੀਨਦਾਰ ਖਾਂ 51
ਦੁਨੀ ਚੰਦ 98
ਦੁਰਲੱਭ ਖਾਨ 81
ਦੇਬੀ ਪਰਸ਼ਾਦ (ਪੰਡਿਤ) 15
ਦੇਵਾ 60, 61
ਦੌਲਤ ਖਾਨ 30, 34
ਧਰਮ ਸਿੰਘ 18, 45
ਧਰੁਵ ਦੇਵ ਜਸਰੋਟੀਆ (ਰਾਜਾ) 97
ਧੀਮਾ 20
ਧਾਲੀਵਾਲ 20
ਧੀਰਜਪਾਲ 83
ਨਸ਼ਤਰ ਖਾਨ 43
ਨਾਨਕ (ਗੁਰੂ) 41, 43, 47, 54, 55, 56, 63, 81, 82, 86, 112, 114, 115, 121, 123
ਨਾਸੀਰੀ ਸਰਹਿੰਦੀ 36
ਨਾਸੀਰੂਦੀਨ ਕੁਬਾਚਾ 33
ਨਿਗਾਹੀਆ ਸਿੰਘ ਭੁੱਲਰ 45
ਨਿਜਾਮ ਖਾਨ 57
ਨਿਜਾਮੁਦੀਨ ਅਲੀ ਖਾਨ 64
ਨਿਜਾਮੁ-ਉਦ-ਦੀਨ-ਅਹਿਮਦ 36
ਨੁਸਰਤ ਬੇਗ 25
ਨੂਰ ਮੁਹੰਮਦ ਖਾਨ 97
ਪਹਾੜ ਸਿੰਘ 84
ਪਰਤੀਤ ਰਾਓ (ਹਰਕਾਰਾ) 71
ਪਿਰਥੀ ਚੰਦ ਬੁੰਦੇਲਾ 96
ਪਿਰਥਵੀ ਰਾਜ ਚੌਹਾਨ 33
ਪੀਰ ਬੁੱਧੂ ਸ਼ਾਹ 29, 30, 42
ਪੀਰਜ਼ਾਦਾ 56, 57, 60
ਪੀਰ ਮੁਹੰਮਦ ਖਾਨ 58
ਪੋਰਸ 121
ਫਤਿਹ ਸਿੰਘ (ਸਾਹਿਬਜ਼ਾਦਾ) 24, 42
ਫਤਿਹ ਸਿੰਘ (ਭਾਈ) 20, 26, 27, 45, 46, 50, 54, 70, 84, 104
ਫਤਿਹ ਚੰਦ 79
ਫਤਿਹ ਖਾਨ 93
ਫਰਿਸ਼ਤਾ 32
ਫਰੁਖਸ਼ੀਅਰ 9, 12, 15, 90, 91, 92, 93, 96, 108
ਫਿਰੋਜਸ਼ਾਹ ਤੁਗਲਕ 24, 33, 34
ਫਿਰੋਜ਼ਖਾਨ ਮੇਵਾਤੀ 30, 57, 64, 65, 66, 67, 68, 72, 73, 74
ਫੂਲਕੇ 20
ਫੌਜਾ ਸਿੰਘ 32, 35, 37, 39
ਬਹਾਦੁਰ ਸ਼ਾਹ (ਬਾਦਸ਼ਾਹ) 7, 17, 18, 30, 51, 54, 56, 57, 64, 66, 71, 77, 81, 83, 90,

SIKHBOOKCLUB.COM

91, 104, 107, 108, 112, 113, 114, 115, 116, 118, 120
ਬਹਿਲੋਲ ਲੋਧੀ 24, 34
ਬਖਸ਼ੀ ਅਫ਼ਜ਼ਲ ਖਾਨ 68
ਬਖਸ਼ੀ ਅਫਰਾਸਿਆਬ ਖਾਨ 96
ਬਖਸ਼ੀ-ਉਲ-ਮੁਮਾਲਿਕ (ਮੁਲਕ) 68, 74, 75, 76, 79, 81, 88
ਬਦਰੂ ਦੀਨ ਸ਼ਾਹ 29
ਬਰਫੀ ਰਾਜਾ 75, 78, 80
ਬਰਾੜ 20
ਬਲਵੰਤ ਸਿੰਘ 44
ਬੰਦਾ ਬਿੰਘ ਬਹਾਦੁਰ 1, 2, 3, 4, 5, 6, 7, 8, 9, 10, 11, 12, 13, 14, 15, 16, 17, 18, 19, 20, 21, 22, 23, 25, 26, 27, 28, 29, 30, 31, 41, 42, 43, 44, 45, 46, 47, 48, 49, 50, 51, 52, 53, 54, 55, 56, 57, 58, 59, 60, 61, 62, 64, 65, 66, 67, 68, 69, 70, 71, 72, 73, 74, 76, 77, 78, 79, 80, 81, 82, 83, 84, 85, 86, 87, 88, 89, 90, 91, 92, 93, 94, 95, 96, 97, 98, 99, 100, 101, 102, 103, 104, 106, 107, 108, 109, 110, 111, 112, 113, 114, 115, 116, 117, 118, 119, 120, 121, 122, 123
ਬਾਸ਼ਲ ਬੇਗ 24
ਬਾਜ਼ ਸਿੰਘ (ਭਾਈ) 45, 46, 50, 54, 62, 63, 70, 84, 95, 104, 107
ਬਾਬਰ 25, 34, 35, 50
ਬਾਯਜ਼ੀਦ ਖਾਨ 84, 85
ਬਾਲਾ 112
ਬਾਵਾ ਬਿਨੋਦ ਸਿੰਘ 9, 11, 13, 45, 50, 54, 65, 94, 100, 107, 111
ਬਾਵਾ ਕਾਨ੍ਹ ਸਿੰਘ 9, 11, 13, 32, 45, 94, 100, 107, 108, 111
ਬਿਧੀ ਚੰਦ 1
ਬਿਰਜ ਲਾਲ 57
ਬੀਵਰਿਜ, ਏ.ਐਸ. 35, 50
ਬੁਗਰਾ ਖਾਨ ਨਾਸੀਰੂਦੀਨ 24, 33
ਬੁੱਢਾ ਸਿੰਘ (ਭਾਈ) 118
ਬੁਲਾਕਾ ਸਿੰਘ 52
ਬੈਰਮ ਖਾਨ 35, 36
ਭਗਤ ਸਿੰਘ (ਡਾ.) 7, 9, 41, 43, 64
ਭਗਵਤੀ ਦਾਸ (ਹਰਕਾਰਾ) 72, 86
ਭਗਵੰਤ ਰਾਏ (ਚੌਧਰੀ) 61
ਭੱਟੀ 96
ਭੀਮ ਪਾਲ 33
ਭੁੱਲਰ 20
ਭੂਪ ਪਰਕਾਸ਼ 79, 80, 88, 90
ਭੋਜ (ਰਾਜਾ) 33
ਮਹਿਤਾਬ ਸਿੰਘ (ਮੀਰਾਂ ਕੋਟੀਆ ਸਰਦਾਰ) 12

SIKHBOOKCLUB.COM

ਮਹਿਮੂਦ ਗਜ਼ਨਵੀ 33
ਮਨੀ ਸਿੰਘ (ਭਾਈ) 8, 65, 94, 99
ਮਲਿਕ ਭਗਵੰਤ 35
ਮਲਿਕ ਹਜ਼ਬਰ-ਉ-ਦੀਨ 24
ਮੰਡੇਰ 20, 25, 34
ਮਾਜ਼-ਉਲ-ਮੁਲਕ 39
ਮਾਧੋ ਦਾਸ ਬੈਰਾਗੀ 2
ਮਾਨ ਸਿੰਘ (ਰਾਜਾ) 36, 37
ਮਿਰਜ਼ਾ ਅਹਿਮਦ ਖਾਨ 97
ਮਿਰਜ਼ਾ (ਸੁਲਤਾਨ) 35
ਮਿਰਜਾ ਰੁਕਨਦੀਨ 76
ਮਿਰਜਾ ਮੁਹੰਮਦ ਹਾਰਸ਼ੀ 103, 105
ਮੀਆਂ ਸਿੰਘ ਜੱਟ 58
ਮੀਰ ਨਾਸੀਰੂਦੀਨ ਖਾਂ 51
ਮੁਅੱਜ਼ੁਦੀਨ (ਸ਼ਾਹਜ਼ਾਦਾ) 82
ਮੁਆਰਿਫ ਖਾਨ 57
ਮੁਸ਼ੱਰਫ ਖਾਨ 58
ਮੁਹਕਮ ਸਿੰਘ (ਭਾਈ) 17
ਮੁਹੰਮਦ ਅਮੀਨ ਖਾਨ ਚੀਨ ਬਹਾਦੁਰ 64, 67, 81, 87, 88, 89, 90, 91, 103, 108
ਮੁਹੰਮਦ ਇਸਹਾਕ 95
ਮੁਹੰਮਦ ਸਫੀ ਵਾਰਿਦ 87
ਮੁਹੰਮਦ ਸ਼ਾਹ ਨਾਦਰ ਜਮਨੀ 7
ਮੁਹੰਮਦ ਹਬੀਬ 33
ਮੁਹੰਮਦ ਹਾਦੀ ਕਾਮਵਰ ਖਾਨ 73, 76, 79, 100, 104
ਮੁਹੰਮਦ ਕਾਸਿਮ 50, 61, 98
ਮੁਹੰਮਦ ਕਾਸਿਮ ਲਾਹੌਰੀ 7
ਮੁਹੰਮਦ ਗੌਰੀ 24, 27, 33
ਮੁਹੰਮਦ ਜਮਾਨ ਸ਼ਾਹ 82
ਮੁਹੰਮਦ ਤੁਗਲਕ 27
ਮੁਹੰਮਦ ਦੁਲਦਈ (ਸੁਲਤਾਨ) 35
ਮੁਹੰਮਦ ਦਾਇਮ ਖਾਨ 96, 97
ਮੁਹੰਮਦ ਮੀਰ 95
ਮੁਹੰਮਦ ਲਤੀਫ 14, 15, 16, 48, 50
ਮੁਹੰਮਦ ਯਾਰ ਖਾਨ 76
ਮੁਹੱਬਤ ਖਾਨ 65, 66, 68, 74, 76, 79, 88
ਮੁਖਲਿਸ ਖਾਨ 69
ਮੁਗਲ ਬੇਗ ਖਾਨ 81
ਮੁਜੱਫਰ ਖਾਨ 96
ਮੁਨਸ਼ੀ ਗੁਲਾਮ ਹੁਸੈਨ 7, 97, 105
ਮੁਨੱਈਅਮ ਖਾਨ (ਖਾਨ-ਏ-ਖਾਨਾ) 17, 64, 65, 68, 74, 75, 76, 77, 78, 79, 80, 112, 114, 119
ਮੁਰਤਜਾ ਖਾਨ ਸ਼ੇਖ ਫਰੀਦ 38, 62

SIKHBOOKCLUB.COM

ਮੈਕਾਲਿਫ	14, 46, 84, 106, 119
ਮੈਲਕਾਮ	16
ਮੋਹਨ ਮੰਡੇਰ	25, 34, 35
ਮੌਲਵੀ ਬੂਟੇ ਸ਼ਾਹ	7
ਰਹੀਮ (ਜ਼ਿੰਮੀਦਾਰ)	83
ਰਣਜੀਤ ਸਿੰਘ	122
ਰਣਜੀਤ ਸਿੰਘ (ਮਹਾਰਾਜਾ)	12, 111
ਰਤਨ ਸਿੰਘ ਜੱਗੀ	2, 8
ਰਤਨ ਸਿੰਘ ਭੰਗੂ	2, 4, 7, 9, 10, 12, 13, 15, 44, 100, 107, 111, 112
ਰਤਨਾ (ਰਾਜਕੁਮਾਰੀ)	84, 98, 109
ਰਫ਼ੀ-ਉ-ਸ਼ਾਨ	68, 73, 74, 76, 82, 90
ਰਾਏਮਾਨ ਖਿਦਮਤੀਆ	90
ਰਾਬਰਟ ਹੈਂਜ ਇਸਕੁਇਰ (ਬੰਗਾਲ ਦਾ ਪ੍ਰੈਜੀਡੈਂਟ ਅਤੇ ਗਵਰਨਰ)	15
ਰਾਮ ਸਿੰਘ (ਭਾਈ)	45, 50, 54, 65
ਰਾਮ ਸਰੂਪ ਕੌਸ਼ਿਸ਼	94
ਰਾਮ ਚੰਦ	86
ਰਾਮਦੇਵ (ਭਾਰਦੁਆਜ ਗੋਤ ਦਾ ਰਾਜਪੂਤ)	2
ਰੁਸਤਮ ਜੰਗ	87
ਰੁਸਤਮ ਦਿਲ ਖਾਨ	43, 68, 72, 73, 74, 76, 78, 79, 87
ਰੁੱਡਲ ਸਿੰਘ	45
ਰੂਪਾ (ਭਾਈ)	20
ਲਛਮਣ ਦੇਵ	2
ਲਾਲ ਕੰਵਰ ਗੁੱਜਰ	58
ਲੁਬਾਣੇ	8, 19, 20
ਵਲੀ ਮੁਹੰਮਦ ਖਾਨ	43
ਵਜੀਹੁ-ਦੀਨ-ਖਾਨ	57
ਵਜ਼ੀਰ ਖਾਨ	31, 40, 41, 42, 43, 45, 46, 47, 49, 50, 51, 64, 71, 116
ਵਿਲੀਅਮ ਅਰਸਕਾਈਨ	34, 36
ਵਿਲੀਅਮ ਇਰਵਿਨ	16, 54, 73, 100, 105, 121
ਵੀਰ ਸਿੰਘ ਬੱਲ	18
ਵੀਰ ਸਿੰਘ (ਭਾਈ)	112
ਵੈਲਜਲੀ ਹੇਗ	33, 34, 36

SIKHBOOKCLUB.COM

ਥਾਵਾਂ ਦੀ ਸੂਚੀ

ਥਾਂ	ਪੰਨਾ
ਉੱਚ	24
ਅਚੱਲ ਪਿੰਡ	86
ਅਜਮੇਰ	71, 86
ਅਜਾਵਲ	88
ਅਫ਼ਗਾਨਿਸਤਾਨ	32, 35
ਅਮੋਟਾ	88
ਅਲਾਹਾਬਾਦ	20, 24, 27, 36, 53, 64, 68, 106
ਅਵਧ	64, 72
ਅਵਾਨ	82
ਆਗਰਾ	17, 18, 40, 91, 110, 114
ਆਨੰਦਪੁਰ ਸਾਹਿਬ	40, 48, 83, 95, 110
ਆਲੂਵਾਲ	82
ਐਮਨਾਬਾਦ	43, 96, 97
ਔਰੰਗਾਬਾਦ	87, 97
ਅੰਬਰੋਟਾ	56
ਅੰਬਾਲਾ	27, 28, 31, 34
ਅੰਬੇਰ	88
ਅੰਮ੍ਰਿਤਸਰ	2, 4, 7, 8, 9, 12, 18, 25, 29, 38, 41 60, 69, 84, 89, 100, 106
ਇਮਾਮਗੜ੍ਹ	23, 24
ਸਹਾਰਨਪੁਰ	56, 57, 58, 59, 71
ਸਤਾਰਾਗੜ੍ਹ	76, 77
ਸਨੇਟਾ	44, 45
ਸਮਾਣਾ	3, 4, 14, 21, 23, 24, 25, 26, 27, 29, 33, 34, 37, 42, 45, 50, 53, 54, 67, 70, 71, 80, 117, 120
ਸਢੌਰਾ	4, 14, 21, 26, 27, 28, 29, 30, 41, 42, 43, 45, 53, 54, 58, 65, 66, 68, 69, 70, 71, 72, 73, 80, 88, 91, 92, 117, 120
ਸਰਹਿੰਦ	1, 4, 14, 21, 23, 24, 25, 27, 28, 29, 30, 31, 32, 33, 34, 35, 36, 37, 38, 39, 40, 41, 42, 43, 44, 45, 46, 47, 48, 49, 50, 51, 52, 53, 54, 56, 60, 62, 63, 64, 65, 67, 70, 71, 80, 83, 88, 90, 91, 95, 96, 103, 115, 117, 118, 119, 120
ਸਲੀਮਗੜ੍ਹ	88
ਸ਼ਾਹਬਾਦ	27, 28, 66, 68
ਸ਼ਾਹਮੀਰ ਖੁਸ਼ ਦਾ ਮੈਦਾਨ	82
ਸਿਆਲਕੋਟ	4, 35, 76
ਸਿਹਰ ਖੰਡਾ	19, 20, 21, 42, 115

SIKHBOOKCLUB.COM

ਸਿਕੰਦਰਾਬਾਦ	51
ਸਿੰਘਾਂ ਦੀ ਸਕਰੋਦੀ	20
ਸਿੰਧ	33
ਸਿਰਮੌਰ	57, 69, 79, 80
ਸਿਰੀ ਨਗਰ	57, 79, 80, 81
ਸੁਹਾਣਾ	44, 47
ਸੁਕੇਤ	83
ਸੁਨਾਮ	24, 27
ਸੁਲਤਾਨਪੁਰ	57
ਸੁਲਤਾਨਪੁਰ ਲੋਧੀ	24, 62, 63
ਸੂਰ	66
ਸੈਦਪੁਰ	44
ਸੋਨੀਪਤ	22, 42, 54, 65, 119
ਸੰਤੋਖਗੜ੍ਹ	96
ਸੰਘੋਲ (ਉੱਚਾ ਪਿੰਡ)	32
ਹਰਿਆਣਾ	26, 28, 34, 69, 115
ਹਰਗੋਬਿੰਦਪੁਰ	82
ਹਾਂਸੀ	33
ਹਿਸਾਰ-ਫਿਰੋਜ਼ਾ	35
ਹਿੰਦੁਸਤਾਨ	24, 32, 33, 35, 38, 66, 67, 71, 80, 91, 93, 105
ਹਿਰਾਤ	36
ਹੁਸ਼ਿਆਰਪੁਰ	81, 88
ਹੈਦਰਾਬਾਦ	110
ਹੈਬਤਪੁਰ ਪੱਟੀ	97
ਕਪੂਰੀ	27, 28, 29, 42, 117, 120
ਕਨੂਆ	87
ਕਪਾਲ ਮੋਚਨ	4, 29, 30, 41, 71, 72
ਕਮਾਓਂ	57, 79, 81, 93
ਕਰਨਾਲ	27, 29, 34, 54, 64, 65, 66, 71
ਕਰਾਨਾ	58
ਕਲਕੱਤਾ	15, 32, 38, 54, 73, 100, 105
ਕਲਾਨੌਰ	85, 86, 87, 97, 122
ਕਾਹਨੂੰਵਾਨ	82, 95
ਕਾਂਗੜਾ	20, 34
ਕਾਨੌਜ	33, 35
ਕਾਬੁਲ	17, 21, 24, 35, 37, 38, 114, 116
ਕਾਲਕਾ	95
ਕਾਲਿੰਜਰ	33
ਕੀਰਤਪੁਰ	21, 43, 45, 83, 88
ਕੁੰਜਪੁਰਾ (ਕਰਨਾਲ)	40, 42, 54
ਕੁਤਬਮਿਨਾਰ	106

SIKHBOOKCLUB.COM

ਕੁਰਾਲੀ 45
ਕੁੰਭੜਾ 44
ਕੁਰੂਕਸ਼ੇਤਰ 27
ਕੁੱਲੂ 88
ਕਾਗੜਾ 62, 97
ਕੇਹਰਾ 58
ਕੈਥਲ 22, 25, 34
ਕੈਲੋਂ 44, 45
ਕੋਹਰਾਮ 27
ਕੋਟ ਮਿਰਜਾ ਖਾਨ 97
ਕੋਟਲਾ ਬੇਗਮ 61
ਕੋਟਲਾ ਸ਼ੈਖ-ਉਲ-ਹਿੰਦ 86
ਕੰਧਾਲਾ 58
ਖਰਖੋੜਾ (ਖਰਖੋਦਾ) 19, 42
ਖਰੜ 44, 45, 67
ਖੁਰਾਸਾਨ 24
ਖੇੜਾ-ਅਮੀਨ 65
ਗਜਨੀ 32
ਗੜ੍ਹਵਾਲ 57, 79, 80, 93
ਗੁਜਰਾਤ 39, 96
ਗੁਰਦਾਸ ਨੰਗਲ 8, 15, 94, 95, 98, 99, 102, 107, 111, 119
ਗੁਰਦਾਸਪੁਰ 9, 10, 61, 85, 97, 98, 122
ਗੁਲਾਬ ਨਗਰ 56, 57, 58
ਘਨੌਰ 28, 44
ਘੁੜਾਮ 27, 28, 33, 34, 117
ਘਲੋਟੀ 52
ਘੁਡਾਣੀ 52
ਚੱਪੜ ਚਿੜੀ 4, 31, 42, 44, 45, 47
ਚਮਕੌਰ ਸਾਹਿਬ 40, 48
ਚਮਿਆਰੀ 61, 82
ਚੌਂਦਲਾ 58
ਚੰਡੀਗੜ੍ਹ 2, 8, 16, 19, 31
ਚੰਬਾ 83, 84, 96
ਛਾਪਰ 28
ਛੱਤ 30, 42, 91
ਜਗਾਧਰੀ 28
ਜਰਗ 34
ਜਲੰਧਰ 24, 27, 62, 63, 67, 81, 84, 87, 88
ਜਲਾਲਾਬਾਦ 56, 57, 58, 59
ਜੈਜਓ 18, 114
ਜੈਪੁਰ 19

SIKHBOOKCLUB.COM

ਜੋਧਪੁਰ 88
ਜੰਮੂ 63, 84, 86, 87, 91, 96, 119, 123
ਝੱਜਰ 34
ਝੁੰਝਾਣਾ 58
ਠਸਕਾ 27, 28, 42
ਤਖਤ ਸ੍ਰੀ ਹਜੂਰ ਸਾਹਿਬ 18
ਤਲਵੰਡੀ ਸਾਬੋ 19
ਤਰਾਵੜੀ 65, 66
ਤਿਰਪੋਲੀਆ 104
ਥਾਨੇਸਰ 27, 33, 38, 50, 54, 65, 66, 71, 90
ਦਹਿਰਾਨਾ 58
ਦਿੱਲੀ 4, 7, 10, 11, 14, 16, 17, 20, 21, 22, 23, 24, 25, 27, 29, 33, 34, 35, 36, 37, 38, 39, 40, 46, 47, 50, 54, 56, 64, 65, 71, 72, 80, 86, 89, 90, 91, 94, 103, 107, 108, 113, 114, 115, 117, 119, 120
ਦੀਪਾਲਪੁਰ 33, 34, 35
ਧਮੋਟ 52
ਧਰਮਗੜ੍ਹ 45
ਧਰਮੂ ਦਾ ਬਾਗ 82
ਨਾਹਨ 14, 54, 57, 69, 71, 78, 79, 88, 90, 92, 97
ਨਨਾਉਤਾ 56, 57, 58
ਨਾਂਦੇੜ 6, 17, 18, 21, 41, 77, 94, 110, 114, 115, 116, 120
ਨਾਨਕ ਮਤਾ 114
ਨੌਹਰ-ਭਾਦੜਾ 19
ਪਸਰੂਰ 87, 97
ਪਟਿਆਲਾ 2, 7, 10, 11, 15, 17, 18, 19, 24, 25, 27, 28, 29, 32, 34, 35, 41, 43, 44, 45, 46, 53, 58, 64, 69, 70, 72, 81, 91, 94, 96, 97, 99, 104, 107
ਪਟੌਦੀ 64
ਪਠਾਨਕੋਟ 95
ਪਰਵੇਜ਼ਾਬਾਦ 82
ਪੜੋਲ 87
ਪੰਜ-ਗਰਾਈਆਂ 82
ਪੰਜਾਬ 5, 6, 8, 17, 18, 19, 20, 21, 22, 27, 33, 34, 35, 36, 37, 42, 43,49, 53, 55, 60, 64, 65, 66, 70, 71, 81, 85, 90, 91, 93, 95, 96, 103, 110, 111, 114, 115, 116, 118, 120, 121, 122
ਪੰਜੌਰ 95
ਪੱਟੀ 60
ਪਾਣੀਪਤ 34, 36, 40, 54
ਪਾਵਾਗੜ੍ਹ 69
ਪਿਹੋਵਾ 26

SIKHBOOKCLUB.COM

ਪੁਣਛ	110
ਫਗਵਾੜਾ	63
ਫਰਾਂਸ	53
ਫਤਿਹਗੜ੍ਹ	34, 50
ਫਤਿਹਾਬਾਦ	42
ਫਿਰੋਜਗੜ੍ਹ	33
ਫੂਟਾ ਸ਼ਹਿਰ	57
ਬਸੀ	83
ਬਜਵਾੜਾ	88
ਬਨੀੜ	57
ਬਨੂੜ	4, 29, 30, 31, 42, 43, 44, 45, 81, 91, 117
ਬਟਾਲਾ	51, 61, 85, 86, 96, 97
ਬਰਸਦੇ	58
ਬਾਕੌਰ	58
ਬਾਰ੍ਹਾ	57, 64
ਬਿਆਸ ਦਰਿਆ	24, 82, 83, 86
ਬੁਧਾਣਾ	58
ਬੁਰਹਾਨਪੁਰ	110, 114
ਬੁਲੰਦ ਸ਼ਹਿਰ	56
ਬੁੜੈਲ	67
ਬੂੜੀਆ	29, 30, 42, 56, 57, 58, 59
ਬੇਹੁੱਟ	56
ਭਰਤਪੁਰ	115
ਭਾਈਕੇ	20
ਭਾਗ ਨਗਰ	59
ਭੀਲੋਵਾਲ	61, 62
ਭੇਰਾ	35
ਮਟੌੜ	44
ਮਨੌਲੀ (ਮੌਲੀ)	44
ਮਯਾਣਾ ਸੱਯਦਾਂ	29
ਮਲੋਟ	87
ਮੱਕਾ	113
ਮੰਡੀ	83, 97
ਮਾਖੋਵਾਲ	95
ਮਾਛੀਵਾੜਾ	62
ਮਾਣਕਪੁਰ	44
ਮਾਣਕ ਮਾਜਰਾ	44, 47
ਮਾਲਵਾ	33
ਮਾਲੇਰਕੋਟਲਾ	43, 45, 52, 53
ਮੁਸਤਫਾਬਾਦ	27, 28
ਮੁਹਾਲੀ	44

SIKHBOOKCLUB.COM

ਮੁਕਤਸਰ	40
ਮੁਕਾਦ	58
ਮੁਖਲਿਸਗੜ੍ਹ (ਲੋਹਗੜ੍ਹ)	30, 54, 69, 70, 120
ਮੁਖਲਿਸਪੁਰ	69, 71
ਮੁਰਤਜ਼ਾਪੁਰ	26
ਮੁਰਾਦਾਬਾਦ	64
ਮੁਲਤਾਨ	20, 24, 27, 33, 88
ਮੇਰਠ	51
ਮੋਟੇ ਮਾਜਰਾ	44
ਯੂ.ਪੀ.	72
ਰਾਇਪੁਰ	84
ਰਾਏਕੋਟ	52
ਰਾਹੋਂ	62, 63
ਰਾਜਸਥਾਨ	71
ਰਾਜਪੁਰਾ	31, 44
ਰਾਜਪੂਤਾਨਾ	18, 19, 21, 64, 66, 114, 115
ਰਾਜੌਰੀ	110, 122
ਰਾਮਪੁਰ	58
ਰਿਆਸੀ	8, 122, 123
ਰੋਹਤਕ	19, 42
ਰੋਪੜ	21, 31, 43, 45, 81, 87, 88, 95
ਲੰਡਨ	105
ਲਾਹੌਰ	7, 9, 10, 17, 20, 21, 27, 33, 34 35, 36, 40, 43, 60, 61, 62, 63, 71, 80, 81, 82, 83, 85, 86, 87, 91, 94, 96, 97, 100, 102, 107, 114, 115, 117, 118, 119, 120
ਲਾਂਡਰਾਂ	44, 45
ਲਾਲ ਕਿਲ੍ਹਾ	103
ਲੋਹਗੜ੍ਹ (ਦਾਬੜ-ਮੁਖਲਿਸਗੜ੍ਹ)	4, 7, 14, 15, 30, 48, 50, 54, 55, 56, 57, 58, 65, 66, 67, 68, 69, 70, 71, 72, 74, 75, 76, 77, 79, 80, 81, 83, 87, 88, 90, 91, 92, 95, 97, 112, 113, 118, 119, 120, 121
ਲੌਂਗੋਵਾਲ	112
ਲੁਧਿਆਣਾ	69, 94, 111
ਵਜੀਰਾਬਾਦ	86
ਵੜੈਚ	23, 25, 26

SIKHBOOKCLUB.COM

SIKHBOOKCLUB.COM